ੴ ਸਤਿਗੁਰ ਪ੍ਰਸਾਦਿ ॥

# ਬਾਰਹ ਮਾਹਾ ਮਾਂਝ

## (ਸਟੀਕ ਤੇ ਸੰਖੇਪ ਵਿਚਾਰ)


ਲੇਖਕ ਅਤੇ ਪ੍ਰਕਾਸ਼ਕ

**ਸੇਵਾ ਸਿੰਘ (ਸੰਤ)**

ਗੁਰਦੁਆਰਾ ਰਾਮਪੁਰ ਖੇੜਾ

ਡਾ: ਗੜ੍ਹਦੀਵਾਲਾ, ਜ਼ਿਲ੍ਹਾ-ਹੁਸ਼ਿਆਰਪੁਰ (ਪੰਜਾਬ)-144207

ਫੋਨ ਨੰ : 01886-260334

www.RamPurKhera.com



© ਸਭ ਹੱਕ ਕਰਤਾ ਦੇ ਰਾਖਵੇਂ ਹਨ।



ਪਹਿਲੀ ਵਾਰ :.....................5,000 ਕਾਪੀ

ਭੇਟਾ : ਵੀਚਾਰ ਤੇ ਅਮਲ

ਲੇਜ਼ਰ ਟਾਈਪ ਸੈਟਿੰਗ :
ਨਿਊਟੈੱਕ ਕੰਪਿਊਟਰ, ਜਲੰਧਰ।

ਟਾਈਟਲ ਡੀਜਾਈਨਿੰਗ :
ਹਰਜੀਤ ਆਰਟਸ ਜਲੰਧਰ।

ਛਾਪਕ :
ਦਿਪਾਵਲੀ ਪ੍ਰਿੰਟਿਗ ਪ੍ਰੈਸ, ਜਲੰਧਰ।

# ਵਿਸ਼ਾ-ਸੂਚੀ


ਦੋ ਸ਼ਬਦ

1. ਕਿਰਤਿ ਕਰਮ ਕੇ ਵੀਛੁੜੇ ... ... ... 1

2. ਚੇਤਿ (ਚੇਤ) ... ... ... ... ... ... ... 29

3. ਵੈਸਾਖਿ (ਵੈਸਾਖ) ... ... ... ... ... ... 47

4. ਜੇਠਿ (ਜੇਠ) ... ... ... ... ... ... ... 71

5. ਆਸਾੜੁ (ਹਾੜ) ... ... ... ... ... ... 91

6. ਸਾਵਣਿ (ਸਾਵਣ) ... ... ... ... ... ... 109

7. ਭਾਦੁਇ (ਭਾਦਰੋਂ) ... ... ... ... ... ... 131

8. ਅਸੁਨਿ (ਅੱਸੂ) ... ... ... ... ... ... ... 153

9. ਕਤਿਕਿ (ਕੱਤਕ) ... ... ... ... ... ... 173

10. ਮੰਘਿਰਿ (ਮੱਘਰ) ... ... ... ... ... ... 195

11. ਪੋਖਿ (ਪੋਹ) ... ... ... ... ... ... ... 219

12. ਮਾਘਿ (ਮਾਘ) ... ... ... ... ... ... ... 243

13. ਫਲਗੁਣਿ (ਫੱਗਣ) ... ... ... ... ... ... 269

14. ਜਿਨਿ ਜਿਨਿ ਨਾਮੁ ਧਿਆਇਆ ... ... ... 295

15. ਅੰਤਿਕਾ ... ... ... ... ... ... ... ... ... 311


# ਸਮਰਪਿਤ

ਉਨ੍ਹਾਂ ਗੁਰੂ-ਪਿਆਰਿਆਂ ਨੂੰ,
ਜਿਨ੍ਹਾਂ ਨੇ ਗੁਰੂ-ਉਪਦੇਸ਼ ਨੂੰ
**"ਸੁਣਿਆ ਮੰਨਿਆ ਮਨਿ ਕੀਤਾ ਭਾਉ"**
ਦੀ ਸ੍ਰੇਸ਼ਟ ਕਾਰ ਕਰਕੇ, ਆਪਣੇ ਜੀਵਨ ਦੇ
"ਮਾਹ ਦਿਵਸ ਮੂਰਤ ਭਲੇ"
ਕੀਤੇ।

# ਦੋ ਸ਼ਬਦ

"**ਉਤਮੁ ਜਨਮ ਸੁ ਮਾਨਸਿ ਦੇਹੀ**" ਦੀ ਅਮੋਲਕ ਦਾਤ ਪਰਮੇਸ਼ਰ ਜੀ ਨੇ ਇਸ ਜੀਵ-ਆਤਮਾ ਨੂੰ ਬਖਸ਼ਿਸ਼ ਕਰਕੇ "**ਸੋ ਦੇਹੀ ਭਜੁ ਹਰਿ ਕੀ ਸੇਵ**" ਦੀ ਕਾਰ ਕਰਦਿਆਂ, "**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ**" ਦਾ ਜੀਵਨ-ਮਨੋਰਥ, ਇਸ ਨੂੰ ਪ੍ਰਦਾਨ ਕੀਤਾ ਤਾਂ ਜੋ ਆਪਣੇ ਮੂਲ ਨਾਲ, ਆਪਣੇ ਧੁਰੇ ਅਥਵਾ ਕੇਂਦਰ ਨਾਲ ਸਦੀਵੀ ਵਸਲ ਪ੍ਰਾਪਤ ਕਰਕੇ ਇਹ "**ਜੀਵ-ਆਤਮਾ**" "**ਪਰਮ-ਆਤਮਾ**" ਬਣ ਸਕੇ।

ਸਤਿਗੁਰੂ ਸਾਹਿਬਾਨ ਅਤੇ ਭਗਤ ਜਨਾਂ ਨੇ ਇਹ ਸ੍ਰੇਸ਼ਟ ਨਿਸ਼ਾਨੇ, "**ਭਜਹੁ ਗੋੁਬਿੰਦ ਭੂਲਿ ਮਤ ਜਾਹੁ**" ਦੀ ਯਾਦ ਨੂੰ ਹਰ ਛਿਨ, ਹਰ ਪਹਿਰ, ਹਰ ਦਿਨ, ਹਰ ਮਾਹ ਸਦੀਵੀ ਬਨਾਉਣ ਹਿਤ, ਇਸ ਜੀਵ-ਆਤਮਾ ਨੂੰ "**ਧੁਰ ਕੀ ਬਾਣੀ**" ਵਿੱਚ ਬਾਰੰਬਾਰ ਉਪਦੇਸ਼ ਪ੍ਰਦਾਨ ਕੀਤਾ ਹੈ ਤਾਂ ਜੋ ਇਸ ਨੂੰ ਇਹ ਪ੍ਰਪੱਕ ਹੋ ਜਾਵੇ ਕਿ "**ਇਹੀ ਤੇਰਾ ਅਉਸਰੁ ਇਹ ਤੇਰੀ ਬਾਰ**" ਹੈ, ਇਸ ਸ੍ਰੇਸ਼ਟ ਨਿਸ਼ਾਨੇ ਦੀ ਪੂਰਤੀ ਵਾਸਤੇ। ਪਰਮੇਸ਼ਵਰੀ ਜੋਤ ਨੇ "**ਸਾਸਿ ਸਾਸਿ ਸਿਮਰਹੁ ਗੋਬਿੰਦ**" ਦਾ ਮਨੋਰਥ ਹਰ ਪਹਿਰ ਪ੍ਰਪੱਕ ਕਰਵਾਉਣ ਲਈ "**ਪਹਿਰੇ**", ਫਿਰ ਸਾਰਾ ਦਿਨ ਪ੍ਰਭੂ ਯਾਦ ਹਿਰਦੇ 'ਚ ਟਿਕੀ ਰਹੇ ਇਸ ਪ੍ਰਯੋਜਨ ਲਈ "**ਦਿਨੁ ਰੈਣਿ**," ਫਿਰ "**ਦਿਨੁ ਰਾਤੀ ਆਰਾਧਹੁ ਪਿਆਰੋ**" ਦੀ ਸਫਲ ਕਾਰ ਕਰਦਿਆਂ ਹਫ਼ਤੇ ਦੇ ਸੱਤੋ ਦਿਨ ਪ੍ਰਵਾਨ ਚੜ੍ਹ ਜਾਣ ਅਤੇ ਥਿੱਤਾਂ ਵੀ ਸਫਲ ਹੋਣ, ਇਸ ਵਾਸਤੇ "**ਥਿਤਾਂ ਤੇ ਵਾਰਾਂ**" ਨੂੰ ਮੁੱਖ ਰੱਖ ਕੇ ਉਪਦੇਸ਼ ਦਿੱਤਾ ਹੈ। ਇਸ ਜੀਵ ਦੇ "**ਮਾਹ-ਦਿਵਸ**" ਸਫ਼ਲ ਹੋ ਸਕਣ ਇਸ ਲਈ "**ਬਾਰਹ ਮਾਹਾ**" ਸਿਰਲੇਖ ਹੇਠ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਤੁਖਾਰੀ ਰਾਗ ਅੰਦਰ ਅਤੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ ਮਾਝ ਰਾਗ ਅੰਦਰ "**ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ**" ਅਨੁਸਾਰ ਸੁਚੇਤ ਕੀਤਾ ਹੈ ਤਾਂ ਜੋ ਕਿਸੇ ਵਕਤ ਦਾ ਦਿੱਤਾ ਉਪਦੇਸ਼ ਜੀਵ ਦੇ ਹਿਰਦੇ ਵਿੱਚ ਘਰ ਕਰ ਜਾਵੇ ਅਤੇ ਇਹ ਆਪਣਾ ਜੀਵਨ-ਮਨੋਰਥ ਪ੍ਰਾਪਤ ਕਰਨ ਦੇ ਨਾਲ-ਨਾਲ ਇਸ ਸੰਸਾਰ ਵਿੱਚ ਵੀ ਸੁਖੀ-ਸੁਹੇਲਾ ਜੀਵਨ ਜੀਉਂਦਿਆਂ "**ਭਵਜਲ ਤਰਨ**" ਦੇ ਕਿੱਤੇ ਲੱਗ ਜਾਵੇ ਅਤੇ ਅੰਤ "**ਸਫਲ ਸਫਲ ਭਈ ਸਫਲ ਜਾਤ੍ਰਾ**" ਦੀ ਅਸੀਸ ਲੈ ਕੇ ਸੁਰਖ਼ਰੂ-ਮੁੱਖ ਪ੍ਰਭੂ-ਦਰਗਾਹ ਵਿੱਚ ਜਾ ਸਕੇ।



ਇਸੇ ਆਸ਼ੇ ਨੂੰ ਮੁੱਖ ਰੱਖ ਕੇ ਬਾਰਹ ਮਾਹਾ ਮਾਂਝ, ਜਿਸ ਦੇ ਪਹਿਲਾਂ ਵੀ ਅਨੇਕਾਂ ਟੀਕੇ ਹੋ ਚੁੱਕੇ ਹਨ। ਦਾਸ ਨੇ ਵੀ ਗੁਰੂ ਬਖਸ਼ਿਸ਼ ਕੀਤੀ ਬੁੱਧੀ ਅਨੁਸਾਰ, ਹਰ ਮਹੀਨੇ ਦੇ ਔਖੇ ਪਦਾਂ ਦੇ ਅਰਥ, ਉਪਰੰਤ ਉਸ ਮਹੀਨੇ ਦੀ ਇੱਕ ਇੱਕ ਪੰਕਤੀ ਦੇ ਅੱਖਰੀ ਅਰਥ ਉਪ੍ਰੰਤ ਸੰਖੇਪ ਵਿਚਾਰ ਦੇ ਹੈਡਿੰਗ ਹੇਠ ਥੋੜ੍ਹਾ ਵਿਸਥਾਰ ਨਾਲ ਲਿਖਣ ਦਾ ਉਪਰਾਲਾ ਕੀਤਾ ਹੈ ਤਾਂ ਜੋ ਵੀਚਾਰ ਕਰਦਿਆਂ, ਵੀਚਾਰ ਪੜ੍ਹਦਿਆਂ, ਗੁਰੂ ਉਪਦੇਸ਼ ਦਾ ਕੋਈ ਕਿਣਕਾ ਮਾਤਰ ਸਾਡੇ ਹਿਰਦੇ ਅੰਦਰ ਵਸ ਜਾਵੇ ਤੇ ਅਸੀਂ ਵੀ ਗੁਰੂ ਅਸੀਸ ਦੇ ਪਾਤਰ ਬਣ ਕੇ ਆਪਣੇ ਮਨੁੱਖਾ ਜੀਵਨ ਨੂੰ ਸਫਲਾ ਕਰ ਸਕੀਏ। ਗੁਰੂ ਕੀ ਬਾਣੀ ਅਗਾਧ ਬੋਧ ਹੈ। ਇਸ ਬਾਣੀ ਦੇ ਸੰਪੂਰਨ ਅਰਥ ਨਾ ਕੋਈ ਕਰ ਸਕਦਾ ਹੈ ਅਤੇ ਨਾ ਹੀ ਹੋ ਸਕਦੇ ਹਨ। ਇਹ ਧੁਰ ਕੀ ਬਾਣੀ ਅਨੁਭਵ ਦਾ ਵਿਸ਼ਾ ਹੈ। ਜਿੰਨੀ-ਜਿੰਨੀ ਸਤਿਗੁਰੂ ਜੀ ਕਿਸੇ ਜਗਿਆਸੂ ਨੂੰ ਆਤਮਿਕ ਉੱਚਤਾ ਬਖਸ਼ਿਸ਼ ਕਰਦੇ ਹਨ, ਉਸੇ ਆਤਮਿਕ ਪੱਧਰ ਤੱਕ ਹੀ ਉਸ ਨੂੰ ਗੁਰਬਾਣੀ ਦਾ ਗਿਆਨ ਪ੍ਰਾਪਤ ਹੁੰਦਾ ਹੈ।

ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ "**ਏਵਡੁ ਊਚਾ ਹੋਵੈ ਕੋਇ ॥ ਤਿਸੁ ਊਚੇ ਕਉ ਜਾਣੈ ਸੋਇ॥**" ਅਨੁਸਾਰ ਪਰਮਾਤਮਾ ਨਾਲ ਇੱਕ-ਮਿੱਕ, ਇੱਕ ਸੁਰ ਹੋਈ ਆਤਮਾ ਹੀ ਗੁਰਬਾਣੀ (ਪ੍ਰਭੂ ਗਿਆਨ) ਨੂੰ ਅਨੁਭਵ ਕਰ ਕਿਸੇ ਨੂੰ ਪ੍ਰਮੇਸ਼ਰੀ ਗਿਆਨ ਸਮਝਾ ਸਕਦੀ ਹੈ।

ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ "**ਕਰਉ ਜਤਨ ਜੇ ਹੋਇ ਮਿਹਰਵਾਨਾ**" ਦੀ ਭਾਵਨਾ ਨੂੰ ਮੁੱਖ ਰੱਖ ਕੇ ਗੁਰੂ ਮਿਹਰ ਦੀ ਪ੍ਰਾਪਤੀ ਤੇ ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਨੂੰ ਲੋਕਾਈ ਤੱਕ ਪਹੁੰਚਾਉਣ ਹਿੱਤ ਅਲਪ ਬੁੱਧੀ ਨਾਲ ਯਤਨ ਕੀਤਾ ਹੈ। ਜੋ ਗੁਰੂ ਆਸ਼ੇ ਤੇ ਗੁਰਮਤਿ ਦੀ ਕਸਵੱਟੀ ਉੱਪਰ ਪੂਰਾ ਉੱਤਰਦਾ ਹੈ, ਉਸ ਨੂੰ ਗੁਰਬਾਣੀ ਅਰਥ ਜਾਣ ਕੇ ਆਪਣੇ ਜੀਵਨ ਵਿੱਚ ਧਾਰਨ ਲਈ ਯਤਨ ਕਰਨਾ ਜੀ। ਜੋ ਬਚਨ ਗੁਰੂ ਆਸ਼ੇ ਤੇ ਗੁਰਮਤਿ ਦੀ ਕਸਵੱਟੀ ਉੱਪਰ ਪੂਰਾ ਨਾ ਉੱਤਰਦਾ ਹੋਵੇ, ਉਸ ਨੂੰ ਦਾਸ ਦੀ ਨਿੱਜੀ ਭੁੱਲ ਜਾਣ ਕੇ ਗੁਰੂ ਚਰਨਾਂ ਵਿੱਚ ਸੁਮੱਤ ਲਈ ਅਰਦਾਸ ਕਰਨੀ ਤੇ ਸੁਝਾਅ ਲਿਖ ਭੇਜਣਾ ਜੀ, ਤਾਂ ਜੋ ਅਸੀਂ ਸਾਰੇ—

**ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ ॥ ਤਾ ਮੇਰੈ ਮਨਿ ਭਇਆ ਨਿਧਾਨਾ ॥੧॥**

**ਰਤਨ ਲਾਲ ਜਾ ਕਾ ਕਛੂ ਨ ਮੋਲੁ ॥ ਭਰੇ ਭੰਡਾਰ ਅਖੂਟ ਅਤੋਲ ॥੨॥**

ਮ: ੫, ਪੰਨਾ ੧੮੬

ਜਿਹੇ ਅਮੋਲਕ ਆਤਮਿਕ ਖਜ਼ਾਨੇ ਦੇ ਭਾਈਵਾਲ ਬਣ ਕੇ "**ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥**" ਦਾ ਆਪ ਵੀ ਲਾਹਾ ਪ੍ਰਾਪਤ ਕਰ ਸਕੀਏ ਅਤੇ ਲੁਕਾਈ ਨੂੰ ਵੀ ਇਸ ਅਮੋਲਕ ਖਜ਼ਾਨੇ ਦੇ ਭਾਈਵਾਲ ਬਨਾਉਣ ਲਈ ਵਸੀਲੇ ਦੀ ਕੜੀ ਦਾ ਕੰਮ ਕਰ ਕੇ ਆਪਣਾ ਲੋਕ ਸੁਖੀਏ ਪ੍ਰਲੋਕ ਸੁਹੇਲਾ ਕਰ ਸਕੀਏ।

**ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥**

ਬਾਰਹ ਮਾਹਾ ਮਾਂਝ ਦੇ ਸਟੀਕ ਦੀ ਸੁਧਾਈ ਸ: ਸੋਹਣ ਸਿੰਘ ਜੀ ਦਿੱਲੀ ਅਤੇ ਸ: ਭੁਪਿੰਦਰ ਸਿੰਘ ਜੀ (Canada) ਨਿਵਾਸੀ ਨੇ ਬੜੀ ਮਿਹਨਤ ਤੇ ਲਗਨ ਨਾਲ ਕੀਤੀ ਹੈ। ਸ: ਭੁਪਿੰਦਰ ਸਿੰਘ ਜੀ, ਬੀਬੀ ਮੀਚੰਦਨ ਕੌਰ, ਮਾਤਾ ਗੁਰਦਿਆਲ ਕੌਰ (Brampton, Canada) ਨਿਵਾਸੀ ਅਤੇ ਸ: ਤੀਰਥ ਸਿੰਘ ਜੀ, ਬੀਬੀ ਰਾਜਵਿੰਦਰ ਕੌਰ ਜੀ, ਪਿੰਡ ਤੇਂਗ, ਜ਼ਿਲ੍ਹਾ ਜਲੰਧਰ, ਨੇ ਬਾਰਹ ਮਾਹਾ ਸਟੀਕ ਅਤੇ ਬਾਰਾਂ ਮਹੀਨਿਆਂ ਦੇ ਵੱਖੋ-ਵੱਖਰੇ ਕਿਤਾਬਚੇ ਛਪਵਾ ਕੇ ਹਰ ਮਹੀਨੇ ਦੀ ਅਰੰਭਤਾ ਵਾਲੇ ਦਿਨ ਸੰਗਰਾਂਦ ਨੂੰ ਮੋਖ-ਰਹਿਤ ਵੰਡਣ ਲਈ ਸਾਰੀ ਛਪਵਾਈ ਦੀ ਸੇਵਾ ਕੀਤੀ ਹੈ। ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਸਤਿਗੁਰੂ ਜੀ ਦੋਵਾਂ ਪ੍ਰਵਾਰਾਂ ਨੂੰ ਗੁਰਸਿੱਖੀ ਜੀਵਨ, ਚੜ੍ਹਦੀ ਕਲਾ ਅਤੇ ਆਪਣੇ ਚਰਨਾਂ ਦੀ ਪ੍ਰੀਤੀ ਦੇ ਰੂਪ ਵਿੱਚ ਸੇਵਾ ਦਾ ਫਲ ਪ੍ਰਦਾਨ ਕਰਨ ਜੀ।

ਗੁਰੂ ਪੰਥ ਦਾ ਦਾਸ

**ਸੇਵਾ ਸਿੰਘ (ਸੰਤ)**

ਗੁਰਦੁਆਰਾ ਰਾਮਪੁਰ ਖੇੜਾ,

ਡਾਕਖਾਨਾ: ਗੜ੍ਹਦੀਵਾਲਾ,

6 ਜੂਨ 2012 ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ)



# ਮਾਹ ਦਿਵਸ ਮੂਰਤ ਭਲੇ

ਜਿੰਨਾ ਵੱਡਾ ਪ੍ਰਮਾਤਮਾ ਹੈ, ਉਸ ਨੇ ਓਨੀ ਹੀ ਵੱਡੀ ਤੇ ਵਿਸ਼ਾਲ ਸੰਸਾਰ ਖੇਡ ਰਚਨਾ ਕੀਤੀ ਹੈ। ਸੰਸਾਰ ਅੰਦਰ ਆਪਾਂ ਵੇਖਦੇ ਹਾਂ, ਸਟੇਜਾਂ ਜਾਂ ਖੇਡ ਮੈਦਾਨਾਂ ਵਿੱਚ ਸੀਮਤ ਪਾਤਰਾਂ ਰਾਹੀਂ ਖੇਡਾਂ ਖੇਡੀਆਂ ਜਾਂਦੀਆਂ ਹਨ। ਪਰਮਾਤਮਾ ਅਸੀਮ ਹੋਣ ਕਾਰਣ, ਉਸ ਨੇ ਜਗਤ ਖੇਡ ਵੀ ਅਸੀਮ ਰਚੀ ਹੈ। ਜਗਤ-ਖੇਡ ਅੰਦਰ ਪਰਮਾਤਮਾਂ ਨੇ ਚੌਰਾਸੀ-ਲੱਖ ਜੂਨੀਆਂ ਦੇ ਪਾਤਰ ਰਚ ਕੇ ਉਨ੍ਹਾਂ ਨੂੰ ਵੱਖੋ-ਵੱਖਰੇ ਸੁਭਾਅ, ਵੱਖੋ-ਵੱਖਰੇ ਸਰੀਰਕ ਆਕਾਰ, ਵੱਖੋ-ਵੱਖਰੇ ਵਚਿੱਤ੍ਰ ਰੂਪ-ਰੰਗ, ਵੱਖੋ-ਵੱਖਰੇ ਜੀਵਨ ਜਿਊਣ ਢੰਗ ਬਖਸ਼ਿਸ਼ ਕਰਕੇ ਸੰਸਾਰ ਖੇਡ ਨੂੰ ਬਹੁਤ ਹੀ ਵਚਿੱਤ੍ਰ ਅਤੇ ਰੌਚਕ ਬਨਾਉਣਾ ਕੀਤਾ ਹੈ। ਇੱਕ-ਇੱਕ ਜੂਨ ਦੀ ਪਾਤਰ-ਵਚਿੱਤ੍ਰਤਾ ਵੇਖ ਕੇ ਮਨੁੱਖ ਦੰਗ ਰਹਿ ਜਾਂਦਾ ਹੈ ਤੇ ਸ੍ਰੀ ਗੁਰੂ ਅਰਜਨ ਪਾਤਸ਼ਾਹ ਜੀ ਦਾ ਭੈਰਉ ਰਾਗ ਅੰਦਰ ਉਚਾਰਨ ਕੀਤਾ ਫੁਰਮਾਨ ਯਾਦ ਆਉਂਦਾ ਹੈ।

**ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ॥**

**ਗਨੀਵ ਤੇਰੀ ਸਿਫਤਿ ਸਚੇ ਪਾਤਿਸਾਹ॥** ਮ: ੫, ਪੰਨਾ ੧੧੩੮

ਪਰਮਾਤਮਾਂ ਵੱਲੋਂ ਰਚੀ ਭਿੰਨਤਾ ਤੇ ਵਚਿੱਤ੍ਰਤਾ ਨੂੰ ਵੇਖ ਕੇ ਆਪ-ਮੁਹਾਰੇ ਮਨੁੱਖ ਦੇ ਅੰਦਰੋਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਦੀ ਵਾਰ ਦਾ ਫੁਰਮਾਨ

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥**

ਮ: ੧, ਪੰਨਾ ੪੬੯

ਨਿਕਲਣ ਲੱਗ ਜਾਂਦਾ ਹੈ। ਇਸ ਸਾਰੀ ਅਲੌਕਿਕ-ਵਚਿੱਤ੍ਰ ਖੇਡ ਵਿੱਚ ਪਰਮਾਤਮਾਂ ਨੇ ਮਨੁੱਖ ਜੂਨ ਨੂੰ ਸਭ ਜੂਨਾਂ ਤੋਂ ਉੱਤਮਤਾ ਬਖਸ਼ਿਸ਼ ਕਰਦੇ ਫੁਰਮਾਨ ਕੀਤਾ ਹੈ ਐ-ਮਨੁੱਖ!

**ਅਵਰ ਜੋਨਿ ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ॥**

ਆਸਾ ਮ: ੫, ਪੰਨਾ ੩੭੪

ਤਥਾ :

**ਲਖ ਚਉਰਾਸੀਹ ਜੂਨਿ ਵਿਚਿ ਮਾਣਸ ਜਨਮੁ ਦੁਲੰਭੁ ਉਪਾਇਆ॥**

ਵਾਰ ੮, ਪਉੜੀ ੬

ਪਰਮਾਤਮਾ ਨੇ ਜਿੱਥੇ ਮਨੁੱਖ ਜੂਨ ਨੂੰ, ਖਾਣ-ਪੀਣ, ਬੋਲ-ਚਾਲ, ਸੋਚ-ਵੀਚਾਰ, ਰਹਿਣ-ਸਹਿਣ ਦੀ ਸਿਰਮੌਰਤਾ ਤੇ ਉੱਤਮਤਾ ਪ੍ਰਦਾਨ ਕੀਤੀ ਹੈ, ਉੱਥੇ ਪ੍ਰਭੂ ਮਾਲਕ ਨੇ ਮਨੁੱਖ ਪਾਤਰ ਨੂੰ ਇੱਕ ਵਿਸ਼ੇਸ਼ ਕਾਰਜ ਜੋ ਬਾਕੀ ਜੂਨਾਂ ਰਾਹੀਂ ਕੀਤਾ ਨਹੀਂ ਜਾ ਸਕਦਾ ਉਹ ਕਾਰਜ ਕਰਨ ਦੀ ਜ਼ਿੰਮੇਵਾਰੀ ਸੌਂਪੀ ਹੈ। ਜੇ ਮਨੁੱਖ ਪਾਤ੍ਰ ਉਹ ਵਿਸ਼ੇਸ਼ ਕਾਰਜ ਜੋ ਪਰਮਾਤਮਾਂ ਨੇ ਇਸ ਦੇ ਜਿੰਮੇ ਕਰਨ ਲਈ ਧੁਰੋਂ ਲਾਇਆ ਹੈ, ਉਹ ਕਾਰਜ ਨਹੀਂ ਕਰਦਾ ਤਦ ਇਸ ਦੇ ਜਨਮ ਤੋਂ ਲੈ ਕੇ ਆਖਰੀ ਸੁਆਸ ਤੱਕ ਕੀਤੇ ਸਾਰੇ ਕਾਰਜ ਅਕਾਰਥ ਗਿਣੇ ਜਾਂਦੇ ਹਨ। ਉਹ ਕਾਰਜ ਹੈ "**ਪ੍ਰਭੂ ਨਾਮ-ਜਪ**" ਦੇ ਮਾਰਗ ਨੂੰ ਆਪਣੇ ਜੀਵਨ ਵਿੱਚ ਅਪਨਾ ਕੇ, ਆਪਣੇ ਮੂਲ, ਪਰਮਾਤਮਾ ਨਾਲ ਅਭੇਦ ਹੋਣਾ ਤਥਾ ਆਪਣੇ ਮਾਲਕ ਪਰਮਾਤਮਾ ਨਾਲ ਮਿਲਣਾ। ਪਰ ਮਾਇਆ ਦੇ ਪ੍ਰਭਾਵ ਕਾਰਣ ਮਨੁੱਖ ਇਸ ਵਿਸ਼ੇਸ਼ ਕਾਰਜ ਨੂੰ ਭੁੱਲ ਚੁੱਕਾ ਹੈ। ਸਤਿਗੁਰੂ ਆਪਣੇ ਪਰਉਪਕਾਰੀ ਸੁਭਾਅ ਅਧੀਨ ਸਾਨੂੰ ਮਾਇਆ ਦੇ ਪ੍ਰਭਾਵ ਕਾਰਣ ਭੁੱਲੇ ਭਟਕਿਆਂ ਨੂੰ ਸਾਡਾ ਜੀਵਨ ਮਨੋਰਥ ਯਾਦ ਕਰਵਾਉਂਦੇ ਸੋਦਰ ਦੇ ਪਾਠ ਅੰਦਰ ਹਰ ਰੋਜ ਪੁਕਾਰ-ਪੁਕਾਰ ਕੇ ਫ਼ੁਰਮਾਉਂਦੇ ਹਨ ਕਿ ਐ ਮਨੁੱਖ! ਤੇਰੇ ਜੀਵਨ ਦਾ ਮਨੋਰਥ ਹੈ :

**ਭਈ ਪਰਾਪਤਿ ਮਾਨੁਖ ਦੇਹੁਰੀਆ ॥**
**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥**
**ਅਵਰਿ ਕਾਜ ਤੇਰੈ ਕਿਤੈ ਨ ਕਾਮ ॥**
**ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥੧॥** ਮ: ੫, ਪੰਨਾ ੧੨

ਜਿਹੜਾ ਮਨੁੱਖ ਗੁਰੂ ਦੀ ਪੁਕਾਰ ਸੁਣ ਕੇ "ਨਾਮ-ਜਪ" ਮਾਰਗ ਦਾ ਪਾਂਧੀ ਬਣ ਕੇ ਆਪਣੇ ਮੂਲ ਪਰਮਾਤਮਾ ਨਾਲ ਜੁੜ ਜਾਂਦਾ ਹੈ, ਉਹ ਪਾਤਰ ਤਾਂ :

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥੩॥**

ਮ: ੯ ਪੰਨਾ ੬੩੩

ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ, ਉਸ ਦੀ ਜੀਵਨ ਯਾਤਰਾ ਪ੍ਰਭੂ ਨਦਰ ਅੰਦਰ ਸਫ਼ਲ ਹੋ ਜਾਂਦੀ ਹੈ। ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਧਨਾਸਰੀ ਰਾਗ ਅੰਦਰ ਫ਼ੁਰਮਾਨ ਕੀਤਾ ਹੈ :

**ਸਫਲ ਸਫਲ ਭਈ ਸਫਲ ਜਾਤ੍ਰਾ ॥ ਆਵਣ ਜਾਣ ਰਹੇ ਮਿਲੇ ਸਾਧਾ ॥੧॥**

ਮ: ੫, ਪੰਨਾ ੬੮੭

ਪਰ ਜਿਹੜਾ ਮਨੁੱਖ ਆਪਣੇ ਜਿੰਮੇ ਲੱਗਾ ਕਾਰਜ ਨਹੀਂ ਕਰਦਾ ਉਸ ਪ੍ਰਥਾਇ ਤਾਂ ਸਤਿਗੁਰੂ ਰਾਮਦਾਸ ਜੀ ਨੇ ਆਸਾ ਰਾਗ ਅੰਦਰ ਬਚਨ ਦਰਜ ਕੀਤਾ ਹੈ ਕਿ



**ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ ॥**

ਮ: ੪, ਪੰਨਾ ੪੫੦

ਸੱਚੇ ਜੀਵਨ ਰਸਤੇ ਤੋਂ ਘੁੱਥੇ ਪਾਤਰਾਂ ਪ੍ਰਤੀ ਤਾਂ ਸਤਿਗੁਰੂ ਜੀ ਨੇ ਫ਼ੁਰਮਾਨ ਕੀਤਾ ਹੈ :

**ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**

ਮ: ੪ ਪੰਨਾ ੬੯੭

ਸਤਿਗੁਰੂ ਜੀ ਨੇ ਸਾਡੇ ਜੀਵਨ ਦੀ ਪਾਤਰਤਾ ਨੂੰ ਸਫਲਾ ਕਰਨ ਵਾਸਤੇ ਸਾਡੇ ਜੀਵਨ ਦੀਆਂ ਅਮੋਲਕ ਛਿਨਾਂ, ਪਲਾਂ, ਘੜੀਆਂ, ਪਹਿਰਾਂ, ਦਿਨਾਂ, ਥਿੱਤਾਂ ਤੇ ਮਹੀਨਿਆਂ ਨੂੰ ਪ੍ਰਭੂ ਨਦਰ ਵਿੱਚ ਪਰਵਾਨ ਚੜ੍ਹਾਉਣ ਲਈ ਸਮੇਂ ਦੇ ਵੱਖੋ-ਵੱਖਰੇ "ਸਿਰਲੇਖ" ਗੁਰਬਾਣੀ ਅੰਦਰ ਲਿਖ ਕੇ ਸਾਨੂੰ ਸੰਸਾਰ ਮੰਚ ਅੰਦਰ ਆਪਣੀ ਜੀਵਨ ਖੇਡ ਸੁਚੱਜਤਾ ਤੇ ਸਫ਼ਲਤਾ ਨਾਲ ਖੇਡਣ ਅਤੇ ਆਪਣੇ ਜੀਵਨ-ਆਸ਼ੇ ਨੂੰ ਪ੍ਰਾਪਤ ਕਰਨ ਵਾਸਤੇ ਅਗਵਾਈ ਕੀਤੀ ਹੈ ਤਾਂ ਜੋ ਅਸੀਂ ਗੁਰੂ ਉਪਦੇਸ਼ ਸੁਣ ਅਤੇ ਮੰਨ ਕੇ ਪ੍ਰਭੂ ਨਦਰ ਦੇ ਪਾਤਰ ਬਣ ਸਕੀਏ। ਇਸੇ ਕੜੀ ਅਧੀਨ, ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਰਾਮ ਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇੱਕ-ਇੱਕ ਪਹਿਰ ਨੂੰ ਮੁੱਖ ਰੱਖ ਕੇ "ਪਹਰੇ" ਦੇ ਸਿਰਲੇਖ ਹੇਠ ਸਿਰੀ ਰਾਗ ਅੰਦਰ ਗੁਰਬਾਣੀ ਉਚਾਰਨ ਕਰਕੇ ਜੀਵ-ਆਤਮਾ ਨੂੰ ਅਗਿਆਨ ਭਰਮ ਦੀ ਨੀਂਦਰ ਤੋਂ ਉਥਾਨ ਕਰਕੇ ਸੱਚ ਨੂੰ ਦ੍ਰਿੜ੍ਹ ਕਰਵਾਉਣ ਦਾ ਪਰਉਪਕਾਰ ਕੀਤਾ ਹੈ, ਤਾਂ ਜੋ ਕੋਈ ਵਡਭਾਗੀ ਜੀਵ ਸੱਚ ਦੀ ਅਵਾਜ਼ ਨੂੰ ਸ੍ਰਵਣ ਕਰਕੇ ਸੱਤ-ਮਾਰਗ ਦਾ ਧਾਰਨੀ ਬਣ ਕੇ ਮਨੁੱਖਾ ਜਨਮ ਦੇ ਅਮੋਲਕ ਸਮੇਂ ਤੋਂ ਲਾਭ ਪ੍ਰਾਪਤ ਕਰਕੇ ਆਪਣੇ ਮੂਲ ਪ੍ਰਮਾਤਮਾ ਨਾਲ ਜੁੜ ਜਾਵੇ। ਜਿਵੇਂ ਰਾਤ ਦੇ ਚਾਰ ਪਹਿਰ ਹੁੰਦੇ ਹਨ, ਸਾਡੀ ਉਮਰ ਨੂੰ ਵੀ ਸਤਿਗੁਰੂ ਅਰਜਨ ਦੇਵ ਜੀ ਨੇ ਇੱਕ ਰਾਤ ਦਰਸਾਇਆ ਹੈ। ਆਪ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ:

**ਏਕ ਰੈਣ ਕੇ ਪਾਹੁਨ ਤੁਮ ਆਏ ਬਹੁ ਜੁਗ ਆਸ ਬਧਾਏ ॥**

ਮ: ੫, ਪੰਨਾ ੨੧੨

ਮਨੁੱਖੀ ਜੀਵਨ ਦੀ ਉਮਰ ਦੇ ਚਾਰ ਪੜਾਵਾਂ ਨੂੰ ਚਾਰ ਪਹਿਰ ਦਰਸਾ ਕੇ ਸਤਿਗੁਰੂ ਜੀ "**ਜਾ ਕਉ ਆਏ ਸੋਈ ਬਿਹਾਝਹੁ**" ਦੀ ਕਾਰ ਕਰਨ ਵਾਸਤੇ ਜੀਵ ਨੂੰ ਵਣਜਾਰਾ ਕਹਿ ਕੇ ਸੰਬੋਧਨ ਕਰਦੇ ਫ਼ੁਰਮਾਉਂਦੇ ਹਨ ਕਿ ਹੇ ਜੀਵ! ਤੇਰੇ ਜੀਵਨ ਦੀ ਕਹਾਣੀ ਮਾਤਾ ਦੇ ਗਰਭ ਤੋਂ ਅਰੰਭ ਹੋਈ ਪਰ ਤੂੰ ਮਾਇਆ ਦੇ ਪ੍ਰਭਾਵ ਕਾਰਣ ਉਸ ਸਮੇਂ ਦੇ ਬਿਖਮ ਦੁੱਖ ਨੂੰ ਭੁੱਲ ਗਿਆ ਹੈਂ। ਮਾਤਾ ਦੇ ਗਰਭ ਅੰਦਰ ਤੂੰ ਪੁੱਠਾ ਲਟਕਾਇਆ

ਹੋਇਆ ਸੈਂ ਤੇ ਇਸ ਕੁੰਭੀ ਨਰਕ ਦੇ ਦੁੱਖ ਤੋਂ ਖਲਾਸੀ ਵਾਸਤੇ ਤੂੰ ਆਪਣੇ ਮਾਲਕ ਪਰਮਾਤਮਾ ਅੱਗੇ ਸਵਾਸ-ਸਵਾਸ ਅਰਦਾਸ ਕਰਦਾ ਸੈਂ, ਤੇਰੀ ਸੁਰਤ ਮਾਲਕ ਦੀ ਯਾਦ ਵਿੱਚ ਜੁੜੀ ਹੋਈ ਸੀ। ਹੇ ਜੀਵ! ਤੂੰ ਪਰਮਾਤਮਾ ਪਾਸੋਂ ਨੰਗਾ ਹੀ ਆਇਆ ਤੇ ਇਸ ਸੰਸਾਰ ਵਿੱਚੋਂ ਵੀ ਨੰਗਾ ਹੀ ਤੁਰ ਜਾਏਂਗਾ। ਨਾ ਤੂੰ ਕੋਈ ਸਥੂਲ ਪੂੰਜੀ ਲੈ ਕੇ ਆਇਆ ਅਤੇ ਨਾ ਹੀ ਇਸ ਸੰਸਾਰ ਚੋਂ ਲਿਜਾ ਸਕੇਂਗਾ। ਪਰ ਤੂੰ ਸੰਸਾਰ ਵਿੱਚ ਆਉਣ ਸਮੇਂ ਆਪਣੇ ਪੂਰਬਲੇ ਕੀਤੇ ਕਰਮਾਂ ਦੀ ਰਾਸ, ਇਸ ਸੰਸਾਰ ਵਿੱਚ ਜ਼ਰੂਰ ਨਾਲ ਲੈ ਕੇ ਆਇਆ ਹੈਂ ਤੇ ਜਿਹੋ ਜਿਹੇ ਚੰਗੇ-ਮਾੜੇ ਕਰਮ ਤੂੰ ਸੰਸਾਰ ਮੰਚ ਉੱਪਰ ਹੁਣ ਕਰੇਂਗਾ ਉਹ ਕਰਮਾਂ ਦੀ ਰਾਸ ਤੂੰ ਮੁੜ ਆਪਣੀ ਆਤਮਾ ਨਾਲ ਲੈ ਜਾਵੇਂਗਾ। ਇਸ ਲਈ ਜੋ ਕਰਮ ਵੀ ਤੂੰ ਸੰਸਾਰ ਅੰਦਰ ਕਰਨਾ ਹੈ ਉਸ ਨੂੰ ਬਹੁਤ ਹੀ ਸੋਚ ਵੀਚਾਰ ਕੇ ਗੁਰੂ ਅਗਵਾਈ ਵਿੱਚ ਕਰਨ ਦਾ ਯਤਨ ਕਰ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਪਹਿਲੇ ਪਹਿਰੇ ਦਾ ਉਪਦੇਸ਼ ਸੁਣ ਤੇ ਉਸ ਦੀ ਵਿਚਾਰ ਕਰ—

**ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥**

**ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ ॥**

**ਖਸਮ ਸੇਤੀ ਅਰਦਾਸਿ ਵਖਾਣੈ ਉਰਧ ਧਿਆਨਿ ਲਿਵ ਲਾਗਾ ॥**

**ਨਾ ਮਰਜਾਦੁ ਆਇਆ ਕਲਿ ਭੀਤਰਿ ਬਾਹੁੜਿ ਜਾਸੀ ਨਾਗਾ ॥**

**ਜੈਸੀ ਕਲਮ ਵੁੜੀ ਹੈ ਮਸਤਕਿ ਤੈਸੀ ਜੀਅੜੇ ਪਾਸਿ ॥**

**ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥੧॥**

ਮ: ੧ ਪੰਨਾ ੭੪

ਮਨੁੱਖ ਦੇ ਜੀਵਨ ਦੇ ਦੂਸਰੇ ਪਹਿਰ, ਭਾਵ ਜਦੋਂ ਜੀਵ ਨੇ ਮਾਤਾ ਦੇ ਗਰਭ ਵਿੱਚੋਂ ਸੰਸਾਰ ਵਿੱਚ ਜਨਮ ਲਿਆ, ਉਸ ਸਮੇਂ ਮਨੁੱਖ ਨਾਲ ਕੀ ਵਰਤਾਰਾ ਵਰਤਿਆ। ਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਅੰਦਰ ਉਸ ਨੂੰ ਹੇਠ ਲਿਖੇ ਅਨੁਸਾਰ ਵਰਨਣ ਕੀਤਾ ਹੈ:

**ਵਿਚਹੁ ਗਰਭੈ ਨਿਕਲਿ ਆਇਆ ॥**

**ਖਸਮੁ ਵਿਸਾਰਿ ਦੁਨੀ ਚਿਤੁ ਲਾਇਆ ॥** ਮ: ੫, ਪੰਨਾ ੧੦੦੭

ਭਗਤ ਕਬੀਰ ਜੀ ਦਾ ਹੀ ਰਾਗ ਗਉੜੀ ਅੰਦਰ ਬਚਨ ਹੈ :

**ਜੋਨਿ ਛਾਡਿ ਜਉ ਜਗ ਮਹਿ ਆਇਓ ॥**

**ਲਾਗਤ ਪਵਨ ਖਸਮੁ ਬਿਸਰਾਇਓ ॥** ਪੰਨਾ ੩੩੭

ਦੀ ਖੇਡ ਜੀਵ ਨਾਲ ਵਰਤ ਗਈ। ਸਵਾਸ-ਸਵਾਸ ਪਰਮਾਤਮਾ ਦੀ ਯਾਦ ਤੇ



ਅਰਦਾਸ ਸਭ ਕੁਝ ਮਾਇਆ ਦੇ ਪ੍ਰਭਾਵ ਕਾਰਨ ਵਿਸਰ ਗਿਆ। ਮਾਤਾ-ਪਿਤਾ, ਭੈਣ-ਭਰਾ, ਜੀਵ-ਬੱਚੇ ਨੂੰ ਮੇਰਾ-ਮੇਰਾ ਕਰਕੇ ਵਾਰੋ ਵਾਰੀ ਖੁਸ਼ੀ ਅੰਦਰ ਇਸ ਤਰ੍ਹਾਂ ਚੁੱਕ ਕੇ ਖਿਡਾਉਂਦੇ ਹਨ ਜਿਸ ਤਰ੍ਹਾਂ ਕ੍ਰਿਸ਼ਨ ਨੂੰ ਮਾਤਾ ਯਸ਼ੋਧਾ ਜੀ ਆਪਣੇ ਘਰ ਅੰਦਰ ਖਿਡਾਉਂਦੇ ਸਨ। ਮਾਤਾ ਕਹਿੰਦੀ ਹੈ ਮੇਰਾ ਪੁੱਤਰ ਹੈ, ਭੈਣ-ਭਰਾ ਕਹਿੰਦੇ ਹਨ ਕਿ ਸਾਡਾ ਭਰਾ ਹੈ। ਪਰ ਸਤਿਗੁਰੂ ਜੀ ਇਸ ਜੀਵ ਨੂੰ ਅਸਲੀਅਤ ਤੋਂ ਜਾਣੂ ਕਰਵਾਉਂਦੇ ਫ਼ੁਰਮਾਉਂਦੇ ਹਨ ਕਿ ਐ ਜੀਵ! ਇਹ ਸਾਰੇ ਅੰਗ-ਸਾਕ ਜੋ ਤੈਨੂੰ ਮੇਰਾ-ਮੇਰਾ ਕਹਿੰਦੇ ਹਨ, ਯਾਦ ਰੱਖੀਂ! ਇਨ੍ਹਾਂ ਵਿੱਚੋਂ ਅੰਤ ਸਮੇਂ ਇੱਕ ਨੇ ਵੀ ਤੇਰਾ ਸਾਥ ਨਹੀਂ ਦੇਣਾ। ਹੇ ਅਚੇਤ ਮੂਰਖ ਜੀਵ! ਤੂੰ ਪਰਮਾਤਮਾ ਦਾ ਚਿੰਤਨ ਕਰ, ਪਰਮਾਤਮਾ ਨੇ ਹੀ ਤੇਰਾ ਸਾਥ ਦੇਣਾ ਹੈ। ਆਪ ਜੀ ਨੇ ਦੂਜੇ ਪਹਿਰੇ ਅੰਦਰ ਜੀਵ ਨੂੰ ਸਮਝਾਉਣ ਹਿਤ ਉਪਦੇਸ਼ ਪ੍ਰਦਾਨ ਕੀਤਾ ਹੈ :

**ਦੂਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਵਿਸਰਿ ਗਇਆ ਧਿਆਨੁ ॥**

**ਹਥੋ ਹਥਿ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਦਾ ਘਰਿ ਕਾਨੁ ॥**

**ਹਥੋ ਹਥਿ ਨਚਾਈਐ ਪ੍ਰਾਣੀ ਮਾਤ ਕਹੈ ਸੁਤੁ ਮੇਰਾ ॥**

**ਚੇਤਿ ਅਚੇਤ ਮੂੜ ਮਨ ਮੇਰੇ ਅੰਤਿ ਨਹੀ ਕਛੁ ਤੇਰਾ ॥**

**ਜਿਨਿ ਰਚਿ ਰਚਿਆ ਤਿਸਹਿ ਨ ਜਾਣੈ ਮਨ ਭੀਤਰਿ ਧਰਿ ਗਿਆਨੁ ॥**

**ਕਹੁ ਨਾਨਕ ਪ੍ਰਾਣੀ ਦੂਜੈ ਪਹਰੈ ਵਿਸਰਿ ਗਇਆ ਧਿਆਨੁ ॥੨॥**

ਮ: ੧ ਪੰਨਾ ੭੫

ਮਨੁੱਖ ਦੀ ਉਮਰ ਦਾ ਤੀਸਰਾ ਪੜਾਅ ਭਾਵ ਜੁਆਨੀ ਦੀ ਅਵਸਥਾ ਕਿਵੇਂ ਬਤੀਤ ਹੁੰਦੀ ਹੈ, ਦਾ ਜ਼ਿਕਰ ਕਰਦੇ ਗੁਰਦੇਵ ਸਤਿਗੁਰੂ ਫ਼ੁਰਮਾਉਂਦੇ ਹਨ ਕਿ ਜਿਸ ਵੇਲੇ ਮਨੁੱਖ ਜੁਆਨੀ ਵਿੱਚ ਪੈਰ ਧਰਦਾ ਹੈ, ਮਨ ਅੰਦਰ ਪਰਮਾਤਮਾ ਦੀ ਚੇਤਨਾ ਦੀ ਥਾਂ ਧਨ-ਦੌਲਤ ਤੇ ਸੁੰਦਰ ਰੂਪ ਜੁਆਨੀ ਦੀ ਚੇਤਨਾ ਹੀ ਚੱਲਦੀ ਰਹਿੰਦੀ ਹੈ ਤੇ ਧਨ-ਦੌਲਤ ਤੇ ਜੋਬਨ ਦੀ ਪ੍ਰਾਪਤੀ ਵਾਸਤੇ ਮਨੁੱਖ ਜਾਇਜ਼-ਨਜਾਇਜ਼ ਕਰਮ ਕਰਨ ਤੋਂ ਵੀ ਸੰਕੋਚ ਨਹੀਂ ਕਰਦਾ। ਸਰੀਰ ਅੰਦਰ ਪੂਰਾ ਤਾਣ ਹੋਣ ਕਾਰਣ, ਮਨੁੱਖ ਹਰ ਕਿਸੇ ਨੂੰ ਤੀਲੇ ਸਮਾਨ ਸਮਝ ਕੇ ਹੰਕਾਰ ਕਰਦਾ ਹੈ। ਮਾਇਆ ਦੇ ਬੰਧਨਾਂ ਤੋਂ ਛੁਟਕਾਰੇ ਹਿੱਤ ਪਰਮਾਤਮਾ ਨਾਲ ਪਿਆਰ ਪਾਉਣ ਦੀ ਥਾਂ ਜੁਆਨੀ ਦੇ ਮਦ ਅਧੀਨ ਮਨੁੱਖ, ਧਨ-ਜੋਬਨ ਦੇ ਪਿਆਰ ਵਿੱਚ ਬੱਝਾ, ਸਗੋਂ ਮਾਇਆ ਦੇ ਬੰਧਨਾਂ ਵਿੱਚ ਫਸਣ ਵਾਲੇ ਕਰਮ ਹੀ ਕਰੀ ਜਾਂਦਾ ਹੈ। ਪਰਮਾਤਮਾ ਨੇ ਮਨੁੱਖ ਨੂੰ, ਧਰਮ ਨੂੰ ਮੁੱਖ ਰੱਖ ਕੇ ਨਾਮ ਦਾ ਵਪਾਰ ਕਰਨ ਲਈ ਸੰਸਾਰ ਵਿੱਚ ਭੇਜਿਆ ਸੀ ਪਰ ਮਾਇਆ ਦੇ ਪ੍ਰਭਾਵ ਵਿੱਚ ਫਸ ਕੇ ਮਨੁੱਖ ਨੇ ਨਾ ਧਰਮ ਦੇ ਸ਼ੁੱਭ ਕਾਰਜ ਕੀਤੇ ਅਤੇ ਨਾ ਹੀ ਪਰਮਾਤਮਾ ਦਾ ਨਾਮ ਜਪਿਆ, ਜਿਸ ਕਾਰਨ ਮਨੁੱਖ ਦਾ ਜੀਵਨ ਧਨ ਅਤੇ ਜੋਬਨ ਵਿੱਚ ਗ੍ਰਸਤ ਹੋ ਕੇ

ਨਿਸਫਲ ਚਲਾ ਗਿਆ। ਸਤਿਗੁਰੂ ਮਨੁੱਖ ਨੂੰ ਤੀਸਰੇ ਪਹਿਰ ਦੁਆਰਾ ਅਸਲੀਅਤ ਦਰਸਾਉਂਦੇ ਫ਼ੁਰਮਾਉਂਦੇ ਹਨ ਕਿ :

**ਤੀਜੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਨ ਜੋਬਨ ਸਿਉ ਚਿਤੁ ॥**

**ਹਰਿ ਕਾ ਨਾਮੁ ਨ ਚੇਤਹੀ ਵਣਜਾਰਿਆ ਮਿਤ੍ਰਾ ਬਧਾ ਛੁਟਹਿ ਜਿਤੁ ॥**

**ਹਰਿ ਕਾ ਨਾਮੁ ਨ ਚੇਤੈ ਪ੍ਰਾਣੀ ਬਿਕਲੁ ਭਇਆ ਸੰਗਿ ਮਾਇਆ ॥**

**ਧਨ ਸਿਉ ਰਤਾ ਜੋਬਨਿ ਮਤਾ ਅਹਿਲਾ ਜਨਮੁ ਗਵਾਇਆ ॥**

**ਧਰਮ ਸੇਤੀ ਵਾਪਾਰੁ ਨ ਕੀਤੋ ਕਰਮੁ ਨ ਕੀਤੋ ਮਿਤੁ ॥**

**ਕਹੁ ਨਾਨਕ ਤੀਜੈ ਪਹਰੈ ਪ੍ਰਾਣੀ ਧਨ ਜੋਬਨ ਸਿਉ ਚਿਤੁ ॥੩॥**

ਮ: ੧ ਪੰਨਾ ੭੫

ਹੁਣ ਜ਼ਿੰਦਗੀ ਦਾ ਆਖ਼ਰੀ ਪੜਾਅ ਆ ਪਹੁੰਚਾ, ਜਿਵੇਂ ਕਿਰਸਾਣ ਪੱਕੀ ਹੋਈ ਫਸਲ ਨੂੰ ਵੱਢਣ ਵਾਸਤੇ ਲਾਵੇ (ਵਾਢੇ) ਲੈ ਕੇ ਪਹੁੰਚ ਜਾਂਦਾ ਹੈ ਤੇ ਫਸਲ ਨੂੰ ਵੱਢ ਕੇ ਲੈ ਜਾਂਦਾ ਹੈ। ਕਿਰਸਾਣ ਨੂੰ ਫਸਲ ਵੱਢਣ ਤੋਂ ਕੋਈ ਨਹੀਂ ਰੋਕ ਸਕਦਾ ਤਿਵੇਂ ਸਰੀਰ ਰੂਪੀ ਖੇਤ ਨੂੰ ਵੱਢਣ ਵਾਲਾ ਜਮ, ਆਖ਼ਰੀ ਸਮੇਂ ਜੀਵ-ਆਤਮਾ ਨੂੰ ਆ ਮੂੰਹ ਵਿਖਾਉਂਦਾ ਹੈ। ਜੀਵ-ਆਤਮਾ ਭਾਵੇਂ ਸਰੀਰ ਨੂੰ ਛੱਡ ਕੇ ਜਾਣਾ ਨਹੀਂ ਚਾਹੁੰਦੀ ਪਰ ਜਮਦੂਤਾਂ ਅੱਗੇ ਪੇਸ਼ ਨਹੀਂ ਜਾਂਦੀ। ਜਮਦੂਤ ਜੀਵ-ਆਤਮਾ ਨੂੰ ਸਰੀਰ ਵਿੱਚੋਂ ਜਬਰੀ ਕੱਢ ਕੇ ਲੈ ਜਾਂਦੇ ਹਨ। ਅੰਤ ਸਮੇਂ ਮਨੁੱਖ ਪਾਸ ਭਾਵੇਂ ਸਾਰੇ ਅੰਗ—ਸਾਕ, ਮਿੱਤ੍ਰ-ਦੋਸਤ, ਪਰਿਵਾਰ ਬੈਠਾ ਹੁੰਦਾ ਹੈ ਪਰ ਕਿਸੇ ਨੂੰ ਇਹ ਭੇਤ ਨਹੀਂ ਲੱਗਦਾ ਕਿ ਇਸ ਸਰੀਰ ਵਿੱਚ ਵਸਦੀ ਆਤਮਾ ਕਿੱਥੇ ਚਲੀ ਗਈ। ਸਰੀਰ ਵਿੱਚੋਂ ਆਤਮਾ ਨਿਕਲਣ ਉਪਰੰਤ ਸਰੀਰ ਨੂੰ ਮੁਰਦਾ ਕਰਾਰ ਦੇ ਕੇ ਸਾਰੇ ਸਾਕ-ਸੰਬੰਧੀ ਆਪਣੀ ਹਮਦਰਦੀ ਪ੍ਰਗਟ ਕਰਨ ਲਈ ਰੋਣਾ-ਪਿੱਟਣਾ ਸ਼ੁਰੂ ਕਰ ਦਿੰਦੇ ਹਨ। ਜਿਸ ਸਰੀਰ ਨੂੰ ਸਾਰੇ ਆਪਣਾ-ਆਪਣਾ ਕਹਿੰਦੇ ਸਨ, ਉਸ ਸਰੀਰ ਨੂੰ ਪਰਾਇਆ ਤੇ ਅਪਵਿੱਤ੍ਰ ਜਾਣ ਕੇ, ਸਰੀਰ ਨੂੰ ਸਾੜਨ ਦਾ ਜਾਂ ਧਰਤੀ ਵਿੱਚ ਦੱਬਣ ਦਾ ਇੰਤਜ਼ਾਮ ਕਰਨ ਲੱਗ ਜਾਂਦੇ ਹਨ। ਸਰੀਰ ਤਾਂ ਇੱਥੇ ਨਾਸ਼ ਕਰ ਦਿੱਤਾ ਜਾਂਦਾ ਹੈ, ਜੀਵ-ਆਤਮਾ ਨੇ ਸਾਰੀ ਉਮਰ ਜਿਹੜੀਆਂ ਵਸਤੂਆਂ ਨਾਲ ਪਿਆਰ ਪਾਈ ਰੱਖਿਆ, ਅਗਾਂਹ ਜੀਵ-ਆਤਮਾ ਨੂੰ ਉਹੋ ਜਿਹੀ ਜੂਨ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰਾਂ ਦਾ ਚੌਥੇ ਪਹਿਰ ਅੰਦਰ ਸੱਚਾਈ ਨੂੰ ਦ੍ਰਿੜ੍ਹ ਕਰਵਾਉਣ ਦਾ ਉਪਦੇਸ਼ ਪੜ੍ਹੀਏ ਤਾਂ ਜੋ ਗੁਰੂ ਉਪਦੇਸ਼ ਦਾ ਕਿਣਕਾ ਮਾਤਰ ਸਾਡੇ ਅੰਦਰ ਵੀ ਵਸ ਜਾਵੇ ਤੇ ਅਸੀਂ ਵੀ "**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥**" ਦੀ ਕਾਰ ਕਰਕੇ ਸੁਰਖ਼ਰੂ ਹੋ ਸਕੀਏ।

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥**

**ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥**



**ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥**

**ਝੂਠਾ ਰੁਦਨੁ ਹੋਆ ਦੁੋਆਲੈ ਖਿਨ ਮਹਿ ਭਇਆ ਪਰਾਇਆ ॥**

**ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥**

**ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥ ੪ ॥੧ ॥**

ਸਿਰੀ ਰਾਗ ਮ: ੧, ਪੰਨਾ ੭੫

ਇਸ ਪ੍ਰਕਾਰ ਜੀਵਨ ਦੇ "ਚਹੁੰ ਪਹਿਰਾਂ" ਨੂੰ ਸਫ਼ਲ ਕਰਕੇ ਜੀਵਨ-ਖੇਡ ਨੂੰ ਜਿੱਤਣ ਦੀ ਵਿਧੀ ਸਤਿਗੁਰੂ ਸਾਹਿਬਾਨ ਜੀ ਨੇ "ਪਹਰੇ" ਬਾਣੀ ਦੇ ਸਿਰਲੇਖ ਹੇਠ ਇਸ ਜੀਵ-ਪਾਤਰ ਨੂੰ ਪ੍ਰਦਾਨ ਕੀਤੀ ਹੈ।

ਅੱਠ ਪਹਿਰ ਬੀਤ ਜਾਣ ਦੇ ਸਮੇਂ ਨੂੰ "ਦਿਨ-ਰਾਤ" ਦੇ ਨਾਉਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਅਗਿਆਨ-ਭਰਮ ਤੇ ਮਾਇਆ ਦੇ ਪ੍ਰਭਾਵ ਅਧੀਨ ਮਨੁੱਖ ਦਾ ਦਿਨ-ਰਾਤ ਕਿਵੇਂ ਵਿਅਰਥ ਤੇ ਅਕਾਰਥ ਬਤੀਤ ਹੋ ਜਾਂਦਾ ਹੈ, ਉਸਦਾ ਖੁਲਾਸਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਉੜੀ ਰਾਗ ਅੰਦਰ ਹੇਠ ਲਿਖੇ ਅਨੁਸਾਰ ਕੀਤਾ ਹੈ :

**ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥**

**ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥**

ਮ: ੧, ਪੰਨਾ ੧੫੬

ਬਾਬਾ ਫਰੀਦ ਜੀ ਦਾ ਫੁਰਮਾਨ ਹੈ ਕਿ :

**ਫਰੀਦਾ ਚਾਰਿ ਗਵਾਇਆ [1]ਹੰਢਿ ਕੈ ਚਾਰਿ ਗਵਾਇਆ ਸੰਮਿ[2] ॥**

**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ ॥ ੩੮ ॥**

ਫਰੀਦ ਜੀ, ਪੰਨਾ ੧੩੭੯

ਹੀਰੇ ਵਰਗਾ ਮਨੁੱਖਾ ਜੀਵਨ ਕਉਡੀਆਂ ਦੇ ਬਦਲੇ ਬਰਬਾਦ ਨਾ ਹੋਵੇ ਅਤੇ ਪ੍ਰਭੂ ਦਰਗਾਹ ਅੰਦਰ ਮਨੁੱਖਾ ਜਨਮ ਦਾ ਲੇਖਾ ਦੇਣਾ ਸੁਹੇਲਾ ਹੋ ਜਾਵੇ। ਇਸ ਬਰਬਾਦੀ ਤੋਂ ਕਿਵੇਂ ਬਚਣਾ ਅਤੇ ਸੁਰਖਰੂ ਮੁੱਖ ਲੈ ਕੇ ਕਿਵੇਂ ਸੰਸਾਰ ਚੋਂ ਜਾਣਾ ਹੈ ? ਦਾ ਉਪਦੇਸ਼ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਅੰਦਰ "**ਦਿਨ ਰੈਣਿ**" ਦੇ ਸਿਰਲੇਖ ਹੇਠ ਬਾਣੀ ਉਚਾਰ ਕੇ ਦਿਨ-ਰਾਤ ਨੂੰ ਸਕਾਰਥਾ ਕਰਨ ਦਾ ਉਪਦੇਸ਼

---

੧. ਫਿਰ-ਤੁਰਕੇ, ੨. ਸੌਂ ਕੇ।

ਪ੍ਰਦਾਨ ਕੀਤਾ ਹੈ। ਆਪ ਫ਼ੁਰਮਾਨ ਕਰਦੇ ਹਨ ਕਿ ਹੇ ਜੀਵ! ਜੇ ਤੂੰ ਮਨੁੱਖਾ ਜਨਮ ਨੂੰ ਸਫਲਾ ਕਰਨਾ ਲੋਚਦਾ ਹੈਂ ਤਾਂ ਤੂੰ ਦਿਨ ਰਾਤ ਪਰਮਾਤਮਾ ਦਾ ਸਿਮਰਨ ਕਰਿਆ ਕਰ। ਮੂੰਹ 'ਚੋਂ ਕਿਸੇ ਨੂੰ ਕੌੜਾ ਫਿੱਕਾ ਨਾ ਬੋਲੀਂ। ਹਮੇਸ਼ਾਂ ਰਸਨਾਂ ਦੁਆਰਾ ਦੂਸਰੇ ਨੂੰ ਸੁੱਖ ਦੇਣ ਵਾਲੇ ਮਿੱਠੇ ਬਚਨ ਹੀ ਉਚਾਰਿਆ ਕਰ। ਆਪਾ ਭਾਵ ਤਿਆਗ ਕੇ ਹਮੇਸ਼ਾ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਿਆ ਕਰ ਕਿ ਹੇ ਪਰਮਾਤਮਾ! ਮੈਂ ਆਪ ਜੀ ਤੋਂ ਅਨੇਕਾਂ ਜਨਮਾਂ ਤੋਂ ਵਿਛੜ ਕੇ ਦੁੱਖ ਭੋਗ ਰਿਹਾ ਹਾਂ, ਆਪ ਕਿਰਪਾ ਕਰਕੇ ਮੈਨੂੰ ਆਪਣੇ ਨਾਲ ਮੇਲ ਲਵੋ ਜੀ। ਮੈਂ ਹਰ ਥਾਂ ਟੋਲ ਭਾਲ ਕਰ ਚੁੱਕਾ ਹਾਂ। ਆਪ ਜੀ ਦੇ ਮਿਲਾਪ ਤੋਂ ਬਿਨਾਂ ਕਿਸੇ ਥਾਂ ਤੋਂ ਕਿਸੇ ਤਰ੍ਹਾਂ ਵੀ ਸੁੱਖ-ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਹੇ ਮਾਲਕ! ਆਪ ਤੋਂ ਵਿਛੋੜਾ ਪਾਉਣ ਵਾਲੇ ਮੇਰੇ ਹੀ ਕਰਮ ਹਨ। ਮੈਨੂੰ ਆਪ ਤੋਂ ਕਿਸੇ ਨੇ ਨਹੀਂ ਵਿਛੋੜਿਆ। ਮੈਂ ਜਾਣੇ-ਅਨਜਾਣੇ ਕੁਝ ਅਜਿਹੇ ਖੋਟੇ ਕਰਮ ਕਰ ਚੁੱਕਾ ਹਾਂ, ਉਨ੍ਹਾਂ ਮਾੜੇ ਕਰਮਾਂ ਨੇ ਮੈਨੂੰ ਆਪ ਤੋਂ ਵਿਛੋੜ ਦਿੱਤਾ ਹੈ। ਹੇ ਪਰਮਾਤਮਾ! ਆਪ ਹੁਣ ਕਿਰਪਾ ਕਰਕੇ ਮੈਨੂੰ ਆਪਣੀ ਸ਼ਰਣ ਵਿੱਚ ਰੱਖ ਲਵੋ। ਤੁਹਾਥੋਂ ਬਗੈਰ ਮੇਰਾ ਹੋਰ ਕੋਈ ਸਹਾਰਾ ਨਹੀਂ ਹੈ। ਹੇ ਪਰਮਾਤਮਾ! ਆਪ ਤੋਂ ਬਿਨਾਂ ਮੇਰਾ ਅਮੋਲਕ ਮਨੁੱਖਾ ਜਨਮ ਘੱਟੇ-ਕੌਡੀਆਂ ਬਣ ਮਿੱਟੀ ਵਿੱਚ ਰੁਲ ਜਾਣਾ ਹੈ। ਇਹ ਦੁੱਖ ਦਰਦ ਭਰੇ ਵੈਣ ਮੈਂ ਕਿਸ ਪਾਸ ਜਾ ਕੇ ਰੋਵਾਂ। ਮੇਰੀ ਆਪ ਦੇ ਚਰਨਾਂ ਵਿੱਚ ਬਾਰੰ-ਬਾਰ ਇਹ ਹੀ ਬੇਨਤੀ ਹੈ ਕਿ ਮੈਨੂੰ ਆਪਣੇ ਦਰਸ਼ਨ ਦੀਦਾਰ ਤੇ ਮਿਲਾਪ ਪ੍ਰਦਾਨ ਕਰੋ ਜੀ। ਸਤਿਗੁਰੂ ਅਰਜਨ ਦੇਵ ਜੀ ਦੀ ਮਾਝ ਰਾਗ ਅੰਦਰ ਉਚਾਰਨ ਕੀਤੀ ਬਾਣੀ "**ਦਿਨ ਰੈਣਿ**" ਦਾ ਇੱਕ ਅੰਕ ਹੀ ਪੜ੍ਹ ਲਈਏ, ਮਨੁੱਖਾ ਜਨਮ ਨੂੰ ਸਫ਼ਲ ਕਰਨ ਦਾ ਰਸਤਾ ਮਿਲ ਜਾਵੇਗਾ। ਆਪ ਦਾ ਫ਼ੁਰਮਾਨ ਹੈ :

**ਮਾਝ ਮਹਲਾ ੫ ਦਿਨ ਰੈਣਿ ੧ੴ ਸਤਿਗੁਰ ਪ੍ਰਸਾਦਿ ॥**
**ਸੇਵੀ ਸਤਿਗੁਰੁ ਆਪਣਾ ਹਰਿ ਸਿਮਰੀ ਦਿਨ ਸਭਿ ਰੈਣ ॥**
**ਆਪੁ ਤਿਆਗਿ ਸਰਣੀ ਪਵਾਂ ਮੁਖਿ ਬੋਲੀ ਮਿਠੜੇ ਵੈਣ ॥**
**ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ ॥**
**ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥**
**ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥**
**ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥**
**ਕਰਿ ਕਿਰਪਾ ਪ੍ਰਭ ਰਾਖਿ ਲੇਹੁ ਹੋਰੁ ਨਾਹੀ ਕਰਣ ਕਰੇਣ ॥**
**ਹਰਿ ਤੁਧੁ ਵਿਣੁ ਖਾਕੂ ਰੂਲਣਾ ਕਹੀਐ ਕਿਥੈ ਵੈਣ ॥**
**ਨਾਨਕ ਕੀ ਬੇਨੰਤੀਆ ਹਰਿ ਸੁਰਜਨੁ ਦੇਖਾ ਨੈਣ ॥੧॥.....**

ਮ: ੫, ਪੰਨਾ ੧੩੬



ਇਸ ਪ੍ਰਕਾਰ ਸੱਤ ਵਾਰੀ ਜਦੋਂ ਦਿਨ-ਰਾਤ ਬੀਤ ਜਾਂਦੇ ਹਨ ਤਾਂ ਇੱਕ ਸਤਵਾਰਾ (ਹਫ਼ਤਾ) ਬਣਦਾ ਹੈ। ਸੱਤਾਂ ਦਿਨਾਂ ਦੇ ਵੱਖੋ-ਵੱਖਰੇ ਨਾਉਂ ਸੰਸਾਰ ਅੰਦਰ ਪਰਚੱਲਤ ਹਨ। ਭਾਰਤ ਦੇਸ਼ ਵਿੱਚ ਇਨ੍ਹਾਂ ਦਿਨਾਂ ਨੂੰ ਆਮ ਕਰਕੇ ਐਤਵਾਰ, ਸੋਮਵਾਰ, ਮੰਗਲਵਾਰ ਨਾਵਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਇਨ੍ਹਾਂ ਸੱਤਾਂ ਦਿਨਾਂ ਦੇ ਨਾਵਾਂ ਨੂੰ ਮੁੱਖ ਰੱਖ ਕੇ ਬਿਲਾਵਲੁ ਰਾਗ ਅੰਦਰ ਸ੍ਰੀ ਗੁਰੂ ਅਮਰਦਾਸ ਜੀ ਨੇ ਅਤੇ ਗਉੜੀ ਰਾਗ ਅੰਦਰ ਬਾਬਾ ਕਬੀਰ ਜੀ ਨੇ ਲੁਕਾਈ ਨੂੰ ਇਨ੍ਹਾਂ ਦਿਨਾਂ ਨੂੰ ਚੰਗੇ ਜਾਣ ਕੇ ਇਨ੍ਹਾਂ ਦੀ ਪੂਜਾ ਕਰਨ ਜਾਂ ਮਾੜੇ ਜਾਣ ਕੇ ਦਿਨਾਂ ਦੇ ਪ੍ਰਭਾਵ ਤੋਂ ਭੈਅ ਖਾਣ ਤੋਂ ਵਰਜਦਿਆਂ, ਦਿਨਾਂ ਅਤੇ ਥਿੱਤਾਂ ਨੂੰ ਬਨਾਉਣ ਵਾਲੇ ਪ੍ਰਮਾਤਮਾ ਦਾ ਬਾਰੰ-ਬਾਰ ਨਾਮ ਜਪਣ ਦੀ ਤਾਕੀਦ ਕਰਦਿਆਂ, ਬਾਹਰਮੁਖੀ ਲੜਾਈਆਂ ਝਗੜਿਆਂ ਨੂੰ ਸੰਕੋਚ ਕੇ ਆਪਣੇ ਮਨ ਨਾਲ ਝਗੜਾ ਕਰਕੇ ਬਾਹਰ ਜਾਂਦੇ ਮਨ ਨੂੰ ਅੰਤਰ ਮੁਖੀ ਕਰਨ ਵਿੱਚ ਆਪਣੀ ਸ਼ਕਤੀ ਨੂੰ ਖਰਚਣ ਦਾ ਮਾਰਗ ਦਰਸ਼ਨ ਕੀਤਾ ਹੈ। ਬਾਬਾ ਕਬੀਰ ਜੀ ਐਤਵਾਰ ਦਾ ਉਪਦੇਸ਼ ਕਰਦੇ ਫ਼ਰਮਾਉਂਦੇ ਹਨ :

[1]**ਆਦਿਤ ਕਰੈ ਭਗਤਿ ਆਰੰਭ ॥ ਕਾਇਆ ਮੰਦਰ ਮਨਸਾ ਥੰਭ ॥**
**ਅਹਿਨਿਸਿ ਅਖੰਡ ਸੁਰਹੀ ਜਾਇ ॥ ਤਉ ਅਨਹਦ ਬੇਣੁ ਸਹਜ ਮਹਿ ਬਾਇ ॥੧॥**

ਕਬੀਰ ਜੀ, ਪੰਨਾ ੩੪੪

[2]**ਸੁਕ੍ਰਿਤੁ ਸਹਾਰੈ ਸੁ ਇਹ ਬ੍ਰਤਿ ਚੜੈ ॥ ਅਨਦਿਨ ਆਪਿ ਆਪ ਸਿਉ ਲੜੈ ॥**

ਕਬੀਰ ਜੀ, ਪੰਨਾ ੩੪੪

ਦੀ ਕਾਰ ਕਰਦਾ ਹੈ। ਉਸ ਦੇ ਸਾਰੇ ਕਰਮਾਂ ਭਰਮਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਉਸ ਦੇ ਅੰਦਰ ਪ੍ਰਭੂ ਜੋਤੀ ਦਾ ਪ੍ਰਕਾਸ਼ ਹੋ ਜਾਂਦਾ ਹੈ। ਅਜਿਹੇ ਵਡਭਾਗੇ ਮਨੁੱਖ ਨੂੰ ਅੰਦਰ-ਬਾਹਰ ਸਾਰਿਆਂ ਵਿੱਚ ਪਰਮਾਤਮਾ ਦੀ ਜੋਤ ਵਸਦੀ ਹੀ ਦ੍ਰਿਸ਼ਟੀ ਆਉਣ ਲੱਗ ਜਾਂਦੀ ਹੈ :

---

੧. ਐਤਵਾਰ ਦਾ ਇਹ ਹੀ ਉਪਦੇਸ਼ ਹੈ ਕਿ ਮਨੁੱਖ ਢਿੱਲ-ਮਠ ਨਾ ਕਰੇ, ਪਰਮਾਤਮਾਂ ਦੀ ਭਗਤੀ ਕਰਨੀ ਅਰੰਭ ਕਰ ਦੇਵੇ ਤੇ ਆਪਣੇ ਮਨ ਦੀਆਂ ਵਾਸ਼ਨਾਵਾਂ ਨੂੰ ਰੋਕ ਲਵੇ। ਜਿਸ ਦੀਆਂ ਪ੍ਰਭੂ ਭਗਤੀ ਕਰਦਿਆਂ ਵਾਸ਼ਨਾਵਾਂ ਰੁਕ ਜਾਂਦੀਆਂ ਹਨ, ਉਸ ਦਾ ਸਰੀਰ ਮਾਨੋ ਪਰਮਾਤਮਾ ਦੇ ਨਿਵਾਸ ਲਈ ਮੰਦਰ ਬਣ ਜਾਂਦਾ ਹੈ। ਵਾਸ਼ਨਾ ਰੁਕ ਜਾਣ ਨਾਲ ਮਨੁੱਖ ਦੀ ਆਤਮਾ ਪਰਮਾਤਮਾ ਨਾਲ ਜੁੜ ਜਾਂਦੀ ਹੈ। ਅਜਿਹੇ ਵਡਭਾਗੇ ਜਗਿਆਸੂ ਨੂੰ ਅਨਹਦ ਸ਼ਬਦ ਸੁਣਨ ਲੱਗ ਜਾਂਦੇ ਹਨ।

੨. ਸ਼ੁਕਰਵਾਰ ਦਾ ਇਹ ਉਪਦੇਸ਼ ਹੈ ਕਿ ਮਨੁੱਖ ਵਰਤ ਰੱਖ ਕੇ ਭੁੱਖਾ ਰਹਿਣ ਦੀ ਥਾਂ ਸ਼ੁੱਭ ਕਰਮ ਕਰਕੇ ਹੰਕਾਰ ਦਾ ਤਿਆਗੀ ਬਣੇ। ਲੋਕਾਂ ਨਾਲ ਲੜਨ ਦੀ ਥਾਂ ਆਪਣੇ ਮਨ ਨਾਲ ਲੜਾਈ ਕਰਕੇ ਮਨ ਨੂੰ ਬੁਰੇ ਕਰਮਾਂ ਦੀਆਂ ਵਾਸ਼ਨਾਵਾਂ ਵੱਲੋਂ ਰੋਕੇ, ਉਹ ਜਗਿਆਸੂ ਆਪਣੇ ਮਨ ਨਾਲ ਝਗੜਾ ਕਰਕੇ ਮਨ ਨੂੰ ਥਿਰ ਕਰ ਲੈਂਦਾ ਹੈ ਤੇ ਪਿਆਰ ਵਿੱਚ ਭਿੱਜ ਕੇ ਪਰਮਾਤਮਾ ਦੀ ਭਗਤੀ ਕਰਦਾ ਹੈ।

[1]ਥਾਵਰ ਥਿਰੁ ਕਰਿ ਰਾਖੈ ਸੋਇ ॥ ਜੋਤਿ ਦੀ ਵਟੀ ਘਟ ਮਹਿ ਜੋਇ ॥

**ਬਾਹਰਿ ਭੀਤਰਿ ਭਇਆ ਪ੍ਰਗਾਸੁ ॥ ਤਬ ਹੂਆ ਸਗਲ ਕਰਮ ਕਾ ਨਾਸੁ ॥**

ਕਬੀਰ ਜੀ, ਪੰਨਾ ੩੪੪

ਦੋ ਹਫ਼ਤਿਆਂ ਦਾ ਸਮਾਂ ਬੀਤਣ ਦੇ ਕਾਲ ਨੂੰ ਚੰਦਰਮਾ ਦੇ ਹਿਸਾਬ ਪੰਦਰਾਂ ਚਾਨਣ ਤੇ ਪੰਦਰਾਂ ਹਨ੍ਹੇਰ ਦੀਆਂ ਰਾਤਾਂ ਨੂੰ ਤਿਥਾਂ[2] ਦਾ ਨਾਉਂ ਦਿੱਤਾ ਜਾਂਦਾ ਹੈ ਜਿਨ੍ਹਾਂ ਨੂੰ ਸੁਦੀ ਤੇ ਵਦੀ ਦੀਆਂ ਤਿਥਾਂ ਕਿਹਾ ਜਾਂਦਾ ਹੈ। ਪਿਛਲੇ ਸਮੇਂ ਅੰਦਰ ਅਤੇ ਅਜੋਕੇ ਕਾਲ ਵਿੱਚ ਵੀ ਭਰਮਾਂ ਵਹਿਮਾਂ ਅਧੀਨ ਅਗਿਆਨਤਾ ਵਿੱਚ ਫਸ ਕੇ ਲੋਕ ਥਿੱਤਾਂ ਨੂੰ ਆਪੋ ਆਪਣੇ ਅਕੀਦੇ ਅਨੁਸਾਰ ਮਾੜਾ-ਚੰਗਾ ਜਾਣ ਕੇ ਕਾਰ-ਵਿਹਾਰ ਕਰਦੇ ਤੇ ਪੂਜਦੇ ਸਨ। ਸਤਿਗੁਰਾਂ ਨੇ ਲੋਕਾਈ ਨੂੰ ਭਰਮਾਂ, ਵਹਿਮਾਂ ਵਿੱਚੋਂ ਬਾਹਰ ਕੱਢਣ ਦਾ ਨਿਰੰਤਰ ਯਤਨ ਜਾਰੀ ਰੱਖਦਿਆਂ ਸਖ਼ਤ ਸ਼ਬਦਾਂ ਵਿੱਚ ਤਾੜਨਾ ਕਰਦਿਆਂ ਫ਼ੁਰਮਾਨ ਕੀਤਾ ਕਿ ਜਿਹੜੇ ਮਨੁੱਖ ਇੱਕ ਪਰਮਾਤਮਾ, ਜੋ ਤਿਥਾਂ ਤੇ ਸਮੇਂ ਨੂੰ ਬਨਾਉਣ ਵਾਲਾ ਹੈ, ਉਸ ਦੇ ਨਾਮ ਨੂੰ ਭੁਲਾ ਕੇ ਦ੍ਵੈਤ ਭਾਵ ਪੈਦਾ ਕਰਨ ਵਾਲੀਆਂ ਥਿਤਾਂ ਤੇ ਵਾਰਾਂ ਨੂੰ ਪੂਜਦੇ ਹਨ, ਉਹ ਨਿਰਾ ਮੂਰਖ ਹੀ ਨਹੀਂ, ਉਹ ਮਹਾਂ ਮੂਰਖ ਅਖਵਾਉਂਦੇ ਹਨ।

**ਸਤਿਗੁਰ ਬਾਝਹੁ ਅੰਧੁ ਗੁਬਾਰੁ ॥ ਥਿਤੀ ਵਾਰ ਸੇਵਹਿ ਮੁਗਧ ਗਵਾਰ ॥**

ਬਿਲਾਵਲ ਮਃ ੩, ਪੰਨਾ ੮੪੩

ਇਸੇ ਕੜੀ ਅਧੀਨ ਸਮੇਂ ਦੀ ਚਾਲ ਚਲਦਿਆਂ ਸੁਦੀ ਵਦੀ ਦੀਆਂ ਪੰਦਰਾਂ-ਪੰਦਰਾਂ ਤਿਥਾਂ ਭਾਵ ਤੀਹ ਦਿਨ ਬਤੀਤ ਹੋ ਜਾਂਦੇ ਹਨ। ਤੀਹ ਦਿਨ ਦੇ ਇਕੱਠੇ ਸੁਮੇਲ ਨੂੰ ਮਾਹ ਜਾਂ ਮਹੀਨਾ ਕਿਹਾ ਜਾਂਦਾ ਹੈ। ਬਾਰਾਂ ਮਹੀਨੇ ਬੀਤਣ ਉਪਰੰਤ ਇੱਕ ਸਾਲ ਸਮਾਪਤ ਹੁੰਦਾ ਹੈ। ਸਤਿਗੁਰਾਂ, ਸਾਡੇ ਮਾਇਆ ਵੇੜੇ ਜੀਵਾਂ ਦੇ ਬਾਰਾਂ ਮਹੀਨੇ ਸਫਲ ਕਰਨ ਵਾਸਤੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਰਾਗ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਅੰਦਰ ਬਾਰਹ ਮਾਹਾ ਬਾਣੀ ਦੇ ਸਿਰਲੇਖ ਹੇਠ ਦੋ ਬਾਰਹ ਮਾਹਾ ਦਰਜ ਕਰਕੇ, ਸੰਸਾਰ ਮੰਚ ਅੰਦਰ ਮਨੁੱਖ ਆਪਣੇ ਸਫ਼ਲ ਜੀਵਨ ਦਾ ਪਾਰਟ ਅਦਾ ਕਰ ਸਕੇ, ਉਪਦੇਸ਼ ਪ੍ਰਦਾਨ ਕੀਤਾ ਹੈ।

❒ ❒ ❒

---

੧. ਸ਼ਨਿਚਰਵਾਰ, ੨. ਏਕਮ, ਦੂਜ, ਤੀਜ, ਚੌਥ, ਪੰਚਮੀ, ਖਟ, ਸਤਮੀ, ਅਸ਼ਟਮੀ, ਨੌਮੀ, ਦਸਮੀ, ਏਕਾਦਸ਼ੀ, ਦੁਆਦਸ਼ੀ, ਤ੍ਰਿਓਦਸ਼ੀ, ਚੋਦਸ, ਪੂਰਨਮਾਸ਼ੀ। ਇਸੇ ਤਰ੍ਹਾਂ ਵਦੀ ਪੱਖ ਦੀਆਂ ਤਿੱਥਾਂ ਪੂਰਨਮਾਸ਼ੀ ਤੋਂ ਅੱਗੇ ਫਿਰ ਏਕਮ, ਦੂਜ, ਤੀਜ ਤੋਂ ਚਲਦਿਆਂ ਅਖ਼ੀਰ ਮੱਸਿਆ ਗਿਣੀ ਜਾਂਦੀ ਹੈ।

# ਬਾਰਹ ਮਾਹਾ

ਮੂਲ-ਪਾਠ

*ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪*

*ੴ ਸਤਿਗੁਰ ਪ੍ਰਸਾਦਿ ॥*

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*
*ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥*
*ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥*
*ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥*
*ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥*
*ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥*
*ਸ੍ਰਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥*
*ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥*
*ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥*
*ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧ ॥*

**ਪਦ-ਅਰਥ :** **ਬਾਰਹ ਮਾਹਾ** = ਬਾਣੀ ਦਾ ਨਾਮ। **ਮਾਂਝ** = ਰਾਗ ਦਾ ਨਾਮ। **ਮਹਲਾ ੫** । ਸ੍ਰੀ ਗੁਰੂ ਅਰਜਨ ਦੇਵ ਜੀ ਬਾਣੀ ਦੇ ਰਚਣਹਾਰੇ। **ਘਰੁ** = ਸੰਗੀਤ ਦਾ ਚੌਥਾ ਘਰ। **ਕਿਰਤਿ ਕਰਮ** = ਕੀਤੇ ਹੋਏ ਕਰਮਾਂ ਕਰਕੇ। **ਰਾਮ** = ਪਰਮਾਤਮਾ। **ਚਾਰਿ ਕੁੰਟ** = ਚਾਰੇ ਕੋਣਾਂ। **ਦਹ ਦਿਸ** = ਦਸੋ ਦਿਸ਼ਾ (ਉੱਤਰ, ਦੱਖਣ, ਪੂਰਬ, ਪੱਛਮ ਇਨ੍ਹਾਂ ਚਾਰੇ ਦਿਸ਼ਾ ਦੀਆਂ ਚਾਰੇ ਨੁਕਰਾਂ, ਉਪਰਲਾ ਪਾਸਾ, ਹੇਠਲਾ ਪਾਸਾ। **ਭ੍ਰਮੇ** = ਭਟਕਦੇ। **ਪ੍ਰਭ ਕੀ ਸਾਮ** = ਪਰਮਾਤਮਾ ਦੀ ਸ਼ਰਨ। **ਧੇਨੁ** = ਗਊ। **ਦੁਧੈ ਤੇ ਬਾਹਰੀ** = ਦੁੱਧ ਤੋਂ ਸੱਖਣੀ। **ਕਿਤੈ ਨ ਆਵੈ ਕਾਮ** = ਕਿਸੇ ਕੰਮ ਨਹੀਂ ਆਉਂਦੀ। **ਸਾਖ** = ਖੇਤੀ, ਫ਼ਸਲ। **ਦਾਮ** = ਪੈਸੇ। **ਨਾਹ** = ਕੰਤ (ਮਾਲਕ)। **ਕਤ** = ਕਿਵੇਂ। **ਬਿਸਰਾਮ** = ਟਿਕਾਉ (ਸੁੱਖ)। **ਜਿਤੁ ਘਰਿ** = ਜਿਸ ਹਿਰਦੇ ਵਿੱਚ। **ਭਠਿ** = ਤੱਪਦੀ ਭੱਠੀ ਸਮਾਨ। **ਨਗਰ-ਗ੍ਰਾਮ** = ਪਿੰਡ। **ਤੰਬੋਲ ਰਸ** = ਪਾਨਾਂ ਦੇ ਬੀੜਿਆ ਦਾ ਰਸ। **ਸਣੁ** = ਸਮੇਤ। **ਦੇਹੀ** = ਸਰੀਰ। **ਖਾਮ-ਕਚੇ (ਨਾਸਵੰਤ)** = ਸੁਪਨੇ-ਵੱਤ। **ਵਿਹੂਣੀਆ** = ਬਗੈਰ। **ਜਾਮ** = ਜਮ-ਰੂਪ। **ਨਿਹਚਲ-ਧਾਮ** = ਨ ਨਾਸ਼ ਹੋਣ ਵਾਲਾ ਟਿਕਾਣਾ (ਅਚੱਲ)।



# ਕਿਰਤਿ ਕਰਮ ਕੇ ਵੀਛੁੜੇ

ਬਾਰਹ-ਮਾਹਾ ਬਾਣੀ ਦੇ ਅਰੰਭ ਵਿੱਚ ਸਤਿਗੁਰੂ ਜੀ ਨੇ ਜੀਵ-ਆਤਮਾ ਦਾ ਆਪਣੇ ਮੂਲ-ਸ੍ਰੋਤ ਪਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ "**ਕਿਰਤਿ ਕਰਮ ਕੇ ਵੀਛੁੜੇ**" ਦਰਸਾ ਕੇ ਮਿਲਾਪ ਦਾ ਸਾਧਨ "**ਕਰਿ ਕਿਰਪਾ ਮੇਲਹੁ ਰਾਮ**" ਦਰਸਾਇਆ ਹੈ ਅਤੇ ਕ੍ਰਿਪਾ ਦੀ ਪ੍ਰਾਪਤੀ ਲਈ "**ਕਰਿ ਕਿਰਪਾ ਦੀਜੈ ਨਾਮੁ**" ਦੀ ਮੰਗ ਕੀਤੀ ਹੈ।

ਗੁਰੂ ਮਿਹਰ ਨਾਲ, ਹੇਠਾਂ ਲਿਖਤ ਅੰਦਰ ਆਪਾਂ ਸਤਿਗੁਰੂ ਜੀ ਦੀ ਬਖਸ਼ਿਸ਼ ਕੀਤੀ ਬੁੱਧੀ ਅਨੁਸਾਰ "**ਕਿਰਤਿ ਕਰਮ**" ਅਤੇ "**ਨਾਮ**" ਪ੍ਰਤੀ ਸੰਖੇਪ ਵਿਚਾਰ ਕਰਨ ਦਾ ਯਤਨ ਕਰੀਏ।

ਮਨੁੱਖੀ ਜੀਵਨ ਅੰਦਰ ਕਿਰਤ-ਕਮਾਈ ਅਤੇ ਪੁਰਬ ਕਮਾਈ ਦੀ ਬਹੁਤ ਮਹਾਨਤਾ ਹੈ। ਪਿਛਲੇ ਜਨਮ ਅੰਦਰ ਕੀਤੀ ਕਿਰਤ-ਕਮਾਈ ਹੀ ਇਸ ਜਨਮ ਅੰਦਰ ਪੁਰਬ-ਕਮਾਈ ਦੇ ਰੂਪ ਵਿੱਚ ਸਾਰੇ ਦੁੱਖਾਂ-ਸੁੱਖਾਂ, ਰੋਗਾਂ-ਸੋਗਾਂ, ਜਿਨ੍ਹਾਂ ਨੂੰ ਆਪਾਂ ਆਪਣੇ ਜੀਵਨ ਵਿੱਚ ਭੋਗ ਰਹੇ ਹਾਂ, ਦਾ ਕਾਰਣ ਬਣ ਰਹੀ ਹੈ ਅਤੇ ਹੁਣ ਦੀ ਕਿਰਤ-ਕਮਾਈ ਨੇ ਹੀ ਸਾਡੀ ਪ੍ਰਾਲਬਧ ਜਾਂ ਪੁਰਬ-ਕਮਾਈ ਬਣਨਾ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :

**[1]ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥**
**ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥**

ਮਾਰੂ ਮ: ੧, ਪੰਨਾ ੧੦੩੦

**[2]ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥**

ਰਾਮਕਲੀ ਮ: ੫, ਪੰਨਾ ੮੮੮

ਸਾਹਿਬ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥੨੧ ॥**

ਆਸਾ ਮ: ੧, ਪੰਨਾ ੪੩੩

---

੧. ਹੇ ਪ੍ਰਾਣੀ ! ਇਸ ਜਨਮ ਵਿੱਚ ਜੋ ਤੂੰ ਸੁੱਖ ਜਾਂ ਦੁੱਖ ਭੋਗ ਰਿਹਾ ਹੈਂ ਇਹ ਤੇਰੀ ਕੀਤੀ ਹੋਈ ਹੀ ਪੁਰਬ-ਕਮਾਈ ਹੈ।

੨. ਦੁੱਖ ਦਾ ਸਮਾਂ ਆਉਣ ਤੇ ਲੋਕਾਂ ਨੂੰ ਦੋਸ਼ ਨਾ ਦੇਹ।

ਇਸੇ ਕਾਰਣ ਕਰਕੇ ਹੀ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਜੀ ਨੇ ਸਾਨੂੰ ਸੰਸਾਰੀ ਜੀਵਾਂ ਨੂੰ ਸੁਚੇਤ ਕਰਨ ਹਿੱਤ, ਜਪੁਜੀ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਕੀਤਾ ਹੈ, ਕਿ ਹੇ ਪ੍ਰਾਣੀ! ਹੁਣ ਵਰਤਮਾਨ ਸਮੇਂ ਅੰਦਰ ਜੋ ਤੂੰ ਕਿਰਤ-ਕਮਾਈ ਦੇ ਚੰਗੇ ਜਾਂ ਮਾੜੇ ਕਰਮਾਂ ਦੇ ਬੀਜ ਸਰੀਰ-ਧਰਤੀ ਅੰਦਰ ਬੀਜ ਰਿਹਾ ਹੈਂ, ਇਨ੍ਹਾਂ ਕਰਮ-ਬੀਜਾਂ ਦੇ ਫਲ ਸੁੱਖ ਜਾਂ ਦੁੱਖ ਦੇ ਰੂਪ ਵਿੱਚ ਅਗਲੇਰੇ ਜਨਮ ਵਿੱਚ ਤੈਨੂੰ ਹੀ ਖਾਣੇ ਪੈਣੇ ਹਨ। ਇਸ ਲਈ ਜੋ ਵੀ ਤੂੰ ਕਰਮ ਇਸ ਮਨੁੱਖਾ ਜਨਮ ਵਿੱਚ ਕਰਨੇ ਹਨ ਉਨ੍ਹਾਂ ਨੂੰ ਬਹੁਤ ਹੀ ਸੋਚ-ਸਮਝ ਤੇ ਵਿਚਾਰ ਕੇ ਕਰਨ ਦਾ ਯਤਨ ਕਰ ਤਾਂ ਜੋ ਇਨ੍ਹਾਂ ਕਿਰਤ ਕਰਮਾਂ ਦੇ ਬੀਜਾਂ ਦਾ ਫਲ ਪੁਰਬ-ਕਮਾਈ ਵਿੱਚ ਖਾਣ ਸਮੇਂ ਤੈਨੂੰ ਕੋਈ ਤੰਗੀ ਜਾਂ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸਤਿਗੁਰਾਂ ਦਾ ਫੁਰਮਾਨ ਹੈ :

**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥**

ਜਪੁਜੀ, ਪੰਨਾ ੪

ਸਤਿਗੁਰੂ ਅਰਜਨ ਦੇਵ ਜੀ, ਗੁਰੂ ਨਾਨਕ ਪਾਤਸ਼ਾਹ ਦੇ ਫੁਰਮਾਨ ਦੀ ਪ੍ਰੋੜ੍ਹਤਾ ਕਰਦੇ ਫੁਰਮਾਨ ਕਰਦੇ ਹਨ :

**ਜੇਹਾ ਬੀਜੈ ਸੋ ਲੁਣੈ[1] ਕਰਮਾ ਸੰਦੜਾ ਖੇਤੁ ॥** ਮ: ੫ ਪੰਨਾ ੧੩੪

**ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ[2] ਕਿਨੈ ਬੋਇਆ[3] ॥** ਮ: ੪ ਪੰਨਾ ੩੦੯

ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਮਨੁੱਖ ਨੇ ਆਪਣੇ ਜੀਵਨ ਅੰਦਰ ਕਿਰਤ-ਕਮਾਈ ਦੁਆਰਾ ਜੋ ਧਨ-ਪਦਾਰਥ, ਜਮੀਨ ਜ਼ਾਇਦਾਦ, ਮਹਿਲ-ਮਾੜੀਆਂ ਸਥੂਲ ਰੂਪ ਵਿੱਚ ਜਾਇਜ਼-ਨਜਾਇਜ਼ ਢੰਗ-ਤਰੀਕੇ ਨਾਲ ਬਣਾਏ ਜਾਂ ਪ੍ਰਾਪਤ ਕੀਤੇ ਹਨ। ਇਨ੍ਹਾਂ ਸਥੂਲ ਪਦਾਰਥਾਂ ਵਿੱਚੋਂ ਕੋਈ ਵੀ ਜੀਵ-ਆਤਮਾ ਦੇ ਨਾਲ ਨਹੀਂ ਜਾਂਦਾ ਪਰ ਇਹ ਸਥੂਲ ਸਰੀਰ ਨਾਲ ਜੋ ਮਾੜੇ ਜਾਂ ਚੰਗੇ ਕਰਮ ਪ੍ਰਾਣੀ ਨੇ ਕੀਤੇ ਹਨ, ਉਹ ਪਾਪ ਜਾਂ ਪੁੰਨ ਦੇ ਰੂਪ ਵਿੱਚ ਸੰਸਕਾਰ ਬਣਕੇ ਜੀਵ ਆਤਮਾ ਦੇ ਨਾਲ ਜਰੂਰ ਚਲੇ ਜਾਂਦੇ ਹਨ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ :

੧. ਵੱਢਣਾ ਪੈਂਦਾ ਹੈ। ੨. ਪਿੱਛਲੇ ਜਨਮ ਵਿੱਚ। ੩. ਬੀਜਿਆ।



**[1]ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**

ਜਪੁਜੀ, ਪੰਨਾ ੪

ਕਿਰਤ-ਕਰਮਾਂ ਦੇ ਸੰਸਕਾਰ ਜੋ ਜੀਵ-ਆਤਮਾ ਦੇ ਨਾਲ ਜਾਂਦੇ ਹਨ, ਉਹ ਹੀ ਮਨੁੱਖ ਦੇ ਮੱਥੇ ਦੇ ਲੇਖ (ਪੁਰਬ-ਕਮਾਈ) ਬਣ ਕੇ ਮੁੜ ਕਰਮ ਕਰਨ ਵਾਲੇ ਜੀਵ-ਆਤਮਾ ਨੂੰ ਸੂਖਮ ਰੂਪ ਵਿੱਚ ਵੀ ਤੇ ਸਰੀਰਕ ਰੂਪ ਵਿੱਚ ਵੀ ਭੁਗਤਣੇ ਪੈਂਦੇ ਹਨ। ਇਸੇ ਲਈ ਹੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਦੱਖਣੀ ਓਅੰਕਾਰ ਦੀ ਬਾਣੀ ਅੰਦਰ ਫੁਰਮਾਨ ਕੀਤਾ ਹੈ :

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** ਮ: ੧, ਪੰਨਾ ੯੩੭

ਜਿਸ ਦਾ ਆਦਿ ਹੈ ਉਸ ਦਾ ਅੰਤ ਵੀ ਹੋ ਸਕਦਾ ਹੈ। ਕਰਮ ਅਨਾਦੀ ਨਹੀਂ ਹਨ। ਸਤਿਗੁਰਾਂ ਦੇ ਫੁਰਮਾਨ ਅਨੁਸਾਰ ਪੁਰਬ-ਕਮਾਈ ਅਟੱਲ ਨਹੀਂ ਹੈ। ਇਸ ਨੂੰ ਟਾਲਿਆ ਵੀ ਜਾ ਸਕਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸਹਸਕ੍ਰਿਤੀ ਸਲੋਕਾਂ ਅੰਦਰ ਬਚਨ ਦਰਜ਼ ਹੈ, ਕਿ ਕਿਸੇ ਮਨੁੱਖ ਨੇ ਪੁਰਬ-ਕਮਾਈ ਵਿੱਚ ਅਨੇਕਾਂ ਦੁੱਖ ਦੇਣ ਵਾਲੇ ਮਾੜੇ ਅਤੇ ਹੱਤਿਆਈ[2] ਕਰਮ ਕੀਤੇ ਹੋਣ, ਜਿਸ ਦੇ ਫਲਸਰੂਪ ਮਨੁੱਖ ਨੇ ਬਹੁਤ ਜ਼ਿਆਦਾ ਦੁੱਖ ਭੋਗਣੇ ਹੋਣ, ਅਜਿਹੇ ਮਾੜੇ ਕਰਮਾਂ ਦੀ ਬਦੌਲਤ ਕਈ ਜਨਮਾਂ ਤੱਕ ਗਰੀਬੀ-ਦਲਿੱਦਰ ਦੀਆਂ ਤਕਲੀਫ਼ਾਂ ਅਤੇ ਪਰੇਸ਼ਾਨੀਆਂ ਦੀ ਮਾਰ ਝਲਣੀ ਹੋਵੇ। ਜੇਕਰ ਮਨੁੱਖ ਪਰਮਾਤਮਾ ਦੇ ਨਾਮ-ਜਪ ਦਾ ਰਸਤਾ ਅਖਤਿਆਰ ਕਰ ਲਵੇ ਤਾਂ ਪ੍ਰਭੂ ਨਾਮ ਉਸ ਪ੍ਰਾਣੀ ਦੀ **"ਪੁਰਬ-ਕਮਾਈ"** ਤੇ ਸਾਰੇ ਮਾੜੇ ਕਰਮ ਨਾਸ਼ ਕਰ ਦਿੰਦਾ ਹੈ। ਜਿਵੇਂ ਲੱਖਾਂ ਮਣ ਲੱਕੜਾਂ ਦੇ ਢੇਰ ਨੂੰ ਥੋੜ੍ਹੀ ਜਿੰਨੀ ਅੱਗ ਕੁਝ ਹੀ ਸਮੇਂ ਵਿੱਚ ਰਾਖ ਦਾ ਢੇਰ ਬਣਾ ਦਿੰਦੀ ਹੈ :

**ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ ॥**
**ਮਿਟੰਤ ਸਗਲ ਸਿਮਰੰਤ ਹਰਿ ਨਾਮ ਨਾਨਕ ਜੈਸੇ ਪਾਵਕ ਕਾਸਟ ਭਸਮੰ ਕਰੋਤਿ ॥**

ਸ: ਸਹਸਕ੍ਰਿਤੀ ਮ: ੫, ਪੰਨਾ ੧੩੫੫

ਆਪ ਦਾ ਹੀ ਜੈਤਸਰੀ ਵਾਰ ਅੰਦਰ ਪਿਆਰਾ ਫੁਰਮਾਨ ਹੈ :

੧. ਪੁੰਨ ਤੇ ਪਾਪ ਨਿਰਾ ਕਹਿਣ ਮਾਤ੍ਰ ਹੀ ਨਹੀਂ। ਜਿਹੋ ਜਿਹੇ ਮਨੁੱਖ ਚੰਗੇ ਜਾਂ ਮਾੜੇ ਕਰਮ ਆਪਣੇ ਜੀਵਨ ਵਿੱਚ ਕਰਦਾ ਹੈ, ਸਾਰਾ ਕਰਮ ਬਿਓਰਾ ਜੀਵ ਆਤਮਾ ਆਪਣੇ ਨਾਲ ਲੈ ਜਾਂਦਾ ਹੈ।
੨. ਕਿਸੇ ਨੂੰ ਜਾਨੋਂ ਮਾਰ ਦੇਣ ਦੇ ਕਰਮ।

**[੧]ਈਧਣੁ ਕੀਤੋਮੂ[੨] ਘਣਾ[੩] ਭੋਰੀ[੪] ਦਿਤੀਮੁ ਭਾਹਿ[੫] ॥**

**ਮਨਿ[੬] ਵਸੰਦੜੋ ਸਚੁ ਸਹੁ ਨਾਨਕ ਹਭੇ[੭] ਡੁਖੜੇ ਉਲਾਹਿ[੮] ॥**

ਮ: ੫, ਪੰਨਾ ੭੦੬

ਜਿੱਥੇ ਮਨੁੱਖਾ ਜਨਮ ਭੋਗ ਜੋਨ ਹੈ, ਉੱਥੇ ਪੁਰਬ-ਕਮਾਈ ਜੋ ਦੁੱਖਾਂ ਦੀ ਜਨਮ ਦਾਤੀ ਹੈ, ਮਨੁੱਖ ਇਸ ਨੂੰ ਘਟਾ ਵੀ ਸਕਦਾ ਹੈ ਤੇ ਮੇਟ ਵੀ ਸਕਦਾ ਹੈ। ਜਿੱਥੇ ਪੁਰਬ-ਕਮਾਈ ਘਟਾਈ ਅਤੇ ਮੇਟੀ ਜਾ ਸਕਦੀ ਹੈ, ਉੱਥੇ ਮਨੁੱਖੀ ਜਨਮ ਦੇ ਵਸੀਲੇ ਦੁਆਰਾ ਗੁਰੂ ਅਗਵਾਈ ਅਨੁਸਾਰ ਚੱਲ ਕੇ ਜੀਵ-ਆਤਮਾ ਆਪਣੇ ਮੂਲ ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਕੇ ਪਰਮਾਤਮਾ ਵਿੱਚ ਅਭੇਦ ਵੀ ਹੋ ਸਕਦਾ ਹੈ ਅਤੇ ਕੋਈ ਮਨੁੱਖਾ ਜਨਮ ਦੇ ਵਸੀਲੇ ਨਾਲ ਆਪ-ਹੁਦਰੇ ਕਰਮ ਕਰਕੇ ਆਪਣੇ ਮੂਲ ਪਰਮਾਤਮਾ ਤੋਂ ਅਨੇਕਾਂ ਜਨਮਾਂ ਦੀ ਦੂਰੀ ਪਾ ਕੇ-

**ਜੰਮਿ ਜੰਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥**

ਮਾਰੂ ਮ: ੫, ਪੰਨਾ ੧੦੨੦

ਦਾ ਧਾਰਨੀ ਵੀ ਬਣ ਸਕਦਾ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ :

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥** ਜਪੁਜੀ, ਪੰਨਾ ੮

ਜੇ ਮਨੁੱਖਾ ਜਨਮ ਅੰਦਰ ਆਪਣੇ ਮੂਲ ਪਰਮਾਤਮਾ, ਜਿਸ ਦੀ ਅਸੀਂ ਅੰਸ਼ ਤੇ ਰੂਪ ਹਾਂ, ਜਿਸ ਪ੍ਰਥਾਇ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਅਤੇ ਭਗਤ ਕਬੀਰ ਜੀ ਨੇ ਗੁਰਬਾਣੀ ਅੰਦਰ ਸੰਕੇਤ ਦਿੱਤਾ ਹੈ।

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**

**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥**

ਆਸਾ ਮ: ੩, ਪੰਨਾ ੪੪੧

---

੧. ਬਾਲਣ। ੨. ਮੈਂ ਕੀਤਾ। ੩. ਬਹੁਤਾ। ੪. ਥੋੜ੍ਹੀ ਜਿਹੀ। ੫. ਅੱਗ। ੬. ਮਨ ਦੇ ਵਿੱਚ ਵਾਹਿਗੁਰੂ ਦਾ ਨਾਮ ਵਸ ਜਾਵੇ। ੭. ਸਾਰੇ ਦੁੱਖ। ੮. ਦੂਰ ਹੋ ਜਾਂਦੇ ਹਨ।



**[੧]ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥**

ਗੋਂਡ ਕਬੀਰ ਜੀ, ਪੰਨਾ ੮੭੧

ਨਾਲ ਨਾ ਮਿਲ ਸਕੇ ਫਿਰ ਤਾਂ ਜਿਵੇਂ ਦੁੱਧ ਤੋਂ ਸਖਣੀ ਗਊ, ਬੇਕਾਰ ਤੇ ਨਿਕੰਮੀ ਕਹੀ ਜਾਂਦੀ ਹੈ। ਖੰਭਾਂ ਤੋਂ ਬਿਨਾਂ ਪੰਛੀ ਦੀ ਕੋਈ ਮਹਾਨਤਾ ਨਹੀਂ ਹੈ। ਜਿਵੇਂ ਪਾਣੀ ਤੋਂ ਬਗੈਰ ਖੇਤੀ ਸੁੱਕ ਕੇ ਬਰਬਾਦ ਹੋ ਜਾਂਦੀ ਹੈ। ਸੁੱਕੀ ਹੋਈ ਖੇਤੀ ਚੋਂ ਇੱਕ ਧੇਲੇ ਦੀ ਵੀ ਵੱਟਕ ਪ੍ਰਾਪਤ ਨਹੀਂ ਹੁੰਦੀ। ਉਸ ਰਾਜੇ ਦਾ ਰਾਜਾ ਕਹਿਲਾਉਣਾ ਬੇ-ਅਰਥ ਹੈ, ਜਿਸ ਰਾਜੇ ਨੂੰ ਨਾ ਤਾਂ ਕੋਈ ਸਲਾਮ-ਸਤਿਕਾਰ ਹੀ ਕਰਦਾ ਹੈ ਅਤੇ ਨਾ ਹੀ ਉਸ ਦਾ ਕੋਈ ਹੁਕਮ ਮੰਨਦਾ ਹੈ। ਤਿਵੇਂ ਜਿਸ ਸਰੀਰ ਨਾਲ ਪਰਮਾਤਮਾ ਦਾ ਨਾਮ ਨਹੀਂ ਜਪਿਆ ਜਾਂਦਾ, ਉਹ ਸਰੀਰ ਵੀ [੨]ਅੰਧੀ ਕੋਠੀ ਸਮਾਨ ਹੈ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਜਿਹੇ ਨਾਮ ਵਿਹੂਣੇ ਸਰੀਰਾਂ ਪ੍ਰਤੀ ਆਸਾ ਰਾਗ ਅੰਦਰ ਫੁਰਮਾਨ ਦਰਜ਼ ਹੈ :

**ਦੂਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ।**

**ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥**

ਆਸਾ ਮ: ੧, ਪੰਨਾ ੩੫੪

ਜਿੱਥੇ ਪ੍ਰਭੂ ਨਾਮ, ਪੁਰਬ-ਕਮਾਈ ਨੂੰ ਘਟਾਉਣ ਤੇ ਨਾਸ਼ ਕਰਨ ਦੀ ਸਮਰੱਥਾ ਰੱਖਦਾ ਹੈ, ਉੱਥੇ ਨਾਮ ਜਪ ਹੀ ਪਰਮਾਤਮਾ ਨਾਲ ਮਿਲਣ ਦਾ ਰਸਤਾ ਹੈ। ਨਾਮ-ਜਪ ਦਾ ਮਾਰਗ ਤਿਆਗ ਕੇ ਹੋਰ ਕਿਸੇ ਹੀਲੇ-ਵਸੀਲੇ ਨਾਲ ਪਰਮਾਤਮਾ ਨਾਲ ਅਭੇਦ ਨਹੀਂ ਹੋਇਆ ਜਾ ਸਕਦਾ। ਨਾਮ ਹੀ ਨਾਮੀ ਵਿੱਚ ਲੀਨਤਾ ਪ੍ਰਦਾਨ ਕਰਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ :

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ ॥**

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ ॥**

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ ॥**

ਜਪੁਜੀ, ਪੰਨਾ ੭

---

੧. ਬਾਬਾ ਕਬੀਰ ਜੀ ਫੁਰਮਾਨ ਕਰਦੇ ਹਨ ਕਿ ਜੀਵ-ਆਤਮਾ ਪਰਮਾਤਮਾ ਦੀ ਅੰਸ਼ ਹੈ। ਜਿਸ ਤਰ੍ਹਾਂ ਸਿਆਹੀ ਨਾਲ ਲਿਖੇ ਅੱਖਰ ਕਾਗਜ਼ ਤੋਂ ਜੁਦਾ ਨਹੀਂ ਹੋ ਸਕਦੇ, ਤਿਵੇਂ ਜੀਵ-ਆਤਮਾ ਤੇ ਬ੍ਰਹਮ ਓਤ-ਪੋਤ ਹਨ।

੨. ਅੰਧੇਰਾ ਮਕਾਨ (ਜਿਸ ਨੂੰ ਕੋਈ ਤਾਕੀ-ਦਰਵਾਜਾ ਨਾ ਹੋਵੇ) ਬਿਨਾਂ ਪ੍ਰਵੇਸ਼ ਦੁਆਰ ਤੋਂ ਮਕਾਨ ਬੇ-ਅਰਥ ਹੈ। ਨਿਕੰਮਾ ਹੈ।

ਗੁਰੂ ਅਮਰਦਾਸ ਜੀ ਦਾ ਪ੍ਰਭਾਤੀ ਰਾਗ ਅੰਦਰ ਬਚਨ ਹੈ :

**ਮਨ ਮੇਰੇ ਗੁਰਮੁਖਿ ਨਾਮੁ ਧਿਆਇ ॥**

**ਜਿਤੁ ਮਾਰਗਿ ਹਰਿ ਪਾਈਐ ਮਨ ਸੇਈ ਕਰਮ ਕਮਾਇ ॥**

ਮ: ੩, ਪੰਨਾ ੧੩੪੬

ਜਿਹੜੇ-ਜਿਹੜੇ ਜਗਿਆਸੂ ਵੀ ਨਾਮ-ਜਪ ਦੇ ਮਾਰਗ ਉੱਪਰ ਚੱਲੇ, ਨਾਮ-ਜਪ ਦੀ ਬਦੌਲਤ ਉਹ ਆਪਣੇ ਮੂਲ ਪਰਮਾਤਮਾ ਨਾਲ ਇਸ ਤਰ੍ਹਾਂ ਅਭੇਦ ਹੋ ਗਏ ਜਿਸ ਤਰ੍ਹਾਂ ਇੱਕ ਪਾਣੀ ਦੂਸਰੇ ਪਾਣੀ ਨਾਲ ਮਿਲ ਕੇ ਇੱਕ ਰੂਪ ਹੋ ਜਾਂਦਾ ਹੈ। ਸਤਿਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :

[1]**ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥੩॥**

ਮ: ੪, ਪੰਨਾ ੬੬੭

ਤਥਾ : [2]**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ ॥**

ਮ: ੪, ਪੰਨਾ ੧੧

ਜਿਵੇਂ ਨਦੀਆਂ-ਨਾਲੇ ਆਪਣੇ ਮਾਰਗ ਤੇ ਚੱਲਦੇ-ਚੱਲਦੇ ਆਪਣੇ ਮੂਲ ਸਮੁੰਦਰ ਵਿੱਚ ਪੈ ਕੇ ਸਮੁੰਦਰ ਦਾ ਰੂਪ ਬਣ ਸ਼ਾਂਤ ਹੋ ਜਾਂਦੇ ਹਨ, ਤਿਵੇਂ ਨਾਮ-ਜਪ ਦੇ ਮਾਰਗ ਦਾ ਪਾਂਧੀ ਵੀ ਨਾਮ ਜਪਦਾ-ਜਪਦਾ ਇੱਕ ਦਿਨ ਆਪਣੇ ਮੂਲ ਪਰਮਾਤਮਾ ਨਾਲ ਮਿਲ ਕੇ-

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥**

ਸੋਰਠਿ ਮ: ੯, ਪੰਨਾ ੬੩੩

ਦੀ ਅਵਸਥਾ ਨੂੰ ਪ੍ਰਾਪਤ ਕਰ ਆਪਣੇ ਮੂਲ ਪਰਮਾਤਮਾ ਨਾਲ ਇੱਕ ਮਿੱਕ ਹੋ ਬਿਸਰਾਮ ਦੀ ਅਵਸਥਾ ਪ੍ਰਾਪਤ ਕਰ, ਪ੍ਰਭੂ ਦਾ ਰੂਪ ਬਣ ਜਾਂਦਾ ਹੈ। ਫਿਰ "**ਕਤ**

---

੧. ਜਿਨ੍ਹਾਂ-ਜਿਨ੍ਹਾਂ ਨੇ ਪਰਮਾਤਮਾ ਦਾ ਨਾਮ ਜਪਿਆ ਉਨ੍ਹਾਂ ਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੋ ਗਿਆ। ਉਹ ਪਰਮਾਤਮਾ ਵਰਗੇ ਹੀ ਹੋ ਗਏ।

੨. ਜਿਨ੍ਹਾਂ ਨੇ ਪਰਮਾਤਮਾ ਦਾ ਸਿਮਰਨ ਕੀਤਾ ਉਹ ਪਰਮਾਤਮਾ ਦੇ ਵਿੱਚ ਸਮਾ ਕੇ ਪਰਮਾਤਮਾ ਦਾ ਰੂਪ ਬਣ ਗਏ।



**ਪਾਈਐ ਬਿਸਰਾਮ**" ਦੇ ਸਵਾਲ ਦਾ ਅਭਾਵ ਹੋ ਜਾਂਦਾ ਹੈ। "**ਭਠਿ ਨਗਰ ਸੇ ਗ੍ਰਾਮ**" ਦੀ ਹਾਲਤ ਬਿਲਾ ਜਾਂਦੀ ਹੈ। ਨਾਮ-ਜਪ ਦੀ ਬਦੌਲਤ ਨਿਹਚਲ ਧਾਮ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ। ਇਹ ਸਾਰੀਆਂ ਬਰਕਤਾਂ ਨਾਮ ਦੀ ਬਰਕਤ ਦੁਆਰਾ ਹੀ ਪ੍ਰਾਪਤ ਹੁੰਦੀਆਂ ਹਨ।

ਇਸੇ ਲਈ ਸਾਰੀ ਗੁਰਬਾਣੀ ਅੰਦਰ ਪ੍ਰਮਾਤਮਾ ਅਤੇ ਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਕੇ ਨਾਮ ਦੀ ਪ੍ਰਾਪਤੀ ਲਈ ਬਾਰ-ਬਾਰ ਜੋਦੜੀ ਕਰਨ ਲਈ ਜੀਵ ਨੂੰ ਪ੍ਰੇਰਤ ਕੀਤਾ ਹੈ। ਕਿਉਂਕਿ ਨਾਮ ਹੀ "**ਕਿਰਤ-ਕਰਮ**" ਤੇ "**ਪੁਰਬ-ਕਮਾਈ**" ਨੂੰ ਮੇਟਣਹਾਰਾ ਹੈ। ਨਾਮ ਹੀ ਟਿਕਾਉ ਤੇ ਬਿਸਰਾਮ ਦਾਤਾ ਹੈ। ਨਾਮ ਹੀ ਪਰਮਾਤਮਾ ਵਿੱਚ ਲੀਨਤਾ ਪ੍ਰਦਾਨ ਕਰਨਹਾਰਾ ਹੈ। ਪਰਮਾਤਮਾ ਤੇ ਗੁਰੂ ਦੇ ਚਰਨਾਂ ਵਿੱਚ ਬਾਰ-ਬਾਰ ਬੇਨਤੀ ਕਰਕੇ ਜਗਿਆਸੂ ਨੇ ਮੰਗਣਾ ਹੈ।

**ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥** ਮ: ੫, ਪੰਨਾ ੧੩੩

ਅਰਦਾਸ ਕਰਨੀ ਹੈ—

**ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ ॥**

**ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ ॥੮॥੨**

ਸੂਹੀ ਮ: ੫, ਪੰਨਾ ੭੬੨

ਪਰਮਾਤਮਾ ਪਾਸੋਂ ਜਾਚਨਾ ਕਰਨੀ ਹੈ—

**ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥**

**ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥੮॥੧॥**

ਸੂਹੀ ਮ:੧, ਪੰਨਾ ੭੫੨

ਪਰਮਾਤਮਾ ਪਾਸੋਂ ਮੰਗਣਾ ਹੈ-

**ਕਰਤਾ ਤੂ ਮੇਰਾ ਜਜਮਾਨੁ**[1] **॥**

**ਇਕ ਦਖਿਣਾ**[2] **ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧॥**

ਪ੍ਰਭਾਤੀ ਮ:੧, ਪੰਨਾ ੧੩੨੯

---

੧. ਦਾਨ ਦੇਣ ਵਾਲਾ (ਦਾਤਾ) ੨. ਦਾਨ (ਭੇਟਾ)

ਸਤਿਗੁਰੂ ਪਾਸੋਂ ਮੰਗ ਕਰਨੀ ਹੈ—

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥**

ਜਪੁਜੀ, ਪੰਨਾ ੨

ਜਿਸ ਵਡਭਾਗੀ ਨੂੰ ਗੁਰੂ ਦਰ ਵਿੱਚੋਂ ਨਾਮ ਦੀ ਦਾਤ ਪ੍ਰਾਪਤ ਹੋ ਗਈ, ਮਾਨੋਂ ਉਸ ਗੁਰੂ ਪਿਆਰੇ ਨੂੰ ਸਭ ਕੁਝ ਹੀ ਪ੍ਰਾਪਤ ਹੋ ਗਿਆ। ਜਿਸ ਨੂੰ ਗੁਰੂ ਦਰੋਂ ਨਾਮ ਦੀ ਦਾਤ ਮਿਲ ਗਈ, ਉਸ ਦੇ ਲੋਕ ਪ੍ਰਲੋਕ ਦੇ ਸਾਰੇ ਕਾਰਜ ਰਾਸ ਹੋ ਗਏ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

**ਜਿਸੁ ਨਾਮੁ ਰਿਦੈ ਸੋਈ ਵਡ ਰਾਜਾ ॥**
**ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ ॥**
**ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ ॥**
**ਨਾਮ ਬਿਨਾ ਜਨਮੁ ਬਿਰਥਾ ਜਾਏ ॥੧॥**
**ਤਿਸੁ ਸਾਲਾਹੀ ਜਿਸੁ ਹਰਿ ਧਨੁ ਰਾਸਿ ॥**
**ਸੋ ਵਡਭਾਗੀ ਜਿਸੁ ਗੁਰ ਮਸਤਕਿ ਹਾਥੁ ॥੧॥ ਰਹਾਉ ॥**
**ਜਿਸੁ ਨਾਮੁ ਰਿਦੈ ਤਿਸੁ ਕੋਟ ਕਈ ਸੈਨਾ ॥**
**ਜਿਸੁ ਨਾਮੁ ਰਿਦੈ ਤਿਸੁ ਸਹਜ ਸੁਖੈਨਾ ॥**
**ਜਿਸੁ ਨਾਮੁ ਰਿਦੈ ਸੋ ਸੀਤਲੁ ਹੂਆ ॥**
**ਨਾਮ ਬਿਨਾ ਧ੍ਰਿਗੁ ਜੀਵਣੁ ਮੂਆ ॥**
**ਜਿਸੁ ਨਾਮੁ ਰਿਦੈ ਸੋ ਜੀਵਨ ਮੁਕਤਾ ॥**
**ਜਿਸੁ ਨਾਮੁ ਰਿਦੈ ਤਿਸੁ ਸਭ ਹੀ ਜੁਗਤਾ ॥**
**ਜਿਸੁ ਨਾਮੁ ਰਿਦੈ ਤਿਨਿ ਨਉ ਨਿਧਿ ਪਾਈ ॥**
**ਨਾਮ ਬਿਨਾ ਭ੍ਰਮਿ ਆਵੈ ਜਾਈ ॥੩॥**



**ਜਿਸੁ ਨਾਮੁ ਰਿਦੈ ਸੋ ਵੇਪਰਵਾਹਾ ॥**
**ਜਿਸੁ ਨਾਮੁ ਰਿਦੈ ਤਿਸੁ ਸਦ ਹੀ ਲਾਹਾ ॥**
**ਜਿਸੁ ਨਾਮੁ ਰਿਦੈ ਤਿਸੁ ਵਡ ਪਰਵਾਰਾ ॥**
**ਨਾਮ ਬਿਨਾ ਮਨਮੁਖ ਗਾਵਾਰਾ ॥੪॥**
**ਜਿਸੁ ਨਾਮੁ ਰਿਦੈ ਤਿਸੁ ਨਿਹਚਲ ਆਸਨੁ ॥**
**ਜਿਸੁ ਨਾਮੁ ਰਿਦੈ ਤਿਸੁ ਤਖਤਿ ਨਿਵਾਸਨੁ ॥**
**ਜਿਸੁ ਨਾਮੁ ਰਿਦੈ ਸੋ ਸਾਚਾ ਸਾਹੁ ॥**
**ਨਾਮਹੀਣ ਨਾਹੀ ਪਤਿ ਵੇਸਾਹੁ ॥੫॥**
**ਜਿਸੁ ਨਾਮੁ ਰਿਦੈ ਸੋ ਸਭ ਮਹਿ ਜਾਤਾ ॥**
**ਜਿਸੁ ਨਾਮੁ ਰਿਦੈ ਸੋ ਪੁਰਖੁ ਬਿਧਾਤਾ ॥**
**ਜਿਸੁ ਨਾਮੁ ਰਿਦੈ ਸੋ ਸਭ ਤੇ ਊਚਾ ॥**
**ਨਾਮ ਬਿਨਾ ਭ੍ਰਮਿ ਜੋਨੀ ਮੂਚਾ ॥੬॥**
**ਜਿਸੁ ਨਾਮੁ ਰਿਦੈ ਤਿਸੁ ਪ੍ਰਗਟਿ ਪਹਾਰਾ ॥**
**ਜਿਸੁ ਨਾਮੁ ਰਿਦੈ ਤਿਸੁ ਮਿਟਿਆ ਅੰਧਾਰਾ ॥**
**ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥**
**ਨਾਮ ਬਿਨਾ ਫਿਰਿ ਆਵਣ ਜਾਣੁ ॥੧॥**
**ਤਿਨਿ ਨਾਮੁ ਪਾਇਆ ਜਿਸੁ ਭਇਓ ਕ੍ਰਿਪਾਲ ॥**
**ਸਾਧਸੰਗਤਿ ਮਹਿ ਲਖੇ ਗੋੁਪਾਲ ॥**
**ਆਵਣ ਜਾਣ ਰਹੇ ਸੁਖੁ ਪਾਇਆ ॥**
**ਕਹੁ ਨਾਨਕ ਤਤੈ ਤਤੁ ਮਿਲਾਇਆ ॥੮॥੨॥੪॥** ਮ: ੫, ਪੰਨਾ ੧੧੫੫

## *ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ ॥*

**ਅੱਖਰੀ-ਅਰਥ :** ਹੇ ਪਰੀ ਪੂਰਨ ਪਰਮਾਤਮਾ! ਤੁਸੀਂ ਸਾਡਾ ਮੂਲ ਹੋ। ਅਸੀਂ ਆਪ ਦੀ ਅੰਸ਼ ਹਾਂ। ਸਾਨੂੰ ਆਪ ਦੇ ਨਾਲੋਂ ਕਿਸੇ ਨੇ ਨਹੀਂ ਵਿਛੋੜਿਆ। ਤੁਹਾਡੇ ਨਾਲੋਂ ਵਿਛੋੜਨ ਵਾਲੇ ਸਾਡੇ ਕਰਮ ਹੀ ਹਨ। ਅਸੀਂ ਕੁਝ ਜਾਣੇ-ਅਨਜਾਣੇ ਅਜਿਹੇ ਕਰਮ ਕਰ ਬੈਠੇ ਹਾਂ, ਜਿਨ੍ਹਾਂ ਮਾੜੇ ਕਰਮਾਂ ਦੇ ਫਲਸਰੂਪ ਅਸੀਂ ਤੁਹਾਡੇ ਨਾਲੋਂ ਵਿਛੜ ਗਏ ਹਾਂ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਵੀ ਜਦੋਂ ਆਪਾਂ ਝਾਤ ਮਾਰਦੇ ਹਾਂ ਕਿ ਜਿਹੜਾ ਬੱਚਾ ਮਾਤਾ-ਪਿਤਾ ਦੇ ਹੁਕਮ ਅਨੁਸਾਰ ਚੱਲਦਾ, ਨੇਕ ਤੇ ਸ਼ੁਭ ਕਰਮਾਂ ਦਾ ਧਾਰਨੀ ਬਣ ਕੇ ਆਪਣਾ ਜੀਵਨ ਬਤੀਤ ਕਰਦਾ ਹੈ, ਅਜਿਹੇ ਸ਼ੁਭ ਕਰਮੀ ਬੱਚੇ ਨੂੰ ਮਾਤਾ-ਪਿਤਾ ਵੀ ਬਹੁਤ ਪਿਆਰ ਕਰਦੇ ਹਨ। ਉਸ ਨੂੰ ਮਾਤਾ ਪਿਤਾ ਦੀ ਨੇੜ੍ਹਤਾ ਤੇ ਲੋਕ-ਪ੍ਰਸ਼ੰਸਾ ਵੀ ਪ੍ਰਾਪਤ ਹੁੰਦੀ ਹੈ। ਪਰ ਜਿਹੜਾ ਬੱਚਾ ਮਾਤਾ-ਪਿਤਾ ਦੀ ਨੇਕ ਸਿੱਖਿਆ ਦੀ ਪਰਵਾਹ ਨਾ ਕਰਦਾ, ਕੁਸੰਗਤ ਵਿੱਚ ਪੈ ਕੇ ਆਪ ਹੁਦਰੇ ਮਾੜੇ ਕਰਮਾਂ ਵਿੱਚ ਜੀਵਨ ਰੋਲਣ ਲੱਗ ਪੈਂਦਾ ਹੈ, ਅਜਿਹੇ ਬੱਚੇ ਦੀ ਆਪਣੇ ਮਾਤਾ-ਪਿਤਾ ਤੋਂ ਦੂਰੀ ਪੈ ਜਾਂਦੀ ਹੈ ਅਤੇ ਉਹ ਆਪ-ਹੁਦਰੇ ਕਰਮਾਂ ਦਾ ਦੁੱਖ ਵੀ ਭੋਗਦਾ ਹੈ। ਕਈ ਵਾਰੀ ਮਾਤਾ-ਪਿਤਾ ਅਜਿਹੇ ਬੱਚੇ ਦੇ ਆਪ-ਹੁਦਰੇ ਕਰਮਾਂ ਤੋਂ ਤੰਗ ਆ ਕੇ ਉਸ ਨੂੰ ਆਪਣੀ ਧਨ-ਸੰਪਦਾ, ਜ਼ਮੀਨ-ਜਾਇਦਾਦ ਦੇ ਹੱਕ ਤੋਂ ਵੀ ਬੇ-ਦਖ਼ਲ ਕਰ ਦਿੰਦੇ ਹਨ। ਅਜਿਹੇ ਆਪ-ਹੁਦਰੇ ਮੰਦ ਕਰਮੀ ਬੱਚੇ ਨੂੰ ਆਪਣੇ ਮਾਤਾ-ਪਿਤਾ ਦੇ ਪੁੱਤਰ ਹੋਣ ਦੇ ਹੱਕ ਤੋਂ ਵੀ ਵਾਂਝਾ ਹੋਣਾ ਪੈਂਦਾ ਹੈ। ਇਹ ਸਾਰਾ ਕੁੱਝ, ਮਾਤਾ-ਪਿਤਾ ਤੋਂ ਦੂਰੀ, ਧੰਨ-ਸੰਪਦਾ, ਜ਼ਮੀਨ-ਜਾਇਦਾਦ ਦੇ ਹੱਕ ਤੋਂ ਬੇ-ਦਖ਼ਲੀ ਇਹ ਕਿਸੇ ਨੇ ਨਹੀਂ ਕਰਵਾਇਆ। ਮਾਤਾ ਪਿਤਾ ਨੂੰ ਨਾ ਚਾਹੁੰਦੇ ਹੋਏ ਮਜ਼ਬੂਰੀ ਵਸ ਇਹ ਕਰਨਾ ਪਿਆ। ਇਹ ਸਾਰਾ ਕੁਝ ਉਸ ਬੱਚੇ ਦੇ ਆਪ-ਹੁਦਰੇ ਮਾੜੇ ਕਰਮਾਂ ਨੇ ਕਰਵਾਇਆ। ਜੇ ਉਹ ਬੱਚਾ ਮਾਤਾ ਪਿਤਾ ਦੇ ਹੁਕਮ-ਅਨੁਸਾਰੀ ਚੱਲਦਾ, ਮਾੜੇ ਕਰਮਾਂ ਦਾ ਰਸਤਾ ਨਾ ਅਪਨਾਉਂਦਾ, ਅਜਿਹੀ ਘਟਨਾ, ਉਸ ਨਾਲ ਨਹੀਂ ਵਾਪਰਨੀ ਸੀ। ਸਾਡੀ ਵੀ ਜੋ ਆਪਣੇ ਮੂਲ ਪ੍ਰਮਾਤਮਾ ਤੋਂ ਦੂਰੀ ਪਈ ਹੈ, ਇਹ ਕਿਸੇ ਨੇ ਨਹੀਂ ਪਾਈ। ਇਹ ਵਿਛੋੜਾ ਸਾਡੇ ਕਿਰਤ-ਕਰਮਾਂ ਨੇ ਪਾਇਆ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-



**ਆਪ ਕਮਾਣੈ ਵਿਛੁੜੀ ਦੋਸੁ ਨ ਕਾਹੂ ਦੇਣ ॥** ਮ: ੫ ਪੰਨਾ ੧੩੬

ਤਥਾ:

**ਪਿਰ ਦੋਸੁ ਨਾਹੀ ਸੁਖਹ ਦਾਤੇ ਹਉ ਵਿਛੁੜੀ ਬੁਰਿਆਰੇ ॥**

ਮ: ੫ ਪੰਨਾ ੨੪੭

ਕਿਰਤ-ਕਰਮਾਂ ਨੇ ਸਾਡੀ ਆਤਮਾ ਦੀ ਵੀ ਆਪਣੇ ਮੂਲ ਪਰਮਾਤਮਾ ਤੋਂ ਦੂਰੀ ਪਵਾ ਦਿੱਤੀ। ਉਸ ਦੂਰੀ ਦੀ ਬਦੌਲਤ—

**ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥**

ਮ: ੫, ਪੰਨਾ ੧੦੨੦

ਦੀ ਸਜਾ ਭੋਗ ਰਹੇ ਹਾਂ। ਇਨ੍ਹਾਂ ਕਿਰਤ-ਕਰਮਾਂ ਦੀ ਦੂਰੀ ਨੂੰ ਮੇਟਣ ਵਾਸਤੇ ਕੇਵਲ ਆਪਣੇ ਮਾਲਕ ਪਰਮਾਤਮਾ ਤੇ ਗੁਰੂ ਦੇ ਚਰਨਾਂ ਵਿੱਚ ਅਰਦਾਸ ਹੀ ਸਹਾਇਕ ਹੋ ਸਕਦੀ ਹੈ। ਜਿਵੇਂ ਭਗਤ ਰਵਿਦਾਸ ਜੀ ਨੇ ਧਨਾਸਰੀ ਰਾਗ ਅੰਦਰ ਸਾਨੂੰ ਆਪਣੇ ਮਾਲਕ ਪ੍ਰਭੂ ਅੱਗੇ ਅਰਜੋਈ ਕਰਨ ਦਾ ਵਲ ਸਿਖਾਇਆ ਹੈ ਕਿ ਹੇ ਪਰੀਪੂਰਨ ਪਰਮਾਤਮਾ! ਅਸੀਂ ਆਪ-ਹੁਦਰੇ ਕਰਮਾਂ ਕਰਕੇ ਆਪ ਤੋਂ ਵਿਛੜ ਗਏ ਹਾਂ। ਇਹ ਵਿਛੋੜਾ ਕੋਈ ਇੱਕ ਜਨਮ ਦਾ ਨਹੀਂ, ਇਹ ਵਿਛੋੜਾ ਬਹੁਤ ਜਨਮਾਂ ਤੋਂ ਆਪ ਨਾਲੋਂ ਪਿਆ ਹੋਇਆ ਹੈ। ਆਪ ਜੀ ਨੇ ਕਿਰਪਾ ਕਰਕੇ ਮਨੁੱਖਾ ਜਨਮ ਦੀ ਦਾਤ ਆਪਣੇ ਨਾਲ ਮਿਲਣ ਵਾਸਤੇ ਪ੍ਰਦਾਨ ਕੀਤੀ ਹੈ। ਇਹ ਮਨੁੱਖਾ ਜਨਮ ਹੁਣ ਆਪ ਜੀ ਦਾ ਮਿਲਾਪ ਪ੍ਰਾਪਤ ਕਰਨ ਦੇ ਲੇਖੇ ਲਾਉਣਾ ਹੈ। ਕਿਰਪਾ ਕਰਕੇ ਮੇਰੀ ਚਿਰਾਂ ਦੀ ਆਸ ਪੂਰੀ ਕਰੋ। ਆਪਣਾ ਦਰਸ਼ਨ-ਦੀਦਾਰ ਅਤੇ ਮਿਲਾਪ ਇਸੇ ਜਨਮ ਵਿੱਚ ਬਖਸ਼ਿਸ਼ ਕਰ ਦੇਵੋ ਜੀ। ਆਪ ਦਾ ਫੁਰਮਾਨ ਹੈ :

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ ॥**
**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥**

ਰਵਿਦਾਸ ਜੀ ਪੰਨਾ ੬੯੪

ਤਥਾ : **ਜਨਮ ਜਨਮ ਕਾ ਵਿਛੁੜਿਆ ਹਰਿ ਮੇਲਹੁ ਸਜਣੁ ਸੈਣ ॥**

ਮ: ੫, ਪੰਨਾ ੧੩੬

## ਚਾਰਿ ਕੁੰਟ ਦਹ ਦਿਸ ਭ੍ਰਮੇ ਥਕਿ ਆਏ ਪ੍ਰਭ ਕੀ ਸਾਮ ॥

**ਅੱਖਰੀ-ਅਰਥ :** ਹੇ ਪਰਮਾਤਮਾ! ਤੁਹਾਡੇ ਨਾਲੋਂ ਵਿਛੜ ਕੇ ਅਸੀਂ ਚਾਰੋਂ-ਤਰਫ਼ [1]ਦਸੋ ਦਿਸ਼ਾ ਵਿੱਚ ਪਤਾ ਨਹੀਂ ਕਿਹੜੇ-ਕਿਹੜੇ ਦੇਸ਼ ਤੇ ਕਿਹੜੀਆਂ ਦਿਸ਼ਾਵਾਂ ਵਿੱਚ ਚੌਰਾਸੀ ਲੱਖ ਜੂਨਾਂ ਅੰਦਰ ਭਟਕਦੇ ਜੰਮਦੇ-ਮਰਦੇ ਰਹੇ ਹਾਂ।

**ਸੰਖੇਪ-ਵਿਚਾਰ :** ਸਾਡੀ ਹਾਲਤ ਤਾਂ ਗੁਰਦੇਵ ਗੁਰੂ ਅਰਜਨ ਦੇਵ ਜੀ ਦੇ ਫ਼ੁਰਮਾਨ ਵਾਲੀ ਬਣੀ ਰਹੀ ਹੈ। ਦਾਤਾ! ਪਤਾ ਨਹੀਂ ਕਿੰਨੇ ਕੁ ਜਨਮ ਅਸੀਂ ਆਪ-ਹੁਦਰੇ ਕਰਮ ਕਰਨ ਕਰਕੇ ਕੀੜੇ-ਪਤੰਗਿਆਂ ਦੇ ਭੋਗੇ ਹਨ। ਪਤਾ ਨਹੀਂ ਕਿੰਨੇ ਕੁ ਜਨਮ ਅਸੀਂ ਵੱਡ-ਅਕਾਰੀ ਹਾਥੀਆਂ ਦੇ, ਮਿਰਗਾਂ, ਮੱਛੀਆਂ ਦੀਆਂ ਜੂਨਾਂ ਵਿੱਚ ਬਤੀਤ ਕੀਤੇ ਹਨ। ਪਤਾ ਨਹੀਂ ਕਿੰਨੇ ਜਨਮ ਅਸੀਂ ਅਕਾਸ਼-ਚਾਰੀ ਪੰਛੀਆਂ ਅਤੇ ਸਰਪ ਆਦਿ ਦੀਆਂ ਜੂਨਾਂ ਵਿੱਚ ਜਨਮ ਲੈਂਦੇ ਰਹੇ ਹਾਂ। ਪਤਾ ਨਹੀਂ ਕਿੰਨੇ ਜਨਮ ਅਸੀਂ, ਘੋੜੇ-ਬੈਲ ਦੀਆਂ ਜੂਨਾਂ ਵਿੱਚ ਜਨਮ ਲੈ ਕੇ, ਹਲ-ਵਾਹੁਣ ਲਈ ਤੇ ਹੋਰ ਕਰਮਾਂ ਦੇ ਕਰਨ ਲਈ ਜੋਤੇ ਗਏ ਹਾਂ। ਆਪ ਜੀ ਨੇ ਹੁਣ ਮਿਹਰ ਕਰਕੇ ਆਪਣੇ ਨਾਲ ਮਿਲਾਉਣ ਲਈ ਮਨੁੱਖਾ ਜਨਮ ਦੀ ਬਖਸ਼ਿਸ਼ ਕੀਤੀ ਹੈ। ਹੇ ਪਰਮਾਤਮਾ! ਅਸੀਂ ਮੋਹ-ਮਾਇਆ ਦੇ ਜਾਲ ਅੰਦਰ ਭਟਕਦਿਆਂ ਹੁਣ ਥੱਕ ਗਏ ਹਾਂ। ਆਪ ਜੀ ਦੀ ਸ਼ਰਨ ਵਿੱਚ ਆਏ ਹਾਂ, ਕਿਰਪਾ ਕਰਕੇ ਸਾਡੀ ਬਹੁੜੀ ਕਰੋ। ਆਪ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**

**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥**

**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥**

ਮ: ੫, ਪੰਨਾ ੧੭੬

ਜਿਹੜਾ ਜਗਿਆਸੂ ਸੱਚੇ ਦਿਲੋਂ "ਥਕਿ ਆਏ ਪ੍ਰਭ ਕੀ ਸਾਮ" ਦੀ ਬਿਰਤੀ ਬਣਾ ਕੇ ਗੁਰੂ ਚਰਨਾਂ ਵਿੱਚ ਸਤਿਗੁਰੂ ਰਾਮਦਾਸ ਜੀ ਦੇ ਫੁਰਮਾਨ ਅਨੁਸਾਰ ਪੁਕਾਰ ਉੱਠਦਾ ਹੈ, ਦਾਤਾ!

**ਅਬ ਹਮ ਚਲੀ ਠਾਕੁਰ ਪਹਿ ਹਾਰਿ ॥**

[1] ੧. ਉੱਤਰ-ਦੱਖਣ-ਪੂਰਬ-ਪੱਛਮ, ਚਾਰੇ ਦਿਸ਼ਾਵਾਂ ਦੀਆਂ ਚਾਰੇ ਨੁੱਕਰਾਂ, ਉਪਰਲਾ ਪਾਸਾ ਹੇਠਲਾ ਪਾਸਾ।



**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ ਰਹਾਉ ॥**

**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥**

**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ ॥੨॥**

**ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ ॥**

**ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ ॥੨॥੪॥**

ਮ:੪, ਪੰਨਾ ੫੨੭

ਉਸ ਦੀ ਪੁਕਾਰ ਸੁਣ ਕੇ, ਦਾਤਾਰ ਪ੍ਰਭੂ ਆਪਣੇ ਬਿਰਦ ਦੀ ਲਾਜ ਪਾਲ ਕੇ ਉਸ ਜਗਿਆਸੂ ਨੂੰ ਆਪਣੇ ਕੰਠ ਨਾਲ ਲਾ ਕੇ ਆਪਣਾ ਹੀ ਰੂਪ ਬਖਸ਼ਿਸ਼ ਕਰ ਦਿੰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਬਿਹਾਗੜਾ ਰਾਗ ਅੰਦਰ ਬਚਨ ਹੈ :

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**

**ਬਿਨਵੰਤਿ ਨਾਨਕ ਹਰਿ ਕੰਤੁ ਮਿਲਿਆ ਸਦਾ ਕੇਲ ਕਰੰਦਾ ॥੪॥੧॥**

ਮ: ੫, ਪੰਨਾ ੫੪੪

## ਧੇਨੁ ਦੁਧੈ ਤੇ ਬਾਹਰੀ ਕਿਤੈ ਨ ਆਵੈ ਕਾਮ ॥

**ਅੱਖਰੀ-ਅਰਥ :** ਜਿਹੜੀ ਗਊ ਦੁੱਧ ਨਾ ਦਿੰਦੀ ਹੋਵੇ, ਉਹ ਗਊ ਭਲਾ ਕਿਸ ਕੰਮ ਆਉਂਦੀ ਹੈ? ਭਾਵ ਕਿਸੇ ਕੰਮ ਨਹੀਂ ਆਉਂਦੀ। ਉਹ ਨਿਕੰਮੀ ਹੈ ਕਿਉਂਕਿ ਦੁੱਧ ਦੇਣ ਕਾਰਣ ਹੀ ਗਊ ਦੀ ਮਹਾਨਤਾ ਹੈ।

## ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ ॥

**ਅੱਖਰੀ-ਅਰਥ :** ਜਿਸ ਖੇਤੀ ਨੂੰ ਪਾਣੀ ਨਾ ਦਿੱਤਾ ਜਾਵੇ। ਪਾਣੀ ਨਾ ਮਿਲਣ ਕਾਰਨ ਖੇਤੀ ਕੁਮਲਾ ਕੇ ਸੁੱਕ ਜਾਂਦੀ ਹੈ। ਸੁੱਕੀ ਹੋਈ ਫਸਲ ਤੋਂ ਕਦੇ ਵੀ ਧਨ ਪ੍ਰਾਪਤ ਨਹੀਂ ਹੋ ਸਕਦਾ।

**ਸੰਖੇਪ-ਵੀਚਾਰ :** ਉੱਪਰਲੀਆਂ ਦੋਵਾਂ ਪੰਕਤੀਆਂ ਦਾ ਵਿਸਥਾਰ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਆਸਾ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਜਿਵੇਂ ਦੁੱਧ ਤੋਂ ਸਖਣੀ ਗਊ ਬੇਕਾਰ ਤੇ ਨਿਕੰਮੀ ਗਿਣੀ ਜਾਂਦੀ ਹੈ। ਅਜਿਹੀ ਦੁੱਧ ਨਾ ਦੇਣ ਵਾਲੀ ਗਊ ਦਾ ਕੋਈ ਲਾਭ ਨਹੀਂ। ਪੰਖੀ ਖੰਭਾਂ ਨਾਲ ਹੀ ਅਸਮਾਨ ਵਿੱਚ ਉਡਾਰੀਆਂ

ਮਾਰ ਸਕਦਾ ਹੈ। ਬਿਨਾਂ ਖੰਭਾਂ ਤੋਂ ਪੰਛੀ ਦੀ ਕੋਈ ਮਹਾਨਤਾ ਨਹੀਂ। ਜਿਵੇਂ ਪਾਣੀ ਤੋਂ ਬਿਨਾਂ ਖੇਤੀ ਸੁੱਕ ਕੇ ਬਰਬਾਦ ਹੋ ਜਾਂਦੀ ਹੈ। ਸੁੱਕੀ ਹੋਈ ਖੇਤੀ ਚੋਂ ਇੱਕ ਧੇਲੇ ਦੀ ਵੀ ਵੱਟਕ ਪ੍ਰਾਪਤ ਨਹੀਂ ਹੁੰਦੀ। ਕੋਈ ਮਨੁੱਖ ਰਾਜਿਆਂ ਵਾਲੀ ਪੁਸ਼ਾਕ ਪਾ ਕੇ ਉੱਚਾ ਸਿੰਘਾਸਨ ਲਾ ਕੇ ਬੈਠ ਜਾਵੇ, ਪਰ ਨਾ ਤਾਂ ਅਜਿਹੇ ਆਪੇ ਬਣੇ ਰਾਜੇ ਨੂੰ ਕੋਈ ਨਮਸਕਾਰ ਕਰੇ ਅਤੇ ਨਾ ਹੀ ਉਸ ਦਾ ਕੋਈ ਹੁਕਮ ਮੰਨੇ। ਅਜਿਹੇ ਰਾਜਾ ਬਣ ਬੈਠੇ ਮਨੁੱਖ ਦਾ ਰਾਜਾ ਅਖਵਾਉਣਾ ਬੇ-ਮਾਇਨਾ ਹੈ। ਤਿਵੇਂ ਜਿਸ ਸਰੀਰ ਨਾਲ ਪਰਮਾਤਮਾ ਦਾ ਨਾਮ ਨਹੀਂ ਜਪਿਆ ਜਾਂਦਾ, ਉਹ ਸਰੀਰ ਵੀ ਉਸ ਅੰਧੀ ਕੋਠੀ ਸਮਾਨ ਹੈ। ਜਿਸ ਮਕਾਨ ਨੂੰ ਕੋਈ ਪ੍ਰਵੇਸ਼ ਦੁਆਰ-ਬੂਹਾ-ਤਾਕੀ ਨਾ ਹੋਵੇ, ਅਜਿਹੇ ਮਕਾਨ ਦਾ ਵੀ ਕੋਈ ਲਾਭ ਨਹੀਂ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਦੂਧ ਬਿਨੁ ਧੇਨੁ ਪੰਖ ਬਿਨੁ ਪੰਖੀ ਜਲ ਬਿਨੁ ਉਤਭੁਜ ਕਾਮਿ ਨਾਹੀ ॥**

**ਕਿਆ ਸੁਲਤਾਨੁ ਸਲਾਮ ਵਿਹੂਣਾ ਅੰਧੀ ਕੋਠੀ ਤੇਰਾ ਨਾਮੁ ਨਾਹੀ ॥**

ਮ: ੫, ਪੰਨਾ ੩੫੪

ਮਨੁੱਖਾ ਸਰੀਰ ਦਾ ਲਾਭ ਤਾਂ ਤਦ ਹੀ ਹੈ, ਜਿਸ ਕਾਰਜ ਵਾਸਤੇ ਪਰਮਾਤਮਾ ਨੇ ਅਮੋਲਕ ਸਰੀਰ ਬਖਸ਼ਿਸ਼ ਕੀਤਾ ਹੈ, ਜੇ ਸਰੀਰ ਨਾਲ ਉਹ ਕਾਰਜ ਕੀਤਾ ਜਾਵੇ। ਜੇ ਮਨੁੱਖਾ ਜਨਮ ਨਾਲ ਉਹ ਕਾਰਜ, ਜਿਸ ਲਈ ਪਰਮਾਤਮਾ ਨੇ ਮਨੁੱਖਾ ਜਨਮ ਪ੍ਰਦਾਨ ਕੀਤਾ ਹੈ, ਨਾ ਕੀਤਾ ਜਾਵੇ, ਫਿਰ ਮਨੁੱਖਾ ਜਨਮ ਦਾ ਕੋਈ ਲਾਭ ਨਹੀਂ। ਸਤਿਗੁਰੂ ਰਾਮਦਾਸ ਜੀ ਤਾਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਹੇ ਮਾਲਕ! ਜਿਸ ਮਨੁੱਖ ਨੇ ਇਸ ਸੰਸਾਰ ਵਿੱਚ ਮਨੁੱਖਾ ਜਨਮ ਪ੍ਰਾਪਤ ਕਰਕੇ ਪਰਮਾਤਮਾ ਦਾ ਨਾਮ ਨਹੀਂ ਜਪਿਆ, ਅਜਿਹੇ ਨਾਮ-ਹੀਣ ਮਨੁੱਖ ਦੀ ਮਾਤਾ ਨੂੰ ਬਾਂਝ ਕਰ ਦੇਵੋ ਤਾਂ ਜੋ ਅਗਾਂਹ ਤੋਂ ਐਸੇ ਨਾਮ-ਹੀਣ ਪੁਰਸ਼ ਪੈਦਾ ਨਾ ਕਰ ਸਕੇ। ਪ੍ਰਭੂ ਨਾਮ ਤੋਂ ਬਿਨਾਂ ਮਨੁੱਖ ਦੀ ਦੇਹੀ ਸੁੰਞੀ (ਖ਼ਾਲੀ) ਹੈ। ਅਜਿਹੇ ਨਾਮ ਵਿਹੂਣੇ ਮਨੁੱਖ ਦਿਨ ਰਾਤ ਸੰਸਾਰ ਦੇ ਵਿਸ਼ੇ-ਵਿਕਾਰਾਂ ਵਿੱਚ ਖੱਚਤ ਹੋ ਕੇ ਕਰੁੱਝ-ਕਰੁੱਝ ਕੇ ਮਰਦੇ ਤੇ ਪਰੇਸ਼ਾਨੀਆਂ ਵਿੱਚ ਫੱਸ ਕੇ ਕੁਰਲਾਉਂਦੇ ਹੋਏ ਜੀਵਨ ਬਤੀਤ ਕਰਦੇ ਹਨ। ਆਪ ਜੀ ਦਾ ਜੈਸਤਰੀ ਰਾਗ ਅੰਦਰ ਫੁਰਮਾਨ ਹੈ :

**ਜਿਨ ਹਰਿ ਹਿਰਦੈ ਨਾਮੁ ਨ ਬਸਿਓ ਤਿਨ ਮਾਤ ਕੀਜੈ ਹਰਿ ਬਾਂਝਾ ॥**

**ਤਿਨ ਸੁੰਞੀ ਦੇਹ ਫਿਰਹਿ ਬਿਨੁ ਨਾਵੈ ਓਇ ਖਪਿ ਖਪਿ ਮੁਏ ਕਰਾਂਝਾ ॥੧॥**

ਮ: ੪, ਪੰਨਾ ੬੯੭



ਬਾਬਾ ਫ਼ਰੀਦ ਜੀ ਨਾਮ ਵਿਹੂਣੇ ਮਨੁੱਖਾਂ ਨੂੰ ਧਰਤੀ ਉੱਪਰ ਨਿਰਾ ਭਾਰ ਗਿਣਦੇ ਫੁਰਮਾਉਂਦੇ ਹਨ :

**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥**

ਫਰੀਦ ਜੀ ਪੰਨਾ ੪੮੮

ਭਗਤ ਨਾਮਦੇਵ ਜੀ ਤਾਂ ਨਾਮ ਵਿਹੂਣੇ ਮਨੁੱਖ ਦਾ ਦਰਸ਼ਨ ਕਰਨ ਨੂੰ ਵੀ ਤਿਆਰ ਨਹੀਂ, ਆਪ ਫੁਰਮਾਨ ਕਰਦੇ ਹਨ :

**ਜੋ ਨ ਭਜੰਤੇ ਨਾਰਾਇਣਾ ॥ ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥**

ਨਾਮਦੇਵ ਜੀ, ਪੰਨਾ ੧੧੬੩

ਸਤਿਗੁਰੂ ਅਰਜਨ ਦੇਵ ਜੀ, ਗਉੜੀ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਨਾਮ-ਵਿਹੂਣੇ ਮਨੁੱਖ ਦਾ ਇਸ ਸੰਸਾਰ ਵਿੱਚ ਜਿਊਣ ਦਾ ਕੋਈ ਹੱਕ ਨਹੀਂ, ਕਿਉਂਕਿ ਜਿਸ ਕਾਰਜ ਵਾਸਤੇ ਪਰਮਾਤਮਾ ਨੇ ਮਨੁੱਖ ਨੂੰ ਇਸ ਸੰਸਾਰ ਵਿੱਚ ਭੇਜਿਆ ਹੈ, ਜੇ ਉਹ ਕੰਮ ਮਨੁੱਖ ਨਹੀਂ ਕਰਦਾ ਫਿਰ ਐਸੇ ਮਨੁੱਖਾ ਜੀਵਨ ਦਾ ਕੀ ਲਾਭ ਹੈ ? ਉਹ ਤਾਂ ਧਰਤੀ ਉੱਪਰ ਨਿਰਾ ਬੋਝ ਹੈ। ਜਿਨ੍ਹਾਂ ਮਨੁੱਖਾਂ ਨੇ ਅਮੋਲਕ ਮਨੁੱਖਾ ਜਨਮ ਨੂੰ ਪ੍ਰਾਪਤ ਕਰਕੇ ਪਰਮਾਤਮਾ ਨੂੰ ਮੂਲੋਂ ਹੀ ਵਿਸਾਰ ਦਿੱਤਾ ਹੈ, ਭਲਾ ਤੁਸੀਂ ਹੀ ਦੱਸੋ, ਨਾਮ ਤੋਂ ਵਿਹੂਣਾ ਜੀਵਨ ਕਿਸ ਅਰਥ ਹੈ ? ਉਨ੍ਹਾਂ ਦਾ ਖਾਣਾ-ਪੀਣਾ, ਹੱਸਣਾ-ਖੇਡਣਾ ਤੇ ਸੰਸਾਰ ਵਿੱਚ ਬਹੁਤਾ ਵਿਸਥਾਰ ਕਰਨਾ ਤਾਂ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਕੋਈ ਮੁਰਦੇ ਦੀ ਲਾਸ਼ ਨੂੰ ਸ਼ਿੰਗਾਰ ਕਰੇ। ਭਲਾ ਮੁਰਦੇ ਦੇ ਸ਼ਿੰਗਾਰ ਕਰਨਾ ਕਿਸ ਅਰਥ ਹੈ? ਜਿਹੜਾ ਮਨੁੱਖ ਪਰਮ-ਪਿਤਾ ਪਰਮੇਸ਼ਵਰ ਜੀ ਦੀ ਨਾ ਤਾਂ ਸਿਫਤ-ਸਲਾਹ ਕਰਦਾ ਹੈ ਅਤੇ ਨਾ ਹੀ ਸੁਣਦਾ ਹੈ, ਉਹ ਮਨੁੱਖ ਤਾਂ ਪਸ਼ੂ-ਪੰਛੀ ਅਤੇ ਅਨੇਕਾਂ ਭੈੜੀਆਂ ਜੂਨਾਂ ਤੋਂ ਵੀ ਮਾੜਾ ਹੈ। ਆਪ ਜੀ ਦਾ ਫੁਰਮਾਨ ਪੜ੍ਹੀਏ "**ਧੇਨੁ ਦੁਧੈ ਤੇ ਬਾਹਰੀ**" ਅਤੇ "**ਜਲ ਬਿਨੁ ਸਾਖ ਕੁਮਲਾਵਤੀ ਉਪਜਹਿ ਨਾਹੀ ਦਾਮ**" ਦੀ ਸਮਝ ਪੈ ਜਾਵੇਗੀ :

**ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥**

**ਨਾਮ ਬਿਹੂਨ ਜੀਵਨ ਕਉਨ ਕਾਮ ॥੧॥ ਰਹਾਉ ॥**

**ਖਾਤ ਪੀਤ ਖੇਲਤ ਹਸਤ ਬਿਸਥਾਰ ॥**

**ਕਵਨ ਅਰਥ ਮਿਰਤਕ ਸੀਗਾਰ ॥੨॥**

**ਜੋ ਨ ਸੁਨਹਿ ਜਸੁ ਪਰਮਾਨੰਦਾ ॥**

**ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥੩॥** ਮ: ੫, ਪੰਨਾ ੧੮੮

ਮਨੁੱਖਾ ਜਨਮ ਦਾ ਲਾਹਾ ਤਦ ਹੀ ਹੈ ਜੇ ਮਨੁੱਖਾ ਜਨਮ ਵਿੱਚ ਪ੍ਰਭੂ ਨਾਮ ਜਪ ਦਾ ਕਾਰਜ ਕੀਤਾ ਜਾਵੇ। ਜੇ ਇਸ ਅਮੋਲਕ ਮਨੁੱਖਾ ਜਨਮ ਵਿੱਚ ਨਾਮ ਜਪਣ ਦਾ ਕਾਰਜ ਨਾ ਕਰਾਂਗੇ ਤਾਂ ਫਿਰ ਜਿਸ ਤਰ੍ਹਾਂ ਦੁੱਧ ਤੋਂ ਖਾਲੀ ਗਊ ਨਿਰਾਰਥ ਹੈ ਤੇ ਪਾਣੀ ਤੋਂ ਬਿਨਾਂ ਖੇਤੀ ਨਸ਼ਟ ਹੋ ਕਿਸੇ ਕੰਮ ਨਹੀਂ ਆਉਂਦੀ, ਤਿਵੇਂ ਮਨੁੱਖਾ ਜਨਮ ਵੀ ਬੇਕਾਰ ਸਮਝਿਆ ਜਾਵੇਗਾ।

## *ਹਰਿ ਨਾਹ ਨ ਮਿਲੀਐ ਸਾਜਨੈ ਕਤ ਪਾਈਐ ਬਿਸਰਾਮ ॥*

**ਅੱਖਰੀ-ਅਰਥ :** ਪਰਮਾਤਮਾਂ ਨੇ ਮਿਹਰ ਕਰਕੇ ਆਪਣੇ ਨਾਲ ਮਿਲਣ ਵਾਸਤੇ ਜੀਵ ਆਤਮਾ ਨੂੰ ਮਨੁੱਖਾ ਜਨਮ ਦੀ ਦਾਤ ਪ੍ਰਦਾਨ ਕੀਤੀ ਹੈ। ਜੇ ਮਨੁੱਖਾ ਜਨਮ ਪ੍ਰਾਪਤ ਕਰਕੇ ਵੀ ਜੀਵ ਆਤਮਾ ਨੇ ਪਰਮਾਤਮਾਂ ਦਾ ਮਿਲਾਪ ਪ੍ਰਾਪਤ ਨਹੀਂ ਕੀਤਾ ਤਾਂ ਫਿਰ ਜੀਵ ਨੂੰ ਟਿਕਾਉ ਅਤੇ ਸੁੱਖ ਕਿਵੇਂ ਪ੍ਰਾਪਤ ਹੋ ਸਕਦਾ ਹੈ ? ਭਾਵ ਨਹੀਂ ਹੋ ਸਕਦਾ। ਪ੍ਰਭੂ ਮਿਲਾਪ ਤੋਂ ਬਿਨਾਂ ਜੀਵ ਆਤਮਾ ਦੀ ਨਾ ਹੀ ਭਟਕਣਾ ਮੁੱਕਦੀ ਹੈ ਅਤੇ ਨਾ ਹੀ ਸੁੱਖ-ਅਨੰਦ ਪ੍ਰਾਪਤ ਹੁੰਦਾ ਹੈ।

**ਸੰਖੇਪ ਵਿਚਾਰ :** ਜੀਵ ਆਤਮਾ ਪਰਮਾਤਮਾ ਦੀ ਅੰਸ਼ ਹੈ। ਪਰਮਾਤਮਾ ਬਿਸਰਾਮ ਵਿੱਚ, ਟਿਕਾਉ ਵਿੱਚ ਟਿਕਿਆ ਹੋਇਆ ਹੈ। ਪ੍ਰਮਾਤਮਾ ਦੀ ਅੰਸ਼ ਆਤਮਾ ਵੀ ਟਿਕਾਉ ਚਾਹੁੰਦੀ ਹੈ। ਜਿੰਨਾ ਚਿਰ ਆਤਮਾ ਨੂੰ ਟਿਕਾਉ ਪ੍ਰਾਪਤ ਨਹੀਂ ਹੁੰਦਾ, ਉਨ੍ਹਾਂ ਚਿਰ ਆਤਮਾ ਨੂੰ ਭਟਕਣਾ ਤੋਂ ਛੁਟਕਾਰਾ ਪ੍ਰਾਪਤ ਨਹੀਂ ਹੋ ਸਕਦਾ। ਆਤਮਾਂ "ਨਾਹ" ਪ੍ਰਭੂ ਮਾਲਕ ਨਾਲ ਮਿਲ ਕੇ ਬਿਸਰਾਮ ਪ੍ਰਾਪਤ ਕਰ ਸਕਦੀ ਹੈ। ਪਰ ਆਤਮਾ ਨੇ ਮਾਇਆ ਦੇ ਅਗਿਆਨ ਭਰਮ ਅਧੀਨ ਪਰਮਾਤਮਾ ਨਾਲ ਮਿਲਣ ਦਾ ਰਸਤਾ ਨਾਮ-ਜਪ ਛੱਡ ਕੇ ਆਪਣੀ ਸਾਂਝ ਤ੍ਰਿਸ਼ਨਾ ਨਾਲ ਬਣਾ ਲਈ ਹੈ। ਤ੍ਰਿਸ਼ਨਾ ਨਾ ਆਪ ਟਿਕਦੀ ਨਹੀਂ ਹੈ ਅਤੇ ਨਾ ਹੀ ਮਨ ਨੂੰ ਥਿਰ ਹੋਣ ਦਿੰਦੀ ਹੈ। ਜਿਸ ਕਰਕੇ ਤ੍ਰਿਸ਼ਨਾ ਦਿਨ-ਰਾਤ ਮਨ ਨੂੰ ਭਟਕਾਈ ਜਾ ਰਹੀ ਹੈ। ਮਨ ਦੇ ਨਾ ਸਥਿਰ ਹੋਣ ਦਾ ਕਾਰਨ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗਉੜੀ ਰਾਗ ਅੰਦਰ ਅੰਕਿਤ ਕੀਤਾ ਹੈ :

**ਸਾਧੋ ਇਹੁ ਮਨੁ ਗਹਿਓ ਨ ਜਾਈ ॥**

**ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥ ਰਹਾਉ ॥**

ਮ: ੯, ਪੰਨਾ ੨੧੯



ਸਤਿਗੁਰੂ ਅਰਜਨ ਦੇਵ ਜੀ ਨੇ ਆਤਮਾ ਦੇ ਬਿਸਰਾਮ (ਟਿਕਾਉ) ਵਿੱਚ ਨਾ ਆਉਣ ਦਾ ਇੱਕ ਹੋਰ ਕਾਰਣ, ਸੋਨੇ ਦਾ ਦ੍ਰਿਸ਼ਟਾਂਤ ਦੇ ਕੇ ਦਰਸਾਉਣਾ ਕੀਤਾ ਹੈ। ਆਪ ਫੁਰਮਾਨ ਕਰਦੇ ਹਨ ਕਿ ਜਦੋਂ ਸੁਨਿਆਰਾ ਸੋਨੇ ਨੂੰ ਕੁਠਾਲੀ ਵਿੱਚ ਪਾ ਕੇ ਤਾਅ ਦਿੰਦਾ ਹੈ। ਸੋਨੇ ਦੇ ਵਿੱਚ ਖੋਟ ਹੋਣ ਕਾਰਣ ਸੋਨਾ ਤਿੱੜ-ਤਿੱੜ ਵੀ ਕਰਦਾ ਹੈ ਤੇ ਕੁਠਾਲੀ ਵਿੱਚ ਕਮਲਿਆਂ ਵਾਂਗ ਫੇਰੀਆਂ ਵੀ ਕੱਢਦਾ ਹੈ। ਜਦੋਂ ਸੋਨੇ ਵਿੱਚੋਂ ਖੋਟ ਵੱਖ ਹੋ ਜਾਂਦਾ ਹੈ, ਸੋਨਾ ਬਾਰਾਂ-ਵੰਨੀ ਦਾ ਬਣ ਜਾਂਦਾ ਹੈ। ਤਦੋਂ ਸੋਨਾ ਨਾ ਤਿੱੜ-ਤਿੱੜ ਕਰਦਾ ਅਤੇ ਨਾ ਹੀ ਕੁਠਾਲੀ ਅੰਦਰ ਘੁੰਮਦਾ ਹੈ। ਸੋਨਾ ਟਿਕਾਉ ਵਿੱਚ ਆ ਜਾਂਦਾ ਹੈ। ਇਸੇ ਪ੍ਰਕਾਰ, ਜਿੰਨਾ ਚਿਰ ਮਨ ਦੇ ਅੰਦਰ ਮਾਇਆ ਦੇ ਪ੍ਰਭਾਵ ਦਾ ਖੋਟ ਹੈ, ਉਨ੍ਹਾਂ ਚਿਰ ਮਨ ਟਿਕਾਉ ਵਿੱਚ ਨਹੀਂ ਆਉਂਦਾ। ਮਨ, ਇਧਰ ਉਧਰ ਮਾਇਆ ਦੇ ਪ੍ਰਭਾਵ ਅਧੀਨ ਡੋਲਦਾ ਤੇ ਭਟਕਦਾ ਰਹਿੰਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ॥**

**ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥੨॥**

ਸਾਰਗ ਮ: ੫, ਪੰਨਾ ੧੨੦੩

ਜਦੋਂ ਪ੍ਰਭੂ ਨਾਮ-ਜਪ ਦੇ ਤਾਅ ਦੁਆਰਾ ਮਨ ਵਿੱਚੋਂ ਮਾਇਆ ਦਾ ਖੋਟ ਬਿਲਾ ਜਾਂਦਾ ਹੈ, ਮਨ ਇਧਰ-ਉਧਰ ਭਟਕਣੋ ਰੁੱਕ ਜਾਂਦਾ ਹੈ। ਸਥਿਰ ਹੁੰਦੇ ਹੀ ਬਿਸਰਾਮ ਦੀ ਅਵਸਥਾ ਪ੍ਰਾਪਤ ਹੋ ਕੇ ਪ੍ਰਭੂ ਮਿਲਾਪ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ ਅਤੇ ਜਗਿਆਸੂ ਪੁਕਾਰ ਕੇ ਕਹਿ ਦਿੰਦਾ ਹੈ :

**ਅਬ ਮੋਰੋ ਨਾਚਨੋ ਰਹੋ ॥**

**ਲਾਲੁ ਰਗੀਲਾ ਸਹਜੇ ਪਾਇਓ ਸਤਿਗੁਰ ਬਚਨਿ ਲਹੋ ॥੧॥ ਰਹਾਉ ॥**

ਮ: ੫, ਪੰਨਾ ੧੨੦੩

ਪ੍ਰਭੂ ਮਿਲਾਪ ਹੁੰਦੇ ਹੀ, ਜਿਵੇਂ ਸਾਗਰ ਵਿੱਚ ਮਿਲ ਕੇ ਨਦੀ ਸ਼ਾਂਤ ਹੋ ਜਾਂਦੀ ਹੈ, ਤਿਵੇਂ ਜੀਵ-ਆਤਮਾ ਪਰਮਾਤਮਾ ਨਾਲ ਮਿਲ ਕੇ ਟਿਕਾਉ, ਬਿਸਰਾਮ, ਸਹਿਜ ਦਾ ਧਾਰਨੀ ਬਣ, ਟਿਕਾਉ ਵਿੱਚ ਆ, ਪ੍ਰਭੂ ਨਾਲ ਅਭੇਦ ਹੋ, ਪ੍ਰਭੂ ਮਿਲਾਪ ਦੇ ਅਨੰਦ ਨੂੰ ਮਾਣਦਾ ਹੈ।

## *ਜਿਤੁ ਘਰਿ ਹਰਿ ਕੰਤੁ ਨ ਪ੍ਰਗਟਈ ਭਠਿ ਨਗਰ ਸੇ ਗ੍ਰਾਮ ॥*

**ਅੱਖਰੀ-ਅਰਥ :** ਜਿਸ ਹਿਰਦੇ ਰੂਪੀ ਘਰ ਵਿੱਚ ਪਰਮਾਤਮਾ ਸਾਖਿਆਤ

ਨਹੀਂ ਹੋਇਆ, ਉਹ ਹਿਰਦਾ ਰੂਪੀ ਘਰ ਅਤੇ ਸਰੀਰ ਰੂਪੀ ਨਗਰ ਅਤੇ ਜਿਨ੍ਹਾਂ ਪਿੰਡਾਂ-ਸ਼ਹਿਰਾਂ ਵਿੱਚ ਮਨੁੱਖ ਨਿਵਾਸ ਕਰਦਾ ਹੈ, ਉਹ ਸਾਰੇ ਹੀ ਜੀਵ-ਆਤਮਾ ਨੂੰ ਭੱਠੀਆਂ ਵਾਂਗ ਤੱਪਦੇ ਪ੍ਰਤੀਤ ਹੁੰਦੇ ਆਤਮਾ ਨੂੰ ਅਸ਼ਾਂਤੀ ਤੇ ਬੇਚੈਨੀ ਪ੍ਰਦਾਨ ਕਰਦੇ ਪ੍ਰਤੀਤ ਹੁੰਦੇ ਹਨ।

**ਸੰਖੇਪ-ਵਿਚਾਰ** : ਸੰਸਾਰ ਅੰਦਰ ਵੀ ਆਪਾਂ ਵੇਖਦੇ ਹਾਂ ਕਿ ਮਿਲਾਪ ਵਿੱਚ ਖੁਸ਼ੀਆਂ ਹੀ ਖੁਸ਼ੀਆਂ ਤੇ ਅਨੰਦ ਹੀ ਅਨੰਦ ਹੁੰਦਾ ਹੈ। ਵਿਛੋੜੇ ਵਿੱਚ ਦੁੱਖ ਹੀ ਦੁੱਖ ਤੇ ਰੋਣਾ ਧੋਣਾ ਹੀ ਬਣਿਆ ਰਹਿੰਦਾ ਹੈ। ਵਿਛੋੜੇ ਅਧੀਨ ਘਰ-ਬਾਰ, ਨਗਰ-ਸ਼ਹਿਰ, ਜਿਹੜੇ ਮਿਲਾਪ ਸਮੇਂ ਖੁਸ਼ੀ-ਖੇੜਾ ਪ੍ਰਦਾਨ ਕਰਦੇ ਹਨ, ਉਹ ਵੀ ਡਰਾਉਣੇ, ਉਜਾੜ ਸਮਾਨ ਪ੍ਰਤੀਤ ਹੁੰਦੇ ਹਨ। ਮਿਲਾਪ ਸਮੇਂ ਤਾਂ ਉਜਾੜ ਵੀ ਬਸਤੀ ਪ੍ਰਤੀਤ ਹੁੰਦੀ ਹੈ। ਵਿਛੋੜੇ ਸਮੇਂ ਬਸਤੀ ਵੀ ਉਜਾੜ ਭਾਸਦੀ ਹੈ।

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਧਨਾਸਰੀ ਰਾਗ ਅੰਦਰ ਸਾਡੀ ਆਤਮਾਂ ਦੇ ਪਰਮਾਤਮਾ ਨਾਲੋਂ ਵਿਛੋੜੇ ਦਾ ਕਾਰਣ ਦਰਸਾ ਕੇ ਵਿਛੋੜੇ ਅਧੀਨ, ਜੋ ਜੀਵ ਆਤਮਾ ਦਾ ਹਾਲ ਹੋ ਰਿਹਾ ਹੈ, ਬੜੇ ਵਿਸਥਾਰ ਨਾਲ ਵਰਨਣ ਕੀਤਾ ਹੈ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜੀਵ-ਆਤਮਾ ਦਿਨ-ਰਾਤ ਪ੍ਰੇਸ਼ਾਨੀ ਕਾਰਣ ਤਪਦਾ ਹੈ, ਖਪਦਾ ਹੈ। ਦਿਨ-ਰਾਤ ਕਰੁੱਝ-ਕਰੁੱਝ ਕੇ ਦਿਨ ਕਟੀ ਕਰਦਾ ਹੈ। ਇਸ ਤਪਣ ਅਤੇ ਖਪਣ ਤੋਂ ਸ਼ਾਂਤ ਹੋਣ ਲਈ ਮਨੁੱਖ ਵਿਸ਼ੇ-ਵਿਕਾਰਾਂ ਵਿੱਚ ਮੁੜ ਫੱਸਦਾ ਹੈ। ਮਾਇਕੀ ਵਿਸ਼ੇ-ਵਿਕਾਰਾਂ ਵਿੱਚੋਂ ਸ਼ਾਂਤੀ ਤਾਂ ਕੀ ਮਿਲਣੀ ਹੈ ? ਸਗੋਂ ਹੋਰ ਅਸ਼ਾਂਤੀ ਤੇ ਪਰੇਸ਼ਾਨੀ ਹੀ ਪੱਲੇ ਪੈਂਦੀ ਹੈ। ਜੀਵ-ਆਤਮਾ ਕਿਉਂ ਤਪਦਾ, ਕਿਉਂ ਖਪਦਾ ਹੈ ? ਇਸ ਦਾ ਕਾਰਣ ਸਤਿਗੁਰੂ ਜੀ ਨੇ ਧੁਰ ਕੀ ਬਾਣੀ ਵਿੱਚ ਪ੍ਰਭੂ ਨਾਮ ਨਾਲੋਂ ਟੁੱਟਣਾ ਤੇ ਗੁਰਬਾਣੀ ਨੂੰ ਵਿਸਾਰਨਾ ਦਰਸਾਇਆ ਹੈ, ਕਿਉਂਕਿ ਗੁਰਬਾਣੀ ਅਤੇ ਨਾਮ ਨੇ ਹੀ ਸ਼ਾਂਤੀ ਦੇ ਸੋਮੇ ਪਰਮਾਤਮਾ ਨਾਲ ਜੋੜਨਾ ਸੀ। ਪਰਮਾਤਮਾ ਨਾਲ ਜੁੜ ਕੇ ਜੀਵ-ਆਤਮਾ ਨੂੰ ਸ਼ਾਂਤੀ ਮਿਲਣੀ ਸੀ, ਜੀਵ ਆਤਮਾ ਦਾ ਤਪਣਾ ਤੇ ਖਪਣਾ ਖਤਮ ਹੋਣਾ ਸੀ ਪਰ ਜੀਵ-ਆਤਮਾ ਨੇ ਉਸ ਰਸਤੇ ਦਾ ਹੀ ਤਿਆਗ ਕਰ ਦਿੱਤਾ। ਇਸ ਦੇ ਉਲਟ ਸਗੋਂ ਜੀਵ-ਆਤਮਾ ਦੀ ਹਾਲਤ ਇੱਕ ਕੋਹੜੀ ਵਾਂਗ ਬਣ ਗਈ। ਜਿਵੇਂ ਕੋਹੜੀ ਮਨੁੱਖ ਦਿਨ-ਰਾਤ ਕੋਹੜ ਦੇ ਰੋਗ ਨਾਲ ਤੱਪਦਾ ਤੇ ਦੁੱਖੀ ਹੁੰਦਾ ਹੈ, ਤਿਵੇਂ ਜੀਵ-ਆਤਮਾ ਦਿਨ ਰਾਤ ਪ੍ਰੇਸ਼ਾਨੀ ਅਧੀਨ ਜੀਵਨ ਬਤੀਤ ਕਰ ਰਹੀ ਹੈ। ਆਪ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :



**ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥**
**ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥**

ਮ: ੧, ਪੰਨਾ ੬੬੧

ਕੰਤ ਨੂੰ ਪ੍ਰਗਟ ਕਰਨਾ ਹੀ ਸਾਡੇ ਜੀਵਨ ਦਾ ਮਨੋਰਥ ਹੈ। ਜਿੰਨਾ ਚਿਰ ਜੀਵ-ਆਤਮਾ ਦਾ ਮਾਲਕ (ਕੰਤ) ਪਰਮਾਤਮਾ ਪ੍ਰਗਟ ਨਹੀਂ ਹੁੰਦਾ, ਓਨਾ ਚਿਰ, ਘਰ-ਬਾਰ, ਸ਼ਹਿਰ ਨਗਰਾਂ ਵਿੱਚੋਂ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਓਨਾ ਚਿਰ ਤਾਂ :

**ਕਪੜ ਭੋਗ ਡਰਾਵਣੇ ਜਿਚਰੁ ਪਿਰੀ ਨ ਡੇਖੁ ॥੨॥** ਮ: ੫, ਪੰਨਾ ੧੦੯੪

ਵਾਲੀ ਅਵਸਥਾ ਹੀ ਜੀਵ-ਆਤਮਾ ਦੀ ਬਣੀ ਰਹਿੰਦੀ ਹੈ। ਜਦੋਂ ਜੀਵ-ਆਤਮਾ ਦੇ ਹਿਰਦੇ ਅੰਦਰ ਪਰਮਾਤਮਾ ਪ੍ਰਗਟ ਹੋ ਗਿਆ, ਪਰਮਾਤਮਾ ਦੇ ਹਿਰਦੇ ਵਿੱਚ ਪ੍ਰਗਟ ਹੁੰਦੇ ਹੀ ਗਮੀਆਂ ਖੁਸ਼ੀਆਂ ਵਿੱਚ, ਤਪਸ਼ ਸ਼ਾਂਤੀ ਵਿੱਚ, ਘਰ-ਬਾਰ ਨਗਰ ਤਾਂ ਕੀ, ਉਜਾੜ ਨੇ ਵੀ ਬਸਤੀ ਦਾ ਰੂਪ ਧਾਰਣ ਕਰ ਲੈਣਾ ਹੈ।

## *ਸੂਬ ਸੀਗਾਰ ਤੰਬੋਲ ਰਸ ਸਣੁ ਦੇਹੀ ਸਭ ਖਾਮ ॥*

**ਅੱਖਰੀ-ਅਰਥ** : ਪਰਮਾਤਮਾ ਨੂੰ ਭੁਲਾ ਕੇ ਹੋਛੇ ਰਸਾਂ ਅਤੇ ਨਸ਼ਿਆਂ ਦੀ ਪੂਰਤੀ ਖਾਤਰ ਪਾਨਾਂ ਦੇ ਬੀੜੇ ਖਾਣੇ। ਅਨੇਕ ਪ੍ਰਕਾਰ ਦੇ ਸਰੀਰ ਨੂੰ ਸਜਾਉਣ ਲਈ ਸ਼ਿੰਗਾਰ ਕਰਨੇ। ਸਰੀਰਕ ਇੰਦ੍ਰੀਆਂ ਦੀ ਤ੍ਰਿਪਤੀ ਲਈ ਰਸਾਂ-ਕਸਾਂ ਨੂੰ ਮਾਨਣਾ। ਇਹ ਸਾਰੇ ਰਸ-ਕਸ, ਸਮੇਤ ਸਰੀਰ ਦੇ ਬੇ-ਰਸੇ, ਕੱਚੇ, ਨਾਸ਼ਵੰਤ ਅਤੇ ਸੁਪਨੇ ਨਿਆਈਂ ਥੋੜ ਚਿਰੇ ਹਨ। ਇਨ੍ਹਾਂ ਦਾ ਸੁਆਦ ਛਿਨ-ਭੰਗਰੀ ਹੈ। ਛਿਨ-ਭੰਗਰੀ ਹੀ ਨਹੀਂ ਸਗੋਂ ਇਨ੍ਹਾਂ ਰਸਾਂ-ਕਸਾਂ ਵਿੱਚੋਂ ਸਰੀਰ ਨੂੰ ਅਨੇਕਾਂ ਰੋਗ ਚੰਬੜ ਜਾਂਦੇ ਹਨ।

**ਸੰਖੇਪ-ਵਿਚਾਰ** : ਮਾਇਆ ਦੇ ਪ੍ਰਭਾਵ ਕਾਰਣ, ਮਨੁੱਖ ਸੁੱਖਾਂ ਦੇ ਦਾਤੇ ਪਰਮਾਤਮਾ ਨੂੰ ਵਿਸਾਰ ਦਿੰਦਾ ਹੈ। ਪ੍ਰਭੂ ਨੂੰ ਭੁੱਲਣ ਨਾਲ ਜੀਵ-ਆਤਮਾ ਦੀ ਆਪਣੇ ਮੂਲ ਪਰਮਾਤਮਾਂ ਨਾਲੋਂ ਵਿੱਥ ਪੈ ਜਾਂਦੀ ਹੈ। ਵਿੱਥ ਦੀ ਕਸਕ ਤੇ ਦੁੱਖ ਨੂੰ ਦੂਰ ਕਰਨ ਲਈ ਮਨੁੱਖ ਮਾਇਆਵੀ ਰਸਾਂ-ਕਸਾਂ ਦਾ ਸਹਾਰਾ ਲੈ ਕੇ ਇਨ੍ਹਾਂ ਵਿੱਚ ਪ੍ਰਵਿਰਤ ਹੋ ਜਾਂਦਾ ਹੈ। ਕੁਝ ਸਮੇਂ ਬਾਅਦ ਇਹ ਮਾਇਕੀ ਰਸ-ਕਸ ਹੀ ਅਨੇਕਾਂ ਰੋਗਾਂ ਦੇ ਜਨਮ ਦਾਤੇ ਬਣ ਕੇ ਮਨੁੱਖ ਨੂੰ ਦੁੱਖ ਦੇਣ ਦਾ ਕਾਰਣ ਬਣ ਜਾਂਦੇ ਹਨ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਮਲਾਰ ਰਾਗ ਅੰਦਰ ਫੁਰਮਾਨ ਹੈ :

**ਖਸਮੁ ਵਿਸਾਰਿ ਕੀਏ ਰਸ ਭੋਗ ॥**

**ਤਾਂ ਤਨਿ ਉਠਿ ਖਲੋਏ ਰੋਗ ॥** ਮ: ੧, ਪੰਨਾ ੧੨੫੬

ਮਨੁੱਖ ਸਦੀਵੀਂ ਸੁੱਖ ਚਾਹੁੰਦਾ ਹੈ, ਪਰ ਸਦੀਵੀਂ ਸੁੱਖ ਦੀ ਪ੍ਰਾਪਤੀ ਦਾ ਰਸਤਾ ਤਿਆਗ ਦਿੰਦਾ ਹੈ ਜਾਂ ਇੰਝ ਕਹਿ ਲਵੋ ਸਦੀਵੀਂ ਸੁੱਖ ਦੀ ਪ੍ਰਾਪਤੀ ਵਾਸਤੇ ਘਾਲ-ਕਮਾਈ ਅਤੇ ਮਿਹਨਤ ਕਰਨੀ ਪੈਂਦੀ ਹੈ। ਮਨੁੱਖ ਘਾਲ-ਕਮਾਈ ਕਰਨ ਤੋਂ ਕੰਨੀ ਕਤਰਾਉਂਦਾ ਸਰੀਰਕ ਇੰਦ੍ਰੀਆਂ ਦੇ ਰਸਾਂ-ਕਸਾਂ, ਸੁਆਦਾਂ, ਜੋ ਸੌਖੇ ਹੀ ਪ੍ਰਾਪਤ ਹੋ ਜਾਂਦੇ ਹਨ, ਵਿੱਚ ਖੱਚਤ ਹੋ ਜਾਂਦਾ ਹੈ। ਜਿੰਨੇ ਇਹ ਸੌਖੇ ਪ੍ਰਾਪਤ ਹੁੰਦੇ ਹਨ, ਉਨ੍ਹੇ ਹੀ ਇਹ ਛਿੰਨ-ਭੰਗਰੀ ਥੋੜ੍ਹ-ਚਿਰੇ ਤੇ ਨਾਸ਼ਵੰਤ ਹਨ ਅਤੇ ਸਰੀਰ ਨੂੰ ਸੋਗ ਤੇ ਰੋਗ ਲਾਉਣ ਵਾਲੇ ਹਨ। ਸਤਿਗੁਰੂ ਨਾਨਕ ਦੇਵ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ:

**ਬਹੁ ਸਾਦਹੁ ਦੂਖੁ ਪਰਾਪਤਿ ਹੋਵੈ ॥ ਭੋਗਹੁ ਰੋਗ ਸੁ ਅੰਤਿ ਵਿਗੋਵੈ ॥**

ਮ: ੧, ਪੰਨਾ ੧੦੩੪

ਸਤਿਗੁਰੂ ਨਾਨਕ ਦੇਵ ਜੀ ਦਾ ਮਾਝ ਦੀ ਵਾਰ ਅੰਦਰ ਫੁਰਮਾਨ ਹੈ। ਮਾਇਆ ਦੇ ਪ੍ਰਭਾਵ ਅੰਦਰ ਆਪ-ਹੁਦਰਾ ਹੋਇਆ ਮਨੁੱਖ ਖੁਸ਼ੀ ਨੂੰ ਮਾਨਣ ਤੇ ਮਨ ਨੂੰ ਸੰਤੁਸ਼ਟ ਕਰਨ ਵਾਸਤੇ ਸੰਸਾਰਕ ਪਦਾਰਥਾਂ ਦੇ ਭੋਗਾਂ ਵਿੱਚ ਖੱਚਤ ਹੋ ਜਾਂਦਾ ਹੈ। ਸਦੀਵੀਂ ਖੁਸ਼ੀ ਤੇ ਸੁੱਖ ਦੇਣ ਵਾਲੇ ਦਾਤਾਰ ਪਰਮਾਤਮਾ ਨੂੰ ਭੁੱਲ ਜਾਂਦਾ ਹੈ ਅਤੇ ਇੰਨ੍ਹਾਂ ਛਿੰਨ-ਭੰਗਰੀ ਤੇ ਨਾਸ਼ਵੰਤ ਭੋਗਾਂ ਨੂੰ ਸਦੀਵੀਂ ਖੁਸ਼ੀ ਤੇ ਸੁੱਖ ਦੇਣ ਵਾਲੇ ਜਾਣ ਕੇ ਭੋਗਦਾ ਹੈ। ਇਨ੍ਹਾਂ ਭੋਗਾਂ ਵਿੱਚੋਂ ਸਰੀਰ ਤੇ ਆਤਮਾ ਨੂੰ ਅਨੇਕ ਪ੍ਰਕਾਰ ਦੇ ਰੋਗ ਚੰਬੜ ਜਾਂਦੇ ਹਨ, ਜਿਨ੍ਹਾਂ ਨੂੰ ਮਨੁੱਖ ਬੜੇ ਦੁੱਖ ਨਾਲ ਝੱਲਦਾ, ਪ੍ਰੇਸ਼ਾਨ ਹੁੰਦਾ ਆਪਣਾ ਸਮਾਂ ਬਤੀਤ ਕਰਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਮੂਰਖੁ ਭੋਗੇ ਭੋਗੁ ਦੁਖ ਸਬਾਇਆ ॥ ਸੁਖਹੁ ਉਠੇ ਰੋਗ ਪਾਪ ਕਮਾਇਆ ॥**

ਮ: ੧, ਪੰਨਾ ੧੩੯

ਸਤਿਗੁਰੂ ਅਮਰਦਾਸ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ :

**ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥**

**ਸੁਧੁ ਭਤਾਰੁ ਹਰਿ ਛੋਡਿਆ ਫਿਰਿ ਲਗਾ ਜਾਇ ਵਿਜੋਗੁ ॥**

ਮ: ੩, ਪੰਨਾ ੭੮੫



## *ਪ੍ਰਭ ਸੁਆਮੀ ਕੰਤ ਵਿਹੂਣੀਆ ਮੀਤ ਸਜਣ ਸਭਿ ਜਾਮ ॥*

**ਅੱਖਰੀ-ਅਰਥ :** ਇੱਕ ਪ੍ਰਭੂ-ਮਾਲਕ ਤੋਂ ਬਿਨਾਂ ਜਿੰਨੇ ਵੀ ਮਿੱਤਰ ਆਪਣੀਆਂ ਗਰਜਾਂ ਲਈ ਸੱਜਣ ਬਣ ਕੇ ਮਨੁੱਖ ਨਾਲ ਸੱਜਣਤਾਈ ਪ੍ਰਗਟ ਕਰਦੇ ਹਨ। ਜਦੋਂ ਸਜਣਤਾਈ ਪ੍ਰਗਟਾਉਣ ਵਾਲਿਆਂ ਮਿੱਤਰਾਂ ਦੀ ਗਰਜ ਪੂਰੀ ਨਹੀਂ ਹੁੰਦੀ, ਤਦੋਂ ਤੋਂ ਇਹੋ ਸੱਜਣ ਦੁਸ਼ਮਣ ਬਣ ਕੇ ਜਮਦੂਤਾਂ ਨਿਆਈ ਮਨੁੱਖ ਨੂੰ ਦੁਖੀ ਕਰਨ ਲੱਗ ਪੈਂਦੇ ਹਨ।

**ਸੰਖੇਪ-ਵਿਚਾਰ :** ਸੰਸਾਰ ਦੇ ਜੀਵਨ ਪੰਧ ਵਿੱਚ ਮਨੁੱਖ ਨੂੰ ਸੁੱਖ ਦਾ ਸਮਾਂ ਤੇ ਦੁੱਖ ਦਾ ਸਮਾਂ ਵੀ ਪ੍ਰਾਪਤ ਹੁੰਦਾ ਹੈ। ਮਨੁੱਖ ਦੇ ਜੀਵਨ ਵਿੱਚ ਖੁਸ਼ੀ ਤੇ ਗਮੀ ਦੇ ਸਮੇਂ ਵੀ ਵਾਰੋ-ਵਾਰੀ ਆਉਂਦੇ ਹਨ। ਖੁਸ਼ੀ ਦੇ ਸਮੇਂ ਵੱਧ ਖੁਸ਼ੀ ਮਾਨਣ ਤੇ ਦੁੱਖ ਦੇ ਸਮੇਂ ਵਿੱਚ ਦੁੱਖ ਤੋਂ ਛੁਟਕਾਰਾ ਤੇ ਰਾਹਤ ਪ੍ਰਾਪਤ ਕਰਨ ਲਈ ਮਨੁੱਖ ਸੰਸਾਰੀ ਲੋਕਾਂ ਨੂੰ ਆਪਣੇ ਸੱਜਣ-ਮਿੱਤਰ ਬਣਾਉਂਦਾ ਹੈ ਤੇ ਆਸ ਰੱਖਦਾ ਹੈ ਕਿ ਇਹ ਸੱਜਣ-ਮਿੱਤਰ ਮੇਰੇ ਸੁੱਖ-ਦੁੱਖ ਵਿੱਚ ਮੇਰਾ ਪੂਰਾ ਸਾਥ ਨਿਭਾਉਣਗੇ। ਪਰ ਹੁੰਦਾ ਕੀ ਹੈ ? ਸੁੱਖ ਦੇ ਸਮੇਂ ਵਿੱਚ ਸੰਸਾਰੀ ਸੱਜਣ ਮਿੱਤਰ ਅੱਤ ਦੀ ਨੇੜ੍ਹਤਾ ਵਿਖਾਉਂਦੇ ਖੁਸ਼ੀ ਵਿੱਚ ਤਾਂ ਪੂਰਾ-ਪੂਰਾ ਸਾਥ ਦਿੰਦੇ ਹਨ, ਪਰ ਜਦੋਂ ਕਿਤੇ ਉਸੇ ਮਨੁੱਖ ਉੱਪਰ ਬਿਪਤਾ ਦਾ ਸਮਾਂ ਆ ਬਣੇ, ਸਾਰੇ ਸੰਸਾਰੀ ਮਿੱਤਰ ਪਿੱਠ ਫੇਰ ਜਾਂਦੇ ਹਨ। ਬਿਪਤਾ ਦੇ ਸਮੇਂ ਕੋਈ ਨੇੜੇ ਨਹੀਂ ਢੁੱਕਦਾ। ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ ਹੈ :

**ਸੁਖ ਮੈ ਆਨਿ ਬਹੁਤੁ ਮਿਲਿ ਬੈਠਤ ਰਹਤ ਚਹੂ ਦਿਸਿ ਘੇਰੈ ॥**

**ਬਿਪਤਿ ਪਰੀ ਸਭ ਹੀ ਸੰਗੁ ਛਾਡਿਤ ਕੋਊ ਨ ਆਵਤ ਨੇਰੈ ॥**

ਮ: ੯, ਪੰਨਾ ੬੩੪

ਸਤਿਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਦੀ ਵਾਰ ਅੰਦਰ, ਸੰਸਾਰੀ ਮਿੱਤਰਾਂ ਦੀ ਅਸਲੀਅਤ ਦਰਸਾਈ ਹੈ। ਆਪ ਜੀ ਫੁਰਮਾਉਂਦੇ ਹਨ ਕਿ ਸੰਸਾਰੀ ਮਿੱਤਰਾਂ ਦਾ ਰਿਸ਼ਤਾ ਕੇਵਲ ਮਾਇਆ ਦੇ ਲੈਣ-ਦੇਣ ਦਾ ਤੇ ਖਾਣ-ਪੀਣ ਤੱਕ ਦਾ ਰਿਸ਼ਤਾ ਹੀ ਹੈ। ਜਿੰਨਾ ਚਿਰ ਉਨ੍ਹਾਂ ਨੂੰ ਖਾਣ-ਪੀਣ ਨੂੰ ਮਿਲਦਾ ਰਹੇ ਤੇ ਉਨ੍ਹਾਂ ਦੀ ਮਾਇਆ ਦੀ ਗਰਜ਼ ਪੂਰੀ ਹੁੰਦੀ ਰਹੇ, ਉਨਾਂ ਚਿਰ ਹੀ ਉਹ ਸੱਜਣਤਾਈ ਦਾ ਰਿਸ਼ਤਾ ਰੱਖਦੇ ਹਨ। ਜਿਸ ਦਿਨ ਉਨ੍ਹਾਂ ਨੂੰ ਖਾਣ-ਪੀਣ ਨੂੰ ਕੁਝ ਨ ਮਿਲੇ ਅਤੇ ਗਰਜ਼ ਪੂਰੀ ਨਾ ਹੋਵੇ, ਉਸੇ ਦਿਨ ਉਹ ਸਾਥ ਛੱਡ ਜਾਂਦੇ ਹਨ। ਨਿਰਾ ਸਾਥ ਹੀ ਨਹੀਂ ਛੱਡਦੇ ਸਗੋਂ

ਉਸੇ ਮਿੱਤਰ ਨੂੰ ਮੰਦਾ ਕਹਿ ਕੇ ਮੂੰਹ ਵਿੱਚੋਂ ਗੰਦ ਬੋਲਦੇ ਹਨ। ਸਾਹਿਬਾਂ ਦਾ ਫੁਰਮਾਨ ਹੈ:

**ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ ॥**

**ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ ॥**

**ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ ॥**

**ਜਿਤੁ ਦਿਨਿ ਕਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥**

ਮ: ੫, ਪੰਨਾ ੯੫੯

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸਲੋਕਾਂ ਦੀ ਬਾਣੀ ਅੰਦਰ ਗੁਰਦੇਵ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਦੀ ਪ੍ਰੋੜ੍ਹਤਾ ਕੀਤੀ ਹੈ। ਆਪ ਫੁਰਮਾਨ ਕਰਦੇ ਹਨ ਕਿ ਸੁੱਖ ਦੇ ਸਮੇਂ ਵਿੱਚ ਮਨੁੱਖ ਦੇ ਬਹੁਤ ਮਿੱਤਰ ਬਣ ਜਾਂਦੇ ਹਨ ਤੇ ਬਹੁਤ ਨੇੜ੍ਹਤਾ ਜਤਲਾਉਂਦੇ ਹਨ। ਪਰ ਜਦੋਂ ਦੁੱਖ ਦਾ, ਭੀੜ ਦਾ ਸਮਾਂ ਮਨੁੱਖ ਤੇ ਆ ਬਣਦਾ ਹੈ, ਉਸ ਸਮੇਂ ਕੋਈ ਮਿੱਤਰ ਨਹੀਂ ਬਹੁੜਦਾ। ਕੇਵਲ ਇੱਕ ਪਰਮਾਤਮਾ ਹੀ ਲੋਕ ਪ੍ਰਲੋਕ ਵਿੱਚ ਮਨੁੱਖ ਦੀ ਸਹਾਇਤਾ ਕਰਨ ਵਾਲਾ ਹੈ, ਪਰ ਪਰਮਾਤਮਾ ਨੂੰ ਮਨੁੱਖ ਆਪਣਾ ਸੱਜਣ ਨਹੀਂ ਬਣਾਉਂਦਾ। ਆਪ ਦਾ ਫੁਰਮਾਨ ਹੈ :

**ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥**

**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥੩੨ ॥**

ਮ: ੯, ਪੰਨਾ ੧੪੨੮

## *ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥*

**ਅੱਖਰੀ-ਅਰਥ :** ਆਖ਼ਰੀ ਪੰਕਤੀਆਂ ਅੰਦਰ ਗੁਰਦੇਵ ਗੁਰੂ ਅਰਜਨ ਦੇਵ ਜੀ ਸਾਨੂੰ ਪ੍ਰਭੂ ਚਰਨਾਂ ਵਿੱਚ ਅਰਦਾਸ ਕਰਕੇ ਪ੍ਰਭੂ ਚਰਨਾਂ ਵਿੱਚੋਂ ਸਭ ਤੋਂ ਸਰਬ ਸ਼੍ਰੋਮਣੀ ਮੰਗ "**ਪ੍ਰਭੂ ਨਾਮ**" ਮੰਗਣ ਲਈ ਪ੍ਰੇਰਤ ਕਰਦੇ ਹਨ ਕਿਉਂਕਿ ਪ੍ਰਭੂ-ਨਾਮ ਹੀ ਸਾਰੇ ਸੁੱਖਾਂ ਦਾ ਦਾਤਾ ਹੈ। ਪ੍ਰਭੂ ਨਾਮ ਹੀ ਪ੍ਰਭੂ ਨਾਲ ਮੇਲਣਹਾਰਾ ਹੈ। ਇਸ ਲਈ ਹੇ ਪਰਮਾਤਮਾ! ਮੇਰੀ ਤੁਹਾਡੇ ਚਰਨਾਂ ਵਿੱਚ ਅਰਦਾਸ ਹੈ, ਮੈਨੂੰ ਕਿਰਪਾ ਕਰਕੇ ਆਪਣੇ ਨਾਮ ਦੀ ਦਾਤ ਬਖਸ਼ਿਸ਼ ਕਰੋ ਜੀ।

**ਸੰਖੇਪ-ਵਿਚਾਰ :** ਸਾਡੀ ਸੰਸਾਰੀ ਜੀਵਾਂ ਦੀ ਸੋਚ ਤੇ ਦ੍ਰਿਸ਼ਟੀ ਕੇਵਲ ਸੰਸਾਰ



ਤੱਕ ਹੀ ਸੀਮਤ ਹੈ। ਜਿਸ ਕਾਰਣ ਅਸੀਂ ਆਪਣੀ ਸੋਚ ਤੇ ਦ੍ਰਿਸ਼ਟੀ ਤੱਕ ਸੀਮਤ ਸੰਸਾਰ ਦੀਆਂ ਮੰਗਾਂ ਹੀ ਪਰਮਾਤਮਾ ਅਤੇ ਸਤਿਗੁਰੂ ਪਾਸੋਂ ਮੰਗਦੇ ਹਾਂ। ਸੰਸਾਰੀ ਸੋਚ ਤੇ ਦ੍ਰਿਸ਼ਟੀ ਅਧੀਨ ਅਸੀਂ ਪਰਮਾਤਮਾ ਤੇ ਸਤਿਗੁਰੂ ਪਾਸੋਂ ਧਨ-ਪਦਾਰਥ, ਜ਼ਮੀਨ-ਜਾਇਦਾਦ, ਸੰਪਦਾ, ਧੀਆਂ-ਪੁੱਤਰ ਪਰਿਵਾਰਾਂ ਦੀ ਸੁਖ-ਸ਼ਾਂਤੀ ਅਤੇ ਪ੍ਰਭਤਾ ਆਦਿ ਮੰਗਦੇ ਰਹਿੰਦੇ ਹਾਂ, ਮੰਗਣੇ ਵੀ ਚਾਹੀਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਕਾਨੜਾ ਰਾਗ ਅੰਦਰ ਬਚਨ ਵੀ ਦਰਜ ਹੈ :

**ਸਾਜਨੋ ਤੂ ਮੀਤੁ ਮੇਰਾ ਗ੍ਰਿਹਿ ਤੇਰੈ ਸਭੁ ਕੇਹੁ ॥੧ ॥ ਰਹਾਉ ॥**

**ਮਾਨੁ ਮਾਂਗਉ ਤਾਨੁ ਮਾਂਗਉ ਧਨੁ ਲਖਮੀ ਸੁਤ ਦੇਹ ॥੧ ॥**

ਮ: ੫, ਪੰਨਾ ੧੩੦੭

ਜਿਹੜੀਆਂ ਮੰਗਾਂ ਆਪਾਂ ਭਾਵਨੀ ਨਾਲ ਪਰਮਾਤਮਾ ਪਾਸੋਂ ਮੰਗਾਂਗੇ, ਪ੍ਰਭੂ ਕਿਰਪਾ ਕਰਕੇ "**ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ**" ਦਾ ਬਿਰਧ ਪਾਲ ਕੇ ਪੂਰੀਆਂ ਕਰ ਦੇਵੇਗਾ। ਪਰ ਸਾਡੀ ਸੀਮਤ ਸੋਚ ਹੋਣ ਕਰਕੇ, ਜੋ ਵਸਤੂਆਂ ਅਸੀਂ ਪਰਮਾਤਮਾ ਪਾਸੋਂ ਮੰਗਦੇ ਹਾਂ, ਜ਼ਰੂਰੀ ਨਹੀਂ ਇਨ੍ਹਾਂ ਵਸਤੂਆਂ ਦੇ ਪ੍ਰਾਪਤ ਹੋ ਜਾਣ ਨਾਲ ਸਾਨੂੰ ਸੁੱਖ ਤੇ ਖੁਸ਼ੀ ਪ੍ਰਾਪਤ ਹੋਵੇ। ਕਈ ਵਾਰੀ ਆਪਣੀ ਸੋਚ ਤੇ ਬੁੱਧੀ ਦੇ ਤਲ ਤੇ ਮੰਗੀਆਂ ਵਸਤੂਆਂ ਵਿੱਚੋਂ ਦੁੱਖਾਂ ਦੇ ਢੇਰ ਪ੍ਰਾਪਤ ਹੋਣ ਲੱਗ ਜਾਂਦੇ ਹਨ। ਫਿਰ ਮਨੁੱਖ ਪਛਤਾਉਂਦਾ ਹੈ ਕਿ ਮੈਂ ਇਹ ਚੀਜ਼ਾਂ ਕਿਉਂ ਮੰਗੀਆਂ। ਸਤਿਗੁਰੂ ਨਾਨਕ ਦੇਵ ਜੀ ਦਾ ਅਜਿਹੀਆਂ ਮੰਗਾਂ ਪ੍ਰਤੀ ਸਾਰੰਗ ਰਾਗ ਅੰਦਰ ਫੁਰਮਾਨ ਹੈ :

**ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥** ਮ: ੧, ਪੰਨਾ ੧੨੪੦

ਸਤਿਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਦੀ ਵਾਰ ਅੰਦਰ ਦੋ ਪੰਕਤੀਆਂ ਅੰਕਿਤ ਕਰਕੇ ਦੋਵਾਂ ਮੰਗਾਂ ਦੇ ਫਲ ਸਾਨੂੰ ਦਰਸਾਉਣਾ ਕੀਤੇ ਹਨ। ਇਕ ਮੰਗਾਂ ਉਹ ਹਨ ਜੋ ਅਸੀਂ ਸੰਸਾਰੀ ਜੀਵ ਸੰਸਾਰ ਦੇ ਪਦਾਰਥਾਂ ਦੀਆਂ ਮੰਗਦੇ ਹਾਂ। ਸਤਿਗੁਰੂ ਇਨ੍ਹਾਂ ਮੰਗਾਂ ਪ੍ਰਤੀ ਫੁਰਮਾਨ ਕਰਦੇ ਹਨ ਹੇ ਪਰਮਾਤਮਾ! ਤੇਰੇ ਨਾਮ ਨੂੰ ਛੱਡ ਕੇ ਤੈਥੋਂ ਹੋਰ-ਹੋਰ ਸੰਸਾਰ ਦੀਆਂ ਮੰਗਾਂ ਜੋ ਮੰਗਣੀਆਂ ਹਨ, ਉਹ ਵੱਡੇ ਦੁੱਖਾਂ ਨੂੰ ਮੰਗਣ (ਸਹੇੜਨ) ਦੇ ਸਮਾਨ ਹਨ। ਭਾਵ ਇਨ੍ਹਾਂ ਸੰਸਾਰੀ ਮੰਗਾਂ ਵਿੱਚੋਂ ਮਨੁੱਖ ਨੂੰ ਕਦੇ ਸਦੀਵੀ ਸੁੱਖ ਪ੍ਰਾਪਤ ਨਹੀਂ ਹੋ ਸਕਦਾ। ਆਪ ਦਾ ਫੁਰਮਾਨ ਹੈ :

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥** ਮ: ੫, ਪੰਨਾ ੯੫੮

ਇੱਕ ਮੰਗ ਹੈ ਪਰਮਾਤਮਾ ਪਾਸੋਂ ਪਰਮਾਤਮਾ ਦੇ ਨਾਮ ਦੀ ਮੰਗ। ਜਿਹੜਾ

ਜਗਿਆਸੂ ਪਰਮਾਤਮਾ ਪਾਸੋਂ ਉਸ ਦੇ ਨਾਮ ਦੀ ਮੰਗ ਮੰਗਦਾ ਹੈ, ਨਾਮ ਦੀ ਮੰਗ ਪੂਰੀ ਹੋਣ ਦੇ ਨਾਲ ਜਗਿਆਸੂ ਨੂੰ ਹਰ ਪਾਸੇ ਤੋਂ ਸੰਤੋਖ ਪ੍ਰਾਪਤ ਹੋ ਜਾਂਦਾ ਹੈ। ਉਸ ਦੀਆਂ ਸਾਰੀਆਂ ਮਾਇਕੀ ਤ੍ਰਿਸ਼ਨਾ ਦੀਆਂ ਭੁੱਖਾਂ ਸਦਾ ਵਾਸਤੇ ਖਤਮ ਹੋ ਜਾਂਦੀਆਂ ਅਤੇ ਉਹ ਤ੍ਰਿਪਤੀ ਦੀ ਅਵਸਥਾ ਪ੍ਰਾਪਤ ਕਰਕੇ ਮਾਇਕੀ ਮੰਗਾਂ ਵੱਲੋਂ ਅਮੰਗ (ਮੰਗ ਰਹਿਤ) ਹੋ ਜਾਂਦਾ ਹੈ। ਉਹ ਮੰਗ ਹੈ :

**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥** ਮ: ੫, ਪੰਨਾ ੯੫੮

ਪ੍ਰਭੂ ਨਾਮ ਵਿੱਚ ਇੰਨੀ ਬਰਕਤ ਹੈ, ਜਿਸ ਜਗਿਆਸੂ ਨੂੰ ਪ੍ਰਭੂ ਨਾਮ ਪ੍ਰਾਪਤ ਹੋ ਜਾਂਦਾ ਹੈ, ਉਸ ਦੀਆਂ ਸਾਰੀਆਂ ਮਾਇਕੀ ਭੁੱਖਾਂ ਖਤਮ ਹੋ ਜਾਂਦੀਆਂ ਹਨ। ਪ੍ਰਭੂ ਨਾਮ ਦੀ ਬਰਕਤ ਸਦਕਾ ਉਸ ਨਾਮੀ ਪੁਰਸ਼ ਦੀਆਂ ਸਾਰੀਆਂ ਇੱਛਾਵਾਂ ਵੀ ਪੂਰੀਆਂ ਹੋ ਜਾਂਦੀਆਂ ਹਨ। ਨਾਮੀਂ ਜਗਿਆਸੂ ਨੂੰ ਸੰਸਾਰ ਦੇ ਸਾਰੇ ਸੁੱਖ ਤੇ ਮਨ ਦੀ ਸ਼ਾਂਤੀ ਸੁਤੇ ਹੀ ਪ੍ਰਾਪਤ ਹੋ ਜਾਂਦੇ ਹਨ। ਇਹ ਸਾਰੀ ਨਾਮ ਦੀ ਬਰਕਤ ਹੈ। ਸਤਿਗੁਰੂ ਅਮਰਦਾਸ ਜੀ ਦਾ ਰਾਮਕਲੀ ਰਾਗ ਵਿੱਚ ਅਨੰਦੁ ਬਾਣੀ ਅੰਦਰ ਫੁਰਮਾਨ ਹੈ :

**ਸਾਚਾ ਨਾਮੁ ਮੇਰਾ ਆਧਾਰੋ ॥**

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ ॥**

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥**

ਮ: ੩, ਪੰਨਾ ੯੧੭

ਇਸੇ ਲਈ ਪ੍ਰਭੂ ਨਾਮ ਨੂੰ ਸਤਿਗੁਰੂ ਰਾਮਦਾਸ ਜੀ ਨੇ ਇੱਛਾ ਪੂਰਕ ਲਿਖਕੇ, ਕਾਮਧੇਨ, ਪਾਰਜਾਤ ਤੇ ਸਰਬ ਸੁੱਖਾਂ ਦਾ ਦਾਤਾ ਦਰਸਾ ਕੇ, ਪ੍ਰਭੂ-ਨਾਮ ਮੰਗਣ ਤੇ ਪ੍ਰਭੂ-ਨਾਮ ਜੱਪਣ ਦੀ ਤਾਕੀਦ ਕੀਤੀ ਹੈ :

**ਇਛਾ ਪੂਰਕੁ[੧] ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ[੨] ॥**

**ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧ ॥**

**ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ [੩]ਹਲਤਿ ਪਲਤਿ[੪] ਮੁਖ ਊਜਲ[੫] ਹੋਈ ਹੈ**

**ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ[੬] ॥ ਰਹਾਉ ॥**

---

੧. ਇੱਛਾ ਪੂਰੀਆਂ ਕਰਨ ਵਾਲਾ। ੨. ਸਵਰਗ ਦੀ ਉਹ ਗਊ ਜੋ ਸਭ ਇੱਛਾ (ਮੁਰਾਦਾਂ) ਪੂਰੀਆਂ ਕਰਦੀ ਦਰਸਾਈ ਗਈ ਹੈ। ੩. ਲੋਕ। ੪. ਪਰਲੋਕ। ੫. ਪਵਿਤ੍ਰ (ਉੱਜਲਾ)। ੬. ਮਾਇਆ ਤੋਂ ਨਿਰਲੇਪ (ਪਰਮਾਤਮਾ)।



**ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ[੧] ਕੀਨੀ ਵਡਭਾਗੀ ਹਰਿ ਜਪਨਾ ॥**

**ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ[੨] ਤਰਨਾ ॥੨ ॥੬**

ਮ: ੪, ਪੰਨਾ ੬੬੯

ਇਸੇ ਕਰਕੇ ਹੀ ਸਾਰੀ ਗੁਰਬਾਣੀ ਅੰਦਰ ਸਾਨੂੰ ਜਗਿਆਸੂਆਂ ਨੂੰ ਨਾਮ ਦੀ ਮੰਗ ਪਰਮਾਤਮਾ ਤੇ ਗੁਰੂ ਪਾਸੋਂ ਮੰਗਣ ਲਈ ਪ੍ਰੇਰਨਾ ਦਿੱਤੀ ਹੈ। ਨਾਮ ਦੀ ਦਾਤ ਮਿਲ ਜਾਣ ਤੇ ਜਗਿਆਸੂ ਦੀਆਂ ਸਾਰੀਆਂ ਲੋਕ ਪ੍ਰਲੋਕ ਦੀਆਂ ਮੰਗਾਂ ਪੂਰੀਆਂ ਹੋ ਜਾਂਦੀਆਂ ਹਨ। ਇਸ ਲਈ ਅਰਦਾਸ ਕਰਨੀ ਹੈ :

**ਨਾਨਕ ਕੀ ਬੇਨੰਤੀਆ ਕਰਿ ਕਿਰਪਾ ਦੀਜੈ ਨਾਮੁ ॥** ਮ: ੫, ਪੰਨਾ ੧੩੩

ਪ੍ਰਭੂ ਅੱਗੇ ਜੋਦੜੀ ਕਰਨੀ ਹੈ :

**ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ ॥**

**ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ ॥** ਮ: ੧, ਪੰਨਾ ੭੫੨

ਪਰਮਾਤਮਾ ਪਾਸੋਂ ਮੰਗਣਾ ਹੈ :

**ਕਰਤਾ ਤੂ ਮੇਰਾ ਜਜਮਾਨੁ ॥**

**ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ ॥੧ ॥**

ਮ: ੧, ਪੰਨਾ ੧੩੨੯

ਦਾਤਾਰ ਪਾਸੋਂ ਮੰਗ ਕਰਨੀ ਹੈ ਦਾਤਾ ਕਿਰਪਾ ਕਰ :

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥** ਜਪੁਜੀ,ਪੰਨਾ ੨

ਜਿਸ ਦੀ ਪਰਮਾਤਮਾ ਨੇ ਨਾਮ ਦੀ ਮੰਗ ਪੂਰੀ ਕਰ ਦਿੱਤੀ, ਸਮਝੋ ਉਸ ਦੀਆਂ ਸਾਰੀਆਂ ਮੰਗਾਂ ਪੂਰੀਆਂ ਹੋ ਗਈਆਂ। ਉਹ ਸਦਾ ਲਈ ਮੰਗਣ ਵੱਲੋਂ ਅਮੰਗ ਹੋ ਗਿਆ। ਉਸ ਦਾ ਸੰਸਾਰ ਵਿੱਚ ਆਉਣਾ ਸਫ਼ਲ ਹੋ ਗਿਆ।

## *ਹਰਿ ਮੇਲਹੁ ਸੁਆਮੀ ਸੰਗਿ ਪ੍ਰਭ ਜਿਸ ਕਾ ਨਿਹਚਲ ਧਾਮ ॥੧ ॥*

**ਅੱਖਰੀ-ਅਰਥ :** ਹੇ ਸਤਿਗੁਰੂ ਜੀ! ਮੇਰੇ ਤੇ ਮਿਹਰ ਕਰੋ। ਮੈਨੂੰ ਹਰੀ ਪਰਮਾਤਮਾ ਜੋ ਸਦੀਵੀਂ ਹੋਂਦ ਵਾਲਾ ਅਬਿਨਾਸ਼ੀ ਹੈ। ਜਿਸ ਦਾ ਟਿਕਾਣਾ ਕਦੇ ਨਾਸ਼ ਨਹੀਂ ਹੁੰਦਾ। ਉਸ

---

੧. ਆਧਿ, ਬਿਆਧਿ, ਉਪਾਧਿ ਤਿੰਨੇ ਤਾਪ ਨਾਸ਼ ਹੋ ਜਾਂਦੇ ਹਨ। ੨. ਸੰਸਾਰ ਭਵਜਲ ਚੋਂ ਤਰ ਜਾਂਦਾ ਹੈ।

ਨਿਹਚਲ-ਅਬਿਨਾਸ਼ੀ ਧਾਮ ਵਾਲੇ ਪ੍ਰਭੂ ਨਾਲ ਮੇਰੀ ਆਤਮਾ ਦਾ ਮਿਲਾਪ ਕਰਵਾ ਦੇਵੋ ਜੀ।

**ਸੰਖੇਪ-ਵਿਚਾਰ** : ਸੰਸਾਰ ਅੰਦਰ ਜੋ ਆਪਾਂ ਵੇਖ ਰਹੇ ਹਾਂ ਜਾਂ ਜੋ ਸਾਡੀ ਦ੍ਰਿਸ਼ਟੀ ਤੋਂ ਪਰ੍ਹੇ ਹਨ। ਇਹ ਸਾਰੇ ਦ੍ਰਿਸ਼ਟ-ਅਦ੍ਰਿਸ਼ਟ ਪਸਾਰੇ ਵਿੱਚੋਂ ਕੋਈ ਵੀ ਸਦਾ ਕਾਇਮ ਰਹਿਣ ਵਾਲਾ ਟਿਕਾਣਾ ਨਹੀਂ ਹੈ। ਸਤਿਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਅੰਦਰ ਰਹਾਉ ਦੀ ਪੰਕਤੀ ਵਿੱਚ ਇੱਕ ਸਵਾਲ ਉਠਾ ਕੇ ਕਿ ਉਹ ਕਿਹੜਾ ਅਸਥਾਨ ਹੈ ਜੋ ਕਦੇ ਵੀ ਨਾਸ਼ ਨਹੀਂ ਹੁੰਦਾ ? ਉਹ ਕਿਹੜਾ ਉਪਦੇਸ਼ ਹੈ, ਜਿਸ ਉਪਦੇਸ਼ ਦੇ ਕਮਾਉਣ ਨਾਲ ਖੋਟੀ ਮੱਤ ਦੂਰ ਹੋ ਜਾਂਦੀ ਹੈ ?

ਅਗਲੇਰੀਆਂ ਪੰਕਤੀਆਂ ਵਿੱਚ ਉਨ੍ਹਾਂ ਸਾਰੀਆਂ ਪੁਰੀਆਂ ਤੇ ਪ੍ਰਭੂ ਕ੍ਰਿਤ ਦਾ ਜ਼ਿਕਰ ਕੀਤਾ ਹੈ ਕਿ ਸਭ ਨਾਸ਼ਵੰਤ ਹਨ। ਆਪ ਫੁਰਮਾਨ ਕਰਦੇ ਹਨ ਕਿ ਲੋਕ, ਇੰਦ੍ਰ ਪੁਰੀ, ਸ਼ਿਵਪੁਰੀ ਨੂੰ ਸਦੀਵੀ ਮੰਨ ਕੇ ਇਨ੍ਹਾਂ ਵਿੱਚ ਨਿਵਾਸ ਕਰਨ ਦੀ ਲੋਚਾ ਰੱਖਦੇ ਹਨ। ਪਰ ਇੰਦ੍ਰ ਪੁਰੀ, ਸ਼ਿਵ ਪੁਰੀ ਤੇ ਬ੍ਰਹਮ ਪੁਰੀ ਦੇ ਵਾਸੀਆਂ ਦਾ ਵੀ ਸਦੀਵੀ ਜੀਵਨ ਨਹੀਂ ਹੈ। ਇਨ੍ਹਾਂ ਵਿੱਚ ਨਿਵਾਸ ਕਰਨ ਵਾਲੇ ਅਤੇ ਇਹ ਪੁਰੀਆਂ ਨੇ ਵੀ ਨਾਸ਼ ਹੋ ਜਾਣਾ ਹੈ। ਇਹ ਜੋ ਦਿਸ ਰਹੇ ਪਹਾੜ, ਬ੍ਰਿਛ, ਧਰਤੀ, ਅਕਾਸ਼, ਤਾਰੇ, ਸੂਰਜ, ਚੰਦਰਮਾ, ਰਾਤ-ਦਿਨ, ਪਉਣ, ਪਾਣੀ, ਸ਼ਾਸਤ੍ਰ, ਸਿਮ੍ਰਤੀਆਂ ਵੇਦ ਆਦਿ ਸਭ ਨਾਸ਼ ਹੋ ਜਾਣ ਵਾਲੇ ਹਨ। ਤੀਰਥ, ਧਰਮ-ਅਸਥਾਨ, ਧਰਮ ਦੇ ਚਿੰਨ੍ਹ ਤੇ ਚਿੰਨ੍ਹਾਂ ਦੇ ਧਾਰਨ ਵਾਲੇ, ਧਰਮ ਦੇ ਕਰਮ ਕਰਨ ਵਾਲੇ ਸਭ ਨਾਸ਼ ਹੋ ਜਾਣਗੇ। ਕੇਵਲ ਇੱਕ ਪਾਰਬ੍ਰਹਮ ਪਰਮੇਸ਼ਰ ਹੀ ਸਦਾ ਕਾਇਮ ਰਹਿਣ ਵਾਲਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਕਵਨੁ ਅਸਥਾਨੁ ਜੋ ਕਬਹੁ ਨ ਟਰੈ ॥**

**ਕਵਨੁ ਸਬਦੁ ਜਿਤੁ ਦੁਰਮਤਿ ਹਰੈ ॥੧॥ ਰਹਾਉ ॥**

**ਇੰਦ੍ਰ ਪੁਰੀ ਮਹਿ ਸਰਪਰ ਮਰਣਾ ॥**

**ਬ੍ਰਹਮ ਪੁਰੀ ਨਿਹਚਲੁ ਨਹੀ ਰਹਣਾ ॥**

**ਸਿਵ ਪੁਰੀ ਕਾ ਹੋਇਗਾ ਕਾਲਾ ॥**

**ਤ੍ਰੈ ਗੁਣ ਮਾਇਆ ਬਿਨਸਿ ਬਿਤਾਲਾ ॥੨॥**

**ਗਿਰਿ ਤਰ ਧਰਣਿ ਗਗਨ ਅਰੁ ਤਾਰੇ ॥**



**ਰਵਿ ਸਸਿ ਪਵਣੁ ਪਾਵਕੁ ਨੀਰਾਰੇ ॥**

**ਦਿਨਸੁ ਰੈਣਿ ਬਰਤ ਅਰੁ ਭੇਦਾ ॥**

**ਸਾਸਤ ਸਿੰਮ੍ਰਿਤਿ ਬਿਨਸਹਿਗੇ ਬੇਦਾ ॥੩॥**

**ਤੀਰਥ ਦੇਵ ਦੇਹੁਰਾ ਪੋਥੀ ॥**

**ਮਾਲਾ ਤਿਲਕੁ ਸੋਚ ਪਾਕ ਹੋਤੀ ॥**

**ਧੋਤੀ ਡੰਡਉਤਿ ਪਰਸਾਦਨ ਭੋਗਾ ॥**

**ਗਵਨੁ ਕਰੈਗੋ ਸਗਲੋ ਲੋਗਾ ॥੪॥** ਮ: ੫, ਪੰਨਾ ੨੩੭

ਸਤਿਗੁਰੂ ਨਾਨਕ ਦੇਵ ਜੀ ਨੇ ਸ੍ਰੀ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਹੇ ਸੰਸਾਰ ਦੇ ਲੋਕੋ, ਮੈਂ ਤੁਹਾਨੂੰ ਸੱਚ ਦੱਸ ਰਿਹਾ ਹਾਂ, ਇਹ ਦ੍ਰਿਸ਼ਟਮਾਨ ਵਿੱਚ ਜੋ ਦਿਨ ਰਾਤ ਬਣ ਰਹੇ ਹਨ ਅਤੇ ਲੱਖਾਂ ਸੂਰਜ ਤੇ ਚੰਦਰਮਾ, ਅਣਗਿਣਤ ਤਾਰੇ ਦਿਸ ਰਹੇ ਹਨ, ਇਹ ਸਾਰੇ ਨਾਸ਼ਵੰਤ ਹਨ। ਇੱਕ ਦਿਨ ਇਹ ਸਾਰੇ ਖ਼ਤਮ ਹੋ ਜਾਣਗੇ। ਕੇਵਲ ਤੇ ਕੇਵਲ ਇੱਕ ਪਾਰਬ੍ਰਹਮ ਪਰਮਾਤਮਾ ਆਪ ਅਤੇ ਉਸ ਦਾ ਟਿਕਾਣਾ ਹੀ ਸਦਾ ਕਾਇਮ ਰਹੇਗਾ। ਆਪ ਜੀ ਦਾ ਫੁਰਮਾਨ ਹੈ :

**ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ॥**

**ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ ॥੮॥੧੭॥** ਮ: ੧, ਪੰਨਾ ੬੪

ਸਤਿਗੁਰੂ ਨਾਨਕ ਪਾਤਸ਼ਾਹ, ਸਿਰੀ ਰਾਗ ਅੰਦਰ ਪਰਮਾਤਮਾ ਦੇ ਨਿਹਚਲ ਧਾਮ ਪ੍ਰਤੀ ਫੁਰਮਾਨ ਕਰਦੇ ਹਨ। ਇੱਕ ਅਕਾਲ ਪੁਰਖ ਜੋ ਮਨ ਅਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ। ਸਾਰੀ ਕੁਦਰਤ ਕਾਇਨਾਤ ਦਾ ਮਾਲਕ, ਸਰਬ ਸ਼ਕਤੀਮਾਨ ਸਭ ਸੰਸਾਰ ਦਾ ਕਰਤਾ, ਕ੍ਰਿਪਾਲੂ ਵਾਹਿਗੁਰੂ ਦਾ ਟਿਕਾਣਾ (ਧਾਮ) ਹੀ ਸਦਾ ਰਹਿਣ ਵਾਲਾ ਹੈ। ਬਾਕੀ ਸਭ ਕ੍ਰਿਤ ਆਉਣ ਜਾਣ ਵਾਲੀ ਭਾਵ ਨਾਸ਼ਵੰਤ ਹੈ। ਆਪ ਦਾ ਫੁਰਮਾਨ ਹੈ :

**ਅਲਾਹੁ ਅਲਖੁ ਅਗੰਮੁ ਕਾਦਰੁ ਕਰਣਹਾਰੁ ਕਰੀਮੁ ॥**

**ਸਭ ਦੁਨੀ ਆਵਣ ਜਾਵਣੀ ਮੁਕਾਮੁ ਏਕੁ ਰਹੀਮੁ ॥੬॥** ਮ: ੧, ਪੰਨਾ ੬੪

ਇਸੇ ਲਈ ਵਾਹਿਗੁਰੂ ਦੇ ਚਰਨਾਂ ਵਿੱਚ ਅਰਦਾਸ ਕਰਕੇ ਮੰਗ ਕੀਤੀ ਹੈ। ਹੇ ਸਤਿਗੁਰੂ ਜੀ "**ਨਿਹਚਲ ਧਾਮ**" ਦੇ ਮਾਲਕ ਨਾਲ ਮੇਲਣ ਦੀ ਕ੍ਰਿਪਾ ਕਰੋ ਜੀ, ਨਿਹਚਲ ਧਾਮ ਕੇਵਲ ਪਰਮਾਤਮਾ ਦਾ ਹੀ ਹੈ।

❒ ❒ ❒

# ਚੇਤਿ (ਚੇਤ)

ਮੂਲ-ਪਾਠ

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥*

*ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥*

*ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥*

*ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥*

*ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥*

*ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥*

*ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥*

*ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥*

*ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥੨ ॥*

**ਪਦ-ਅਰਥ :** **ਚੇਤਿ** = ਚੇਤਰ (ਮਹੀਨੇ ਦਾ ਨਾਉਂ)। **ਗੋਵਿੰਦੁ** = ਪ੍ਰਿਥਵੀ ਦਾ ਮਾਲਕ ਪਰਮਾਤਮਾ। **ਅਰਾਧੀਐ** = ਸਿਮਰੀਏ। **ਘਣਾ** = ਬਹੁਤ ਜ਼ਿਆਦਾ। **ਸੰਤ ਜਨਾ ਮਿਲਿ ਪਾਈਐ** = ਸਤਪੁਰਸ਼ਾਂ ਦੀ ਸੰਗਤ ਵਿੱਚੋਂ ਹੀ ਪ੍ਰਾਪਤ ਹੁੰਦਾ ਹੈ। **ਰਸਨਾ ਨਾਮੁ ਭਣਾ** = ਰਸਨਾ ਨਾਲ ਨਾਮ ਜਪਣ ਦਾ ਸਮਾਂ। **ਆਏ ਤਿਸਹਿ ਗਣਾ** = ਉਸਦਾ ਹੀ ਸੰਸਾਰ ਵਿੱਚ ਜਨਮ ਲੈਣਾ ਸਫ਼ਲ ਗਿਣਿਆ ਜਾਂਦਾ ਹੈ। **ਤਿਸੁ ਬਿਨੁ ਜੀਵਣਾ** = ਵਾਹਿਗੁਰੂ ਦੀ ਯਾਦ ਤੋਂ ਬਿਨਾਂ ਜੋ ਜੀਵਨ ਹੈ। **ਜਣਾ** = ਜਾਣੋ। **ਮਹੀਅਲਿ** = ਪੁਲਾੜ (ਅਕਾਸ਼)। **ਪੂਰਿਆ** = ਪਰੀ-ਪੂਰਨ (ਸਰਬ-ਵਿਆਪਕ)। **ਵਣਾ** = ਜੰਗਲਾਂ-ਬੇਲਿਆਂ ਵਿੱਚ। **ਕਿਤੜਾ ਦੁਖੁ ਗਣਾ** = ਬਹੁਤ ਵੱਡਾ ਦੁੱਖ (ਜਿਸ ਦੀ ਗਿਣਤੀ ਨ ਹੋ ਸਕੇ। **ਰਾਵਿਆ** = ਮਿਲਾਪ ਦਾ ਰਸ ਮਾਣਿਆ। **ਭਾਗੁ ਮਣਾ** = ਮਣਾਂ-ਮੂੰਹੀ ਭਾਗ (ਬਹੁਤ ਵਡ-ਭਾਗੇ)। **ਲੋਚਦਾ** = ਤਾਂਘ ਦਾ (ਚਾਹੁੰਦਾ) **ਮਨਾ** = ਮਨ ਅੰਦਰ। **ਸੋ ਪ੍ਰਭੂ** = ਉਸ ਪਰਮਾਤਮਾ ਨੂੰ। **ਤਿਸ ਕੈ ਪਾਇ ਲਗਾ** = ਮੈਂ ਉਸ ਦੇ ਚਰਨੀਂ ਲੱਗਾਂ।



# ਹੋਵੈ ਅਨੰਦੁ ਘਣਾ

ਸੰਸਾਰ ਵਿੱਚ ਵਿਚਰਦਿਆਂ ਆਪਾਂ ਵੇਖਦੇ ਹਾਂ ਕਿ ਹਰ ਮਨੁੱਖ, ਸੁੱਖ ਅਤੇ ਅਨੰਦੀ ਜੀਵਨ ਦਾ ਲੋੜਕੂ ਹੈ। ਸੁੱਖ ਅਤੇ ਅਨੰਦ ਦੀ ਪ੍ਰਾਪਤੀ ਵਾਸਤੇ ਹੀ ਹਰ ਮਨੁੱਖ ਸਵੇਰ ਤੋਂ ਸ਼ਾਮ ਤੱਕ ਸ਼ਾਮ ਤੋਂ ਅਗਲੀ ਸਵੇਰ ਤੱਕ ਦੌੜ-ਭੱਜ ਕਰਦਾ ਹੈ। ਇਹ ਸਾਰੀ ਦੌੜ-ਭੱਜ ਦੇ ਪਿੱਛੇ ਮਨੁੱਖ ਦੀ ਸੁੱਖ ਤੇ ਅਨੰਦ ਦੀ ਚਾਹਨਾ ਛੁੱਪੀ ਪਈ ਹੈ। ਪਰ ਜਿਨ੍ਹਾਂ-ਜਿਨ੍ਹਾਂ ਸਾਧਨਾਂ ਅਤੇ ਵਸਤੂਆਂ ਦੁਆਰਾ ਮਨੁੱਖ, ਸੁੱਖ ਭਾਲਦਾ ਤੇ ਪ੍ਰਾਪਤ ਕਰਨਾ ਚਾਹੁੰਦਾ ਹੈ, ਉਨ੍ਹਾਂ ਵਸਤੂਆਂ ਅਤੇ ਸਾਧਨਾਂ ਵਿੱਚੋਂ ਮਨੁੱਖ ਨੂੰ ਸੁੱਖ ਪ੍ਰਾਪਤ ਹੋਣ ਦੀ ਥਾਂ ਸਗੋਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਸਾਕਾਰ ਹੋ ਕੇ ਦੁੱਖਾਂ ਦੀਆਂ ਪੰਡਾਂ ਖੋਹਲ ਦਿੰਦਾ ਹੈ। ਸਾਹਿਬਾਂ ਦਾ ਫੁਰਮਾਨ ਹੈ।

**ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥**

**ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥**

ਮ: ੧, ਪੰਨਾ ੧੨੪੦

ਦਰਅਸਲ, ਸੁੱਖ-ਅਨੰਦ-ਸ਼ਾਂਤੀ ਮਨੁੱਖ ਦੇ ਅੰਦਰ ਹੈ। ਮਾਇਆ ਦੇ ਅਗਿਆਨ ਭਰਮ ਕਾਰਣ ਮਨੁੱਖ, ਸੁੱਖ-ਸ਼ਾਂਤੀ ਬਾਹਰੀ ਪਦਾਰਥਾਂ ਵਿੱਚੋਂ ਭਾਲਦਾ ਹੈ। ਮਨੁੱਖ ਨਾਲ ਕਸਤੂਰੇ ਮਿਰਗ ਵਾਲੀ ਹਾਲਤ ਬਣੀ ਹੋਈ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

**ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ ॥**

**ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ ॥**

ਮ: ੩, ਪੰਨਾ ੬੪੪

ਬਾਹਰਮੁਖੀ ਬਿਰਤੀ ਦੁਆਰਾ ਜਿਨ੍ਹਾਂ ਸਾਧਨਾਂ ਦੁਆਰਾ ਜਾਂ ਜਿਨ੍ਹਾਂ ਪਦਾਰਥਾਂ ਵਿੱਚੋਂ ਮਨੁੱਖ ਸੁੱਖ ਭਾਲਦਾ ਹੈ, ਉਨ੍ਹਾਂ ਸਾਧਨਾਂ ਅਤੇ ਵਸਤੂਆਂ ਦਾ ਸਤਿਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਅੰਦਰ ਜ਼ਿਕਰ ਕਰਕੇ, ਆਪਣਾ ਅਟੱਲ ਫ਼ੈਸਲਾ ਸੁਣਾ ਦਿੱਤਾ ਹੈ ਕਿ ਹੇ ਸੁੱਖ-ਅਨੰਦ ਦੇ ਲੋੜਕੂ ਮਨੁੱਖ! ਇਨ੍ਹਾਂ ਪਦਾਰਥਾਂ ਵਿੱਚੋਂ ਤੈਨੂੰ ਸਦੀਵੀ ਅਨੰਦ ਕਦਾਚਿਤ ਵੀ ਪ੍ਰਾਪਤ ਨਹੀਂ ਹੋ ਸਕਦਾ। ਸੁੱਖ ਅਨੰਦ ਦੀ ਪ੍ਰਾਪਤੀ ਦੇ ਰਸਤੇ ਦੀ ਚੋਣ ਤੂੰ ਗਲਤ ਕਰ ਲਈ ਹੈ।

ਤੂੰ ਸੁੱਖ-ਅਨੰਦ ਪ੍ਰਾਪਤ ਕਰਨਾ ਚਾਹੁੰਦਾ ਹੈਂ ਬਹੁਤੀ ਮਾਇਆ ਪ੍ਰਾਪਤ ਕਰਕੇ।

ਪਰ ਯਾਦ ਰੱਖ, ਜਿਉਂ-ਜਿਉਂ ਕਿਸੇ ਮਨੁੱਖ ਪਾਸ ਬਹੁਤੀ ਮਾਇਆ ਇੱਕਤ੍ਰ ਹੋ ਜਾਂਦੀ ਹੈ, ਉਨਾਂ ਹੀ ਉਸ ਮਨੁੱਖ ਨੂੰ ਸੁੱਖ ਮਿਲਣ ਦੀ ਥਾਂ ਚਿੰਤਾ ਦਾ ਦੁੱਖ ਆ ਚਿੰਬੜਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥** ਮਾਰੂ ਮ: ੫, ਪੰਨਾ ੧੦੧੯

ਹੇ ਮਨੁੱਖ ! ਤੂੰ ਮਨ ਨੂੰ ਸ਼ਾਂਤ ਤੇ ਅਨੰਦਿਤ ਕਰਨਾ ਚਾਹੁੰਦਾ ਹੈ, ਤਰ੍ਹਾਂ-ਤਰ੍ਹਾਂ ਦੇ ਰੰਗ ਤਮਾਸ਼ੇ ਤੇ ਨ੍ਰਿਤ-ਨਾਚ ਅੱਖਾਂ ਦੁਆਰਾ ਵੇਖ ਕੇ, ਪਰ ਯਾਦ ਰਖੀਂ, ਜਿਨ੍ਹਾਂ ਚਿਰ ਨ੍ਰਿਤ-ਨਾਚ, ਰੰਗ-ਤਮਾਸ਼ੇ, ਅੱਖਾਂ ਦੁਆਰਾ ਮਨ ਵੇਖਦਾ ਰਹੇਗਾ ਉਨਾਂ ਚਿਰ ਇਨ੍ਹਾਂ ਹੋਛੇ ਰਸਾਂ ਵਿੱਚ ਮਨ ਪਰਚਿਆ ਰਹੇਗਾ। ਜਦੋਂ ਇਹ ਨਾਚ-ਰੰਗ, ਨ੍ਰਿਤ-ਨਾਟ ਅੱਖਾਂ ਤੋਂ ਪਰ੍ਹੇ ਹੋਏ, ਮਨ ਅਤ੍ਰਿਪਤੀ ਅਧੀਨ ਹੋਰ ਭਟਕੇਗਾ ਤੇ ਭਾਈ ਗੁਰਦਾਸ ਜੀ ਦਾ ਫੁਰਮਾਨ :

**ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ ॥** ਵਾਰ ੨੭ ਪਉੜੀ ੯

ਅਵੱਸ਼ ਸਾਕਾਰ ਹੋ ਕੇ ਤੈਨੂੰ ਹੋਰ ਦੁੱਖੀ ਤੇ ਪ੍ਰੇਸ਼ਾਨ ਕਰੇਗਾ।

ਜੇ ਬਹੁਤੀ ਮਾਇਆ ਨਾਲ ਸੁੱਖ ਨਾ ਮਿਲੇ, ਅੱਖਾਂ ਨਾਲ ਰੰਗ-ਤਮਾਸ਼ੇ ਨ੍ਰਿਤ-ਨਾਚ ਵੇਖ ਕੇ ਵੀ ਮਨ ਅਨੰਦਿਤ ਨਾ ਹੋਵੇ ਫਿਰ ਮਨ ਅੰਦਰ ਰਾਜ-ਭਾਗ ਦੀ ਪ੍ਰਾਪਤੀ ਦੀ ਲਾਲਸਾ ਉਪਜਦੀ ਹੈ ਕਿ ਜੇ ਕਿਤੇ ਮੈਨੂੰ ਰਾਜ-ਭਾਗ ਮਿਲ ਜਾਵੇ। ਸਾਰੀ ਪਰਜਾ ਮੇਰਾ ਹੁਕਮ ਮੰਨੇ, ਮਨ ਭਾਉਂਦੇ ਮੈਂ ਕਰਮ ਕਰਾਂ, ਮੈਨੂੰ ਰੋਕਣ ਵਾਲਾ ਕੋਈ ਨਾ ਹੋਵੇ ਫਿਰ ਸ਼ਾਇਦ ਮੈਂ ਸੁਖੀ ਤੇ ਅਨੰਦਿਤ ਹੋ ਜਾਵਾਂ। ਸਤਿਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਅੰਦਰ ਆਪਣਾ ਫੈਸਲਾ ਸੁਣਾਉਂਦੇ ਫੁਰਮਾਨ ਕਰਦੇ ਹਨ ਕਿ ਇੱਕ ਦੇਸ਼ ਦਾ ਰਾਜ ਹੀ ਨਹੀਂ ਭਾਵੇਂ ਸਾਰੀ ਦੁਨੀਆਂ ਦਾ ਰਾਜ-ਭਾਗ ਮਨੁੱਖ ਨੂੰ ਮਿਲ ਜਾਵੇ, ਤਦ ਵੀ ਮਨੁੱਖ ਅਨੰਦਿਤ ਨਹੀਂ ਹੋਵੇਗਾ ਸਗੋਂ ਦੁੱਖੀ ਜ਼ਰੂਰ ਹੋਵੇਗਾ। ਸਤਿਗੁਰਾਂ ਦਾ ਫੁਰਮਾਨ ਹੈ:

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥** ਮ: ੫, ਪੰਨਾ ੨੬੪

ਮਨੁੱਖ ਸੁਖੀ ਤੇ ਅਨੰਦਿਤ ਕਿਵੇਂ ਹੋ ਸਕਦਾ ਹੈ ? ਸੁੱਖ ਤੇ ਅਨੰਦ ਦੀ ਪ੍ਰਾਪਤੀ ਦਾ ਰਸਤਾ ਹੈ, ਪਰਮਾਤਮਾ ਦੇ ਗੁਣ ਗਾਉਣੇ ਅਤੇ ਪਰਮਾਤਮਾ ਦੇ ਨਾਮ ਦੀ ਕਮਾਈ ਕਰਨੀ। ਨਾਮ ਜਪਣ ਅਤੇ ਪ੍ਰਭੂ ਗੁਣ ਗਾਉਣ ਨਾਲ, ਲੋਕ-ਪ੍ਰਲੋਕ ਦੇ, ਮਨ ਅਤੇ ਤਨ ਦੇ ਸਾਰੇ ਸੁੱਖ ਅਨੰਦ ਮਨੁੱਖ ਪ੍ਰਾਪਤ ਕਰਕੇ ਸਦਾ ਲਈ :

**ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ ॥**

ਸੂਹੀ ਮ: ੫, ਪੰਨਾ ੭੬੩



ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਪੜ੍ਹੀਏ ਅਟੱਲ ਸੱਚਾਈ ਅਤੇ ਅਸਲੀਅਤ ਦਾ ਪਤਾ ਚੱਲ ਜਾਵੇਗਾ।

**ਸੁਖੁ ਨਾਹੀ ਬਹੁਤੈ ਧਨਿ ਖਾਟੇ ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥**

**ਸੁਖੁ ਨਾਹੀ ਬਹੁ ਦੇਸ ਕਮਾਏ ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥੧ ॥**

ਭੈਰਉ ਮ: ੫, ਪੰਨਾ ੧੧੪੭

ਇਸੇ ਕਰਕੇ ਬਾਰਹਮਾਹ ਦੀ ਬਾਣੀ ਦੇ ਪਹਿਲੇ ਮਹੀਨੇ ਚੇਤ ਨੂੰ ਸਨਮੁਖ ਰੱਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ **"ਹੋਵੈ ਅਨੰਦੁ ਘਣਾ"** ਦੀ ਪ੍ਰਾਪਤੀ ਦਾ ਰਸਤਾ **"ਚੇਤਿ ਗੋਵਿੰਦੁ ਅਰਾਧੀਐ"** ਦਰਸਾ ਕੇ ਜਗਿਆਸੂਆਂ ਨੂੰ ਪ੍ਰਭੂ ਅਰਾਧਨਾ ਭਾਵ, ਨਾਮ, ਜਪ ਦਾ ਰਸਤਾ ਅਖਤਿਆਰ ਕਰਨ ਲਈ ਉਪਦੇਸ਼ ਪ੍ਰਦਾਨ ਕੀਤਾ ਹੈ।

## *ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥*

**ਅੱਖਰੀ-ਅਰਥ** : ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਸੰਸਾਰੀ ਜੀਵਾਂ ਨੂੰ ਅਨੰਦ ਦੀ ਪ੍ਰਾਪਤੀ ਦਾ ਰਸਤਾ ਦਰਸਾਉਂਦੇ ਚੇਤ ਮਹੀਨੇ ਦੁਆਰਾ ਉਪਦੇਸ਼ ਕਰਦੇ ਹਨ ਕਿ ਜੇ ਸੰਸਾਰ ਦੇ ਮਾਲਕ ਵਾਹਿਗੁਰੂ ਦਾ ਅਰਾਧਨ ਕਰੀਏ ਤਾਂ ਪ੍ਰਭੂ ਅਰਾਧਨਾ ਕਰਨ ਵਾਲੇ ਜਗਿਆਸੂ ਨੂੰ ਅਤਿਅੰਤ ਆਤਮਿਕ ਅਨੰਦ ਪ੍ਰਾਪਤ ਹੁੰਦਾ ਹੈ।

**ਸੰਖੇਪ-ਵਿਚਾਰ** : ਪ੍ਰਮਾਤਮਾ ਨੇ ਸੰਸਾਰ ਦੀ ਖੇਡ ਹੀ ਐਸੀ ਬਣਾਈ ਹੈ ਕਿ ਕੁਝ ਪੂਰਬਲੇ ਸੰਸਕਾਰਾਂ ਤੇ ਕੁਝ ਇਸ ਸੰਸਾਰ ਦੇ ਕਿਰਤ-ਕਰਮਾਂ ਦੇ ਪ੍ਰਭਾਵ ਅਧੀਨ ਮਨੁੱਖ ਦੇ ਮਨ ਅੰਦਰ ਕੋਈ ਨਾ ਕੋਈ ਅਰਾਧਨਾ ਹਰ ਸਮੇਂ ਚੱਲਦੀ ਰਹਿੰਦੀ ਹੈ। ਕਦੇ ਪਰਿਵਾਰ ਦੀ, ਕਦੇ ਕਾਰੋਬਾਰ ਦੀ, ਕਦੇ ਸੰਸਾਰ ਦੀ ਅਰਾਧਨਾ ਚੱਲਦੀ ਰਹਿੰਦੀ ਹੈ। ਇਨ੍ਹਾਂ ਚਲ ਰਹੀਆਂ ਅਰਾਧਨਾਵਾਂ ਵਿੱਚੋਂ ਅਨੰਦ ਤਾਂ ਕੀ ਮਿਲਣਾ ਹੈ, ਸਗੋਂ ਮਨ ਅੰਦਰ ਚਲ ਰਹੀਆਂ ਇਨ੍ਹਾਂ ਅਰਾਧਨਾਵਾਂ ਦੀ ਸੋਚ ਵਿੱਚੋਂ ਚਿੰਤਾ ਜਾਂ ਦੁੱਖ ਜ਼ਰੂਰ ਪ੍ਰਾਪਤ ਹੁੰਦਾ ਹੈ। ਇਸੇ ਲਈ ਹੀ ਸਤਿਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਅੰਦਰ ਫੁਰਮਾਨ ਕੀਤਾ ਹੈ। ਹੇ ਮਨੁੱਖ! ਤੇਰੇ ਮਨ ਅੰਦਰ ਕੋਈ ਨ ਕੋਈ ਅਰਾਧਨਾ ਤਾਂ ਚਲਣੀ ਹੀ ਹੈ। ਤੂੰ ਯਤਨ ਕਰ, ਤੇਰੇ ਮਨ ਅੰਦਰ ਸਾਰੀਆਂ ਅਰਾਧਨਾਵਾਂ ਨਾਲੋਂ ਸ੍ਰੇਸ਼ਟ, ਚੰਗੀ ਅਰਾਧਨਾ ਚਲੇ। ਜਿਸ ਅਰਾਧਨਾ ਨਾਲ ਤੈਨੂੰ ਅਨੰਦ ਵੀ ਪ੍ਰਾਪਤ ਹੋਵੇ ਤੇ ਤੇਰੀਆਂ ਸਾਰੀਆਂ ਚਿੰਤਾਵਾਂ ਵੀ ਦੂਰ ਹੋ ਜਾਣ, ਉਹ ਅਰਾਧਨਾ ਹੈ ਹਰੀ ਨਾਮ ਦੀ ਅਰਾਧਨਾ।

**ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ॥**

ਮਃ ੫, ਪੰਨਾ ੧੦੧੮

ਹਰੀ ਨਾਮ ਦੀ ਅਰਾਧਨਾ ਨਾਲ ਤੈਨੂੰ ਅਨੰਦ ਵੀ ਪ੍ਰਾਪਤ ਹੋਵੇਗਾ ਤੇ ਤੇਰੇ ਦੁਨਿਆਵੀ ਸਾਰੇ ਫਿਕਰ ਵੀ ਖਤਮ ਹੋ ਜਾਣਗੇ, ਸਤਿਗੁਰੂ ਅਰਜਨ ਦੇਵ ਜੀ ਤੈਨੂੰ ਗੁੰਟੀ ਦੇ ਰਹੇ ਹਨ :

**ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥** ਮਃ ੫, ਪੰਨਾ ੧੩੩

ਸਤਿਗੁਰੂ ਅਰਜਨ ਦੇਵ ਜੀ, ਗੂਜਰੀ ਦੀ ਵਾਰ ਅੰਦਰ "**ਗੁਰੂ-ਅਰਾਧਨਾ**" ਦੀ ਮਹਾਨਤਾ ਦਰਸਾਉਂਦੇ ਫੁਰਮਾਨ ਕਰਦੇ ਹਨ ਕਿ ਜੇ ਮਨੁੱਖ ਗੁਰੂ-ਅਰਾਧਨਾ ਕਰਨ ਦੇ ਨਾਲ ਤਿੰਨ ਕਰਮਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰ ਲਵੇ, ਅਜਿਹੇ ਗੁਰੂ ਪਿਆਰੇ ਨੂੰ ਪ੍ਰਭੂ ਦਰਗਾਹ ਵਿੱਚ ਥਾਂ ਪ੍ਰਾਪਤ ਹੋ ਜਾਂਦੀ ਹੈ। ਉਹ ਕਰਮ ਕਿਹੜੇ ਹਨ ? ਪਹਿਲਾ ਕਰਮ ਹੈ "**ਅੰਤਰਿ ਗੁਰੁ ਆਰਾਧਨਾ**" ਹਮੇਸ਼ਾ ਆਪਣੀ ਸਿਮ੍ਰਤੀ ਵਿੱਚ ਗੁਰੂ ਦਾ ਬਖਸ਼ਿਸ਼ ਕੀਤਾ ਉਪਦੇਸ਼ ਵਸਾਈ ਰੱਖਣਾ। ਦੂਸਰਾ ਕਰਮ ਹੈ "**ਜਿਹਵਾ ਜਪਿ ਗੁਰ ਨਾਉ**" ਸਤਿਗੁਰੂ ਵਲੋਂ ਬਖਸ਼ਿਸ਼ ਕੀਤਾ ਨਾਮ ਰਸਨਾ ਨਾਲ ਜਪਣਾ। ਤੀਸਰਾ ਕਰਮ ਹੈ "**ਨੇਤ੍ਰੀ ਸਤਿਗੁਰੁ ਪੇਖਣਾ**" ਹਰ ਇੱਕ ਵਿੱਚ ਗੁਰੂ ਦੀ ਜੋਤ, ਗੁਰੂ ਦਾ ਨਿਵਾਸ ਵੇਖ ਕੇ ਉਸ ਨਾਲ ਪ੍ਰੇਮ-ਪਿਆਰ ਦਾ ਵਰਤੋਂ ਵਿਉਹਾਰ ਕਰਨਾ। ਚੌਥਾ ਕਰਮ ਹੈ "**ਸ੍ਰਵਣੀ ਸੁਨਣਾ ਗੁਰ ਨਾਉ**" ਕੰਨਾਂ ਨਾਲ ਕਿਸੇ ਦੀ ਨਿੰਦਿਆ ਚੁਗਲੀ ਜਾਂ ਅਸ਼ਲੀਲ ਸਾਕਤੀ ਬੋਲ ਨਹੀ ਸੁਣਨੇ। ਕੰਨਾਂ ਨਾਲ ਕੇਵਲ ਪ੍ਰਭੂ-ਜਸ ਅਥਵਾ ਗੁਰੂ ਦਾ ਨਾਮ ਹੀ ਸੁਣਨਾ ਹੈ। ਜੋ ਗੁਰੂ ਪਿਆਰਾ ਇਨ੍ਹਾਂ ਚਾਰ ਕਰਮਾਂ ਦਾ ਧਾਰਨੀ ਬਣ ਜਾਂਦਾ ਹੈ, ਉਸ ਦਾ ਪਿਆਰ ਸਤਿਗੁਰੂ ਨਾਲ ਬਣ ਜਾਂਦਾ ਹੈ ਅਤੇ ਉਸ ਨੂੰ ਸਦੀਵ ਕਾਲ ਪਰਮਾਤਮਾ ਦੀ ਦਰਗਾਹ ਵਿੱਚ ਥਾਂ ਪ੍ਰਾਪਤ ਹੋ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ:

**ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ॥**

**ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥**

**ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ॥** ਮਃ ੫. ਪੰਨਾ ੫੧੭

ਸੋ ਹਰ ਪ੍ਰਾਣੀ ਨੂੰ, ਪ੍ਰਭੂ ਚਰਨਾਂ ਵਿੱਚ ਥਾਂ ਪ੍ਰਾਪਤ ਕਰਨ ਲਈ, ਸਤਿਗੁਰੂ ਅਰਜਨ ਦੇਵ ਜੀ ਵੱਲੋਂ ਪਹਿਲੇ ਮਹੀਨੇ ਦੁਆਰਾ ਪਹਿਲੀ ਪੰਕਤੀ ਦੇ ਉਪਦੇਸ਼ "**ਚੇਤਿ ਗੋਵਿੰਦੁ ਅਰਾਧੀਐ**" ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨਾ ਚਾਹੀਦਾ ਹੈ।



ਇਸ ਉਪਦੇਸ਼ ਨੂੰ ਧਾਰਨ ਕਰਨ ਨਾਲ "**ਹੋਵੈ ਅਨੰਦੁ ਘਣਾ**" ਦੀਆਂ ਦਾਤਾਂ ਪ੍ਰਾਪਤ ਹੋਣਗੀਆਂ।

## *ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥*

**ਅੱਖਰੀ-ਅਰਥ :** ਪ੍ਰਭੂ ਅਰਾਧਨਾ ਦੀ ਪਹਿਲੀ ਅਵਸਥਾ ਰਸਨਾ ਨਾਲ ਸਿਮਰਨ ਕਰਨ ਤੋਂ ਅਰੰਭ ਹੁੰਦੀ ਹੈ। ਰਸਨਾ ਨਾਲ ਸਿਮਰਨ ਕਰਨ ਦੀ ਦਾਤ ਨਾਮ ਸਿਮਰਨ ਕਰਨ ਵਾਲੇ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਜਾ ਕੇ ਪ੍ਰਾਪਤ ਹੁੰਦੀ ਹੈ।

**ਸੰਖੇਪ-ਵਿਚਾਰ :** ਪਰਮਾਤਮਾ ਨੇ ਮਨੁੱਖਾ ਜਨਮ ਸਾਰੀਆਂ ਜੂਨਾਂ ਚੋਂ ਉੱਤਮ ਜੂਨ ਮਨੁੱਖ ਨੂੰ ਬਖਸ਼ਿਸ਼ ਕੀਤੀ ਹੈ। ਇਸ ਅਮੋਲਕ ਸਰੀਰ ਦੇ ਸਾਰੇ ਇੰਦ੍ਰਿਆਂ ਵਿੱਚੋਂ ਰਸਨਾ ਨੂੰ ਸਭ ਤੋਂ ਜ਼ਿਆਦਾ ਮਹਾਨਤਾ ਦਿੱਤੀ ਹੈ ਕਿਉਂਕਿ ਰਸਨਾ ਹੀ ਇੱਕ ਵਸੀਲਾ ਹੈ ਜਿਸ ਨਾਲ ਮਨੁੱਖ ਆਪਣੇ ਮੂਲ ਪਰਮਾਤਮਾ ਨਾਲ ਇੱਕ-ਮਿੱਕ ਹੋ, ਪ੍ਰਭੂ ਅਭੇਦਤਾ ਦੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ। ਇਸੇ ਲਈ ਹੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਦੀ ਬਾਣੀ ਅੰਦਰ ਪਰਮਾਤਮਾ ਪਾਸੋਂ ਇੱਕ ਜੀਭ ਤੋਂ ਲੱਖਾਂ ਜੀਭਾਂ ਦੀ ਤੇ ਲੱਖਾਂ ਤੋਂ ਵੀਹ ਲੱਖ ਜੀਹਵਾ ਦੀ ਮੰਗ ਕਰਕੇ, ਪ੍ਰਭੂ ਨਾਲ ਮਿਲਣ ਦੀ ਲਾਲਸਾ ਦਰਸਾਈ ਹੈ। ਆਪ ਦਾ ਫੁਰਮਾਨ ਹੈ ਕਿ ਹੇ ਪ੍ਰਭੂ ਕਿਰਪਾ ਕਰ!

**ਇਕ ਦੂ ਜੀਭੌ ਲਖ ਹੋਹਿ ਲਖ ਹੋਵਹਿ ਲਖ ਵੀਸ॥**

**ਲਖੁ ਲਖੁ ਗੇੜਾ ਆਖੀਅਹਿ ਏਕੁ ਨਾਮੁ ਜਗਦੀਸ॥**

**ਏਤੁ ਰਾਹਿ ਪਤਿ ਪਵੜੀਆ ਚੜੀਐ ਹੋਇ ਇਕੀਸ॥** ਜਪੁਜੀ, ਪੰਨਾ੭

ਜਿਸ ਜੀਭ ਨਾਲ ਪਰਮਾਤਮਾ ਦਾ ਨਾਮ ਜਪਿਆ ਜਾਂਦਾ ਹੈ। ਜਿਸ ਰਸਨਾ ਨਾਲ ਪਰਮਾਤਮਾ ਦੇ ਗੁਣ ਗਾਏ ਜਾਂਦੇ ਹਨ। ਸਤਿਗੁਰੂ ਰਾਮਦਾਸ ਜੀ ਨੇ ਬਿਹਾਗੜਾ ਰਾਗ ਅੰਦਰ ਅਜਿਹੀ ਰਸਨਾ ਨੂੰ ਧੰਨ-ਧੰਨ ਕਹਿ ਕੇ ਸਤਿਕਾਰਿਆ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥**

ਮਃ ੪, ਪੰਨਾ ੫੪੦

ਜਿਸ ਰਸਨਾ ਦੁਆਰਾ ਪਰਮਾਤਮਾ ਦਾ ਨਾਮ ਨਹੀਂ ਜਪਿਆ ਜਾਂਦਾ ਅਜਿਹੀ ਰਸਨਾ ਦਾ ਕੋਈ ਲਾਭ ਨਹੀਂ। ਅਜਿਹੀ ਜੀਭ ਨੂੰ ਤਾਂ ਤਿੱਲ-ਤਿੱਲ ਜਿੰਨਾ ਕੱਟ ਕੇ

ਸੁੱਟ ਦੇਣਾ ਚਾਹੀਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਨਹੇ ਬਾਣੀ ਅੰਦਰ ਫੁਰਮਾਨ ਹੈ :

**ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥** ਮ: ੫, ਪੰਨਾ ੧੩੬੨

ਅਤੇ : **ਸਾ ਰਸਨਾ ਜਲਿ ਜਾਉ ਜਿਨਿ ਹਰਿ ਕਾ ਨਾਉ ਵਿਸਾਰਿਆ ॥**

ਮ: ੩, ਪੰਨਾ ੫੫੦

ਰਸਨਾ ਦੀ ਸਫਲਤਾ ਲਈ ਤੇ ਪ੍ਰਭੂ ਮਾਰਗ ਦੇ ਪਾਂਧੀ ਬਣ ਕੇ ਆਪਣੇ ਮੂਲ ਪਰਮਾਤਮਾਂ ਨਾਲ ਜੁੜਨ ਵਾਸਤੇ, ਸਤਪੁਰਖਾਂ ਦੀ ਸੰਗਤ ਵਿੱਚ ਬੈਠਣ ਨਾਲ "**ਰਸਨਾ ਨਾਮੁ ਭਣਾ**" ਦੀ ਦਾਤ ਜਗਿਆਸੂ ਨੂੰ ਪ੍ਰਾਪਤ ਹੁੰਦੀ ਹੈ। ਜਿਸ ਵਡਭਾਗੇ ਨੂੰ ਰਸਨਾ ਨਾਲ ਜਪਣ ਤੇ ਪ੍ਰਭੂ ਗੁਣ ਗਾਉਣ ਦੀ ਲਾਗ ਸਤ ਸੰਗਤ ਦੁਆਰਾ ਲੱਗ ਜਾਂਦੀ ਹੈ, ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਉਸ ਨੂੰ ਆਤਮਿਕ ਸ਼ਾਂਤੀ ਪ੍ਰਾਪਤ ਹੋ ਜਾਂਦੀ ਹੈ, ਉਹ ਸਹਿਜ ਅਵਸਥਾ ਦਾ ਧਾਰਨੀ ਬਣ ਕੇ ਅਨੰਦ ਦੀ ਦਾਤ ਨੂੰ ਮਾਣਦਾ ਹੈ। ਉਸ ਦੇ ਸਾਰੇ ਸਰੀਰਕ ਤੇ ਮਾਨਸਿਕ ਦੁੱਖ ਖ਼ਤਮ ਹੋ ਜਾਂਦੇ ਹਨ। ਸਤਿਗੁਰੂ ਜੀ ਦਾ ਟੋਡੀ ਰਾਗ ਅੰਦਰ ਫੁਰਮਾਨ ਹੈ :

**ਰਸਨਾ ਗੁਣ ਗੋਪਾਲ ਨਿਧਿ ਗਾਇਣ ॥**

**ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥**

ਮ: ੫, ਪੰਨਾ ੭੧੩

## *ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥*

**ਅੱਖਰੀ-ਅਰਥ :** ਜਿਸ ਜਗਿਆਸੂ ਨੇ ਪ੍ਰਭੂ ਸਿਮਰਨ ਕਰਕੇ ਆਪਣੇ ਮੂਲ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰ ਲਿਆ ਹੈ। ਉਸ ਮਨੁੱਖ ਦਾ ਹੀ ਇਸ ਸੰਸਾਰ ਵਿੱਚ (ਜਨਮ ਲੈਣਾ) ਆਉਣਾ (ਸਫ਼ਲ) ਗਿਣਤੀ ਵਿੱਚ ਹੈ।

**ਸੰਖੇਪ-ਵਿਚਾਰ :** ਪਰਮਾਤਮਾ ਨੇ ਮਨੁੱਖਾ ਜਨਮ ਤਾਂ ਸਾਨੂੰ ਸਾਰਿਆਂ ਨੂੰ ਦਿੱਤਾ ਹੈ ਪਰ ਜਿਸ ਜਗਿਆਸੂ ਨੇ ਮਨੁੱਖਾ ਜਨਮ ਦੇ ਵਸੀਲੇ ਨਾਲ ਆਪਣੇ ਮੂਲ ਪਰਮਾਤਮਾ ਨੂੰ ਪ੍ਰਾਪਤ ਕਰ ਲਿਆ। ਜਿਸ ਨੇ ਪਰਮਾਤਮਾ ਨਾਲ ਆਪਣੀ ਆਤਮਾ ਦੀ ਸਾਂਝ ਪਾ ਲਈ, ਉਸ ਦਾ ਹੀ ਇਸ ਸੰਸਾਰ ਅੰਦਰ ਆਉਣਾ ਗਿਣਤੀ ਵਿੱਚ ਹੈ। ਜਿਹੜੇ, ਮਨੁੱਖਾ ਜਨਮ ਦੇ ਵਸੀਲੇ ਨਾਲ ਆਪਣੇ ਮੂਲ ਨਾਲ ਨਹੀਂ ਜੁੜੇ, ਸਤਿਗੁਰੂ



ਦੀ ਦ੍ਰਿਸ਼ਟੀ ਵਿੱਚ ਉਨ੍ਹਾਂ ਵਿੱਚ ਤੇ ਭਾਰ ਢੋਣ ਵਾਲੇ ਪਸ਼ੂਆਂ ਵਿੱਚ ਕੋਈ ਅੰਤਰ ਨਹੀਂ। ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥** ਮ: ੫, ਪੰਨਾ ੨੫੧

ਜਿਨ੍ਹਾਂ ਨੇ ਪਰਮਾਤਮਾ ਨੂੰ ਮਿਲਣ ਦੀ ਥਾਂ ਅਮੋਲਕ ਮਨੁੱਖਾ ਜਨਮ ਦੀ ਦਾਤ ਦੇਣ ਵਾਲੇ ਪਰਮਾਤਮਾ ਨੂੰ ਹੀ ਭੁਲਾ ਦਿੱਤਾ ਹੈ। ਬਾਬਾ ਫ਼ਰੀਦ ਜੀ ਦੀ ਦ੍ਰਿਸ਼ਟੀ ਅੰਦਰ ਉਹ ਮਨੁੱਖ ਧਰਤੀ ਉੱਪਰ ਨਿਰਾ ਭਾਰ ਹੀ ਹਨ। ਆਪ ਦਾ ਆਸਾ ਰਾਗ ਅੰਦਰ ਪਿਆਰਾ ਬਚਨ ਹੈ :

**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥** ਫ਼ਰੀਦ ਜੀ, ਪੰਨਾ ੪੮੮

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਗੂਜਰੀ ਰਾਗ ਅੰਦਰ, ਪਰਮਾਤਮਾ ਤੋਂ ਭੁੱਲੇ ਹੋਏ ਮਨੁੱਖਾਂ ਨਾਲੋਂ ਪਸ਼ੂਆਂ ਨੂੰ ਚੰਗਾ ਦਰਸਾਇਆ ਹੈ। ਆਪ ਫੁਰਮਾਨ ਕਰਦੇ ਹਨ ਕਿ ਵੇਖੋ ਪਸ਼ੂ, ਸੁੱਕੇ ਪੱਠੇ ਖਾ ਕੇ ਅੰਮ੍ਰਿਤ ਰੂਪੀ ਦੁੱਧ ਸੰਸਾਰ ਨੂੰ ਪ੍ਰਦਾਨ ਕਰਦਾ ਹੈ। ਇਸ ਦੇ ਉਲਟ ਮਨੁੱਖ ਤਰ੍ਹਾਂ-ਤਰ੍ਹਾਂ ਦੇ ਅੰਮ੍ਰਿਤ ਰੂਪੀ ਭੋਜਨ ਛੱਕ ਕੇ ਵੀ ਉਹ ਕਰਮ ਨਹੀਂ ਕਰਦਾ, ਜਿਸ ਦੇ ਕਰਨ ਵਾਸਤੇ ਪਰਮਾਤਮਾ ਨੇ ਮਨੁੱਖਾ ਜਨਮ ਦੀ ਦਾਤ ਬਖਸ਼ਿਸ਼ ਕੀਤੀ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ॥**

**ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ॥** ਮ: ੧, ਪੰਨਾ ੪੮੯

ਗੁਰੂ ਦੀ ਦ੍ਰਿਸ਼ਟੀ ਵਿੱਚ ਉਨ੍ਹਾਂ ਦਾ ਹੀ ਇਸ ਸੰਸਾਰ ਅੰਦਰ ਆਉਣਾ ਸਫ਼ਲ ਹੈ ਜਿਨ੍ਹਾਂ ਨੇ ਸੁਆਸ-ਸੁਆਸ ਪਰਮਾਤਮਾ ਦਾ ਨਾਮ ਜਪ ਕੇ ਆਪਣੇ ਮੂਲ ਨਾਲ ਜੁੜ ਕੇ ਪਰਮਾਤਮਾ ਦੇ ਮਿਲਾਪ ਦਾ ਰਸ ਮਾਣਿਆ ਹੈ। ਅਜਿਹੇ ਗੁਰੂ ਪਿਆਰੇ ਧੰਨ ਹਨ। ਉਨ੍ਹਾਂ ਦਾ ਹੀ ਇਸ ਸੰਸਾਰ ਅੰਦਰ ਆਉਣਾ ਪਰਵਾਨ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥**

**ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥੧ ॥**

**॥ ਪਉੜੀ ॥ ਆਇਆ ਸਫਲ ਤਾਹੂ ਕੋ ਗਨੀਐ ॥**

**ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥** ਮ: ੫, ਪੰਨਾ ੨੫੨

ਜਿਨ੍ਹਾਂ ਨੇ ਗੁਰੂ ਅਗਵਾਈ ਵਿੱਚ ਪ੍ਰਭੂ ਮਿਲਾਪ ਲਈ ਨਾਮ-ਜਪ ਦਾ ਰਸਤਾ ਅਪਣਾ

ਲਿਆ ਅਤੇ ਨਾਮ ਜਪ ਦੀ ਬਰਕਤ ਨਾਲ ਉਹ ਸਦਾ ਲਈ ਪ੍ਰਭੂ ਦੇ ਦੀਦਾਰ ਕਰ, ਪ੍ਰਭੂ ਵਿੱਚ ਸਮਾ ਗਏ। ਉਨ੍ਹਾਂ ਦਾ ਆਵਣ-ਜਾਣ ਦਾ ਚੱਕਰ ਖ਼ਤਮ ਹੋ ਗਿਆ। ਉਨ੍ਹਾਂ ਦਾ ਇਸ ਸੰਸਾਰ ਵਿੱਚ ਆਉਣਾ ਸਫ਼ਲ ਹੋ ਗਿਆ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਏਕਹਿ ਆਵਨ ਫਿਰਿ ਜੋਨਿ ਨ ਆਇਆ ॥**

**ਨਾਨਕ ਹਰਿ ਕੈ ਦਰਸਿ ਸਮਾਇਆ ॥** ਮ: ੫, ਪੰਨਾ ੨੫੨

ਗਿਣਤੀ ਵਿੱਚ ਉਹ ਹੀ ਸ਼ੁਮਾਰ ਹੁੰਦੇ ਹਨ ਜਿਨ੍ਹਾਂ ਉੱਪਰ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ "**ਜਿਨਿ ਪਾਇਆ ਪ੍ਰਭੁ ਆਪਨਾ ਆਏ ਤਿਸਹਿ ਗਣਾ**" ਸਾਕਾਰ ਹੋ ਜਾਂਦਾ ਹੈ।

## *ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ।*

**ਅੱਖਰੀ-ਅਰਥ :** ਇੱਕ ਪਲ-ਭਰ ਦਾ ਸਮਾਂ ਵੀ ਪਰਮਾਤਮਾ ਦੀ ਯਾਦ ਬਗੈਰ ਜੀਵਣਾ, ਅਮੋਲਕ ਮਨੁੱਖਾ ਜੀਵਨ ਦੇ ਅਉਸਰ ਨੂੰ ਵਿਅਰਥ ਗੁਆਉਣਾ ਹੈ।

**ਸੰਖੇਪ-ਵਿਚਾਰ :** ਪਰਮਾਤਮਾ ਨੇ ਅਸਾਂ ਜੀਵਾਂ ਨੂੰ ਇਸ ਸੰਸਾਰ ਵਿੱਚ ਵਣਜਾਰੇ (ਵਪਾਰੀ) ਬਣਾ ਕੇ ਭੇਜਿਆ ਹੈ। ਮਾਤਲੋਕ ਨੂੰ ਚੱਲਣ ਲੱਗਿਆਂ ਪਰਮਾਤਮਾ ਨੇ ਅਮੋਲਕ ਸਵਾਸਾਂ ਦੀ ਪੂੰਜੀ (ਰਾਸ), ਜੀਵ ਵਪਾਰੀਆਂ ਨੂੰ ਬਖਸ਼ਿਸ਼ ਕੀਤੀ ਅਤੇ ਨਾਲ ਹੀ ਹੁਕਮ ਕਰ ਦਿੱਤਾ ਐ ਜੀਵ ਵਪਾਰੀ!

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

ਮ: ੫, ਪੰਨਾ ੧੨

ਜਿਨ੍ਹਾਂ ਜੀਵ ਰੂਪੀ ਵਪਾਰੀਆਂ ਨੇ ਗੁਰੂ-ਹੁਕਮ ਨੂੰ ਯਾਦ ਰੱਖ ਕੇ ਨਾਮ ਰੂਪੀ ਧਨ ਦੀ ਖੱਟੀ, ਸੁਆਸਾਂ ਦੀ ਰਾਸ ਨਾਲ ਖੱਟ ਲਈ, ਉਨ੍ਹਾਂ ਉੱਪਰ ਪਰਮਾਤਮਾ ਦੀ ਮਿਹਰ ਦ੍ਰਿਸ਼ਟੀ ਹੋਈ। ਉਨ੍ਹਾਂ ਨੂੰ ਦਰਗਾਹ ਵਿੱਚ ਸ਼ਾਬਾਸ਼ ਦਿੱਤੀ। ਸਤਿਗੁਰੂ ਅੰਗਦ ਦੇਵ ਜੀ ਦਾ ਸਾਰੰਗ ਦੀ ਵਾਰ ਅੰਦਰ ਫੁਰਮਾਨ ਹੈ :

**ਸਾਹ ਚਲੇ ਵਣਜਾਰਿਆ ਲਿਖਿਆ ਦੇਵੈ ਨਾਲਿ ॥**

**ਲਿਖੇ ਉਪਰਿ ਹੁਕਮੁ ਹੋਇ ਲਈਐ ਵਸਤੁ ਸਮ੍ਹਾਲਿ ॥**

**ਵਸਤੁ ਲਈ ਵਣਜਾਰਈ ਵਖਰੁ ਬਧਾ ਪਾਇ ॥**

**ਕੇਈ ਲਾਹਾ ਲੈ ਚਲੇ ਇਕਿ ਚਲੇ ਮੂਲੁ ਗਵਾਇ ॥**



**ਥੋੜਾ ਕਿਨੈ ਨ ਮੰਗਿਓ ਕਿਸੁ ਕਹੀਐ ਸਾਬਾਸਿ ॥**

**ਨਦਰਿ ਤਿਨਾ ਕਉ ਨਾਨਕਾ ਜਿ ਸਾਬਤੁ ਲਾਏ ਰਾਸਿ ॥**

ਮ: ੨, ਪੰਨਾ ੧੨੩੮

ਜਿਨ੍ਹਾਂ ਨੇ "**ਚਲੇ ਮੂਲੁ ਗਵਾਇ ॥**" ਦੀ ਕਾਰ ਕਰ ਲਈ ਉਨ੍ਹਾਂ ਪਾਸੋਂ ਦਰਗਾਹ ਅੰਦਰ ਪੁੱਛਿਆ ਗਿਆ ਕਿ "**ਕਿਆ ਤੈ ਖਟਿਆ ਕਹਾ ਗਵਾਇਆ ॥**" ਲਾਹੇ-ਤੋਟੇ ਦੇ ਨਿਰਣੇ ਉਪ੍ਰੰਤ, ਤੋਟੇ ਵਾਲਿਆਂ ਨਾਲ "**ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥**" ਦੀ ਕਾਰ ਕੀਤੀ ਗਈ।

ਸਾਰੀ ਗੁਰਬਾਣੀ ਅੰਦਰ ਸਤਿਗੁਰੂ ਜੀ ਨੇ ਬਾਰੰਬਾਰ ਸਾਨੂੰ ਜੀਵਾਂ ਨੂੰ ਉਪਦੇਸ਼ ਪ੍ਰਦਾਨ ਕਰਕੇ ਸੁਚੇਤ ਕੀਤਾ ਹੈ ਕਿ ਸੁਆਸ-ਬਹੁਤ ਕੀਮਤੀ ਹਨ। ਸੁਆਸ ਸੰਸਾਰ ਦੀ ਸੰਪਦਾ ਬਦਲੇ ਪ੍ਰਾਪਤ ਨਹੀਂ ਕੀਤੇ ਜਾ ਸਕਦੇ। ਇੱਕ-ਇੱਕ ਸਵਾਸ ਨੂੰ ਪ੍ਰਭੂ ਨਾਮ ਵਿੱਚ ਸਫਲਾ ਕਰ ਲੈਣਾ ਚਾਹੀਦਾ ਹੈ। ਜਿਹੜਾ ਸਵਾਸ ਪਰਮਾਤਮਾ ਦੀ ਯਾਦ ਤੋਂ ਬਿਨਾਂ ਚਲਾ ਜਾਂਦਾ ਹੈ ਉਸ ਸੁਆਸ ਦਾ ਸਮਾਂ ਵਿਅਰਥ ਗਿਣਿਆ ਜਾਂਦਾ ਹੈ।

ਸਤਿਗੁਰੂ ਰਾਮਦਾਸ ਜੀ ਦੀ ਦ੍ਰਿਸ਼ਟੀ ਵਿੱਚ ਉਹ ਹੀ ਸਮਾਂ, ਉਹ ਮਹੂਰਤ, ਉਹ ਘੜੀ ਹੀ ਸਫਲ ਹੈ ਜਿਸ ਸਮੇਂ, ਜਿਸ ਘੜੀ ਵਿੱਚ ਪ੍ਰਭੂ ਜੀਵ ਨੂੰ ਯਾਦ ਆਉਂਦਾ ਹੈ। ਇਸ ਲਈ ਸਤਿਗੁਰੂ ਸੁਚੇਤ ਕਰਦੇ ਹਨ ਕਿ ਪਰਮਾਤਮਾ ਦਾ ਸਿਮਰਨ ਕਰਨ ਲੱਗਿਆਂ ਖਿਨ ਜਿੰਨੀ ਵੀ ਢਿੱਲ ਨਹੀਂ ਕਰਨੀ ਚਾਹੀਦੀ, ਪਤਾ ਨਹੀਂ ਅਗਲਾ ਸੁਆਸ ਆਉਣਾ ਹੈ ਜਾਂ ਨਹੀਂ। ਇਸ ਲਈ ਜਿਸ ਸੁਆਸ ਨਾਲ ਪ੍ਰਮਾਤਮਾ ਦਾ ਨਾਮ ਜਪ ਲਿਆ ਜਾਵੇ ਉਹ ਸਵਾਸ ਹੀ ਸਫ਼ਲ ਗਿਣਿਆ ਜਾਣਾ ਹੈ। ਸਾਹਿਬਾਂ ਦਾ ਫੁਰਮਾਨ ਹੈ ਕਿ-

**ਹਰਿ ਜਪਦਿਆ ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ**

**ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ ॥**

**ਸਾ ਵੇਲਾ ਸੋ ਮੂਰਤੁ[1] ਸਾ ਘੜੀ ਸੋ ਮੁਹਤੁ[2] ਸਫਲੁ ਹੈ ਮੇਰੀ ਜਿੰਦੁੜੀਏ**

**ਜਿਤੁ ਹਰਿ ਮੇਰਾ ਚਿਤਿ ਆਵੈ ਰਾਮ ॥** ਮ: ੪, ਪੰਨਾ ੫੪੦

ਸਤਿਗੁਰੂ ਅਰਜਨ ਦੇਵ ਜੀ ਦਾ ਬਿਲਾਵਲ ਰਾਗ ਅੰਦਰ ਫੁਰਮਾਨ ਹੈ ਕਿ ਸਮਾਂ ਮਨੁੱਖ ਦਾ ਉਹ ਹੀ ਸਫ਼ਲਾ ਹੁੰਦਾ ਹੈ, ਜੋ ਪਰਮਾਤਮਾ ਦੀ ਯਾਦ ਵਿੱਚ ਬਤੀਤ ਹੁੰਦਾ ਹੈ। ਬਾਕੀ ਸਮਾਂ ਕਿਸੇ ਲੇਖੇ ਵਿੱਚ ਨਹੀਂ ਪੈਂਦਾ। ਸਤਿਗੁਰਾਂ ਦਾ ਬਚਨ ਹੈ।

੧. ਮਹੂਰਤ ਦੋ ਘੜੀ ਦਾ ਸਮਾਂ। ੨. ਅੱਧੀ ਘੜੀ ਦਾ ਸਮਾਂ

**ਸਾਈ ਘੜੀ ਸੁਲਖਣੀ ਸਿਮਰਤ ਹਰਿ ਨਾਮ॥** ਮ: ੫, ਪੰਨਾ ੮੧੯

ਤਥਾ: **ਸਫਲ ਮੂਰਤੁ ਸਫਲ ਓਹ ਘਰੀ॥ ਜਿਤੁ ਰਸਨਾ ਉਚਰੈ ਹਰਿ ਹਰੀ॥**

ਮ: ੫, ਪੰਨਾ ੧੯੧

## *ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥*

**ਅੱਖਰੀ-ਅਰਥ :** ਪਰੀ-ਪੂਰਨ ਪਰਮਾਤਮਾ ਜਲਾਂ ਵਿੱਚ, ਥਲਾਂ ਵਿੱਚ, ਧਰਤੀ-ਅਕਾਸ਼ ਅਤੇ ਜੰਗਲਾਂ-ਬੇਲਿਆਂ ਦੀ ਸਾਰੀ ਬਨਾਸਪਤੀ ਵਿੱਚ ਵਿਆਪਕ ਰਮਿਆ ਹੋਇਆ ਹੈ।

**ਸੰਖੇਪ-ਵਿਚਾਰ :** ਕਈ ਵਾਰੀ ਆਪਾਂ ਅਲਪ ਬੁੱਧੀ ਦੀ ਬਦੌਲਤ ਉਨ੍ਹਾਂ ਚੀਜ਼ਾਂ ਦੀ ਹੋਂਦ ਨੂੰ ਹੀ ਮੰਨਦੇ ਹਾਂ ਜੋ ਸਾਡੇ ਗਿਆਨ ਇੰਦ੍ਰੀਆਂ ਦੀ ਪਕੜ ਵਿੱਚ ਆਉਂਦੀਆਂ ਹਨ। ਜਿਹੜੀਆਂ ਵਸਤੂਆਂ ਨੂੰ ਅਸੀਂ ਵੇਖ ਨਹੀਂ ਸਕਦੇ ਜਾਂ ਪਕੜ ਨਹੀਂ ਸਕਦੇ, ਉਨ੍ਹਾਂ ਦੀ ਹੋਂਦ ਤੋਂ ਆਪਾਂ ਮੁਨਕਰ ਹੋ ਜਾਂਦੇ ਹਾਂ। ਤਿਵੇਂ ਪਰਮਾਤਮਾ, ਜਿਸ ਨੂੰ ਗੁਰਬਾਣੀ ਵਿੱਚ ਅਗਮ-ਅਗੋਚਰ ਲਿਖਿਆ ਹੈ। ਜੋ ਸਾਡੀ ਮਨ-ਬੁੱਧੀ ਤੇ ਇੰਦ੍ਰੀਆਂ ਦੀ ਪਹੁੰਚ ਅਤੇ ਪਕੜ ਤੋਂ ਪਰ੍ਹੇ ਹੈ, ਉਸ ਦੀ ਹੋਂਦ ਤੋਂ ਵੀ ਆਪਾਂ ਮੁਨਕਰ ਹੋ ਜਾਂਦੇ ਹਾਂ। ਇਹ ਸਾਡੀ ਅਲਪ ਸੋਚਣੀ ਦਾ ਸਿੱਟਾ ਹੈ। ਸਤਿਗੁਰੂ ਅਰਜਨ ਦੇਵ ਜੀ ਨੇ ਸੋਰਠ ਰਾਗ ਅੰਦਰ ਅਜਿਹੀਆਂ ਦੋ ਉਦਾਹਰਣਾ ਦੇ ਕੇ, ਜਿਨ੍ਹਾਂ ਵਸਤੂਆਂ ਨੂੰ ਨਾ ਆਪਾਂ ਅੱਖਾਂ ਨਾਲ ਵੇਖ ਸਕਦੇ ਹਾਂ, ਨਾ ਉਨ੍ਹਾਂ ਦੀ ਹੋਂਦ ਸਪਰਸ਼ ਦੁਆਰਾ ਮਹਿਸੂਸ ਕਰ ਸਕਦੇ ਹਾਂ, ਨਾ ਹੀ ਨਾਸਕਾ ਦੁਆਰਾ ਸੁੰਘ ਕੇ, ਨਾ ਜ਼ਬਾਨ ਨਾਲ ਚੱਖ ਕੇ ਉਨ੍ਹਾਂ ਦੀ ਹੋਂਦ ਮਹਿਸੂਸ ਕਰ ਸਕਦੇ ਹਾਂ, ਦਰਸਾ ਕੇ ਸਾਨੂੰ ਪ੍ਰਭੂ ਹੋਂਦ ਦ੍ਰਿੜ ਕਰਵਾਉਣ ਦਾ ਯਤਨ ਕੀਤਾ ਹੈ। ਆਪ ਜੀ ਫੁਰਮਾਨ ਕਰਦੇ ਹਨ ਕਿ ਵੇਖੋ ਸਾਰੀ ਬਨਾਸਪਤੀ ਵਿੱਚ ਅੱਗ ਹੈ, ਇਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ। ਹਰ ਪ੍ਰਕਾਰ ਦੇ ਦੁੱਧ ਦੇ ਕਣ-ਕਣ ਵਿੱਚ ਘਿਉ ਦੀ ਹੋਂਦ ਸਮਾਈ ਹੋਈ ਹੈ। ਪਰ ਨਾ ਤਾਂ ਲੱਕੜਾਂ ਵਿੱਚ ਜੋ ਅੱਗ ਹੈ ਉਸ ਦੀ ਹੋਂਦ ਸਾਨੂੰ ਗਿਆਨ ਇੰਦ੍ਰੀਆਂ ਦੁਆਰਾ ਪ੍ਰਤੀਤ ਹੁੰਦੀ ਹੈ, ਨਾ ਅਸੀਂ ਉਸ ਨੂੰ ਵੇਖ ਹੀ ਸਕਦੇ ਹਾਂ। ਇਸੇ ਤਰ੍ਹਾਂ ਦੁੱਧ ਵਿੱਚ ਜੋ ਘਿਉ ਹੈ, ਨਾ ਉਸ ਨੂੰ ਆਪਾਂ ਦੇਖ ਸਕਦੇ ਹਾਂ ਨਾ ਦੁੱਧ ਵਿੱਚ ਹੱਥ ਫੇਰਨ ਨਾਲ ਘਿਉ ਸਾਡੇ ਹੱਥ ਆਉਂਦਾ ਹੈ। ਨਾ ਹੀ ਸਪਰਸ਼



ਕਰਨ ਨਾਲ ਜਾਂ ਜ਼ੁਬਾਨ ਨਾਲ ਚੱਖਣ ਨਾਲ ਅਸੀਂ ਘਿਉ ਦੀ ਹੋਂਦ ਮਹਿਸੂਸ ਕਰ ਸਕਦੇ ਹਾਂ। ਪਰ ਇਸ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ ਕਿ ਦੁੱਧ ਵਿੱਚ ਘਿਉ ਨਹੀਂ ਹੈ। ਤਿਵੇਂ ਸਾਰਿਆਂ ਵਿੱਚ, ਭਾਵੇਂ ਕੋਈ ਉੱਚੀ ਜਾਤ ਵਾਲਾ ਭਾਵੇਂ ਕੋਈ ਅਖੌਤੀ ਨੀਵੀਂ ਜਾਤ ਨਾਲ ਸਬੰਧ ਰੱਖਣ ਵਾਲਾ ਹੈ। ਭਾਵੇਂ ਕੋਈ ਸ਼ੁਭ ਕਰਮੀ ਤੇ ਭਾਵੇਂ ਕੋਈ ਮੰਦ ਕਰਮੀ ਹੈ। ਸਾਰਿਆਂ ਵਿੱਚ ਪਰਮਾਤਮਾ ਦੀ ਇੱਕ-ਰਸ ਹੋਂਦ ਰਮੀ ਹੋਈ ਹੈ। ਪਰਮਾਤਮਾ ਤਾਂ ਸਭ ਥਾਵਾਂ ਧਰਤੀ-ਅਕਾਸ਼, ਪਤਾਲ, ਜਲਾਂ-ਥਲਾਂ ਵਿੱਚ ਵਿਆਪਕ ਰਮਿਆ ਹੋਇਆ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥**

**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥੧॥**

**ਸੰਤਹੁ ਘਟਿ ਘਟਿ ਰਹਿਆ ਸਮਾਹਿਓ॥**

**ਪੂਰਨ ਪੂਰਿ ਰਹਿਓ ਸਰਬ ਮਹਿ ਜਲਿ ਥਲਿ ਰਮਈਆ ਆਹਿਓ॥੧॥ ਰਹਾਉ॥**

ਮ: ੫, ਪੰਨਾ ੬੧੭

ਸਤਿਗੁਰੂ ਤੇਗ ਬਹਾਦਰ ਜੀ ਨੇ ਸੋਰਠਿ ਰਾਗ ਅੰਦਰ ਦੋ ਸੰਸਾਰਿਕ ਉਦਾਹਰਣਾਂ ਦੇ ਕੇ ਪਰਮਾਤਮਾ ਦੀ ਹੋਂਦ ਦ੍ਰਿੜ੍ਹ ਕਰਵਾਉਣ ਹਿੱਤ ਫੁਰਮਾਨ ਕੀਤਾ ਹੈ ਕਿ ਹੇ ਸੰਸਾਰ ਦੇ ਲੋਕੋ! ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਘਰ-ਬਾਰ ਛੱਡ ਕੇ ਜੰਗਲਾਂ-ਬੇਲਿਆਂ ਵਿੱਚ ਕਿਉਂ ਜਾਂਦੇ ਹੋ ? ਪਰਮਾਤਮਾ ਤਾਂ ਹਰ ਥਾਂ, ਹਰ ਜਗ੍ਹਾਂ ਇੱਥੋਂ ਤੱਕ ਕਿ ਤੁਹਾਡੇ ਅੰਦਰ-ਬਾਹਰ ਅੰਗ-ਸੰਗ ਹੋ ਕੇ ਵੱਸਦਾ ਹੈ। ਜਿਵੇਂ ਫੁੱਲਾਂ ਦੇ ਵਿੱਚ ਸੁਗੰਧੀ ਅਤੇ ਸ਼ੀਸ਼ੇ ਵਿੱਚ ਮਨੁੱਖ ਦਾ ਪ੍ਰਤੀਬਿੰਬ ਦਿਖਾਈ ਦਿੰਦਾ ਹੈ, ਤਿਵੇਂ ਪਰਮਾਤਮਾ ਹਰ ਥਾਂ ਹਰ ਪ੍ਰਾਣੀ ਦੇ ਅੰਦਰ-ਬਾਹਰ ਹਰ ਸਮੇਂ ਰਮਿਆ ਹੋਇਆ ਹੈ। ਸਾਹਿਬਾਂ ਦਾ ਫੁਰਮਾਨ ਹੈ:

**ਕਾਹੇ ਰੇ ਬਨ ਖੋਜਨ ਜਾਈ॥**

**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ ਰਹਾਉ॥**

**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥**

**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥**

ਮ : ੯, ਪੰਨਾ ੬੮੪

ਸਤਿਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਦਿੱਤੇ ਸੰਕੇਤਾਂ ਨੂੰ ਵਾਚ ਕੇ ਗੁਰੂ ਮਿਹਰ ਨਾਲ ਸਾਡੇ ਅੰਦਰ ਵੀ **"ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ"** ਦੀ ਕਿਤੇ ਪਰਪੱਕਤਾ ਹੋ ਜਾਵੇ ਤਾਂ ਜੋ ਇਸ ਪਰਪੱਕਤਾ ਸਦਕਾ ਸਾਡੇ ਜੀਵਨ ਵਿੱਚ ਵੀ ਬਦਲਾਓ ਆ ਜਾਵੇ।

## *ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥*

**ਅੱਖਰੀ-ਅਰਥ :** ਜੇ ਅਜਿਹੇ ਸਰਬ ਸਮਰੱਥ ਪਰਮਾਤਮਾ ਦੀ ਹੋਂਦ ਮਨੁੱਖ ਨੂੰ ਚੇਤੇ ਨਾ ਆਵੇ ਤਦ ਪਰਮਾਤਮਾ ਦੀ ਹੋਂਦ ਨੂੰ ਭੁੱਲਣ ਦੁਆਰਾ ਜਿਤਨਾ ਦੁੱਖ ਪੈਦਾ ਹੁੰਦਾ ਹੈ ਉਹ ਗਿਣਤੀ ਤੋਂ ਬਾਹਰ ਹੈ ਕਿਉਂਕਿ ਸਾਰੇ ਸਰੀਰਕ ਅਤੇ ਆਤਮਿਕ ਦੁੱਖ ਪਰਮਾਤਮਾ ਦੀ ਹੋਂਦ ਨੂੰ ਭੁੱਲਣ ਕਾਰਣ ਹੀ ਪੈਦਾ ਹੁੰਦੇ ਹਨ।

**ਸੰਖੇਪ-ਵਿਚਾਰ :** ਪਰਮਾਤਮਾ ਤਾਂ ਹਰ ਥਾਂ, ਹਰ ਜਗ੍ਹਾ, ਹਰ ਜੀਵ ਦੇ ਅੰਦਰ ਬਾਹਰ ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ, ਇਸ ਪੰਕਤੀ ਤੋਂ ਪਹਿਲਾਂ ਫੁਰਮਾਨ ਕੀਤਾ ਹੈ :

**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥** ਮ: ੫,ਪੰਨਾ ੧੩੩

ਪਰੀ ਪੂਰਨ ਹੋ ਕੇ ਰਮਿਆ ਹੋਇਆ ਹੈ, ਪਰ ਅਜਿਹੇ ਪਰੀਪੂਰਨ ਪਰਮਾਤਮਾ ਦੀ ਹੋਂਦ-ਹਸਤੀ ਸਾਡੀ ਸਿਮ੍ਰਤੀ ਚੋਂ ਵਿਸਰ ਗਈ ਹੈ। ਜਿਸ ਕਰਕੇ ਅਸੀਂ **"ਕਿਤੜਾ ਦੁਖੁ ਗਣਾ"** ਦੇ ਦੋਸ਼ੀ ਬਣ ਕੇ ਦੁੱਖ ਭੋਗ ਰਹੇ ਹਾਂ। ਸਾਰਾ ਦੁੱਖ ਪਰਮਾਤਮਾ ਦੇ ਭੁੱਲਣ ਦੀ ਬਦੌਲਤ ਹੀ ਪ੍ਰਾਪਤ ਹੋ ਰਿਹਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਬਾਰਹ ਮਾਹਾ ਬਾਣੀ ਅੰਦਰ ਹੀ ਫੁਰਮਾਨ ਹੈ :

**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥** ਮ: ੫, ਪੰਨਾ ੧੩੫

ਸੰਸਾਰਿਕ ਤਲ ਉੱਪਰ ਵੀ ਆਪਾਂ ਕਈ ਵਾਰ ਵੇਖਿਆ ਹੋਵੇਗਾ। ਕੋਈ ਵਸਤੂ ਆਪਾਂ ਆਪਣੇ ਘਰ ਵਿੱਚ ਰੱਖੀ ਹੈ ਪਰ ਉਹ ਵਸਤੂ ਰੱਖਣ ਦਾ ਥਾਂ-ਟਿਕਾਣਾ ਸਾਡੀ ਸਿਮ੍ਰਤੀ ਚੋਂ, ਚਿੱਤ ਚੋਂ ਵਿਸਰ ਗਿਆ। ਘਰ ਵਿੱਚ ਉਸੇ ਵਸਤੂ ਦੀ ਲੋੜ ਪਈ, ਉਹ ਵਸਤੂ ਲੱਭਦੀ ਨਹੀਂ। ਮਨੁੱਖ ਪ੍ਰੇਸ਼ਾਨ ਹੁੰਦਾ ਹੈ। ਉਸ ਵਸਤੂ ਦੀ ਹੋਂਦ ਘਰ ਵਿੱਚ ਮੌਜੂਦ ਹੈ ਪਰ ਸਿਮ੍ਰਤੀ ਚੋਂ ਵਿਸਰਨ ਸਦਕਾ ਮਨੁੱਖ ਦੁੱਖੀ ਹੁੰਦਾ ਹੈ ਅਤੇ ਉਸ ਵਸਤੂ ਤੋਂ ਲਾਭ ਪ੍ਰਾਪਤ ਨਹੀਂ ਕਰ ਸਕਦਾ। ਅਜਿਹਾ ਹੀ ਸਾਡੇ ਨਾਲ ਭੁੱਲ ਨੇ ਵਰਤਾਰਾ ਕਰ ਰੱਖਿਆ ਹੈ। ਸਾਡੇ ਅੰਦਰ ਸਾਡਾ ਜੀਵਨ ਦਾਤਾ, ਸਰਬ ਸੁਖ ਅਨੰਦ ਦਾ ਮਾਲਕ



**"ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ"** ਹੋਣ ਵਾਲਾ, ਲੋਕ-ਪ੍ਰਲੋਕ ਦਾ ਸਹਾਇਕ ਪਰਮਾਤਮਾ ਸਾਡੇ ਅੰਗ-ਸੰਗ ਵੱਸਦਾ ਹੈ। ਪਰ ਸਾਡੀ ਦਸ਼ਾ ਸਤਿਗੁਰੂ ਰਾਮਦਾਸ ਜੀ ਦੇ ਵਡਹੰਸ ਰਾਗ ਅੰਦਰ ਉਚਾਰਨ ਕੀਤੇ ਫੁਰਮਾਨ :

**ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥** ਮ: ੪, ਪੰਨਾ ੫੭੪

ਵਾਲੀ ਬਣ ਚੁੱਕੀ ਹੈ। ਸਤਿਗੁਰੂ ਮਿਹਰ ਕਰਨ ਸਾਡੀ ਸਿਮ੍ਰਤੀ ਚੋਂ **"ਸੋ ਪ੍ਰਭੁ ਚਿਤਿ ਨ ਆਵਈ"** ਦੀ ਭੁੱਲ ਨਿਕਲ ਜਾਵੇ ਤਾਂ ਜੋ ਅਸੀਂ ਵੀ ਦੁੱਖ ਤੋਂ ਮੁਕਤ ਹੋ ਕੇ ਸੁਖੀ ਸੁਹੇਲਾ ਜੀਵਨ ਬਤੀਤ ਕਰ ਸਕੀਏ।

ਜੇ ਮਾਇਆ ਦੇ ਪ੍ਰਭਾਵ ਅਧੀਨ ਪਈ ਹੋਈ ਭੁੱਲ ਨੂੰ ਗੁਰੂ ਅਗਵਾਈ ਵਿੱਚ ਚੱਲ ਕੇ ਦੂਰ ਕਰਨ ਦਾ ਯਤਨ ਨਾ ਕਰਾਂਗੇ, ਫਿਰ ਇਸ ਭੁੱਲ ਦੀ ਬਦੌਲਤ, ਵਿਛੋੜੇ ਦੇ ਦੁੱਖਾਂ ਤੋਂ ਪੀੜਤ ਹੋ ਕੇ, **"ਜਮਿ ਜਮਿ ਮਰੈ ਮਰੈ ਫਿਰਿ ਜੰਮੈ"** ਦਾ ਚੱਕਰ ਕੱਟਦੇ, ਹਉਕੇ ਭਰਦੇ ਦੁਖੀ ਜੀਵਨ ਬਤੀਤ ਕਰਦੇ, ਆਵਾਗਉਣ ਦਾ ਚੱਕਰ ਭੋਗਦਿਆਂ ਸਾਡੇ ਉੱਪਰ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਲਾਗੂ ਹੋਇਆ ਰਹੇਗਾ ਕਿ :

**ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥**

ਮ: ੫, ਪੰਨਾ ੯੬੧

## *ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥*

**ਅੱਖਰੀ-ਅਰਥ :** ਜਿਨ੍ਹਾਂ ਜਗਿਆਸੂਆਂ ਨੇ ਗੁਰੂ ਉਪਦੇਸ਼ ਮੰਨ ਕੇ ਉਸ ਸਰਬ-ਸਮੱਰਥ ਵਾਹਿਗੁਰੂ ਦਾ ਸਿਮਰਨ ਕੀਤਾ ਤੇ ਪ੍ਰਭੂ ਮਿਲਾਪ ਦੇ ਰਸ ਨੂੰ ਮਾਣਿਆ, ਉਹ ਜਗਿਆਸੂ (ਮਣਾਂ-ਮੂਹੀਂ ਭਾਗਾਂ ਵਾਲੇ) ਵਡਭਾਗੇ ਬਣ ਗਏ।

**ਸੰਖੇਪ-ਵਿਚਾਰ :** ਸੰਸਾਰ ਵਿੱਚ ਜਿਸ ਮਨੁੱਖ ਪਾਸ ਬਹੁਤਾ ਧਨ-ਪਦਾਰਥ ਹੋਵੇ, ਉਸ ਨੂੰ ਭਾਗਸ਼ੀਲ ਕਿਹਾ ਜਾਂਦਾ ਹੈ। ਤਿਵੇਂ ਗੁਰੂ ਦੀ ਦ੍ਰਿਸ਼ਟੀ ਵਿੱਚ, ਪਰਮਾਤਮਾ ਦੀ ਦਰਗਾਹ ਵਿੱਚ ਉਸ ਨੂੰ ਧਨਵਾਨ ਤੇ ਭਾਗਸ਼ੀਲ ਗਿਣਿਆ ਜਾਂਦਾ ਹੈ, ਜਿਸ ਪਾਸ ਨਾਮ ਦਾ ਧਨ ਹੋਵੇ। ਸਤਿਗੁਰੂ ਅਮਰਦਾਸ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ:

**ਸੇ ਧਨਵੰਤ ਹਰਿ ਨਾਮਿ ਲਿਵ ਲਾਇ ॥**

**ਗੁਰਿ ਪੂਰੈ ਹਰਿ ਧਨੁ ਪਰਗਾਸਿਆ ਹਰਿ ਕਿਰਪਾ ਤੇ ਵਸੈ ਮਨਿ ਆਇ ॥ ਰਹਾਉ ॥**

ਮ: ੩, ਪੰਨਾ ੬੬੩

ਸੰਸਾਰ ਦੀ ਦ੍ਰਿਸ਼ਟੀ ਅੰਦਰ ਜਿਸ ਮਨੁੱਖ ਪਾਸ ਦੁਨਿਆਵੀ ਧਨ ਪਦਾਰਥ ਬਹੁਤ ਹੋਵੇ, ਉਸ ਨੂੰ ਸੰਸਾਰ ਭਾਗਸ਼ੀਲ ਤੇ ਧਨਵਾਨ ਕਹਿੰਦਾ ਹੈ ਪਰ ਗੁਰੂ ਦੀ ਨਜ਼ਰ ਅੰਦਰ ਅਜਿਹਾ ਸੰਸਾਰੀ ਧਨਵਾਨ ਮਨੁੱਖ ਕੰਗਾਲ-ਮੰਗਤਾ ਗਿਣਿਆ ਜਾਂਦਾ ਹੈ। ਗੁਰੂ ਦੀ ਦ੍ਰਿਸ਼ਟੀ ਵਿੱਚ ਉਹੋ ਹੀ ਭਾਗਸ਼ੀਲ ਤੇ ਧਨਵਾਨ ਹਨ, ਜਿਨ੍ਹਾ ਦੇ ਹਿਰਦੇ ਵਿੱਚ ਨਾਮ ਦੀ ਰਾਸ, ਨਾਮ ਦਾ ਧਨ ਹੈ, ਉਨ੍ਹਾਂ ਨੂੰ ਸਤਿਗੁਰੂ ਜੀ ਨੇ ਭਾਗਸ਼ੀਲ ਤੇ ਖਜ਼ਾਨਿਆਂ ਦਾ ਮਾਲਕ ਗਿਣਿਆ ਹੈ। ਸਤਿਗੁਰਾਂ ਦਾ ਮਲਾਰ ਦੀ ਵਾਰ ਵਿੱਚ ਫੁਰਮਾਨ ਹੈ :

**ਜਿਨ ਕੈ ਪਲੈ ਧਨੁ ਵਸੈ ਤਿਨ ਕਾ ਨਾਉ ਫਕੀਰ ॥**

**ਜਿਨ੍ ਕੈ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ॥੧॥** ਮ: ੧, ਪੰਨਾ ੧੨੮੭

ਸਤਿਗੁਰੂ ਅਰਜਨ ਦੇਵ ਜੀ ਦੀ ਦ੍ਰਿਸ਼ਟੀ ਅੰਦਰ ਉਹ ਹੀ ਵੱਡਿਆਂ ਭਾਗਾਂ ਵਾਲੇ ਅਤੇ ਇੱਜ਼ਤਦਾਰ ਹਨ, ਉਹ ਹੀ ਸ਼ਾਹੂਕਾਰ ਹਨ, ਜਿਨ੍ਹਾਂ ਨੇ ਨਾਮ ਦੀ ਰਾਸ ਵਿਹਾਝੀ ਹੈ, ਜਿਨ੍ਹਾਂ ਪਾਸ ਨਾਮ ਦਾ ਧਨ ਹੈ। ਉਨ੍ਹਾਂ ਨੂੰ ਸਤਿਗੁਰੂ ਜੀ ਨੇ ਸੁੰਦਰ-ਸੁਘੜ ਅਤੇ ਸਿਆਣੇ ਕਹਿ ਕੇ ਸਨਮਾਨਿਆ ਹੈ। ਆਪ ਜੀ ਦਾ ਦੇਵਗੰਧਾਰੀ ਰਾਗ ਅੰਦਰ ਫੁਰਮਾਨ ਹੈ :

**ਸੇ ਬਡਭਾਗੀ ਸੇ ਪਤਿਵੰਤੇ ਸੇਈ ਪੂਰੇ ਸਾਹਾ ॥**

**ਸੁੰਦਰ ਸੁਘੜ ਸਰੂਪ ਤੇ ਨਾਨਕ ਜਿਨ੍ ਹਰਿ ਹਰਿ ਨਾਮੁ ਵਿਸਾਹਾ ॥**

ਮ: ੫, ਪੰਨਾ ੫੩੦

ਸਤਿਗੁਰੂ ਅਮਰਦਾਸ ਜੀ ਦੀ ਨਦਰ ਅੰਦਰ ਜਿਨ੍ਹਾਂ ਗੁਰੂ ਪਿਆਰਿਆਂ ਨੇ ਗੁਣਾਂ ਦੇ ਦਾਤਾਰ ਨੂੰ ਸਿਮਰ ਕੇ ਆਪਣੇ ਮਨ ਅੰਦਰ ਵਸਾ ਲਿਆ ਹੈ, ਉਹ ਸੰਸਾਰ ਅੰਦਰ ਸਭ ਤੋਂ ਵੱਡੇ ਭਾਗਾਂ ਵਾਲੇ ਹਨ। ਆਪ ਸਤਿਗੁਰੂ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ :

**ਸੇ ਵਡਭਾਗੀ ਜਿਨ੍ ਨਾਮੁ ਧਿਆਇਆ ॥**

**ਸਦਾ ਗੁਣਦਾਤਾ ਮੰਨਿ ਵਸਾਇਆ ॥੩॥** ਮ: ੩, ਪੰਨਾ ੩੬੧

ਕਿਸ ਦੇ ਮਣਾਂ ਮੂੰਹੀਂ ਭਾਗ ਹਨ ? ਜਿਸ ਨੂੰ ਸਤਿਗੁਰੂ ਵਡਭਾਗੀ ਕਹਿ ਸਕਣ ? ਸਤਿਗੁਰੂ ਅਰਜਨ ਦੇਵ ਜੀ ਦਾ ਉੱਤਰ ਹੈ "**ਜਿਨੀ ਰਾਵਿਆ ਸੋ ਪ੍ਰਭੂ**"। ਗੁਰੂ ਅਮਰਦਾਸ ਜੀ ਵੀ ਉਸ ਨੂੰ ਵਡਭਾਗੀ ਕਰਾਰ ਦਿੰਦੇ ਹਨ ਜੋ ਹਿਰਦੇ ਵਿੱਚ ਪਰਮਾਤਮਾ ਦੇ ਨਾਮ-ਧਨ ਨੂੰ ਸੰਭਾਲ-ਸੰਭਾਲ ਕੇ ਜਮ੍ਹਾਂ ਕਰੀ ਜਾਂਦਾ ਹੈ। ਸਤਿਗੁਰੂ



ਜੀ ਦਾ ਗੂਜਰੀ ਦੀ ਵਾਰ ਅੰਦਰ ਫੁਰਮਾਨ ਹੈ :

**ਸੇ ਵਡਭਾਗੀ ਨਾਨਕਾ ਹਰਿ ਹਰਿ ਰਿਦੈ ਸਮਾਲਿ ॥੨॥** ਮ: ੩, ਪੰਨਾ ੫੧੪

## *ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥*

**ਅੱਖਰੀ-ਅਰਥ :** ਸ੍ਰੀ ਗੁਰੂ ਅਰਜਨ ਦੇਵ ਜੀ ਚੇਤ ਮਹੀਨੇ ਦੁਆਰਾ ਬਖਸ਼ਿਸ਼ ਕੀਤੇ ਉਪਦੇਸ਼ ਦੀਆਂ ਆਖਰੀ ਪੰਕਤੀਆਂ ਵਿੱਚ ਮਨ ਦੀ ਲੋਚਾ ਪ੍ਰਗਟ ਕਰਦੇ ਫੁਰਮਾਨ ਕਰਦੇ ਹਨ, ਕਿ ਹੇ ਪਰਮਾਤਮਾ! ਤੇਰੇ ਦਰਸ਼ਨਾਂ ਦੀ ਅਤੇ ਤੇਰੇ ਮਿਲਾਪ ਲਈ ਮੇਰੇ ਮਨ ਅੰਦਰ ਅੱਤ ਦੀ ਤਾਂਘ ਅਤੇ ਪਿਆਸ ਉਤਪੰਨ ਹੋ ਗਈ ਹੈ।

**ਸੰਖੇਪ-ਵਿਚਾਰ :** ਸਰੀਰਕ ਤੰਦਰੁਸਤੀ ਲਈ ਮਨੁੱਖ ਨੂੰ ਭੋਜਨ ਦੀ ਭੁੱਖ ਤੇ ਪਾਣੀ ਦੀ ਪਿਆਸ ਲੱਗਣੀ ਅਤਿ ਜ਼ਰੂਰੀ ਹੈ, ਕਿਉਂਕਿ ਭੁੱਖ ਤੋਂ ਬਿਨਾਂ ਮਨੁੱਖ ਭੋਜਨ ਨਹੀਂ ਖਾ ਸਕਦਾ। ਤ੍ਰੇਹ ਤੋਂ ਬਿਨਾਂ ਪਾਣੀ ਨਹੀਂ ਪੀ ਸਕਦਾ। ਬਿਨਾਂ ਭੋਜਨ ਖਾਧੇ ਅਤੇ ਬਿਨਾ ਪਾਣੀ ਪੀਤੇ, ਮਨੁੱਖ ਦਾ ਸਰੀਰ ਕਮਜ਼ੋਰ ਹੋ ਜਾਂਦਾ ਹੈ। ਅਖ਼ੀਰ ਸਰੀਰ ਦਾ ਅੰਤ ਹੋ ਜਾਂਦਾ ਹੈ। ਜਿਵੇਂ ਸਥੂਲ ਸਰੀਰ ਦਾ ਅਹਾਰ ਭੋਜਨ ਤੇ ਪਾਣੀ ਹੈ, ਤਿਵੇਂ ਸਰੀਰ ਦੇ ਅੰਦਰ ਜੋ ਆਤਮਾ ਹੈ, ਉਸ ਦਾ ਅਹਾਰ ਤੇ ਅਧਾਰ "**ਨਾਮ ਤੇ ਗੁਰਬਾਣੀ**" ਹੈ। ਨਾਮ ਅਤੇ ਗੁਰਬਾਣੀ ਦਾ "**ਅਧਾਰ-ਅਹਾਰ**" ਕਰਨ ਵਾਲੀ ਆਤਮਾ ਤੰਦਰੁਸਤ ਗਿਣੀ ਜਾਂਦੀ ਹੈ। ਤੰਦਰੁਸਤ ਆਤਮਾ ਦੇ ਅੰਦਰ ਜਦੋਂ ਆਪਣੇ ਮੂਲ ਪਰਮਾਤਮਾ ਦੇ ਮਿਲਾਪ ਦੀ ਅਤੇ ਦਰਸ਼ਨਾਂ ਦੀ ਲੋਚਾ ਪੈਦਾ ਹੋ ਜਾਂਦੀ ਹੈ, ਸਮਝੋ ਉਹ ਆਤਮਾ ਇੱਕ ਦਿਨ ਆਪਣੇ ਮੂਲ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰ ਲੈਂਦੀ ਹੈ।

ਦਰਸ਼ਨਾਂ ਲਈ ਤੜਪ ਪੈਦਾ ਹੋਣੀ ਹੀ ਔਖੀ ਹੈ। ਜਦੋਂ ਕਿਸੇ ਵੀ ਵਸਤੂ ਦੀ ਪ੍ਰਾਪਤੀ ਲਈ ਮਨ ਅੰਦਰ ਤੜਪ ਪੈਦਾ ਹੋ ਜਾਂਦੀ ਹੈ, ਤਦੋਂ ਮਨੁੱਖ ਦਿਨ-ਰਾਤ ਉਸ ਦੀ ਪ੍ਰਾਪਤੀ ਲਈ ਯਤਨ ਵੀ ਕਰਦਾ ਤੇ ਸਾਰੇ ਹੀਲੇ-ਵਸੀਲੇ ਵੀ ਜੁਟਾਉਂਦਾ ਹੈ। ਤਿਵੇਂ ਜਿਸ ਦੇ ਹਿਰਦੇ ਵਿੱਚ ਪ੍ਰਭੂ ਮਿਲਾਪ ਲਈ ਤੜਪ ਪੈਦਾ ਹੋ ਜਾਵੇ, ਉਹ ਦਿਨ ਰਾਤ ਬਿਹਬਲਤਾ ਨਾਲ ਪੁਕਾਰਾਂ ਕਰਦਾ ਹੈ :

**[੧]ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥**

**ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥**

ਮ: ੫. ਪੰਨਾ ੭੦੧

---

੧. ਕੋਈ ਗੁਰੂ ਪਿਆਰਾ ਮੈਨੂੰ ਹਰੀ ਪ੍ਰਮਾਤਮਾ ਨਾਲ ਜੋੜ ਦੇਵੇ। ਮੈਂ ਉਸ ਦੇ ਚਰਨਾਂ ਨੂੰ ਫੜ੍ਹ ਕੇ ਰਸਨਾਂ ਤੋਂ ਉਸ ਦੀ ਉਸਤਤ ਦੇ ਸੁੰਦਰ ਬਚਨ ਉਚਾਰਾਂ। ਆਪਣੇ ਪ੍ਰਾਣ ਵੀ ਉਸ ਤੋਂ ਨਿਛਾਵਰ ਕਰ ਦੇਵਾਂ।

**ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥**

ਮ: ੫, ਪੰਨਾ ੧੩੨

ਇਸੇ ਪੰਕਤੀ ਦੀ ਵਿਆਖਿਆ ਹਿਤ ਸ੍ਰੀ ਗੁਰੂ ਰਾਮਦਾਸ ਜੀ ਨੇ ਗੌਂਡ ਰਾਗ ਅੰਦਰ ਬਚਨ ਉਚਾਰਨ ਕੀਤੇ ਹਨ। ਆਪ ਫੁਰਮਾਨ ਕਰਦੇ ਹਨ ਕਿ ਜਿਸ ਜਗਿਆਸੂ ਦੇ ਮਨ ਅੰਦਰ ਪ੍ਰਭੂ ਦਰਸ਼ਨਾਂ ਦੀ ਪਿਆਸ ਉਤਪੰਨ ਹੋ ਜਾਂਦੀ ਹੈ, ਉਹ ਬਾਰੰਬਾਰ ਅਵਾਜ਼ਾਂ ਮਾਰ ਕੇ ਆਪਣੇ ਮਨ ਦੀ ਬਿਹਬਲਤਾ ਪ੍ਰਗਟ ਕਰਦਾ, ਪੁਕਾਰਦਾ ਹੈ ਕਿ ਹੇ ਭਾਈ! ਮੇਰਾ ਮਨ ਪਰਮਾਤਮਾ ਦੇ ਦਰਸ਼ਨਾਂ ਦੀ ਸਿੱਕ ਵਿੱਚ ਬਹੁਤ ਤੜਫਦਾ ਹੈ। ਜਿਸ ਤਰ੍ਹਾਂ ਤ੍ਰੇਹ ਨਾਲ ਵਿਆਕੁਲ ਹੋਇਆ ਮਨੁੱਖ ਪਾਣੀ ਦੀ ਪ੍ਰਾਪਤੀ ਲਈ ਤੜਫਦਾ ਹੈ। ਹੇ ਭਾਈ! ਮੇਰਾ ਹਿਰਦਾ ਪਰਮਾਤਮਾ ਦੇ ਪਿਆਰ ਰੂਪੀ ਤੀਰਾਂ ਨਾਲ ਵਿੱਝਿਆ ਗਿਆ ਹੈ। ਹੇ ਭਾਈ! ਮੇਰੇ ਹਿਰਦੇ ਵਿੱਚ ਪ੍ਰਭੂ ਮਿਲਾਪ ਦੀ ਕਿੰਨੀ ਕੁ ਬਿਹਬਲਤਾ ਦੀ ਪੀੜ ਹੈ, ਇਸ ਪੀੜ ਨੂੰ ਪਰਮਾਤਮਾ ਆਪ ਹੀ ਜਾਣਦਾ ਹੈ। ਜਿਹੜਾ ਵੀ ਮੈਨੂੰ ਮੇਰੇ ਪ੍ਰੀਤਮ ਪਰਮਾਤਮਾ ਦੀ ਕੋਈ ਗੱਲ ਵੀ ਸੁਣਾਉਂਦਾ ਹੈ, ਉਹ ਮੇਰਾ ਅਸਲੀ ਭਾਈ ਹੈ। ਉਹ ਮੇਰਾ ਵੀਰ ਹੈ, ਕਿਉਂਕਿ ਉਸ ਦੀ ਗੱਲ ਸੁਣ ਕੇ ਮੇਰੇ ਮਨ ਨੂੰ ਧੀਰਜ ਮਿਲਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਹਰਿ ਦਰਸਨ ਕਉ ਮੇਰਾ ਮਨੁ ਬਹੁ ਤਪਤੈ ਜਿਉ ਤ੍ਰਿਖਾਵੰਤੁ ਬਿਨੁ ਨੀਰ ॥੧॥**

**ਮੇਰੈ ਮਨਿ ਪ੍ਰੇਮੁ ਲਗੋ ਹਰਿ ਤੀਰ॥**

**ਹਮਰੀ ਬੇਦਨ ਹਰਿ ਪ੍ਰਭੁ ਜਾਨੈ ਮੇਰੇ ਮਨ ਅੰਤਰ ਕੀ ਪੀਰ ॥੧॥ ਰਹਾਉ॥**

**ਮੇਰੇ ਹਰਿ ਪ੍ਰੀਤਮ ਕੀ ਕੋਈ ਬਾਤ ਸੁਨਾਵੈ ਸੋ ਭਾਈ ਸੋ ਮੇਰਾ ਬੀਰ ॥੨॥**

ਮ: ੪. ਪੰਨਾ ੮੬੧

ਸਤਿਗੁਰੂ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਅੰਦਰ ਅਜਿਹੀ ਬਿਹਬਲਤਾ ਨੂੰ ਪ੍ਰਗਟਾਉਂਦਾ ਫੁਰਮਾਨ ਹੈ :

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥**

**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥**

ਮ: ੫, ਪੰਨਾ ੯੬

ਗੁਰੂ ਦਰਸ਼ਨਾਂ ਲਈ ਅਜਿਹੀ ਤੜਫ-ਲਾਲਸਾ ਬਣਨੀ ਹੀ ਔਖੀ ਹੈ। ਜਦੋਂ ਗੁਰੂ ਮਿਹਰ ਨਾਲ ਅਜਿਹੀ ਲਾਲਸਾ ਕਿਸੇ ਦੇ ਹਿਰਦੇ ਵਿੱਚ ਬਣ ਜਾਂਦੀ ਹੈ, ਤਦੋਂ ਸਤਿਗੁਰੂ ਉਸ ਦੀ ਲਾਲਸਾ ਅਵੱਸ਼ ਪੂਰੀ ਕਰਦੇ ਹਨ।



## *ਚੇਤਿ ਮਿਲਾਏ ਸੋ ਪ੍ਰਭੁ ਤਿਸ ਕੈ ਪਾਇ ਲਗਾ ॥੨॥*

**ਅੱਖਰੀ-ਅਰਥ :** ਜਿਹੜਾ ਗੁਰੂ ਪਿਆਰਾ ਮੈਨੂੰ ਉਸ ਪ੍ਰਭੂ ਨਾਲ ਮਿਲਾ ਦੇਵੇ ਮੈਂ ਉਸ ਦੇ ਚਰਨਾਂ ਨਾਲ ਲੱਗਣ ਲਈ ਤਿਆਰ ਹਾਂ।

**ਸੰਖੇਪ-ਵਿਚਾਰ :** ਅਤਿ ਦੇ ਖੁਧਿਵੰਤ (ਭੁੱਖੇ) ਨੂੰ ਕੋਈ ਪ੍ਰਸ਼ਾਦਾ ਛਕਾ ਦੇਵੇ, ਅਤਿ ਦੇ ਤ੍ਰਿਖਾਵੰਤ (ਪਿਆਸੇ) ਨੂੰ ਕੋਈ ਠੰਢਾ ਪਾਣੀ ਪਿਲਾ ਕੇ ਤ੍ਰਿਪਤ ਕਰ ਦੇਵੇ। ਖੁਧਿਆਵੰਤ ਤੇ ਪਿਆਸਾ ਮਨੁੱਖ ਹੀ ਭੋਜਨ ਤੇ ਪਾਣੀ ਦੇਣ ਵਾਲੇ ਦੀ ਕਦਰ ਜਾਣ ਸਕਦਾ ਹੈ। ਤਿਵੇਂ **"ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ"** ਦੀ ਵੇਦਨਾ ਪੂਰਨ ਕਰਨ ਵਾਲੇ ਦੀ ਕਦਰ ਦਰਸ਼ਨ ਲੋਚਾ ਵਾਲਾ ਹੀ ਕਰ ਸਕਦਾ ਹੈ।

ਸਤਿਗੁਰੂ ਅਰਜਨ ਦੇਵ ਜੀ ਨੇ ਧਨਾਸਰੀ ਰਾਗ ਅੰਦਰ ਪ੍ਰਭੂ ਮਿਲਾਪ ਕਰਵਾਉਣ ਵਾਲੇ ਪ੍ਰਤੀ ਜੋ ਸ਼ਰਧਾ ਪ੍ਰਗਟ ਕੀਤੀ ਹੈ, ਉਸ ਨੂੰ ਭਾਵਨਾ ਨਾਲ ਪੜ੍ਹੀਏ **"ਚੇਤਿ ਮਿਲਾਏ ਸੋ ਪ੍ਰਭੁ ਤਿਸ ਕੈ ਪਾਇ ਲਗਾ"** ਪੰਕਤੀ ਦੇ ਅਰਥ ਸਪਸ਼ਟ ਹੋ ਜਾਣਗੇ। ਆਪ ਜੀ ਫੁਰਮਾਨ ਕਰਦੇ ਹਨ ਕਿ ਕੋਈ ਐਸਾ ਗੁਰੂ ਪਿਆਰਾ ਹੈ, ਜੋ ਮੈਨੂੰ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਦਿਵਾ ਦੇਵੇ ਅਤੇ ਪਰਮਾਤਮਾ ਦਾ ਨਾਮ ਸਰਵਣ ਕਰਵਾ ਕੇ ਮੇਰੇ ਮਨ ਨੂੰ ਟਿਕਾਉ ਵਿੱਚ ਇਸਥਿਤ ਕਰ ਦੇਵੇ। ਮੇਰਾ ਮਨ ਇਧਰ ਉੱਧਰ ਭਟਕਣ ਤੋਂ ਹਟ ਕੇ ਬਿਸਰਾਮ ਵਿੱਚ ਆ ਜਾਵੇ ਤੇ ਮੈਨੂੰ ਪਰਮਾਤਮਾ ਦੇ ਦਰਸ਼ਨ ਕਰਵਾ ਦੇਵੇ। ਜਿਹੜਾ ਮੇਰਾ ਮਿੱਤਰ ਮੈਨੂੰ ਇਹ ਦਾਤ ਪ੍ਰਭੂ ਦਰ ਵਿੱਚੋਂ ਦਿਵਾ ਦੇਵੇ ਮੈਂ ਉਸ ਨੂੰ, ਆਪਣੀ ਸਾਰੀ ਸਮੱਗਰੀ, ਧਨ-ਸੰਪਦਾ, ਆਪਣਾ ਹਿਰਦਾ, ਜਿੰਦ, ਚਿੱਤ ਸਭ ਕੁਝ ਹੀ ਉਸ ਨੂੰ ਭੇਟਾ ਵਜੋਂ ਅਰਪਣ ਕਰਨ ਨੂੰ ਤਿਆਰ ਹਾਂ। ਆਪ ਦਾ ਫੁਰਮਾਨ ਹੈ :

**ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ॥**

**ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥**

**ਹੈ ਕੋਊ ਐਸੋ ਹਮਰਾ ਮੀਤੁ॥**

**ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ ਰਹਾਉ॥**

ਮ: ੫, ਪੰਨਾ ੬੭੪

❐ ❐ ❐

# ਵੈਸਾਖਿ (ਵੈਸਾਖ)

## ਮੂਲ-ਪਾਠ

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥*

*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥*

*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥*

*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥*

*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥*

*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥*

*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥*

*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥*

*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩ ॥*

**ਪਦ-ਅਰਥ :** **ਵੈਸਾਖਿ** = ਮਹੀਨੇ ਦਾ ਨਾਉਂ। **ਧੀਰਨਿ ਕਿਉ** = ਕਿਵੇਂ ਧੀਰਜ ਕਰਨ। **ਵਾਢੀਆ** = ਆਪਣੇ ਮੂਲ ਨਾਲੋਂ ਕੱਟੀਆਂ, ਟੁੱਟੀਆਂ, ਵਿਛੁੜੀਆਂ ਹੋਈਆਂ। **ਪ੍ਰੇਮ ਬਿਛੋਹੁ** = ਪ੍ਰੇਮ ਸਰੂਪ ਪਰਮਾਤਮਾ ਨਾਲੋਂ ਵਿਛੋੜਾ। **ਮਾਇਆ ਧੋਹੁ** = ਧ੍ਰੋਹ ਕਰਨ ਵਾਲੀ ਮਾਇਆ। **ਕਲਤ੍ਰ** = ਇਸਤਰੀ। **ਪਲਚਿ** = ਫੱਸ ਕੇ, ਉਲਝ ਕੇ। **ਸਗਲੀ** = ਸਾਰੀ। **ਧੰਧੇ ਮੋਹੁ** = ਨਾਸ਼ਵੰਤ ਮਾਇਕੀ ਕੰਮਾਂ ਦੇ ਮੋਹ ਵਿੱਚ। **ਲਈਅਹਿ ਖੋਹਿ** = ਖੋਹ ਲਏ ਜਾਂਦੇ ਹਨ। **ਦਯੁ** = ਪਰਮਾਤਮਾ। **ਵਿਗੁਚਣਾ** = ਖੁਆਰ ਹੋਣਾ। **ਨਿਰਮਲ ਸੋਇ** = ਉਨ੍ਹਾਂ ਦੀ ਸੋਭਾ (ਵਡਿਆਈ) ਪਵਿਤ੍ਰ ਹੋ ਜਾਂਦੀ ਹੈ। **ਮਿਲਹੁ ਪਰਾਪਤਿ ਹੋਇ** = ਹਿਰਦੇ ਵਿੱਚ ਪ੍ਰਗਟ ਹੋ ਕੇ ਮਿਲੋ ਜੀ। **ਸੁਹਾਵਾ** = ਸੁਹਾਵਣਾ, ਸੋਭਨੀਕ। **ਸੰਤੁ ਭੇਟੈ** = ਸਤਿਗੁਰੂ ਵਾਲਾ ਬਣ ਜਾਵੇ।



# ਵੈਸਾਖਿ ਧੀਰਨਿ ਕਿਉ ਵਾਢੀਆ

ਸੰਸਾਰ ਅੰਦਰ ਵਿਚਰਦਿਆਂ ਅਸੀਂ ਜਿੱਧਰ ਵੀ ਨਜ਼ਰ ਮਾਰਦੇ ਹਾਂ, ਹਰ ਪਾਸੇ ਦੁੱਖ ਦੀ ਦੁੱਖ ਨਜ਼ਰ ਆਉਂਦੇ ਹਨ। ਹਰ ਥਾਂ, ਹਰ ਘਰ ਵਿੱਚ, ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਬਚਨ "**ਨਾਨਕ ਦੁਖੀਆ ਸਭੁ ਸੰਸਾਰੁ**" ਦੀ ਅਟੱਲ ਸੱਚਾਈ ਵਾਪਰਦੀ ਦ੍ਰਿਸ਼ਟੀ ਆਉਂਦੀ ਹੈ। ਬਾਬਾ ਫਰੀਦ ਜੀ ਦਾ ਫੁਰਮਾਨ :

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥**

**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ ੮੧ ॥**

ਸਲੋਕ ਪੰਨਾ ੧੩੮੨

ਹਰ ਥਾਂ, ਹਰ ਪਾਸੇ ਸਾਕਾਰ ਹੋ ਰਿਹਾ ਨਜ਼ਰ ਆਉਂਦਾ ਹੈ। ਦੁੱਖ ਤਾਂ ਕੋਈ ਵੀ ਚੰਗਾ ਨਹੀਂ। ਤਨ ਦਾ, ਮਨ ਦਾ, ਧਨ ਦਾ ਦੁੱਖ, ਜਦੋਂ ਵੀ ਪੂਰੀ ਚੜ੍ਹਾਈ ਵਿੱਚ ਆਉਂਦਾ ਹੈ, ਮਨੁੱਖ ਦੀਆਂ ਲਕੀਰਾਂ ਕਢਵਾ ਦਿੰਦਾ ਹੈ। ਪਰ ਵਿਛੋੜੇ ਦਾ ਦੁੱਖ ਸਭ ਤੋਂ ਵੱਡਾ ਦੁੱਖ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਗੁਰਬਾਣੀ ਅੰਦਰ ਜਦੋਂ ਦੁੱਖਾਂ ਦੀ ਗਿਣਤੀ ਕੀਤੀ ਤਾਂ ਸਭ ਤੋਂ ਪਹਿਲਾਂ ਵਿਛੋੜੇ ਦੇ ਦੁੱਖ ਨੂੰ ਪਹਿਲ ਦੇ ਕੇ ਵੱਡਾ ਦੁੱਖ ਗਿਣਿਆ। ਆਪ ਦਾ ਮਲਾਰ ਰਾਗ ਅੰਦਰ ਫੁਰਮਾਨ ਹੈ :

**[1]ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ ॥**

**ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥**

ਮ: ੧, ਪੰਨਾ ੧੨੫੬

ਸ੍ਰੀ ਗੁਰੂ ਅਰਜਨ ਦੇਵ ਜੀ ਵਿਛੋੜੇ ਦੇ ਦੁੱਖ ਦਾ ਖੁਲਾਸਾ ਕਰਦੇ ਗੂਜਰੀ ਦੀ ਵਾਰ ਅੰਦਰ ਫੁਰਮਾਨ ਕਰਦੇ ਹਨ, ਕਿ ਹੇ ਪ੍ਰਭੂ! ਅਨੇਕ ਪ੍ਰਕਾਰ ਦੇ ਸਰੀਰਕ ਦੁੱਖ ਤੇ ਤਸੀਹੇ ਝੱਲਣੇ ਬੜੇ ਔਖੇ ਹਨ। ਪਰ ਕੋਈ ਮਨੁੱਖ, ਸਰੀਰਕ ਦੁੱਖ ਤੇ ਤਸੀਹੇ ਵੀ ਸਹਿਣ ਕਰ ਸਕਦਾ ਹੈ ਪਰ ਵਿਛੋੜੇ ਦਾ ਦੁੱਖ ਸਹਿਣ ਕਰਨਾ ਬਹੁਤ ਬਿਖਮ ਹੈ। ਵਿਛੋੜੇ ਦਾ ਦੁੱਖ ਕਿਸੇ ਹੋਰ ਢੰਗ-ਤਰੀਕੇ ਨਾਲ ਦੂਰ ਨਹੀਂ ਹੁੰਦਾ। ਵਿਛੋੜੇ ਦਾ ਦੁੱਖ

੧. ਸਭ ਤੋਂ ਵੱਡਾ ਦੁੱਖ ਵਿਛੋੜੇ ਦਾ ਦੁੱਖ ਹੈ। ਦੂਸਰਾ ਦੁੱਖ ਮਾਇਕੀ ਪਦਾਰਥਾਂ ਦੀ ਲਾਲਸਾ ਤੇ ਗਰੀਬੀ ਦਾ ਦੁੱਖ ਹੈ। ਤੀਸਰਾ ਮਰਨ ਉਪਰੰਤ ਜੋ ਸ਼ਕਤੀਵਾਨ ਜਮਦੂਤਾਂ ਨਾਲ ਜੀਵ ਦਾ ਵਾਹ ਪੈਂਦਾ ਹੈ। ਚੌਥਾ ਸਰੀਰ ਅੰਦਰ ਜੋ ਅਨੇਕ ਪ੍ਰਕਾਰ ਦੀ ਬਿਆਧੀ ਦੁਆਰਾ ਰੋਗ ਉਤਪੰਨ ਹੋ ਜਾਂਦੇ ਹਨ, ਉਨ੍ਹਾਂ ਦੇ ਸਹਿਣ ਕਰਨ ਦਾ ਬਹੁਤ ਵੱਡਾ ਦੁੱਖ ਹੈ।

ਕੇਵਲ ਮਿਲਾਪ ਨਾਲ ਹੀ ਦੂਰ ਹੁੰਦਾ ਹੈ। ਮਿਲਾਪ ਹੁੰਦੇ ਸਾਰ, ਸਾਰੇ ਦੁੱਖ ਖੁਸ਼ੀਆਂ-ਖੇੜਿਆਂ ਵਿੱਚ ਬਦਲ ਜਾਂਦੇ ਹਨ।

**ਵਿਛੋਹੇ ਜੰਬੂਰ ਖਵੇ ਨ ਵੰਞਨਿ ਗਾਖੜੇ ॥**

**ਜੇ ਸੋ ਧਣੀ ਮਿਲੰਨਿ ਨਾਨਕ ਸੁਖ ਸੰਬੂਹ ਸਚੁ ॥** ਮ: ੫, ਪੰਨਾ ੫੨੦

ਵਿਛੋੜੇ ਦਾ ਦੁੱਖ ਇੰਨਾ ਭਿਆਨਕ ਹੈ ਕਿ ਵਿਛੋੜੇ ਦਾ ਨਾਉਂ ਸੁਣ ਕੇ ਹੀ ਮਨੁੱਖ ਕੰਬਣ ਲੱਗ ਜਾਂਦਾ ਹੈ। ਗੁਰਦੇਵ ਪੰਜਵੇਂ ਪਾਤਸ਼ਾਹ ਜੀ ਦਾ ਫੁਰਮਾਨ ਹੈ :

**ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥**

**ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥** ਮ: ੫, ਪੰਨਾ ੧੧੦੦

ਜੇ ਇੰਝ ਕਹਿ ਲਈਏ ਤਾਂ ਕੋਈ ਅੱਤ-ਕਥਨੀ ਨਹੀਂ ਹੋਵੇਗੀ ਕਿ ਸਾਰੇ ਦੇ ਸਾਰੇ ਦੁੱਖਾਂ ਦੀ ਮੂਲ ਜੜ੍ਹ ਵਿਛੋੜਾ ਹੀ ਹੈ। ਮਿਸਾਲ ਦੇ ਤੌਰ ਤੇ ਮਾਤਾ ਪਿਤਾ ਨਾਲੋਂ ਧੀ-ਪੁੱਤਰ ਦਾ ਵਿਛੋੜਾ ਪੈ ਜਾਵੇ, ਮਾਤਾ-ਪਿਤਾ ਰੋਂਦੇ ਕੁਰਲਾਉਂਦੇ ਹਨ। ਧੀਰਜ ਦੇਣ ਵਾਲੇ ਸੱਜਣ ਮਿੱਤ੍ਰ ਧੀਰਜ ਵੀ ਦਿੰਦੇ ਤੇ ਹਮਦਰਦੀ ਵੀ ਜਤਲਾਉਦੇ ਹਨ। ਪਰ ਮਾਤਾ ਪਿਤਾ ਦੇ ਹਿਰਦੇ ਵਿੱਚ ਜੋ ਵਿਛੋੜੇ ਦੀ ਪੀੜ ਹੈ, ਉਹ ਕਸਕਾਂ ਮਾਰੀ ਹੀ ਜਾਂਦੀ ਹੈ। ਮਨ ਵਿੱਚ ਧੀਰਜ ਨਹੀਂ ਬੱਝਦਾ। ਜਿਗਰੀ ਮਿੱਤਰ ਦੇ ਵਿਛੋੜੇ ਦਾ ਦੁੱਖ, ਮਿੱਤਰ ਹੀ ਜਾਣਦਾ ਹੈ। ਪਤੀ ਦੇ ਵਿਛੋੜੇ ਦੇ ਸੱਲ ਨੂੰ ਪਤਨੀ ਹੀ ਜਾਣਦੀ ਹੈ। ਲੱਖ ਧੀਰਜ ਦੇਣ ਤੇ ਵੀ ਉਸ ਦਾ ਮਨ ਧੀਰਜ ਨਹੀਂ ਬੰਨਦਾ। ਹੇਠਲੇ ਤਲ ਤੇ ਵੀ ਆਪਾਂ ਵੇਖਦੇ ਹਾਂ ਕਿ ਕੋਈ ਮਨੁੱਖ ਉੱਚ ਪਦਵੀ ਤੇ ਬੈਠਾ ਹੈ, ਬੜਾ ਖੁਸ਼ ਤੇ ਅਨੰਦ ਮਾਣਦਾ ਹੈ। ਦੇਵ ਨੇਤ ਨਾਲ ਉੱਚੀ ਪਦਵੀ ਖੁੱਸ ਜਾਵੇ। ਉਹੀ ਖੁਸ਼ੀਆਂ ਖੇੜੇ ਮਾਣਦਾ ਮਨੁੱਖ ਦਿਲਗੀਰ ਹੋ ਦਿਨ-ਰਾਤ ਝੂਰ-ਝੂਰ ਕੇ ਕੱਟਦਾ, ਕਈ ਵਾਰੀ ਆਪਣਾ ਦਿਮਾਗੀ ਸੰਤੁਲਨ ਵੀ ਗਵਾ ਬੈਠਦਾ ਹੈ। ਕਿਸੇ ਕਾਰਣ ਕਰਕੇ ਮਨੁੱਖ ਦਾ ਧਨ ਨਾਲੋਂ ਵਿਛੋੜਾ ਪੈ ਜਾਵੇ (ਭਾਵ ਮਾਇਆ ਦਾ ਨੁਕਸਾਨ ਹੋ ਜਾਵੇ) ਉਹੋ ਮਨੁੱਖ ਦਿਨ ਰਾਤ ਮਾਇਆ ਦੇ ਵਿਛੋੜੇ ਕਾਰਣ ਹਉਕੇ ਭਰਦਾ ਆਪਣੀ ਨੀਂਦ ਵੀ ਹਰਾਮ ਕਰ ਲੈਂਦਾ ਹੈ। ਖੁਸ਼ੀਆਂ ਖੇੜੇ, ਉਨ੍ਹਾਂ ਚਿਰ ਹੀ ਬਣੇ ਰਹਿੰਦੇ ਹਨ, ਜਿੰਨਾ ਚਿਰ ਕਿਸੇ ਚੀਜ਼ ਨਾਲੋਂ ਵਿਛੋੜਾ ਨਾ ਪਵੇ। ਵਿਛੋੜਾ ਪੈਂਦੇ ਸਾਰ ਹੀ ਖੁਸ਼ੀਆਂ-ਖੇੜੇ, ਗ਼ਮੀ ਅਤੇ ਦੁੱਖਾਂ ਵਿੱਚ ਤਬਦੀਲ ਹੋ ਜਾਂਦੇ ਹਨ।

ਵਿਛੁੜੀਆਂ ਵਸਤੂਆਂ, ਵਿਛੁੜੇ ਹੋਏ ਧੀਆਂ-ਪੁੱਤਰਾਂ ਦਾ ਮੁੜ ਮਿਲਾਪ ਹੋ



ਜਾਵੇ, ਮਿਲਾਪ ਹੁੰਦੇ ਸਾਰ ਹੀ ਮਨ ਨੂੰ ਧੀਰਜ ਵੀ ਪ੍ਰਾਪਤ ਹੋ ਜਾਂਦਾ ਹੈ ਅਤੇ ਗਮੀ ਖੁਸ਼ੀ ਵਿੱਚ, ਦੁੱਖ ਸੁੱਖ ਵਿੱਚ, ਤਬਦੀਲ ਹੋ ਜਾਂਦੇ ਹਨ।

ਬਹੁਤਾਤ ਵਿੱਚ ਇਹ ਵੀ ਵੇਖਣ ਨੂੰ ਮਿਲਦਾ ਹੈ ਕਿ ਕਈਆਂ ਪਰਿਵਾਰਾਂ ਵਿੱਚ ਧਨ-ਸੰਪਦਾ, ਮਾਇਆ ਵੀ ਲੋੜ ਤੋਂ ਵੱਧ ਹੁੰਦੀ ਹੈ। ਉੱਚ ਪਦਵੀਆਂ ਅਤੇ ਰਾਜ-ਭਾਗ ਵੀ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ। ਪਰਿਵਾਰ ਦੇ ਜੀਵ ਵੀ ਲੋੜ ਅਨੁਸਾਰ ਪੂਰੇ ਹੁੰਦੇ ਹਨ। ਸੰਸਾਰ ਦੀ ਹਰ ਚੀਜ਼ ਪ੍ਰਾਪਤ ਹੋਣ ਉਪਰੰਤ ਵੀ ਉਹ ਮਨੁੱਖ ਉਦਾਸ ਤੇ ਪਰੇਸ਼ਾਨ ਵੇਖੇ ਜਾ ਸਕਦੇ ਹਨ। ਇਸ ਉਦਾਸੀ ਤੇ ਪਰੇਸ਼ਾਨੀ ਦੇ ਕਾਰਣ ਦਾ ਪਤਾ ਕਈ ਵਾਰੀ ਉਨ੍ਹਾਂ ਨੂੰ ਵੀ ਨਹੀਂ ਲੱਗਦਾ। ਉਹ ਆਪਣੇ ਆਪ ਵਿੱਚ ਕੁਝ ਗਵਾਚੇ-ਗਵਾਚੇ ਮਹਿਸੂਸ ਕਰਦੇ ਹਨ। ਇਸ ਉਦਾਸੀ, ਪ੍ਰੇਸ਼ਾਨੀ ਦਾ ਕਾਰਣ ਹੈ, ਆਪਣੇ ਮੂਲ ਪਰਮਾਤਮਾ ਨਾਲੋਂ ਜੀਵ ਆਤਮਾ ਦਾ ਵਿਛੋੜਾ, ਜਿਸ ਵਿਛੋੜੇ ਤੋਂ ਅਸੀਂ ਅਚੇਤ ਹਾਂ। ਇਹ ਅਚੇਤਤਾਈ, ਜੋ ਪ੍ਰੇਸ਼ਾਨੀ ਤੇ ਦੁੱਖ ਦਾ ਕਾਰਨ ਬਣ ਰਹੀ ਹੈ, ਉਸ ਤੋਂ ਸੁਚੇਤ ਕਰਨ ਲਈ ਸਤਿਗੁਰੂ ਜੀ ਨੇ ਸਾਨੂੰ ਜੀਵਾਂ ਨੂੰ ਬਾਰੰਬਾਰ ਗੁਰਬਾਣੀ ਅੰਦਰ ਸੁਚੇਤ ਕੀਤਾ ਹੈ, ਕਿ ਹੇ ਜੀਵ! ਤੇਰਾ ਹਾਲ ਤਾਂ ਉਸ ਸੰਸਾਰੀ ਬੱਚੇ ਤੋਂ ਵੀ ਭੈੜਾ ਬਣ ਗਿਆ ਹੈ, ਜੋ ਆਪਣੇ ਮਾਂ-ਬਾਪ ਤੋਂ ਕਿਸੇ ਕਾਰਣ ਵਿਛੁੜ ਜਾਵੇ। ਸੁਹਿਰਦ ਸੱਜਣ ਉਸ ਬੱਚੇ ਨੂੰ ਭਾਵੇਂ ਜਿੰਨੇ ਮਰਜੀ ਖਿਡੌਣੇ, ਮਠਿਆਈਆਂ ਦੇ ਕੇ ਪਰਚਾਉਣ ਦਾ ਯਤਨ ਕਰਨ ਪਰ ਮਾਤਾ-ਪਿਤਾ ਤੋਂ ਵਿਛੜਿਆ ਬੱਚਾ ਉਨ੍ਹਾਂ ਚਿਰ ਧੀਰਜ ਨਹੀਂ ਬੰਨ੍ਹਦਾ, ਰੋਈ ਹੀ ਜਾਂਦਾ ਹੈ, ਜਿੰਨਾ ਚਿਰ ਉਸ ਦਾ ਮਿਲਾਪ ਆਪਣੇ ਮਾਤਾ-ਪਿਤਾ ਨਾਲ ਨਹੀਂ ਹੋ ਜਾਂਦਾ।

ਪਰ ਹੇ ਅਗਿਆਨ ਭਰਮ ਵਿੱਚ ਫਸੇ ਮਾਇਆ ਮੁੱਠੇ ਜੀਵ-ਬੱਚੇ! ਪਰਮ ਪਿਤਾ ਪਰਮਾਤਮਾ, ਜੋ ਤੇਰਾ ਮੂਲ ਹੈ, ਜਿਸ ਨੂੰ ਤੂੰ ਗੁਰਬਾਣੀ ਅੰਦਰ ਪੜ੍ਹਦਾ ਵੀ ਤੇ ਸੁਣਦਾ ਵੀ ਹੈ ਕਿ:

**ਤੂ ਮੇਰਾ ਪਿਤਾ ਤੂਹੈ ਮੇਰਾ ਮਾਤਾ ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ ॥**

ਭੈਰਉ ਮ : ੫, ਪੰਨਾ ੧੧੪੪

ਅਤੇ:

**ਤੂੰ ਮੇਰਾ ਪਿਤਾ ਤੂੰਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥**

**ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥**

ਮਾਝ ਮ: ੫, ਪੰਨਾ ੧੦੩

ਜਿਸ ਨੂੰ ਤੂੰ ਮਾਤਾ-ਪਿਤਾ ਕਹਿ ਕੇ ਹਰ ਰੋਜ਼ ਉਸ ਅੱਗੇ ਅੱਖਰੀਂ ਅਰਦਾਸ ਵੀ ਕਰਦਾ ਹੈ :

**ਤੂ ਠਾਕੁਰੁ ਤੁਮ ਪਹਿ ਅਰਦਾਸਿ ॥ ਜੀਉ ਪਿੰਡੁ ਸਭੁ ਤੇਰੀ ਰਾਸਿ ॥**

**ਤੁਮ ਮਾਤ ਪਿਤਾ ਹਮ ਬਾਰਿਕ ਤੇਰੇ ॥ ਤੁਮਰੀ ਕ੍ਰਿਪਾ ਮਹਿ ਸੂਖ ਘਨੇਰੇ ॥**

ਸੁਖਮਨੀ ਮ: ੫, ਪੰਨਾ ੨੬੮

ਅਜਿਹਾ ਪ੍ਰਭੂ ਜੋ ਮਾਤਾ-ਪਿਤਾ, ਭੈਣ-ਭਰਾ, ਅੰਗ-ਸਾਕ, ਮਿੱਤਰ-ਦੋਸਤ ਦੀ ਥਾਂ ਇਸ ਸੰਸਾਰ ਅੰਦਰ ਵੀ ਤੇ ਪ੍ਰਲੋਕ ਵਿੱਚ ਵੀ ਤੇਰਾ ਅੰਗ ਪਾਲਕ ਹੈ। ਉਸ ਨੂੰ ਤੂੰ ਮਾਇਆ ਦੇ ਪ੍ਰਭਾਵ ਅਧੀਨ ਭੁਲਾ ਕੇ ਸੰਸਾਰ ਦੇ ਵਿੱਚ ਚਾਰ ਦਿਨ ਦਾ ਸਾਥ ਦੇਣ ਵਾਲੇ ਦੁਨਿਆਵੀ ਮਾਤਾ-ਪਿਤਾ, ਅੰਗ-ਸਾਕ, ਭੈਣ-ਭਰਾ, ਮਿੱਤਰ-ਦੋਸਤ ਅਤੇ ਸੰਸਾਰ ਦੇ ਰੰਗ-ਤਮਾਸ਼ਿਆਂ, ਖਾਣ-ਪੀਣ, ਭੋਗਣ ਦੇ ਰਸਾਂ-ਕਸਾਂ, ਐਸ਼ੋ-ਇਸ਼ਰਤ, ਮਹਿਲ-ਮਾੜੀਆਂ ਅਤੇ ਧਨ-ਸੰਪਦਾ ਦੇ ਪਿਆਰ ਵਿੱਚ ਫੱਸ ਕੇ, ਤੂੰ ਮਾਲਕ ਪ੍ਰਭੂ ਨੂੰ ਭੁਲਾ ਹੀ ਦਿੱਤਾ ਹੈ ਤੇ ਇਨ੍ਹਾਂ ਨੂੰ ਹੀ ਸਤਿ ਜਾਣ ਕੇ ਇਨ੍ਹਾਂ ਦੇ ਮੋਹ ਪਿਆਰ ਵਿੱਚ ਪਰਚ ਅਤੇ ਪਲਚ ਕੇ ਆਪਣੇ ਜੀਵਨ ਨੂੰ ਬੇ-ਰੌਣਕਾ ਬਣਾ ਕੇ ਪਰੇਸ਼ਾਨੀ ਦਾ ਜੀਵਨ ਬਤੀਤ ਕਰ ਰਿਹਾ ਹੈਂ। ਆਪਣੇ ਮੂਲ ਨਾਲੋਂ ਜਦੋਂ ਤੇਰਾ ਪਹਿਲੀ ਵਾਰੀ ਵਿਛੋੜਾ ਪਿਆ, ਉਸ ਸਮੇਂ ਤੂੰ ਜ਼ਰੂਰ ਰੋਇਆ। ਲੋਕਾਂ ਦੇ ਹਾਸਿਆਂ ਅਤੇ ਪਰਿਵਾਰ ਨੂੰ ਮਿਲ ਰਹੀਆਂ ਵਧਾਈਆਂ ਨੇ ਤੇਰੇ ਰੋਣ ਦੀ ਪ੍ਰਵਾਹ ਨਾ ਕੀਤੀ। ਤੇਰਾ ਧਿਆਨ ਅਸਲੀ ਰੋਣੇ ਤੋਂ ਦੂਰ ਕਰਨ ਲਈ ਸੰਸਾਰ ਤੇ ਪਰਿਵਾਰ ਨੇ ਕੀ ਕੀਤਾ। ਭਾਈ ਗੁਰਦਾਸ ਜੀ, ਇਸ ਸੱਚਾਈ ਨੂੰ ਆਪਣੀ ਸੈਂਤੀਵੀ ਵਾਰ ਦੀ ਸੱਤਵੀਂ ਪਉੜੀ ਵਿੱਚ ਹੇਠ ਲਿਖੇ ਅਨੁਸਾਰ ਪ੍ਰਗਟ ਕਰਦੇ ਫੁਰਮਾਉਂਦੇ ਹਨ ਕਿ ਮਾਤਾ ਦੇ ਗਰਭ ਵਿੱਚ ਬੱਚੇ ਦੀ ਸੁਰਤ ਨਾਮ ਦੁਆਰਾ ਪਰਮਾਤਮਾ ਨਾਲ ਜੁੜੀ ਹੋਈ ਸੀ। ਸੰਸਾਰ ਵਿੱਚ ਜਨਮ ਲੈਂਦੇ ਸਾਰ, ਪਰਮਾਤਮਾ ਨਾਲੋਂ ਲਿਵ ਟੁੱਟ ਗਈ, ਨਾਮ ਰਤਨ ਵਿਸਰ ਗਿਆ। ਬੱਚੇ ਨੂੰ ਸੰਸਾਰ ਵਿੱਚ ਹਰ ਪਾਸੇ ਮਾਇਆ ਦਾ ਘੁੱਪ ਹਨੇਰਾ ਹੀ ਪਸਰਿਆ ਪ੍ਰਤੀਤ ਹੁੰਦਾ ਹੈ, ਜਿਸ ਕਰਕੇ ਬੱਚਾ ਰੋਂਦਾ ਹੈ। ਬੱਚਾ ਰੋ ਕੇ ਆਪਣਾ ਦੁੱਖ ਦੱਸਦਾ ਹੈ ਪਰ ਸਾਰਾ ਪਰਿਵਾਰ ਹੱਸ-ਹੱਸ ਕੇ ਖੁਸ਼ੀ ਮਨਾਉਂਦਾ ਹੈ। ਸਾਰੇ ਜੀਵਾਂ ਦੇ ਮਨ ਵਿੱਚ ਨਵੇਂ ਜਨਮੇ ਬਾਰਿਕ ਦੀ ਆਮਦ ਕਰਕੇ ਖੁਸ਼ੀ ਹੁੰਦੀ ਹੈ। ਖੁਸ਼ੀ ਨੂੰ ਸਾਂਝਾ ਕਰਨ ਲਈ ਸਾਰੇ ਇੱਕ ਦੂਜੇ ਨੂੰ ਵਧਾਈਆਂ ਦਿੰਦੇ ਹਨ ਤੇ ਢੋਲ-ਢਮੱਕਾ ਕਰਕੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਨਾਨਕੇ ਤੇ ਦਾਦਕੇ ਪਰਿਵਾਰ ਖੁਸ਼ੀ ਮਨਾਉਂਦੇ ਨਵੇਂ ਜਨਮੇ ਬੱਚੇ ਨੂੰ ਅਸੀਸਾਂ ਤੇ ਪਿਆਰ ਦਿੰਦੇ ਹਨ। ਪਰਮਾਤਮਾ ਨੇ ਬੜੀ ਅਸਚਰਜ ਖੇਡ ਰਚੀ ਹੈ ਕਿ ਇੱਕ ਬਿੰਦ



ਤੋਂ, ਸੁਹਣਾ ਪਰਬਤ ਵਰਗਾ ਸਰੀਰ ਬਣਾ ਦਿੱਤਾ। ਪਰ ਜੀਵ ਨੇ ਸੰਸਾਰ ਵਿੱਚ ਜਨਮ ਲੈ ਕੇ ਮਾਇਆ ਦੇ ਪ੍ਰਭਾਵ ਕਾਰਣ ਸਤ, ਸੰਤੋਖ, ਦਇਆ, ਧਰਮ ਤੇ ਸ਼ੁੱਭ ਵਿਚਾਰਾਂ ਨੂੰ ਭੁਲਾ ਦਿੱਤਾ ਅਤੇ ਕਾਮ, ਕ੍ਰੋਧ, ਲੋਭ, ਮੋਹ ਵਿੱਚ ਫਸ ਕੇ ਹੰਕਾਰੀ ਹੋ ਬੈਠਾ। ਇੰਝ ਕਹਿ ਲਵੋ, ਜੀਵ ਬੇਚਾਰਾ (ਬੇ-ਵਸ) ਹੋ ਕੇ ਮਾਇਆ ਦੇ ਮਹਾਂਜਾਲ ਵਿੱਚ ਫਸ ਗਿਆ। ਜੋ ਮਾਇਆ ਜੀਵ ਪਾਸੋਂ ਕਰਵਾਉਣਾ ਚਾਹੁੰਦੀ ਹੈ, ਹੁਣ ਜੀਵ ਉਹ ਹੀ ਕਰਦਾ ਹੈ :

**ਰੋਵੈ ਰਤਨੁ ਗਵਾਇਕੈ ਮਾਇਆ ਮੋਹੁ ਅਨ੍ਹੇਰ ਗੁਬਾਰਾ ॥**

**ਉਹ ਰੋਵੈ ਦੁਖੁ ਆਪਣਾ ਹਸਿ ਹਸਿ ਗਾਵੈ ਸਭ ਪਰਵਾਰਾ ॥**

**ਸਭਨਾ ਮਨਿ ਵਧਾਈਆਂ ਰੁਣ ਝੁੰਝਨੜਾ ਰੁਣ ਝੁਣਕਾਰਾ ॥**

**ਨਾਨਕੁ ਦਾਦਕੁ ਸੋਹਿਲੇ ਦੇਨਿ ਅਸੀਸਾਂ ਬਾਲ ਪਿਆਰਾ ॥**

**ਚੁਖਹੁੰ ਬਿੰਦਕ ਬਿੰਦੁ ਕਰਿ ਬਿੰਦਹੁ ਕੀਤਾ ਪਰਬਤ ਭਾਰਾ ॥**

**ਸਤਿ ਸੰਤੋਖ ਦਇਆ ਧਰਮੁ ਅਰਥੁ ਸੁਗਰਥ ਵਿਸਾਰਿ ਵਿਸਾਰਾ ॥**

**ਕਾਮ ਕ੍ਰੋਧੁ ਵਿਰੋਧੁ ਵਿਚਿ ਲੋਭੁ ਮੋਹੁ ਧਰੋਹ ਅਹੰਕਾਰਾ ॥**

**ਮਹਾਂ ਜਾਲ ਫਾਥਾ ਵੇਚਾਰਾ ॥ (ਵਾਰ ੩੭, ਪਉੜੀ ੭)**

ਮਾਇਆ ਦੇ ਅਗਿਆਨ ਭਰਮ-ਜਾਲ ਵਿੱਚ ਫਸ ਕੇ ਜੀਵ ਕਿਵੇਂ ਆਪਣੇ ਮੂਲ ਪਰਮਾਤਮਾ ਨੂੰ ਭੁੱਲ ਗਿਆ ਤੇ ਕਿਵੇਂ ਸੰਸਾਰ ਦੇ ਮੋਹ ਜਾਲ ਵਿੱਚ ਪਰਚ ਤੇ ਪਲਚ ਗਿਆ। ਉਸ ਦਾ ਵਿਸਥਾਰ ਸਤਿਗੁਰੂ ਨਾਨਕ ਦੇਵ ਜੀ ਨੇ ਸਾਨੂੰ ਸੁਚੇਤ ਕਰਨ ਹਿਤ ਮਾਝ ਰਾਗ ਅੰਦਰ ਕੀਤਾ ਹੈ। ਆਪ ਫੁਰਮਾਨ ਕਰਦੇ ਹਨ ਕਿ ਮਨੁੱਖ ਕਿਵੇਂ-ਕਿਵੇਂ ਮਾਇਆ ਦੇ ਪ੍ਰਭਾਵ ਅਧੀਨ ਸੰਸਾਰ ਵਿੱਚ ਖਚਤ ਹੁੰਦਾ ਗਿਆ।

**ਪਹਿਲੈ ਪਿਆਰਿ ਲਗਾ ਥਣ ਦੁਧਿ[੧] ॥ ਦੂਜੈ ਮਾਇ ਬਾਪ ਕੀ ਸੁਧਿ ॥**

**ਤੀਜੈ ਭਯਾ[੨] ਭਾਭੀ[੩] ਬੇਬ[੪] ॥ ਚਉਥੈ ਪਿਆਰਿ ਉਪੰਨੀ ਖੇਡ ॥**

**ਪੰਜਵੈ ਖਾਣ ਪੀਅਣ ਕੀ ਧਾਤੁ[੫] ॥ ਛਿਵੈ ਕਾਮੁ ਨ ਪੁਛੈ ਜਾਤਿ ॥[੬]**

**ਸਤਵੈ ਸੰਜਿ ਕੀਆ ਘਰ ਵਾਸੁ[੭] ॥ ਅਠਵੈ ਕ੍ਰੋਧੁ ਹੋਆ ਤਨ ਨਾਸੁ ॥**

---

੧. ਮਾਤਾ ਦੇ ਦੁੱਧ ਨਾਲ ਪਿਆਰ ਪੈ ਗਿਆ। ੨. ਭਰਾ। ੩. ਭਰਜਾਈ। ੪. ਭੈਣ। ੫. ਖਾਣ-ਪੀਣ ਲਈ ਦੌੜ ਭੱਜ ਸ਼ੁਰੂ ਹੋ ਗਈ। ੬. ਜੁਆਨੀ ਵਿੱਚ ਜਾਤ-ਕੁਜਾਤ ਦਾ ਵੀ ਵੀਚਾਰ ਭੁੱਲ ਗਿਆ। ੭. ਘਰ ਬਾਰ ਦੀਆਂ ਵਸਤੂਆਂ ਇਕੱਠੀਆਂ ਕਰਨੀਆਂ ਤੇ ਘਰ ਬਨਾਉਣਾ ਸ਼ੁਰੂ ਕਰ ਦਿੱਤਾ।

**ਨਾਵੈ ਧਉਲੇ[੮] ਉਭੇ ਸਾਹ[੯] ॥ ਦਸਵੈ[੧੦] ਦਧਾ ਹੋਆ ਸੁਆਹ ॥**

**ਗਏ ਸਿਗੀਤ[੧੧] ਪੁਕਾਰੀ ਧਾਹ[੧੨] ॥ ਉਡਿਆ ਹੰਸੁ[੧੩] ਦਸਾਏ ਰਾਹ ॥**

**[੧੪]ਆਇਆ ਗਇਆ ਮੁਇਆ ਨਾਉ ॥ [੧੫]ਪਿਛੈ ਪਤਲਿ ਸਦਿਹੁ ਕਾਵ ॥**

**ਨਾਨਕ ਮਨਮੁਖਿ ਅੰਧੁ ਪਿਆਰੁ ॥ ਬਾਝੁ ਗੁਰੂ ਡੁਬਾ ਸੰਸਾਰੁ ॥੨ ॥**

ਮ: ੧, ਪੰਨਾ ੧੩੭

ਸਾਨੂੰ ਮਾਇਆ ਮੁੱਠੇ ਜੀਵਾਂ ਨੂੰ ਸੁਚੇਤ ਕਰਨ ਹਿੱਤ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਬਾਣੀ ਅੰਦਰ ਫੁਰਮਾਨ ਕਰਦੇ ਹਨ ਕਿ ਹੇ ਜੀਵ! ਠੀਕ ਹੈ ਤੂੰ ਮਾਇਆ ਦੇ ਪ੍ਰਭਾਵ ਵਿੱਚ ਭਰਮ ਗਿਆ ਹੈਂ। ਮਾਇਆ ਦੇ ਪ੍ਰਭਾਵ ਨੇ ਤੈਨੂੰ ਭਰਮਾ ਲਿਆ ਹੈ। ਪਰ ਯਾਦ ਰਖੀਂ, ਮਾਇਆ ਦੇ ਪ੍ਰਭਾਵ ਕਾਰਣ ਤੂੰ ਜਿਨ੍ਹਾਂ-ਜਿਨ੍ਹਾਂ ਵਸਤੂਆਂ ਸੱਜਣਾ-ਮਿੱਤਰਾਂ, ਅੰਗਾਂ-ਸਾਕਾਂ, ਧੀਆਂ-ਪੁੱਤਰਾਂ ਦੇ ਮੋਹ ਵਿੱਚ ਗਲਤਾਨ ਹੋ ਕੇ ਆਪਣੇ ਮੂਲ ਪਰਮਾਤਮਾ ਨੂੰ ਭੁਲਾ ਦਿੱਤਾ ਹੈ, ਇਨ੍ਹਾਂ ਵਿੱਚੋਂ ਇੱਕ ਨੇ ਵੀ ਅੰਤ ਵੇਲੇ ਤੇਰਾ ਸਾਥ ਨਹੀਂ ਦੇਣਾ। ਤੈਥੋਂ ਪਹਿਲਾਂ ਪਤਾ ਨਹੀਂ ਇਨ੍ਹਾਂ ਝੂਠੇ ਧੰਧਿਆਂ ਵਿੱਚ ਕਿੰਨੇ ਕੁ ਪੂਰਾਂ ਦੇ ਪੂਰ ਪਲਚ-ਪਲਚ ਕੇ ਬਿਨਸ ਗਏ ਹਨ। ਉਨ੍ਹਾਂ ਨਾਲ ਵੀ ਕਿਸੇ ਦੁਨਿਆਵੀ ਸਾਕ ਤੇ ਮਾਇਆਵੀ ਧੰਧਿਆਂ ਨੇ ਸਾਥ ਨਹੀਂ ਦਿੱਤਾ। ਸਾਥ ਕਿਸ ਨੇ ਦੇਣਾ ਹੈ ? ਸਤਿਗੁਰੂ ਅਰਜਨ ਦੇਵ ਜੀ ਪਾਸੋਂ ਧਿਆਨ ਨਾਲ ਸ੍ਵਣ ਕਰ—

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**

**ਜਹ ਮਹਾ ਭਇਆਨ[੧੬] ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥**

**ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥**

**ਅਨਿਕ ਪੁਨਹਚਰਨ[੧੭] ਕਰਤ ਨਹੀ ਤਰੈ ॥ ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥**

ਸੁਖਮਨੀ ਮ: ੫, ਪੰਨਾ ੨੬੪

---

੮. ਕੇਸ ਚਿੱਟੇ ਹੋ ਗਏ। ੯. ਸਾਹ ਔਖੇ ਆਉਣੇ ਸ਼ੁਰੂ ਹੋ ਗਏ। ੧੦. ਸੜ ਕੇ ਸੁਆਹ ਦੀ ਢੇਰੀ ਬਣ ਗਿਆ। ੧੧. ਸੰਗੀ ਸਾਥੀ ਜੋ ਸ਼ਮਸ਼ਾਨ ਘਾਟ ਤੱਕ ਗਏ ਸੀ। ੧੨. ਢਾਹਾਂ ਮਾਰੀਆਂ। ੧੩. ਜੀਵ ਆਤਮਾ ਉੱਡ ਗਿਆ ਤੇ ਅਗਾਂਹ ਦਾ ਰਸਤਾ ਪੁੱਛਦਾ ਹੈ। ੧੪. ਜੀਵ ਸੰਸਾਰ ਤੇ ਆਇਆ ਤੇ ਇਥੋਂ ਤੁਰ ਗਿਆ ਕੁਝ ਸਮੇਂ ਬਾਅਦ ਨਾਮ ਵੀ ਮਿਟ ਗਿਆ। ੧੫. ਸਾਕ ਸਬੰਧੀਆਂ ਨੇ ਸਰਾਧ ਕੀਤਾ, ਭੋਜਨ ਪ੍ਰੋਸਣ ਲਈ ਪੱਤਿਆਂ ਦੀ ਥਾਲੀ ਬਣਾਈ, ਪੰਡਤਾਂ ਨੇ ਛਕਿਆ ਅਤੇ ਕੁਝ ਕਾਵਾਂ ਆਦਿ ਨੂੰ ਸੱਦ ਕੇ ਪਾ ਦਿੱਤਾ। ੧੬. ਭਿਆਨਕ (ਡਰਾਉਣੇ)। ੧੭. ਪਸਚਾਤਾਪ ਦੇ ਕਰਮ।



ਸਤਿਗੁਰਾਂ ਦੇ ਅਟੱਲ ਫੁਰਮਾਨ ਅਨੁਸਾਰ, ਜੇ ਨਾਮ ਨੇ ਹੀ ਹਰ ਥਾਂ ਹਰ ਜਗ੍ਹਾਂ ਤੇਰਾ ਸਾਥ ਨਿਭਾਉਣਾ ਹੈ ਫਿਰ ਬਣ ਗੁਰਮੁਖ, ਮੰਨ ਸਤਿਗੁਰੂ ਦਾ ਹੁਕਮ ਤੇ ਕਰ ਆਪਣਾ ਜਨਮ ਸਫ਼ਲ ਤੇ ਨਾਮ ਜਪ ਦੁਆਰਾ ਆਪਣੇ ਅਸਲੀ ਮਾਤਾ-ਪਿਤਾ ਪਰਮਾਤਮਾ ਨਾਲ ਪਾ ਆਤਮਿਕ ਗੰਢ ਤੇ ਲੋਕ ਪ੍ਰਲੋਕ ਵਿੱਚ ਪਾ "ਸੂਖ ਘਨੇਰੇ", ਰਸਤਾ ਸਤਿਗੁਰਾਂ ਦਰਸਾ ਦਿੱਤਾ ਹੈ ਕਿ—

**ਗੁਰਮੁਖਿ ਨਾਮੁ ਜਪਹੁ ਮਨ ਮੇਰੇ ॥ ਨਾਨਕ ਪਾਵਹੁ ਸੂਖ ਘਨੇਰੇ ॥**

ਸੁਖਮਨੀ ਮ: ੫, ਪੰਨਾ ੨੬੪

ਸੋ ਇਸ ਲਈ ਇਸ ਮਾਰਗ ਦਾ ਧਾਰਨੀ ਬਣ ਕੇ ਸੁਖ ਤੇ ਗੁਰੂ ਖੁਸ਼ੀ ਪ੍ਰਾਪਤ ਕਰ।

## ***ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥***

**ਅੱਖਰੀ-ਅਰਥ :** ਵੈਸਾਖ ਮਹੀਨੇ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਬਖਸ਼ਿਸ਼ ਕਰਦੇ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਧੀਰਜ ਕਿਵੇਂ ਆ ਸਕਦਾ ਹੈ (ਭਾਵ ਨਹੀਂ ਆ ਸਕਦਾ) ਜੋ ਪ੍ਰੇਮ-ਸਰੂਪ ਪਰਮਾਤਮਾ ਨਾਲੋਂ ਟੁੱਟੇ (ਵਿਛੋੜੇ) ਹੋਏ ਹਨ।

**ਸੰਖੇਪ ਵਿਚਾਰ :** ਪਿਆ ਹੋਵੇ ਵਿਛੋੜਾ, ਧੀਰਜ ਕਿਵੇਂ ਆਵੇ ? ਕਦਾਚਿਤ ਧੀਰਜ ਨਹੀਂ ਆ ਸਕਦਾ। ਮਾਤਾ-ਪਿਤਾ ਤੋਂ ਪੁੱਤਰ ਦਾ ਵਿਛੋੜਾ ਪਿਆ ਹੋਵੇ। ਵਿਛੋੜੇ ਦਾ ਸੱਲ ਮਾਤਾ-ਪਿਤਾ ਹੀ ਜਾਣਦੇ ਹਨ। ਰਿਸ਼ਤੇਦਾਰ, ਹਮਦਰਦੀ ਸੱਜਣ ਲੱਖਾਂ ਤਰ੍ਹਾਂ ਨਾਲ ਧੀਰਜ-ਧਰਵਾਸ ਦੇਣ ਦਾ ਯਤਨ ਕਰਨ, ਉਨ੍ਹਾਂ ਦਾ ਧੀਰਜ ਧਰਵਾਸ ਮਾਤਾ-ਪਿਤਾ ਦੇ ਸੱਲ ਨੂੰ ਦੂਰ ਨਹੀਂ ਕਰ ਸਕਦਾ। ਸਮਾਂ ਪਾ ਕੇ ਵਿਛੋੜੇ ਦਾ ਦੁੱਖ ਘੱਟ ਤਾਂ ਜਾਂਦਾ ਹੈ ਪਰ ਵਿਛੋੜੇ ਦੀ ਪੀੜ ਉਸੇ ਤਰ੍ਹਾਂ ਹਿਰਦੇ ਵਿੱਚ ਕਸਕਾਂ ਮਾਰਦੀ, ਮਾਤਾ-ਪਿਤਾ ਨੂੰ ਪ੍ਰੇਸ਼ਾਨ ਕਰਦੀ ਰਹਿੰਦੀ ਹੈ। ਪੁੱਤਰ ਦਾ ਮਾਤਾ-ਪਿਤਾ ਨਾਲ ਮਿਲਾਪ ਹੋ ਜਾਵੇ, ਕਿਸੇ ਨੂੰ ਧੀਰਜ-ਧਰਵਾਸ ਦੇਣ ਦੀ ਲੋੜ ਨਹੀਂ ਪੈਂਦੀ, ਮਿਲਾਪ ਆਪੇ ਹੀ ਧੀਰਜ ਧਰਵਾਸ ਦੇ ਕੇ ਗਮੀਆਂ ਨੂੰ ਖੁਸ਼ੀਆਂ ਵਿੱਚ ਤੇ ਦੁੱਖ ਨੂੰ ਸੁੱਖ ਵਿੱਚ ਬਦਲ ਦਿੰਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਗਉੜੀ ਰਾਗ ਅੰਦਰ, ਆਪਣੇ ਮੂਲ ਪਰਮਾਤਮਾ ਤੋਂ ਵਿਛੜੀ ਹੋਈ ਜੀਵ-ਆਤਮਾ, ਵੱਲੋਂ ਆਪਣੇ ਮਾਲਕ ਪਰਮਾਤਮਾ ਅੱਗੇ ਬਿਰਹੋਂ ਭਰੀ ਬੇਨਤੀ ਕਰਕੇ ਮਿਲਾਪ ਦੀ ਦਾਤ ਮੰਗੀ ਹੈ। ਜੀਵ ਆਤਮਾ ਵਿਛੋੜੇ ਦੇ ਸੱਲ

ਨਾਲ ਕੁੱਠੀ, ਆਪਣੇ ਪ੍ਰਭੂ ਮਾਲਕ ਅੱਗੇ ਬੇਨਤੀ ਕਰਦੀ ਹੈ ਕਿ ਹੇ ਪ੍ਰਭੂ ਪਤੀ ਪਰਮਾਤਮਾ! ਮੈਂ ਸੰਸਾਰ ਰੂਪੀ ਵਣ ਵਿੱਚ ਆਪ ਤੋਂ ਵਿਛੜ ਕੇ ਇਕੱਲੀ ਵਿਚਰਦੀ ਦੁੱਖ ਭੋਗ ਰਹੀ ਹਾਂ, ਕਿਰਪਾ ਕਰਕੇ ਆਪ ਮੇਰੀ ਬੇਨਤੀ ਸੁਣੋ ਜੀ। ਹੇ ਬੇ-ਪ੍ਰਵਾਹ ਮਾਲਕ ਪ੍ਰਭੂ ਪਤੀ ਜੀਉ! ਆਪ ਤੋਂ ਵਿਛੜ ਕੇ ਮੈਂ ਜੀਵ ਇਸਤ੍ਰੀ ਨੂੰ ਕਿਵੇਂ ਧੀਰਜ ਆ ਸਕਦਾ ਹੈ ? ਮੈਂ ਆਪ ਤੋਂ ਬਿਨਾਂ ਰਹਿ ਨਹੀਂ ਸਕਦੀ, ਮੇਰੀ ਉਮਰ ਰੂਪੀ ਰਾਤ ਬਹੁਤ ਔਖੀ ਲੰਘ ਰਹੀ ਹੈ। ਮੇਰੇ ਅੰਦਰ ਆਪ ਦਾ ਪਿਆਰ ਅਤਿ ਪਰਬਲ ਹੋ ਗਿਆ ਹੈ। ਇਸ ਲਈ ਮੈਨੂੰ ਨਾ ਧੀਰਜ ਬੱਝਦਾ ਹੈ ਅਤੇ ਨਾ ਹੀ ਰਾਤ ਨੂੰ ਨੀਂਦ ਆਉਂਦੀ ਹੈ। ਹੇ ਪਿਆਰੇ ਪਤੀ ਪਰਮਾਤਮਾ! ਤੁਹਾਥੋਂ ਬਿਨਾਂ ਮੇਰੀ ਕੋਈ ਸਾਰ ਲੈਣ ਵਾਲਾ ਨਹੀਂ। ਮੈਂ ਸੰਸਾਰ ਵਣ ਵਿੱਚ ਇਕੱਲੀ ਹੀ ਕੁਰਲਾਉਂਦੀ ਦਿਨ ਕੱਟ ਰਹੀ ਹਾਂ। ਹੇ ਪਤੀ ਪਰਮਾਤਮਾ! ਆਪ ਹੀ ਮਿਹਰ ਕਰਕੇ ਮੈਨੂੰ ਆਪਣਾ ਮਿਲਾਪ ਬਖਸ਼ਿਸ਼ ਕਰੋ। ਆਪ ਤੋਂ ਬਿਨਾਂ ਮੇਰਾ ਇੱਕ-ਇੱਕ ਛਿਨ, ਦੁੱਖਾਂ ਵਿੱਚ ਬਤੀਤ ਹੁੰਦਾ ਹੈ। ਸਤਿਗੁਰਾਂ ਦਾ **"ਵੈਸਾਖਿ ਧੀਰਨਿ ਕਿਉ ਵਾਢੀਆ"** ਦੀ ਵਿਆਖਿਆ ਕਰਦਾ ਫੁਰਮਾਨ ਪੜ੍ਹੀਏ। ਆਪ ਜੀ ਬਚਨ ਕਰਦੇ ਹਨ।

**ਕਿਉ ਧੀਰੈਗੀ ਨਾਹ ਬਿਨਾ ਪ੍ਰਭ ਵੇਪਰਵਾਹੇ ॥**

**ਧਨ ਨਾਹ ਬਾਝਹੁ ਰਹਿ ਨ ਸਾਕੈ ਬਿਖਮ ਰੈਣਿ ਘਣੇਰੀਆ ॥**

**ਨਹ ਨੀਦ ਆਵੈ ਪ੍ਰੇਮੁ ਭਾਵੈ ਸੁਣਿ ਬੇਨੰਤੀ ਮੇਰੀਆ ॥**

**ਬਾਝਹੁ ਪਿਆਰੇ ਕੋਇ ਨ ਸਾਰੇ ਏਕਲੜੀ ਕੁਰਲਾਏ ॥**

**ਨਾਨਕ ਸਾ ਧਨ ਮਿਲੈ ਮਿਲਾਈ ਬਿਨੁ ਪ੍ਰੀਤਮ ਦੁਖੁ ਪਾਏ ॥੧॥**

ਮ: ੧, ਪੰਨਾ ੨੪੩

ਸਤਿਗੁਰੂ ਰਾਮਦਾਸ ਜੀ ਦਾ ਬਚਨ ਹੈ ਕਿ ਸਾਰਾ ਧਾਰਮਿਕ ਕਰਮਕਾਂਡ, ਜਗਿਆਸੂ ਆਪਣੇ ਮਾਲਕ ਪਰਮਾਤਮਾ ਨੂੰ ਰੀਝਾਵਣ ਵਾਸਤੇ ਤੇ ਮਿਲਾਪ ਵਾਸਤੇ ਕਰਦਾ ਹੈ ਪਰ ਜੇ ਸਾਰਾ ਕੁਝ ਕਰਨ ਨਾਲ ਪਰਮਾਤਮਾ ਦਾ ਮਿਲਾਪ ਪ੍ਰਾਪਤ ਨਹੀਂ ਹੋਇਆ ਤਾਂ ਉਸ ਜਗਿਆਸੂ ਦੇ ਮਨ ਵਿੱਚ ਕਿਵੇਂ ਧੀਰਜ ਬੱਝ ਸਕਦਾ ਹੈ ? ਭਾਵ ਨਹੀਂ ਬੱਝਦਾ ਆਪ ਦਾ ਵਡਹੰਸ ਰਾਗ ਅੰਦਰ ਫੁਰਮਾਨ ਹੈ।

**ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ ॥**

**ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ ॥**

ਮ: ੪, ਪੰਨਾ ੫੬੧



## *ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥*

**ਅੱਖਰੀ-ਅਰਥ :** ਉਨ੍ਹਾਂ ਨੇ ਸਦਾ ਸਾਥ ਨਿਭਾਉਣ ਵਾਲੇ ਪਰਮਾਤਮਾ ਨੂੰ ਭੁਲਾ ਦਿੱਤਾ ਹੈ। ਹਮੇਸ਼ਾ ਉਨ੍ਹਾਂ ਦੀ ਸੁਰਤ ਛਲ-ਰੂਪ ਮਾਇਆ ਦੇ ਮਨਮੋਹਣੇ ਪ੍ਰਭਾਵ ਵਿੱਚ ਲੁਭਾਇਮਾਨ ਰਹਿੰਦੀ ਹੈ ਅਤੇ ਉਹ ਪਰਮਾਤਮਾ ਨੂੰ ਭੁਲਾ ਕੇ ਦਿਨ ਰਾਤ ਮਾਇਆ ਵਿੱਚ ਹੀ ਸੁਰਤੀ ਲਾ ਕੇ ਸਵਾਸ-ਸਵਾਸ ਮਾਇਆ ਹੀ ਮੰਗਦੇ ਹਨ।

**ਸੰਖੇਪ-ਵਿਚਾਰ :** ਸਤਿਗੁਰੂ ਅਮਰਦਾਸ ਜੀ, ਸਾਨੂੰ ਜਗਿਆਸੂਆਂ ਨੂੰ ਸੁਚੇਤ ਕਰਦੇ ਗੂਜਰੀ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਮਾਇਆ, ਨਾਗਣੀ ਦਾ ਸੁਭਾਅ ਰੱਖਦੀ ਹੈ, ਜਿਵੇਂ ਸਰਪਣੀ ਦੇ ਬੱਚੇ ਸਰਪਣੀ ਨੂੰ ਆਪਣੀ ਮਾਂ ਜਾਣ ਕੇ ਪਿਆਰ ਕਰਦੇ ਹਨ ਪਰ ਸਰਪਣੀ ਪਿਆਰ ਕਰਨ ਵਾਲੇ ਆਪਣੇ ਬੱਚਿਆਂ ਨੂੰ ਹੀ ਖਾਈ ਜਾਂਦੀ ਹੈ। ਤਿਵੇਂ ਜੋ ਮਾਇਆ ਨਾਲ ਬਹੁਤਾ ਪਿਆਰ ਪਾ, ਮਾਇਆ ਵਿੱਚ ਹੀ ਖੱਚਤ ਹੋ ਜਾਂਦੇ ਹਨ, ਮਾਇਆ ਉਨ੍ਹਾਂ ਨੂੰ ਆਪਣੇ ਵਿੱਚ ਹੀ ਉਲਝਾ ਕੇ ਉਨ੍ਹਾਂ ਦੀ ਆਤਮਿਕ ਮੌਤ ਦਾ ਕਾਰਣ ਬਣਦੀ ਹੈ। ਆਪ ਦਾ ਫੁਰਮਾਨ ਹੈ।

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ ॥**

**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ ॥** ਮ: ੩, ਪੰਨਾ ੫੧੦

ਸਤਿਗੁਰੂ ਅਰਜਨ ਦੇਵ ਜੀ ਦੇ ਆਸਾ ਰਾਗ ਅੰਦਰ ਫੁਰਮਾਨ ਅਨੁਸਾਰ, ਮਾਇਆ ਭਾਵੇਂ ਧ੍ਰੋਹ ਰੂਪ ਹੈ, ਪਰ ਇਸ ਦੀ ਚਮਕ-ਦਮਕ ਇੰਨੀ ਸੁੰਦਰ ਹੈ ਕਿ ਇਹ ਹਰ ਇੱਕ ਦੇ ਮਨ ਨੂੰ ਸੁੰਦਰ ਲੱਗਦੀ ਤੇ ਮੋਹਦੀ ਹੈ। ਮਾਇਆ ਇੰਨੀ ਧ੍ਰੋਹ ਰੂਪ ਹੈ ਕਿ ਮਨੁੱਖ ਦਾ ਕਿਸੇ ਸਮੇਂ ਵੀ ਖਹਿੜਾ ਨਹੀਂ ਛੱਡਦੀ, ਚਾਹੇ ਉਹ ਘਰ ਵਿੱਚ ਹੋਵੇ ਜਾਂ ਰਸਤੇ ਤੁਰਿਆ ਜਾਂਦਾ ਹੋਵੇ। ਭਾਵੇਂ ਉਹ ਜੰਗਲਾਂ ਵਿੱਚ ਚਲਾ ਜਾਵੇ। ਇਥੋਂ ਤੱਕ ਕਿ ਦਰਿਆ, ਨਦੀਆਂ ਪਾਰ ਕਰਦਿਆਂ ਵੀ ਇਹ ਆਪਣਾ ਅਸਰ ਕਰ ਹੀ ਜਾਂਦੀ ਹੈ। ਜਿਉਂ-ਜਿਉਂ ਮਨੁੱਖ ਇਸ ਨਾਲ ਪ੍ਰੀਤ ਕਰਦਾ ਹੈ, ਓਨੀ ਇਸ ਦੀ ਪ੍ਰਾਪਤੀ ਲਈ ਅੰਦਰ ਤ੍ਰਿਸ਼ਨਾ ਹੋਰ ਪ੍ਰਬਲ ਹੁੰਦੀ ਹੈ। ਇੱਕ ਵਾਰੀ ਇਹ ਜਿਸ ਦੇ ਗਲ ਚੰਮੜ ਜਾਂਦੀ ਹੈ, ਮੁੜ ਉਸ ਨੂੰ ਬਲਾ ਬਣ ਕੇ ਛੱਡਦੀ ਨਹੀਂ। ਮਨ-ਤਨ ਕਰਕੇ ਬਹੁਤ ਚੰਗੀ ਮਿੱਠੀ ਲੱਗਦੀ ਹੈ ਪਰ ਹੈ ਇਹ ਧ੍ਰੋਹ ਅਤੇ ਛਲ ਰੂਪ। ਜਦੋਂ ਮਨੁੱਖ ਨਾਲ ਇਹ ਧ੍ਰੋਹ ਕਮਾਉਂਦੀ ਜਾਂ ਛਲਦੀ ਹੈ ਫਿਰ ਮਨੁੱਖ ਪਛਤਾਉਂਦਾ ਹੈ। ਇਸ ਦੇ ਪ੍ਰਭਾਵ ਤੋਂ ਮਨੁੱਖ ਆਪ ਨਹੀਂ ਬੱਚ ਸਕਦਾ। ਗੁਰੂ ਦੀ ਸ਼ਰਣ ਪੈ ਕੇ ਹੀ ਇਸ ਤੋਂ ਬਚਿਆ ਜਾ ਸਕਦਾ ਹੈ। ਸਾਹਿਬਾਂ

ਦਾ ਫੁਰਮਾਨ ਹੈ :

**ਇਨ੍ ਸਿਉ ਪ੍ਰੀਤਿ ਕਰੀ ਘਨੇਰੀ ॥ ਜਉ ਮਿਲੀਐ ਤਉ ਵਧੈ ਵਧੇਰੀ ॥**

**ਗਲਿ ਚਮੜੀ ਜਉ ਛੋਡੈ ਨਾਹੀ ॥ ਲਾਗਿ ਛੁਟੋ ਸਤਿਗੁਰ ਕੀ ਪਾਈ ॥੧ ॥**

**ਜਗ ਮੋਹਨੀ ਹਮ ਤਿਆਗਿ ਗਵਾਈ ॥**

**ਨਿਰਗੁਨੁ ਮਿਲਿਓ ਵਜੀ ਵਧਾਈ ॥੧ ॥ਰਹਾਉ ॥**

**ਐਸੀ ਸੁੰਦਰਿ ਮਨ ਕਉ ਮੋਹੈ ॥ ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ ॥**

**ਮਨਿ ਤਨਿ ਲਾਗੈ ਹੋਇ ਕੈ ਮੀਠੀ ॥ ਗੁਰ ਪ੍ਰਸਾਦਿ ਮੈ ਖੋਟੀ ਡੀਠੀ ॥**

ਮ: ੫, ਪੰਨਾ ੩੯੨

## *ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥*

**ਅੱਖਰੀ-ਅਰਥ** : ਸਤਿਗੁਰੂ ਅਰਜਨ ਦੇਵ ਜੀ, ਜੀਵ ਨੂੰ ਸੁਚੇਤ ਕਰਨ ਹਿਤ ਫੁਰਮਾਨ ਕਰਦੇ ਹਨ ਕਿ ਹੇ ਜੀਵ ! ਯਾਦ ਰੱਖ, ਜਿਨ੍ਹਾਂ ਧੀਆਂ-ਪੁੱਤਰਾਂ, ਇਸਤਰੀ, ਪਰਿਵਾਰ ਅਤੇ ਧਨ-ਸੰਪਦਾ ਵਿੱਚ ਤੂੰ ਖਚਤ ਹੋ ਕੇ ਆਪਣਾ ਮਨੁੱਖਾ ਜਨਮ ਬਰਬਾਦ ਕਰ ਰਿਹਾ ਹੈਂ। ਇਨ੍ਹਾਂ ਵਿੱਚੋਂ ਕਿਸੇ ਇੱਕ ਨੇ ਵੀ ਅੰਤ ਸਮੇਂ ਤੇਰਾ ਸਾਥ ਨਹੀਂ ਦੇਣਾ। ਸਾਥ ਨਿਭਾਉਣ ਵਾਲਾ ਕੇਵਲ ਅਬਿਨਾਸੀ ਪਰਮਾਤਮਾ ਅਤੇ ਪਰਮਾਤਮਾ ਦਾ ਨਾਂ ਹੀ ਹੈ।

**ਸੰਖੇਪ-ਵੀਚਾਰ** : ਸੰਸਾਰ ਅੰਦਰ ਨਿੱਤ ਆਪਾਂ ਆਪਣੇ ਸੱਜਣਾਂ ਮਿੱਤਰਾਂ, ਰਿਸ਼ਤੇਦਾਰਾਂ, ਜੋ ਆਪੋ-ਆਪਣੀ ਵਾਰੀ ਅਨੁਸਾਰ ਇਸ ਸੰਸਾਰ ਤੋਂ ਤੁਰੀ ਜਾ ਰਹੇ ਹਨ, ਇੱਕ ਦਿਨ ਅਸੀਂ ਵੀ ਇਥੋਂ ਤੁਰ ਜਾਣਾ ਹੈ। ਅਸੀਂ ਆਪਣੇ ਸੱਜਣਾਂ, ਮਿੱਤ੍ਰਾਂ, ਰਿਸ਼ਤੇਦਾਰਾਂ, ਜਿਨ੍ਹਾਂ ਨੂੰ ਆਪਾਂ ਆਪਣੇ ਹੱਥੀ ਅੰਤਿਮ ਸੰਸਕਾਰ ਕਰਕੇ ਵਿਦਾਇਗੀ ਦੇ ਆਉਂਦੇ ਹਾਂ, ਉਨ੍ਹਾਂ ਨੇ ਸੰਸਾਰ ਦੀ ਕੋਈ ਵਸਤੂ ਵੀ ਆਪਣੇ ਨਾਲ ਨਹੀਂ ਖੜੀ। ਧਨ-ਪਦਾਰਥ, ਧੀਆਂ-ਪੁੱਤਰ, ਮਹਿਲ-ਮਾੜੀਆਂ ਸਭ ਇੱਥੇ ਹੀ ਰਹਿ ਗਿਆ। ਜੇ ਉਹ ਨਹੀਂ ਲਿਜਾ ਸਕੇ, ਸੱਚ ਜਾਣੋ, ਆਪਾਂ ਵੀ ਕੁਝ ਨਹੀਂ ਖੜ ਸਕਣਾ। ਇਥੇ ਤਾਂ—

**ਨਾਂਗੇ ਆਵਨੁ ਨਾਂਗੇ ਜਾਨਾ ॥ ਕੋਇ ਨ ਰਹਿਹੈ ਰਾਜਾ ਰਾਨਾ ॥**

ਕਬੀਰ ਜੀ, ੧੧੫੭



ਦੀ ਖੇਡ ਵਰਤ ਰਹੀ ਹੈ ਤੇ ਵਰਤਦੀ ਰਹਿਣੀ ਹੈ। ਮਨੁੱਖ ਦੇ ਨਾਲ ਸਥੂਲ ਵਸਤੂ ਭਾਵੇਂ ਕੋਈ ਨਹੀਂ ਜਾਣੀ, ਪਰ ਆਤਮਾ ਦੇ ਨਾਲ ਜਾਣੇ ਹਨ ਮਨੁੱਖ ਦੇ ਚੰਗੇ-ਮਾੜੇ ਕਰਮ ਤੇ ਜਪਿਆ ਹੋਇਆ ਪਰਮਾਤਮਾ ਦਾ ਨਾਮ। ਪ੍ਰਭੂ ਨਾਮ ਨੇ ਹੀ ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਹਰ ਥਾਂ, ਹਰ ਔਕੜ ਵੇਲੇ ਸਹਾਇਕ ਹੋਣਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅੰਦਰ ਫੁਰਮਾਨ ਹੈ :

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥ ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥**

**ਜਹ ਮਹਾ ਭਇਆਨ ਦੂਤ ਜਮ ਦਲੈ ॥ ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ॥**

**ਜਹ ਮੁਸਕਲ ਹੋਵੈ ਅਤਿ ਭਾਰੀ ॥ ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥**

ਮ: ੫, ਪੰਨਾ ੨੬੪

ਸਤਿਗੁਰੂ ਰਾਮਦਾਸ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਵੀ ਦ੍ਰਿਸ਼ਟੀ ਗੋਚਰ ਕਰਨ ਵਾਲਾ ਹੈ :

**ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ ॥**

**ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ ॥** ਮ: ੪, ਪੰਨਾ ੭੭੫

ਸਤਿਗੁਰੂ ਅਰਜਨ ਦੇਵ ਜੀ ਨੇ ਰਾਮਕਲੀ ਰਾਗ ਅੰਦਰ ਆਪਾਂ ਜੀਵਾਂ ਨੂੰ "**ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ**" ਦੀ ਸੱਚਾਈ ਦ੍ਰਿੜ ਕਰਵਾਉਣ ਹਿਤ ਸਾਨੂੰ ਜੀਵਾਂ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ ਹੈ ਕਿ ਹੇ ਮਨੁੱਖ ! ਜਿਸ ਰਾਜ-ਭਾਗ ਅਤੇ ਧਨ-ਸੰਪਦਾ, ਮਹਿਲ-ਮਾੜੀਆਂ ਉੱਪਰ ਤੂੰ ਮਾਣ ਕਰਦਾ ਹੈਂ, ਇਹ ਤੇਰੇ ਕਿਸੇ ਕੰਮ ਨਹੀਂ ਆਉਣੇ। ਜਿਨ੍ਹਾਂ ਮਾਇਆ ਦੇ ਜੰਜਾਲਾਂ ਵਿੱਚ ਤੂੰ ਫਸਿਆ ਹੋਇਆ ਹੈਂ, ਇਨ੍ਹਾਂ ਨੇ ਵੀ ਤੇਰਾ ਸਾਥ ਨਹੀਂ ਦੇਣਾ। ਪਿਆਰੇ ਮਿੱਤਰ ਦੋਸਤ, ਜਿਨ੍ਹਾਂ ਨੂੰ ਤੂੰ ਆਪਣੇ ਜਾਣਦਾ ਹੈ, ਇਨ੍ਹਾਂ ਨੇ ਵੀ ਤੇਰੇ ਨਾਲ ਨਹੀਂ ਨਿਭਣਾ। ਤੂੰ ਹਰੀ ਪਰਮਾਤਮਾ ਦਾ ਨਾਮ ਜਪਿਆ ਕਰ, ਨਾਮ ਜਪਣ ਨਾਲ ਲੋਕ-ਪ੍ਰਲੋਕ ਵਿੱਚ ਮਨੁੱਖ ਦੀ ਇੱਜ਼ਤ ਬਣਦੀ ਹੈ। ਨਾਮ ਜਪਣ ਵਾਲੇ ਦੇ ਨੇੜੇ ਜਮਦੂਤ ਵੀ ਨਹੀਂ ਆਉਂਦੇ। ਕੇਵਲ ਪ੍ਰਭੂ ਨਾਮ ਨੇ ਹੀ ਜੀਵ-ਆਤਮਾ ਦੇ ਸੰਗ ਸਾਥ ਨਿਭਣਾ ਹੈ। ਨਾਮ ਤੋਂ ਬਿਨਾਂ ਸਾਰੇ ਕੀਤੇ ਹੋਏ ਕਰਮ ਬੇ-ਅਰਥ ਹਨ। ਸੋਨਾ, ਚਾਂਦੀ, ਰੁਪਏ ਇਹ ਘੱਟੇ-ਕੌਡੀਆਂ ਹੀ ਹਨ। ਇਸ ਲਈ ਤੂੰ ਆਤਮਾ ਦੇ ਨਾਲ ਨਿਭਣ ਵਾਲਾ ਪਰਮਾਤਮਾ ਦਾ ਨਾਮ ਜਪ। ਪ੍ਰਭੂ ਨਾਮ ਜਪਣ ਨਾਲ ਇਸ ਲੋਕ ਵਿੱਚ ਅਤੇ ਪ੍ਰਲੋਕ ਵਿੱਚ ਤੈਨੂੰ ਸੁੱਖ ਤੇ ਸ਼ਾਂਤੀ ਮਿਲੇਗੀ ਤੇ ਤੇਰਾ ਮੁੱਖ ਉੱਜਲਾ ਹੋਵੇਗਾ। ਆਪ ਸਤਿਗੁਰਾਂ ਦਾ ਫੁਰਮਾਨ ਹੈ:

ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ ॥ ਤੇਰੈ ਕਾਜਿ ਨ ਬਿਖੈ ਜੰਜਾਲੁ ॥

ਇਸਟ ਮੀਤ ਜਾਣੁ ਸਭ ਛਲੈ ॥ ਹਰਿ ਹਰਿ ਨਾਮੁ ਸੰਗਿ ਤੇਰੈ ਚਲੈ ॥੧॥

ਰਾਮ ਨਾਮ ਗੁਣ ਗਾਇ ਲੇ ਮੀਤਾ ਹਰਿ ਸਿਮਰਤ ਤੇਰੀ ਲਾਜ ਰਹੈ ॥

ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ ਰਹਾਉ ॥

ਬਿਨੁ ਹਰਿ ਸਗਲ ਨਿਰਾਰਥ ਕਾਮ ॥ ਸੁਇਨਾ ਰੁਪਾ ਮਾਟੀ ਦਾਮ ॥

ਗੁਰ ਕਾ ਸਬਦੁ ਜਾਪਿ ਮਨ ਸੁਖਾ ॥ ਈਹਾ ਊਹਾ ਤੇਰੋ ਊਜਲ ਮੁਖਾ ॥

ਮ: ੫, ਪੰਨਾ ੮੮੯

## *ਪਲਚਿ ਪਲਚਿ ਸਗਲੀ ਮੁਈ ਝੂਠੇ ਧੰਧੈ ਮੋਹੁ ॥*

**ਅੱਖਰੀ-ਅਰਥ :** ਮਨੁੱਖ ਦੀ ਸੁਰਤ ਉੱਪਰ ਮਾਇਆ ਦਾ ਪ੍ਰਭਾਵ ਇਨ੍ਹਾਂ ਪ੍ਰਬਲ ਹੈ ਕਿ ਸਾਰੀ ਲੁਕਾਈ ਹੀ ਸੰਸਾਰਿਕ ਝੂਠੇ ਧੰਧਿਆਂ ਵਿੱਚ ਖੱਜਲ-ਖੁਆਰ ਹੋ ਕੇ ਆਪਣੀ ਆਤਮਿਕ ਮੌਤ ਸਹੇੜੀ ਜਾ ਰਹੀ ਹੈ। ਅੰਤ ਇਸੇ ਖੱਜਲ ਖੁਆਰੀ ਵਿੱਚ ਵਿਚਰਦਿਆਂ ਇੱਕ ਦਿੱਨ ਸਰੀਰ ਦਾ ਅੰਤ ਹੋ ਜਾਂਦਾ ਹੈ।

**ਸੰਖੇਪ-ਵਿਚਾਰ :** ਸਤਿਗੁਰੂ ਨਾਨਕ ਦੇਵ ਜੀ ਨੇ ਸੋਦਰ ਦੇ ਪਾਠ ਅੰਦਰ ਇਸੇ ਪੰਕਤੀ ਦਾ ਖੁਲਾਸਾ ਪਹਿਲਾਂ ਹੀ ਕਰ ਰੱਖਿਆ ਹੈ। ਸਾਹਿਬ ਬਚਨ ਕਰਦੇ ਹਨ ਕਿ ਅਸਾਂ ਜੀਵਾਂ ਦਾ ਅਜਿਹੇ ਸੰਸਾਰ ਸਰੋਵਰ ਵਿੱਚ ਵਾਸਾ ਪਰਮਾਤਮਾ ਨੇ ਕੀਤਾ ਹੈ, ਜਿਸ ਵਿੱਚ ਤ੍ਰਿਸ਼ਨਾ ਦਾ ਅੱਗ ਰੂਪ ਪਾਣੀ ਨੱਕੋ-ਨੱਕ ਭਰਿਆ ਪਿਆ ਹੈ। ਇਸ ਡਰਾਉਣੇ ਸਰੋਵਰ ਅੰਦਰ ਮਾਇਆ-ਮੋਹ ਦੇ ਚਿੱਕੜ ਦੀ ਦਲਦਲ ਹਰ ਪਾਸੇ ਭਰੀ ਪਈ ਹੈ। ਜੀਵ ਇਸ ਮਾਇਆ-ਮੋਹ ਦੀ ਦਲਦਲ ਵਿੱਚੋਂ ਨਿਕਲ ਕੇ ਇੱਕ ਕਦਮ ਵੀ ਪਰਮੇਸ਼ਰ ਪਾਸੇ ਨਹੀਂ ਚੱਲਦਾ। ਸਤਿਗੁਰੂ ਫੁਰਮਾਨ ਕਰਦੇ ਹਨ ਕਿ ਅਸੀਂ ਵੇਖ ਰਹੇ ਹਾਂ ਕਿ ਸਾਰੀ ਲੁਕਾਈ ਹੀ ਪਰਿਵਾਰਿਕ ਅਤੇ ਪਦਾਰਥਕ ਮੋਹ ਦੀ ਦਲਦਲ ਵਿੱਚ ਫੱਸ ਕੇ ਗਰਕ ਹੋ ਰਹੀ ਹੈ। ਹੇ ਮੂਰਖ ਮਨ! ਤੂੰ ਇੱਕ ਵਾਹਿਗੁਰੂ ਨੂੰ ਕਿਉਂ ਨਹੀਂ ਚੇਤੇ ਕਰਦਾ। ਹੇ ਮਨਾਂ! ਯਾਦ ਰੱਖ, ਪਰਮਾਤਮਾ ਨੂੰ ਭੁੱਲਣ ਨਾਲ ਤੇਰੇ ਅੰਦਰੋਂ ਸਾਰੇ ਦੈਵੀ (ਸ਼ੁਭ) ਗੁਣ ਨਸ਼ਟ ਹੋ ਜਾਣਗੇ। ਸਾਹਿਬਾਂ ਦਾ ਫੁਰਮਾਨ ਹਰ ਰੋਜ਼ ਆਪਾਂ ਸੋਦਰ ਦੀ ਬਾਣੀ ਅੰਦਰ ਸ਼ਾਮ ਨੂੰ ਪੜ੍ਹਦੇ ਹਾਂ -



ਤਿਤੁ ਸਰਵਰੜੈ ਭਈਲੇ ਨਿਵਾਸਾ ਪਾਣੀ ਪਾਵਕੁ ਤਿਨਹਿ ਕੀਆ ॥

ਪੰਕਜੁ ਮੋਹ ਪਗੁ ਨਹੀ ਚਾਲੈ ਹਮ ਦੇਖਾ ਤਹ ਡੂਬੀਅਲੇ ॥੧॥

ਮਨ ਏਕੁ ਨ ਚੇਤਸਿ ਮੂੜ ਮਨਾ ॥

ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥ ਮ: ੧, ਪੰਨਾ ੧੨

ਆਸਾ ਰਾਗ ਅੰਦਰ, ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਦੋ ਸੰਸਾਰਿਕ ਉਦਾਹਰਣਾਂ ਦੇ ਕੇ ਸਾਨੂੰ ਸੰਸਾਰੀ ਜੀਵਾਂ ਨੂੰ ਮੋਹ ਦੇ ਚਿੱਕੜ ਤੇ ਮਾਇਆ ਦੇ ਖਾਤੇ ਚੋਂ ਬਾਹਰ ਕੱਢਣ ਦਾ ਯਤਨ ਕੀਤਾ ਹੈ। ਸਤਿਗੁਰੂ ਫੁਰਮਾਨ ਕਰਦੇ ਹਨ ਕਿ ਜਿਵੇਂ ਮੱਖੀ ਮਿੱਠਾ ਖਾਣ ਦੀ ਲਾਲਸਾ ਅਧੀਨ ਗੁੜ ਉੱਪਰ ਬੈਠਦੀ ਹੈ ਤੇ ਉਸੇ ਗੁੜ ਦੇ ਵਿੱਚ ਫਸ ਕੇ ਮਰ ਜਾਂਦੀ ਹੈ ਅਤੇ ਉਡਣਾ ਚਾਹੁੰਦੀ ਹੋਈ ਵੀ ਉੱਡ ਨਹੀਂ ਸਕਦੀ। ਹਾਥੀ ਟੋਏ ਵਿੱਚ ਡਿੱਗ ਜਾਵੇ, ਉਹ ਟੋਏ ਵਿੱਚੋਂ ਤੈਰਾਕ ਵਾਂਗ ਤਾਰੀ ਲਾਕੇ ਬਾਹਰ ਨਹੀਂ ਨਿਕਲ ਸਕਦਾ। ਇਸੇ ਤਰ੍ਹਾਂ ਮਨੁੱਖ ਮਿੱਠੇ-ਮੋਹ ਦੀ ਦਲਦਲ ਤੇ ਅਗਿਆਨ-ਭ੍ਰਮ ਦੇ ਖਾਤੇ ਵਿੱਚ ਫਸਿਆ, ਇਨ੍ਹਾਂ ਵਿੱਚੋਂ ਨਿਕਲਣਾ ਚਾਹੁੰਦਾ ਹੋਇਆ ਵੀ ਨਿਕਲ ਨਹੀਂ ਸਕਦਾ ਕਿਉਂਕਿ ਮਨੁੱਖ ਨੇ ਨਾਮ ਜਪ ਕਰਕੇ ਮੋਹ ਦੀ ਦਲਦਲ ਤੇ ਅਗਿਆਨ ਭਰਮ ਦੇ ਖਾਤੇ ਵਿੱਚੋਂ ਨਿਕਲਣਾ ਸੀ, ਪਰ ਮਨੁੱਖ ਦਾ ਖਿਨ ਮਾਤਰ ਵੀ ਪਰਮਾਤਮਾ ਦਾ ਨਾਮ ਨਹੀਂ ਜਪਦਾ। ਜਿਸ ਕਰਕੇ, ਮਨੁੱਖ ਨਾਲ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਬਚਨ ***"ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥"*** ਸਾਮਰਤਖ ਸਾਕਾਰ ਹੋ ਰਿਹਾ ਹੈ। ਆਪ ਸਾਹਿਬਾਂ ਦਾ ਬਚਨ ਪੜ੍ਹੀਏ, ਸਥਿਤੀ ਸਪਸ਼ਟ ਹੋ ਜਾਏਗੀ -

ਮਿਠੈ ਮਖੁ ਮੁਆ ਕਿਉ ਲਏ ਓਡਾਰੀ ॥

ਹਸਤੀ ਗਰਤਿ ਪਇਆ ਕਿਉ ਤਰੀਐ ਤਾਰੀ ॥

ਤਰਣੁ ਦੁਹੇਲਾ ਭਇਆ ਖਿਨ ਮਹਿ ਖਸਮੁ ਚਿਤਿ ਨ ਆਇਓ ॥

ਮ: ੧, ਪੰਨਾ ੪੬੦

## *ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥*

**ਅੱਖਰੀ-ਅਰਥ :** ਅੰਤ ਸਮੇਂ ਜੀਅ-ਪ੍ਰਾਣਾਂ ਤੋਂ ਪਿਆਰੀ ਮਾਇਆ ਅਤੇ ਪ੍ਰਵਾਰ, ਇੱਥੇ ਹੀ ਮਨੁੱਖ ਦਾ ਸਾਥ ਛੱਡ ਦਿੰਦੇ ਹਨ ਅਤੇ ਧਰਮ ਦੇ ਨਾਮ ਅਧੀਨ ਕੀਤੇ ਫੋਕਟ ਕਰਮਕਾਂਡ, ਜਮਦੂਤ ਰਸਤੇ ਵਿੱਚ ਹੀ ਜਗਾਤ (ਮਹਿਸੂਲ) ਦੇ ਇਵਜ਼ਾਨੇ ਵਿੱਚ ਜੀਵ-ਆਤਮਾ ਪਾਸੋਂ ਖੋਹ ਲੈਂਦੇ ਹਨ।

**ਸੰਖੇਪ-ਵਿਚਾਰ :** ਸੰਸਾਰ ਵਿੱਚ ਮਨੁੱਖ ਨੇ ਕਉਡੀ-ਕਉਡੀ ਇਕੱਠੀ ਕਰਕੇ ਲੱਖਾਂ ਰੁਪਏ, ਜੋ ਜੋੜੇ ਸਨ, ਉਹ ਤਾਂ ਬੈਂਕ ਵਿੱਚ ਜਾਂ ਘਰ ਵਿੱਚ ਹੀ ਪਏ ਰਹਿ ਗਏ। ਦੋ ਚਾਰ ਮੋਹਰਾਂ ਜੋ ਵੇਲੇ-ਕੁਵੇਲੇ ਕੰਮ ਆਉਣ ਵਾਸਤੇ ਮਨੁੱਖ ਨੇ ਆਪਣੀ ਲੰਗੋਟੀ ਨਾਲ ਬੰਨ ਰੱਖੀਆਂ ਸਨ, ਘਰ ਵਾਲਿਆਂ ਨੇ ਸ਼ਮਸ਼ਾਨ ਘਾਟ ਖੜ੍ਹਣ ਤੋਂ ਪਹਿਲਾਂ ਲੰਗੋਟੀ ਤੋੜ ਕੇ ਮੋਹਰਾਂ ਕੱਢ ਲਈਆਂ। ਜੋ ਅਸਲੀਅਤ ਵਰਤੀ, ਭਗਤ ਕਬੀਰ ਜੀ ਨੇ ਸਲੋਕਾਂ ਦੀ ਬਾਣੀ ਅੰਦਰ ਦਰਜ ਕੀਤੀ ਹੈ। ਆਪ ਫੁਰਮਾਨ ਕਰਦੇ ਹਨ।

**ਕਬੀਰ ਕਉਡੀ ਕਉਡੀ ਜੋਰਿ ਕੈ ਜੋਰੇ ਲਾਖ ਕਰੋਰਿ ॥**

**ਚਲਤੀ ਬਾਰ ਨ ਕਛੁ ਮਿਲਿਓ ਲਈ ਲੰਗੋਟੀ ਤੋਰਿ ॥੧੪੪॥**

ਪੰਨਾ ੧੩੭੨

ਸਤਿਗੁਰੂ ਨਾਨਕ ਪਾਤਸ਼ਾਹ ਬਿਲਾਵਲ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਮਨੁੱਖ ਆਪਣੇ ਸਰੀਰ ਦਾ, ਧੀਆਂ-ਪੁੱਤਰਾਂ, ਇਸਤਰੀ ਅਤੇ ਸੰਪਦਾ ਦਾ ਬੜਾ ਹੰਕਾਰ ਕਰਦਾ ਹੈ ਅਤੇ ਇਨ੍ਹਾਂ ਨੂੰ ਆਪਣੇ ਜਾਣਦਾ ਹੈ। ਦਿਨ-ਰਾਤ ਮਾਇਕੀ ਰਸਾਂ-ਕਸਾਂ ਵਿੱਚ ਫਸ ਕੇ ਮਾਇਕੀ ਭੋਗਾਂ ਦਾ ਅਨੰਦ ਮਾਣਦਾ ਹੈ। ਅੰਤ ਨੂੰ ਕੋਈ ਵਸਤੂ ਵੀ ਜੀਵ-ਆਤਮਾ ਦੇ ਨਾਲ ਨਹੀਂ ਜਾਂਦੀ। ਸਗੋਂ ਸਰੀਰ ਮਿੱਟੀ ਦੀ ਢੇਰੀ ਬਣ ਜਾਂਦਾ ਹੈ। ਧਨ-ਸੰਪਦਾ, ਧੀਆਂ-ਪੁੱਤਰਾਂ (ਵਾਰਸ) ਸਾਂਭ ਲੈਂਦੇ ਹਨ। ਮਨੁੱਖ ਦੀ ਆਤਮਾ ਪਛਤਾਉਂਦੀ ਇਸ ਸੰਸਾਰ ਚੋਂ ਤੁਰ ਜਾਂਦੀ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ।

**ਤਨੁ ਧਨੁ ਕਲਤੁ ਸਭੁ ਦੇਖੁ ਅਭਿਮਾਨਾ ॥**

**ਬਿਨੁ ਨਾਵੈ ਕਿਛੁ ਸੰਗਿ ਨ ਜਾਨਾ ॥੧॥ ਰਹਾਉ ॥**

**ਕੀਚਹਿ ਰਸ ਭੋਗ ਖੁਸੀਆ ਮਨ ਕੇਰੀ ॥**

**ਧਨੁ ਲੋਕਾਂ ਤਨੁ ਭਸਮੈ ਢੇਰੀ ॥** ਮ: ੧, ਪੰਨਾ ੮੩੨

ਧਰਮ ਦੇ ਨਾਮ ਹੇਠ ਕੀਤੇ ਫੋਕਟ ਕਰਮਕਾਂਡ ਵੀ ਜਮਦੂਤ ਦਰਗਾਹੀ ਪੈਂਡੇ ਵਿੱਚ ਜਗਾਤ ਦੇ ਇਵਜ਼ਾਨੇ ਵਿੱਚ ਖੋਹ ਲੈਂਦੇ ਹਨ। ਜੀਵ ਆਤਮਾ ਦੇ ਨਾਲ ਕੇਵਲ ਕੀਤੀ ਹੋਈ ਨਿਸ਼ਕਾਮ (ਵਾਸ਼ਨਾ ਰਹਿਤ) ਕੀਰਤੀ ਅਤੇ ਪਰਮਾਤਮਾ ਦਾ ਨਾਮ ਹੀ ਸਾਥ ਦਿੰਦਾ ਹੈ। ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ।



**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥**

**ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥**

ਮ: ੫, ਪੰਨਾ ੭੪੭

ਸਤਿਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਬੜਾ ਭਾਵ-ਪੂਰਤ ਬਚਨ ਹੈ ਕਿ ਮਨੁੱਖ ਇੱਕ ਪਰਮਾਤਮਾ ਜੋ ਸੰਸਾਰ ਦੇ ਸਾਰੇ ਪਦਾਰਥ ਦੇਣ ਵਾਲਾ ਹੈ, ਨੂੰ ਤਿਆਗ ਕੇ ਦ੍ਵੈਤ ਭਾਵ ਅੰਦਰ ਖੱਚਤ ਹੋ ਜਾਣ ਕਾਰਣ ਦਾਤਾਰ ਨੂੰ ਯਾਦ ਨਹੀਂ ਕਰਦਾ। ਧੀਆਂ, ਪੁੱਤਰਾਂ, ਇਸਤ੍ਰੀ, ਸਾਕ-ਸਬੰਧੀਆਂ ਅਤੇ ਮਾਇਆ ਦੇ ਪਿਆਰ ਵਿੱਚ ਫਸ ਕੇ ਸਾਰੀ ਆਯੂ ਬਤੀਤ ਕਰ ਲੈਂਦਾ ਹੈ। ਪਰ ਅੰਤ ਵੇਲੇ ਇਨ੍ਹਾਂ ਦੁਨਿਆਵੀ ਰਿਸ਼ਤਿਆਂ ਤੇ ਧਨ-ਸੰਪਦਾ ਵਿੱਚੋਂ ਇੱਕ ਵੀ ਮਨੁੱਖ ਦਾ ਸਾਥ ਨਹੀਂ ਦਿੰਦਾ। ਅਜਿਹੇ ਵਰਤਾਰੇ ਨੂੰ ਵੇਖ ਕੇ ਜੀਵ-ਆਤਮਾ ਪਛਤਾਉਂਦੀ, ਹਉਕੇ ਭਰਦੀ, ਹਾਇ-ਹਾਇ ਦਾ ਵਿਰਲਾਪ ਕਰਦੀ ਇਸ ਸੰਸਾਰ ਚੋਂ ਅਗਲੇ ਸਫ਼ਰ ਲਈ ਤੁਰ ਜਾਂਦੀ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥**

**ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥**

**ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥** ਮ: ੪, ਪੰਨਾ ੬੯੦

ਸੂਹੀ ਰਾਗ ਅੰਦਰ ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ ਕਿ ਮਨੁੱਖ, ਸੋਨਾ ਚਾਂਦੀ, ਧਨ-ਪਦਾਰਥ, ਇਤਿ ਆਦਿਕ, ਅਨੇਕਾਂ ਪਾਪ ਕਰਮ ਕਰ-ਕਰ ਕੇ ਇੱਕਤ੍ਰ ਕਰਦਾ ਹੈ। ਜਦੋਂ ਮਨੁੱਖ ਇਸ ਸੰਸਾਰ ਵਿੱਚੋਂ ਅਗਲੇ ਸਫ਼ਰ ਲਈ ਤੁਰਦਾ ਹੈ ਤਾਂ ਇਨ੍ਹਾਂ ਪਦਾਰਥਾਂ ਵਿੱਚੋਂ ਇੱਕ ਵਸਤੂ ਵੀ ਜੀਵ ਆਤਮਾ ਦੇ ਨਾਲ ਨਹੀਂ ਜਾਂਦੀ। ਕੇਵਲ ਜੀਵ-ਆਤਮਾ ਦੇ ਨਾਲ ਪ੍ਰਮਾਤਮਾ ਦਾ ਨਾਮ ਹੀ ਸਾਥ ਨਿਭਦਾ ਹੈ।

**ਸੁਇਨਾ ਰੁਪਾ ਪਾਪ ਕਰਿ ਕਰਿ ਸੰਚੀਐ ਚਲੈ ਨ ਚਲਦਿਆ ਨਾਲਿ ॥**

**ਵਿਣੁ ਨਾਵੈ ਨਾਲਿ ਨ ਚਲਸੀ ਸਭ ਮੁਠੀ ਜਮਕਾਲਿ ॥**

ਮ: ੩ ਪੰਨਾ ੭੫੬

## *ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥*

**ਅੱਖਰੀ-ਅਰਥ :** ਪਰਮਾਤਮਾ ਨੂੰ ਭੁੱਲ ਕੇ ਮਨੁੱਖ ਦੇ ਪੱਲੇ ਖੱਜਲ-ਖੁਆਰੀ ਹੀ ਪੈਂਦੀ ਹੈ। ਪਰਮਾਤਮਾ ਤੋਂ ਬਿਨਾਂ ਹੋਰ ਕੋਈ ਇਸ ਖੁਆਰੀ ਤੋਂ ਬਚਾ ਨਹੀਂ ਸਕਦਾ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਵੀ ਆਪਾਂ ਵੇਖਦੇ ਹਾਂ, ਕੋਈ ਬੱਚਾ ਮਾਤਾ-ਪਿਤਾ ਨੂੰ ਭੁੱਲ ਜਾਵੇ, ਮਾਤਾ-ਪਿਤਾ ਤੋਂ ਆਕੀ ਹੋ ਕੇ ਸੰਸਾਰ ਅੰਦਰ ਮਨਮਾਨੀ ਕਰੇ, ਅਜਿਹਾ ਬੱਚਾ ਖੁਆਰ ਹੀ ਹੋਵੇਗਾ। ਤਿਵੇਂ ਜੋ ਆਪਣੇ ਮੂਲ ਪਰਮਾਤਮਾ ਨੂੰ ਭੁਲਾ ਦਿੰਦਾ ਹੈ, ਉਸ ਨੂੰ ਵੀ ਵਿਗੁੱਚਣਾ ਹੀ ਪੈਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਨੇ ਟੋਡੀ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਹੇ ਮਨੁੱਖ! ਜੇ ਤੂੰ ਖੁਆਰੀ ਤੋਂ ਬਚਣਾ ਚਾਹੁੰਦਾ ਹੈਂ, ਤਾਂ ਤੂੰ ਪਰਮਾਤਮਾ ਦੀ ਓਟ ਲੈ ਅਤੇ ਪ੍ਰਭੂ ਦਾ ਸਿਮਰਨ ਕਰ। ਪਰਮਾਤਮਾ ਦੀ ਓਟ ਲੈਣ ਤੇ ਸਿਮਰਨ ਕਰਨ ਨਾਲ ਮਨੁੱਖ ਮਾਇਆ ਦੇ ਧ੍ਰੋਹ ਤੇ ਫਰੇਬ ਤੋਂ ਬਚ ਕੇ ਜੀਵਨ ਦੀ ਖੱਜਲ ਖੁਆਰੀ ਤੋਂ ਨਿਜ਼ਾਤ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਪਰਮਾਤਮਾ ਦਾ ਸਿਮਰਨ ਨਹੀਂ ਕਰਦਾ, ਉਸ ਦਾ ਸਾਰਾ ਜੀਵਨ ਈਰਖਾ-ਦ੍ਵੈਤ, ਤ੍ਰਿਸ਼ਨਾ ਦੀ ਅੱਗ ਅੰਦਰ ਸੜਦਿਆਂ ਅਸ਼ਾਂਤੀ ਵਿੱਚ ਬਤੀਤ ਹੁੰਦਾ ਹੈ। ਜਿਵੇਂ ਸੱਪ ਦੀ ਉਮਰ ਭਾਵੇਂ ਲੰਮੇਰੀ ਹੁੰਦੀ ਹੈ, ਪਰ ਉਹ ਸਾਰੀ ਉਮਰ ਆਪਣੀ ਹੀ ਜ਼ਹਿਰ ਨਾਲ ਸੜਦਿਆਂ, ਲੋਕਾਂ ਨੂੰ ਡੰਗ ਮਾਰਦਿਆਂ ਬਤੀਤ ਕਰਦਾ ਹੈ। ਇਸੇ ਤਰ੍ਹਾਂ ਅਸ਼ਾਂਤ ਮਨੁੱਖ ਭਾਵੇਂ ਸਾਰੀ ਪ੍ਰਿਥਵੀ ਦਾ ਰਾਜ ਭਾਗ ਵੀ ਪ੍ਰਾਪਤ ਕਰ ਲਵੇ ਪਰ ਉਸ ਨੂੰ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਅਖ਼ੀਰ ਉਹ ਅਸ਼ਾਂਤ ਜੀਵਨ ਜਿਉਂਦਾ "**ਚਲੇ ਜੁਆਰੀ ਦੁਇ ਹਥ ਝਾਰਿ**" ਦੇ ਬਚਨਾਂ ਅਨੁਸਾਰ ਨਿਰਾਸ਼ਾ ਭਰਿਆ ਸੰਸਾਰ ਤੋਂ ਤੁਰ ਜਾਂਦਾ ਹੈ। ਆਪ ਦਾ ਫੁਰਮਾਨ ਹੈ :

**ਹਰਿ ਬਿਸਰਤ ਸਦਾ ਖੁਆਰੀ ॥**

**ਤਾ ਕਉ ਧੋਖਾ ਕਹਾ ਬਿਆਪੈ ਜਾ ਕਉ ਓਟ ਤੁਹਾਰੀ ॥ ਰਹਾਉ ॥**

**ਬਿਨੁ ਸਿਮਰਨ ਜੋ ਜੀਵਨੁ ਬਲਨਾ ਸਰਪ ਜੈਸੇ ਅਰਜਾਰੀ ॥**

**ਨਵ ਖੰਡਨ ਕੋ ਰਾਜੁ ਕਮਾਵੈ ਅੰਤਿ ਚਲੈਗੋ ਹਾਰੀ ॥੧ ॥** ਮ: ੫, ਪੰਨਾ ੭੧੧

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਮਲਾਰ ਰਾਗ ਅੰਦਰ ਖੁਆਰੀ ਤੋਂ ਬਚਣ ਲਈ ਤੇ ਇੱਜ਼ਤ-ਪਤ ਵਾਲਾ ਜੀਵਨ ਬਤੀਤ ਕਰਕੇ, ਆਪਣੇ ਨਿੱਜ ਘਰ ਵਿੱਚ ਪੱਤ ਸੇਤੀ ਪ੍ਰਵੇਸ਼ ਕਰਨ ਦਾ ਮਾਰਗ ਦਰਸਾਉਂਦਾ ਬਚਨ ਦਰਜ ਕੀਤਾ ਹੈ ਕਿ ਹੇ ਪ੍ਰਾਣੀ! ਜੇ ਤੂੰ ਇਸ ਸੰਸਾਰ ਵਿੱਚ ਸੁਖੀ-ਸੁਹੇਲਾ ਜੀਵਨ ਬਤੀਤ ਕਰਨਾ ਚਾਹੁੰਦਾ ਹੈ ਤੇ ਸਰੀਰ ਤਿਆਗਣ ਉਪਰੰਤ ਇੱਜ਼ਤ-ਪਤ ਨਾਲ ਆਪਣੇ ਨਿੱਜ ਘਰ ਵਿੱਚ ਸਮਾਈ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਤੂੰ ਇੱਕ ਪਰਮਾਤਮਾ ਦੇ ਨਾਮ ਨੂੰ ਜਪ। ਜੇ ਪਰਮਾਤਮਾ ਨੂੰ ਭੁੱਲ ਕੇ ਜੀਵਨ ਦਾ ਨਿਸ਼ਾਨਾ ਖਾਣ-ਪੀਣ, ਹੱਸਣ-ਸੌਣ ਨੂੰ ਹੀ ਬਣਾ ਲਿਆ, ਫਿਰ ਐਸ਼ੋ-ਇਸ਼ਰਤ ਵਿੱਚ ਗਲਤਾਨ ਹੋ ਜਾਣ ਨਾਲ ਤੈਨੂੰ ਆਪਣਾ



ਅੰਤ (ਮੌਤ) ਭੁੱਲ ਜਾਵੇਗਾ। ਜਿਸ ਨੂੰ ਆਪਣਾ ਅੰਤ ਭੁੱਲ ਜਾਂਦਾ ਹੈ, ਉਹ ਅਨੰਤ ਦੀ ਯਾਦ ਵੱਲੋਂ ਗਾਫ਼ਲ ਹੋ ਜਾਂਦਾ ਹੈ। ਅਨੰਤ ਦੀ ਯਾਦ ਤੋਂ ਵਿਸਰੇ ਜੀਵਨ ਨੂੰ ਤਾਂ ਫਿਟਕਾਰਾਂ ਤੇ ਲਾਹਨਤਾਂ ਹੀ ਪੈਂਦੀਆਂ ਹਨ। ਸਾਹਿਬਾਂ ਦਾ ਫੁਰਮਾਨ ਹੈ :

**ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥**

**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥੧ ॥**

**ਪ੍ਰਾਣੀ ਏਕੋ ਨਾਮੁ ਧਿਆਵਹੁ ॥ ਅਪਨੀ ਪਤਿ ਸੇਤੀ ਘਰਿ ਜਾਵਹੁ ॥**

ਮ: ੧, ਪੰਨਾ ੧੨੫੪

## *ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥*

**ਅੱਖਰੀ-ਅਰਥ :** ਜਿਹੜੇ ਵਡਭਾਗੀ ਪਿਆਰੇ ਪਰਮਾਤਮਾ ਦੇ ਚਰਨਾਂ (ਨਾਮ) ਨਾਲ ਜੁੜ ਜਾਂਦੇ ਹਨ, ਉਨ੍ਹਾਂ ਦੀ ਸੋਭਾ ਲੋਕ-ਪਰਲੋਕ ਵਿੱਚ ਨਿਰਮਲ ਹੋ ਜਾਂਦੀ ਹੈ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਵਿਚਰਦਿਆਂ ਆਪਾਂ ਵੇਖਦੇ ਹਾਂ ਕਿ ਹਰ ਮਨੁੱਖ ਆਪਣੀ ਸ਼ੋਭਾ ਕਰਵਾਉਣੀ ਲੋਚਦਾ ਹੈ। ਸੋਭਾ (ਵਡਿਆਈ) ਕਰਾਉਣ ਲਈ ਮਨੁੱਖ ਕਈ ਤਰ੍ਹਾਂ ਦੇ ਅੰਡਬਰ ਕਰਦਾ ਹੈ। ਮਾਇਆ ਖਰਚਦਾ, ਪੁੰਨ-ਦਾਨ ਦੇ ਕੰਮ ਕਰਦਾ ਹੈ, ਪਰ ਸਾਰੇ ਲੋਕ ਫਿਰ ਵੀ ਉਸ ਦੀ ਸੋਭਾ ਨਹੀਂ ਕਰਦੇ। ਸਤਿਗੁਰੂ ਅਮਰਦਾਸ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ ਕਿ ਜੇ ਮਨੁੱਖ ਪ੍ਰਮਾਤਮਾ ਦਾ ਨਾਮ ਜਪਣ ਲੱਗ ਜਾਵੇ, ਨਾਮ ਜਪਦਿਆਂ-ਜਪਦਿਆਂ ਜੇ ਕਿਤੇ ਪ੍ਰਭੂ ਨਾਮ ਹਿਰਦੇ ਵਿੱਚ ਟਿੱਕ ਜਾਵੇ, ਅਜਿਹੇ ਨਾਮੀਂ ਪੁਰਸ਼ ਦੀ ਵਡਿਆਈ ਥੋੜ੍ਹ ਚਿਰੀ ਨਹੀਂ, ਯੁਗਾਂ-ਯੁਗਾਂਤਰਾਂ ਤੱਕ ਹੁੰਦੀ ਰਹਿੰਦੀ ਹੈ। ਉਸ ਦੀ ਸੋਭਾ ਨੂੰ ਕੋਈ ਮੇਟ ਨਹੀਂ ਸਕਦਾ। ਇਸ ਲੋਕ ਅੰਦਰ ਤਾਂ ਕੀ, ਉਨ੍ਹਾਂ ਦੀ ਜੈ-ਜੈ ਕਾਰ ਤਾਂ ਪ੍ਰਭੂ ਦਰਗਾਹ ਵਿੱਚ ਵੀ ਹੁੰਦੀ ਹੈ, ਕਿਉਂਕਿ ਉਹ ਨਾਮੀ ਪੁਰਸ਼ ਸਚਿਆਰ ਬਣ ਕੇ ਸੱਚੇ ਦੀ ਦਰਗਾਹ ਵਿੱਚ ਕਬੂਲ ਪੈ ਜਾਂਦੇ ਹਨ। ਅਜਿਹੇ ਨਾਮੀ ਪੁਰਸ਼ਾਂ ਨੂੰ ਸਤਿਕਾਰ ਮਾਣ ਦਿੰਦੇ ਸਤਿਗੁਰੂ ਅਮਰਦਾਸ ਜੀ, ਉਨ੍ਹਾਂ ਤੋਂ ਕੁਰਬਾਨ-ਬਲਿਹਾਰ ਜਾਂਦੇ ਹਨ। ਕਿਨ੍ਹਾਂ ਤੋਂ ਗੁਰਦੇਵ ਕੁਰਬਾਨ ਜਾਂਦੇ ਹਨ—

**ਜਿਨ ਹਰਿ ਮਨਿ ਵਸਿਆ ਸੇ ਦਰਿ ਸਾਚੇ ਦਰਿ ਸਾਚੈ ਸਚਿਆਰਾ ॥**

**ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥**

**ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥**

ਮ: ੩, ਪੰਨਾ ੬੩੮

ਜਿਨ੍ਹਾਂ ਨੇ ਤਨ ਦੇ ਵਸੀਲੇ ਨਾਲ ਪਰਮਾਤਮਾ ਦਾ ਨਾਮ ਜਪਿਆ। ਨਾਮ ਜਪਦਿਆਂ ਜਦੋਂ ਪ੍ਰਭੂ ਨਾਮ, ਮਨ ਵਿੱਚ ਵਸ ਗਿਆ, ਫਿਰ ਤਾਂ ਹਰ ਤਰਫ਼ ਸਾਰੇ ਪ੍ਰਾਣੀ, ਉਸ ਨਾਮੀ ਦੀ ਜੈ-ਜੈ ਕਾਰ ਕਰਨ ਲੱਗ ਪਏ। ਪੂਰੇ ਗੁਰੂ ਵੱਲੋਂ ਨਾਮੀਂ ਨੂੰ ਬਖਸ਼ਿਸ਼ ਕੀਤੀ ਸ਼ੋਭਾ (ਵਡਿਆਈ) ਦੀ ਕੋਈ ਕੀਮਤ ਨਹੀਂ ਪਾ ਸਕਦਾ। ਸਤਿਗੁਰਾਂ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਹਰਿ ਮਨਿ ਤਨਿ ਵਸਿਆ ਸੋਈ ॥ ਜੈ ਜੈ ਕਾਰੁ ਕਰੇ ਸਭੁ ਕੋਈ ॥**

**ਗੁਰ ਪੂਰੇ ਕੀ ਵਡਿਆਈ ॥ ਤਾ ਕੀ ਕੀਮਤਿ ਕਹੀ ਨ ਜਾਈ ॥੧॥**

ਮ: ੫, ਪੰਨਾ ੬੨੯

ਆਸਾ ਰਾਗ ਅੰਦਰ, ਸਤਿਗੁਰੂ ਅਰਜਨ ਦੇਵ ਜੀ ਨੇ ਕੁਝ ਭਗਤਾਂ ਦੇ ਨਾਉਂ ਦਰਜ ਕਰਕੇ "**ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ**" ਦਾ ਸੰਕੇਤ ਦਿੱਤਾ ਹੈ, ਕਿ ਅੱਜ ਆਪਾਂ ਗਰੀਬ ਤੋਂ ਲੈ ਕੇ ਅਮੀਰ ਤੱਕ, ਰਾਜਾ ਤੋਂ ਲੈ ਕੇ ਪਰਜਾ ਤੱਕ, ਸਾਰੇ ਭਗਤ ਨਾਮ ਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਸੈਣ ਜੀ, ਭਗਤ ਧੰਨਾ ਜੀ ਨੂੰ ਜੁਹਾਰਾਂ ਤੇ ਉਹਨਾਂ ਦੀ ਜੈ-ਜੈਕਾਰ ਕਰਦੇ ਹਾਂ ਕਿਉਂ ? ਕੀ ਉਨ੍ਹਾਂ ਨੂੰ ਧਨ ਕਰਕੇ ਜਾਂ ਦੁਨਿਆਵੀ ਉੱਚ ਪਦਵੀ ਕਰਕੇ ਅਸੀਂ ਐਨੇ ਸਾਲਾਂ ਤੋਂ ਮੱਥਾ ਟੇਕਦੇ ਹਾਂ ? ਨਹੀਂ, ਉਨ੍ਹਾਂ ਪਾਸ ਨਾ ਕੋਈ ਦੁਨਿਆਵੀ ਉੱਚ-ਪਦਵੀ ਸੀ, ਨਾ ਹੀ ਉਹ ਧਨਾਢ ਸਨ। ਉਨ੍ਹਾਂ ਸੰਸਾਰ ਨਾਲੋਂ ਪ੍ਰੀਤ ਤੋੜ ਕੇ ਨਿਰੰਕਾਰ ਨਾਲ ਜੋੜ ਲਈ ਸੀ। ਸਤਿਗੁਰੂ ਫੁਰਮਾਨ ਕਰਦੇ ਹਨ ਕਿ ਨਾਮਦੇਵ ਜੀ ਹਰ ਵੇਲੇ ਗੋਬਿੰਦ ਗੋਬਿੰਦ ਦਾ ਨਾਮ ਜਪਦੇ ਸਨ। ਨਾਮ ਜਪਦਿਆਂ ਉਨ੍ਹਾਂ ਦਾ ਮਨ ਪਰਮਾਤਮਾ ਦੇ ਨਾਮ ਵਿੱਚ ਲੀਨ ਹੋ ਗਿਆ। ਨਾਮ ਵਿੱਚ ਲੀਨਤਾ ਪ੍ਰਾਪਤ ਹੁੰਦੇ, ਅੱਧੀ ਦੰਮੜੀ ਦਾ ਛੀਂਬਾ ਲੱਖਾਂ ਦਾ ਬਣ ਗਿਆ। ਕੱਪੜਾ ਬੁਨਣ ਤੇ ਤਾਣਾ ਤਣਨ ਦਾ ਕਾਰਜ ਤਿਆਗ ਕੇ ਭਗਤ ਕਬੀਰ ਜੀ ਨੇ ਪਰਮਾਤਮਾ ਦੇ ਚਰਨਾਂ ਨਾਲ ਪ੍ਰੀਤ ਜੋੜ ਲਈ। ਲੋਕਾਂ ਦੀ ਨਿਗ੍ਹਾ ਵਿੱਚ ਨੀਵੀਂ ਜਾਤ ਦਾ ਜੁਲਾਹਾ (ਭਗਤ ਕਬੀਰ) ਪਰਮਾਤਮਾ ਦੀ ਨਿਗ੍ਹਾ ਵਿੱਚ ਗੁਣਾਂ ਦਾ ਸਮੁੰਦਰ ਬਣ ਗਿਆ। ਭਗਤ ਰਵਿਦਾਸ, ਜਿਨ੍ਹਾਂ ਦਾ ਪਿਤਾ-ਪੁਰਖੀ ਕਿੱਤਾ ਮਰੇ ਹੋਏ ਪਸ਼ੂ ਢੋਣੇ ਤੇ ਇਨ੍ਹਾਂ ਦੀਆਂ ਖੱਲਾਂ ਉਤਾਰਨੀਆਂ ਸੀ, ਉਨ੍ਹਾਂ ਨੇ ਮਾਇਆ ਦਾ ਤਿਆਗ ਕਰ ਦਿੱਤਾ। ਭਗਤ ਜੀ ਨੂੰ ਪਰਮਾਤਮਾ ਦੇ ਦਰਸ਼ਨ ਹੋਏ ਅਤੇ ਉਹ "**ਭਗਤੁ ਭਗਤੁ ਜਗਿ ਵਜਿਆ ਚਹੁ ਚਕਾਂ ਦੇ ਵਿਚਿ ਚਮਿਰੇਟਾ**" ਦੇ ਮੁਰਾਤਬੇ ਨੂੰ ਪ੍ਰਾਪਤ ਕਰ ਗਏ। ਸੈਣ ਭਗਤ ਜੀ, ਜਿਨ੍ਹਾਂ ਦਾ ਜੱਦੀ ਕਿੱਤਾ ਲੋਕਾਂ



ਦੀਆਂ ਬੁੱਤੀਆਂ ਕੱਢਣਾ ਸੀ। ਇਨ੍ਹਾਂ ਦੇ ਹਿਰਦੇ ਵਿੱਚ ਪਰਮੇਸ਼ਰ ਦੀ ਹੋਂਦ ਵੱਸ ਗਈ, ਜਿਸ ਦੀ ਬ-ਦੌਲਤ ਉਹ ਭਗਤਾਂ ਦੀ ਗਿਣਤੀ ਵਿੱਚ ਸ਼ੁਮਾਰ ਹੋ ਗਏ ਤੇ ਘਰਾਂ-ਘਰਾਂ ਵਿੱਚ ਇਨ੍ਹਾਂ ਦੀ ਪ੍ਰਸਿੱਧੀ ਹੋ ਗਈ। ਉਪਰੋਕਤ ਭਗਤਾਂ ਦੀ ਪ੍ਰਸਿੱਧੀ ਸੁਣ ਕੇ ਧੰਨੇ ਜੱਟ ਦੇ ਮਨ ਵਿੱਚ ਵੀ ਉਤਸ਼ਾਹ ਪੈਦਾ ਹੋਇਆ ਅਤੇ ਧੰਨਾ ਜੀ ਪਰਮਾਤਮਾ ਦੀ ਪ੍ਰੇਮ-ਭਗਤੀ ਕਰਨ ਲੱਗ ਪਏ। ਪ੍ਰੇਮਾਂ-ਭਗਤੀ ਦੀ ਬਰਕਤ ਨਾਲ ਇਨ੍ਹਾਂ ਨੂੰ ਪਰਮਾਤਮਾ ਦੇ ਪ੍ਰਤੱਖ ਦਰਸ਼ਨ ਹੋਏ ਜਿਸ ਕਰਕੇ ਧੰਨਾ ਜੀ ਵਡਭਾਗੇ ਬਣ ਗਏ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਪੜ੍ਹੀਏ, ਪ੍ਰਭੂ ਨਾਮ ਤੇ ਪ੍ਰਭੂ ਪ੍ਰੀਤ ਦੀ ਮਹਾਨਤਾ ਦਾ ਪਤਾ ਚਲ ਜਾਵੇਗਾ :

**ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥**

**ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥੧॥ ਰਹਾਉ ॥**

**ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥**

**ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥**

**ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥**

**ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥੨॥**

**ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥**

**ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥੩॥**

**ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥**

**ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥੪॥੨॥** ਮਹਲਾ ੫, ਪੰਨਾ ੪੮੭

## *ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥*

**ਅੱਖਰੀ-ਅਰਥ** : ਆਖ਼ਰੀ ਪੰਕਤੀਆਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਜਗਿਆਸੂਆਂ ਨੂੰ ਪ੍ਰਭੂ ਦੇ ਚਰਨਾਂ ਵਿੱਚ ਅਰਦਾਸ ਕਰਨ ਲਈ ਪ੍ਰੇਰਤ ਕਰਦੇ ਫੁਰਮਾਨ ਕਰਦੇ ਹਨ ਕਿ ਹੇ ਪਰਮਾਤਮਾ! ਮੇਰੀ ਤੇਰੇ ਚਰਨਾਂ ਵਿੱਚ ਬੇਨਤੀ ਹੈ ਕਿ ਮੇਰੇ ਹਿਰਦੇ ਵਿੱਚ ਪ੍ਰਗਟ ਹੋ ਕੇ ਮੈਨੂੰ ਆਪਣਾ ਮਿਲਾਪ ਅਤੇ ਦੀਦਾਰ ਬਖਸ਼ਿਸ਼ ਕਰੋ ਜੀ।

**ਸੰਖੇਪ-ਵਿਚਾਰ :** *"ਪ੍ਰਭ ਮਿਲਹੁ ਪਰਾਪਤਿ ਹੋਇ"* ਦੀ ਬਖਸ਼ਿਸ਼ ਪ੍ਰਾਪਤ ਕਰਨ ਦਾ ਰਸਤਾ ਕੇਵਲ ਤੇ ਕੇਵਲ **"ਗੁਰ ਪ੍ਰਸਾਦਿ"**[੧] ਹੈ। ਗੁਰੂ ਦੀ ਬਖਸ਼ਿਸ਼ ਕਿਸੇ ਸਿਆਣਪ ਨਾਲ, ਜ਼ੋਰ ਨਾਲ, ਹੱਠ ਨਾਲ ਜਾਂ ਦਾਅਵੇ ਨਾਲ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਗੁਰੂ ਦਰ ਵਿੱਚ ਤਾਂ **"ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ"** ਦਾ ਹੀ ਇੱਕੋ ਇੱਕ ਰਸਤਾ ਹੈ। ਗੁਰੂ ਦਰ ਤਾਂ :

**ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥**

**ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ॥**

ਮ: ੪, ਪੰਨਾ ੭੩੬

ਦੀ ਪਰਪਾਟੀ ਜੀਵਨ ਵਿੱਚ ਧਾਰਨ ਕਰਕੇ ਗੁਰੂ ਚਰਨਾਂ ਵਿੱਚ ਅਰਜੋਈ ਕਰਨੀ ਪੈਂਦੀ ਹੈ। ਦਾਤਾ!

**ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ ॥**

**ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ ॥**

**ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ ॥**

**ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ ॥**

**ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ ॥੧੬॥** ਮ: ੫, ਪੰਨਾ ੭੦੯

"ਪ੍ਰਭ ਮਿਲਹੁ ਪਰਾਪਤਿ ਹੋਇ" ਦੀ ਦਾਤ ਪ੍ਰਾਪਤ ਕਰਨ ਵਾਸਤੇ ਭਗਤ ਰਵਿਦਾਸ ਜੀ ਵਾਂਗ ਪ੍ਰਭੂ ਮਾਲਕ ਦੇ ਸਨਮੁਖ ਅਰਜੋਈਆਂ ਕਰਨੀਆਂ ਪੈਂਦੀਆਂ ਹਨ। ਹੇ ਦਾਤਾ!

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥**

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥**

ਰਵਿਦਾਸ ਜੀ ਪੰਨਾ ੬੯੪

ਜਗਿਆਸੂ ਨੇ 'ਪ੍ਰਭ ਮਿਲਹੁ ਪਰਾਪਤਿ ਹੋਇ" ਦੀ ਦਾਤ ਲੈਣ ਵਾਸਤੇ ਸੇਵਾ ਵੀ ਸਿਮਰਨ ਵੀ, ਨਿੱਤਨੇਮ ਵੀ, ਰਹਿਣੀ-ਰਹਿਤ ਵੀ ਰੱਖਣੀ ਹੈ, ਉੱਦਮ ਵੀ ਕਰਨਾ ਹੈ। ਸਤਿਸੰਗ ਤੇ ਪਰਉਪਕਾਰੀ ਕਾਰਜ ਵੀ ਕਰਨੇ ਹਨ। ਸਭ ਕੁੱਝ ਕਰਨ ਉਪਰੰਤ ਇਨ੍ਹਾਂ ਸ਼ੁਭ ਕਰਮਾਂ ਦਾ ਮਾਣ ਨਹੀਂ ਕਰਨਾ, ਦਾਅਵਾ ਨਹੀਂ ਬੰਨਣਾ, ਹੱਕ

੧. ਗੁਰੂ ਦੀ ਕ੍ਰਿਪਾ।



ਨਹੀਂ ਜਤਾਉਣਾ। ਸਗੋਂ ਨਿਮਰਤਾ ਵਿੱਚ ਰਹਿ ਕੇ ਗੁਰੂ ਚਰਨਾਂ ਵਿੱਚ ਅਰਜੋਈ ਕਰਨੀ ਹੈ ਕਿ ਹੇ ਸਤਿਗੁਰੂ!

**ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥ ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥**

**ਕਹੁ ਨਾਨਕ ਹਮ ਨੀਚ ਕਰੰਮਾ ॥ ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥**

ਮ: ੫, ਪੰਨਾ ੧੨

ਅਤੇ ਗੁਰੂ ਦਰ ਪੁਕਾਰ ਕਰਨੀ ਹੈ ਦਾਤਾ!

**ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ ॥**

**ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ ॥੧॥**

**ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ ॥**

**ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ ॥੧॥ ਰਹਾਉ ॥**

**ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ ॥**

**ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ ॥੨॥**

**ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ ॥**

**ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ ॥੩॥**

**ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ ॥**

**ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ ॥੪॥੪॥**

ਮ: ੫, ਪੰਨਾ ੮੦੯

ਜਦੋਂ ਮਾਣ-ਤਾਣ ਅਥਵਾ ਹੱਠ, ਜੋਰ ਤਿਆਗ ਕੇ ਗੁਰੂ ਚਰਨਾਂ ਵਿੱਚ ਜਗਿਆਸੂ ਪੁਕਾਰੇਗਾ, ਆਪਾ ਸਮਰਪਿਤ ਗੁਰੂ ਨੂੰ ਕਰ ਦੇਵੇਗਾ, ਫਿਰ ਦਾਤਾ ਆਪਣੇ ਬਿਰਦ ਦੀ ਲਾਜ ਪਾਲ ਕੇ ਜਗਿਆਸੂ ਦੇ ਮਨੋਰਥ ਪੂਰੇ ਕਰ ਦੇਵੇਗਾ। ਸਾਹਿਬਾਂ ਦਾ ਫੁਰਮਾਨ ਹੈ :

**ਹੋਇ ਨਿਮਾਣੀ ਢਹਿ ਪਈ ਮਿਲਿਆ ਸਹਜਿ ਸੁਭਾਇ ॥**

ਮ: ੫, ਪੰਨਾ ੭੬੧

ਪਰਮਾਤਮਾਂ ਜਗਿਆਸੂ ਦੀ ਆਜ਼ਜੀ-ਭਰੀ ਅਰਜੋਈ ਉੱਪਰ ਤਰੁੱਠ ਕੇ—

**ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ ॥**

ਮ: ੫ ਪੰਨਾ ੫੭੭

ਦੀ ਬਖਸ਼ਿਸ਼ ਕਰਕੇ :

**ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥**

**ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥** ਮ: ੫, ਪੰਨਾ ੬੮੧

ਦੀਆਂ ਦਾਤਾਂ ਨਾਲ ਆਪਣੇ ਸੇਵਕ ਦੀਆਂ ਮਨੋਕਾਮਨਾਵਾਂ ਪੂਰੀਆਂ ਕਰ ਦੇਂਦਾ ਹੈ।

## *ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩ ॥*

**ਅੱਖਰੀ-ਅਰਥ :** ਵੈਸਾਖ ਦਾ ਮਹੀਨਾ ਉਸ ਜਗਿਆਸੂ ਵਾਸਤੇ ਸੋਭਨੀਕ ਬਤੀਤ ਹੁੰਦਾ ਹੈ, ਜੋ ਹਰੀ ਰੂਪ ਗੁਰੂ ਦੀ ਸ਼ਰਨ ਵਿੱਚ ਆ, ਗੁਰੂ ਵਾਲੇ ਬਣ ਕੇ, ਹਰੀ ਨਾਲ ਜੁੜੇ ਹੋਏ ਸੰਤ-ਮਹਾਂਪੁਰਖਾਂ ਦੀ ਸੰਗਤ ਕਰਦੇ ਹਨ।

**ਸੰਖੇਪ-ਵਿਚਾਰ :** ਸੰਸਾਰ ਵਿੱਚ ਵਿਚਰਦਿਆਂ ਵੀ ਅਸੀਂ ਨਿੱਤ ਵੇਖਦੇ ਹਾਂ ਕਿ ਦੁਨਿਆਵੀ ਹਰ ਖੇਤਰ ਵਿੱਚ ਗੁਰੂ ਦੀ ਅਗਵਾਈ ਤੋਂ ਬਿਨਾਂ ਸਫ਼ਲਤਾ ਪ੍ਰਾਪਤ ਨਹੀਂ ਹੁੰਦੀ ਪਰ ਅਧਿਆਤਮਿਕ ਖੇਤਰ ਵਿੱਚ ਸਫ਼ਲਤਾ ਪ੍ਰਾਪਤ ਕਰਨ ਤੇ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨ ਵਾਸਤੇ ਗੁਰੂ ਦੀ ਤੇ ਗੁਰ ਪ੍ਰਸਾਦਿ ਦੀ ਤਾਂ ਅਵੱਸ਼ ਹੀ ਲੋੜ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਜੀ ਦੀ ਵਾਰ ਅੰਦਰ ਫੁਰਮਾਨ ਹੈ ਕਿ ਪਰਮਾਤਮਾ ਨੇ ਆਪਣੇ ਨਾਲ ਜਗਿਆਸੂ ਨੂੰ ਅਭੇਦ ਕਰਨ ਲਈ ਇੱਕ ਨੇਮ ਬਣਾਇਆ ਹੈ। ਉਸ ਨੇਮ ਨੂੰ ਪੂਰਾ ਕੀਤੇ ਬਿਨਾਂ ਨਾ ਪਹਿਲਾਂ ਹੀ ਕਿਸੇ ਨੂੰ ਪ੍ਰਭੂ ਪ੍ਰਾਪਤੀ ਹੋਈ ਹੈ ਅਤੇ ਨਾ ਹੁਣ ਅਤੇ ਨਾ ਹੀ ਅਗਾਂਹ ਹੋਵੇਗੀ। ਉਹ ਨੇਮ ਹੈ ਗੁਰੂ ਵਾਲੇ ਬਣਨਾ। ਸਾਹਿਬਾਂ ਦਾ ਫੁਰਮਾਨ ਹੈ :

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥**

ਮ: ੧, ਪੰਨਾ ੪੬੬

ਸਤਿਗੁਰੂ ਅਰਜਨ ਦੇਵ ਜੀ ਨੇ ਗੌਂਡ ਰਾਗ ਅੰਦਰ ਬੜਾ ਹੀ ਸਪੱਸ਼ਟ ਫੈਸਲਾ ਸੁਣਾ ਕੇ ਸਾਨੂੰ ਜਗਿਆਸੂਆਂ ਨੂੰ ਸੁਚੇਤ ਕੀਤਾ ਹੈ ਕਿ ਮਤਾਂ ਕੋਈ ਭਰਮ-ਭੁਲੇਖੇ ਅਧੀਨ ਇਹ ਧਾਰਨਾ ਬਣਾ ਲਵੇ ਕਿ ਸ਼ਾਇਦ ਮੇਰਾ ਗੁਰੂ ਵਾਲਾ ਬਣੇ ਤੋਂ ਬਿਨਾਂ ਹੀ ਨਿਸਤਾਰਾ ਤੇ ਪਾਰ ਉਤਾਰਾ ਹੋ ਜਾਵੇਗਾ। ਪਰ ਯਾਦ ਰੱਖੋ! ਨਾ ਗੁਰੂ ਵਾਲਾ ਬਣੇ ਤੋਂ ਬਗੈਰ ਪਹਿਲਾਂ ਕਿਸੇ ਦਾ ਨਿਸਤਾਰਾ ਹੋਇਆ, ਨਾ ਹੁਣ ਹੋਣਾ ਹੈ ਅਤੇ ਨਾ ਹੀ ਅਗਾਂਹ ਹੋਵੇਗਾ। ਸਤਿਗੁਰਾਂ ਦਾ ਫੁਰਮਾਨ ਹੈ :

**ਮਤ ਕੋ ਭਰਮਿ ਭੁਲੈ ਸੰਸਾਰਿ ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ ॥**

ਮ: ੫, ਪੰਨਾ ੮੬੪

ਭੱਟ ਨਲ ਜੀ ਦੇ ਅਨੁਭਵ ਅਨੁਸਾਰ ਸੰਤ ਭੇਟੇ (ਗੁਰੂ ਵਾਲਾ ਬਣੇ) ਤੋਂ ਬਿਨਾਂ,



ਨਾ ਅਗਿਆਨਤਾ ਦਾ ਅੰਧਕਾਰ ਦੂਰ ਹੁੰਦਾ ਹੈ ਅਤੇ ਨਾ ਹੀ ਜਗਿਆਸੂ ਨੂੰ ਅਸਲੀ ਆਤਮਿਕ ਜੀਵਨ ਦੀ ਸੋਝੀ ਪ੍ਰਾਪਤ ਹੁੰਦੀ ਹੈ। ਗੁਰੂ ਵਿਹੂਣੇ ਮਨੁੱਖ ਨੂੰ ਨਾ ਆਤਮਿਕ ਉੱਚਤਾ ਮਿਲਦੀ ਹੈ ਅਤੇ ਨਾ ਹੀ ਵਿਕਾਰਾਂ ਤੇ ਮਾਇਕੀ ਬੰਧਨਾਂ ਤੋਂ ਖਲਾਸੀ ਮਿਲਦੀ ਹੈ। ਇਸ ਲਈ ਭਲੇ ਦੀ ਗੱਲ ਇਹ ਹੀ ਹੈ ਕਿ ਜਿੰਨਾ ਛੇਤੀ ਹੋ ਸਕੇ ਗੁਰੂ ਸ਼ਰਣ ਪ੍ਰਾਪਤ ਕਰ ਲੈਣੀ ਚਾਹੀਦੀ ਹੈ। ਭੱਟ ਜੀ ਸਾਨੂੰ ਆਤਮਿਕ ਜਗਿਆਸੂਆਂ ਨੂੰ ਹੋਰ ਚਿਤਾਵਨੀ ਦਿੰਦੇ ਹਨ ਕਿ ਜਗਿਆਸੂ ਜਨੋਂ! ਜਦੋਂ ਤੁਸੀਂ ਗੁਰੂ ਵਾਲੇ ਬਣ ਜਾਵੋਂ, ਫਿਰ ਅਵੇਸਲੇ ਨਹੀਂ ਹੋਣਾ ਹਰ ਪਾਸੇ, ਹਰ ਥਾਂ, ਹਰ ਪ੍ਰਾਣੀ ਵਿੱਚ ਗੁਰੂ ਦੀ ਜੋਤ ਨੂੰ ਹੀ ਵੇਖਣਾ ਹੈ। ਬਚਨ ਬੋਲਨ ਸਮੇਂ ਵੀ ਗੁਰੂ ਨੂੰ ਹਾਜ਼ਰ-ਨਾਜ਼ਰ ਜਾਣ ਕੇ ਹਰ ਇੱਕ ਨਾਲ ਪਿਆਰ ਪ੍ਰੇਮ ਦਾ ਬੋਲ-ਵਰਤਾਉ ਕਰੋ। ਗੁਰੂ ਹਰ ਥਾਂ ਹਰ ਸਮੇਂ ਸਤ-ਸਰੂਪ ਹੋ ਕੇ ਰਮਿਆ ਹੋਇਆ ਹੈ। ਆਖਰ ਵਿੱਚ ਨਲ ਭੱਟ ਜੀ ਫੁਰਮਾਉਂਦੇ ਹਨ ਕਿ ਜਿਸ ਨੂੰ ਪਰਮਾਤਮਾ ਨੇ ਮਨੁੱਖਾ ਜਨਮ ਦੀ ਦਾਤ ਤਾਂ ਬਖਸ਼ਿਸ਼ ਕਰ ਦਿੱਤੀ, ਪਰ ਜੇ ਉਸ ਜਗਿਆਸੂ ਨੇ ਅਜੇ ਤੱਕ ਗੁਰੂ ਸ਼ਰਣ ਪ੍ਰਾਪਤ ਨਹੀਂ ਕੀਤੀ ਅਜਿਹੇ ਮਨੁੱਖ ਦਾ, ਮਨੁੱਖਾ ਜਨਮ ਅਕਾਰਥ, ਨਿਸਫਲ, ਬਿਅਰਥ ਹੈ। ਭੱਟ ਜੀ ਦਾ ਤਜਰਬਾ ਪੜ੍ਹੀਏ, ਮਨੁੱਖਾ ਜਨਮ ਦੀ ਸਫਲਤਾ ਲਈ ਗੁਰੂ ਵਾਲੇ ਬਣਨ ਹਿਤ ਜ਼ਰੂਰ ਪ੍ਰੇਰਨਾ ਮਿਲੇਗੀ।

**ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥**

**ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥**

**ਗੁਰੁ ਕਰੁ ਸਚੁ ਬੀਚਾਰੁ ਗੁਰੂ ਕਰੁ ਰੇ ਮਨ ਮੇਰੇ ॥**

**ਗੁਰੁ ਕਰੁ ਸਬਦ ਸਪੁੰਨ ਅਘਨ ਕਟਹਿ ਸਭ ਤੇਰੇ ॥**

**ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ ਗੁਰੂ ਸਤਿ ਕਵਿ ਨਲੵ ਕਹਿ ॥**

**ਜਿਨਿ ਗੁਰੂ ਨ ਦੇਖਿਅਉ ਨਹੁ ਕੀਅਉ ਤੇ ਅਕਯਥ ਸੰਸਾਰ ਮਹਿ ॥੪ ॥੮ ॥**

ਸਵਈਏ ਮ: ੪ ਕੇ ਪੰਨਾ ੧੩੯੯

ਵੈਸਾਖ ਦਾ ਮਹੀਨਾ ਸੋਭਨੀਕ ਸੁਖਦਾਈ ਬਤੀਤ ਕਰਨ ਵਾਸਤੇ, ਹਰ ਪ੍ਰਾਣੀ ਨੂੰ ਆਪਣੇ ਹੀ ਭਲੇ ਲਈ "**ਸੰਤੁ ਭੇਟੈ ਹਰਿ ਸੋਇ**" ਦੇ ਜ਼ਰੂਰ ਧਾਰਨੀ ਬਣ ਜਾਣਾ ਚਾਹੀਦਾ ਹੈ। ਗੁਰੂ ਵਾਲੇ ਬਣਨ ਨਾਲ ਨਿਰਾ ਵੈਸਾਖ ਦਾ ਮਹੀਨਾ ਹੀ ਸੁਹਾਵਣਾ ਨਹੀਂ ਸਗੋਂ ਸਾਰਾ ਜੀਵਨ ਹੀ ਸੁਹਾਵਣਾ ਬਤੀਤ ਹੁੰਦਾ ਹੈ।

❐ ❐ ❐

# ਜੇਠਿ (ਜੇਠ)

ਮੂਲ-ਪਾਠ

*ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥*

*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥*

*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥*

*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥*

*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥*

*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥*

*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥*

*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥*

*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪ ॥*

**ਪਦ-ਅਰਥ :** **ਜੇਠਿ** = ਮਹੀਨੇ ਦਾ ਨਾਉਂ। **ਜੁੜੰਦਾ ਲੋੜੀਐ** = ਜੁੜਨਾ ਚਾਹੀਦਾ ਹੈ। **ਸਭਿ** = ਸਾਰੇ ਜੀਵ ਜੰਤ (ਸਾਰੀ ਕਾਇਨਾਤ) **ਨਿਵੰਨਿ** = ਨਿਵਦੇ ਹਨ। **ਸਜਣ ਦਾਵਣਿ** = ਮਿਤ੍ਰ ਪ੍ਰਭੂ ਦੇ ਲੜ ਲਗਿਆਂ। **ਕਿਸੈ ਨ ਦੇਈ ਬੰਨਿ** = ਕਿਸੇ ਵੀ ਜਮ ਆਦਿ ਨੂੰ ਆਗਿਆ ਨਹੀਂ ਕਿ ਉਹ ਜੀਵ ਨੂੰ ਬੰਨ ਕੇ ਆਪਣੇ ਅੱਗੇ ਲਾ ਸਕੇ। **ਮਾਣਕ ਮੋਤੀ** = ਅਮੋਲਕ ਕੀਮਤੀ ਪੱਥਰ ਤੇ ਮੋਤੀ। **ਸੰਨਿ** = ਸੰਨ ਲਾਉਣੀ ਚੋਰੀ ਕਰ ਲੈਣਾ। **ਰੰਗ** = ਚੋਜ-ਤਮਾਸ਼ੇ (ਮਨ ਨੂੰ ਅਨੰਦਤ ਕਰਨ ਵਾਲੇ)। **ਨਾਰਾਇਣੈ** = ਪਰਮਾਤਮਾ ਦੇ। **ਜੇਤੇ** = ਜਿੰਨੇ ਵੀ। **ਭਾਵੰਨਿ** = ਪਿਆਰੇ ਲੱਗਦੇ ਹਨ। **ਲੋੜੇ** = ਚਾਹੁੰਦਾ ਹੈ। **ਜੀਅ ਕਰੰਨਿ** = ਜੀਵ ਕਰਦੇ ਹਨ। **ਜੋ ਪ੍ਰਭਿ ਕੀਤੇ ਆਪਣੇ** = ਜਿਨ੍ਹਾਂ ਨੂੰ ਪ੍ਰਭੂ ਨੇ ਆਪਣੇ ਬਣਾ ਲਿਆ। **ਆਪਣ ਲੀਆ ਜੇ ਮਿਲੈ** = ਜੇ ਆਪਣੇ ਯਤਨ ਨਾਲ ਪਰਮਾਤਮਾ ਮਿਲ ਸਕਦਾ ਹੋਵੇ। **ਸਾਧੂ ਸੰਗੁ** = ਸਤਿਗੁਰੂ ਦੀ ਸ਼ਰਣ ਤੇ ਮਹਾਂਪੁਰਖਾਂ ਦੀ ਸੰਗਤ। **ਰੰਗ ਮਾਣੰਨਿ** = ਆਤਮਿਕ ਅਨੰਦ ਮਾਣਦੇ ਹਨ। **ਰੰਗੀਲਾ** = ਆਤਮ-ਅਨੰਦ, ਖੁਸ਼ੀਆਂ-ਖੇੜੇ ਬਖਸ਼ਿਸ਼ ਕਰਨ ਵਾਲਾ। **ਧਣੀ** = ਮਾਲਕ (ਪਰਮਾਤਮਾ)। **ਭਾਗੁ ਮਥੰਨਿ** = ਜਿਸ ਦੇ ਮੱਥੇ ਦੇ ਭਾਗ ਚੰਗੇ ਹਨ।



# ਜਿਸੁ ਅਗੈ ਸਭਿ ਨਿਵੰਨਿ

ਸੰਸਾਰ ਵਿੱਚ ਵਿਚਰਦਿਆਂ ਅਕਸਰ ਹਰ ਰੋਜ਼ ਆਪਾਂ ਵੇਖਦੇ ਹਾਂ ਕਿ ਗਰੀਬ ਮਨੁੱਖ ਆਪਣੀ ਗਰਜ਼ ਖ਼ਾਤਰ ਅਮੀਰ ਅੱਗੇ ਨਿਵਦਾ ਹੈ। ਨਿਤਾਣਾ ਮਨੁੱਖ, ਸਤਾਣੇ ਅੱਗੇ ਸਿਰ ਝੁਕਾਉਂਦਾ ਹੈ। ਪਰਜਾ, ਵੱਡੇ ਅਫਸਰਾਂ ਤੇ ਵਜੀਰਾਂ ਅੱਗੇ ਲੋੜ ਖਾਤਰ ਨਿਵਦੀ ਹੈ। ਗਰਜ਼ਮੰਦ, ਗਰਜ਼-ਪੂਰਤਾ ਅੱਗੇ ਨਿਵਦਾ ਹੈ। ਇਸ ਤੋਂ ਅੱਗੇ ਅਧਿਆਤਮਿਕ ਤਲ ਉੱਪਰ ਵੀ ਕੋਈ ਮਨੁੱਖ ਆਪਣੀ ਕਲਿਆਣ ਖ਼ਾਤਰ ਪੀਰਾਂ-ਪੈਗੰਬਰਾਂ, ਅਵਤਾਰਾਂ ਅੱਗੇ ਨਤਮਸਤਕ ਹੁੰਦਾ ਹੈ। ਕੋਈ ਸੰਸਾਰਿਕ ਸੁਖ ਸ਼ਾਂਤੀ ਤੇ ਮਨੋ-ਕਾਮਨਾ ਦੀ ਪੂਰਤੀ ਲਈ ਦੇਵੀ-ਦੇਵਤਿਆਂ, ਦੇਹਧਾਰੀਆਂ ਅੱਗੇ ਮੱਥੇ ਟੇਕਦਾ ਹੈ। ਕੋਈ ਇਸ ਤੋਂ ਹੇਠਲੀ ਪੱਧਰ ਤੇ ਕਬਰਾਂ-ਮੜ੍ਹੀਆਂ, ਮਸਾਣਾਂ ਤੇ ਜਾ ਕੇ ਨਿਵਦਾ ਤੇ ਨੱਕ ਰਗੜਦਾ ਹੈ।

ਇਸ ਤੋਂ ਉਲਟ ਅਮੀਰ, ਗਰੀਬ ਅੱਗੇ ਨਹੀਂ ਨਿਵਦਾ, ਸਤਾਣਾ, ਨਿਤਾਣੇ ਦੀ ਈਨ ਨਹੀਂ ਮੰਨਦਾ। ਅਫਸਰ, ਅਮੀਰ ਵਜੀਰ, ਪਰਜਾ ਅੱਗੇ ਨਹੀਂ ਝੁਕਦੇ। ਗਰਜ਼-ਪੂਰਤਾ, ਗਰਜ਼ਮੰਦ ਅੱਗੇ ਸਿਰ ਨਹੀਂ ਝੁਕਾਉਣਾ। ਇਸੇ ਤਰ੍ਹਾਂ ਅਧਿਆਤਮਿਕ ਤਲ ਤੇ ਉੱਚੇ ਹੋ ਚੁੱਕੇ, ਜਗਿਆਸੂਆਂ ਅੱਗੇ ਨਹੀਂ ਨਿਵਦੇ। ਇੱਕ ਇਸ਼ਟ ਦਾ ਪੁਜਾਰੀ ਦੂਸਰੇ ਇਸ਼ਟ ਦੇ ਮੁੱਖੀ ਅੱਗੇ ਦੂਸਰੇ ਇਸ਼ਟ ਦਾ ਪੁਜਾਰੀ ਤੀਸਰੇ ਦੇ ਇਸ਼ਟ ਅੱਗੇ ਨਹੀਂ ਨਿਵਦਾ। ਸੰਸਾਰ ਅੰਦਰ ਇੱਕ ਪਰਮਾਤਮਾ ਤੋਂ ਸਿਵਾ ਹੋਰ ਕੋਈ ਨਹੀਂ, ਜਿਸ ਦੇ ਅੱਗੇ ਸਾਰੇ ਅਮੀਰ-ਗਰੀਬ, ਨਿਤਾਣੇ-ਸਤਾਣੇ, ਉੱਚ ਪਦਵੀਆਂ ਵਾਲੇ ਅਮੀਰ-ਵਜੀਰ, ਗਰਜ਼-ਪੂਰਤਾ ਤੇ ਗਰਜ਼ਮੰਦ, ਜਗਿਆਸੂ ਅਵਤਾਰ-ਔਲੀਏ, ਦੇਵੀ ਦੇਵਤੇ, ਪੀਰ ਫਕੀਰ ਨਿਵਦੇ ਹੋਣ। ਕੇਵਲ ਤੇ ਕੇਵਲ ਇੱਕ ਪਰਮਾਤਮਾ ਹੀ ਅਜਿਹੀ ਹੋਂਦ ਹਸਤੀ ਵਾਲਾ ਹੈ, ਜਿਸ ਦੀ ਹੋਂਦ-ਹਸਤੀ ਨੂੰ ਸਾਰੀ ਕਾਇਨਾਤ ਸਵੀਕਾਰ ਕਰਕੇ ਨਿਵਦੀ ਹੈ। ਨਿਵੇਂ ਵੀ ਕਿਉਂ ਨਾ ? ਕਿਉਂਕਿ ਇੱਕ ਪਰਮਾਤਮਾ ਹੀ ਸਾਰਿਆਂ ਦਾ ਕਰਤਾ ਹੈ ਅਤੇ ਸਾਰਿਆਂ ਨੂੰ ਆਪਣੀ ਸੱਤਿਆ ਦੁਆਰਾ ਜੀਵਨ ਪ੍ਰਦਾਨ ਕਰਕੇ ਮੂੰਹ ਮੰਗੀਆਂ ਦਾਤਾਂ ਪ੍ਰਦਾਨ ਕਰਦਾ ਹੈ। ਜਿਸ ਕਰਤੇ ਪਰਥਾਇ, ਸਤਿਗੁਰੂ ਅਰਜਨ ਦੇਵ ਜੀ ਨੇ ਸੋਰਠ ਰਾਗ ਅੰਦਰ ਫੁਰਮਾਨ ਕੀਤਾ ਹੈ :

**ਸਭੁ ਜਗੁ ਜਿਨਹਿ ਉਪਾਇਆ ਭਾਈ ਕਰਣ ਕਾਰਣ ਸਮਰਥੁ ॥**

**ਜੀਉ ਪਿੰਡੁ ਜਿਨਿ ਸਾਜਿਆ ਭਾਈ ਦੇ ਕਰਿ ਅਪਣੀ ਵਥੁ ॥**

**ਕਿਨਿ ਕਹੀਐ ਕਿਉ ਦੇਖੀਐ ਭਾਈ ਕਰਤਾ ਏਕੁ ਅਕਥੁ ॥**

ਮ: ੫, ਪੰਨਾ ੬੩੯

ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ ਅਜਿਹੇ ਸਰਬ-ਸ਼ਕਤੀਮਾਨ ਪ੍ਰਮਾਤਮਾ ਅਗੇ ਨਿਵਣ ਲਈ, ਉਸ ਦੇ ਨਾਲ ਜੁੜਨ ਤੇ ਸਬੰਧ ਬਨਾਉਣ ਲਈ ਤਥਾ ਪ੍ਰਮਾਤਮਾ ਦੇ ਗੁਣ ਗਾਉਣ ਲਈ ਗੁਰਬਾਣੀ ਅੰਦਰ ਬਾਰ ਬਾਰ ਪ੍ਰੇਰਨਾ ਦਿੱਤੀ ਹੈ। ਸਤਿਗੁਰਾਂ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :

**ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ ॥**

**ਵਡੈ ਭਾਗਿ ਭੇਟੇ ਗੁਰਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥**

ਮ: ੫, ਪੰਨਾ ੬੮੩

ਸਤਿਗੁਰੂ ਜੀ ਨੇ ਜੇਠ ਮਹੀਨੇ ਦੁਆਰਾ "**ਜਿਸੁ ਅਗੈ ਸਭਿ ਨਿਵੰਨਿ**" ਦਾ ਸੰਦੇਸ਼ ਦੇ ਕੇ ਵੱਡਿਓ-ਵੱਡੇ ਪਰਮਾਤਮਾ ਨਾਲ ਜੁੜਨ ਦਾ ਵਿਸ਼ੇਸ਼ ਉਪਦੇਸ਼ "**ਹਰਿ ਜੇਠਿ ਜੁੜੰਦਾ ਲੋੜੀਐ**" ਪ੍ਰਦਾਨ ਕਰਕੇ ਸਾਨੂੰ ਜਗਿਆਸੂਆਂ ਨੂੰ ਅਗਵਾਈ ਦਿੱਤੀ ਹੈ। ਪਰਮਾਤਮਾ ਨਾਲ ਕਿਉਂ ਜੁੜਨਾ ਹੈ ? ਦਾ ਉੱਤਰ ਦਿੰਦੇ ਸਤਿਗੁਰੂ ਅਰਜਨ ਦੇਵ ਜੀ ਗਉੜੀ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਜਿਹੜਾ ਜਗਿਆਸੂ, ਹਰੀ ਪਰਮਾਤਮਾ ਨਾਲ ਜੁੜ ਜਾਂਦਾ ਹੈ, ਉਸ ਦਾ ਸਾਰਾ ਸੰਸਾਰ ਹੀ ਮਿੱਤਰ ਬਣ ਜਾਂਦਾ ਹੈ। ਹਰੀ ਨਾਲ ਜੁੜਨ ਸਦਕਾ ਜਗਿਆਸੂ ਦਾ ਚਿੱਤ ਆਤਮਿਕ ਅਡੋਲਤਾ ਵਾਲਾ ਬਣ ਜਾਂਦਾ ਹੈ ਕਿਉਂਕਿ ਹਰੀ ਆਪ ਅਡੋਲ ਹੈ। ਉਹ ਆਪਣੇ ਸੇਵਕ ਨੂੰ ਵੀ ਸਥਿਰ ਅਵਸਥਾ ਦਾ ਮਾਲਕ ਬਣਾ ਦਿੰਦਾ ਹੈ। ਹਰੀ ਨਾਲ ਜੁੜਨ ਦੀ ਬਰਕਤ ਨਾਲ ਜੁੜਨ ਵਾਲੇ ਦੇ ਸਾਰੇ ਚਿੰਤਾ, ਝੋਰੇ ਖਤਮ ਹੋ ਜਾਂਦੇ ਹਨ। ਹਰੀ ਨਾਲ ਜੁੜੇ ਜਗਿਆਸੂ ਦਾ ਇਸ ਸੰਸਾਰ ਭਵਜਲ ਵਿੱਚੋਂ ਪਾਰ ਉਤਾਰਾ ਹੋ ਜਾਂਦਾ ਹੈ। ਇਸ ਲਈ ਹੇ ਮੇਰੇ ਮਨ! ਤੂੰ ਆਪਣੀ ਆਤਮਾ ਨੂੰ ਹਰੀ ਪ੍ਰਮੇਸ਼ਰ ਨਾਲ ਜੋੜ। ਇੱਕ ਹਰੀ ਤੋਂ ਬਿਨਾਂ ਕਿਸੇ ਨੇ ਵੀ ਤੇਰੇ ਕੰਮ ਨਹੀਂ ਆਉਣਾ। ਹੇ ਮੇਰੇ ਮਨ! ਇਹ ਜੋ ਸੰਸਾਰ ਅੰਦਰ ਤੂੰ ਵੱਡੇ-ਵੱਡੇ ਮਾਇਆਧਾਰੀ ਵੇਖ ਰਿਹਾ ਹੈਂ। ਹੇ ਮੂਰਖ ਮਨ! ਇਹ ਸਾਰਾ ਧਨ ਪਦਾਰਥ ਉਨ੍ਹਾਂ ਦੇ ਆਤਮਿਕ ਜੀਵਨ ਵਿੱਚ ਕਿਤੇ ਵੀ ਕੰਮ ਨਹੀਂ ਆਉਣਾ। ਹਰੀ ਨਾਲ ਜੁੜਿਆ ਹੋਇਆ ਹਰੀ ਦਾ ਸੇਵਕ ਭਾਵੇਂ ਅਖੌਤੀ ਕਿਸੇ ਨੀਵੀਂ ਜਾਤ ਨਾਲ ਸਬੰਧ ਕਿਉਂ ਨਾ ਰੱਖਦਾ ਹੋਵੇ, ਹਰੀ ਨਾਲ ਜੁੜੇ ਸੇਵਕ ਦੀ ਥੋੜ੍ਹੀ ਜਿਹੀ ਸੰਗਤ ਕਰਨ ਨਾਲ ਜੀਵ ਦਾ ਨਿਸਤਾਰਾ



ਹੋ ਜਾਂਦਾ ਹੈ। ਆਪ ਦਾ ਪਿਆਰਾ ਬਚਨ ਹੈ :

**ਹਰਿ ਸਿਉ ਜੁਰੈ ਤ ਸਭੁ ਕੋ ਮੀਤੁ ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ ॥**

**ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ ॥ ਹਰਿ ਸਿਉ ਜੁਰੈ ਤ ਹੋਇ ਨਿਸਤਾਰਾ ॥੧॥**

**ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ ॥ ਕਾਜਿ ਤੁਹਾਰੈ ਨਾਹੀ ਹੋਰੁ ॥੧॥ ਰਹਾਉ ॥**

**ਵਡੇ ਵਡੇ ਜੋ ਦੁਨੀਆਦਾਰ ॥ ਕਾਹੂ ਕਾਜਿ ਨਾਹੀ ਗਾਵਾਰ ॥**

**ਹਰਿ ਕਾ ਦਾਸੁ ਨੀਚ ਕੁਲੁ ਸੁਣਹਿ ॥ ਤਿਸ ਕੈ ਸੰਗਿ ਖਿਨ ਮਹਿ ਉਧਰਹਿ ॥੨॥**

ਮ: ੫, ਪੰਨਾ ੨੩੮

ਇਹ ਸਾਰੀਆਂ ਬਰਕਤਾਂ ਉਸ ਹਰੀ ਪਰਮਾਤਮਾ ਨਾਲ ਜੁੜਨ ਦੀਆਂ ਹਨ, ਜਿਸ ਪਰਮਾਤਮਾ ਅੱਗੇ ਸਾਰੇ ਨਿਵਦੇ ਹਨ। ਸਤਿਗੁਰ ਜੀ ਮਿਹਰ ਕਰਨ, ਅਸੀਂ ਵੀ ਕ੍ਰਿਤ ਦੀ ਜਗ੍ਹਾ ਕਰਤੇ ਅੱਗੇ ਨਤਮਸਤਕ ਹੋਈਏ। ਕ੍ਰਿਤ ਨਾਲ ਜੁੜਨ ਦੀ ਥਾਂ ਕਰਤੇ ਨਾਲ ਜੁੜ ਕੇ ਆਪਣਾ ਜੀਵਨ ਸਕਾਰਥਾ ਕਰੀਏ।

## *ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥*

**ਅੱਖਰੀ-ਅਰਥ :** ਜੇਠ ਦੇ ਮਹੀਨੇ ਦੁਆਰਾ, ਸਤਿਗੁਰੂ ਜੀ ਉਪਦੇਸ਼ ਦਿੰਦੇ ਫੁਰਮਾਨ ਕਰਦੇ ਹਨ ਕਿ ਮਨੁੱਖ ਨੂੰ ਕ੍ਰਿਤ ਦੇ ਮਾਲਕ ਕਰਤੇ ਨਾਲ, ਜੋ ਸਭ ਤੋਂ ਵੱਡਾ ਹੈ ਅਤੇ ਜਿਸ ਦੇ ਅੱਗੇ ਸਾਰੀ ਕ੍ਰਿਤ ਨਿਵਦੀ ਹੈ, ਉਸ ਨਾਲ ਜੁੜਨਾ ਚਾਹੀਦਾ ਹੈ।

**ਸੰਖੇਪ-ਵਿਚਾਰ :** ਗੁਰਬਾਣੀ ਨੂੰ ਦੀਰਘ-ਵਿਚਾਰ ਨਾਲ ਜਦੋਂ ਆਪਾਂ ਪੜ੍ਹਦੇ ਵਿਚਾਰਦੇ ਹਾਂ ਤਾਂ ਤੱਤਸਾਰ ਇਹ ਹੀ ਸਾਹਮਣੇ ਆਉਂਦਾ ਹੈ ਕਿ ਮੂਲ ਨਾਲ ਜੁੜੇ ਰਹਿਣਾ ਹੀ ਜ਼ਿੰਦਗੀ ਹੈ। ਮੂਲ ਨਾਲੋਂ ਟੁੱਟ ਜਾਣਾ ਹੀ ਮੌਤ ਹੈ। ਮਿਸਾਲ ਦੇ ਤੌਰ ਤੇ ਆਪਾਂ ਵੇਖਦੇ ਹਾਂ, ਪੱਤਾ ਦਰਖ਼ਤ ਦੀ ਡਾਲ੍ਹੀ ਨਾਲ ਜਿੰਨਾ ਚਿਰ ਜੁੜਿਆ ਰਹਿੰਦਾ ਹੈ ਉਨਾਂ ਚਿਰ ਆਪ ਜ਼ਿੰਦਗੀ ਮਾਣਦਾ ਹੈ ਤੇ ਅਨੇਕਾਂ ਨੂੰ ਆਕਸੀਜਨ ਰਾਹੀਂ ਜ਼ਿੰਦਗੀ ਪ੍ਰਦਾਨ ਕਰਦਾ ਹੈ। ਡਾਲ੍ਹੀ ਨਾਲੋਂ ਪੱਤਾ ਟੁੱਟ ਜਾਵੇ, ਪੱਤੇ ਦਾ ਜੀਵਨ ਵੀ ਸਮਾਪਤ ਤੇ ਪਰਉਪਕਾਰ ਵੀ ਖ਼ਤਮ।

ਫੁੱਲ, ਡਾਲ੍ਹੀ ਨਾਲ ਲੱਗਿਆ ਅਨੇਕਾਂ ਨੂੰ ਸੁੰਦਰਤਾ ਅਤੇ ਸੁਗੰਧੀ ਵੰਡਦਾ ਹੈ। ਡਾਲ੍ਹੀ ਨਾਲੋਂ ਟੁੱਟੇ ਫੁੱਲ ਦੀ ਕੁਝ ਚਿਰ ਬਾਅਦ ਸੁੰਦਰਤਾ ਵੀ ਖ਼ਤਮ ਤੇ ਸੁਗੰਧੀ ਵੀ। ਸੋ ਇਸੇ ਤਰ੍ਹਾਂ ਜਿਹੜਾ ਮਨੁੱਖ ਆਪਣੇ ਮੂਲ ਪਰਮਾਤਮਾ ਨਾਲ ਨਾਮ ਦੀ ਲਿਵ

ਦੁਆਰਾ ਜੁੜਿਆ ਰਹਿੰਦਾ ਹੈ, ਉਹ ਆਤਮਿਕ ਅਨੰਦੀ ਜੀਵਨ ਖੁਦ ਆਪ ਮਾਣਦਾ ਹੈ ਅਤੇ ਅਨੇਕਾਂ ਨੂੰ ਆਤਮਿਕ ਜੀਵਨ ਪ੍ਰਦਾਨ ਕਰਨ ਦਾ ਵਸੀਲਾ ਬਣਦਾ ਹੈ। ਨਾਮ ਵਿਹੂਣਾ ਮਨੁੱਖ ਤਾਂ ਬਾਬਾ ਫਰੀਦ ਜੀ ਦੀ ਦ੍ਰਿਸ਼ਟੀ ਵਿੱਚ ਧਰਤੀ ਉੱਪਰ ਨਿਰਾ ਭਾਰ ਹੀ ਹੈ :

**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥੧॥ ਰਹਾਉ ॥**

ਫਰੀਦ ਜੀ, ਪੰਨਾ ੪੮੮

ਸਤਿਗੁਰੂ ਅਰਜਨ ਦੇਵ ਜੀ ਦੀ ਦ੍ਰਿਸਟੀ ਵਿੱਚ ਜੋ ਨਾਮ ਜਪ ਦੀ ਲਿਵ ਨਾਲ ਪਰਮਾਤਮਾ ਨਾਲ ਜੁੜਿਆ ਰਹਿੰਦਾ ਹੈ, ਉਹ ਅਸਲੀ ਆਤਮਿਕ ਜੀਵਨ ਮਾਣਦਾ ਹੈ। ਜੋ ਪ੍ਰਭੂ ਨਾਮ ਨਾਲੋਂ ਟੁੱਟ ਜਾਂਦਾ ਹੈ (ਭਾਵ ਪ੍ਰਭੂ ਨੂੰ ਭੁੱਲ ਜਾਂਦਾ ਹੈ) ਉਹ ਆਤਮਿਕ ਮੌਤ ਸਹੇੜ ਲੈਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਮਰਣੰ ਬਿਸਰਣੰ ਗੋਬਿੰਦਹ ॥ ਜੀਵਣੰ ਹਰਿ ਨਾਮ ਧ੍ਯਾਵਣਹ ॥**

ਮ: ੫. ਪੰਨਾ ੧੩੬੧

## *ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥*

**ਅੱਖਰੀ-ਅਰਥ :** ਜੋ ਮਨੁੱਖ, ਪ੍ਰਭੂ ਸੱਜਣ ਦਾ ਲੜ ਫੜ ਲੈਂਦੇ ਹਨ, ਅਜਿਹੇ ਜਗਿਆਸੂਆਂ ਉੱਪਰ ਨਾ ਤਾਂ ਮਾਇਆ ਦੇ ਦੂਤ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਆਪਣਾ ਬਲ ਪਾ ਸਕਦੇ ਹਨ ਅਤੇ ਨਾ ਹੀ ਧਰਮ ਰਾਜਾ ਦੇ ਜਮਦੂਤ ਉਨ੍ਹਾਂ ਨੂੰ ਬੰਨ੍ਹ ਕੇ ਕਿਤੇ ਲਿਜਾ ਸਕਦੇ ਹਨ।

**ਸੰਖੇਪ-ਵਿਚਾਰ :** ਸਤਿਗੁਰੂ ਅਰਜਨ ਦੇਵ ਜੀ ਦੇ ਪਾਵਨ ਬਚਨਾਂ ਅਨੁਸਾਰ ਜਿਹੜੇ ਨਾਮ-ਜਪ ਦੀ ਬਰਕਤ ਨਾਲ :

**ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ ॥**

**ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾਂ ਦਾ ਵੇਸਾਹੁ ॥੨੨॥**

ਮ: ੫, ਪੰਨਾ ੧੪੨੬

ਦਾ ਪੱਲਾ ਪਕੜ ਲੈਂਦੇ ਹਨ। ਧਰਮਰਾਜਾ ਨੇ ਆਪਣੇ ਜਮਦੂਤਾਂ ਨੂੰ ਵਿਸ਼ੇਸ਼ ਹਦਾਇਤ ਕਰ ਛੱਡੀ ਹੈ ਕਿ ਹੇ ਜਮਦੂਤੋ! ਤੁਸੀਂ ਉਨ੍ਹਾਂ ਦੇ ਨੇੜੇ ਨਹੀਂ ਜਾਣਾ। ਜੇ ਤੁਸੀਂ ਉਨ੍ਹਾਂ ਦੇ



ਨੇੜੇ ਜਾਣ ਦੀ ਗੁਸਤਾਖੀ ਕੀਤੀ, ਤੁਸੀਂ ਫਸ ਜਾਓਗੇ, ਨਾ ਤੁਸੀਂ ਛੁੱਟੋਗੇ, ਨਾ ਮੈਂ ਹੀ ਛੁੱਟ ਸਕਾਂਗਾ ਅਤੇ ਨਾ ਹੀ ਜਮਪੁਰੀ ਛੁੱਟ ਸਕੇਗੀ। ਸਤਿਗੁਰਾਂ ਦਾ ਬਾਵਨ ਅਖਰੀ ਅੰਦਰ ਬਚਨ ਦਰਜ ਹੈ :

**ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥**

**ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ ॥੧॥**

ਮ: ੫, ਪੰਨਾ ੨੫੬

ਜਿੱਥੇ ਪਰਮਾਤਮਾ ਨੇ ਧਰਮਰਾਜਾ ਨੂੰ ਹੁਕਮ ਦੇ ਰੱਖਿਆ ਹੈ ਕਿ ਹੇ ਧਰਮਰਾਜ! ਤੂੰ ਧਰਮ ਨਿਆਉ ਅਧੀਨ ਸਾਰਿਆਂ ਦੇ ਕਰਮਾਂ ਦਾ ਸੱਚਾ ਨਿਆਉ ਕਰ ਅਤੇ ਜੋ ਨਾਮ ਤੋਂ ਟੁੱਟ ਕੇ ਦੂਜੇ ਭਾਉ (ਭਾਵ ਮਾਇਆ) ਦੇ ਪ੍ਰਭਾਵ ਅਧੀਨ ਮੰਦ ਕਰਮ ਕਰਨ ਵਾਲੀਆਂ ਜਿੰਦਾਂ ਹਨ, ਉਹ ਤੇਰੀ ਸਰਕਾਰ ਹਨ। ਭਾਵ ਤੇਰਾ ਹੁਕਮ ਉਨ੍ਹਾਂ ਉੱਪਰ ਹੀ ਚੱਲੇਗਾ। ਇਸ ਦੇ ਉਲਟ ਜਿਹੜੇ ਨਾਮ-ਅਭਿਆਸੀ ਪੁਰਸ਼ ਹਮੇਸ਼ਾ ਨਾਮ-ਜਪ ਦੁਆਰਾ ਪਰਮਾਤਮਾ ਨਾਲ ਲਿਵਲੀਨ ਰਹਿੰਦੇ ਹਨ ਅਤੇ ਆਪਣੇ ਮਨ ਅੰਦਰ ਇੱਕ ਪਰਮਾਤਮਾ ਨੂੰ ਜਪਦੇ ਰਹਿੰਦੇ ਹਨ, ਧਰਮਰਾਜਾ ਅਜਿਹੇ ਨਾਮੀਆਂ ਦੀ ਖੁਦ ਆਪ ਸੇਵਾ ਕਰਦਾ, ਪੁਕਾਰਦਾ ਹੈ ਕਿ ਹੇ ਪ੍ਰਮੇਸ਼ਰ! ਤੂੰ ਧੰਨ ਹੈ, ਜਿਸ ਨੇ ਆਪਣੇ ਨਾਮ ਦੁਆਰਾ ਇਨ੍ਹਾਂ ਗੁਰੂ ਪਿਆਰਿਆਂ ਦੀ ਆਤਮਾ ਨੂੰ ਸਵਾਰ ਦਿੱਤਾ ਹੈ। ਸਾਹਿਬਾਂ ਦਾ ਸਿਰੀ ਰਾਗ ਅੰਦਰ ਫੁਰਮਾਨ ਹੈ :

**ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥**

**ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥**

**ਅਧਿਆਤਮੀ ਹਰਿ ਗੁਣ ਤਾਸੁ ਮਨਿ ਜਪਹਿ ਏਕੁ ਮੁਰਾਰਿ ॥**

**ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥੨॥**

ਮ: ੩, ਪੰਨਾ ੩੮

ਸਤਿਗੁਰੂ ਅਮਰਦਾਸ ਜੀ ਦਾ ਮਾਰੂ ਵਾਰ ਅੰਦਰ ਫੁਰਮਾਨ ਹੈ ਕਿ ਜਿਸ ਵੇਲੇ ਕਿਸੇ ਪ੍ਰਾਣੀ ਉੱਪਰ ਪਰਮਾਤਮਾ ਦੀ ਮਿਹਰ ਹੁੰਦੀ ਹੈ, ਉਹ ਪ੍ਰਾਣੀ ਗੁਰੂ ਦੀ ਸ਼ਰਣ ਵਿੱਚ ਆ ਜਾਂਦਾ ਹੈ। ਗੁਰੂ ਮਿਹਰ ਕਰਕੇ, ਜਗਿਆਸੂ ਨੂੰ ਪ੍ਰਭੂ ਨਾਮ ਦੀ ਬਖਸ਼ਿਸ਼ ਕਰਕੇ ਪਰਮਾਤਮਾ ਨਾਲ ਜੋੜ ਦਿੰਦਾ ਹੈ। ਜਿਹੜਾ ਨਾਮ-ਜਪ ਦੁਆਰਾ ਪਰਮਾਤਮਾ ਨਾਲ ਜੁੜ ਜਾਂਦਾ ਹੈ, ਧਰਮਰਾਜਾ ਉਸ ਨਾਲ ਮਿੱਤਰਾਂ ਵਾਲਾ ਵਿਉਹਾਰ ਕਰਦਾ ਹੈ। ਜਮਾਂ ਦਾ ਰਸਤਾ ਉਸ ਤੋਂ ਦੂਰ ਹੀ ਰਹਿ ਜਾਂਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਜਿਸ ਨੋ ਕ੍ਰਿਪਾ ਕਰੇ ਤਿਸੁ ਗੁਰੁ ਮਿਲੈ ਸੋ ਹਰਿ ਗੁਣ ਗਾਵੈ ॥**

**ਧਰਮ ਰਾਇ ਤਿਨ ਕਾ ਮਿਤੁ ਹੈ ਜਮ ਮਗਿ ਨ ਪਾਵੈ ॥**

ਮ: ੩, ਪੰਨਾ ੧੦੯੧

## *ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥*

**ਅੱਖਰੀ-ਅਰਥ** : ਪਰਮਾਤਮਾ ਦਾ ਨਾਮ ਜੋ ਅਮੋਲਕ ਮਾਣਕ-ਮੋਤੀ ਹੈ। ਸਾਧਕ ਦੇ ਹਿਰਦੇ ਵਿੱਚੋਂ ਉਸ ਅਮੋਲਕ ਨਾਮ ਨੂੰ ਕੋਈ ਚੁਰਾ ਕੇ ਨਹੀਂ ਲਿਜਾ ਸਕਦਾ।

**ਸੰਖੇਪ-ਵਿਚਾਰ** : ਨਾਮ ਦੀ ਅਮੋਲਕਤਾ ਪ੍ਰਤੀ ਭਗਤ ਕਬੀਰ ਜੀ ਦਾ ਗਉੜੀ ਰਾਗ ਅੰਦਰ ਫ਼ੁਰਮਾਨ ਹੈ ਕਿ ਪ੍ਰਭੂ ਨਾਮ ਇੰਨਾ ਕੀਮਤੀ ਹੈ ਕਿ ਕੋਈ ਮਨੁੱਖ ਸੰਸਾਰ ਦਾ ਸੋਨਾ, ਚਾਂਦੀ, ਹੀਰੇ-ਜਵਾਹਰਾਤ, ਸੰਸਾਰ ਦੀ ਸੰਪਦਾ ਦੇ ਬਦਲੇ ਵਿੱਚ ਪ੍ਰਭੂ ਨਾਮ ਪ੍ਰਾਪਤ ਕਰਨਾ ਚਾਹੇ, ਉਸ ਨੂੰ ਸਫ਼ਲਤਾ ਨਹੀਂ ਮਿਲੇਗੀ। ਪਰਮਾਤਮਾ ਦਾ ਨਾਮ ਸਤਿਗੁਰੂ ਨੂੰ ਮਨ ਦੀ ਭੇਟਾ ਦੇ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਆਪ ਦਾ ਪਿਆਰਾ ਫ਼ੁਰਮਾਨ ਹੈ :

**ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥**

ਕਬੀਰ ਜੀ, ਪੰਨਾ ੩੨੭

ਸੂਹੀ ਰਾਗ ਅੰਦਰ ਸਤਿਗੁਰੂ ਰਾਮਦਾਸ ਜੀ, ਹਰਿ ਨਾਮ ਦੀ ਮਹਾਨਤਾ ਦਰਸਾਉਂਦੇ ਫ਼ੁਰਮਾਨ ਕਰਦੇ ਹਨ ਕਿ ਪਰਮਾਤਮਾ ਦਾ ਨਾਮ-ਧਨ ਸਦਾ ਕਾਇਮ ਰਹਿਣ ਵਾਲਾ ਹੈ। ਜਿਸ ਦੇ ਹਿਰਦੇ ਵਿੱਚ ਨਾਮ-ਧਨ ਵੱਸ ਜਾਂਦਾ ਹੈ ਉਹ ਨਿਰਭਉ ਹੋ ਜਾਂਦਾ ਹੈ। ਹਰੀ ਨਾਮ ਧਨ ਨੂੰ ਨਾ ਅੱਗ, ਨਾ ਪਾਣੀ ਨਸ਼ਟ ਕਰ ਸਕਦਾ ਹੈ ਅਤੇ ਨਾ ਹੀ ਕੋਈ ਚੋਰ ਉਚੱਕਾ ਇਸ ਨੂੰ ਚੁਰਾ ਸਕਦਾ ਹੈ। ਜਮਦੂਤ ਵੀ ਨਾਮ-ਧਨ ਨੂੰ ਮਸੂਲ ਦੇ ਤੌਰ ਤੇ ਖੋਹ ਨਹੀਂ ਸਕਦੇ। ਸਾਹਿਬਾਂ ਦਾ ਬਚਨ ਹੈ :

**ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ**
**ਇਹੁ ਹਰਿ ਧਨੁ ਅਗਨੀ ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨ ਜਾਈ ॥**
**ਹਰਿ ਧਨ ਕਉ ਉਚਕਾ ਨੇੜਿ ਨ ਆਵਈ**
**ਜਮੁ ਜਾਗਾਤੀ ਡੰਡੁ ਨ ਲਗਾਈ ॥੪॥**

ਮ: ੪, ਪੰਨਾ ੭੩੪

**ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ ॥**
**ਇਸੁ ਧਨ ਕਉ ਤਸਕਰੁ[1] ਜੋਹਿ ਨ ਸਕਈ ਨਾ ਓਚਕਾ[2] ਲੈ ਜਾਇ ॥**

੧. ਚੋਰ। ੨. ਠੱਗ



**ਇਹੁ ਹਰਿ ਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥**

ਮ:੩, ਪੰਨਾ ੫੧੧

ਸਤਿਗੁਰੂ ਨਾਨਕ ਦੇਵ ਜੀ ਦਾ ਮਾਰੂ ਰਾਗ ਅੰਦਰ ਫ਼ੁਰਮਾਨ ਹੈ ਕਿ ਨਾਮ ਦਾ ਧਨ ਨਾ ਅੱਗ ਵਿੱਚ ਸੜਦਾ ਹੈ, ਨਾ ਹੀ ਨਾਮ ਧਨ ਨੂੰ ਪਾਣੀ ਵਿੱਚ ਡੋਬ ਕੇ ਜਾਇਆ ਕੀਤਾ ਜਾ ਸਕਦਾ ਹੈ। ਨਾਮ ਦੇ ਧਨ ਨੂੰ ਚੋਰ-ਉਚੱਕਾ ਵੀ ਚੁਰਾ ਨਹੀਂ ਸਕਦਾ। ਨਾਮ-ਧਨ ਨੂੰ ਕਿਸੇ ਕਿਸਮ ਦਾ ਦੰਡ ਵੀ ਨਹੀਂ ਲੱਗਦਾ। ਜਿਸ ਦੇ ਪਾਸ ਨਾਮ-ਧਨ ਹੁੰਦਾ ਹੈ, ਉਹ ਹਮੇਸ਼ਾਂ ਅਡੋਲ ਅਵਸਥਾ ਵਿੱਚ ਟਿਕੇ ਰਹਿੰਦੇ ਹਨ। ਦਿਨ ਰਾਤ ਉਹ ਨਾਮ ਦੀ ਮਸਤੀ ਤੇ ਸਰੂਰ ਵਿੱਚ ਬਤੀਤ ਕਰਦੇ ਹਨ। ਆਪ ਦਾ ਬਚਨ ਪੜ੍ਹੀਏ ਨਾਮ ਧਨ ਦੀ ਵਡਿਆਈ ਸਮਝ ਵਿੱਚ ਜ਼ਰੂਰ ਆਵੇਗੀ :

**ਨ ਇਹੁ ਧਨੁ ਜਲੈ ਨ ਤਸਕਰੁ ਲੈ ਜਾਇ ॥**
**ਨ ਇਹੁ ਧਨੁ ਡੂਬੈ ਨ ਇਸੁ ਧਨ ਕਉ ਮਿਲੈ ਸਜਾਇ ॥੨॥**
**ਇਸੁ ਧਨ ਕੀ ਦੇਖਹੁ ਵਡਿਆਈ ॥ ਸਹਜੇ ਮਾਤੇ ਅਨਦਿਨੁ ਜਾਈ ॥੩॥**

ਮ: ੧, ਪੰਨਾ ੯੯੧

## *ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥*

**ਅੱਖਰੀ-ਅਰਥ** : ਜਿੰਨੇ ਵੀ ਮਨ ਨੂੰ ਪ੍ਰਭਾਵਿਤ ਅਤੇ ਅਨੰਦਿਤ ਕਰਨ ਵਾਲੇ ਚੋਜ-ਤਮਾਸ਼ੇ ਸੰਸਾਰ ਵਿੱਚ ਵਰਤ ਰਹੇ ਹਨ, ਇਹ ਸਾਰੇ ਪਰਮਾਤਮਾ ਦੇ ਰਚੇ ਹੋਏ ਹਨ। ਪਰਮਾਤਮਾ ਦੀ ਹੋਂਦ ਕਾਰਨ ਹੀ ਇਹ ਅਨੰਦ ਪ੍ਰਦਾਨ ਕਰਦੇ ਹਨ।

**ਸੰਖੇਪ-ਵਿਚਾਰ** : ਪਰਮਾਤਮਾ ਆਪ ਅਨੰਦ ਸਰੂਪ ਹੈ, ਜੋ ਵੀ ਮਨ ਨੂੰ ਪ੍ਰਭਾਵਤ ਕਰਨ ਵਾਲੀ ਸੁੰਦਰਤਾ ਹੈ, ਉਹ ਸਾਰੀ ਪਰਮਾਤਮਾ ਦੀ ਹੋਂਦ ਕਾਰਣ ਹੀ ਹੈ। ਬਨਾਸਪਤੀ ਵੱਲ ਹੀ ਆਪਾਂ ਵੇਖ ਲਈਏ, ਬਸੰਤ ਦੀ ਰੁੱਤ ਵਿੱਚ ਹਰਿਆਵਲ ਹੀ ਹਰਿਆਵਲ ਤੇ ਫੁੱਲਾਂ ਦੀ ਸੁੰਦਰਤਾ ਮਨ ਤੇ ਆਪਨਾ ਅਕਹਿ ਅਸਰ ਛੱਡਦੀ ਹੈ। ਜਿਸ ਵੇਲੇ ਪੱਤੇ ਝੜ ਜਾਂਦੇ ਹਨ, ਫੁੱਲ ਕੁਮਲਾ ਜਾਂਦੇ ਹਨ, ਉਹੋ ਦਰਖ਼ਤ ਉਹੋ ਬਨਾਸਪਤੀ ਮਨ ਉੱਪਰ ਅਨੰਦਿਤ ਅਸਰ ਨਹੀਂ ਪਾਉਂਦੀ। ਪੰਛੀ ਚਹਿਚਹਾਉਂਦੇ, ਪਸ਼ੂ ਅਨੇਕ ਤਰ੍ਹਾਂ ਦੀਆਂ ਅਵਾਜ਼ਾਂ ਕੱਢਦੇ, ਮਨ ਨੂੰ ਕਿੰਨਾ ਪ੍ਰਭਾਵਿਤ ਕਰਦੇ ਹਨ। ਪਸ਼ੂਆਂ ਪੰਛੀਆਂ ਵਿੱਚੋਂ ਪ੍ਰਭੂ ਦੀ ਸਤਾ ਵੱਖ ਹੋ ਜਾਵੇ, ਉਹ ਹੀ ਪਸ਼ੂ, ਉਹ ਪੰਛੀ ਕੋਈ ਅਵਾਜ਼ ਨਹੀਂ ਕੱਢਦਾ। ਉਸ ਦਾ ਚਹਿਚਹਾਉਣਾ ਖ਼ਤਮ ਹੋ ਜਾਂਦਾ ਹੈ। ਉਹ ਮਨ ਨੂੰ ਚੰਗਾ ਨਹੀਂ ਲੱਗਦਾ ਸਗੋਂ ਉਸ ਨੂੰ ਮਰਿਆ ਜਾਣ ਕੇ ਮਨੁੱਖ ਉਸ ਤੋਂ ਨਫ਼ਰਤ ਕਰਦਾ ਹੈ। ਮਨੁੱਖ ਦੀ ਸੁੰਦਰਤਾ ਦੀ ਆਪਨੀ ਕਹਾਣੀ ਹੈ। ਪ੍ਰਭੂ-ਸਤਾ ਨਿਕਲਦੇ ਹੀ ਭਗਤ

ਰਵਿਦਾਸ ਜੀ ਦਾ ਫੁਰਮਾਨ ਸਾਕਾਰ ਹੋ ਜਾਂਦਾ ਹੈ :

**ਭਾਈ ਬੰਧ ਕੁਟੰਬ ਸਹੇਰਾ ॥ ਓਇ ਭੀ ਲਾਗੇ ਕਾਢੁ ਸਵੇਰਾ ॥੨॥**

**ਘਰ ਕੀ ਨਾਰਿ ਉਰਹਿ ਤਨ ਲਾਗੀ ॥ ਉਹ ਤਉ ਭੂਤੁ ਭੂਤੁ ਕਰਿ ਭਾਗੀ ॥੩॥**

ਰਵਿਦਾਸ ਜੀ, ਪੰਨਾ ੭੯੪

ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਅਜਿਹੀ ਸੱਚਾਈ ਹੀ ਸੋਰਠਿ ਰਾਗ ਅੰਦਰ ਅੰਕਿਤ ਕੀਤੀ ਹੈ। ਘਰ ਦੀ ਇਸਤ੍ਰੀ ਜਿਸ ਦਾ ਆਪਣੇ ਪਤੀ ਨਾਲ ਅਤਿ ਨੇੜੇ ਦਾ ਸਨੇਹ ਸੀ। ਜਿਸ ਵੇਲੇ ਪਰਮਾਤਮਾ ਦੀ ਜੋਤ, ਪਤੀ ਦੇ ਸਰੀਰ ਵਿੱਚੋਂ ਨਿਕਲ ਗਈ। ਆਪਣੇ ਪਤੀ ਨੂੰ ਅਤੀ ਪਿਆਰ ਕਰਨ ਵਾਲੀ ਇਸਤ੍ਰੀ ਵੀ, ਭੂਤ-ਭੂਤ ਕਹਿ ਕੇ ਦੂਰ ਹੋ ਗਈ। ਇਹ ਸਨੇਹ, ਇਹ ਸੁੰਦਰ ਰਿਸ਼ਤਾ, ਉਨ੍ਹਾਂ ਚਿਰ ਹੀ ਸੁਹਾਵਣਾ ਤੇ ਪਿਆਰ ਵਾਲਾ ਬਣਿਆ ਰਿਹਾ, ਜਿੰਨਾ ਚਿਰ ਸਰੀਰ ਅੰਦਰ ਪਰਮਾਤਮਾ ਦੀ ਜੋਤ ਸੀ। ਸਰੀਰ ਵਿੱਚੋਂ ਜੋਤ ਨਿਕਲਣ ਸਾਰ ਹੀ ਸਰੀਰ ਵੀ ਡਰਾਵਣਾ, ਸੁੰਦਰਤਾ ਵੀ ਖ਼ਤਮ ਤੇ ਰਿਸ਼ਤਾ ਵੀ ਟੁੱਟ ਗਿਆ। ਸੰਸਾਰ ਦੀ ਸਾਰੀ ਖੇਡ **ਨਰਾਇਣ** ਕਰਕੇ ਹੀ ਸ਼ੋਭਨੀਕ ਹੈ। ਸਾਹਿਬਾਂ ਦਾ ਫੁਰਮਾਨ ਹੈ।

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ ॥**

**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ ॥**

ਮ: ੯, ਪੰਨਾ ੬੩੪

## *ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥*

**ਅੱਖਰੀ-ਅਰਥ :** ਜੋ ਪਰਮਾਤਮਾ ਕਰਨਾ ਚਾਹੁੰਦਾ ਹੈ, ਉਹ ਕੁਝ ਹੀ ਸੰਸਾਰ ਵਿੱਚ ਹੁੰਦਾ ਹੈ। ਪਰਮਾਤਮਾ ਦੀ ਮਰਜ਼ੀ ਅਨੁਸਾਰ ਹੀ ਜੀਵ ਸੰਸਾਰ ਵਿੱਚ ਕਾਰ ਕਰਦੇ ਹਨ। ਪਰਮਾਤਮਾ ਦੇ ਹੁਕਮ ਤੋਂ ਬਿਨਾਂ ਹੋਰ ਕਿਸੇ ਦਾ ਹੁਕਮ ਨਹੀਂ ਚੱਲਦਾ।

**ਸੰਖੇਪ-ਵਿਚਾਰ :** ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਅਟੱਲ-ਸੱਚਾਈ ਨੂੰ ਦਰਸਾਉਂਦਾ ਫੁਰਮਾਨ ਜਪੁਜੀ ਸਾਹਿਬ ਦੀ ਬਾਣੀ ਅੰਦਰ ਅੰਕਿਤ ਹੈ, ਕਿ ਸਾਰੀ ਕਾਇਨਾਤ, ਹੁਕਮੀ (ਵਾਹਿਗੁਰੂ) ਦੇ ਹੁਕਮ ਵਿੱਚ ਕਾਰ ਕਰ ਰਹੀ ਹੈ। ਪਰਮਾਤਮਾ ਦੇ ਹੁਕਮ ਤੋਂ ਬਿਨਾਂ ਕੁਝ ਵੀ ਸੰਸਾਰ ਵਿੱਚ ਨਹੀਂ ਹੁੰਦਾ ਅਤੇ ਨਾ ਹੀ ਹੋ ਸਕਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥** ਜਪੁਜੀ ਪੰਨਾ ੧

ਗੁਰਬਾਣੀ ਦਾ ਫੁਰਮਾਨ ਹੈ, ਕਿ ਜੇ ਕੋਈ ਮਨੁੱਖ ਆਪਣੀ ਮਰਜ਼ੀ ਨਾਲ ਪੱਛਮ



ਵਾਲੇ ਪਾਸੇ ਜਾਣ ਦੀ ਸਲਾਹ ਕਰਦਾ ਹੈ, ਪਰ ਪਰਮਾਤਮਾ ਉਸ ਨੂੰ ਉਲਟ ਦਿਸ਼ਾ ਪੂਰਬ ਪਾਸੇ ਲਿਜਾਣਾ ਚਾਹੁੰਦਾ ਹੈ ਤਾਂ ਉਹ ਆਪਣੀ ਮਰਜ਼ੀ ਨਾਲ ਪੱਛਮ ਵਾਲੇ ਪਾਸੇ ਨਹੀਂ ਜਾ ਸਕਦਾ। ਪਰਮਾਤਮਾ ਉਸ ਨੂੰ ਪੂਰਬ ਵਾਲੇ ਪਾਸੇ ਅਵੱਸ਼ ਲਿਜਾਏਗਾ ਕਿਉਂਕਿ ਸਭ ਕੁੱਝ ਪਰਮਾਤਮਾ ਦੇ ਹੱਥ-ਵੱਸ ਹੀ ਹੈ। ਪਰਮਾਤਮਾ ਚਾਹੇ ਇੱਕ ਖਿਨ ਵਿੱਚ ਬਸਤੀਆਂ ਨੂੰ ਢਾਹ ਸਕਦਾ ਹੈ ਅਤੇ ਇੱਕ ਖਿਨ ਵਿੱਚ ਉਸਾਰ ਸਕਦਾ ਹੈ। ਮਨੁੱਖ ਦੀ ਆਪਣੀ ਸਿਆਣਪ ਕਿਸੇ ਵੀ ਕੰਮ ਨਹੀਂ ਆਉਂਦੀ। ਜੋ ਮੇਰੇ ਮਾਲਕ ਵਾਹਿਗੁਰੂ ਨੇ ਕਾਰ ਕਰਵਾਉਣੀ ਠਾਣੀ ਹੋਈ ਹੈ, ਉਹ ਕੁਝ ਹੀ ਹੁੰਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਗੂਜਰੀ ਰਾਗ ਅੰਦਰ ਫੁਰਮਾਨ ਹੈ :

**ਮਤਾ ਕਰੈ ਪਛਮ ਕੈ ਤਾਈ ਪੂਰਬ ਹੀ ਲੈ ਜਾਤ ॥**

**ਖਿਨ ਮਹਿ ਥਾਪਿ ਉਥਾਪਨਹਾਰਾ ਆਪਨ ਹਾਥਿ ਮਤਾਤ ॥੧॥**

**ਸਿਆਨਪ ਕਾਹੂ ਕਾਮਿ ਨ ਆਤ ॥**

**ਜੋ ਅਨਰੂਪਿਓ ਠਾਕੁਰਿ ਮੇਰੈ ਹੋਇ ਰਹੀ ਉਹ ਬਾਤ ॥** ਮ: ੫, ਪੰਨਾ ੪੯੬

ਇਸ ਕਾਇਨਾਤ ਅੰਦਰ ਤਾਂ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦਾ ਫੁਰਮਾਨ ਹੀ ਸਾਕਾਰ ਹੁੰਦਾ ਹੈ, ਆਪ ਦਾ ਫੁਰਮਾਨ ਹੈ :

**ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ ॥** ਮ: ੫, ਪੰਨਾ ੮੧੪

ਅਤੇ **ਜਿਉ ਆਪਿ ਚਲਾਏ ਤਿਉ ਚਲੀਐ ਪਿਆਰੇ ਜਿਉ ਹਰਿ ਪ੍ਰਭ ਮੇਰੇ ਭਾਇਆ ॥**

**ਆਪੇ ਜੰਤੀ ਜੰਤੁ ਹੈ ਪਿਆਰਾ ਜਨ ਨਾਨਕ ਵਜਹਿ ਵਜਾਇਆ ॥**

ਮ: ੪, ਪੰਨਾ ੬੦੬

"**ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ**" ਦੀ ਖੇਡ ਦਾ ਵਿਸਥਾਰ ਸਤਿਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਅੰਦਰ ਕੀਤਾ ਹੈ ਕਿ ਸੰਸਾਰੀ ਜੀਵਾਂ ਦੇ ਹੱਥ-ਵਸ ਕੁੱਝ ਵੀ ਨਹੀਂ ਹੈ। ਜਿਵੇਂ ਕਾਠ ਦੀਆਂ ਪੁਤਲੀਆਂ ਆਪਣੇ ਆਪ ਵਿੱਚ ਕੁਝ ਵੀ ਨਹੀਂ ਕਰ ਸਕਦੀਆਂ। ਜਿਵੇਂ ਪਰਦੇ ਪਿੱਛੇ ਪੁਤਲੀਆਂ ਨੂੰ ਖਿਡਾਉਣ ਵਾਲਾ (ਬਾਜੀਗਰ) ਬੈਠਾ ਜਿਹੋ ਜਿਹਾ ਕਿਸੇ ਪੁਤਲੀ ਪਾਸੋਂ ਖੇਡ ਕਰਵਾਉਣਾ ਚਾਹੁੰਦਾ ਹੈ ਤਿਵੇਂ ਹੀ ਉਹ ਪੁਤਲੀ ਖੇਡ-ਤਮਾਸ਼ੇ ਦਾ ਪਾਰਟ ਅਦਾ ਕਰਦੀ ਹੈ। ਆਪਣੇ ਆਪ ਕਾਠ ਦੀ ਪੁਤਲੀ ਕੁਝ ਵੀ ਨਹੀਂ ਕਰ ਸਕਦੀ। ਸਾਹਿਬਾਂ ਦਾ ਫੁਰਮਾਨ ਹੈ :

**ਕਾਠ ਕੀ ਪੁਤਰੀ ਕਹਾ ਕਰੈ ਬਪੁਰੀ ਖਿਲਾਵਨਹਾਰੋ ਜਾਨੈ ॥**

**ਜੈਸਾ ਭੇਖੁ ਕਰਾਵੈ ਬਾਜੀਗਰੁ ਓਹੁ ਤੈਸੋ ਹੀ ਸਾਜੁ ਆਨੈ ॥** ਮ: ੫, ਪੰਨਾ ੨੦੬

ਸੰਸਾਰ ਵਿੱਚ ਤਾਂ ਕਰਣਹਾਰ-ਕਰਤਾਰ ਦੇ ਹੱਥ ਵਿੱਚ ਹੀ ਸਾਰੇ ਜੀਵਾਂ ਦੀ ਡੋਰ ਹੈ। ਜੋ ਕਰਣਹਾਰ ਜੀਵਾਂ ਪਾਸੋਂ ਕਰਵਾਉਣਾ ਚਾਹੁੰਦਾ ਹੈ, ਉਹ ਕੁੱਝ ਹੀ ਜੀਵ ਕਰਦੇ ਹਨ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਅਟੱਲ ਬਚਨ ਹੀ ਸਭ ਪਾਸੇ ਸਾਕਾਰ ਹੁੰਦਾ ਹੈ ਕਿ:

**ਜੀਅ ਜੰਤ ਤੇਰੇ ਧਾਰੇ ॥ ਪ੍ਰਭ ਡੋਰੀ ਹਾਥਿ ਤੁਮਾਰੇ ॥**

**ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ॥**

ਮ: ੫, ਪੰਨਾ ੬੨੬

## *ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥*

**ਅੱਖਰੀ-ਅਰਥ** : ਜਿਹੜੇ ਜਗਿਆਸੂ ਪਰਮਾਤਮਾ ਨੂੰ ਆਤਮ-ਸਮਰਪਣ ਕਰਕੇ ਉਸ ਦੇ ਬਣ ਗਏ, ਪਰਮਾਤਮਾ ਨੇ ਉਨ੍ਹਾਂ ਨੂੰ ਆਪਣਾ ਬਣਾ ਲਿਆ। ਪਰਮਾਤਮਾ ਦੇ ਉਹ ਭਗਤ, ਲੋਕ-ਪ੍ਰਲੋਕ ਵਿੱਚ ਧੰਨਤਾ ਦੇ ਯੋਗ ਕਹੇ ਜਾਂਦੇ ਹਨ।

**ਸੰਖੇਪ-ਵਿਚਾਰ** : ਗੁਰਬਾਣੀ ਸਿਧਾਂਤ ਅਨੁਸਾਰ ਪਰਮਾਤਮਾ ਤਾਂ ਸਾਨੂੰ ਆਪਣੇ ਬਣਾਉਣਾ ਲੋਚਦਾ ਹੈ ਪਰ ਅਸੀਂ ਹੀ ਪਰਮਾਤਮਾ ਦੇ ਨਹੀਂ ਬਣਦੇ। ਪਰਮਾਤਮਾ ਦੇ ਬਣਨ ਵਾਸਤੇ ਮਨੁੱਖ ਨੂੰ ਆਪਾਂ ਸਵਾਰਨਾ ਪੈਂਦਾ ਹੈ। ਅਸੀਂ ਆਪਾ ਸਵਾਰਨ ਲਈ ਤਿਆਰ ਨਹੀਂ ਹੁੰਦੇ। ਜੇ ਕਿਤੇ ਗੁਰੂ ਅਗਵਾਈ ਅੰਦਰ ਚੱਲ ਕੇ ਕੋਈ ਮਨੁੱਖ ਆਪਣੀ ਆਤਮਾ ਨੂੰ ਸਵਾਰ ਲਵੇ, ਬਾਬਾ ਫਰੀਦ ਜੀ ਗਰੰਟੀ ਦਿੰਦੇ ਹਨ ਕਿ ਉਸ ਨੂੰ ਪਰਮਾਤਮਾ ਆਪਣੀ ਗਲਵਕੜੀ ਵਿੱਚ ਅਵੱਸ਼ ਲੈ ਲਵੇਗਾ। ਪ੍ਰਭੂ ਗਲਵਕੜੀ ਦਾ ਨਿੱਘ ਮਾਣਦਾ ਮਨੁੱਖ ਪਰਮਾਤਮਾ ਦੇ ਵਿੱਚ ਹੀ ਅਭੇਦ ਹੋ ਜਾਂਦਾ ਹੈ। ਅਜਿਹੇ ਅਭੇਦਤਾ ਪ੍ਰਾਪਤ ਜਗਿਆਸੂ ਦੀ ਦ੍ਰਿਸ਼ਟੀ ਵਿੱਚੋਂ ਦੂਈ-ਦ੍ਵੈਤ ਖ਼ਤਮ ਹੋ ਜਾਂਦੀ ਹੈ। ਉਸ ਲਈ ਸਾਰਾ ਸੰਸਾਰ ਹੀ ਆਪਣਾ ਪਰਿਵਾਰ ਬਣ ਜਾਂਦਾ ਹੈ। ਬਾਬਾ ਜੀ ਦਾ ਬਹੁਤ ਪਿਆਰਾ ਬਚਨ ਹੈ:

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥**

**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫ ॥**

ਫਰੀਦ ਜੀ, ਪੰਨਾ ੧੩੮੨

ਜੀਵ-ਆਤਮਾ ਨੇ ਮਾਇਆ-ਮੋਹ ਦੇ ਪ੍ਰਭਾਵ ਅਧੀਨ ਪਰਮਾਤਮਾ ਨੂੰ ਆਪਣਾ ਬਨਾਉਣ ਦੀ ਥਾਂ ਧੀਆਂ-ਪੁੱਤਰਾਂ, ਸੋਨੇ-ਚਾਂਦੀ (ਮਾਇਆ) ਨੂੰ ਆਪਣਾ ਬਣਾ ਕੇ



ਉਸ ਨਾਲ ਮੋਹ-ਪਿਆਰ ਪਾ ਲਿਆ। ਵਿਸ਼ੇ ਵਿਕਾਰਾਂ ਨੂੰ ਮਿੱਠੇ ਜਾਣ ਕੇ ਉਨ੍ਹਾਂ ਵਿੱਚ ਲੁਭਾਇਮਾਨ ਹੋ ਗਿਆ। ਇੰਝ ਕਹਿ ਲਵੋ, ਦਾਤਾਰ ਵੱਲੋਂ ਦਿੱਤੀਆਂ ਸਾਰੀਆਂ ਦਾਤਾਂ ਨੂੰ ਆਪਣੀਆਂ ਬਣਾ ਲਿਆ। ਦੇਣ ਵਾਲਾ ਦਾਤਾਰ ਇਸ ਨੇ ਓਪਰਾ (ਪਰਾਇਆ) ਜਾਣ ਕੇ ਉਸ ਵੱਲ ਪਿੱਠ ਕਰ ਲਈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਪ੍ਰਭਾਤੀ ਰਾਗ ਅੰਦਰ ਇਸ ਅਸਲੀਅਤ ਨੂੰ ਦਰਸਾਉਂਦਾ ਬਚਨ ਹੈ :

**ਮਾਇਆ ਮੋਹਿ ਸਗਲ ਜਗੁ ਛਾਇਆ ॥ ਕਾਮਣਿ ਦੇਖਿ ਕਾਮਿ ਲੋਭਾਇਆ ॥**

**ਸੁਤ ਕੰਚਨ ਸਿਉ ਹੇਤੁ ਵਧਾਇਆ ॥ ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ॥੧ ॥**

ਮ: ੧, ਪੰਨਾ ੧੩੪੨

ਜੋ ਗੁਰੂ-ਪਿਆਰੇ, ਦਾਤਾਰ ਨੂੰ, ਸਤਿਗੁਰੂ ਨੂੰ ਆਪਣਾ ਜਾਣ ਕੇ ਗੁਰੂ ਦੀ ਚਰਨੀ ਪੈ ਜਾਂਦੇ ਹਨ ਉਹ ਧੰਨ ਹਨ, ਉਹ ਧੰਨ ਹਨ। ਧੰਨ ਹਨ ਉਹ ਗੁਰ ਸਿੱਖ, ਜੋ ਆਪਣੇ ਮੁਖਾਰਬਿੰਦ ਦੁਆਰਾ ਹਰ ਸਮੇਂ ਪਰਮਾਤਮਾ ਦਾ ਨਾਮ ਉਚਾਰਨ ਕਰਦੇ ਰਹਿੰਦੇ ਹਨ। ਧੰਨ ਹਨ ਅਜਿਹੇ ਗੁਰਸਿੱਖ, ਜਿਨ੍ਹਾਂ ਦੇ ਅੰਦਰ ਪਰਮਾਤਮਾ ਦਾ ਨਾਮ ਸ੍ਰਵਣ ਕਰਨ ਨਾਲ ਆਤਮਿਕ ਅਨੰਦ ਦੀ ਅਵਸਥਾ ਬਣ ਜਾਂਦੀ ਹੈ। ਧੰਨ ਹਨ ਉਹ ਗੁਰਸਿਖ ਜਿਨ੍ਹਾਂ ਨੇ ਸਤਿਗੁਰੂ ਦੀ ਨਿਸ਼ਕਾਮ ਸੇਵਾ ਕਰਕੇ ਸਤਿਗੁਰੂ ਪਾਸੋਂ ਅਮੋਲਕ ਨਾਮ ਦੀ ਦਾਤ ਪ੍ਰਾਪਤ ਕਰ ਲਈ ਹੈ। ਆਖ਼ਰੀ ਪੰਕਤੀ ਅੰਦਰ ਸਤਿਗੁਰੂ ਅਜਿਹੇ ਆਗਿਆਕਾਰੀ, ਹੁਕਮ-ਰਜਾਈ ਚੱਲਣ ਵਾਲੇ ਆਪਾ ਸਵਾਰੀ ਗੁਰਮੁਖ ਨੂੰ ਸਦਾ-ਸਦਾ ਪ੍ਰਣਾਮ ਕਰਦੇ, ਮਹਾਨਤਾ ਤੇ ਵਡਿਆਈ ਦੇ ਕੇ ਸਨਮਾਨਿਤ ਕਰਦੇ ਹੋਏ ਫੁਰਮਾਨ ਕਰਦੇ ਹਨ ਕਿ ਜੋ ਆਪਾ ਭਾਵ ਮਾਰ ਕੇ ਗੁਰੂ ਦੇ ਭਾਣੇ, ਗੁਰੂ ਦੇ ਹੁਕਮ ਵਿੱਚ ਚੱਲਦਾ ਹੈ, ਸਾਡੀ ਸਦਾ-ਸਦਾ ਉਸ ਨੂੰ ਨਮਸਕਾਰ ਹੈ, ਨਮਸਕਾਰ ਹੈ। ਗੁਰਦੇਵ ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :

**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜੋ ਸਤਿਗੁਰ ਚਰਣੀ ਜਾਇ ਪਇਆ ॥**

**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ ॥**

**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ ॥**

**ਧੰਨੁ ਧੰਨੁ ਸੋ ਗੁਰਸਿਖੁ ਕਹੀਐ ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ ॥**

**ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ**

**ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ॥੧੮ ॥** ਪਉੜੀ, ਪੰਨਾ ੫੯੩

## *ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥*

**ਅੱਖਰੀ-ਅਰਥ :** ਜੇ ਪਰਮਾਤਮਾ ਜੀਵਾਂ ਦੇ ਆਪਣੇ ਬਲ ਨਾਲ ਜਾਂ ਸਿਆਣਪ ਨਾਲ ਪ੍ਰਾਪਤ ਹੋ ਸਕਦਾ ਹੋਵੇ ਤਾਂ ਜੀਵ ਆਪਣੇ ਮੂਲ ਪਰਮਾਤਮਾ ਨਾਲੋਂ ਵਿਛੁੜ ਕੇ ਦੁਖੀ ਹੋ ਕੇ ਵਰਲਾਪ ਕਿਉਂ ਕਰਨ।

**ਸੰਖੇਪ-ਵਿਚਾਰ :** ਗੁਰਬਾਣੀ ਸਿਧਾਂਤ ਅਨੁਸਾਰ, ਪ੍ਰਭੂ ਬਖਸ਼ਿਸ਼ ਸਭ ਤੋਂ ਸਿਰਮੌਰ ਹੈ। ਸੰਸਾਰ ਦੀ ਹਰ ਵਸਤੂ, ਧਨ-ਪਦਾਰਥ, ਮਾਣ-ਵਡਿਆਈ, ਆਤਮਿਕ ਉੱਚ ਪਦਵੀ, ਪ੍ਰਭੂ ਨਾਲ ਮਿਲਾਪ, ਸਭ ਪਰਮਾਤਮਾ ਦੀਆਂ ਦਾਤਾਂ (ਬਖਸ਼ਿਸ਼ਾਂ) ਹਨ। ਜਿਸ ਨੂੰ ਮਾਣ ਸਤਿਕਾਰ, ਬਖਸ਼ਿਸ਼ ਕਰਨਾ ਹੁੰਦਾ ਹੈ ਉਸ ਲਈ ਉਹੋ ਜਿਹਾ ਬਿਧ-ਬਹਾਨਾ, ਮਾਹੌਲ ਪ੍ਰਦਾਨ ਕਰਕੇ ਉਸ ਨੂੰ ਬਖਸ਼ਿਸ਼ਾਂ ਨਾਲ ਪ੍ਰਭੂ ਨਿਵਾਜਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥**

ਮ: ੩, ਪੰਨਾ ੬੦੪

ਦਾਤ ਪ੍ਰਾਪਤ ਕਰਨ ਲਈ ਮਨੁੱਖ ਦਾ ਨਾ ਜੋਰ ਚੱਲਦਾ ਹੈ, ਨਾ ਸਿਆਣਪ। ਸਭ ਕੁੱਝ ਦਾਤਾਰ ਨੇ ਆਪਣੇ ਹੱਥ-ਵਸ ਵਿੱਚ ਹੀ ਰੱਖਿਆ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ :

**[੧]ਆਖਣਿ ਜੋਰੁ ਚੁਪੈ ਨਹ ਜੋਰੁ ॥ [੨]ਜੋਰੁ ਨ ਮੰਗਣਿ ਦੇਣਿ ਨ ਜੋਰੁ ॥**
**[੩]ਜੋਰੁ ਨ ਜੀਵਣਿ ਮਰਣਿ ਨਹ ਜੋਰੁ ॥ [੪]ਜੋਰੁ ਨ ਰਾਜਿ ਮਾਲਿ ਮਨਿ ਸੋਰੁ ॥**
**[੫]ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ [੬]ਜੋਰੁ ਨ ਜੁਗਤੀ ਛੁਟੈ ਸੰਸਾਰੁ ॥**
**[੭]ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥**

ਜਪੁਜੀ, ਪੰਨਾ ੭

ਆਪਾਂ ਸੰਸਾਰ ਵਿੱਚ ਵੇਖਦੇ ਹਾਂ ਕਿ ਮਨੁੱਖ ਕੋਈ ਬੂਟਾ ਲਾਉਂਦਾ ਹੈ। ਬੂਟੇ ਦੀ

੧. ਜੀਵ ਦਾ ਨਾ ਬੋਲਣ ਵਿੱਚ ਆਪਣਾ ਵਸ ਚੱਲਦਾ ਹੈ ਅਤੇ ਨਾ ਹੀ ਚੁੱਪ ਰਹਿਣ ਵਿੱਚ।
੨. ਨਾ ਮੰਗਣ ਵਿੱਚ ਜੀਵ ਦਾ ਆਪਣਾ ਵਸ ਹੈ ਅਤੇ ਨਾ ਹੀ ਦੇਣ ਵਿੱਚ ਆਪਣਾ ਤਾਣ ਕੰਮ ਆਉਂਦਾ ਹੈ।
੩. ਨਾ ਜੀਉਣ ਵਿੱਚ ਆਪਣਾ ਵਸ ਹੈ ਅਤੇ ਨਾ ਹੀ ਮਰਨ ਵਿੱਚ ਆਪਣਾ ਵਸੀਕਾਰ ਹੈ।
੪. ਨਾ ਆਪਣੇ ਤਾਣ ਨਾਲ ਕੋਈ ਰਾਜ-ਭਾਗ ਪ੍ਰਾਪਤ ਕਰ ਸਕਦਾ ਹੈ ਅਤੇ ਨਾ ਹੀ ਦੌਲਤ।
੫. ਨਾ ਸੁਰਤੀ ਲਾਉਣ ਵਿੱਚ ਆਪਣਾ ਬਲ ਕੰਮ ਆਉਂਦਾ ਹੈ ਅਤੇ ਨਾ ਹੀ ਗਿਆਨ ਦੀ ਵਿਚਾਰ ਕਰਨੀ ਮਨੁੱਖ ਦੇ ਵਸ ਵਿੱਚ ਹੈ।
੬. ਸੰਸਾਰਿਕ ਬੰਧਨਾਂ ਵਿੱਚੋਂ ਵੀ ਮਨੁੱਖ ਆਪਣੇ ਬਲ ਨਾਲ ਛੁੱਟ ਨਹੀਂ ਸਕਦਾ।
੭. ਜਿਸ ਪਰਮਾਤਮਾ ਦੇ ਹੱਥ ਵਿੱਚ ਸਾਰਾ ਬਲ ਹੈ। ਉਹ ਆਪ ਹੀ ਸੰਸਾਰ ਨੂੰ ਸਾਜ ਕੇ ਵੇਖ ਰਿਹਾ ਹੈ।



ਹਿਫਾਜ਼ਤ ਕਰਨੀ, ਪਾਣੀ ਦੇਣਾ, ਗੋਡੀ ਕਰਨੀ, ਖਾਦ ਪਾਉਣੀ ਮਨੁੱਖ ਦੇ ਹੱਥ-ਵਸ ਹੈ, ਪਰ ਬੂਟੇ ਨੂੰ ਫੁੱਲ ਤੇ ਫਲ ਲਾਉਣੇ ਇਹ ਮਨੁੱਖ ਦੇ ਵਸ ਨਹੀਂ। ਇਹ ਮਾਲਕ ਦੇ ਹੱਥ-ਵਸ ਹੈ ਅਤੇ ਸਾਹਿਬ ਦੇ ਹੁਕਮ ਅੰਦਰ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਅੰਦਰ ਫੁਰਮਾਨ ਹੈ :

**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**

**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥**

**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥**

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥** ਜਪੁਜੀ, ਪੰਨਾ ੧

ਜੇ ਆਪਣੇ ਜੋਰ ਨਾਲ, ਸਿਆਣਪ ਨਾਲ ਦਾਤਾਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹੋਣ ਜਾਂ ਆਪਣੇ ਵਸ ਵਿੱਚ ਹੋਣ ਤਾਂ ਸਭ ਕੋਈ ਆਪਣੇ ਜੋਰ ਨਾਲ, ਸਿਆਣਪ ਨਾਲ ਭਾਗਸ਼ੀਲ ਬਣ ਜਾਵੇ, ਪਰ ਐਸਾ ਨਹੀਂ ਹੈ। ਸਤਿਗੁਰਾਂ ਦਾ ਬਚਨ ਹੈ :

**ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ ॥** ਮ: ੧, ਪੰਨਾ ੧੫੬

ਦਾਤਾਂ ਸ਼ੁਭ ਕਰਣੀ ਅਤੇ ਪ੍ਰਭੂ ਮਿਹਰ ਦੁਆਰਾ ਹੀ ਪ੍ਰਾਪਤ ਹੁੰਦੀਆਂ ਹਨ –

**ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥** ਮ: ੧, ਪੰਨਾ ੧੫੭

ਸਤਿਗੁਰੂ ਰਾਮਦਾਸ ਜੀ ਦਾ ਗੌਂਡ ਰਾਗ ਅੰਦਰ ਫੁਰਮਾਨ ਹੈ ਕਿ ਸਭ ਕੁੱਝ ਪਰਮਾਤਮਾ ਨੇ ਆਪਣੇ ਹੱਥ-ਵਸ ਰੱਖਿਆ ਹੈ। ਆਪ ਦਾ ਬਚਨ ਹੈ :

**ਕਿਛੁ ਕਿਸੀ ਕੈ ਹਥਿ ਨਾਹੀ ਮੇਰੇ ਸੁਆਮੀ ਐਸੀ ਮੇਰੈ ਸਤਿਗੁਰਿ ਬੂਝ ਬੁਝਾਈ ॥**

ਮ: ੪, ਪੰਨਾ ੮੬੦

**ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥**

ਪੰਕਤੀ ਦਾ ਖੁਲਾਸਾ ਕਰਦੇ ਗੁਰਦੇਵ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, ਕਿ ਮਨੁੱਖ ਆਪਣੇ ਜੋਰ ਤੇ ਸਿਆਣਪ ਨਾਲ ਕੁਝ ਵੀ ਪ੍ਰਾਪਤ ਨਹੀਂ ਕਰ ਸਕਦਾ। ਪਰਮਾਤਮਾ ਆਪਣੀ ਸ਼ਕਤੀ-ਸਿਆਣਪ ਜੀਵ ਦੇ ਅੰਦਰ ਧਰਦਾ ਹੈ, ਤਦ ਜੀਵ ਨੂੰ ਸਫ਼ਲਤਾ ਮਿਲਦੀ ਹੈ –

**ਆਪਣ ਲੀਆ ਕਿਛੂ ਨ ਪਾਈਐ ਕਰਿ ਕਿਰਪਾ ਕਲ ਧਾਰੀ ਜੀਉ ॥੫॥**

ਮ: ੩, ਪੰਨਾ ੧੦੧੬

ਸਾਰਾ ਸੰਸਾਰ ਦਾਤਾਰ ਪਾਸੋਂ ਦਾਤਾਂ ਦੀ ਪ੍ਰਾਪਤੀ ਵਾਸਤੇ ਦਿਨ ਰਾਤ ਮੰਗ ਕਰਦਾ ਹੈ। ਪਰ ਦਾਤਾਰ ਆਪਣੇ ਭਾਣੇ ਅੰਦਰ ਜੀਵਾਂ ਨੂੰ ਦਾਤਾਂ ਪ੍ਰਦਾਨ ਕਰਦਾ ਹੈ-

**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥** ਜਪੁਜੀ, ਪੰਨਾ ੨

ਤਥਾ : **ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ ॥** ਮ: ੩, ਪੰਨਾ ੬੦੪

ਦੀ ਸੱਚਾਈ ਹੀ ਸੰਸਾਰ ਅੰਦਰ ਸਾਕਾਰ ਹੋ ਰਹੀ ਹੈ ਤੇ ਹੁੰਦੀ ਹੈ।

## *ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥*

**ਅੱਖਰੀ-ਅਰਥ :** ਜਿਨ੍ਹਾਂ ਵਡਭਾਗੀਆਂ ਨੂੰ ਸਤਿਗੁਰੂ ਦੀ ਸ਼ਰਣ ਅਤੇ ਸਾਧੂਆਂ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ, ਉਹ ਪਰਮਾਤਮਾ ਦੇ ਨਾਮ ਦਾ ਰਸ ਅਤੇ ਪ੍ਰਭੂ ਮਿਲਾਪ ਦਾ ਅਨੰਦ ਮਾਣਦੇ ਹਨ।

**ਸੰਖੇਪ-ਵਿਚਾਰ :** ਪਰਮਾਤਮਾ ਦੇ ਮਿਲਾਪ ਦਾ ਆਤਮਿਕ ਅਨੰਦ ਸੰਸਾਰ ਦੇ ਧਨ-ਪਦਾਰਥ ਨਾਲ ਜਾਂ ਹੋਰ ਕਿਸੇ ਵੀ ਹੀਲੇ-ਵਸੀਲੇ ਨਾਲ ਪ੍ਰਾਪਤ ਨਹੀਂ ਹੋ ਸਕਦਾ। ਦੋਂਹ ਦੇ ਸੰਜੋਗ ਨਾਲ ਜਗਿਆਸੂ ਨੂੰ "*ਨਾਨਕ ਰੰਗ ਮਾਣੰਨਿ*" ਦੀ ਦਾਤ ਪ੍ਰਾਪਤ ਹੁੰਦੀ ਹੈ। ਪਹਿਲਾ ਹੈ ਗੁਰੂ ਦੀ ਪ੍ਰਾਪਤੀ, ਦੂਸਰਾ ਹੈ ਗੁਰੂ ਅਗਵਾਈ ਅਧੀਨ ਚੱਲਣ ਵਾਲੇ ਮਹਾਂਪੁਰਸ਼ਾਂ ਦੀ ਸੰਗਤ, ਜਿਨ੍ਹਾਂ ਨੂੰ ਗੁਰਬਾਣੀ ਅੰਦਰ ਸਤਿਗੁਰੂ ਜੀ ਨੇ ਸਾਧ ਸ਼ਬਦ ਨਾਲ ਸੰਬੋਧਨ ਕੀਤਾ ਹੈ। ਸਾਧ ਕਿਸੇ ਭੇਖ ਦਾ ਨਾਉਂ ਨਹੀਂ, ਸਾਧ ਉਹ ਹੈ ਜਿਸ ਨੇ ਗੁਰੂ ਬਚਨਾਂ ਅਨੁਸਾਰ ਆਪਣੇ ਮਨ ਨੂੰ ਸਾਧ ਲਿਆ ਹੋਵੇ। ਮਾਇਆ ਦਾ ਪ੍ਰਭਾਵ ਤਿਆਗ ਕੇ ਗੁਰੂ ਦਾ ਪ੍ਰਭਾਵ ਕਬੂਲ ਕਰ ਲਿਆ ਹੋਵੇ ਅਤੇ ਨਿਰਮਲ ਕਰਮਾਂ ਦਾ ਧਾਰਨੀ ਹੋਵੇ -

**ਸਾਧ ਨਾਮ ਨਿਰਮਲ ਤਾ ਕੇ ਕਰਮ ॥** ਸੁਖਮਨੀ ਮ:੫ ਪੰਨਾ ੨੯੬

ਗੁਰੂ ਦ੍ਰਿਸ਼ਟੀ ਵਿੱਚ ਸਭ ਤੋਂ ਸ਼੍ਰੋਮਣੀ ਨਿਰਮਲ ਕਰਮ ਹੈ, ਪ੍ਰਮਾਤਮਾ ਦਾ ਨਾਮ ਜਪਣਾ -

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ।**

ਸੁਖਮਨੀ ਮ:੫, ਪੰਨਾ ੨੬੬

ਜੋ ਸਵਾਸ-ਸਵਾਸ ਨਾਮ-ਜਪ ਦਾ ਧਾਰਨੀ ਬਣ ਗਿਆ, ਸਤਿਗੁਰੂ ਦੀ ਦ੍ਰਿਸ਼ਟੀ



ਵਿੱਚ ਉਹ ਸਾਧ ਹੈ। ਅਜਿਹੇ ਨਾਮ ਵਿੱਚ ਲਿਵਲੀਨ ਤੇ ਨਿਰਮਲ ਕਰਮੀਆਂ ਦੀ ਸੰਗਤ ਕਰਨ ਨਾਲ ਪ੍ਰਭੂ-ਨਾਮ ਜਪਣ ਅਤੇ ਨਿਰਮਲ ਕਰਮ ਕਰਨ ਲਈ ਜਗਿਆਸੂ ਦੇ ਮਨ ਵਿੱਚ ਚਾਉ-ਉਤਸ਼ਾਹ ਪੈਦਾ ਹੁੰਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥** ਮ: ੫, ਪੰਨਾ ੭੦੩

ਮਨ ਵਿੱਚ ਚਾਉ ਪੈਦਾ ਹੋਣਾ ਹੀ ਔਖਾ ਹੈ, ਜਦੋਂ ਜਗਿਆਸੂ ਦੇ ਮਨ ਅੰਦਰ ਪ੍ਰਭੂ ਮਿਲਾਪ ਲਈ ਚਾਉ ਪੈਦਾ ਹੋ ਗਿਆ। ਚਾਉ ਹੀ ਮਿਲਾਪ ਲਈ ਬਿਹਬੱਲਤਾ ਤੇ ਵੈਰਾਗ ਪੈਦਾ ਕਰਦਾ ਹੈ। ਵੈਰਾਗ ਵਾਲੇ ਹਿਰਦੇ ਅੰਦਰ ਪਿਆਰੇ ਲਈ ਪਿਆਰ ਪੈਦਾ ਹੋ ਜਾਂਦਾ ਹੈ। ਪਿਆਰ ਵਾਲਾ ਪ੍ਰੇਮੀ, ਪ੍ਰੀਤਮ ਨੂੰ ਪ੍ਰਾਪਤ ਕਰਕੇ ਪਿਆਰੇ ਦੇ ਮਿਲਾਪ ਦੇ ਅਨੰਦ ਨੂੰ ਮਾਣਦਾ ਹੈ। ਸਾਹਿਬ ਕਲਗੀਧਰ ਪਾਤਸ਼ਾਹ ਜੀ ਦਾ ਫੁਰਮਾਨ ਹੈ :

**ਸਾਚੁ ਕਹੌਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥੯॥**

ਤ੍ਵ ਪ੍ਰਸਾਦਿ ਸਵੱਯੇ ਪਾ: ੧੦

ਦੂਸਰਾ "*ਨਾਨਕ ਰੰਗ ਮਾਣੰਨਿ*" ਦਾ ਮਾਰਗ ਹੈ ਗੁਰੂ ਦੀ ਸ਼ਰਨ ਪ੍ਰਾਪਤ ਕਰਕੇ ਗੁਰੂ ਵਾਲੇ ਬਣ ਜਾਣਾ। ਜਗਿਆਸੂ ਨੇ ਪਰਮਾਤਮਾ ਤੱਕ ਪੁੱਜਣਾ ਹੈ ਪਰ ਆਪਣੇ ਬਲ ਨਾਲ, ਆਪਣੀ ਸਿਆਣਪ ਨਾਲ, ਜਗਿਆਸੂ ਪਰਮਾਤਮਾ ਤੱਕ ਪੁੱਜ ਨਹੀਂ ਸਕਦਾ। ਪਰਮਾਤਮਾ ਵਿੱਚ ਰਸਾਈ ਲਈ ਗੁਰੂ ਦੀ ਲੋੜ ਹੈ। ਗੁਰੂ ਤੱਕ ਪਹੁੰਚ ਕਰਨ ਲਈ ਗੁਰੂ ਨਾਲ ਜੁੜੇ ਗੁਰਮੁਖ ਦੀ ਲੋੜ ਹੈ। ਦੁਬਾਰਾ ਦੁਹਰਾ ਲਈਏ, ਜਗਿਆਸੂ ਨੂੰ "ਗੁਰਮੁਖ" ਦੀ ਸੰਗਤ ਮਿਲ ਜਾਵੇ, ਗੁਰਮੁਖ ਦੀ ਸੰਗਤ ਜਗਿਆਸੂ ਨੂੰ ਗੁਰੂ ਨਾਲ ਜੋੜ ਦਿੰਦੀ ਹੈ। ਗੁਰੂ ਨਾਲ ਜੁੜਿਆ ਜਗਿਆਸੂ, ਗੁਰੂ ਦੀ ਨਦਰੇ-ਕਰਮ ਨਾਲ "ਪਰਮਾਤਮਾ" ਨਾਲ ਜੁੜ ਜਾਂਦਾ ਹੈ। ਗੁਰੂ ਦਾ ਕਰਮ ਹੀ ਪਰਮਾਤਮਾ ਨਾਲੋਂ ਵਿਛੁੜਿਆਂ ਨੂੰ ਪਰਮਾਤਮਾ ਨਾਲ ਜੋੜਨਾ ਹੈ। ਸਤਿਗੁਰਾਂ ਦਾ ਰਾਮਕਲੀ ਰਾਗ ਅੰਦਰ ਫੁਰਮਾਨ ਹੈ :

**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥**[1] ਮ: ੫, ਪੰਨਾ ੯੫੭

ਅਤੇ: **ਵਿਛੁੜਿਆ ਮੇਲੈ ਪ੍ਰਭੂ ਨਾਨਕ ਕਰਿ ਸੰਜੋਗ ॥** ਮ: ੧ ਪੰਨਾ ੯੩੪

੧. ਵਿਚੋਲਾ।

ਪ੍ਰਭੂ-ਮਿਲਾਪ ਅਥਵਾ ਪ੍ਰਭੂ ਮੇਲ ਉਪਰੰਤ ਜੋ ਆਤਮਿਕ-ਅਨੰਦ, ਆਤਮਿਕ-ਰਜੇਵਾਂ ਪ੍ਰਾਪਤ ਹੁੰਦਾ ਹੈ, ਉਸ ਨੂੰ ਨਾ ਅੱਖਰਾਂ ਦੁਆਰਾ, ਨਾ ਜੁਬਾਨ ਦੁਆਰਾ ਬਿਆਨ ਕੀਤਾ ਜਾ ਸਕਦਾ ਹੈ। ਕੇਵਲ ਮਾਣਿਆ ਹੀ ਜਾ ਸਕਦਾ ਹੈ। ਭਗਤ ਕਬੀਰ ਜੀ ਨੂੰ ਆਤਮਿਕ ਅਨੰਦ ਪ੍ਰਾਪਤ ਹੋਇਆ, ਸੰਗੀਆਂ ਨੇ ਪੁੱਛਣ ਦਾ ਯਤਨ ਕੀਤਾ ਤਾਂ ਬਾਬਾ ਕਬੀਰ ਜੀ ਨੇ "**ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ**" ਕਹਿ ਕੇ ਉੱਤਰ ਦਿੱਤਾ ਤੇ ਪ੍ਰਭੂ ਮਿਲਾਪ ਦੀ ਅਨੰਦੀ ਮੌਜ ਪ੍ਰਤੀ ਫੁਰਮਾਨ ਉਚਾਰਿਆ :

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ[੧] ॥**

**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧ ॥**

ਕਬੀਰ ਜੀ, ਪੰਨਾ ੧੩੭੦

ਆਤਮਿਕ ਅਨੰਦੀ ਅਵਸਥਾ ਪ੍ਰਾਪਤ ਹੋ ਜਾਣ ਤੇ ਰਾਜ-ਭਾਗ ਦੀ ਲਾਲਸਾ ਤੇ ਮੁਕਤੀ ਦੀ ਚਾਹਨਾ ਵੀ ਖਤਮ ਹੋ ਜਾਂਦੀ ਹੈ। "**ਪ੍ਰੀਤਿ ਚਰਨ ਕਮਲਾਰੇ**" ਦੇ ਮੁਕਾਬਲੇ ਇਹ ਚੀਜ਼ਾਂ ਤੁੱਛ ਭਾਸਦੀਆਂ ਹਨ। ਜਗਿਆਸੂ, ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਪਰਮਾਤਮਾ ਦੇ ਸਨਮੁਖ ਬੇਨਤੀ ਰੂਪ ਅੰਦਰ ਪੁਕਾਰਨ ਲੱਗ ਜਾਂਦਾ ਹੈ। ਦਾਤਾ!

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ ॥**

ਮ: ੫, ਪੰਨਾ ੫੩੪

ਕਿਉਂਕਿ ਜੋ ਰਸ, ਜੋ ਅਨੰਦ, ਜੋ ਰਜੇਵਾਂ, ਪ੍ਰਭੂ-ਪਿਆਰ, ਪ੍ਰਭੂ-ਮਿਲਾਪ ਦੁਆਰਾ ਪ੍ਰਾਪਤ ਹੁੰਦਾ ਹੈ, ਉਹ ਧੰਨ-ਪਦਾਰਥ, ਰਾਜ-ਭਾਗ ਵਿੱਚੋਂ ਕਦਾਚਿਤ ਵੀ ਪ੍ਰਾਪਤ ਨਹੀਂ ਹੁੰਦਾ। ਬਾਬਾ ਕਬੀਰ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਹਮਰਾ ਧਨੁ ਮਾਧਉ ਗੋਬਿੰਦੁ ਧਰਣੀਧਰੁ ਇਹੈ ਸਾਰ ਧਨੁ ਕਹੀਐ ॥**

**ਜੋ ਸੁਖੁ ਪ੍ਰਭ ਗੋਬਿੰਦ ਕੀ ਸੇਵਾ ਸੋ ਸੁਖੁ ਰਾਜਿ ਨ ਲਹੀਐ ॥੧ ॥ ਰਹਾਉ ॥**

ਕਬੀਰ ਜੀ, ਪੰਨਾ ੩੩੬

੧. ਅੰਦਾਜ਼ਾ।



ਅਤੇ : **ਜੋ ਸੁਖੁ ਦਰਸਨੁ ਪੇਖਤੇ ਪਿਆਰੇ ਮੁਖ ਤੇ ਕਹਣੁ ਨ ਜਾਇ ॥**

ਮ: ੫, ਪੰਨਾ ੪੩੧

ਵਾਲੀ ਅਵਸਥਾ ਜਗਿਆਸੂ ਅੰਦਰ ਸਾਕਾਰ ਹੋ ਜਾਂਦੀ ਹੈ। ਪਰ ਇਹ ਅਵਸਥਾ "ਗੁਰਮੁਖਾਂ ਦੀ ਸੰਗਤ" ਤੇ "ਗੁਰਪ੍ਰਸਾਦਿ" ਦੁਆਰਾ ਹੀ ਪ੍ਰਾਪਤ ਹੋਣੀ ਸੰਭਵ ਹੈ।

## *ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪ ॥*

**ਅੱਖਰੀ-ਅਰਥ :** ਜੇਠ ਦੇ ਮਹੀਨੇ ਦੁਆਰਾ, ਸ੍ਰੀ ਗੁਰੂ ਅਰਜਨ ਦੇਵ ਜੀ ਉਪਦੇਸ਼ ਕਰਦੇ ਫੁਰਮਾਉਂਦੇ ਹਨ ਕਿ ਸਭ ਤੋਂ ਵੱਡੇ, ਸਭ ਦੇ ਮਾਲਕ, ਅਨੰਦ-ਖੁਸ਼ੀਆਂ ਬਖਸ਼ਿਸ ਕਰਨ ਵਾਲੇ ਪਰਮਾਤਮਾ ਦਾ ਮਿਲਾਪ ਉਨ੍ਹਾਂ ਵਡਭਾਗੀਆਂ ਨੂੰ ਹੀ ਪ੍ਰਾਪਤ ਹੁੰਦਾ ਹੈ, ਜਿਨ੍ਹਾਂ ਦੇ ਵੱਡਿਓਂ-ਵੱਡੇ ਭਾਗ ਹੁੰਦੇ ਹਨ।

**ਸੰਖੇਪ-ਵਿਚਾਰ :** ਪੁਰਬ ਕਮਾਈ ਤੇ ਮੱਥੇ ਦੇ ਭਾਗਾਂ ਦੀ ਹੁਣ ਦੇ ਜੀਵਨ ਅੰਦਰ ਬਹੁਤ ਵੱਡੀ ਮਹਾਨਤਾ ਹੈ। ਮਾੜੀ ਪੁਰਬ ਕਮਾਈ, ਦੁੱਖ ਦਾ ਕਾਰਣ ਬਣਦੀ ਹੈ ਅਤੇ ਖੋਟੀ ਪ੍ਰੇਰਨਾ ਦੇ ਕੇ ਮਾੜੇ ਕਰਮਾਂ ਵੱਲ ਮਨ ਦਾ ਰੁੱਖ ਪਲਟਾਉਂਦੀ ਹੈ। ਸ੍ਰੇਸ਼ਟ ਪੁਰਬ ਕਮਾਈ ਜਿੱਥੇ ਸੁੱਖ ਪ੍ਰਦਾਨ ਕਰਨ ਦਾ ਸਬੱਬ ਬਣਦੀ ਹੈ ਉੱਥੇ ਮਨ ਨੂੰ ਸ੍ਰੇਸ਼ਟ ਕਰਮ ਕਰਨ, ਪਰਮਾਤਮਾ ਦਾ ਨਾਮ ਜਪਣ, ਸਤਿ-ਸੰਗਤ ਕਰਨ ਅਤੇ ਗੁਰੂ ਵਾਲੇ ਬਣਨ ਲਈ ਪ੍ਰੇਰਨਾ ਸ੍ਰੋਤ ਬਣਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਜਦੋਂ ਪਿਛਲੇ ਚੰਗੇ ਕਰਮਾਂ ਦੇ ਅੰਕੂਰ ਫੁੱਟਦੇ ਹਨ ਭਾਵ ਪੂਰਬਲੇ ਚੰਗੇ ਕਰਮ ਜਾਗਦੇ ਹਨ, ਤਦ ਰਸ ਦੇ ਸੋਮੇ ਪਰਮਾਤਮਾ ਨਾਲ ਜੀਵ ਦਾ ਮਿਲਾਪ ਹੁੰਦਾ ਹੈ। ਪ੍ਰਭੂ ਮਿਲਾਪ ਉਪਰੰਤ ਅਗਿਆਨ ਭਰਮ ਦਾ ਅੰਧਕਾਰ ਬਿਲਾ ਜਾਂਦਾ ਹੈ। ਜਨਮਾਂ-ਜਨਮਾਂ ਤੋਂ ਮਾਇਆ ਮੋਹ ਦੀ ਨੀਂਦਰ ਵਿੱਚ ਸੁੱਤੀ ਆਤਮਾ ਜਾਗ ਪੈਂਦੀ ਹੈ। ਗਉੜੀ ਰਾਗ ਅੰਦਰ ਸਾਹਿਬਾਂ ਦਾ ਬਚਨ ਹੈ :

**ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥**

**ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥**

ਮ: ੫, ਪੰਨਾ ੨੦੪

ਪੂਰਬਲੇ ਕਰਮ ਆਪ ਹੀ ਨਹੀਂ ਬਣ ਜਾਂਦੇ, ਬਨਾਉਣੇ ਪੈਂਦੇ ਹਨ। ਜੋ ਆਪਾਂ ਪਿੱਛਲੇ ਜਨਮ ਵਿੱਚ ਚੰਗੇ ਜਾਂ ਮਾੜੇ ਕਰਮ ਕੀਤੇ, ਉਹ ਸਾਡੀ ਆਤਮਾ ਦੇ ਨਾਲ ਸੰਸਕਾਰਾਂ ਦੇ ਰੂਪ ਵਿੱਚ ਚਲੇ ਗਏ। ਉਹ ਸੰਸਕਾਰਾਂ ਦੇ ਰੂਪ ਵਿੱਚ ਆਤਮਾ ਦੇ ਨਾਲ ਗਏ ਕਰਮ ਹੀ ਹੁਣ ਵਰਤਮਾਨ ਵਿੱਚ ਪੂਰਬ ਕਰਮ ਬਣਕੇ, ਚੰਗੇ ਪੂਰਬ ਕਰਮ ਸੁੱਖ ਦਾ ਕਾਰਣ ਤੇ ਸ਼ੁਭ ਪ੍ਰੇਰਨਾ ਪ੍ਰਦਾਨ ਕਰ ਰਹੇ ਹਨ ਅਤੇ ਮਾੜੇ ਕਰਮ ਦੁੱਖ ਦਾ ਕਾਰਣ ਤੇ ਮਾੜੇ ਪਾਸੇ ਨੂੰ ਪ੍ਰੇਰਨਾ ਦੇਣ ਦੇ ਭਾਗੀ ਬਣ ਰਹੇ ਹਨ। ਪੂਰਬ-ਕਮਾਈ ਤਾਂ ਆਪਾਂ ਭੋਗ ਹੀ ਰਹੇ ਹਾਂ। ਹੁਣ ਜੇ ਅਸੀਂ ਅਗਾਂਹ ਲਈ ਚੰਗੇ ਭਾਗ, ਚੰਗੀ ਪੂਰਬ ਕਮਾਈ ਬਨਾਉਣਾ ਚਾਹੁੰਦੇ ਹਾਂ ਤਾਂ ਹੁਣ ਵਰਤਮਾਨ ਵਿੱਚ ਵਰਤਦਿਆਂ ਅਸੀਂ ਮਾੜੇ ਕਰਮਾਂ ਦਾ ਤਿਆਗ ਕਰੀਏ। ਸਤਿਗੁਰਾਂ ਦੀ ਸ਼ੁੱਭ ਸਿੱਖਿਆ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਅਰੰਭ ਕਰ ਦੇਈਏ। ਵਰਤਮਾਨ ਸਮੇਂ ਅੰਦਰ ਕੀਤੇ ਸ਼ੁੱਭ ਕਰਮ, ਗੁਰੂ ਚਾਲੀ ਅਨੁਸਾਰ ਬਤੀਤ ਕੀਤਾ ਜੀਵਨ ਹੀ ਸਾਡੀ ਆਤਮਾ ਦੇ ਨਾਲ ਜਾ ਕੇ ਅਗਲੇਰੇ ਜਨਮ ਵਿੱਚ ਸ਼ੁਭ ਭਾਗ ਅਤੇ ਸ੍ਰੇਸ਼ਟ ਪੂਰਬ ਕਮਾਈ ਬਣਾ ਦੇਵੇਗਾ। ਸਤਿਗੁਰੂ ਨਾਨਕ ਦੇਵ ਜੀ ਦਾ ਜਪੁਜੀ ਸਾਹਿਬ ਅੰਦਰ, ਪੂਰਬ-ਕਮਾਈ ਕਿਵੇਂ ਬਣਦੀ ਹੈ, ਨੂੰ ਦਰਸਾਉਂਦਾ ਬਹੁਤ ਹੀ ਭਾਵ ਪੂਰਤ ਫੁਰਮਾਨ ਦਰਜ਼ ਹੈ :

**ਪੁੰਨੀ ਪਾਪੀ ਆਖਣੁ ਨਾਹਿ ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥**

**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥**

ਜਪੁਜੀ, ਪੰਨਾ ੪

ਜੇ ਆਪਾਂ ਪਿੱਛਲੇ ਜਨਮ ਵਿੱਚ ਆਪਣੇ ਚੰਗੇ ਭਾਗ ਨਹੀਂ ਬਣਾ ਸਕੇ ਤਾਂ ਪਰਮਾਤਮਾ ਨੇ ਹੁਣ ਸਾਨੂੰ ਮਨੁੱਖਾ ਜਨਮ ਅੰਦਰ ਆਪਣੇ ਭਾਗ ਬਨਾਉਣ ਲਈ ਅਉਸਰ ਪ੍ਰਦਾਨ ਕੀਤਾ ਹੈ। ਚੰਗੇ ਕਰਮ ਕਰਾਂਗੇ, ਚੰਗੇ ਭਾਗ ਬਣ ਜਾਣਗੇ ਜੇ ਮਾੜੇ ਕਰਮ ਕਰਾਂਗੇ ਤਦ ਮਾੜੇ ਭਾਗ ਬਣ ਜਾਣਗੇ। ਅਸਾਂ ਜੀਵਾਂ ਨੇ ਜਿਹੋ ਜਿਹਾ ਪੂਰਬਲੇ ਜਨਮ ਵਿੱਚ ਕਰਮ ਬੀਜ ਬੀਜਿਆ ਹੈ, ਉਸ ਨੂੰ ਹੁਣ ਦੁੱਖ ਜਾਂ ਸੁੱਖ ਦੇ ਰੂਪ ਵਿੱਚ ਵੱਢ ਰਹੇ ਹਾਂ ਤੇ ਵਰਤ ਰਹੇ ਹਾਂ। ਜਿਹੋ ਜਿਹਾ ਹੁਣ ਵਰਤਮਾਨ ਵਿੱਚ ਕਰਮ ਬੀਜ ਬੀਜ ਰਹੇ ਹਾਂ, ਇਸ ਕਰਮ-ਬੀਜ ਨੇ ਹੀ ਪੂਰਬ-ਕਮਾਈ ਬਣ ਕੇ ਅਗਲੇ ਜਨਮ ਅੰਦਰ ਦੁੱਖ ਜਾਂ ਸੁੱਖ ਦਾ ਕਾਰਨ ਬਣਨਾ ਹੈ। ਸਾਡੇ ਬੀਜੇ ਕਰਮ ਬੀਜਾਂ ਨੂੰ



ਕਿਸੇ ਨੇ ਨਹੀਂ ਵੱਢਣਾ। ਸਾਡੇ ਕਰਮ-ਬੀਜਾਂ ਦੀ ਫਸਲ ਸਾਨੂੰ ਹੀ ਬੋਹਲ ਦੇ ਰੂਪ ਵਿੱਚ ਪ੍ਰਾਪਤ ਹੋਈ ਹੈ। ਸਤਿਗੁਰੂ ਜੀ ਦਾ ਅਟੱਲ ਫੈਸਲਾ ਹੈ :

**ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ ॥**

ਮ: ੫, ਪੰਨਾ ੪੦੬

ਅਤੇ: **ਆਪਿ ਬੀਜਿ ਆਪੇ ਹੀ ਖਾਵਣਾ ਕਹਣਾ ਕਿਛੂ ਨ ਜਾਇ ॥**

ਮ: ੩, ਪੰਨਾ ੭੫੫

ਸਤਿਗੁਰੂ ਕਿਰਪਾ ਕਰਨ, ਅਸੀਂ ਸਤਿਗੁਰੂ ਨਾਨਕ ਦੇਵ ਜੀ ਦੇ ਫੁਰਮਾਨ ਅਨੁਸਾਰ

**ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ ।।** ਮ: ੧, ਪੰਨਾ ੪੭੪

ਦੀ ਕਾਰ ਕਰਕੇ ਆਪਣੇ ਮਨੁੱਖਾ ਜਨਮ ਦਾ ਕਾਰਜ ਸਵਾਰ ਲਈਏ, ਇਸੇ ਵਿੱਚ ਹੀ ਸਾਡਾ ਭਲਾ ਹੈ।

❐ ❐ ❐

# ਆਸਾੜੁ (ਹਾੜ)

### ਮੂਲ-ਪਾਠ

***ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥***
***ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥***
***ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥***
***ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥***
***ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥***
***ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥***
***ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥***
***ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥***
***ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫ ॥***

**ਪਦ-ਅਰਥ :** **ਆਸਾੜੁ** = ਹਾੜ ਮਹੀਨੇ ਦਾ ਨਾਉਂ। **ਤਪੰਦਾ-ਤਪਦਾ** = ਸਾੜਨ ਵਾਲਾ। **ਤਿਸੁ ਲਗੈ** = ਉਸ ਮਨੁੱਖ ਨੂੰ ਲੱਗਦਾ ਹੈ। **ਹਰਿ ਨਾਹੁ** = ਹਰੀ-ਪਤੀ (ਮਾਲਕ)। **ਜਗਜੀਵਨ** = ਜਗਤ ਨੂੰ ਜੀਵਨ ਪ੍ਰਦਾਨ ਕਰਨ ਵਾਲਾ। **ਪੁਰਖੁ** = ਜੋ ਸਭ ਥਾਵਾਂ ਵਿੱਚ ਰਮਿਆ ਹੋਇਆ ਹੈ। **ਮਾਣਸ ਸੰਦੀ** = ਮਨੁੱਖ ਦੀ। **ਦੁਯੈ ਭਾਇ** = ਪਰਮਾਤਮਾ ਨੂੰ ਛੱਡ ਕੇ ਹੋਰਨਾਂ ਨਾਲ ਪਿਆਰ ਪਾਉਣਾ। **ਵਿਗੁਚੀਐ** = ਖਜਲ-ਖੁਆਰੀ। **ਗਲਿ** = ਗਲੇ ਵਿੱਚ। **ਲੁਣੈ** = ਵੱਢਦਾ ਹੈ। **ਰੈਣਿ ਵਿਹਾਣੀ** = ਉਮਰ ਰੂਪੀ ਰਾਤ ਬੀਤ ਜਾਂਦੀ ਹੈ। **ਸਾਧੂ ਭੇਟੀਐ** = ਜੋ ਗੁਰੂ ਵਾਲੇ ਬਣ ਜਾਂਦੇ ਹਨ। **ਖਲਾਸੁ** = ਸੁਰਖ਼ਰੂ। **ਤੇਰੇ ਦਰਸਨ ਹੋਇ ਪਿਆਸ** = ਤੇਰੇ ਦਰਸ਼ਨਾਂ ਦੀ ਤਾਂਘ ਬਣੀ ਰਹੇ। **ਸੁਹੰਦਾ** = ਸ਼ੋਭਨੀਕ, ਸੁਖਦਾਇਕ। **ਚਰਣ ਨਿਵਾਸ** = ਜਿਸ ਦੇ ਮਨ ਵਿੱਚ ਪਰਮਾਤਮਾ ਨਾ ਨਾਮ ਟਿਕ ਜਾਂਦਾ ਹੈ।



# ਆਸਾੜੁ ਤਪੰਦਾ ਤਿਸੁ ਲਗੈ

ਹਾੜ ਦੇ ਮਹੀਨੇ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਪਸ਼ ਦਾ ਸੰਕੇਤ ਦਿੱਤਾ ਹੈ। ਤਪਸ਼ ਵੀ ਦੋ ਤਰ੍ਹਾਂ ਦੀ ਹੈ, ਇਕ ਤਨ ਦੀ ਤਪਸ਼ ਹੈ, ਇੱਕ ਮਨ ਦੀ ਤਪਸ਼ ਹੈ। ਜੇਠ ਹਾੜ ਵਿੱਚ ਭਰ ਗਰਮੀ ਹੁੰਦੀ ਹੈ ਅਤੇ ਗਰਮ ਲੂਆਂ ਚੱਲਦੀਆਂ ਹਨ। ਸਾਰਾ ਵਾਤਾਵਰਣ ਅਤਿ ਗਰਮ ਹੋ ਜਾਂਦਾ ਹੈ। ਅਤਿ ਗਰਮ ਵਾਤਾਵਰਣ, ਸਰੀਰ ਲਈ ਦੁੱਖ ਅਤੇ ਪ੍ਰੇਸ਼ਾਨੀਆਂ ਪੈਦਾ ਕਰਦਾ ਹੈ। ਗਰਮੀ ਦੀ ਤਪਸ਼ ਤੋਂ ਰਾਹਤ ਪ੍ਰਾਪਤ ਕਰਨ ਲਈ ਮਨੁੱਖ ਨੇ ਅਨੇਕਾਂ ਉਦਮ, ਉਪਾਉ, ਉਪਰਾਲੇ ਕੀਤੇ। ਇਨ੍ਹਾਂ ਉਦਮ ਉਪਰਾਲਿਆਂ ਦੁਆਰਾ ਮਨੁੱਖ ਨੂੰ ਗਰਮ ਲੂਆਂ ਦੀ ਤਪਸ਼ ਤੋਂ ਰਾਹਤ ਵੀ ਮਿਲੀ। ਗਰਮੀ ਤੋਂ ਰਾਹਤ ਪ੍ਰਾਪਤ ਕਰਨ ਲਈ ਕੋਈ ਮਨੁੱਖ ਵਾਤਾ ਅਨੁਕੂਲ ਥਾਵਾਂ ਦੀ ਵਰਤੋਂ ਕਰਕੇ, ਕੋਈ ਮਨੁੱਖ ਪਹਾੜਾਂ ਉੱਪਰ ਵਸੇਬਾਂ ਕਰਕੇ ਗਰਮੀ ਤੋਂ ਨਿਜ਼ਾਤ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰਾਂ ਦੇ ਫੁਰਮਾਨ ਅਨੁਸਾਰ ਕੋਈ ਮਨੁੱਖ ਸਰੀਰ ਨੂੰ ਗਰਮੀ ਤੋਂ ਬਚਾਉਣ ਲਈ ਚੰਦਨ ਦੀ ਲੇਪ ਕਰਵਾ ਕੇ ਗਰਮੀ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦਾ ਹੈ।

ਦੂਸਰੀ ਮਨ ਦੀ ਤਪਸ਼ ਹੈ। ਮਨ ਤਪਦਾ ਹੈ ਵਿਸ਼ੇ-ਵਿਕਾਰਾਂ ਦੇ ਭੋਗਾਂ ਦੀ ਤ੍ਰਿਸ਼ਨਾ ਅਧੀਨ। ਵਿਸ਼ੇ ਭੋਗਾਂ ਦੀ ਪ੍ਰਾਪਤੀ ਉਪਰੰਤ ਵੀ ਮਨ ਸ਼ਾਂਤ ਨਹੀਂ ਹੁੰਦਾ। ਮਨ ਮੁੜ ਵਿਸ਼ੇ-ਭੋਗਾਂ ਦੀ ਤੋਟ ਅਧੀਨ ਤੜਫਦਾ ਹੈ, ਹੋਰ ਪ੍ਰਾਪਤ ਕਰਨ ਲਈ। ਮਨ ਸੜਦਾ ਹੈ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੀ ਅਤੇ ਈਰਖਾ, ਦ੍ਵੈਸ਼ ਦੀ ਤਪਸ਼ ਨਾਲ। ਮਨ ਤਪਦਾ ਹੈ, ਪਾਪ ਕਰਮਾਂ ਦੇ ਝੋਰੇ ਅਤੇ ਪਛਤਾਵੇ ਅਧੀਨ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ :

**ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ ॥**
**ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ ਸੰਨ੍ਹੀ ਚਿੰਤ ਭਈ ॥**

ਮ: ੧, ਪੰਨਾ ੯੯੦

ਮਨ, ਧਨ ਸੰਪਦਾ, ਪ੍ਰਭੁਤਾ ਦੀ ਪ੍ਰਾਪਤੀ ਲਈ ਤਪਦਾ ਰਹਿੰਦਾ ਹੈ। ਮਨ ਤਪਦਾ ਹੈ, ਕਿਸੇ ਦੀ ਪ੍ਰਭੁਤਾ ਵੇਖ ਕੇ ਕਿਸੇ ਦਾ ਸੋਹਣਾ ਕਾਰੋਬਾਰ ਵੇਖ ਕੇ, ਕਿਸੇ ਦੀ ਧਨ ਸੰਪਦਾ ਅਤੇ ਸੁੰਦਰ ਸਰੂਪ ਵੇਖ ਕੇ ਈਰਖਾ ਦੀ ਅੱਗ ਵਿੱਚ। ਮਨ ਤਪਦਾ ਹੈ, ਪਰਮਾਤਮਾ ਦੇ ਨਾਮ ਨੂੰ ਤੇ ਗੁਰਬਾਣੀ ਨੂੰ ਵਿਸਾਰਨ ਨਾਲ, ਮਨ ਇੱਕ ਵਾਰੀ ਨਹੀਂ ਬਾਰੰਬਾਰ ਦਿਨ ਰਾਤ ਤਪੀ ਹੀ ਜਾਂਦਾ ਹੈ। ਤਪਦਿਆਂ, ਖਪਦਿਆਂ ਮਨ ਦੀ ਕੋਹੜ ਦੇ ਰੋਗੀ ਵਰਗੀ ਹਾਲਤ ਬਣ ਜਾਂਦੀ ਹੈ, ਜੋ ਕਿਸੇ ਵੇਲੇ ਵੀ ਸੁੱਖ ਦਾ ਸਾਹ ਨਹੀਂ ਲੈ ਸਕਦਾ। ਹਰ ਵੇਲੇ ਅਸ਼ਾਂਤੀ ਅਧੀਨ ਹਾਏ-ਹਾਏ ਕਰਕੇ ਸਮਾਂ ਗੁਜਾਰਦਾ ਹੈ। ਸਤਿਗੁਰੂ

ਨਾਨਕ ਪਾਤਸ਼ਾਹ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :

**ਜੀਉ ਤਪਤੁ ਹੈ ਬਾਰੋ ਬਾਰ ॥ ਤਪਿ ਤਪਿ ਖਪੈ ਬਹੁਤੁ ਬੇਕਾਰ ॥**

**ਜੈ ਤਨਿ ਬਾਣੀ ਵਿਸਰਿ ਜਾਇ ॥ ਜਿਉ ਪਕਾ ਰੋਗੀ ਵਿਲਲਾਇ ॥੧॥**

ਧਨਾਸਰੀ ਮ: ੧, ਪੰਨਾ ੬੬੧

ਇਸ ਤਪਸ਼ ਦੇ ਦੁੱਖ ਤੋਂ ਨਾ ਵਾਤਾ-ਅਨੁਕੂਲ ਕਮਰੇ ਵਿੱਚ ਬੈਠ ਕੇ ਰਾਹਤ ਮਿਲਦੀ ਹੈ, ਨਾ ਸਰੀਰ ਉੱਪਰ ਚੰਦਨ ਦੀ ਲੇਪ ਕਰਾਉਣ ਨਾਲ ਅਤੇ ਨਾ ਸਰਦ ਚੰਦ ਦੀ ਚਾਂਦਨੀ ਹੀ ਮਨ ਨੂੰ ਸ਼ਾਂਤੀ ਪ੍ਰਦਾਨ ਕਰ ਸਕਦੀ ਹੈ। ਇਸ ਤਪਸ਼ ਤੋਂ ਛੁਟਕਾਰਾ, ਕੇਵਲ ਪਰਮਾਤਮਾ ਦਾ ਨਾਮ ਜਪ ਕੇ, ਸਤਿਸੰਗਤ ਕਰਕੇ, ਸ਼ਾਂਤੀ ਦੇ ਸੋਮੇ ਪਰਮਾਤਮਾ ਨਾਲ ਜੁੜ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ ॥**

**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ ॥੩੯॥**

ਮ: ੫, ਪੰਨਾ ੧੩੫੭

**ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥**

**ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥੨॥**

ਮ: ੫ ਪੰਨਾ ੭੦੯

ਹਰ ਪਾਸੇ ਮਾਇਆ ਦੇ ਪ੍ਰਭਾਵੀ ਸੇਕ ਦੀ ਤਪਸ਼ ਨਾਲ ਮਨੁੱਖ ਅਸ਼ਾਂਤ ਹੈ। ਇਸ ਅਸ਼ਾਂਤੀ ਤੋਂ ਕੇਵਲ ਪਰਮਾਤਮਾ ਦਾ ਨਾਮ, ਜੋ ਸ਼ਾਂਤੀ ਦਾ ਸੋਮਾ ਹੈ, ਨਾਲ ਜੁੜ ਕੇ ਹੀ ਸ਼ਾਂਤੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :

[1]**ਆਤਸ ਦੁਨੀਆ ਖੁਨਕ**[2] **ਨਾਮੁ ਖੁਦਾਇਆ ॥** ਮ: ੧, ਪੰਨਾ ੧੨੯੧

ਗੁਰਦੇਵ ਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

[3]**ਬਲਤੋ ਜਲਤੋ ਤਉਕਿਆ ਗੁਰ ਚੰਦਨੁ ਸੀਤਲਾਇਓ ॥੧॥**

ਮ: ੫, ਪੰਨਾ ੨੪੧

---

੧. ਦੁਨੀਆਂ ਅੰਦਰ ਹਰ ਪਾਸੇ ਅੱਗ ਵਰ ਰਹੀ ਹੈ। ੨. ਗੁਰੂ ਦਾ ਨਾਮ ਹੀ ਸ਼ਾਂਤੀ (ਠੰਢ) ਦੇਣ ਵਾਲਾ ਹੈ। ੩. ਮੈਂ ਤ੍ਰਿਸ਼ਨਾ ਦੀ ਅੱਗ ਵਿੱਚ ਦਿਨ ਰਾਤ ਸੜਦਾ ਰਹਿੰਦਾ ਸਾਂ, ਜਦੋਂ ਦਾ ਸਤਿਗੁਰੂ ਜੀ ਨੇ ਚੰਦਨ ਰੂਪ ਨਾਮ ਜਲ ਮੇਰੇ ਤੇ ਛਿੜਕਿਆ, ਮੈਂ ਸ਼ੀਤਲ ਤੇ ਠੰਢਾ-ਠਾਰ ਹੋ ਗਿਆ।



ਇਸੇ ਸ਼ਾਂਤੀ ਦੀ ਪ੍ਰਾਪਤੀ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਪਾਸੋਂ ਨਾਮ ਦੀ ਮੰਗ ਕਰਕੇ ਬਾਕੀ ਸਭ ਸੰਸਾਰੀ ਮੰਗਾਂ ਦਾ ਤਿਆਗ ਕਰਕੇ ਦਾਤਾਰ ਪ੍ਰਭੂ ਪਾਸ ਪੁਕਾਰਿਆ, ਹੇ ਦਾਤਾਰ! ਕਰ ਕਿਰਪਾ :

[4]**ਏਕੁ ਚੀਜੁ ਮੁਝੈ ਦੇਹਿ ਅਵਰ ਜਹਰ ਚੀਜ ਨ ਭਾਇਆ ॥**ਮ: ੧, ਪੰਨਾ ੧੨੯੧

ਮਨੁੱਖ ਦੀ ਅਸ਼ਾਂਤੀ ਦਾ ਦੂਸਰਾ ਕਾਰਣ ਹੈ, ਮਨੁੱਖ ਦਾ ਆਸਰਾ ਮਨੁੱਖ ਦੀ ਟੇਕ। ਸੰਸਾਰ ਅੰਦਰ ਵਿਚਰਦਿਆਂ ਆਪਾਂ ਵੇਖਦੇ ਹਾਂ ਕਿ ਇੱਕ ਮਨੁੱਖ ਕਿਸੇ ਗਰਜ਼ ਅਧੀਨ ਦੂਸਰੇ ਮਨੁੱਖ ਦੀ ਆਸ ਬਨਾਉਂਦਾ ਹੈ। ਉਸ ਤੇ ਟੇਕ ਰੱਖਦਾ ਹੈ ਕਿ ਔਖੇ ਸਮੇਂ ਇਹ ਮੇਰੀ ਸਹਾਇਤਾ ਕਰੇਗਾ। ਸਮਾਂ ਆਇਆ ਉਸ ਮਨੁੱਖ ਨੇ ਨਾ ਗਰਜ਼ ਪੂਰੀ ਕੀਤੀ ਨਾ ਆਸਰਾ ਦਿੱਤਾ। ਗਰਜ਼ ਨਾ ਪੂਰੀ ਹੋਣ ਤੇ, ਆਸਰਾ ਨਾ ਮਿਲਣ ਤੇ ਮਨੁੱਖ ਪਛਤਾਉਂਦਾ ਤੇ ਮਨ ਕਰਕੇ ਤਪਦਾ ਹੈ, ਪਰੇਸ਼ਾਨ ਹੁੰਦਾ ਹੈ। ਪਿਉ ਨੇ ਪੁੱਤਰ ਨੂੰ ਬੜੇ ਚਾਵਾਂ ਨਾਲ ਪਾਲਿਆ, ਆਸਾਂ ਬੰਨ੍ਹੀਆਂ ਕਿ ਜਦੋਂ ਮੈਂ ਬਜ਼ੁਰਗ ਹੋਵਾਂਗਾ, ਪੁੱਤਰ ਮੇਰੀ ਸੇਵਾ ਸੰਭਾਲ ਕਰੇਗਾ। ਸਮਾਂ ਆਇਆ, ਜੋ ਬਾਪੂ ਨੇ ਪੁੱਤਰ ਉੱਪਰ ਟੇਕ ਰਖੀ ਹੋਈ ਸੀ ਉਸ ਦੇ ਉਲਟ, ਪੁੱਤਰ ਬਾਪ ਨਾਲ ਬੱਦ-ਕਲਾਮੀ ਕਰਨ ਲੱਗ ਪਿਆ। ਪਿਉ ਰੋਟੀ ਤੋਂ ਵੀ ਆਤੁਰ, ਪੁੱਤਰ ਨੇ ਬਜ਼ੁਰਗ ਨੂੰ ਬਿਰਧ ਆਸ਼ਰਮ ਪੁਚਾ ਦਿੱਤਾ। ਪਿਉ ਦੀ ਆਸ ਟੁੱਟੀ, ਪਿਉ ਦਿਨ ਰਾਤ ਹਉਕੇ ਭਰਦਾ ਤਪੇ ਹੋਏ ਮਨ ਨਾਲ ਉਸੇ ਪੁੱਤਰ ਨੂੰ, ਜਿਸ ਲਈ ਉਹ ਦਿਨ ਰਾਤ ਪਰਮਾਤਮਾ ਅੱਗੇ ਅਰਦਾਸਾਂ ਕਰਦਾ ਸੀ, ਹੁਣ ਉਸੇ ਪੁੱਤਰ ਨੂੰ ਬੱਦ-ਦੁਆਵਾਂ ਦਿੰਦਾ ਹੈ। ਇਸੇ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਟੇਕ ਰੱਖਣ ਨਾਲ ਜੋ ਹਸ਼ਰ ਹੁੰਦਾ ਹੈ, ਉਹ ਬਚਨ ਜਨਮ ਸਾਖੀ ਕਰਤਾ ਨੇ ਜਨਮ ਸਾਖੀ ਅੰਦਰ ਅੰਕਿਤ ਕੀਤੇ ਹਨ :

**ਬੰਦੇ ਕੀ ਜੋ ਲੇਵੇ ਓਟ ॥ ਦੀਨ ਦੁਨੀਆ ਤਿਨ ਕਉ ਤੋਟਿ ॥**

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸੁਖਮਨੀ ਸਾਹਿਬ ਦੀ ਬਾਣੀ ਅੰਦਰ ਪਾਵਨ ਬਚਨ ਦਰਜ ਹਨ :

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥**

ਮ: ੫, ਪੰਨਾ ੨੮੧

---

੪. ਹੇ ਦਾਤਾਰ! ਮੈਨੂੰ ਆਪਣੇ ਨਾਮ ਦੀ ਵਸਤੂ ਹੀ ਪ੍ਰਦਾਨ ਕਰ, ਬਾਕੀ ਮਾਇਆਵੀ ਵਸਤੂਆਂ ਜੋ ਜ਼ਹਿਰ ਸਮਾਨ ਹਨ ਉਹ ਮੈਨੂੰ ਚੰਗੀਆਂ ਨਹੀਂ ਲੱਗਦੀਆਂ।

ਇਸੇ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਆਪਣਾ ਅਟੱਲ ਫੈਸਲਾ ਦਿੰਦੇ ਫੁਰਮਾਨ ਕਰਦੇ ਹਨ ਕਿ ਹੇ ਮਨੁੱਖ! ਜੇ ਪ੍ਰੇਸ਼ਾਨੀ ਤੇ ਦੁੱਖਾਂ ਤੋਂ ਨਿਜ਼ਾਤ ਤੇ ਸੁਖਾਂ ਦੀ ਪ੍ਰਾਪਤੀ ਦੀ ਲਾਲਸਾ ਹੈ ਤਾਂ ਤੂੰ ਪਰਮਾਤਮਾ ਦੀ ਟੇਕ, ਆਸਰਾ ਲੈ, ਫਿਰ ਤੂੰ ਦੁੱਖਾਂ ਤੋਂ ਵੀ ਬੱਚ ਜਾਵੇਗਾ ਅਤੇ ਪਰੇਸ਼ਾਨੀਆਂ ਦੀ ਤਪਸ਼ ਵੀ ਤੇਰਾ ਖਹਿੜਾ ਛੱਡ ਜਾਵੇਗੀ। ਸਤਿਗੁਰਾਂ ਦਾ ਫੁਰਮਾਨ ਹੈ :

**ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥**
**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨॥**

ਮ: ੫, ਪੰਨਾ ੫੧੮

ਆਸ ਕਿਸ ਦੀ ਕਰਨੀ ਹੈ ? ਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :

**ਜੇ ਮਨਿ ਚਿਤਿ ਆਸ ਰਖਹਿ ਹਰਿ ਊਪਰਿ**
**ਤਾ ਮਨ ਚਿੰਦੇ ਅਨੇਕ ਅਨੇਕ ਫਲ ਪਾਈ ॥**
**ਹਰਿ ਜਾਣੈ ਸਭੁ ਕਿਛੁ ਜੋ ਜੀਇ ਵਰਤੈ ਪ੍ਰਭੁ ਘਾਲਿਆ**
**ਕਿਸੈ ਕਾ ਇਕੁ ਤਿਲੁ ਨ ਗਵਾਈ ॥**
**ਹਰਿ ਤਿਸ ਕੀ ਆਸ ਕੀਜੈ ਮਨ ਮੇਰੇ**
**ਜੋ ਸਭ ਮਹਿ ਸੁਆਮੀ ਰਹਿਆ ਸਮਾਈ ॥੧॥**
**ਮੇਰੇ ਮਨ ਆਸਾ ਕਰਿ ਜਗਦੀਸ ਗੁਸਾਈ ॥**
**ਜੋ ਬਿਨੁ ਹਰਿ ਆਸ ਅਵਰ ਕਾਹੂ ਕੀ ਕੀਜੈ**
**ਸਾ ਨਿਹਫਲ ਆਸ ਸਭ ਬਿਰਥੀ ਜਾਈ ॥੧॥ ਰਹਾਉ ॥**
**ਜੋ ਦੀਸੈ ਮਾਇਆ ਮੋਹ ਕੁਟੰਬੁ ਸਭੁ ਮਤ**
**ਤਿਸ ਕੀ ਆਸ ਲਗਿ ਜਨਮੁ ਗਵਾਈ ॥**
**ਇਨ੍ ਕੈ ਕਿਛੁ ਹਾਥਿ ਨਹੀ ਕਹਾ ਕਰਹਿ ਇਹਿ ਬਪੁੜੇ**
**ਇਨ੍ ਕਾ ਵਾਹਿਆ ਕਛੁ ਨ ਵਸਾਈ ॥**
**ਮੇਰੇ ਮਨ ਆਸ ਕਰਿ ਹਰਿ ਪ੍ਰੀਤਮ ਅਪੁਨੇ ਕੀ**
**ਜੋ ਤੁਝੁ ਤਾਰੈ ਤੇਰਾ ਕੁਟੰਬੁ ਸਭੁ ਛਡਾਈ ॥੨॥**



**ਜੇ ਕਿਛੁ ਆਸ ਅਵਰ ਕਰਹਿ ਪਰਮਿਤ੍ਰੀ**
**ਮਤ ਤੂੰ ਜਾਣਹਿ ਤੇਰੈ ਕਿਤੈ ਕੰਮਿ ਆਈ ॥**
**ਇਹ ਆਸ ਪਰਮਿਤ੍ਰੀ ਭਾਉ ਦੂਜਾ ਹੈ**
**ਖਿਨ ਮਹਿ ਝੂਠੁ ਬਿਨਸਿ ਸਭ ਜਾਈ ॥**
**ਮੇਰੇ ਮਨ ਆਸਾ ਕਰਿ ਹਰਿ ਪ੍ਰੀਤਮ ਸਾਚੇ ਕੀ**
**ਜੋ ਤੇਰਾ ਘਾਲਿਆ ਸਭੁ ਥਾਇ ਪਾਈ ॥੩॥**

ਮ: ੪, ਪੰਨਾ ੮੫੯

## *ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥*

**ਅੱਖਰੀ-ਅਰਥ :** ਹਾੜ ਦੇ ਮਹੀਨੇ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਜੀਵਾਂ ਦੀਆਂ ਆਤਮਾਵਾਂ ਹਰ ਸਮੇਂ ਤਪਦੀਆਂ ਅਤੇ ਪਰੇਸ਼ਾਨ ਰਹਿੰਦੀਆਂ ਹਨ, ਜਿਨ੍ਹਾਂ ਜੀਵ-ਆਤਮਾਵਾਂ ਦੇ ਹਿਰਦੇ ਪ੍ਰਭੂ ਹੋਂਦ ਤੋਂ ਸੱਖਣੇ ਹਨ। ਭਾਵ ਜੋ ਪਰਮਾਤਮਾ ਤੋਂ ਵਿਛੁੜੇ ਹੋਏ ਹਨ।

**ਸੰਖੇਪ-ਵਿਚਾਰ :** ਪਰਮਾਤਮਾ ਦੀ ਆਪਾਂ ਅੰਸ਼ ਹਾਂ। ਪਰਮਾਤਮਾ ਸਾਡਾ ਮੂਲ ਹੈ। ਮੂਲ ਨਾਲ ਜੁੜਿਆਂ ਹੀ ਸਾਰਾ ਸੁੱਖ-ਅਨੰਦ ਪ੍ਰਾਪਤ ਹੁੰਦਾ ਹੈ। ਮੂਲ ਨਾਲੋਂ ਟੁੱਟ ਕੇ ਵਿਛੁੜ ਕੇ ਦੁੱਖ-ਪਰੇਸ਼ਾਨੀ ਤੇ ਖੁਆਰੀ ਹੀ ਪੱਲੇ ਪੈਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਅੰਦਰ ਫੁਰਮਾਨ ਹੈ ਕਿ ਜਿਹੜੇ ਜੀਵ ਆਪਣੇ ਮੂਲ ਪਰਮਾਤਮਾ ਤੋਂ ਵਿਛੁੜ ਜਾਂਦੇ ਹਨ, ਉਹ ਕਦੇ ਵੀ ਸੁਖ-ਅਨੰਦ ਪ੍ਰਾਪਤ ਨਹੀਂ ਕਰ ਸਕਦੇ। ਇਸ ਅਟੱਲ ਸੱਚਾਈ ਨੂੰ ਦਰਸਾਉਂਦਾ ਆਪ ਜੀ ਦਾ ਫੁਰਮਾਨ ਹੈ :

**ਜੋ ਜੀਅ ਹਰਿ ਤੇ ਵਿਛੁੜੇ ਸੇ ਸੁਖਿ ਨ ਵਸਨਿ ਭੈਣ ॥**
**ਹਰਿ ਪਿਰ ਬਿਨੁ ਚੈਨੁ ਨ ਪਾਈਐ ਖੋਜਿ ਡਿਠੇ ਸਭਿ ਗੈਣ ॥** ਮ: ੫, ਪੰਨਾ ੧੩੬

ਮੂਲ ਪਰਮਾਤਮਾ ਨਾਲੋਂ ਟੁੱਟ ਕੇ, ਵਿਛੁੜ ਕੇ ਤਾਂ ਬਾਬਾ ਫਰੀਦ ਜੀ ਦਾ ਫੁਰਮਾਨ ਹੀ ਮਨੁੱਖ ਉੱਪਰ ਲਾਗੂ ਹੁੰਦਾ ਹੈ। ਆਪ ਫੁਰਮਾਨ ਕਰਦੇ ਹਨ ਕਿ ਜਿਹੜਾ ਜੀਵ ਆਪਣੇ ਮੂਲ ਨਾਲੋਂ ਵਿਛੁੜ ਜਾਂਦਾ ਹੈ ਉਹ ਦਿਨ-ਰਾਤ ਤਪਦਾ ਹੈ, ਲੁੱਛਦਾ ਹੈ, ਅੱਗ ਵਾਂਗ ਸੜਦਾ ਪਛਤਾਵੇ ਅਧੀਨ ਹੱਥ ਮਲਦਾ ਹੈ। ਉਸਦੀ ਪਛਤਾਵੇ ਤੇ ਪ੍ਰੇਸ਼ਾਨੀ ਅਧੀਨ ਬੌਰਿਆਂ (ਸ਼ੁਦਾਈਆਂ) ਵਰਗੀ ਦਸ਼ਾ ਹੋ ਜਾਂਦੀ ਹੈ। ਆਪ ਜੀ ਦਾ

ਸੂਹੀ ਰਾਗ ਅੰਦਰ ਫੁਰਮਾਨ ਹੈ :

**ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥ ਬਾਵਲਿ ਹੋਈ ਸੋ ਸਹੁ ਲੋਰਉ ॥**

ਫਰੀਦ ਜੀ, ਪੰਨਾ ੭੯੪

ਉਸ ਦੀ ਤਾਂ "**ਪਿਰਹਿ ਬਿਹੂਨ ਕਤਹਿ ਸੁਖੁ ਪਾਏ**" ਵਾਲੀ ਅਵਸਥਾ ਬਣ ਜਾਂਦੀ ਹੈ।

## *ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥*

**ਅੱਖਰੀ-ਅਰਥ :** ਤਪਦੇ ਹਨ ਉਹ ਹਿਰਦੇ ਜਿਨ੍ਹਾਂ ਨੇ ਜਗਤ ਨੂੰ ਜੀਵਨ ਦੇਣ ਵਾਲੇ ਪ੍ਰਮਾਤਮਾ ਦੀ ਟੇਕ ਅਤੇ ਆਸਰਾ ਤਿਆਗ ਕੇ ਮਨੁੱਖ ਦਾ ਆਸਰਾ ਤੇ ਆਸ ਧਾਰਨ ਕੀਤੀ ਹੈ।

**ਸੰਖੇਪ-ਵਿਚਾਰ :** ਮਨੁੱਖ ਦੁਖੀ ਉਸ ਸਮੇਂ ਹੁੰਦਾ ਹੈ ਜਦੋਂ ਜਗਤ ਦੇ ਜੀਵਨ ਦੇਣ ਵਾਲੇ ਪਰਮਾਤਮਾ ਦੀ ਟੇਕ, ਭਰੋਸਾ ਤਿਆਗ ਕੇ ਨਾਸ਼ਵੰਤ ਮਨੁੱਖ ਦੀ ਓਟ ਅਤੇ ਆਸਰਾ ਲੈ ਲੈਂਦਾ ਹੈ। ਸਤਿਗੁਰਾਂ ਨੇ ਗੁਰਬਾਣੀ ਅੰਦਰ ਬਾਰੰਬਾਰ ਮਨੁੱਖ ਦੀ ਟੇਕ ਨੂੰ ਬੇ-ਆਸਰਾ ਤੇ ਨਾਸ਼ਵੰਤ ਦਰਸਾ ਕੇ ਸਰਬ-ਸਮਰੱਥ ਪਰਮਾਤਮਾ ਦੀ ਟੇਕ ਤੇ ਆਸ ਰੱਖਣ ਲਈ ਪ੍ਰੇਰਨਾ ਦਿੱਤੀ ਹੈ। ਗੁਰੂ ਰਾਮਦਾਸ ਜੀ ਦਾ ਗੌਂਡ ਰਾਗ ਅੰਦਰ ਪਾਵਨ ਬਚਨ ਹੈ :

**ਜੇ ਹਰਿ ਤਿਆਗਿ ਅਵਰ ਕੀ ਆਸ ਕੀਜੈ ਤਾ ਹਰਿ ਨਿਹਫਲ ਸਭ ਘਾਲ ਗਵਾਸਾ ॥**

**ਮੇਰੇ ਮਨ ਹਰਿ ਸੇਵਿਹੁ ਸੁਖਦਾਤਾ ਸੁਆਮੀ ਜਿਸੁ ਸੇਵਿਐ ਸਭ ਭੁਖ ਲਹਾਸਾ ॥**

ਮ: ੪, ਪੰਨਾ ੮੬੦

ਕਿਉਂਕਿ ਸਤਿਗੁਰਾਂ ਦੇ ਫੁਰਮਾਨ ਅਨੁਸਾਰ :

**ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ[1] ਸੁਆਇ ਮਿਲਾਸਾ ॥**

**ਜਿਤੁ ਦਿਨਿ[2] ਉਨ੍ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ[3] ਕੋ ਨ ਢੁਕਾਸਾ ॥**

ਮ: ੪, ਪੰਨਾ ੮੬੦

ਜਦੋਂ ਔਖੇ ਮੌਕੇ ਨੇੜੇ ਕੋਈ ਨਾ ਢੁੱਕਿਆ, ਉਸ ਵੇਲੇ ਦੁੱਖ ਤੇ ਪਰੇਸ਼ਾਨੀ ਮਹਿਸੂਸ ਹੋਵੇਗੀ। ਇਸ ਲਈ ਜਗਤ ਦੇ ਜੀਵਨ ਦਾਤਾ ਪਰਮਾਤਮਾ ਨੂੰ ਛੱਡ ਕੇ ਮਨੁੱਖ ਦੀ ਟੇਕ ਤੇ ਆਸ ਨਾ ਰੱਖ। ਜੇ ਟੇਕ ਤੇ ਆਸ ਰੱਖਣੀ ਹੈ ਤਾਂ ਆਪਣੀ ਸਿਆਣਪ ਚਤੁਰਾਈ ਤਿਆਗ ਕੇ, ਇੱਕ ਪਰਮਾਤਮਾ ਦੀ ਆਸ ਰੱਖ। ਪਰਮਾਤਮਾ ਦੀ ਟੇਕ ਤੇ

੧. ਆਪਣੇ ਮਤਲਬ ਵਾਸਤੇ ਮਿਲਦੇ ਹਨ। ੨. ਜਿਸ ਦਿਨ ਉਨ੍ਹਾਂ ਦਾ ਮਤਲਬ ਪੂਰਾ ਨਹੀਂ ਹੋਵੇਗਾ। ੩. ਉਸ ਦਿਨ ਉਹ ਤੇਰੇ ਨੇੜੇ ਨਹੀਂ ਢੁਕਣਗੇ।



ਆਸ ਰੱਖਣ ਨਾਲ ਤੇਰੇ ਸਾਰੇ ਦੁੱਖ ਤੇ ਡਰ ਦੂਰ ਹੋ ਜਾਣਗੇ ਅਤੇ ਅਗਿਆਨ ਭਰਮ ਵੀ ਨਾਸ਼ ਹੋ ਜਾਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਤਜਹੁ ਸਿਆਨਪ ਸੁਰਿ ਜਨਹੁ ਸਿਮਰਹੁ ਹਰਿ ਹਰਿ ਰਾਇ ॥**

**ਏਕ ਆਸ ਹਰਿ ਮਨਿ ਰਖਹੁ ਨਾਨਕ ਦੂਖੁ ਭਰਮੁ ਭਉ ਜਾਇ ॥੧॥**

ਸੁਖਮਨੀ ਮ: ੫, ਪੰਨਾ ੨੮੧

ਹੇ ਜੀਵ ਆਤਮਾ! ਇੱਕ ਦੀ ਟੇਕ ਤੇ ਆਸ ਰੱਖ, ਇੱਕ ਤੋਂ ਬਿਨਾਂ ਹੋਰ ਸਾਰੀਆਂ ਟੇਕ ਤੇ ਆਸ਼ਾਵਾਂ ਦਾ ਤਿਆਗ ਕਰ ਦੇਹ। ਇੱਕ ਦਾ ਚਿੰਤਨ ਕਰ, ਤੇਰੇ ਸਾਰੇ ਕਾਰਜ ਰਾਸ ਹੋ ਜਾਣਗੇ :

**ਧਰ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ ॥**

**ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ ॥੩੫॥** ਮ: ੫, ਪੰਨਾ ੨੫੭

ਹੇ ਜੀਵ! ਗੁਰੂ ਦੀ, ਪਰਮਾਤਮਾ ਦੀ ਟੇਕ ਲੈ ਕੇ, ਜਿੱਥੇ ਸੰਸਾਰਿਕ ਦੁੱਖਾਂ ਤੇ ਪਰੇਸ਼ਾਨੀਆਂ ਤੋਂ ਤੂੰ ਬਚ ਜਾਵੇਗਾ, ਉੱਥੇ ਪ੍ਰਭੂ ਦਰਗਾਹ ਅੰਦਰ ਵੀ ਤੈਨੂੰ ਮਾਣ-ਸਤਿਕਾਰ ਪ੍ਰਾਪਤ ਹੋਵੇਗਾ। ਸਤਿਗੁਰੂ ਅਰਜਨ ਦੇਵ ਜੀ ਰਾਮਕਲੀ ਰਾਗ ਅੰਦਰ ਗੁੰਟੀ ਦਿੰਦੇ ਹਨ :

**ਗੁਰ ਕੀ ਹਰਿ ਟੇਕ ਟਿਕਾਇ ॥ ਅਵਰ ਆਸਾ ਸਭ ਲਾਹਿ ॥**

**ਹਰਿ ਕਾ ਨਾਮੁ ਮਾਗੁ ਨਿਧਾਨੁ ॥ ਤਾ ਦਰਗਹ ਪਾਵਹਿ ਮਾਨੁ ॥੩॥**

ਮ: ੫, ਪੰਨਾ ੮੯੫

ਸੋ ਸਾਰੀਆਂ ਪਰੇਸ਼ਾਨੀਆਂ, ਬੇਚੈਨੀਆਂ ਦਾ ਕਾਰਣ ਪਰਮਾਤਮਾ ਨੂੰ ਭੁੱਲਣਾ ਤੇ ਮਨੁੱਖ ਦੀ ਆਸ ਰੱਖਣੀ ਹੈ। ਇਸ ਦੇ ਉਲਟ ਸਾਰੇ ਲੋਕ-ਪ੍ਰਲੋਕ ਦੇ ਸੁੱਖ, ਸਰਬ ਕਾਰਜਾਂ ਦੀ ਰਾਸਤਾ, ਪ੍ਰਭੂ ਦੀ ਟੇਕ ਆਸਰਾ ਲੈਣ ਤੇ ਉਸ ਨੂੰ ਹਮੇਸ਼ਾ ਆਪਣੀ ਸਿਮ੍ਰਤੀ ਅੰਦਰ ਟਿਕਾਉਣ ਦੁਆਰਾ ਹੀ ਪ੍ਰਾਪਤ ਹੁੰਦੇ ਹਨ।

## *ਦੂਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥*

**ਅੱਖਰੀ-ਅਰਥ :** ਜਿਹੜੇ ਮਨੁੱਖ ਇਕ ਪਰਮਾਤਮਾ ਨੂੰ ਛੱਡ ਕੇ ਹੋਰਨਾਂ ਨਾਲ ਆਪਣੀ ਪ੍ਰੀਤੀ ਪਾ ਲੈਂਦੇ ਹਨ, ਉਨ੍ਹਾਂ ਦਾ ਜੀਵਨ ਦੁਬਿਧਾ ਅਤੇ ਦ੍ਵੈਤ ਵਿੱਚ ਬੀਤਦਾ ਹੈ। ਅਜਿਹੇ ਮਨੁੱਖਾਂ ਨੂੰ ਜੀਵਨ ਵਿੱਚ ਖੱਜਲ-ਖੁਆਰੀ ਤੋਂ ਸਿਵਾ ਕੁਝ ਵੀ ਪ੍ਰਾਪਤ ਨਹੀਂ ਹੁੰਦਾ। ਦੁਬਿਧਾ ਅਤੇ ਦ੍ਵੈਤ ਵਾਲੇ ਜੀਵਨ ਅਧੀਨ ਵਿਚਰਨ ਸਦਕਾ ਉਨ੍ਹਾਂ ਨੂੰ ਜ਼ਿੰਦਗੀ

ਵਿੱਚ ਕਦੇ ਵੀ ਲਾਹਾ ਪ੍ਰਾਪਤ ਨਹੀਂ ਹੁੰਦਾ। ਉਹ ਹਮੇਸ਼ਾਂ ਤੋਟੇ (ਘਾਟੇ) ਵਾਲੇ ਕਰਮ ਹੀ ਕਰਦੇ ਹਨ, ਜਿਸ ਕਾਰਨ ਅੰਤ ਸਮੇਂ ਉਨ੍ਹਾਂ ਦੇ ਗਲ ਵਿੱਚ ਜਮਾਂ ਦੀ ਫਾਹੀ ਹੀ ਪੈਂਦੀ ਹੈ।

**ਸੰਖੇਪ-ਵਿਚਾਰ :** ਗੁਰੂ ਸਾਹਿਬਾਂ ਦੇ ਫੁਰਮਾਨ ਦੀ ਅਟੱਲ ਸੱਚਾਈ ਨੂੰ ਸਾਕਾਰ ਕਰਦਾ ਅਖਾਣ ਵੀ ਲੁਕਾਈ ਅੰਦਰ ਪ੍ਰਚਲਤ ਹੈ ਕਿ "**ਦੁਬਿਧਾ ਵਿੱਚ ਦੋਨੋ ਗਏ ਮਾਇਆ ਮਿਲੀ ਨਾ ਰਾਮ**" ਦੁਚਿੱਤੀ, ਦੁਬਿਧਾ ਵਿੱਚ ਗ੍ਰਸਿਆ ਮਨੁੱਖ ਚਾਹੇ ਉਹ ਸੰਸਾਰ ਵੱਲ ਪੈਰ ਰੱਖੇ, ਚਾਹੇ ਉਹ ਨਿਰੰਕਾਰ ਵਾਲੇ ਪਾਸੇ ਪੈਰ ਧਰੇ, ਉਸ ਨੂੰ ਸਫ਼ਲਤਾ ਨਹੀਂ ਮਿਲਦੀ। ਕਿਉਂਕਿ ਜੇ ਉਹ ਸੰਸਾਰ ਵਾਲੇ ਪਾਸੇ ਸਫ਼ਲਤਾ ਪ੍ਰਾਪਤ ਕਰਨ ਲਈ ਉੱਦਮ ਕਰਦਾ ਹੈ ਤਾਂ ਦੁਬਿਧਾ ਅਧੀਨ ਉਸ ਦੇ ਮਨ ਵਿੱਚ ਖਿਆਲ ਆਉਣ ਲੱਗ ਜਾਂਦਾ ਕਿ ਇਸ ਸੰਸਾਰ ਦੀ ਧਨ ਸੰਪਦਾ ਨੇ ਇੱਥੇ ਰਹਿ ਜਾਣਾ ਹੈ। ਮਾਇਆ ਨੇ ਜੀਵ-ਆਤਮਾ ਦਾ ਸਾਥ ਨਹੀਂ ਦੇਣਾ। ਇਸੇ ਸੋਚ ਅਧੀਨ ਉਹ ਸੰਸਾਰਿਕ ਉੱਦਮ ਨੂੰ ਛੱਡ ਕੇ ਨਿਰੰਕਾਰ ਵਾਲੇ ਮਾਰਗ ਤੇ ਤੁਰਨਾ ਅਰੰਭ ਕਰ ਦਿੰਦਾ ਹੈ। ਜਿਸ ਕਰਕੇ ਸੰਸਾਰਿਕ ਮਾਇਆ ਦੀ ਤੰਗੀ ਆਉਣੀ ਸੁਭਾਵਿਕ ਹੈ। ਮਾਇਕ-ਤੰਗੀ ਅਧੀਨ ਮੁੜ ਉਹ ਨਿਰੰਕਾਰੀ ਮਾਰਗ ਨੂੰ ਛੱਡ ਕੇ ਸੰਸਾਰੀ ਕੰਮਾਂ-ਧੰਧਿਆਂ ਵਿੱਚ ਪਰਵਿਰਤ ਹੋ ਜਾਂਦਾ ਹੈ। ਇਸੇ ਤਰ੍ਹਾਂ ਕਦੀ ਸੰਸਾਰ ਦਾ, ਕਦੀ ਨਿਰੰਕਾਰ ਦਾ ਮਾਰਗ ਫੜਦਿਆਂ, ਸਫ਼ਲਤਾ ਕਿਸੇ ਪਾਸੇ ਵੀ ਪ੍ਰਾਪਤ ਨਹੀਂ ਕਰਦਾ। ਆਖ਼ਿਰ ਦੁਬਿਧਾ-ਗ੍ਰਸਿਆ ਮਨੁੱਖ ਦੋਵਾਂ ਪਾਸਿਆਂ ਤੋਂ ਅਸਫਲ, ਜੀਵਨ ਬਤੀਤ ਕਰਦਾ ਨਿਰਾਸ਼ਾਵਾਦੀ ਸੋਚ ਵਿੱਚ ਦੁੱਖ ਭੋਗਦਾ ਹਾਇ-ਹਾਇ ਕਰਦਾ ਇਸ ਸੰਸਾਰ ਤੋਂ ਤੁਰ ਜਾਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :

**ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥**

**ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥**

**ਮਾਇਆ ਦੁਖਿ ਮੋਹਿਆ ਹਉਮੈ ਰੋਹਿਆ ਮੇਰੀ ਮੇਰੀ ਕਰਤ ਵਿਹਾਵਏ ॥**

**ਜੋ ਪ੍ਰਭੁ ਦੇਇ ਤਿਸੁ ਚੇਤੈ ਨਾਹੀ ਅੰਤਿ ਗਇਆ ਪਛੁਤਾਵਏ ॥**

**ਬਿਨੁ ਨਾਵੈ ਕੋ ਸਾਥਿ ਨ ਚਾਲੈ ਪੁਤ੍ਰ ਕਲਤ੍ਰ ਮਾਇਆ ਧੋਹਿਆ ॥**

**ਦੂਜੈ ਭਾਇ ਦੁਖੁ ਹੋਇ ਮਨਮੁਖਿ ਜਮਿ ਜੋਹਿਆ ਜੀਉ ॥੪॥** ਮ: ੪, ਪੰਨਾ ੬੯੦

ਦੁਬਿਧਾ ਵਿੱਚ ਫੱਸਿਆ ਮਨੁੱਖ ਨਾ ਸੰਸਾਰੀ ਕਾਰਜ ਵਿੱਚ ਤੇ ਨਾ ਪ੍ਰਮਾਰਥੀ



ਮਾਰਗ ਵਿੱਚ ਸਫ਼ਲਤਾ ਪ੍ਰਾਪਤ ਕਰਦਾ ਹੈ ਸਗੋਂ ਅਮੋਲਕ ਮਨੁੱਖਾ ਜਨਮ ਨੂੰ ਬਿਅਰਥ ਗੁਆ ਕੇ ਤੁਰ ਜਾਂਦਾ ਹੈ। ਸਤਿਗੁਰੂ ਅਮਰਦਾਸ ਜੀ ਦਾ ਵਡਹੰਸ ਰਾਗ ਅੰਦਰ ਫੁਰਮਾਨ ਹੈ :

**ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥**

**ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥**ਮ: ੩, ਪੰਨਾ ੫੯੧

ਦ੍ਵੈਤ ਭਾਵ ਵਿੱਚ ਗ੍ਰਸੇ ਮਨੁੱਖ ਦੀ ਪ੍ਰਮਾਤਮਾ ਨਾਲ ਵੀ ਲਿਵ ਨਹੀਂ ਜੁੜਦੀ ਕਿਉਂਕਿ ਪ੍ਰਮਾਤਮਾ ਪ੍ਰਤੀ ਉਹ ਸ਼ੱਕੀ ਬ੍ਰਿਤੀ ਦਾ ਧਾਰਨੀ ਹੁੰਦਾ ਹੈ। ਥੋੜ੍ਹਾ ਸਮਾਂ ਪਰਮਾਤਮਾ ਨੂੰ ਸੱਤ ਮੰਨਦਾ ਹੈ, ਦੁਬਿਧਾ ਅਧੀਨ ਕੁਝ ਸਮੇਂ ਬਾਅਦ ਪਰਮਾਤਮਾ ਦੀ ਹੋਂਦ ਉੱਪਰ ਵੀ ਸ਼ੱਕੀ ਬਿਰਤੀ ਧਾਰਨ ਕਰ ਲੈਂਦਾ। ਜਿਸ ਕਰਕੇ ਉਸ ਉੱਪਰ "**ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ**" ਦਾ ਫੁਰਮਾਨ ਅਵੱਸ਼ ਲਾਗੂ ਹੋ ਜਾਂਦਾ ਹੈ। ਦ੍ਵੈਤ ਭਾਵ ਰੱਖਣ ਵਾਲੇ ਦੇ ਜਪ, ਤਪ, ਬਰਤ, ਪੂਜਾ ਸਭ ਨਿਸ਼ਫਲ ਚਲੇ ਜਾਂਦੇ ਹਨ। ਬਾਬਾ ਕਬੀਰ ਜੀ ਫੁਰਮਾਨ ਕਰਦੇ ਹਨ :

**ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥ ਜਾ ਕੈ ਰਿਦੈ ਭਾਉ ਹੈ ਦੂਜਾ ॥**

ਕਬੀਰ ਜੀ, ਪੰਨਾ ੩੨੪

ਕੈਸਾ ਹੈ, ਨਾ-ਮੁਰਾਦ ਦ੍ਵੈਤ ਭਾਵ ? ਜੋ ਲੋਕ ਪ੍ਰਲੋਕ ਦੋਵੇਂ ਨਸ਼ਟ ਕਰ ਦਿੰਦਾ ਹੈ।

## *ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥*

**ਅੱਖਰੀ-ਅਰਥ :** ਜਿਵੇਂ ਕਿਰਸਾਣ ਧਰਤੀ ਵਿੱਚ ਜਿਹੋ ਜਿਹੀ ਫਸਲ ਦੇ ਬੀਜ ਬੀਜਦਾ ਹੈ, ਸਮਾਂ ਪਾ ਕੇ ਉਸੇ ਬੀਜਾਂ ਦੀ ਫਸਲ ਹੀ ਉਸ ਨੂੰ ਪ੍ਰਾਪਤ ਹੁੰਦੀ ਹੈ। ਤਿਵੇਂ ਕੁਦਰਤ ਦੇ ਧਰਮ ਨਿਆਉ ਅਧੀਨ ਮਨੁੱਖ ਜੋ ਇਸ ਸਰੀਰ ਨਾਲ ਚੰਗੇ ਜਾਂ ਮਾੜੇ ਕਰਮ ਕਰਦਾ ਹੈ, ਉਨ੍ਹਾਂ ਕੀਤੇ ਹੋਏ ਕਰਮਾਂ ਦਾ ਫਲ ਫਿਰ ਦੁੱਖ ਜਾਂ ਸੁੱਖ ਦੇ ਰੂਪ ਵਿੱਚ ਕਰਮ-ਕਰਤਾ ਮਨੁੱਖ ਨੂੰ ਹੀ ਭੋਗਣਾ ਪੈਂਦਾ ਹੈ। ਪਿੱਛਲੇ ਕੀਤੇ ਹੋਏ ਕਰਮਾਂ ਦੇ ਲੇਖ ਮਨੁੱਖ ਹੁਣ ਭੁਗਤ ਰਿਹਾ ਹੈ ਅਤੇ ਜੋ ਹੁਣ ਚੰਗੇ ਜਾਂ ਮਾੜੇ ਕਰਮ ਮਨੁੱਖ ਕਰ ਰਿਹਾ ਹੈ, ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਕਰਮਾਂ ਨੇ ਹੀ ਪੂਰਬ ਕਮਾਈ ਦੇ ਲੇਖ ਬਣ ਜਾਣਾ ਹੈ ਅਤੇ ਮੁੜ ਇਨ੍ਹਾਂ ਪੂਰਬ-ਕਮਾਈ ਦੇ ਲੇਖਾਂ ਨੂੰ ਕਰਮ ਕਰਤਾ ਮਨੁੱਖ ਨੇ ਹੀ ਭੋਗਣਾ ਹੈ।

**ਸੰਖੇਪ-ਵਿਚਾਰ :** ਸਤਿਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਅੰਦਰ ਫੁਰਮਾਨ ਕੀਤਾ ਹੈ। ਹੇ ਮਨੁੱਖ! ਦੁੱਖ ਦਾ ਸਮਾਂ ਆਉਣ ਤੇ ਕਿਸੇ ਨੂੰ ਦੋਸ਼ੀ ਨਾ ਠਹਿਰਾ, ਸੰਸਾਰ ਅੰਦਰ ਦੁੱਖ-ਸੁੱਖ ਤੇਰੇ ਆਪਣੇ ਮੰਦੇ-ਚੰਗੇ ਕਰਮਾਂ ਨੂੰ ਹੀ ਫਲ ਲਗ ਰਹੇ ਹਨ। ਜਿਹੋ ਜਿਹੇ ਪਿਛਲੇ ਜਨਮ ਵਿੱਚ ਚੰਗੇ ਜਾਂ ਮਾੜੇ ਕਰਮ ਤੂੰ ਕੀਤੇ ਹਨ, ਉਨ੍ਹਾਂ ਕੀਤੇ ਹੋਏ ਕਰਮਾਂ ਦਾ ਫਲ ਹੀ ਤੈਨੂੰ ਇਸ ਜਨਮ ਵਿੱਚ ਪ੍ਰਾਪਤ ਹੋ ਰਿਹਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**

**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥**

ਮ: ੧, ਪੰਨਾ ੪੩੩

ਸਤਿਗੁਰੂ ਰਾਮਦਾਸ ਜੀ ਦਾ ਗਉੜੀ ਦੀ ਵਾਰ ਅੰਦਰ ਫੁਰਮਾਨ ਦਰਜ ਹੈ। ਜਿਹੋ ਜਿਹਾ ਕਿਸੇ ਪ੍ਰਾਣੀ ਨੇ ਪਿਛਲੇ ਜਨਮ ਵਿੱਚ ਕਰਮਾਂ ਦਾ ਬੀਜ ਬੋਇਆ ਹੈ। ਉਨ੍ਹਾਂ ਚੰਗੇ ਜਾਂ ਮਾੜੇ ਕਰਮ-ਬੀਜਾਂ ਦੀ ਫਸਲ ਉਹ ਪ੍ਰਾਣੀ ਵਰਤਮਾਨ ਸਮੇਂ ਵਿੱਚ ਵੱਢ ਰਿਹਾ ਹੈ :

**ਜੈਸਾ ਬੀਜੇ ਸੋ ਲੁਣੈ ਜੇਹਾ ਪੁਰਬਿ ਕਿਨੈ ਬੋਇਆ॥** ਮ: ੪, ਪੰਨਾ ੩੦੯

ਇਸੇ ਕਰਕੇ ਸਾਰੀ ਗੁਰਬਾਣੀ ਅੰਦਰ ਸਤਿਗੁਰਾਂ ਨੇ ਸੁਚੇਤ ਕੀਤਾ ਹੈ। ਹੇ ਪ੍ਰਾਣੀ! ਕਰਮ ਕਰਨ ਲੱਗਿਆਂ ਬਹੁਤ ਸੁਚੇਤ ਹੋ ਕੇ ਕਰਮ ਕਰ, ਕੀਤੇ ਕਰਮਾਂ ਦਾ ਤੈਨੂੰ ਹੀ ਭੁਗਤਾਨ ਕਰਨਾ ਪੈਣਾ ਹੈ :

**ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ॥** ਮ:੧ ਪੰਨਾ ੪੬੮

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਆਸਾ ਜੀ ਦੀ ਵਾਰ ਅੰਦਰ ਬਹੁਤ ਹੀ ਸਿਖਿਆਦਾਇਕ ਪੰਕਤੀਆਂ ਉਚਾਰ ਕੇ ਸਾਨੂੰ ਜੀਵਾਂ ਨੂੰ ਜੀਵਨ-ਸੇਧ ਪ੍ਰਦਾਨ ਕੀਤੀ ਹੈ। ਆਪ ਫੁਰਮਾਨ ਕਰਦੇ ਹਨ ਕਿ ਹੇ ਪ੍ਰਾਣੀ! ਜੇ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਆਪ ਹੀ ਭੁਗਤਣਾ ਹੈ ਤਾਂ ਫਿਰ ਮਾੜਾ ਕਰਮ ਕਦਾਚਿਤ ਨਹੀਂ ਕਰਨਾ ਚਾਹੀਦਾ ਸਗੋਂ ਦੀਰਘ-ਦ੍ਰਿਸ਼ਟੀ ਨਾਲ ਵਿਚਾਰ ਕਰਕੇ, ਮਾੜੇ ਕਰਮਾਂ ਨੂੰ ਸਦਾ ਲਈ ਤਿਆਗ ਦੇਣਾ ਚਾਹੀਦਾ ਹੈ। ਆਪ ਫੁਰਮਾਨ ਕਰਦੇ ਹਨ :

**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥**

**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥** ਪਉੜੀ, ਪੰਨਾ ੪੭੪



## *ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ॥*

**ਅੱਖਰੀ-ਅਰਥ :** ਪ੍ਰਮਾਤਮਾ ਨੂੰ ਭੁੱਲ ਕੇ, ਦੂਈ-ਦ੍ਵੈਤ ਵਿੱਚ ਵਿਚਰਦਿਆਂ, ਭਟਕਦਿਆਂ ਪ੍ਰੇਸ਼ਾਨੀ ਵਿੱਚ ਹੀ ਮਨੁੱਖ ਦੀ ਸਾਰੀ ਉਮਰ ਬਤੀਤ ਹੋ ਜਾਂਦੀ ਹੈ। ਜਦੋਂ ਅੰਤ ਦਾ ਸਮਾਂ ਸਿਰ ਤੇ ਆ ਖਲੋਂਦਾ ਹੈ ਤਾਂ ਜੀਵ ਆਤਮਾ ਪਛਤਾਉਂਦੀ, ਹਾਵੇ-ਹਉਕੇ ਭਰਦੀ ਨਿਰਾਸ਼ਤਾ ਤੇ ਮਯੂਸੀ ਨਾਲ ਭਰੀ ਇਸ ਸੰਸਾਰ ਤੋਂ ਤੁਰ ਜਾਂਦੀ ਹੈ।

**ਸੰਖੇਪ-ਵਿਚਾਰ :** ਅਮੋਲਕ ਮਨੁੱਖਾ ਜਨਮ, ਪਰਮਾਤਮਾ ਨੇ ਨਾਮ ਜਪਣ ਤੇ ਪ੍ਰਭੂ ਰੰਗ ਮਾਨਣ ਵਾਸਤੇ ਪ੍ਰਦਾਨ ਕੀਤਾ ਸੀ। ਜੀਵ-ਆਤਮਾ, ਮਨੁੱਖਾ ਜਨਮ ਦੇ ਵਸੀਲੇ ਨਾਲ ਪਰਮਾਤਮਾ ਦੇ ਨਾਮ ਜਪ ਦਾ ਲਾਹਾ ਪ੍ਰਾਪਤ ਨਾ ਕਰ ਸਕੀ। ਸਵਾਸਾਂ ਦੀ ਰਾਸ ਜੋ ਪਰਮਾਤਮਾ ਨੇ ਬਖਸ਼ਿਸ਼ ਕੀਤੀ ਸੀ, ਉਹ ਸਮਾਪਤ ਹੋ ਗਈ। ਜੀਵ ਰੂਪ ਇਸਤ੍ਰੀ ਹੁਣ ਪਛਤਾਵੇ ਅਧੀਨ ਹੱਥ ਮਲਦੀ ਤੇ ਸਿਰ ਧੁਣਦੀ, ਨਿਰਾਸ਼ਾ ਵਿੱਚ ਗ੍ਰੱਸੀ ਇਸ ਸੰਸਾਰ ਤੋਂ ਤੁਰ ਗਈ। ਸਤਿਗੁਰੂ ਨਾਨਕ ਦੇਵ ਜੀ ਦਾ ਤਿਲੰਗ ਰਾਗ ਅੰਦਰ ਪਾਵਨ ਬਚਨ ਅੰਕਤ ਹੈ :

**ਜਿਨਿ ਰੰਗਿ ਕੰਤੁ ਨ ਰਾਵਿਆ ਸਾ ਪਛੋ ਰੇ ਤਾਣੀ॥**

**ਹਾਥ ਪਛੋੜੈ ਸਿਰੁ ਧੁਣੈ ਜਬ ਰੈਣਿ ਵਿਹਾਣੀ॥** ਮ: ੧, ਪੰਨਾ ੭੨੫

ਭਗਤ ਬੇਣੀ ਜੀ, ਸਾਨੂੰ ਗਫਲਤ ਦੀ ਨੀਂਦ ਵਿੱਚ ਗਲਤਾਨ ਹੋਇਆਂ ਜੀਵਾਂ ਨੂੰ ਸਾਵਧਾਨ ਕਰਨ ਵਾਸਤੇ ਬੜੇ ਹੀ ਜ਼ੋਰਦਾਰ ਸ਼ਬਦਾਂ ਵਿੱਚ ਡਾਂਟ ਪਾ ਕੇ, ਇਸ ਸੰਸਾਰ ਵਿੱਚੋਂ ਨਿਰਾਸ਼ਾ ਅਤੇ ਪਛਤਾਵੇ ਅਧੀਨ ਤੁਰ ਜਾਣ ਤੋਂ ਬਚਾਉਣ ਵਾਸਤੇ ਉਪਦੇਸ਼ ਪ੍ਰਦਾਨ ਕਰਦੇ ਫੁਰਮਾਉਂਦੇ ਹਨ ਕਿ ਹੇ ਮੂਰਖ ਜੀਵ ਆਤਮਾ! ਤੂੰ ਕਿਉਂ ਖੋਟੀ ਮਤ ਅਧੀਨ ਮਾਇਆ ਦੇ ਭਰਮ ਵਿੱਚ ਪੈ ਕੇ ਭੁਲੇਖਾ ਖਾ ਰਿਹਾ ਹੈਂ। ਖੋਟੀ ਮਤ ਦਾ ਤਿਆਗ ਕਰਕੇ ਪਰਮਾਤਮਾ ਦਾ ਸਿਮਰਨ ਕਰਿਆ ਕਰ। ਜੇ ਤੂੰ ਪਰਮਾਤਮਾ ਦਾ ਸਿਮਰਨ ਨਹੀਂ ਕਰੇਗਾ ਯਾਦ ਰਖੀਂ, ਮਾੜੇ ਕਰਮਾਂ ਦੇ ਭੁਗਤਾਨ ਲਈ ਤੈਨੂੰ ਜਮਪੁਰੀ ਵਿੱਚ ਲਿਜਾਇਆ ਜਾਵੇਗਾ। ਫਿਰ ਤੈਨੂੰ ਪਛਤਾਵੇ ਦਾ ਸੱਲ ਬਹੁਤ ਪਰੇਸ਼ਾਨ ਕਰੇਗਾ। ਪਰ ਤੂੰ ਮਾਇਆ ਦੀ ਗਫਲਤ ਵਿੱਚ ਇੰਨਾ ਘੂਕ ਸੁੱਤਾ ਪਿਆ ਹੈ ਕਿ ਤੂੰ ਕਿਸੇ ਦੀ ਸੁਣਦਾ ਹੀ ਨਹੀਂ ਤੇ ਸਿਮਰਨ-ਹੀਨ ਬਿਅਰਥ ਜੀਵਨ ਬਤੀਤ ਕਰ ਰਿਹਾ ਹੈ :

**ਫਿਰਿ ਪਛੁਤਾਵਹਿਗਾ ਮੂੜਿਆ ਤੂੰ ਕਵਨ ਕੁਮਤਿ ਭ੍ਰਮਿ ਲਾਗਾ॥**

**ਚੇਤਿ ਰਾਮੁ ਨਾਹੀ ਜਮ ਪੁਰਿ ਜਾਹਿਗਾ ਜਨੁ ਬਿਚਰੈ ਅਨਰਾਧਾ॥ ਰਹਾਉ॥**

ਸ੍ਰੀ ਬੇਣੀ ਜੀ, ਪੰਨਾ ੯੩

ਇਸ ਲਈ **"ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ"** ਪਛਤਾਵੇ ਅਤੇ ਨਿਰਾਸ਼ਾ ਦੇ ਦੁੱਖ ਤੋਂ ਨਿਜ਼ਾਤ ਪ੍ਰਾਪਤ ਕਰਨ ਲਈ ਗੁਰੂ ਅਗਵਾਈ ਵਿੱਚ ਸਾਨੂੰ ਜੀਵਾਂ ਨੂੰ ਆਪਣੇ ਭਲੇ ਲਈ, ਬਾਬਾ ਕਬੀਰ ਜੀ ਦੇ ਫ਼ੁਰਮਾਨ ਨੂੰ ਆਪਣੇ ਜੀਵਨ ਵਿੱਚ ਘਟਾਉਣ ਦਾ ਯਤਨ ਕਰਨਾ ਚਾਹੀਦਾ ਹੈ ਕਿ—

**ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥**

**ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥੪੧॥**

ਭਗਤ ਕਬੀਰ ਜੀ, ਪੰਨਾ ੧੩੬੬

## *ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥*

**ਅੱਖਰੀ-ਅਰਥ :** ਜਿਹੜੇ ਵਡਭਾਗੀ ਗੁਰੂ ਵਾਲੇ ਬਣ, ਸਾਧੂ ਮਹਾਂਪੁਰਖਾਂ ਦੀ ਸੰਗਤ ਕਰਦੇ ਹਨ, ਉਹ ਮਾਇਆ ਦੇ ਬੰਧਨਾਂ ਤੋਂ ਮੁਕਤ ਹੋ ਕੇ ਪ੍ਰਭੂ ਦਰਗਾਹ ਵਿੱਚ ਸੁਤੰਤਰਤਾ ਦੇ ਅਨੰਦ ਨੂੰ ਮਾਣਦੇ ਹਨ।

**ਸੰਖੇਪ-ਵਿਚਾਰ :** ਜੀਵ-ਆਤਮਾ ਦਾ ਮਿਲਾਪ, ਜੀਵ-ਆਤਮਾ ਦੀ ਪਰਮਾਤਮਾ ਵਿੱਚ ਸਮਾਈ ਕੇਵਲ ਗੁਰੂ ਦੁਆਰਾ ਹੀ ਸੰਭਵ ਹੈ। ਗੁਰੂ, ਜਨਮਾ-ਜਨਮਾ ਤੋਂ ਆਪਣੇ ਮੂਲ ਨਾਲੋਂ ਵਿਛੁੜੀਆਂ ਆਤਮਾਵਾਂ ਨੂੰ ਪਰਮਾਤਮਾ ਵਿੱਚ ਅਭੇਦ ਕਰਵਾ ਦਿੰਦਾ ਹੈ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ :

**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥** ਮ: ੫, ਪੰਨਾ ੬੫੭

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗ ਅੰਦਰ ਬਚਨ ਅੰਕਿਤ ਹੈ ਕਿ ਜਿਹੜਾ ਜਿਹੜਾ ਵੀ ਸਤਿਗੁਰੂ ਦੀ ਸ਼ਰਨ ਵਿੱਚ ਆ ਜਾਂਦਾ ਹੈ, ਸਤਿਗੁਰੂ ਉਸ ਨੂੰ ਸੰਸਾਰ ਭਵਜਲ ਚੋਂ ਪਾਰ ਕਰ ਦਿੰਦਾ ਹੈ :

**ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ ॥ ਰਹਾਉ ॥**

ਮ: ੫, ਪੰਨਾ ੬੧੦

ਸਤਿਗੁਰੂ ਜੀ ਦੀ ਮਿਹਰ-ਮਹਾਨਤਾ ਦਰਸਾਉਂਦੇ ਭੱਟ ਟੱਲ ਜੀ ਫ਼ੁਰਮਾਨ ਕਰਦੇ ਹਨ ਕਿ ਸਤਿਗੁਰੂ ਅੰਗਦ ਦੇਵ ਜੀ, ਜਿਸ ਉੱਪਰ ਆਪਣੀ ਅੰਮ੍ਰਿਤਮਈ ਦ੍ਰਿਸ਼ਟੀ ਕਰ ਦਿੰਦੇ ਹਨ ਉਸ ਦੇ ਅੰਤਸ਼ਕਰਣ ਤੇ ਲੱਗੀ ਜਨਮਾਂ-ਜਨਮਾਂਤਰਾਂ ਦੀ ਮਲੀਨਤਾਈ ਖ਼ਤਮ ਹੋ ਜਾਂਦੀ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਰੂਪੀ ਵਿਕਾਰ ਜੋ ਬਲ ਪਾਉਣ ਵਾਲੇ ਹਨ, ਉਹ ਜਗਿਆਸੂ ਦੇ ਵਸ ਵਿੱਚ ਆ ਜਾਂਦੇ ਹਨ। ਸਤਿਗੁਰੂ ਸਾਰੇ ਸੁੱਖਾਂ ਦੇ ਦਾਤੇ, ਦੁੱਖਾਂ ਦੇ ਨਾਸ਼ ਕਰਨ ਵਾਲੇ, ਨੌਂ ਨਿੱਧੀਆਂ ਦੇ ਦਰਿਆ ਹਨ। ਜਨਮਾਂ-ਜਨਮਾਂ



ਤੋਂ ਹਿਰਦੇ ਉੱਪਰ ਲਗੀ ਪਾਪ ਕਰਮਾਂ ਦੀ ਕਾਲਖ ਸਤਿਗੁਰੂ ਦੀ ਮਿਹਰ ਦ੍ਰਿਸ਼ਟੀ ਨਾਲ ਦੂਰ ਹੋ ਜਾਂਦੀ ਹੈ। ਅਜਿਹੇ ਦਇਆਲੂ ਸਤਿਗੁਰੂ ਨੂੰ ਦਿਨ ਰਾਤ ਸੁਤੇ ਸਹਿਜ ਸਿਮਰਨਾ ਚਾਹੀਦਾ ਹੈ। ਸਤਿਗੁਰਾਂ ਦੇ ਦਰਸ਼ਨ ਕਰਨ ਨਾਲ ਜਨਮ-ਮਰਣ ਦਾ ਦੁੱਖ ਸਦਾ ਵਾਸਤੇ ਖ਼ਤਮ ਹੋ ਜਾਂਦਾ ਹੈ :

**ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ ॥**

**ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ ॥**

**ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ ॥**

**ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ ॥**

**ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ ॥**

**ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ ॥੧੦॥**

ਸਵਈਏ ਮ: ੨, ਪੰਨਾ ੧੩੯੨

ਗੁਰੂ ਦੀ ਸ਼ਰਨ ਵਿੱਚ ਆਉਣ (ਭਾਵ ਗੁਰੂ ਵਾਲੇ ਬਣਨ) ਨਾਲ ਮਨ ਵਿੱਚੋਂ ਅਗਿਆਨਤਾ ਦਾ ਅੰਧਕਾਰ ਦੂਰ ਹੋ ਜਾਂਦਾ ਹੈ। ਮਨ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ। ਸਤਿਗੁਰੂ, ਉਸ ਨੂੰ ਆਤਮਿਕ ਅਡੋਲਤਾ ਵਾਲੀ ਸਹਿਜ ਅਵਸਥਾ ਪ੍ਰਦਾਨ ਕਰ ਕੇ, ਇਥੇ ਸੰਸਾਰ ਅੰਦਰ ਵੀ ਸੁੱਖ ਤੇ ਅਗਾਂਹ ਪ੍ਰਲੋਕ ਵਿੱਚ ਵੀ ਸੁਖੀ-ਸੁਹੇਲਾ ਜੀਵਨ ਪ੍ਰਦਾਨ ਕਰ ਦਿੰਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ:

**ਗੁਰੁ ਪੂਰਾ ਭੇਟਿਓ ਵਡਭਾਗੀ ਮਨਹਿ ਭਇਆ ਪਰਗਾਸਾ ॥**

**ਕੋਇ ਨ ਪਹੁਚਨਹਾਰਾ ਦੂਜਾ ਅਪੁਨੇ ਸਾਹਿਬ ਕਾ ਭਰਵਾਸਾ ॥੧॥**

**ਅਪੁਨੇ ਸਤਿਗੁਰ ਕੈ ਬਲਿਹਾਰੈ ॥**

**ਆਗੈ ਸੁਖੁ ਪਾਛੈ ਸੁਖ ਸਹਜਾ ਘਰਿ ਆਨੰਦੁ ਹਮਾਰੈ ॥** ਮ: ੫, ਪੰਨਾ ੬੦੯

ਗੁਰੂ-ਸ਼ਰਨ ਆਏ ਵਿਅਕਤੀ ਦਾ, ਧਰਮਰਾਜਾ ਸਾਰਾ ਲੇਖਾ ਜੋਖਾ ਹੀ ਪਾੜ ਦਿੰਦਾ ਹੈ। ਗੁਰੂ ਰਾਮਦਾਸ ਜੀ ਦਾ ਜੈਤਸਰੀ ਰਾਗ ਅੰਦਰ ਫ਼ੁਰਮਾਨ ਹੈ :

**ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ ॥**

ਮ: ੪, ਪੰਨਾ ੬੯੮

## *ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥*

**ਅੱਖਰੀ-ਅਰਥ :** ਹੇ ਵਾਹਿਗੁਰੂ! ਮੇਰੀ ਆਪ ਜੀ ਦੇ ਚਰਨਾਂ ਵਿੱਚ ਅਰਜੋਈ ਹੈ। ਮੇਰੇ ਤੇ ਮਿਹਰ ਕਰ ਮੈਨੂੰ ਜੀਵਨ-ਪ੍ਰਯੰਤ ਤੇਰੇ ਦਰਸ਼ਨਾਂ ਦੀ ਪਿਆਸ (ਤਾਂਘ) ਬਣੀ ਰਹੇ।

**ਸੰਖੇਪ-ਵਿਚਾਰ :** ਸੰਸਾਰਿਕ ਤਲ ਤੇ ਆਪਾਂ ਵੇਖਦੇ ਹਾਂ ਕਿ ਪਾਣੀ ਮਨੁੱਖ ਦੇ ਕੋਲ ਪਿਆ ਹੈ ਪਰ ਜੇ ਪਿਆਸ ਨਹੀਂ ਲੱਗੀ, ਮਨੁੱਖ ਪੀ ਨਹੀਂ ਸਕਦਾ। ਭੋਜਨ ਦਾ ਥਾਲ ਪ੍ਰੋਸਿਆ ਪਿਆ ਹੈ, ਜੇ ਭੁੱਖ ਨਹੀਂ ਲੱਗੀ ਮਨੁੱਖ ਭੋਜਨ ਖਾ ਕੇ ਤ੍ਰਿਪਤ ਨਹੀਂ ਹੋ ਸਕਦਾ। ਜੇ ਪਿਆਸ ਲੱਗੀ ਹੋਵੇ, ਭੋਜਨ ਦੀ ਭੁੱਖ ਲੱਗੀ ਹੋਵੇ ਮਨੁੱਖ ਯਤਨ ਕਰਕੇ, ਟੋਲ ਭਾਲ ਕਰਕੇ ਵੀ ਪਾਣੀ ਤੇ ਭੋਜਨ ਨੂੰ ਪ੍ਰਾਪਤ ਕਰਨ ਲਈ ਤਲਾਸ਼ ਕਰਦਾ ਹੈ ਅਥਵਾ ਪ੍ਰਾਪਤੀ ਲਈ ਕਿਸੇ ਨੂੰ ਸਹਾਇਕ ਹੋਣ ਲਈ ਪੁਕਾਰਦਾ ਹੈ। ਅਜਿਹੇ ਲੋੜਕੂ, ਪਿਆਸੇ ਤੇ ਭੁੱਖੇ ਨੂੰ ਸਫਲਤਾ ਵੀ ਮਿਲ ਜਾਂਦੀ ਹੈ। ਜਿਸ ਨੂੰ ਨਾ ਭੋਜਨ ਦੀ ਭੁੱਖ ਲੱਗਦੀ ਹੈ, ਨਾ ਪਾਣੀ ਦੀ ਪਿਆਸ ਲੱਗਦੀ ਹੈ, ਅਜਿਹਾ ਮਨੁੱਖ ਸੰਸਾਰਿਕ ਤਲ ਤੇ ਰੋਗੀ ਮੰਨਿਆ ਜਾਂਦਾ ਹੈ।

ਤਿਵੇਂ ਹੀ ਪ੍ਰਮਾਰਥ ਦੇ ਮਾਰਗ ਉੱਪਰ ਚੱਲਣ ਲਈ, ਜਿਸ ਨੂੰ ਨਾ ਪਰਮਾਤਮਾ ਦਾ ਨਾਮ ਜਪਣ ਦੀ ਰੁਚੀ ਪੈਦਾ ਹੁੰਦੀ ਹੈ, ਨਾ ਪਰਮਾਤਮਾ ਦੇ ਦਰਸ਼ਨਾਂ ਦੀ ਮਨ ਅੰਦਰ ਤਾਂਘ ਤੇ ਤੜਫ ਪੈਦਾ ਹੁੰਦੀ ਹੈ। ਅਜਿਹੇ ਮਨੁੱਖ ਨੂੰ ਪ੍ਰਭੂ ਮਿਲਾਪ ਕਦਾਚਿਤ ਵੀ ਪ੍ਰਾਪਤ ਨਹੀਂ ਹੋ ਸਕਦਾ। ਅਜਿਹਾ ਮਨੁੱਖ ਵੀ ਆਤਮਿਕ ਦ੍ਰਿਸ਼ਟੀ ਵਿੱਚ ਰੋਗੀ ਮੰਨਿਆ ਜਾਂਦਾ ਹੈ।

ਨਾਮ ਜਪਣ ਦੀ ਲਾਲਸਾ ਤੇ ਪ੍ਰਭੂ ਦਰਸ਼ਨ (ਪ੍ਰਭੂ ਮਿਲਾਪ) ਦੀ ਪਿਆਸ ਪ੍ਰਾਪਤ ਕਰਨ ਲਈ ਗੁਰੂ ਚਰਨਾਂ ਵਿੱਚ ਬਿਹਬਲਤਾ ਨਾਲ ਅਰਦਾਸ ਕਰਨ ਦਾ ਮਾਰਗ ਅਪਨਾਉਣਾ ਚਾਹੀਦਾ ਹੈ। ਆਪਾ-ਭਾਵ, ਹਉਂ-ਹੰਗਤਾ, ਆਪਣੀ ਸਿਆਣਪ ਤੇ ਬਲ ਦਾ ਤਿਆਗ ਕਰਕੇ ਪਰਮਾਤਮਾ ਦੇ ਚਰਨਾਂ ਵਿੱਚ ਭਗਤ ਰਵਿਦਾਸ ਜੀ ਵਾਂਗ ਪੁਕਾਰਨਾ ਚਾਹੀਦਾ ਹੈ ਕਿ ਹੇ ਦਾਤਾ ਜੀਉ!

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ ॥**

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ ॥੨॥੧**

ਰਵਿਦਾਸ ਜੀ, ਪੰਨਾ ੬੯੪

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸਾਏ ਮਾਰਗ ਉੱਪਰ ਚੱਲ ਕੇ ਪਰਮਾਤਮਾ ਤੇ ਗੁਰੂ ਚਰਨਾਂ ਵਿੱਚ ਪੁਕਾਰ ਕਰਨੀ ਚਾਹੀਦੀ ਹੈ। ਹੇ ਦਾਤਾਰ! ਮੇਰੇ ਮਨ ਵਿੱਚ ਤੇਰੇ ਦੀਦਾਰ ਦੀ ਬਹੁਤ ਤਾਂਘ ਪੈਦਾ ਹੋ ਗਈ ਹੈ। ਮੈਂ ਆਪ ਦੇ ਦਰਸ਼ਨਾਂ ਤੋਂ ਬਿਨਾਂ ਰਹਿ ਨਹੀਂ ਸਕਦਾ। ਦਿਨ-ਰਾਤ ਤੁਹਾਨੂੰ ਹੀ ਚੇਤੇ ਕਰਦਾ ਹਾਂ। ਜੇ ਅੰਦਰੋਂ ਪਿਆਰ ਦੀ ਖਿੱਚ ਨਾਲ, ਬਿਹਬਲਤਾ ਨਾਲ ਮਾਲਕ ਦੇ ਚਰਨਾਂ ਵਿੱਚ ਅਰਦਾਸ ਕਰਾਂਗੇ, ਮਾਲਕ ਜ਼ਰੂਰ ਸੁਣ ਕੇ ਮੋਹ-ਮਾਇਆ ਦੇ ਬੱਜਰ-ਕਪਾਟ ਖੋਹਲ ਕੇ ਅਵੱਸ਼ ਦਰਸ਼ਨ ਦੀਦਾਰ ਬਖਸ਼ਿਸ਼ ਕਰ ਦੇਵੇਗਾ। ਸਤਿਗੁਰਾਂ ਦਾ ਫੁਰਮਾਨ ਹੈ :



**ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥**

**ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥** ਮ: ੫, ਪੰਨਾ ੭੦੩

ਮਾਲਕ ਪ੍ਰਭੂ ਨੂੰ ਆਪਣੇ ਦਿਲ ਦਾ ਮਿੱਤਰ ਜਾਣ ਕੇ, ਜਿਵੇਂ ਸੰਸਾਰੀ ਮਿੱਤਰ ਨਿਸੰਗ ਹੋ ਕੇ ਆਪਣੇ ਜਾਨੀ ਮਿੱਤਰ ਪਾਸ ਆਪਣੇ ਮਨ ਦਾ ਹਰ ਪੜਦਾ ਖੋਲ੍ਹਦਾ ਹੈ, ਤਿਵੇਂ ਪਰਮਾਤਮਾ ਤੇ ਗੁਰੂ ਨੂੰ ਆਪਣਾ ਜਾਨੀ, ਦਿਲ ਦਾ ਮਹਿਰਮ, ਮਿੱਤਰ ਜਾਣ ਕੇ ਉਸ ਦੇ ਸਨਮੁਖ ਆਪਣੀ ਸਾਰੀ ਵੇਦਨਾ ਰੱਖਣੀ ਚਾਹੀਦੀ ਹੈ ਕਿ—

ਹੇ ਮੇਰੇ ਦਿਲ ਦੇ ਮਿੱਤਰ! ਮੈਂ ਤੁਹਾਡੇ ਅੱਗੇ ਇੱਕ ਬੇਨਤੀ ਕਰਦਾ ਹਾਂ, ਆਪ ਕਿਰਪਾ ਕਰਕੇ ਉਸ ਨੂੰ ਧਿਆਨ ਨਾਲ ਸੁਣੋ। ਮੈਂ ਉਸ ਮਨਮੋਹਣੇ ਸੱਜਣ ਪਰਮਾਤਮਾ ਨੂੰ ਮਿਲਣ ਵਾਸਤੇ ਦਿਨ ਰਾਤ ਢੂੰਡਦਾ ਹਾਂ। ਆਪ ਕਿਰਪਾ ਕਰਕੇ ਮੈਨੂੰ ਉਸ ਦੇ ਦਰਸ਼ਨਾਂ ਦੀ ਦੱਸ ਪਾਉ। ਮੈਂ ਆਪਣਾ ਸਿਰ ਉਤਾਰ ਕੇ ਉਸ ਦੇ ਚਰਨਾਂ ਵਿੱਚ ਭੇਟਾ ਵਜੋਂ ਰੱਖ ਦਿਆਂਗਾ। ਮੈਨੂੰ ਉਸ ਪਿਆਰੇ ਦੇ ਭੋਰਾ ਜਿੰਨੇ ਸਮੇਂ ਲਈ ਕਿਵੇਂ ਵੀ ਦਰਸ਼ਨ ਕਰਵਾ ਦਿਉ। ਮੇਰੇ ਨੈਣ, ਪਿਆਰੇ ਦੇ ਦੀਦਾਰ ਦੀ ਤਾਂਘ ਵਿੱਚ ਰੰਗੇ ਹੋਏ, ਇੱਕ ਖਿੰਨ ਜਿੰਨਾ ਸਮਾਂ ਵੀ ਧੀਰਜ ਨਹੀਂ ਬੰਨ੍ਹਦੇ। ਹੇ ਪਿਆਰੇ! ਜਿਵੇਂ ਪਪੀਹਾ ਸ੍ਵਾਂਤੀ ਬੂੰਦ ਤੋਂ ਬਿਨਾਂ ਨਹੀਂ ਰਹਿ ਸਕਦਾ। ਮੱਛੀ ਦਾ ਜੀਵਨ ਅਧਾਰ ਜਿਵੇਂ ਪਾਣੀ ਹੈ, ਤਿਵੇਂ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਮੇਰਾ ਜੀਵਨ ਬੇਕਾਰ ਤੇ ਅਸ਼ਾਂਤ ਹੈ। ਤੁਹਾਡੇ ਦਰਸ਼ਨਾਂ ਨਾਲ ਹੀ ਮੈਨੂੰ ਆਤਮਿਕ ਸ਼ਾਂਤੀ ਅਤੇ ਜੀਵਨ ਮਿਲਣਾ ਹੈ। ਆਪ ਕਿਰਪਾ ਕਰਕੇ ਪਿਆਰੇ ਪ੍ਰਭੂ ਦੇ ਦਰਸ਼ਨ ਤੇ ਮਿਲਾਪ ਪ੍ਰਦਾਨ ਕਰਵਾ ਦੇਵੋ ਜੀ :

**ਸੁਣਿ ਯਾਰ ਹਮਾਰੇ ਸਜਣ ਇਕ ਕਰਉ ਬੇਨੰਤੀਆ ॥**

**ਤਿਸੁ ਮੋਹਨ ਲਾਲ ਪਿਆਰੇ ਹਉ ਫਿਰਉ ਖੋਜੰਤੀਆ ॥**

**ਤਿਸੁ ਦਸਿ ਪਿਆਰੇ ਸਿਰੁ ਧਰੀ ਉਤਾਰੇ ਇਕ ਭੋਰੀ ਦਰਸਨੁ ਦੀਜੈ ॥**

**ਨੈਨ ਹਮਾਰੇ ਪ੍ਰਿਅ ਰੰਗ ਰੰਗਾਰੇ ਇਕੁ ਤਿਲੁ ਭੀ ਨਾ ਧੀਰੀਜੈ ॥**

**ਪ੍ਰਭ ਸਿਉ ਮਨੁ ਲੀਨਾ ਜਿਉ ਜਲ ਮੀਨਾ ਚਾਤ੍ਰਿਕ ਜਿਵੈ ਤਿਸੰਤੀਆ ॥**

**ਜਨ ਨਾਨਕ ਗੁਰੁ ਪੂਰਾ ਪਾਇਆ ਸਗਲੀ ਤਿਖਾ ਬੁਝੰਤੀਆ ॥੧॥**

ਮ: ੫, ਪੰਨਾ ੭੦੩

ਪਿਆਰ, ਪਿਆਸ, ਤੜਪ ਅਧੀਨ ਜਗਿਆਸੂ ਜੋ ਵੀ ਆਪਣੇ ਮਾਲਕ ਪਾਸੋਂ ਮੰਗੇਗਾ ਫਿਰ ਮਾਲਕ—

**ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥** ਮ: ੫, ਪੰਨਾ ੬੮੧

ਦਾ ਬਿਰਦ ਪਾਲਦਿਆਂ ਹੋਇਆਂ ਇਸ "**ਦਰਸ ਪਿਆਸ**" ਨੂੰ "**ਮਿਲਾਪ ਤ੍ਰਿਪਤੀ**" ਵਿੱਚ ਅਵੱਸ਼ ਬਦਲ ਕੇ ਆਸਾ ਪੂਰੀ ਕਰੇਗਾ।

## *ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥*

**ਅੱਖਰੀ-ਅਰਥ** : ਹੇ ਪਰਮਾਤਮਾ! ਤੈਥੋਂ ਬਗੈਰ ਮੇਰੀ ਅਰਦਾਸ (ਅਰਜੋਈ) ਸੁਣਨ ਵਾਲਾ ਤੇ ਪੂਰੀ ਕਰਨ ਵਾਲਾ ਹੋਰ ਕੋਈ ਨਹੀਂ ਹੈ।

**ਸੰਖੇਪ-ਵਿਚਾਰ** : ਦੁਚਿੱਤੀ ਅਧੀਨ ਕੀਤੀ ਅਰਦਾਸ ਪਰਮਾਤਮਾ ਤੇ ਗੁਰੂ ਦਰ ਵਿੱਚ ਪ੍ਰਵਾਨ ਨਹੀਂ ਹੁੰਦੀ। ਜਦੋਂ ਸਾਰੇ ਓਟ ਤੇ ਆਸਰੇ ਤਿਆਗ ਕੇ ਇੱਕ ਦਾ ਹੋ ਕੇ, ਇੱਕ-ਮਨ, ਇੱਕ-ਚਿਤ ਭਾਇ ਦੀ ਬਿਰਤੀ ਬਣਾ ਕੇ ਜਗਿਆਸੂ ਗੁਰੂ ਅੱਗੇ ਪੁਕਾਰਦਾ ਹੈ ਕਿ ਹੇ ਦਾਤਾ! "**ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ**" ਅਤੇ ਨਿਮਾਣਾ ਹੋ ਕੇ ਅਰਜੋਈ ਕਰਦਾ ਹੈ ਕਿ ਹੇ ਦਾਤਾ! ਸੰਸਾਰ ਵਿੱਚ ਕਿਸੇ ਨੂੰ ਕਿਸੇ ਦਾ ਆਸਰਾ, ਕਿਸੇ ਨੂੰ ਕਿਸੇ ਉੱਪਰ ਮਾਣ ਤੇ ਤਾਣ ਹੈ, ਪਰ ਦਾਤਿਆ ਮੈਨੂੰ ਤਾਂ ਤੇਰਾ ਹੀ ਮਾਣ, ਤੇਰਾ ਹੀ ਤਾਣ ਤੇ ਆਸਰਾ ਹੈ ਦਾਤਾ!

**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ ॥** ਮ: ੨, ਪੰਨਾ ੭੯੧

ਇਸ ਲਈ ਹੇ ਦਾਤਾਰ! ਤੇਰਾ ਦਰ ਛੱਡ ਕੇ ਮੈਂ ਹੋਰ ਕਿਸ ਤਰਫ ਜਾਵਾਂ ? ਕਿਉਂਕਿ ਸੰਸਾਰ ਅੰਦਰ ਤੁਹਾਡੇ ਬਰਾਬਰ ਦਾ ਹੋਰ ਕੋਈ ਬਖਸ਼ਿਸ਼ਾਂ ਕਰਨ ਵਾਲਾ ਨਹੀਂ ਹੈ। ਇਸ ਲਈ ਦਾਤਾ ਜੀਓ!

**ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ ॥ ਆਨ ਨ ਬੀਆ ਤੇਰੀ ਸਮਸਰਿ ॥**

ਮ: ੫, ਪੰਨਾ ੩੭੧

ਉਸ ਮਾਲਕ ਦੇ ਚਰਨਾਂ ਵਿੱਚ, ਗੁਰੂ ਰਾਮਦਾਸ ਜੀ ਦੇ ਫੁਰਮਾਨ ਨੂੰ ਮੁੱਖ ਰੱਖ ਕੇ ਅਰਦਾਸ ਕਰਾਂਗੇ, ਜ਼ਰੂਰ ਸਫ਼ਲਤਾ ਮਿਲੇਗੀ। ਹੇ ਦਾਤਾਰ! ਮੇਰਾ ਬਲ-ਆਸਰਾ ਤੁਸੀਂ ਹੀ ਹੋ, ਇਸ ਲਈ ਮੇਰੀ ਤੁਹਾਡੇ ਹੀ ਚਰਨਾਂ ਵਿੱਚ ਅਰਦਾਸ ਬੇਨਤੀ ਹੈ। ਮੈਨੂੰ ਆਸਰਾ ਦੇਣ ਤੇ ਮੇਰੀ ਅਰਦਾਸ ਸੁਣਨ ਵਾਲਾ ਸੰਸਾਰ ਵਿੱਚ ਤੁਹਾਥੋਂ ਬਿਨਾਂ ਹੋਰ ਕੋਈ ਨਹੀਂ ਹੈ। ਇਸ ਲਈ ਹੇ ਦਾਤਾਰ! ਮੇਰੀ ਦੁੱਖਾਂ ਤੋਂ ਛੁਟਕਾਰੇ ਤੇ ਸੁੱਖਾਂ ਦੀ ਪ੍ਰਾਪਤੀ ਲਈ ਆਪ ਜੀ ਅੱਗੇ ਹੀ ਅਰਦਾਸ ਹੈ। ਕਿਰਪਾ ਕਰੋ ਜੀ।

**ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ ॥**
**ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ ॥੨ ॥**

ਮ: ੪, ਪੰਨਾ ੭੩੫



ਅਰਦਾਸ ਕਰਦਿਆਂ ਗੁਰੂ ਸਨਮੁਖ, ਵਚਨ-ਬੱਧਤਾ ਪ੍ਰਗਟਾਉਣੀ ਹੈ ਕਿ ਹੇ ਦਾਤਾਰ! ਮੈਂ ਸਾਰੇ ਦਰਾਂ ਦਾ ਤਿਆਗ ਕਰਕੇ ਤੁਹਾਡੇ ਦੁਆਰੇ ਉੱਪਰ ਆਨ ਡਿੱਗਿਆ ਹਾਂ। ਮੇਰੀ ਦਰ ਢੱਠੇ ਦੀ ਆਪ ਮਿਹਰ ਕਰਕੇ ਲਾਜ ਰੱਖੋ ਜੀ। ਪ੍ਰਭੂ ਦਰ ਅੱਗੇ ਪੁਕਾਰਨਾ ਹੈ ਦਾਤਾ! "**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ ॥ ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ ॥**" ਪੁਕਾਰਾਂਗੇ ਤਾਂ ਦਾਤਾਰ ਜਰੂਰ ਪੁਕਾਰ ਸੁਣੇਗਾ॥

## *ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫ ॥*

**ਅੱਖਰੀ-ਅਰਥ** : ਹਾੜ ਦਾ ਮਹੀਨਾ, ਉਸ ਜਗਿਆਸੂ ਨੂੰ ਤਨ ਅਤੇ ਮਨ ਕਰਕੇ ਸੁਹਾਵਣਾ ਤੇ ਸੁਖਦਾਈ ਪ੍ਰਤੀਤ ਹੁੰਦਾ ਹੈ, ਜਿਸ ਦੇ ਮਨ ਵਿੱਚ ਹਰੀ ਦੇ ਚਰਨਾਂ (ਨਾਮ) ਦਾ ਨਿਵਾਸ ਹੋ ਜਾਂਦਾ ਹੈ।

**ਸੰਖੇਪ-ਵਿਚਾਰ** : ਇੱਥੇ ਗੁਰਬਾਣੀ ਅਨੁਸਾਰ ਚਰਨਾਂ ਦਾ ਨਿਰਣਾ ਕਰਨਾ ਵੀ ਜ਼ਰੂਰੀ ਹੈ। ਕਿਉਂਕਿ ਦੇਹ ਧਾਰੀ ਗੁਰੂਆਂ ਦੇ ਪੁਜਾਰੀ, ਜਗਿਆਸੂ ਨੂੰ ਸਥੂਲ ਚਰਨਾਂ ਦੀ ਪੂਜਾ ਕਰਨ ਤੇ ਆਪਣੇ ਹਿਰਦੇ ਵਿੱਚ ਸਥੂਲ ਚਰਨਾਂ ਨੂੰ ਵਸਾਉਣ ਦੀ ਪ੍ਰੇਰਨਾ ਦਿੰਦੇ ਹਨ। ਗੁਰਬਾਣੀ ਅਨੁਸਾਰ ਗੁਰੂ ਦਾ ਪਰਮਾਤਮਾ ਨੂੰ ਮਿਲਣ ਦਾ "ਸੱਚਾ ਉਪਦੇਸ਼" ਤੇ ਗੁਰੂ ਦੇ ਬਖਸ਼ਿਸ਼ ਕੀਤੇ ਹੋਏ "ਸ਼ਬਦ (ਨਾਮ)" ਨੂੰ ਹਿਰਦੇ ਅੰਦਰ ਵਸਾਉਣਾ ਹੀ "ਪ੍ਰਭੂ ਦੇ ਚਰਨਾਂ" ਦਾ ਹਿਰਦੇ ਵਿੱਚ ਨਿਵਾਸ ਕਰਨਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਪਾਵਨ ਫੁਰਮਾਨ ਹੈ :

**ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ॥੨ ॥੭**

ਮ: ੫, ਪੰਨਾ ੬੮੦

ਸਾਹਿਬ ਕਲਗੀਧਰ ਪਾਤਸ਼ਾਹ ਜੀ ਦਾ ਜਾਪ ਸਾਹਿਬ ਅੰਦਰ ਫੁਰਮਾਨ ਹੈ ਹੇ ਦਾਤਾਰ ਪ੍ਰਭੂ! ਚਿਤ ਵਿੱਚ ਧਿਆਨ ਧਰਨ ਲਈ ਤੇਰਾ ਨਾਮ ਹੀ ਤੇਰੇ "ਚਰਨ" ਹਨ:

**ਚਿਤ ਚਰਨ ਨਾਮ ॥੧੯੮ ॥** ਜਾਪੁ ਪਾ: ੧੦

ਹਾੜ ਦਾ ਮਹੀਨਾ ਉਸ ਲਈ ਸੁਹਾਵਣਾ ਤੇ ਸੋਭਨੀਕ ਬਤੀਤ ਹੁੰਦਾ ਹੈ। ਜਿਸ ਦੇ ਹਿਰਦੇ ਵਿੱਚ ਪਰਮਾਤਮਾ ਦਾ ਸ਼ਾਂਤੀ ਪ੍ਰਦਾਨ ਕਰਨ ਵਾਲਾ "**ਨਾਮ**" ਵਸ ਜਾਂਦਾ ਹੈ। ਸੁਖੀ ਸੁਹੇਲਾ ਜੀਵਨ ਬਤੀਤ ਕਰਨ ਵਾਸਤੇ ਸਾਨੂੰ ਵੀ ਆਪਣੇ ਹਿਰਦੇ ਵਿਚ ਨਾਮ ਦਾ ਟਿਕਾਉ ਕਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

❒❒❒

# ਸਾਵਣਿ (ਸਾਵਣ)

ਮੂਲ-ਪਾਠ

***ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥***
***ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥***
***ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥***
***ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥***
***ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥***
***ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥***
***ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥***
***ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥***
***ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥੬ ॥***

**ਪਦ-ਅਰਥ :** **ਸਾਵਣਿ** = ਸਾਵਣ ਮਹੀਨੇ ਦੁਆਰਾ ਉਪਦੇਸ਼। **ਸਰਸੀ** = ਰਸ ਸਹਿਤ ਹੋ ਗਈ, ਹਰਿਆਵਲੀ, ਲਾਹੇਵੰਦੀ, ਖਿੜਾਉ ਵਿੱਚ। **ਕਾਮਣੀ** = ਜੀਵ ਇਸਤਰੀ, ਜੀਵ ਆਤਮਾ। **ਚਰਨ ਕਮਲ** = ਪ੍ਰਭੂ ਦਾ ਨਾਮ ਹੀ ਪ੍ਰਭੂ ਦੇ ਚਰਨ ਹਨ। **ਰਤਾ** = ਰੰਗਿਆ ਗਿਆ। **ਸਚ ਰੰਗਿ** = ਸੱਚੇ ਵਾਹਿਗੁਰੂ ਦੇ ਪਿਆਰ ਵਿੱਚ। **ਇਕੋ ਨਾਮੁ ਅਧਾਰੁ** = ਇੱਕ ਨਾਮ ਦਾ ਹੀ ਆਸਰਾ ਲਿਆ। **ਬਿਖਿਆ ਰੰਗ** = ਮਾਇਆ ਦੇ ਰੰਗ-ਤਮਾਸ਼ੇ, ਰਸ। **ਕੂੜਾਵਿਆ** = ਝੂਠੇ, ਛਿੰਨ-ਭੰਗਰੀ। **ਛਾਰੁ** = ਸੁਆਹ। **ਮਿਲਿ ਸਾਧੂ** = ਸਤਿਗੁਰੂ, ਸਤਿਗੁਰੂ ਤੋਂ ਵਰੋਸਾਏ ਨਾਮ ਰਸੀਏ (ਮਹਾਂਪੁਰਸ਼)। **ਵਣੁ** = ਜੰਗਲ-ਬੇਲੇ। **ਤਿਣੁ** = ਘਾਹ, ਤੀਲੇ। **ਮਉਲਿਆ** = ਹਰਿਆ ਭਰਿਆ, ਪ੍ਰਫੁੱਲਤ। **ਸੰਮ੍ਰਥ** = ਸਮਰੱਥਾ ਵਾਲਾ, ਤਾਕਤਵਾਲਾ। **ਪੁਰਖ** = ਹਰ ਜਗ੍ਹਾਂ ਰਮਿਆਂ ਹੋਇਆ। **ਅਪਾਰੁ** = ਪਾਰਾਵਾਰ ਤੋਂ ਪਰ੍ਹੇ। **ਲੋਚਦਾ** = ਤਾਂਘਦਾ, ਚਾਹੁੰਦਾ ਹੈ। **ਕਰਮਿ** = ਬਖਸ਼ਿਸ਼, ਮਿਹਰ, ਕਿਰਪਾ, ਮਿਹਰ ਕਰ। **ਸੁਹਾਗਣੀ** = ਉਨ੍ਹਾਂ ਸੁਹਾਗਵੰਤ ਜੀਵ-ਆਤਮਾਵਾਂ ਲਈ ਸੋਭਨੀਕ ਹੈ। **ਉਰਿ ਹਾਰੁ** = ਜਿਨ੍ਹਾਂ ਦੇ ਹਿਰਦੇ ਵਿੱਚ ਲਗਾਤਾਰੀ ਨਾਮ ਦੀ ਰੌਂ ਚੱਲ ਪਈ ਹੈ।



# ਸਾਵਣਿ ਸਰਸੀ ਕਾਮਣੀ

ਜੇਠ ਹਾੜ ਦੇ ਮਹੀਨੇ ਵਿੱਚ ਅੱਤ ਦੀ ਗਰਮੀ ਪੈਂਦੀ ਹੈ। ਗਰਮ ਲੂਆਂ ਚੱਲਦੀਆਂ ਹਨ। ਗਰਮੀ ਕਾਰਣ ਜਿੱਥੇ ਜੀਵ-ਜੰਤੂ, ਮਨੁੱਖ ਅਸ਼ਾਂਤ ਤੇ ਦੁੱਖੀ ਹੁੰਦੇ ਹਨ ਉੱਥੇ ਘਾਹ ਤੋਂ ਲੈ ਕੇ ਵੱਡੇ ਦਰਖ਼ਤਾਂ ਤੱਕ ਸਾਰੀ ਬਨਾਸਪਤੀ ਗਰਮੀ ਕਰਕੇ ਅਤੇ ਪਾਣੀ ਦੀ ਘਾਟ ਕਾਰਣ ਕੁਮਲਾਈ ਤੇ ਸੁੱਕਣੀ ਅਰੰਭ ਹੋ ਜਾਂਦੀ ਹੈ।

ਜਿਸ ਵੇਲੇ ਸਾਵਣ ਦਾ ਮਹੀਨਾ ਚੜ੍ਹਦਾ ਹੈ ਤਾਂ ਬਾਰਸ਼ਾਂ ਆਰੰਭ ਹੋ ਜਾਂਦੀਆਂ ਹਨ। ਬਾਰਸ਼ ਹੋਣ ਕਾਰਣ ਜਿੱਥੇ ਗਰਮੀ ਤੋਂ ਰਾਹਤ ਮਿਲਦੀ ਹੈ ਉਥੇ ਜੀਵ-ਜੰਤੂਆਂ ਨੂੰ ਪਾਣੀ ਪੀਣ ਲਈ ਖੁੱਲ੍ਹਾ ਮਿਲ ਜਾਂਦਾ ਹੈ। ਕਿਰਸਾਣ ਖੇਤਾਂ ਵਿੱਚ ਫਸਲਾਂ ਬੀਜਣੀਆਂ ਅਰੰਭ ਕਰ ਦਿੰਦੇ ਹਨ। ਉੱਥੇ ਸਾਰੀ ਬਨਾਸਪਤੀ ਬਾਰਸ਼ ਪੈਣ ਸਦਕਾ ਮੁੜ ਹਰੀ-ਭਰੀ ਹੋ ਜਾਂਦੀ ਹੈ। ਬਨਾਸਪਤੀ ਵਿੱਚ ਨਵੀਂ ਜੀਵਨ ਰੌਂਅ ਰੁਮਕ ਪੈਂਦੀ ਹੈ। ਹਰ ਪਾਸੇ ਹਰਿਆਵਲ ਹੀ ਹਰਿਆਵਲ ਦਿੱਸਣ ਲੱਗ ਜਾਂਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ, ਜੀਵ-ਰੂਪ ਜਗਿਆਸੂਆਂ ਨੂੰ ਸਾਵਣ ਦੇ ਮਹੀਨੇ ਅੰਦਰ ਉਪਦੇਸ਼ ਕਰਦੇ ਫੁਰਮਾਉਂਦੇ ਹਨ ਕਿ ਠੀਕ ਹੈ, ਬਾਰਸ਼ ਪੈਣ ਨਾਲ ਜੀਵ-ਜੰਤੂਆਂ ਨੂੰ ਗਰਮੀ ਤੋਂ ਰਾਹਤ ਮਿਲੀ। ਕਿਸਾਨ ਵੀ ਨਵੀਂ ਫਸਲ ਬੀਜਣ ਲਈ ਆਸਾਵੰਦ ਹੋ ਖੁਸ਼ੀ ਵਿੱਚ ਫੁਲੇ ਨਹੀਂ ਸਮਾਉਂਦੇ। ਸਾਰੀ ਬਨਾਸਪਤੀ ਵੀ ਹਰੀ-ਭਰੀ ਹੋ ਗਈ, ਪਰ ਬਾਹਰੀ ਬਾਰਸ਼ ਪੈਣ ਅਤੇ ਸਾਵਣ ਦਾ ਮਹੀਨਾ ਚੜ੍ਹਨ ਨਾਲ ਜੀਵ-ਆਤਮਾ ਦੇ ਅੰਦਰਲੀ ਕੁਮਲਾਹਟ ਦੂਰ ਨਹੀਂ ਹੋਈ ਅਤੇ ਨਾ ਹੀ ਅੰਦਰ ਦੀ ਤਪਸ਼ ਤੇ ਅਸ਼ਾਂਤੀ ਹੀ ਸ਼ਾਂਤ ਹੋਈ ਹੈ। ਬਾਹਰੀ ਬਾਰਸ਼ ਜਾਂ ਠੰਢ ਨਾਲ ਅੰਦਰਲੀ ਤਪਸ਼ ਦੂਰ ਵੀ ਨਹੀਂ ਹੋਣੀ। ਕਿਨ੍ਹਾਂ ਦੀ ਅੰਦਰੂਨੀ ਤਪਸ਼ ਦੂਰ ਹੋਵੇਗੀ ਤੇ ਕਿਸ ਤਰ੍ਹਾਂ ਸ਼ਾਂਤੀ ਪ੍ਰਾਪਤ ਹੋਵੇਗੀ ? ਸਾਹਿਬ ਗੁਰੂ ਅਰਜਨ ਦੇਵ ਜੀ, ਸਾਵਣ ਦੇ ਮਹੀਨੇ ਨੂੰ ਮੁਖਾਤਬ ਕਰਕੇ ਫੁਰਮਾਉਂਦੇ ਹਨ ਕਿ ਜਿਨ੍ਹਾਂ ਵਡਭਾਗੀਆਂ ਦਾ ਪ੍ਰਭੂ ਦੇ ਨਾਮ ਵਿੱਚ ਪਿਆਰ ਪੈ ਜਾਵੇ ਉਹ ਸਦਾ ਵਾਸਤੇ ਅੰਮ੍ਰਿਤ ਨਾਮ ਨੂੰ ਪ੍ਰਾਪਤ ਕਰਕੇ ਸਰਸੇ, ਸ਼ਾਂਤ ਤੇ ਸੁਖਦਾਈ ਹੋ ਜਾਂਦੇ ਹਨ। ਇਸੇ ਕਰਕੇ ਹੀ ਪਰਮਾਤਮਾ ਪਾਸੋਂ ਅੰਮ੍ਰਿਤ ਰੂਪੀ ਨਾਮ ਜਲ ਦੀ ਜਾਚਨਾ ਲਈ ਅਰਜੋਈ ਕੀਤੀ ਹੈ :

**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ ॥**

ਮ: ੫, ਪੰਨਾ ੧੪੨੯

ਭਗਤ ਕਬੀਰ ਜੀ ਦੇ ਨਿੱਜੀ ਤਜਰਬੇ ਤੋਂ ਲਾਭ ਪ੍ਰਾਪਤ ਕਰਨਾ ਚਾਹੀਦਾ ਹੈ। ਆਪ ਜੀ, ਗਉੜੀ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਮੈਂ ਤ੍ਰਿਸ਼ਨਾ ਦੀ ਅੱਗ ਵਿੱਚ ਦਿਨ ਰਾਤ ਸੜ ਰਿਹਾ ਸਾਂ। ਮੈਨੂੰ ਗੁਰੂ ਦੇ ਕੋਲੋਂ ਰਾਮ ਰੂਪ ਜਲ ਪ੍ਰਾਪਤ ਹੋ ਗਿਆ। ਉਹ ਨਾਮ-ਜਲ ਦੀ ਬਰਕਤ ਨਾਲ ਮੇਰਾ ਤਨ ਤੇ ਮਨ ਸ਼ਾਂਤ ਹੋ ਗਿਆ। ਮੈਨੂੰ ਹੁਣ ਪੂਰਨ ਸ਼ਾਂਤੀ ਪ੍ਰਾਪਤ ਹੋ ਗਈ ਹੈ। ਸੰਸਾਰ ਦੇ ਲੋਕ, ਮਨ ਨੂੰ ਮਾਰਨ ਵਾਸਤੇ ਭਾਵ ਤ੍ਰਿਸ਼ਨਾ ਦੀ ਅੱਗ ਤੋਂ ਖਹਿੜਾ ਛੁਡਾਉਣ ਲਈ ਬਾਹਰ ਜੰਗਲਾਂ ਵਿੱਚ, ਇਕਾਂਤ ਵਾਸ ਕਰਦੇ ਹਨ ਪਰ ਜੰਗਲਾਂ ਵਿੱਚ ਜਾ ਕੇ ਵੀ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ। ਸ਼ਾਂਤੀ ਪ੍ਰਦਾਨ ਕਰਨ ਵਾਲਾ ਪ੍ਰਮਾਤਮਾ ਦਾ ਨਾਮ ਹੈ। ਨਾਮ ਪਰਮਾਤਮਾ ਦੀ ਕ੍ਰਿਪਾ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ। ਜਿਸ ਤ੍ਰਿਸ਼ਨਾ ਦੀ ਅਗਨੀ ਨੇ ਵੱਡੇ-ਵੱਡੇ ਦੇਵਤੇ, ਰਿਸ਼ੀ-ਮੁਨੀ ਸਾੜ ਸੁੱਟੇ ਹਨ। ਰਾਮ ਦੇ ਨਾਮ ਦਾ ਜਲ ਜੋ ਭਗਤਾਂ ਨੇ ਪ੍ਰਾਪਤ ਕਰ ਲਿਆ, ਨਾਮ ਦੀ ਬਰਕਤ ਨਾਲ ਭਗਤ ਜਨ ਤ੍ਰਿਸ਼ਨਾ ਦੀ ਅੱਗ ਤੋਂ ਬੱਚ ਗਏ। ਨਾਮ ਸਿਮਰਨ ਦੀ ਬਰਕਤ ਨਾਲ ਪਰਮਾਤਮਾ ਨੇ ਉਨ੍ਹਾਂ ਨੂੰ ਐਸੀ ਦ੍ਰਿਸ਼ਟੀ ਪ੍ਰਦਾਨ ਕਰ ਦਿੱਤੀ, ਜਿਸ ਕਰਕੇ ਇਹ ਭਵਸਾਗਰ ਸੰਸਾਰ ਹੁਣ ਉਨ੍ਹਾਂ ਨੂੰ ਸੁੱਖ ਸਾਗਰ ਪਰਮਾਤਮਾ ਨਾਲ ਅਭੇਦ ਹੋਇਆ ਪ੍ਰਤੀਤ ਹੁੰਦਾ ਹੈ। ਭਗਤ ਜਨ, ਨਾਮ ਰੂਪੀ ਅੰਮ੍ਰਿਤ ਜਲ ਦਿਨ ਰਾਤ ਪੀ ਰਹੇ ਹਨ ਪਰ ਇਹ ਨਾਮ ਰੂਪੀ ਅੰਮ੍ਰਿਤ ਜਲ ਵਿੱਚ ਕੋਈ ਤੋਟ ਨਹੀਂ ਆਉਂਦੀ। ਬਾਬਾ ਕਬੀਰ ਜੀ, ਆਖ਼ਰੀ ਪੰਕਤੀ ਅੰਦਰ ਫੁਰਮਾਨ ਕਰਦੇ ਹਨ ਕਿ ਹੇ ਸੰਸਾਰ ਦੇ ਲੋਕੋ! ਪ੍ਰਭੂ ਨਾਮ ਨੇ ਮੇਰੀ ਸਾਰੀ ਤ੍ਰਿਸ਼ਨਾ ਮੇਟ ਦਿੱਤੀ ਹੈ। ਜੇ ਤੁਸੀਂ ਵੀ ਤ੍ਰਿਸ਼ਨਾਂ ਤੋਂ ਮੁਕਤ ਹੋਣਾ ਚਾਹੁੰਦੇ ਹੋ ਤਾਂ ਮੇਰੇ ਵਾਂਗ ਪਰਮਾਤਮਾ ਦੇ ਨਾਮ ਨੂੰ ਪਿਆਰ ਨਾਲ ਜਪੋ। ਤੁਸੀਂ ਵੀ ਮਾਇਕੀ ਤ੍ਰਿਸ਼ਨਾ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਸਰਸੇ ਹੋ ਜਾਵੋਗੇ। ਆਪ ਜੀ ਦਾ ਅਨੁਭਵ ਪੜ੍ਹੀਏ ਕਿਵੇਂ ਮਾਇਆ ਦੀ ਹੜਬੱਸ ਤੋਂ ਮੁਕਤ ਹੋਣਾ ਹੈ-

**ਅਬ ਮੋਹਿ ਜਲਤ ਰਾਮ ਜਲੁ ਪਾਇਆ ॥**

**ਰਾਮ ਉਦਕਿ ਤਨੁ ਜਲਤ ਬੁਝਾਇਆ ॥੧॥ ਰਹਾਉ ॥**

**ਮਨੁ ਮਾਰਣ ਕਾਰਣਿ ਬਨ ਜਾਈਐ ॥**

**ਸੋ ਜਲੁ ਬਿਨੁ ਭਗਵੰਤ ਨ ਪਾਈਐ ॥੧॥**

**ਜਿਹ ਪਾਵਕ ਸੁਰਿ ਨਰ ਹੈ ਜਾਰੇ ॥**

**ਰਾਮ ਉਦਕਿ ਜਨ ਜਲਤ ਉਬਾਰੇ ॥੨॥**



**ਭਵ ਸਾਗਰ ਸੁਖ ਸਾਗਰ ਮਾਹੀ ॥**

**ਪੀਵਿ ਰਹੇ ਜਲ ਨਿਖੁਟਤ ਨਾਹੀ ॥੩॥**

**ਕਹਿ ਕਬੀਰ ਭਜੁ ਸਾਰਿੰਗਪਾਨੀ ॥**

**ਰਾਮ ਉਦਕਿ ਮੇਰੀ ਤਿਖਾ ਬੁਝਾਨੀ ॥੪॥੧॥** ਕਬੀਰ ਜੀ, ਪੰਨਾ ੩੨੩

ਬਾਬਾ ਕਬੀਰ ਜੀ ਦੇ ਅਨੁਭਵ ਅਨੁਸਾਰ ਜਿਨ੍ਹਾਂ-ਜਿਨ੍ਹਾਂ ਨੇ ਵੀ ਪਰਮਾਤਮਾ ਦੇ ਨਾਮ ਦਾ ਜਲ ਪੀਤਾ (ਭਾਵ ਪਰਮਾਤਮਾ ਦਾ ਨਾਮ ਜਪਿਆ) ਉਹ ਸਦਾ ਲਈ ਤ੍ਰਿਪਤ ਹੋ ਗਏ :

**ਰਾਮ ਉਦਕੁ ਜਿਹ ਜਨ ਪੀਆ ਤਿਹਿ ਬਹੁਰਿ ਨ ਭਈ ਪਿਆਸ ॥੨॥**

ਕਬੀਰ ਜੀ, ਪੰਨਾ ੧੧੦੩

ਸਤਿਗੁਰਾਂ ਤੇ ਭਗਤਾਂ ਦੇ ਜੀਵਨ ਤਜ਼ਰਬੇ ਅਨੁਸਾਰ ਤ੍ਰਿਸ਼ਨਾ ਦੀ ਅਗਨੀ ਤੇ ਅਸ਼ਾਂਤੀ ਤੋਂ ਕੇਵਲ ਪ੍ਰਭੂ-ਨਾਮ ਪ੍ਰਾਪਤ ਕਰਕੇ ਹੀ ਬਚਿਆ ਜਾ ਸਕਦਾ ਹੈ। ਨਾਮ ਦੀ ਪ੍ਰਾਪਤੀ ਲਈ ਬਾਰੰਬਾਰ ਗੁਰੂ ਚਰਨਾਂ ਵਿੱਚ ਅਰਜੋਈ ਕਰਨੀ ਚਾਹੀਦੀ ਹੈ, ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ ਸਾਨੂੰ ਸੋਰਠ ਰਾਗ ਅੰਦਰ ਕਰਨ ਵਾਸਤੇ ਪ੍ਰੇਰਨਾ ਦਿੱਤੀ ਹੈ ਕਿ ਹੇ ਦਾਤਾਰ!

**ਮੇਰੇ ਪ੍ਰਭ ਕਿਰਪਾ ਜਲੁ ਦੇਵਹੁ ਹਰਿ ਨਾਈ ॥**

**ਹਉ ਅੰਤਰਿ ਨਾਮੁ ਮੰਗਾ ਦਿਨੁ ਰਾਤੀ ਨਾਮੇ ਹੀ ਸਾਂਤਿ ਪਾਈ ॥ ਰਹਾਉ ॥**

**ਜਿਉ ਚਾਤ੍ਰਿਕੁ ਜਲ ਬਿਨੁ ਬਿਲਲਾਵੈ ਬਿਨੁ ਜਲ ਪਿਆਸ ਨ ਜਾਈ ॥**

**ਗੁਰਮੁਖਿ ਜਲੁ ਪਾਵੈ ਸੁਖ ਸਹਜੇ ਹਰਿਆ ਭਾਇ ਸੁਭਾਈ ॥੨॥**

ਮ: ੪, ਪੰਨਾ ੬੦੭

ਨਾਮ ਜਲ ਪ੍ਰਾਪਤ ਹੁੰਦੇ ਹੀ—

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ ॥**

ਮ: ੩, ਪੰਨਾ ੯੧੭

ਦੀਆਂ ਜਗਿਆਸੂ ਨੂੰ ਪ੍ਰਾਪਤ ਹੋ ਜਾਂਦੀਆਂ ਹਨ।

## *ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥*

**ਅੱਖਰੀ-ਅਰਥ :** ਸਾਵਣ ਦੇ ਮਹੀਨੇ ਉਹ ਜੀਵ ਰੂਪ ਇਸਤਰੀਆਂ (ਆਤਮਾਵਾਂ) ਖਿੜਾਉ ਵਿੱਚ ਆ ਜਾਂਦੀਆਂ ਹਨ, ਜਿਨ੍ਹਾਂ ਦਾ ਪਰਮਾਤਮਾ ਦੇ ਕੰਵਲਾਂ ਵਰਗੇ ਸੋਹਣੇ ਚਰਨਾਂ (ਪ੍ਰਭੂ ਨਾਮ) ਨਾਲ ਪਿਆਰ ਬਣ ਜਾਂਦਾ ਹੈ।

**ਸੰਖੇਪ-ਵਿਚਾਰ :** ਸੰਸਾਰ ਦੀ ਖੇਡ ਸੂਖਮ ਤੇ ਸਥੂਲ ਦੇ ਸੁਮੇਲ ਨਾਲ ਚੱਲ ਰਹੀ ਹੈ। ਸੰਸਾਰ ਸਥੂਲ ਹੈ ਨਿਰੰਕਾਰ ਸੂਖਮ ਹੈ। ਸਰੀਰ ਸਥੂਲ ਹੈ, ਆਤਮਾ ਸੂਖਮ ਹੈ। ਸੰਸਾਰ ਨੂੰ, ਸਰੀਰ ਨੂੰ ਸਥੂਲ ਵਸਤੂਆਂ, ਸਥੂਲ ਤੱਤਾਂ ਦੀ ਪ੍ਰਾਪਤੀ ਹੋ ਜਾਵੇ, ਉਹ ਪ੍ਰਫੁੱਲਤ ਤੇ ਸਰਸੀਆਂ ਹੁੰਦੀਆਂ ਹਨ। ਸਾਵਣ ਮਹੀਨੇ ਅੰਦਰ ਸਥੂਲ ਪਾਣੀ ਅਸਮਾਨ 'ਚੋਂ ਬਾਰਸ਼ ਦੇ ਰੂਪ ਵਿੱਚ ਵਰ੍ਹਦਾ ਹੈ। ਸਥੂਲ ਪਾਣੀ ਦੀ ਪ੍ਰਾਪਤੀ ਕਰਕੇ ਸੜ੍ਹੀ ਹੋਈ ਧਰਤੀ ਨੂੰ ਸ਼ਾਂਤੀ ਮਿਲਦੀ ਹੈ। ਸਥੂਲ ਜੀਵ-ਜੰਤ ਗਰਮੀ ਤੋਂ ਰਾਹਤ ਪ੍ਰਾਪਤ ਕਰਦੇ ਹਨ, ਘਾਹ ਤੋਂ ਲੈ ਕੇ ਵੱਡੇ-ਵੱਡੇ ਦਰਖਤਾਂ ਅੰਦਰ ਪਾਣੀ ਪ੍ਰਾਪਤ ਹੋਣ ਨਾਲ ਨਵੀਂ ਜੀਵਨ ਰੌ ਆ ਜਾਂਦੀ ਹੈ। ਪਰ ਇਸ ਬਾਹਰੀ ਬਾਰਸ਼ ਪੈਣ ਨਾਲ ਆਤਮਾ ਨਹੀਂ ਮੌਲਦੀ, ਕਿਉਂਕਿ ਆਤਮਾ ਸੂਖਮ ਹੈ। ਸੂਖਮ ਆਤਮਾ ਦਾ ਭੋਜਨ ਵੀ ਸੂਖਮ ਹੈ। ਉਹ ਭੋਜਨ ਹੈ, ਪਰਮਾਤਮਾ ਦਾ ਨਾਮ ਜਿਸ ਪ੍ਰਥਾਇ ਸ੍ਰੀ ਗੁਰੂ ਰਾਮਦਾਸ ਜੀ ਨੇ ਵਡਹੰਸ ਕੀ ਵਾਰ ਅੰਦਰ ਫੁਰਮਾਨ ਕੀਤਾ ਹੈ :

**ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ**

**ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ ॥** ਮ: ੪, ਪੰਨਾ ੫੯੩

ਉਹ ਭੋਜਨ, ਜਿਸ ਨੂੰ ਖਾ ਕੇ ਆਤਮਾ ਨੇ ਤ੍ਰਿਪਤ ਤੇ ਸਰਸੇ ਹੋਣਾ ਹੈ। ਉਹ ਭੋਜਨ ਹੈ, ਗੁਰੂ ਦਾ "ਸ਼ਬਦ", ਪਰਮਾਤਮਾ ਦਾ "ਨਾਮ"।

**ਖਾਣਾ ਸਬਦੁ ਚੰਗਿਆਈਆ ਜਿਤੁ ਖਾਧੈ ਸਦਾ ਤ੍ਰਿਪਤਿ ਹੋਇ ॥**

ਮ: ੩, ਪੰਨਾ ੧੦੯੨

ਜਿਸ ਜਲ ਨੂੰ ਪੀ ਕੇ ਆਤਮਾ ਨੇ ਤ੍ਰਿਪਤ ਤੇ ਸਰਸੇ ਹੋਣਾ ਹੈ, ਉਹ ਜਲ ਹੈ ਅੰਮ੍ਰਿਤ ਨਾਮ। ਸਤਿਗੁਰੂ ਅਰਜਨ ਦੇਵ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ :

**ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ ॥੧ ॥**

ਮ: ੫, ਪੰਨਾ ੧੦੧੯



ਸੋ ਆਤਮਾ ਦੀ ਤ੍ਰਿਪਤੀ ਤੇ ਸਦੀਵੀਂ ਰਜੇਵੇਂ, ਸਦੀਵੀਂ ਸ਼ਾਂਤੀ ਲਈ ਗੁਰੂ ਅਰਜਨ ਦੇਵ ਜੀ ਦਾ ਮੁੰਦਾਵਣੀ ਵਾਲਾ ਸ਼ਬਦ ਜ਼ਰੂਰ ਸਨਮੁਖ ਰੱਖਣਾ ਚਾਹੀਦਾ ਹੈ।

**ਜੇ ਕੋ ਖਾਵੈ ਜੇ ਕੋ ਭੁੰਚੈ ਤਿਸ ਕਾ ਹੋਇ ਉਧਾਰੋ ॥**

**ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ ॥**

ਮ: ੫, ਪੰਨਾ ੧੪੨੯

ਆਤਮਾਂ ਦੇ ਬਿਗਾਸ ਤੇ ਖਿੜਾਉ ਵਾਸਤੇ ਕੇਵਲ ਨਾਮ ਹੀ ਇੱਕ ਰਸਤਾ ਹੈ।

## *ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ ॥*

**ਅੱਖਰੀ-ਅਰਥ :** ਨਾਮ ਜਪ ਦੀ ਬਰਕਤ ਨਾਲ ਉਨ੍ਹਾਂ ਜਗਿਆਸੂਆਂ ਦਾ ਮਨ ਅਤੇ ਤਨ ਸੱਚੇ ਪ੍ਰਭੂ ਦੇ ਪਿਆਰ ਵਿੱਚ ਰੰਗੀਜ ਜਾਂਦਾ ਹੈ। ਅਜਿਹੇ ਨਾਮ ਰੰਗ ਵਿੱਚ ਰੰਗੇ ਵਡਭਾਗੀਆਂ ਦੇ ਜੀਵਨ ਦਾ ਅਧਾਰ-ਆਸਰਾ ਪ੍ਰਭੂ ਨਾਮ ਬਣ ਜਾਂਦਾ ਹੈ।

**ਸੰਖੇਪ-ਵਿਚਾਰ :** ਮਨ ਸਾਡਾ ਇੱਕ ਹੈ, ਇਸ ਨੂੰ ਅਨੇਕ ਪ੍ਰਕਾਰ ਦੇ ਰੰਗ ਚੜ੍ਹੇ ਹੋਏ ਹਨ, ਕਿਤੇ ਮਾਇਆ ਦੀ ਪਾਹ ਲੱਗੀ ਹੋਈ ਹੈ। ਮਨ ਦੇ ਕਿਸੇ ਕੋਨੇ ਵਿੱਚ ਖਾਣ-ਪੀਣ ਦੇ ਚਸਕਿਆਂ ਦਾ ਰੰਗ ਹਾਵੀ ਹੈ। ਕਿਤੇ ਧਨ-ਪ੍ਰਭੂਤਾ ਹੰਕਾਰ ਦਾ ਰੰਗ ਚੜ੍ਹਿਆ ਹੋਇਆ ਹੈ। ਗੁਰੂ ਨਾਨਕ ਪਾਤਸ਼ਾਹ ਜੀ ਦਾ ਤਿਲੰਗ ਰਾਗ ਵਿੱਚ ਫੁਰਮਾਨ ਹੈ :

**ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ ॥**

**ਮੇਰੈ ਕੰਤ ਨ ਭਾਵੈ ਚੋਲੜਾ ਪਿਆਰੇ ਕਿਉ ਧਨ ਸੇਜੈ ਜਾਏ ॥੧ ॥**

ਮ: ੧, ਪੰਨਾ ੭੨੧

ਜਿੰਨਾ ਚਿਰ ਮਨ ਉਪਰੋਂ ਮਾਇਆ ਪ੍ਰਭਾਵੀ ਰੰਗ ਨਹੀਂ ਉਤਰਦੇ, ਓਨਾ ਚਿਰ ਇਹ ਮਨ ਸੱਚੇ ਪਰਮਾਤਮਾ ਦੇ ਰੰਗ ਵਿੱਚ ਨਹੀਂ ਰੰਗਿਆ ਜਾਵੇਗਾ। ਸਤਿਗੁਰਾਂ ਨੇ ਦੁਨਿਆਵੀ ਕੱਪੜਿਆਂ ਨੂੰ ਰੰਗਣ ਦੀ ਮਿਸਾਲ ਦੇ ਕੇ ਮਨ ਨੂੰ ਨਾਮ ਦਾ ਰੰਗ ਚਾੜ੍ਹਨ ਦੀ ਵਿਧੀ ਦਰਸਾਈ ਹੈ ਕਿ ਜਦੋਂ ਕਿਸੇ ਕੱਪੜੇ ਨੂੰ ਰੰਗਣਾ ਹੋਵੇ, ਤਦੋਂ ਕੱਪੜਾ ਚਾਹੀਦਾ ਹੈ, ਕੱਪੜੇ ਨੂੰ ਰੰਗਣ ਵਾਸਤੇ ਰੰਗ ਅਤੇ ਰੰਗ ਘੋਲਣ ਵਾਸਤੇ ਮੱਟ (ਬਰਤਨ) ਚਾਹੀਦਾ ਹੈ। ਇਨ੍ਹਾਂ ਤਿੰਨਾਂ ਦੇ ਸੁਮੇਲ ਨਾਲ ਕੱਪੜਾ ਰੰਗਿਆ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ ਹੇ ਜਗਿਆਸੂ! ਜੇ ਤੂੰ ਆਪਣੇ ਮਨ ਨੂੰ ਨਾਮ

ਦਾ ਰੰਗ ਚਾੜ੍ਹਨਾ ਹੈ ਤਾਂ ਤੂੰ ਆਪਣਾ ਮਨ ਗੁਰੂ ਦੇ ਹਵਾਲੇ ਕਰ ਦੇਹ। ਆਪਣੇ ਸਰੀਰ ਨੂੰ ਬਰਤਨ ਬਣਾ ਤੇ ਸਰੀਰ ਰੂਪੀ ਬਰਤਨ ਵਿਚ ਵਾਹਿਗੁਰੂ ਦੇ ਨਾਮ ਦਾ ਬਾਰੰਬਾਰ ਸਿਮਰਨ ਕਰਕੇ ਨਾਮ ਦਾ ਰੰਗ ਘੋਲ, ਜਿਉਂ-ਜਿਉਂ ਤੂੰ ਤਨ ਦੇ ਵਸੀਲੇ ਨਾਲ **"ਸਾਸਿ ਸਾਸਿ ਸਿਮਰਹੁ ਗੋਬਿੰਦ"** ਦਾ ਧਾਰਨੀ ਬਣੇਗਾ। ਤੇਰੇ ਮਨ ਨੂੰ ਗੁਰੂ ਅਜਿਹਾ ਮਜੀਠੀ ਨਾਮ ਦਾ ਰੰਗ ਚਾੜ੍ਹ ਦੇਵੇਗਾ, ਅਜਿਹਾ ਰੰਗ ਤੂੰ ਕਦੇ ਵੇਖਿਆ ਵੀ ਨਹੀਂ ਹੋਵੇਗਾ। ਜਿਨ੍ਹਾਂ ਵਡਭਾਗੀਆਂ ਦੇ ਮਨ ਨੂੰ ਪ੍ਰਭੂ-ਨਾਮ ਦਾ ਰੰਗ ਚੜ੍ਹ ਜਾਂਦਾ ਹੈ, ਪਰਮਾਤਮਾ ਉਨ੍ਹਾਂ ਦੇ ਨਜ਼ਦੀਕ ਉਨ੍ਹਾਂ ਦੇ ਹਿਰਦੇ ਅੰਦਰ ਪ੍ਰਗਟ ਹੋ ਜਾਂਦਾ ਹੈ। ਅਜਿਹੇ ਪ੍ਰਭੂ ਨਾਮ ਵਿੱਚ ਰੰਗੀਜੇ ਗੁਰੂ ਪਿਆਰਿਆਂ ਦੀ ਚਰਨ ਧੂੜ ਪ੍ਰਾਪਤ ਕਰਨ ਵਾਸਤੇ ਤੁਹਾਡੇ ਚਰਨਾਂ ਵਿਚ ਅਰਦਾਸ ਹੈ :

**ਕਾਇਆ ਰੰਙਣਿ ਜੇ ਥੀਐ ਪਿਆਰੇ ਪਾਈਐ ਨਾਉ ਮਜੀਠ ॥**

**ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ ॥੨॥**

**ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ ॥**

**ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ ॥੩॥**

ਮ: ੧, ਪੰਨਾ ੭੨੨

ਜਿਸ ਦੇ ਮਨ ਨੂੰ ਹਰੀ ਦੇ ਨਾਮ ਦਾ ਰੰਗ ਚੜ੍ਹ ਜਾਂਦਾ ਹੈ। ਸਤਿਗੁਰੂ ਦੀ ਦ੍ਰਿਸ਼ਟੀ ਵਿੱਚ ਅਜਿਹਾ, ਪ੍ਰਭੂ ਨਾਮ ਨਾਲ ਰੰਗਿਆ ਜਗਿਆਸੂ ਅਸਲੀ ਸੂਰਮਾ ਹੈ। ਉਹ ਆਪਣੇ ਮਨ ਉੱਪਰ ਜਿੱਤ ਪ੍ਰਾਪਤ ਕਰ ਲੈਂਦਾ ਹੈ। ਮਨ ਦਾ ਜੇਤੂ ਸੰਸਾਰ ਦਾ ਜੇਤੂ ਬਣ ਜਾਂਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਬਚਨ ਦਰਜ ਹੈ :

**ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥**

**ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ ॥**

ਮ: ੫, ਪੰਨਾ ੬੭੯

ਆਤਮਾ ਨੂੰ ਪ੍ਰਭੂ ਦੇ ਨਾਮ ਦਾ ਰੰਗ ਚੜ੍ਹਦਾ ਕਿਵੇਂ ਹੈ ? ਉਸ ਦਾ ਤਰੀਕਾ ਵੀ ਸਤਿਗੁਰਾਂ ਨੇ ਅਗਲੀਆਂ ਪੰਕਤੀਆਂ ਅੰਦਰ ਦਰਸਾਇਆ ਹੈ ਕਿ ਜਿਸ ਦੇ ਹਿਰਦੇ ਵਿੱਚ ਆਪਣੇ ਮਨ ਨੂੰ ਪ੍ਰਭੂ ਨਾਮ ਰੰਗ ਚਾੜ੍ਹਨ ਦੀ ਲਾਲਸਾ ਹੋਵੇ, ਉਹ ਪਿਆਰ ਵਿੱਚ ਭਿੱਜ ਕੇ ਪਰਮਾਤਮਾ ਦੇ ਗੁਣ ਗਾਵੇ, ਹਮੇਸ਼ਾਂ ਪ੍ਰਮਾਤਮਾ ਦੀ ਸ਼ਰਨ ਵਿੱਚ ਰਹੇ,



ਆਪਣੀ ਹਉਂ-ਹੰਗਤਾ ਤਿਆਗ ਕੇ ਪਰਮਾਤਮਾ ਦਾ ਸਿਮਰਨ ਕਰੇ। ਅਜਿਹੇ ਗੁਰੂ ਪਿਆਰੇ ਦੀ ਆਤਮਾ ਨੂੰ ਨਾਮ ਦਾ ਰੰਗ ਚੜ੍ਹ ਜਾਵੇਗਾ। ਉਸ ਨੂੰ ਸਹਿਜ ਅਵਸਥਾ ਦੀ ਪ੍ਰਾਪਤੀ ਹੋ ਜਾਵੇਗੀ। ਨਾਮ ਰੰਗ ਚਾੜ੍ਹਨ ਦਾ ਰਸਤਾ ਹੈ :

**ਠਾਕੁਰੁ ਗਾਈਐ ਆਤਮ ਰੰਗਿ ॥**

**ਸਰਣੀ ਪਾਵਨ ਨਾਮ ਧਿਆਵਨ ਸਹਜਿ ਸਮਾਵਨ ਸੰਗਿ ॥** ਮ: ੫, ਪੰਨਾ ੬੮੦

ਜਿਸ ਦੀ ਆਤਮਾ ਨੂੰ ਨਾਮ ਦਾ ਰੰਗ ਚੜ੍ਹ ਜਾਂਦਾ ਹੈ, ਉਸ ਦਾ ਜੀਵਨ ਅਧਾਰ "ਨਾਮ" ਬਣ ਜਾਂਦਾ ਹੈ। ਭਗਤ ਕਬੀਰ ਜੀ ਨੇ ਗਉੜੀ ਰਾਗ ਅੰਦਰ ਕੰਵਲ ਫੁੱਲ ਦੀ ਉਦਾਹਰਣ ਦਿੱਤੀ ਹੈ ਕਿ ਜਿਵੇਂ ਕਉਲ (ਕਮਲ) ਫੁਲ ਪਾਣੀ ਦੇ ਆਸਰੇ ਹੀ ਜਿਉਂਦਾ ਹੈ, ਤਿਵੇਂ ਹੇ ਪਰਮਾਤਮਾ! ਤੇਰਾ ਨਾਮ ਮੇਰੇ ਜੀਵਨ ਦਾ ਅਧਾਰ ਹੈ। ਆਪ ਦਾ ਫੁਰਮਾਨ ਹੈ:

**ਨਾਮੁ ਤੇਰਾ ਆਧਾਰੁ ਮੇਰਾ ਜਿਉ ਫੂਲੁ ਜਈ ਹੈ ਨਾਰਿ ॥**

**ਕਹਿ ਕਬੀਰ ਗੁਲਾਮੁ ਘਰ ਕਾ ਜੀਆਇ ਭਾਵੈ ਮਾਰਿ ॥**

ਕਬੀਰ ਜੀ, ਪੰਨਾ ੩੩੮

ਜਿਸ ਨੇ ਸੱਚੇ ਪ੍ਰਭੂ ਦੇ ਨਾਮ-ਸਿਮਰਨ ਵਿੱਚ ਲਿਵ ਜੋੜ ਲਈ ਉਹ ਸਚਿਆਰ ਬਣ ਕੇ ਸੱਚੇ ਪ੍ਰਭੂ ਵਿੱਚ ਲੀਨ ਹੋ ਜਾਂਦਾ ਹੈ। ਉਸ ਨੇ ਮਾਇਆਂ ਦੇ ਦੂਤਾਂ ਨਾਲ ਝਗੜਾ ਨਿਬੇੜ ਲਿਆ। ਇਹ ਪਦਵੀ ਪ੍ਰਾਪਤ ਕਰਕੇ ਵੀ ਉਹ ਹੰਕਾਰ ਨਹੀਂ ਕਰਦਾ। ਉਹ ਸਦਾ ਪੁਕਾਰਦਾ ਹੈ ਕਿ ਹੇ ਪ੍ਰਮਾਤਮਾ! ਮੈਨੂੰ ਤਾਂ ਤੇਰਾ ਹੀ ਆਸਰਾ ਹੈ, ਮੈਨੂੰ ਤੇਰਾ ਹੀ ਬਲ ਤੇ ਸਹਾਰਾ ਹੈ। ਉਹ ਹਮੇਸ਼ਾ ਪ੍ਰਭੂ ਨਾਮ ਆਸਰੇ ਜੀਵਨ ਜਿਊਂਦਾ ਹੈ :

**ਮੈ ਆਧਾਰੁ ਤੇਰਾ ਤੂ ਖਸਮੁ ਮੇਰਾ ਮੈ ਤਾਣੁ ਤਕੀਆ ਤੇਰਓ ॥**

**ਸਾਚਿ ਸੂਚਾ ਸਦਾ ਨਾਨਕ ਗੁਰ ਸਬਦਿ ਝਗਰੁ ਨਿਬੇਰਓ ॥੪॥੨॥**

ਮ: ੧, ਪੰਨਾ ੮੪੪

ਨਾਮ ਆਤਮਾਂ ਦਾ ਅਧਾਰ ਵੀ ਹੈ ਤੇ ਪ੍ਰਭੂ ਪਿਆਰ ਵਿਚ ਰੰਗਣ ਵਾਲਾ ਰੰਗ ਵੀ ਹੈ।

## *ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ ॥*

**ਅੱਖਰੀ-ਅਰਥ :** ਨਾਮ-ਅਧਾਰੀ ਜਗਿਆਸੂਆਂ ਨੂੰ ਮਾਇਆ ਦੇ ਵਿਸ਼ੇ-ਵਿਕਾਰੀ ਰਸ ਨਾਸ਼ਵੰਤ, ਨਿਕੰਮੇ ਸੁਆਹ ਸਮਾਨ ਪ੍ਰਤੀਤ ਹੁੰਦੇ ਹਨ।

**ਸੰਖੇਪ-ਵਿਚਾਰ** : ਸਤਿਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਮਾਇਕੀ ਰੰਗਾਂ-ਰਸਾਂ ਨੂੰ ਕੂੜੇ ਤੇ ਪਰਛਾਵੇਂ ਦੀ ਨਿਆਈਂ ਦਰਸਾ ਕੇ ਸਦੀਵੀ ਸੁੱਖ ਅਤੇ ਅਨੰਦ ਦਾ ਸੋਮਾ, ਜੋ ਪਰਮਾਤਮਾ ਦਾ ਨਾਮ ਹੈ, ਨਾਮ ਨੂੰ ਜਪਣ ਲਈ ਪ੍ਰੇਰਨਾ ਦਿੱਤੀ ਹੈ ਪਰ ਪਰਮਾਤਮਾ ਦਾ ਨਾਮ ਕੋਈ ਵਿਰਲਾ ਭਾਗਾਂ ਵਾਲਾ ਹੀ ਜਾਪਦਾ ਹੈ। ਆਪ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ :

**ਜੇਤੇ ਮਾਇਆ ਰੰਗ ਤੇਤ ਪਛਾਵਿਆ ॥**

**ਸੁਖ ਕਾ ਨਾਮੁ ਨਿਧਾਨੁ ਗੁਰਮੁਖਿ ਗਾਵਿਆ ॥** ਮ: ੫, ਪੰਨਾ ੩੯੮

ਸਤਿਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਹੀ ਇੱਕ ਹੋਰ ਫੁਰਮਾਨ ਹੈ ਕਿ ਹੇ ਪ੍ਰਾਣੀ! ਜਿੰਨੇ ਵੀ ਮਾਇਆ ਦੇ ਰੰਗ ਤੇ ਰਸ ਤੂੰ ਭੋਗਦਾ ਹੈਂ, ਇਹ ਸਾਰੇ ਛਿੰਨ-ਭੰਗਰੀ ਤੇ ਥੋੜ੍ਹ ਚਿਰੇ ਹਨ। ਪਰਮਾਤਮਾ ਦੇ ਭਗਤ, ਨਾਮ ਦਾ ਰਸ ਤੇ ਰੰਗ ਹਰ ਥਾਂ ਹਰ ਜਗ੍ਹਾ, ਇੱਕ ਰਸ ਲਗਾਤਾਰ ਮਾਣਦੇ ਹਨ। ਆਪ ਦਾ ਪਾਵਨ ਬਚਨ ਹੈ :

**ਜੇਤੇ ਮਾਇਆ ਰੰਗ ਰਸ ਬਿਨਸਿ ਜਾਹਿ ਖਿਨ ਮਾਹਿ ॥**

**ਭਗਤ ਰਤੇ ਤੇਰੇ ਨਾਮ ਸਿਉ ਸੁਖੁ ਭੁੰਚਹਿ ਸਭ ਠਾਇ ॥੩॥**

ਮ: ੫, ਪੰਨਾ ੪੩੧

ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਪਾਵਨ ਫੁਰਮਾਨ ਅਨੁਸਾਰ, ਮਨੁੱਖ ਬਾਹਰੀ ਛਿਨ-ਭੰਗਰੀ ਮਾਇਕੀ ਰਸਾਂ ਵਿੱਚ ਗਲਤਾਨ ਰਹਿੰਦਾ ਹੈ। ਨਾਮ ਦਾ ਰਸ ਪ੍ਰਾਪਤ ਕਰਨ ਵਾਸਤੇ ਇਸਨੇ ਕਦੇ ਯਤਨ ਹੀ ਨਹੀਂ ਕੀਤਾ। ਦੂਸਰੇ, ਮਨੁੱਖ ਦਾ ਹਿਰਦਾ ਪਹਿਲਾਂ ਹੀ ਇੰਨੇ ਕੁ ਰਸਾਂ ਨਾਲ ਭਰਪੂਰ ਹੈ ਕਿ ਹਿਰਦੇ ਵਿੱਚ ਨਾਮ ਦੇ ਟਿਕਾਉ ਵਾਸਤੇ ਕੋਈ ਥਾਂ ਹੀ ਨਹੀਂ ਹੈ। ਸਤਿਗੁਰਾਂ, ਰਸਾਂ ਦੀ ਗਿਣਤੀ, ਜਿਨ੍ਹਾਂ ਵਿੱਚ ਮਨੁੱਖ ਫਸਿਆ ਪਿਆ ਹੈ, ਕਰਦੇ ਸਿਰੀ ਰਾਗ ਅੰਦਰ ਬਚਨ ਦਰਜ ਕੀਤਾ ਹੈ ਕਿ ਮਨੁੱਖ ਸੋਨਾ-ਚਾਂਦੀ ਦੇ ਰਸ ਵਿੱਚ ਪ੍ਰਵਿਰਤ ਹੈ। ਸੋਹਣੇ ਘੋੜਿਆਂ ਦੀ ਸਵਾਰੀ ਅਤੇ ਸੁੰਦਰ ਮੰਦਰਾਂ ਵਿੱਚ ਸੁੰਦਰ ਸੇਜਾਂ ਦੇ ਅਨੰਦ ਮਾਨਣ ਵਿੱਚ ਰਸੀਆ ਬਣ ਕੇ ਰਸ ਮਾਣ ਰਿਹਾ ਹੈ। ਕਈ ਪ੍ਰਕਾਰ ਦੇ ਮਿੱਠੇ ਖੱਟੇ ਰਸ ਪੀਣ ਤੇ ਖਾਣ ਅਤੇ ਖ਼ਾਸ ਕਰਕੇ ਅਨੇਕ ਤਰ੍ਹਾਂ ਦੇ ਮਾਸ ਨੂੰ ਤੁੜਕੇ ਲਾ ਕੇ ਖਾਣ ਦੇ ਜੀਭ-ਰਸੀ ਸੁਆਦਾਂ ਵਿੱਚ ਫਸਿਆ ਪਿਆ ਹੈ। ਫਿਰ ਤੁਸੀਂ ਆਪ ਹੀ ਦੱਸੋ ਕਿ ਜਿਹੜਾ ਸਰੀਰ ਇਨ੍ਹਾਂ ਰਸਾਂ ਦੇ ਚਸਕਿਆਂ ਵਿੱਚ ਭਰਿਆ ਫਸਿਆ ਹੋਵੇ, ਉਸ ਹਿਰਦੇ ਵਿੱਚ ਨਾਮ ਅਤੇ ਨਾਮ ਦੇ ਰਸ ਦਾ ਨਿਵਾਸ ਕਿਵੇਂ ਹੋਵੇ ? ਭਾਵ ਨਹੀਂ ਹੋ ਸਕਦਾ। ਸਾਹਿਬਾਂ ਦਾ ਬਚਨ ਹੈ :



**ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥**

**ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥**

**ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥** ਮ: ੧, ਪੰਨਾ ੧੫

ਭਗਤ ਕਬੀਰ ਜੀ ਦਾ ਬਾਵਨ ਅੱਖਰੀ ਅੰਦਰ ਫੁਰਮਾਨ ਹੈ ਕਿ ਜਿੰਨਾ ਚਿਰ ਮਨੁੱਖ ਦੁਨੀਆਂ ਦੇ ਮਾਇਆਵੀ ਰਸਾਂ-ਕਸਾਂ ਦਾ ਗੁਲਾਮ ਹੈ, ਉਨ੍ਹਾਂ ਚਿਰ ਉਸ ਨੂੰ ਪਰਮਾਤਮਾ ਦੇ ਨਾਮ ਦਾ ਰਸ ਪ੍ਰਾਪਤ ਨਹੀਂ ਹੋ ਸਕਦਾ। ਜਦੋਂ ਕੋਈ ਵਡਭਾਗੀ ਦੁਨਿਆਵੀ ਰਸਾਂ ਨੂੰ ਛਿੰਨ-ਭੰਗਰੇ, ਬੇ-ਰਸੇ ਜਾਣ ਕੇ ਤਿਆਗ ਦਿੰਦਾ ਹੈ ਤਦੋਂ ਉਸ ਜਗਿਆਸੂ ਨੂੰ ਨਾਮ ਦਾ ਰਸ ਪ੍ਰਾਪਤ ਹੋਣ ਲੱਗ ਜਾਂਦਾ ਹੈ। ਜਦੋਂ ਨਾਮ ਦਾ ਰਸ ਪ੍ਰਾਪਤ ਹੋ ਗਿਆ ਫਿਰ ਦੁਨਿਆਵੀ ਰਸ ਚੰਗੇ ਨਹੀਂ ਲੱਗਦੇ। ਬਾਬਾ ਜੀ ਦਾ ਫੁਰਮਾਨ ਹੈ :

**ਰਾਰਾ ਰਸੁ ਨਿਰਸ ਕਰਿ ਜਾਨਿਆ ॥ ਹੋਇ ਨਿਰਸ ਸੁ ਰਸੁ ਪਹਿਚਾਨਿਆ ॥**

**ਇਹ ਰਸ ਛਾਡੇ ਉਹ ਰਸੁ ਆਵਾ ॥ ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥**

ਕਬੀਰ ਜੀ, ਪੰਨਾ ੩੪੨

ਜਿਸ ਨੂੰ ਗੁਰੂ ਮਿਹਰ ਨਾਲ ਨਾਮ ਦਾ ਰਸ ਪ੍ਰਾਪਤ ਹੋ ਜਾਂਦਾ ਹੈ ਉਹ ਤਾਂ ਪੁਕਾਰ-ਪੁਕਾਰ ਕੇ ਅਵਾਜ਼ਾਂ ਦਿੰਦਾ ਹੈ :

**ਰਾਮ ਰਸੁ ਪੀਆ ਰੇ ॥ ਜਿਹ ਰਸ ਬਿਸਰਿ ਗਏ ਰਸ ਅਉਰ ॥੧॥**

ਕਬੀਰ ਜੀ, ਪੰਨਾ ੩੩੭

ਉਹ ਪਰਉਪਕਾਰੀ ਗੁਰੂ ਪਿਆਰਾ ਤਾਂ ਮਾਇਕੀ ਰਸਾਂ ਅੰਦਰ ਫਸਿਆਂ ਨੂੰ ਪੁਕਾਰ-ਪੁਕਾਰ ਕੇ ਦਰਸਾਉਂਦਾ ਹੈ। ਹੇ ਮਿੱਤਰੋ! ਹੇ ਪਿਆਰਿਓ! ਸੰਸਾਰ ਦੇ ਮਾਇਕੀ ਵਿਸ਼ੇ-ਵਿਕਾਰਾਂ ਦੇ ਰਸ ਥੋੜ੍ਹ ਚਿਰੇ ਤੇ ਫਿੱਕੇ ਹਨ। ਜੇ ਸਦੀਵੀਂ ਰਸ ਮਾਨਣਾ ਲੋਚਦੇ ਹੋ ਤਾਂ ਤੁਸੀਂ ਨਾਮ ਦੇ ਰਸ ਨੂੰ ਚੱਖਣਾ ਕਰੋ। ਨਾਮ ਦਾ ਰਸ ਪੀਤੇ ਤੋਂ ਬਿਨਾਂ ਸਾਰਾ ਸੰਸਾਰ ਹੀ ਵਿਸ਼ੇ ਵਿਕਾਰਾਂ ਵਿੱਚ ਫਸ ਕੇ ਆਪਣਾ ਜੀਵਨ ਬਰਬਾਦ ਕਰ ਰਿਹਾ ਹੈ। ਵਿਸ਼ੇ-ਵਿਕਾਰਾਂ ਵਿੱਚ ਫਸੇ ਮਨਮੁਖਾਂ ਨੂੰ ਬਿਖੇ-ਰਸਾਂ ਵਿੱਚੋਂ ਭੋਰਾ ਜਿੰਨਾ ਵੀ ਸੁੱਖ ਪ੍ਰਾਪਤ ਨਹੀਂ ਹੋਇਆ। ਸਤਿਗੁਰੂ ਅਰਜਨ ਦੇਵ ਜੀ ਦਾ ਬਿਲਾਵਲ ਰਾਗ ਅੰਦਰ ਫੁਰਮਾਨ ਹੈ :

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥**

**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥**

ਮ: ੫, ਪੰਨਾ ੮੦੨

ਇਹ ਅਵਸਥਾ ਪ੍ਰਾਪਤ ਕਰਨ ਲਈ ਪ੍ਰਭੂ ਚਰਨਾਂ ਵਿੱਚ ਅਰਦਾਸ ਕਰਨੀ ਚਾਹੀਦੀ ਹੈ।

## *ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ ॥*

**ਅੱਖਰੀ-ਅਰਥ :** ਨਾਮ-ਰਸੀਏ ਪੁਰਸ਼ਾਂ ਨੂੰ ਪਰਮਾਤਮਾ ਦਾ ਅੰਮ੍ਰਿਤ ਰੂਪੀ ਨਾਮ ਹੀ ਚੰਗਾ, ਸੁਹਾਵਣਾ ਲੱਗਦਾ ਹੈ। ਨਾਮ ਰੂਪ ਅੰਮ੍ਰਿਤ ਦੀਆਂ ਬੂੰਦਾਂ ਦੀ ਪ੍ਰਾਪਤੀ ਲਈ ਨਾਮ ਰਸੀਆ ਜਾਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾਂਦਾ ਹੈ ਜਾਂ ਫਿਰ ਗੁਰੂ ਚਰਨਾਂ ਨਾਲ ਜੁੜੇ ਹੋਏ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਬੈਠ ਨਾਮ ਅੰਮ੍ਰਿਤ ਨੂੰ ਪੀ ਕੇ ਆਪਣੇ ਹਿਰਦੇ ਦੀ ਪਿਆਸ ਨੂੰ ਦੂਰ ਕਰ, ਤ੍ਰਿਪਤੀ ਪ੍ਰਾਪਤ ਕਰਦਾ ਹੈ।

**ਸੰਖੇਪ-ਵਿਚਾਰ :** ਜਿਵੇਂ ਆਪਾਂ ਦਹੀਂ ਨੂੰ ਰਿੜਕਦੇ ਹਾਂ ਉਸ ਵਿੱਚੋਂ ਮੱਖਣ ਪ੍ਰਾਪਤ ਹੁੰਦਾ ਹੈ। ਤਿਵੇਂ "ਨਾਮ" ਦਾ ਮੰਥਨ (ਨਾਮ ਦਾ ਜਾਪ) ਕਰਦਿਆਂ ਨਾਮ ਵਿੱਚੋਂ ਅੰਮ੍ਰਿਤ ਪ੍ਰਾਪਤ ਹੁੰਦਾ ਹੈ ਪਰ ਨਾਲ ਸਾਵਧਾਨੀਆਂ ਵੀ ਵਰਤਣੀਆਂ ਹਨ। ਕਿਵੇਂ ਨਾਮ ਜਪ ਵਿੱਚੋਂ ਅੰਮ੍ਰਿਤ ਪ੍ਰਾਪਤ ਹੋਣਾ ਹੈ ? ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਸੂਹੀ ਰਾਗ ਅੰਦਰ ਪਾਵਨ ਸ਼ਬਦ ਉਚਾਰ ਕੇ ਨਾਮ ਵਿੱਚੋਂ ਅੰਮ੍ਰਿਤ ਪ੍ਰਾਪਤ ਕਰਨ ਦੀ ਵਿਧੀ, ਦੁੱਧ ਨੂੰ ਰਿੜਕਣ ਦਾ ਅਲੰਕਾਰ ਸਨਮੁਖ ਰੱਖ ਕੇ ਦਰਸਾਈ ਹੈ। ਜਿਵੇਂ ਦੁੱਧ ਨੂੰ ਜੰਮਣ ਲਾਉਣ ਤੋਂ ਪਹਿਲਾਂ ਜਿਸ ਭਾਂਡੇ ਵਿੱਚ ਦੁੱਧ ਪਾਉਣਾ ਹੁੰਦਾ ਹੈ, ਉਸ ਨੂੰ ਚੰਗੀ ਤਰ੍ਹਾਂ ਸਾਫ਼ ਕਰਨਾ ਪੈਂਦਾ ਹੈ। ਉਪਰੰਤ ਦੁੱਧ ਖਰਾਬ ਕਰਨ ਵਾਲੇ ਕੀਟਾਣੂਆਂ ਨੂੰ ਮਾਰਨ ਵਾਸਤੇ ਭਾਂਡੇ ਨੂੰ ਅੱਗ ਦੇ ਕੋਲਿਆਂ ਉੱਪਰ ਮੂਧਾ ਮਾਰ ਕੇ ਤੁਖਾਰ ਦਿੱਤਾ ਜਾਂਦਾ ਹੈ। ਇਹ ਸਾਫ਼ ਹੋਏ ਭਾਂਡੇ ਵਿੱਚ ਦੁੱਧ ਪਾ ਕੇ ਜੰਮਣ ਲਾਇਆ ਜਾਂਦਾ ਹੈ। ਤਿਵੇਂ ਸਭ ਤੋਂ ਪਹਿਲਾਂ ਹਿਰਦੇ ਰੂਪੀ ਭਾਂਡੇ ਨੂੰ ਸਾਫ਼ ਕਰਨ ਲਈ ਜਗਿਆਸੂ ਨੂੰ ਸਤਿਸੰਗਤ ਕਰਨੀ ਚਾਹੀਦੀ ਹੈ। ਜਿਉਂ-ਜਿਉਂ ਜਗਿਆਸੂ ਸਤਿਸੰਗਤ ਕਰੇਗਾ, ਮਨ ਰੂਪੀ ਭਾਂਡਾ ਮਾਂਜਿਆ ਜਾਵੇਗਾ ਤੇ ਮਨ ਸਵੱਸ਼ ਹੋ ਜਾਵੇਗਾ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ ॥**

ਮ: ੫, ਪੰਨਾ ੬੩੯

ਸਤਿਸੰਗਤ ਕਰਨ ਨਾਲ ਜਨਮਾਂ-ਜਨਮਾਂਤਰਾ ਤੋਂ ਮਨ ਉੱਪਰ ਲੱਗੀ ਹੰਕਾਰ ਦੀ ਥਿੰਧਾਈ ਸਦਾ ਵਾਸਤੇ ਦੂਰ ਹੋ ਜਾਵੇਗੀ। ਸਾਹਿਬਾਂ ਦਾ ਪਿਆਰਾ ਬਚਨ ਹੈ :

**ਅਹੰਬੁਧਿ ਮਨ ਪੂਰਿ ਥਿਧਾਈ ॥ ਸਾਧ ਧੂਰਿ ਕਰਿ ਸੁਧ ਮੰਜਾਈ ॥**

ਮ: ੫, ਪੰਨਾ ੨੦੦



ਜਦੋਂ ਮਨ ਸਵੱਛ ਹੋ ਗਿਆ, ਫਿਰ ਮਨੁੱਖ ਸ੍ਰੇਸ਼ਟ ਕਰਮਾਂ ਦਾ ਧਾਰਨੀ ਬਣ ਜਾਵੇਗਾ। ਸ੍ਰੇਸ਼ਟ ਕਰਮਾਂ ਨੂੰ ਜੀਵਨ ਵਿੱਚ ਧਾਰਕੇ, ਪਰਮਾਤਮਾ ਦੇ ਨਾਮ ਨੂੰ ਆਤਮਿਕ ਚੇਤਨਤਾ ਨਾਲ ਜਪਣਾ, ਇਹ ਨਾਮ ਜਪ ਕੇ ਦੁੱਧ ਨੂੰ ਜਾਗ ਲਾਉਣਾ ਹੈ। ਨਾਮ ਜਪਦਿਆਂ, ਨਾਮ ਜਪ ਦੇ ਫਲ ਨੂੰ ਪ੍ਰਾਪਤ ਕਰਨ ਲਈ ਉਤਾਵਲੇ ਨਹੀਂ ਹੋਣਾ। ਨਿਸ਼ਕਾਮ ਹੋ ਕੇ "**ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥**" ਦੀ ਨਿਰੰਤਰ ਕਾਰ ਕਰੀ ਜਾਣੀ, ਇਹ ਦੁੱਧ ਰਿੜਕਣਾ ਹੈ। ਨਾਮ ਜਪਦਿਆਂ, ਜਿਵੇਂ ਸੁਆਣੀ ਦੁੱਧ ਰਿੜਕਣ ਸਮੇਂ ਆਪਣੇ ਦੋਵਾਂ ਹੱਥਾਂ ਵਿੱਚ ਈਟੀਆਂ (ਲੱਕੜ ਦੀਆਂ ਗੁੱਲੀਆਂ) ਘੁੱਟ ਕੇ ਫੜ੍ਹਦੀ ਹੈ, ਤਿਵੇਂ ਆਪਣੇ ਮਨ ਨੂੰ ਸੰਕਲਪਾਂ ਵਿਕਲਪਾਂ ਵੱਲੋਂ ਵਰਜੀ ਰੱਖਣਾ, ਇਹ ਈਟੀਆਂ ਹੱਥਾਂ ਵਿੱਚ ਫੜ੍ਹਨੀਆਂ ਹਨ। ਇਕਾਗਰ ਚਿੱਤ ਹੋ ਕੇ ਨਾਮ ਜਪਦਿਆਂ ਇਹ ਵੀ ਖ਼ਿਆਲ ਰੱਖਣਾ ਹੈ ਕਿ ਕਿਤੇ ਨੀਂਦ ਹੀ ਨਾ ਆ ਜਾਵੇ ਤੇ ਸਾਡਾ ਕੀਮਤੀ ਸਮਾਂ ਬਰਬਾਦ ਹੋ ਜਾਵੇ। ਸਾਵਧਾਨ ਇਕਾਗਰ ਚਿਤ ਹੋ ਕੇ ਜਦੋਂ ਜਗਿਆਸੂ ਰਸਨਾ ਨਾਲ ਨਾਮ ਜਪੇਗਾ, ਤਦ ਨਾਮ ਜਪਦਿਆਂ ਨਾਮ ਦਾ ਤੱਤ ਅੰਮ੍ਰਿਤ ਜਗਿਆਸੂ ਨੂੰ ਪ੍ਰਾਪਤ ਹੋ ਜਾਵੇਗਾ। ਸਾਹਿਬਾਂ ਦਾ ਫੁਰਮਾਨ ਹੈ :

**ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥**
**ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧ ॥**
**ਜਪਹੁ ਤ ਏਕੋ ਨਾਮਾ ॥ ਅਵਰਿ ਨਿਰਾਫਲ ਕਾਮਾ ॥੧ ॥ ਰਹਾਉ ॥**
**ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ ॥**
**ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨ ॥**

ਮ: ੧, ਪੰਨਾ ੭੨੮

ਜਿਨ੍ਹਾਂ ਵਡਭਾਗੀਆਂ ਨੂੰ ਨਾਮ ਅੰਮ੍ਰਿਤ ਦੀ ਪ੍ਰਾਪਤੀ ਹੋ ਜਾਂਦੀ ਹੈ, ਉਹ ਸੰਸਾਰ ਦੇ ਜੀਵਾਂ ਨੂੰ ਉਦਾਹਰਣਾ ਦੇ ਕੇ ਨਾਮ ਰਸ ਦਾ ਸੁਆਦ ਦਰਸਾ ਨਾਮ ਰਸ ਪਾਨ ਕਰਨ ਲਈ ਪ੍ਰੇਰਨਾ ਦਿੰਦੇ ਹਨ। ਸਤਿਗੁਰੂ ਰਾਮਦਾਸ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ। ਹੇ ਸੰਸਾਰ ਦੇ ਲੋਕੋ ! ਅਸਾਂ ਮਿੱਠੇ ਰਸ ਅਤੇ ਹੋਰ ਅਨ-ਰਸ ਇੰਦ੍ਰੀਆਂ ਨਾਲ ਚੱਖ ਕੇ ਵੇਖੇ ਹਨ, ਉਹ ਸਾਰੇ ਫਿੱਕੇ ਤੋਂ ਫਿੱਕੇ ਹਨ। ਸਤਿਗੁਰੂ ਨੂੰ ਮਿਲ ਕੇ ਜੋ ਨਾਮ ਅੰਮ੍ਰਿਤ ਰਸ ਪ੍ਰਾਪਤ ਹੋਇਆ ਹੈ, ਉਹ ਗੰਨੇ ਦੇ ਰਸ ਨਾਲੋਂ ਵੀ ਵਧੀਕ ਮਿੱਠਾ ਹੈ :

**ਜਿਤਨੇ ਰਸ ਅਨ ਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ ॥**
**ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ ॥੨ ॥**

ਮ: ੪, ਪੰਨਾ ੧੬੯

ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ, ਨਾਮਰਸੀਏ ਪੁਕਾਰ-ਪੁਕਾਰ ਕੇ ਨਾਮ ਰਸ ਦੀ ਮਹਿਮਾਂ ਦਰਸਾ ਕੇ ਲੋਕਾਈ ਨੂੰ ਨਾਮ-ਰਸ ਪੀਣ ਵਾਸਤੇ ਪ੍ਰੇਰਨਾ ਦਿੰਦੇ ਹਨ ਕਿ ਹੇ ਸੰਸਾਰੀ ਲੋਕੋ ! ਪ੍ਰਭੂ ਨਾਮ, ਸਾਰੇ ਰਸਾਂ ਦਾ ਤੇ ਨਿੱਧੀਆਂ ਦਾ ਖ਼ਜਾਨਾ ਹੈ। ਇਸ ਨੂੰ ਸਾਰੇ ਰਲ ਕੇ ਪੀਵੋ। ਪਰਮਾਤਮਾ ਦਾ ਨਾਮ ਜਪਣ ਨਾਲ ਜਿਸ ਨੂੰ ਨਾਮ ਦਾ ਰਸ ਪ੍ਰਾਪਤ ਹੋ ਜਾਵੇਗਾ, ਉਸ ਦੇ ਸਾਰੇ ਦੁੱਖ ਦੂਰ ਹੋ ਜਾਣਗੇ। ਉਸ ਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਜਾਵੇਗੀ। ਆਪ ਦਾ ਫੁਰਮਾਨ ਹੈ :

**ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥**

**ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥** ਮ: ੫, ਪੰਨਾ ੩੧੮

ਨਾਮ ਰਸੀਏ, ਸਤਿਸੰਗਤ ਵਿੱਚ ਬੈਠ ਕੇ ਜਿੱਥੇ ਅੰਮ੍ਰਿਤ ਨਾਮ-ਰਸ ਨੂੰ ਭੁਚੰਦੇ ਹਨ, ਉੱਥੇ ਉਹ ਨਾਮ-ਰਸ ਦੀ ਵਡਿਆਈ ਦਰਸਾ ਕੇ ਲੋਕਾਈ ਨੂੰ ਨਾਮ-ਰਸ ਪੀਣ ਤੇ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੰਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਅੰਦਰ ਫੁਰਮਾਨ ਹੈ। ਨਾਮ ਅੰਮ੍ਰਿਤ ਬਹੁਤ ਹੀ ਨਿਰਮਲ ਹੈ। ਨਾਮ-ਅੰਮ੍ਰਿਤ ਸੁੱਖਾਂ ਦਾ ਦਾਤਾ ਤੇ ਦੁੱਖਾਂ ਨੂੰ ਦੂਰ ਕਰਨ ਵਾਲਾ ਹੈ। ਅਸਾਂ ਸੰਸਾਰ ਦੇ ਸਾਰੇ ਰਸ ਚੱਖ ਕੇ ਵੇਖ ਲਏ ਹਨ। ਹਰੀ ਦੇ ਨਾਮ ਦਾ ਰਸ, ਸਾਰੇ ਰਸਾਂ ਨਾਲੋਂ ਵਧੀਕ ਸਵਾਦੀਕ ਹੈ। ਜਿਹੜਾ ਨਾਮ ਅੰਮ੍ਰਿਤ ਨੂੰ ਚੱਖ ਲੈਂਦਾ ਹੈ, ਉਹ ਸਦਾ ਵਾਸਤੇ ਤ੍ਰਿਪਤ ਹੋ ਜਾਂਦਾ ਹੈ। ਨਾਮ ਰਸੀਏ ਨੂੰ ਪਰਮਾਤਮਾ, ਅਮਰ ਪਦਵੀ ਪ੍ਰਦਾਨ ਕਰ ਦਿੰਦਾ ਹੈ। ਆਪ ਦਾ ਪਿਆਰਾ ਫੁਰਮਾਨ ਹੈ :

**ਅੰਮ੍ਰਿਤ ਨਾਮੁ ਸਦਾ ਨਿਰਮਲੀਆ ॥ ਸੁਖਦਾਈ ਦੂਖ ਬਿਡਾਰਨਹਰੀਆ ॥**

**ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ ॥੧॥**

**ਜੋ ਜੋ ਪੀਵੈ ਸੋ ਤ੍ਰਿਪਤਾਵੈ ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ ॥**

**ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ ॥੨॥**

ਮ: ੫, ਪੰਨਾ ੧੦੦

ਸੋ ਨਾਮ ਦਾ ਰਸ ਪ੍ਰਾਪਤ ਕਰਨ ਲਈ, ਨਾਮ-ਰਸੀਆਂ ਦੀ ਸੰਗਤ ਜਰੂਰੀ ਹੈ।

## *ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥*

**ਅੱਖਰੀ-ਅਰਥ :** ਜੋ ਕੁਝ ਵੀ ਘਾਹ ਦੇ ਤੀਲੇ ਤੋਂ ਲੈ ਕੇ ਵੱਡੇ-ਵੱਡੇ ਦਰਖ਼ਤਾਂ ਦੇ ਵਣਾਂ ਦੀ ਪ੍ਰਫੁੱਲਤਾ ਹੈ ਜਾਂ ਜੋ ਵੀ ਸਾਰੇ ਸੰਸਾਰ ਦੇ ਜੀਵਾਂ ਅੰਦਰ ਜੀਵਨ ਰੌਂਅ (ਜੀਵਨ ਕਿਰਿਆ) ਚਲ ਰਹੀ ਹੈ, ਇਹ ਸਾਰੀ ਮੌਲਕਤਾ ਸਰਬ-ਸਮਰੱਥ ਕਰਤਾ-ਪੁਰਖ ਦੀ ਸਤਾ ਕਾਰਣ ਹੀ ਹੈ।



**ਸੰਖੇਪ-ਵਿਚਾਰ :** ਸੰਸਾਰ ਅੰਦਰ ਆਪਾਂ ਵੇਖਦੇ ਹਾਂ ਹਰ ਚੀਜ਼ ਮੌਲਦੀ ਹੈ। ਮਨੁੱਖ, ਪਸ਼ੂ, ਪੰਛੀ, ਬਨਾਸਪਤੀ, ਮਾਤਾ ਦੇ ਗਰਭ ਤੇ ਜਮੀਨ ਦੀ ਕੁੱਖ ਤੋਂ ਚੱਲ ਕੇ ਵੱਡੀ ਹੁੰਦੀ ਮੌਲਦੀ ਰਹਿੰਦੀ ਹੈ। ਦੇਵ-ਨੇਤ ਨਾਲ ਕਿਸੇ ਮਨੁੱਖ ਵਿੱਚੋਂ ਚਾਹੇ ਉਹ ਬੱਚਾ ਹੈ ਜਾਂ ਜਵਾਨ, ਸਮਰੱਥ ਪੁਰਖ ਅਪਾਰ ਦੀ ਜੋਤ ਨਿਕਲ ਜਾਵੇ, ਉਸ ਦੀ ਮੌਲਕਤਾ ਖ਼ੱਤਮ ਹੋ ਜਾਂਦੀ ਹੈ। ਬਨਾਸਪਤੀ ਕਿੰਨੀ ਸੁਹਾਵਣੀ ਲੱਗਦੀ ਹੈ। ਬੂਟਿਆਂ ਨੂੰ ਪੱਤੇ, ਫੁੱਲ, ਫ਼ਲ ਲੱਗਦੇ ਹਨ ਤੇ ਬੂਟੇ ਬੜੇ ਸੁੰਦਰ ਲੱਗਦੇ ਹਨ। ਇਹ ਸੁੰਦਰਤਾ ਉਨ੍ਹਾਂ ਚਿਰ ਹੀ ਹੈ ਜਿੰਨਾ ਚਿਰ ਸਮਰੱਥ ਪੁਰਖ ਦੀ ਜੋਤ ਬੂਟੇ ਵਿੱਚ ਵਰਤਦੀ ਹੈ। ਬੂਟੇ ਨੂੰ ਫੁੱਲ, ਫਲ, ਬੀਜ ਉਨ੍ਹਾਂ ਚਿਰ ਹੀ ਲੱਗਦੇ ਹਨ ਜਿੰਨਾ ਚਿਰ ਪ੍ਰਭੂ ਦੀ ਜੋਤ ਬੂਟੇ ਵਿੱਚ ਮੌਜੂਦ ਹੈ। ਜਿਸ ਵੇਲੇ ਜੀਵਨ ਸਤਾ ਦੇਣ ਵਾਲੀ ਸਮਰੱਥ ਪੁਰਖ ਅਪਾਰ ਦੀ ਜੋਤ ਬੂਟੇ ਵਿੱਚੋਂ ਨਿਕਲ ਗਈ, ਬੂਟੇ ਦੀ ਮੌਲਕਤਾ ਖ਼ਤਮ, ਸੁੰਦਰਤਾ ਨਸ਼ਟ। ਉਹ ਬੂਟਾ, ਨਾ ਹੁਣ ਪੱਤੇ ਕੱਢਦਾ, ਨਾ ਉਸ ਸੁੱਕੇ ਬੂਟੇ ਨੂੰ ਫੁੱਲ ਲੱਗਦੇ ਅਤੇ ਨਾ ਹੀ ਫਲ, ਕਾਰਣ ਕੀ ਹੈ ? ਕਿਉਂਕਿ ਮੌਲਕਤਾ ਦੇਣ ਵਾਲੀ ਸਮਰੱਥ ਪੁਰਖ ਦੀ ਜੋਤ ਉਸ ਵਿੱਚੋਂ ਨਿਕਲ ਗਈ। ਮਨੁੱਖ ਵਿੱਚੋਂ, ਪੰਛੀ ਵਿੱਚੋਂ, ਪਸ਼ੂ ਵਿੱਚੋਂ, ਪ੍ਰਭੂ ਦੀ ਮੌਲਕਤਾ ਪ੍ਰਦਾਨ ਕਰਨ ਵਾਲੀ ਜੋਤ ਨਿਕਲ ਜਾਵੇ। ਜਿੱਥੇ ਮਨੁੱਖ, ਪਸ਼ੂ, ਪੰਛੀ ਦਾ ਵੱਧਣ, ਫੁੱਲਣਾ ਤੇ ਉਸ ਦਾ ਸੁਹਾਵਣਾਪਨ ਖ਼ੱਤਮ ਹੋ ਜਾਂਦਾ ਹੈ, ਉੱਥੇ ਪੈਰ ਸਰੀਰ ਨਾਲ ਹੁੰਦੇ ਹੋਏ ਵੀ ਮਨੁੱਖ ਜਾਂ ਪਸ਼ੂ ਤੁਰ ਨਹੀਂ ਸਕਦੇ। ਜ਼ੁਬਾਨ ਹੁੰਦਿਆਂ ਬੋਲ ਨਹੀਂ ਸਕਦੇ, ਅੱਖਾਂ ਸਰੀਰ ਦੇ ਨਾਲ ਹੀ ਹਨ ਪਰ ਵੇਖ ਨਹੀਂ ਸਕਦੀਆਂ, ਕੀ ਕਾਰਨ ਹੈ ? ਸਰੀਰ ਵਿੱਚ ਮੌਲਕਤਾ ਪ੍ਰਦਾਨ ਕਰਨ ਵਾਲੀ ਜੋਤ ਵੱਖ ਹੋ ਗਈ। ਇਹ ਸੰਸਾਰ ਦਾ ਸਾਰਾ ਖੇਡ ਤਮਾਸ਼ਾ ਪਰਮਾਤਮਾ ਦੀ ਜੋਤ ਕਾਰਣ ਹੀ ਸੁਹਾਵਣਾ ਲੱਗਦਾ ਹੈ। ਸੁਹਾਵਣਾ ਕਿਉਂ ਲੱਗਦਾ ਹੈ ? ਸਤ, ਚਿੱਤ, ਅਨੰਦ ਵਾਹਿਗੁਰੂ ਦੀ ਹੋਂਦ ਕਰਕੇ। ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ। ਪਰਮਾਤਮਾ ਵੱਡੇ ਜੰਗਲਾਂ ਵਿੱਚ ਘਾਹ ਦੇ ਤੀਲਿਆਂ ਵਿੱਚ ਤਿੰਨਾ ਹੀ ਭਵਨਾਂ ਵਿੱਚ, ਭਾਵ ਸਾਰੇ ਸੰਸਾਰ ਵਿੱਚ ਜੀਵਾਂ ਨੂੰ ਸਾਜ ਕੇ ਉਨ੍ਹਾਂ ਦੇ ਅੰਦਰ ਵੀ ਤੇ ਬਾਹਰ ਵੀ ਮੌਜੂਦ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ ॥**

**ਬ੍ਰਹਮ ਪਸਾਰੁ ਜੀਅ ਸੰਗਿ ਦਇਆਲ ॥੩॥** ਮ: ੫, ਪੰਨਾ ੧੯੮

ਪਰਮਾਤਮਾ ਨੇ ਘਾਹ ਤੋਂ ਲੈ ਕੇ ਜੰਗਲਾਂ-ਬੇਲਿਆਂ ਅਤੇ ਤਿੰਨਾਂ ਭਵਨਾਂ ਵਿੱਚ ਆਪ ਜੋਤ ਰੱਖ ਕੇ ਸਭ ਨੂੰ ਹਰੇ-ਭਰੇ ਕੀਤਾ ਹੈ ਤੇ ਸਾਰਿਆਂ ਨੂੰ ਆਪ ਹੀ ਆਸਰਾ

ਪ੍ਰਦਾਨ ਕਰ ਰਿਹਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਬਿਲਾਵਲ ਰਾਗ ਅੰਦਰ ਫੁਰਮਾਨ ਹੈ :

**ਵਣ ਤ੍ਰਿਣ ਤ੍ਰਿਭਵਣ ਹਰਿਆ ਹੋਏ ਸਗਲੇ ਜੀਅ ਸਾਧਾਰਿਆ ॥**

ਮ: ੫, ਪੰਨਾ ੮੦੭

## *ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥*

**ਅੱਖਰੀ-ਅਰਥ :** ਜਿਸ ਪ੍ਰਭੂ ਦੀ ਸਤਾ ਕਰਕੇ ਸਾਰਾ ਸੰਸਾਰ ਸਾਰੀ ਕਾਇਨਾਤ ਮੌਲੀ ਹੋਈ ਹੈ, ਅਜਿਹੇ ਸਰਬ-ਸਮਰੱਥ ਕਰਤਾਰ ਨੂੰ ਮਿਲਣ ਵਾਸਤੇ ਮੇਰਾ ਮਨ ਲੋਚਦਾ ਹੈ ਪਰ ਪਰਮਾਤਮਾ ਨੂੰ ਕੋਈ ਆਪਨੇ ਬਲ ਨਾਲ ਜਾਂ ਸਿਆਣਪ ਨਾਲ ਮਿਲ ਨਹੀਂ ਸਕਦਾ। ਪਰਮਾਤਮਾ ਦੀ ਮਿਹਰ ਹੀ ਜੀਵ ਨੂੰ ਪਰਮਾਤਮਾ ਨਾਲ ਮਿਲਾਉਣ ਦੇ ਸਮਰੱਥ ਹੈ।

**ਸੰਖੇਪ-ਵਿਚਾਰ :** ਜੀਵ ਆਤਮਾ ਜੋ ਪਰਮਾਤਮਾ ਦੀ ਅੰਸ਼ ਹੈ। ਇਸ ਨੇ ਮਾਇਆ ਦੇ ਪ੍ਰਭਾਵ ਕਾਰਣ ਆਪਨੀ ਵੱਖਰੀ ਹੋਂਦ ਬਣਾ ਲਈ ਹੈ। ਵੱਖਰੀ ਹੋਂਦ ਬਣਾ ਲੈਣ ਕਰਕੇ ਇਸ ਦਾ ਸੰਪਰਕ ਆਪਨੇ ਮੂਲ ਪਰਮਾਤਮਾ ਨਾਲੋਂ ਟੁੱਟ ਗਿਆ ਹੈ। ਆਪਣੇ ਮੂਲ ਨਾਲੋਂ ਟੁੱਟ ਜਾਣ ਕਾਰਣ ਜੀਵ-ਆਤਮਾ ਨਿਮਾਣੀ-ਨਿਤਾਣੀ ਹੋ ਗਈ ਹੈ। ਜਿਸ ਕਾਰਣ ਇਹ ਆਪਨੇ ਬਲ-ਬੂਤੇ, ਆਪਣੇ ਤਾਣ ਨਾਲ, ਆਪਣੀ ਹਉਮੈ ਦੀਆਂ ਤਣਾਵਾਂ ਜੋ ਇਸ ਦੇ ਖੁਦ ਆਪ ਹੀ ਬਣਾਈਆਂ ਹਨ, ਉਨ੍ਹਾਂ ਤੋਂ ਮੁਕਤ ਨਹੀਂ ਹੋ ਸਕਦੀ, ਮੇਰ-ਤੇਰ ਤੋਂ ਉੱਪਰ ਨਹੀਂ ਉੱਠ ਸਕਦੀ। ਹਉਮੈ, ਮਾਇਆ ਦੇ ਪ੍ਰਭਾਵ ਤੋਂ ਮੁਕਤ ਕੇਵਲ, ਸਤਿਗੁਰੂ ਤੇ ਪ੍ਰਭੂ ਮਇਆ ਹੀ ਕਰਵਾ ਸਕਦੀ ਹੈ। ਸਤਿਗੁਰੂ ਰਾਮਦਾਸ ਜੀ ਨੇ ਵਡਹੰਸ ਰਾਗ ਅੰਦਰ ਜੀਵ ਆਤਮਾ ਦੀ ਆਪਨੇ ਮੂਲ ਪਰਮਾਤਮਾ ਨਾਲ ਮਿਲਣ ਦੀ ਤਾਂਘ-ਬਿਹਬਲਤਾ ਦਾ ਜਿਕਰ ਦੋ ਜੀਵ ਆਤਮਾਵਾਂ ਦੀ ਆਪਸੀ ਗੁਫ਼ਤਗੂ ਦੇ ਰੂਪ ਵਿੱਚ ਕੀਤਾ ਹੈ। ਇੱਕ ਆਤਮਾਂ ਪਰਮਾਤਮਾ ਨੂੰ ਮਿਲਣ ਵਾਸਤੇ ਬੇਨਤੀਆਂ ਜੋਦੜੀਆਂ ਕਰਦੀ ਹੈ, ਦੂਸਰੀ ਆਤਮਾ ਜੋ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰ ਚੁੱਕੀ ਹੈ, ਬੇਨਤੀ ਕਰਤਾ ਜੀਵ-ਆਤਮਾ ਦੀ ਬੇਨਤੀ ਸੁਣ ਕੇ ਉੱਤਰ ਦਿੰਦੀ ਹੈ।

ਹੇ ਮੇਰੇ ਪਰਮਾਤਮਾ! ਮੇਰੇ ਮਨ ਵਿੱਚ ਆਪ ਦੇ ਦਰਸ਼ਨਾਂ ਦੀ ਅਤਿ ਤਾਂਘ ਬਣੀ ਹੋਈ ਹੈ। ਮੈਂ ਨਿਮਾਣੀ ਨੂੰ ਆਪ ਦੇ ਦਰਸ਼ਨ ਕਿਵੇਂ ਪ੍ਰਾਪਤ ਹੋਣ ? ਮੈਂ ਆਪਣੇ ਸਤਿਗੁਰੂ ਪਾਸ ਜਾ ਕੇ ਆਪਣੇ ਭੁੱਲੇ-ਭਟਕੇ ਮਨ ਨੂੰ ਸਮਝਾਉਣ ਦਾ ਰਸਤਾ ਪੁੱਛਾਂ।



ਸਤਿਗੁਰੂ ਨੇ ਭੁੱਲੇ, ਭਟਕਦੇ ਮਨ ਨੂੰ ਸਮਝਾਉਣ ਦਾ ਰਸਤਾ ਗੁਰੂ ਉਪਦੇਸ਼ ਤੇ ਪ੍ਰਭੂ-ਜਪ ਦਰਸਾ ਦਿੱਤਾ ਤੇ ਨਾਲ ਹੀ ਸਤਿਗੁਰੂ ਨੇ ਹਦਾਇਤ ਕਰ ਦਿੱਤੀ ਕਿ ਮਤਾਂ ਪ੍ਰਭੂ-ਜਪ, ਗੁਰੂ ਉਪਦੇਸ਼ ਦਾ ਧਾਰਨੀ ਬਣ ਕੇ ਹੰਕਾਰ ਕਰ ਲਵੀਂ। ਪਰਮਾਤਮਾ ਦਾ ਨਾਮ ਜਪਣ ਤੇ ਗੁਰੂ ਉਪਦੇਸ਼ ਦਾ ਧਾਰਨੀ ਵੀ ਉਹ ਬਣ ਸਕਦਾ ਹੈ ਜਿਸ ਉੱਪਰ ਪਰਮਾਤਮਾ ਦੀ ਮਿਹਰ ਹੋਵੇ। ਆਪਨੇ ਬਲ ਨਾਲ, ਸਿਆਣਪ ਨਾਲ, ਨਾ ਕੋਈ ਜਪ ਕਰ ਸਕਦਾ ਹੈ ਨਾ ਕੋਈ ਗੁਰੂ ਉਪਦੇਸ਼ ਦਾ ਧਾਰਨੀ ਬਣ ਸਕਦਾ ਹੈ। ਪ੍ਰਭੂ ਮਿਲਾਪ ਪ੍ਰਾਪਤ ਕਰ ਚੁੱਕੇ ਵਡਭਾਗੀਆਂ ਵੱਲੋਂ ਵੀ ਇਹ ਹੀ ਉੱਤਰ ਮਿਲਿਆ ਕਿ ਹੇ ਪ੍ਰਭੂ ਮਿਲਾਪ ਪ੍ਰਾਪਤ ਕਰਨ ਵਾਲੇ ਜਗਿਆਸੂ! ਪਰਮਾਤਮਾ ਦੀ ਮਿਹਰ ਦੀ ਜਾਚਨਾ ਕਰ, ਜਦੋਂ ਪਰਮਾਤਮਾ ਤੇਰੀ ਬੇਨਤੀ ਸੁਣ ਕੇ ਮਿਹਰਬਾਨ ਹੋ ਗਿਆ, ਆਪਨੇ ਆਪ ਹੀ ਮੇਰ-ਤੇਰ ਹਉ-ਹੰਗਤਾ ਵਾਲੀ ਬਿਰਤੀ ਖ਼ਤਮ ਹੋ ਜਾਣੀ ਹੈ। ਤੂੰ ਤਨ-ਮਨ-ਧਨ ਪਰਮਾਤਮਾ ਨੂੰ ਸੌਂਪ ਕੇ ਨਿਮਾਣਾ-ਪਨ ਹਿਰਦੇ ਅੰਦਰ ਧਾਰਨ ਕਰਕੇ ਮਾਲਕ ਅੱਗੇ ਅਰਦਾਸ ਕਰਿਆ ਕਰ। ਉਸ ਦੀ ਮਿਹਰ ਹੀ ਉਸ ਦੇ ਨਾਲ ਮਿਲਾਉਣ ਦੇ ਸਮਰੱਥ ਹੈ। ਆਪ ਦਾ ਪਿਆਰਾ ਫੁਰਮਾਨ ਹੈ :

**ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥**
**ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥**
**ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥**
**ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ ॥੧॥**
**ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥**
**ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥**
**ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥**
**ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩॥**

ਮ: ੪, ਪੰਨਾ ੫੬੧

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਵੀ ਧਨਾਸਰੀ ਰਾਗ ਅੰਦਰ ਬਚਨ ਦਰਜ ਹੈ ਕਿ ਪ੍ਰਭੂ ਮਿਲਾਪ ਦਾ ਰਸਤਾ "ਨਾਮ-ਜਪ" ਹੈ। ਪਰ ਨਾਮ ਵੀ ਉਹ ਹੀ ਜਪ ਸਕਦਾ ਹੈ ਜਿਸ ਉੱਪਰ ਖੁਦ ਪਰਮਾਤਮਾ ਮਿਹਰ ਕਰ ਦੇਵੇ। ਨਾਮ ਜਪਣ ਨਾਲ ਆਤਮਾ ਪ੍ਰਭੂ-ਪਿਆਰ ਵਿੱਚ ਦ੍ਰਵ ਦੇ ਵਾਂਗ ਕੋਮਲ ਹੋ ਜਾਂਦੀ ਹੈ। ਪ੍ਰਭੂ-ਪਿਆਰ ਵਿੱਚ ਦ੍ਰਵੀ ਆਤਮਾ ਦੀ ਪਰਮਾਤਮਾ ਨਾਲ ਲਿਵ ਜੁੜ ਜਾਂਦੀ ਹੈ। ਪ੍ਰਭੂ ਨਾਲ ਜੁੜੀ

ਆਤਮਾ ਦੀ ਦੁਬਿਧਾ-ਦ੍ਵੈਤ ਖ਼ਤਮ ਹੋ ਜਾਂਦੀ ਹੈ। ਦੁਬਿਧਾ-ਦ੍ਵੈਤ ਰਹਿਤ ਆਤਮਾ ਆਵਾਗਉਣ ਦੇ ਚੱਕਰ ਤੋਂ ਮੁਕਤ ਹੋ ਪ੍ਰਭੂ ਵਿੱਚ ਅਭੇਦ ਹੋ ਜਾਂਦੀ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਨਦਰਿ ਕਰੇ ਤਾ ਸਿਮਰਿਆ ਜਾਇ ॥**
**ਆਤਮਾ ਦ੍ਰਵੈ ਰਹੈ ਲਿਵ ਲਾਇ ॥**
**ਆਤਮਾ ਪਰਾਤਮਾ ਏਕੋ ਕਰੈ ॥**
**ਅੰਤਰ ਕੀ ਦੁਬਿਧਾ ਅੰਤਰਿ ਮਰੈ ॥੧॥**
**ਗੁਰ ਪਰਸਾਦੀ ਪਾਇਆ ਜਾਇ ॥**
**ਹਰਿ ਸਿਉ ਚਿਤੁ ਲਾਗੈ ਫਿਰਿ ਕਾਲੁ ਨ ਖਾਇ ॥੧॥ ਰਹਾਉ ॥**

ਮ: ੧, ਪੰਨਾ ੬੬੧

ਤਥਾ : **ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥**
**ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥**

ਮ: ੪, ਪੰਨਾ ੫੬੨

"**ਮਿਲਣੈ ਨੋ ਮਨੁ ਲੋਚਦਾ**" ਦੀ ਪੂਰਤੀ ਲਈ ਕੋਈ ਬਲ-ਬੁਧ-ਸਿਆਣਪ ਕੰਮ ਨਹੀਂ ਕਰਦੀ, ਬਸ ਇੱਥੇ ਤਾਂ ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੀ ਸਹਾਇਕ ਹੁੰਦਾ ਹੈ। ਆਪ ਦਾ ਫੁਰਮਾਨ ਹੈ :

**ਮਤਿ ਬੁਧਿ ਸੁਰਤਿ ਨਾਹੀ ਚਤੁਰਾਈ ॥ ਤਾ ਮਿਲੀਐ ਜਾ ਲਏ ਮਿਲਾਈ ॥**

ਮ: ੫, ਪੰਨਾ ੮੦੪

ਬਖਸ਼ਿਸ਼ ਦੀ ਪ੍ਰਾਪਤੀ ਲਈ ਅਰਦਾਸ ਕਰਨੀ ਜਰੂਰੀ ਹੈ।

## *ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ ॥*

**ਅੱਖਰੀ-ਅਰਥ :** ਜਿਨ੍ਹਾਂ ਜਗਿਆਸੂਆਂ ਨੇ ਪ੍ਰਭੂ ਮਿਹਰ ਨਾਲ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰ ਲਿਆ। ਸ੍ਰੀ ਗੁਰੂ ਅਰਜਨ ਦੇਵ ਜੀ, ਉਨ੍ਹਾਂ ਵਡਭਾਗੀਆਂ ਨੂੰ ਮਹਾਨਤਾ ਦਿੰਦੇ ਫੁਰਮਾਨ ਕਰਦੇ ਹਨ ਕਿ ਅਜਿਹੇ ਪ੍ਰਭੂ ਪ੍ਰਾਪਤੀ ਵਾਲੇ ਗੁਰਮੁਖਾਂ ਤੋਂ ਮੈਂ ਸਦਾ-ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ।

**ਸੰਖੇਪ-ਵਿਚਾਰ :** ਧੰਨ ਹਨ ਉਹ ਗੁਰੂ ਪਿਆਰੇ, ਜੋ ਇੱਕ ਕਤਰੇ ਤੋਂ ਸਮੁੰਦਰ ਦਾ ਰੂਪ ਧਾਰਨ ਕਰ ਗਏ। ਇੱਕ ਜੀਵ ਤੋਂ ਬ੍ਰਹਮ ਬਣ ਗਏ। ਕ੍ਰਿਤ ਤੋਂ ਉੱਪਰ ਉੱਠ



ਕੇ ਕਰਤੇ ਦਾ ਮਿਲਾਪ ਪ੍ਰਾਪਤ ਕਰ ਲਿਆ। ਸਤਿਗੁਰੂ ਅਰਜਨ ਦੇਵ ਜੀ, ਅਜਿਹੇ ਵਡਭਾਗੀਆਂ ਪ੍ਰਤੀ ਆਪਣੀ ਸ਼ਰਧਾ ਪ੍ਰਗਟਾਉਂਦੇ ਵਡਹੰਸ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਨੇ ਪ੍ਰਭੂ ਮਿਹਰ ਨਾਲ ਪਰਮਾਤਮਾ ਦੇ ਦਰਸ਼ਨ ਪ੍ਰਾਪਤ ਕਰ ਲਏ ਮੈਂ ਉਨ੍ਹਾਂ ਤੋਂ ਆਪਣੇ ਸਰੀਰ ਦੇ ਟੁੱਕੜੇ ਕਰਕੇ ਵਾਰ ਦੇਵਾਂ। ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ, ਕਿਉਂਕਿ ਉਹ ਪਰਮਾਤਮਾ ਦਾ ਦਰਸ਼ਨ ਕਰਕੇ ਤੇ ਨਾਮ ਰਸ ਨੂੰ ਪੀ ਕੇ ਤ੍ਰਿਪਤ ਹੋ ਗਏ ਹਨ। ਪਰਮਾਤਮਾ ਉਨ੍ਹਾਂ ਨੂੰ ਬਹੁਤ ਮਿੱਠਾ ਤੇ ਪਿਆਰਾ ਲੱਗਦਾ ਹੈ, ਇੰਝ ਜਾਣੋ, ਉਨ੍ਹਾਂ ਦੇ ਹਿਰਦੇ ਵਿੱਚ ਪਰਮਾਤਮਾ ਦੀ ਮਿਹਰ ਨਾਲ ਅੰਮ੍ਰਿਤ ਵਸ ਗਿਆ, ਜਿਸ ਦੀ ਬਰਕਤ ਨਾਲ ਉਨ੍ਹਾਂ ਨੂੰ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਗਈ। ਉਨ੍ਹਾਂ ਵਡਭਾਗੀਆਂ ਦੇ ਸਾਰੇ ਦੁੱਖ ਨਾਸ਼ ਹੋ ਗਏ, ਭਰਮ ਤੇ ਭਉ ਦਾ ਵਿਨਾਸ਼ ਹੋ ਗਿਆ। ਸਦੀਵੀ ਖੇੜਾ, ਸਦੀਵੀ ਸੁੱਖਾਂ ਦੀ ਉਨ੍ਹਾਂ ਨੂੰ ਪ੍ਰਾਪਤੀ ਹੋ ਗਈ। ਪ੍ਰਭੂ ਮਿਲਾਪੀ ਰੂਹਾਂ ਮੋਹ ਦੀ ਫਾਹੀ ਤੋਂ ਰਹਿਤ ਹੋ ਗਈਆਂ, ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਮਾਇਆ ਦੇ ਦੂਤਾਂ ਤੋਂ ਉਨ੍ਹਾਂ ਦੀ ਖਲਾਸੀ ਹੋ ਗਈ। ਪ੍ਰਭੂ ਮਿਲਾਪੀ ਆਤਮਾਵਾਂ ਨੂੰ ਹੁਣ ਵਿਕਾਰ ਛੂਹ ਵੀ ਨਹੀਂ ਸਕਦੇ। ਅਜਿਹੇ ਪ੍ਰਭੂ ਪ੍ਰਾਪਤੀ ਵਾਲੇ ਗੁਰੂ ਪਿਆਰਿਆਂ ਤੋਂ ਮੈਂ ਬਾਰੰਬਾਰ ਸਦਕੇ ਬਲਿਹਾਰ ਜਾਂਦਾ ਹਾਂ। ਕਿੰਨਾ ਸਤਿਕਾਰ ਸਤਿਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਨੂੰ ਪ੍ਰਦਾਨ ਕੀਤਾ ਹੈ, ਜਿਨ੍ਹਾਂ ਨੇ "**ਜਿਨੀ ਸਖੀਏ ਪ੍ਰਭੁ ਪਾਇਆ**" ਦੀ ਪ੍ਰਾਪਤੀ ਕਰ ਲਈ। ਆਪ ਜੀ ਦਾ ਫੁਰਮਾਨ ਹੈ :

**ਤਿਨ ਘੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥**
**ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥**
**ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ ॥**
**ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ।**
**ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥**
**ਕਹੁ ਨਾਨਕ ਤਿਨ ਘੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥**

ਮ: ੫, ਪੰਨਾ ੫੭੭

ਪ੍ਰਭੂ ਪ੍ਰਾਪਤੀ ਵਾਲੇ ਗੁਰਮੁਖਾਂ ਪ੍ਰਤੀ ਸਤਿਗੁਰੂ ਰਾਮਦਾਸ ਜੀ ਤਿਲੰਗ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਵਡਭਾਗੀਆਂ ਨੇ ਸਤਿਗੁਰੂ ਦੇ ਦਰਸ਼ਨ ਪ੍ਰਾਪਤ ਕਰ ਲਏ ਤੇ ਹਉ ਰਹਿਤ ਹੋ ਕੇ ਦਿਨ ਰਾਤ ਗੁਰੂ ਦੀ ਚਾਕਰੀ ਕਰਨ ਵਿੱਚ ਤਤਪਰ ਹੋ ਗਏ, ਅਸੀਂ ਉਨ੍ਹਾਂ ਤੋਂ ਬਲਿਹਾਰ ਕੁਰਬਾਨ ਜਾਂਦੇ ਹਾਂ।

**ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ ॥**

**ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ ॥** ਮ: ੪, ਪੰਨਾ ੭੨੫

ਆਪਣੇ ਤੋਂ ਉਚੀ ਅਵਸਥਾ ਵਾਲਿਆਂ ਨੂੰ ਵੇਖ ਕੇ ਈਰਖਾ ਨਹੀਂ ਕਰਨੀ ਚਾਹੀਦੀ ਸਗੋਂ ਕੁਰਬਾਨ ਜਾਣਾ ਚਾਹੀਦਾ ਹੈ।

## *ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ ॥*

**ਅੱਖਰੀ-ਅਰਥ :** ਆਖਰੀ ਪੰਕਤੀਆਂ ਵਿੱਚ ਗੁਰਦੇਵ ਸਾਨੂੰ ਜਗਿਆਸੂਆਂ ਨੂੰ ਪ੍ਰਭੂ-ਕ੍ਰਿਪਾ ਦੀ ਪ੍ਰਾਪਤੀ ਵਾਸਤੇ ਪ੍ਰਭੂ ਚਰਨਾਂ ਵਿੱਚ ਅਰਦਾਸ ਕਰਨ ਲਈ ਪ੍ਰੇਰਨਾ ਦਿੰਦੇ ਫੁਰਮਾਨ ਕਰਦੇ ਹਨ, ਕਿ ਹਰ ਜਗਿਆਸੂ ਨੂੰ ਪ੍ਰਭੂ ਚਰਨਾਂ ਵਿੱਚ ਇਸ ਪ੍ਰਕਾਰ ਅਰਦਾਸ ਕਰਨੀ ਚਾਹੀਦੀ ਹੈ। ਹੇ ਪਰਮਾਤਮਾ! ਸਾਡੇ ਉੱਪਰ ਮਿਹਰ ਕਰ, ਆਪਣਾ ਨਾਮ ਰੂਪੀ, ਸ਼ਬਦ ਜੋ ਸਾਡੀਆਂ ਆਤਮਾਵਾਂ ਨੂੰ ਸੰਵਾਰਨ ਦੇ ਸਮਰੱਥ ਹੈ, ਸਾਡੀ ਹਿਰਦੇ ਰੂਪੀ ਝੋਲੀ ਵਿੱਚ ਪਾਉ ਤਾਂ ਜੋ ਅਸੀਂ ਵੀ ਅਨੇਕਾਂ ਜਨਮਾਂ ਤੋਂ ਭਟਕਦੇ ਤੁਹਾਡੇ ਸ਼ਬਦ ਨਾਲ ਜੁੜ ਕੇ ਆਪਣੀ ਆਤਮਾ ਨੂੰ ਸੰਵਾਰ ਕੇ ਤੁਹਾਡੇ ਨਾਲ ਮਿਲ ਜਾਈਏ।

**ਸੰਖੇਪ-ਵਿਚਾਰ :** ਸੰਸਾਰ ਵਿੱਚ ਹਰ ਚੀਜ਼ ਸੰਵਾਰੀ ਹੋਈ ਹੀ ਚੰਗੀ ਲੱਗਦੀ ਹੈ। ਮਨੁੱਖ ਨੇ ਸਰੀਰ ਸੰਵਾਰਿਆ ਹੋਵੇ ਚੰਗਾ ਲੱਗਦਾ ਹੈ। ਘਰ ਸੰਵਾਰਿਆ ਹੋਵੇ, ਮੰਜਾ-ਬਿਸਤਰਾ ਸੰਵਾਰਿਆ ਹੋਵੇ, ਘਰ ਵਿੱਚ ਬੈਠਣ ਨੂੰ ਬਿਸਤਰੇ ਤੇ ਅਰਾਮ ਕਰਨ ਨੂੰ ਮਨ ਕਰਦਾ ਹੈ। ਜਿਸ ਘਰ ਵਿੱਚ ਨਾ ਝਾੜੂ ਦਿੱਤਾ ਹੋਵੇ, ਨਾ ਸਫ਼ਾਈ ਕੀਤੀ ਹੋਵੇ, ਵਸਤੂਆਂ ਬੇ-ਢਵੇ ਤਰੀਕੇ ਨਾਲ ਰੱਖੀਆਂ ਹੋਣ, ਸਮਾਨ ਇੱਧਰ-ਉੱਧਰ ਖਿਲਰਿਆ ਹੋਵੇ, ਮੰਜੇ ਦੀ ਚਾਦਰ ਕਿਤੇ, ਤੁਲਾਈ ਕਿਤੇ, ਉੱਪਰ ਲੈਣ ਵਾਲਾ ਕੰਬਲ ਗੰਦਾ ਪਲੀਤ ਹੋਵੇ। ਅਜਿਹੇ ਘਰ ਵਿੱਚ ਮਨੁੱਖ ਵੜਨ ਤੋਂ ਵੀ ਗੁਰੇਜ਼ ਕਰਦਾ ਹੈ, ਮੰਜੇ 'ਤੇ ਅਰਾਮ ਕਰਨਾ ਤਾਂ ਇਕ ਪਾਸੇ ਰਿਹਾ। ਬਾਹਰ ਵਿਹੜੇ ਵਿੱਚ ਬਗੀਚੀ ਸਵਾਰੀ ਹੋਵੇ ਚੰਗੀ ਲੱਗਦੀ ਹੈ। ਜਿਸ ਬਗੀਚੀ ਵਿੱਚ ਦੋ-ਦੋ ਫੁੱਟ ਘਾਹ ਉੱਗਿਆ ਹੋਵੇ ਉਸ ਬਾਗ-ਬਗੀਚੀ ਦੇ ਅੰਦਰ ਵੀ ਵੜਨ ਨੂੰ ਚਿੱਤ ਨਹੀਂ ਕਰਦਾ।

ਕਿਸੇ ਪਾਸੇ ਵੀ ਵੇਖ ਲਈਏ, ਕਿਸੇ ਵੀ ਚੀਜ਼ ਨੂੰ ਕੋਈ ਕਿਸੇ ਕਲਾ ਨਾਲ ਸਵਾਰ ਲਵੇ, ਉਸ ਦੀ ਲੱਖਾਂ ਗੁਣਾਂ ਕੀਮਤ ਵੱਧ ਜਾਂਦੀ ਹੈ। ਪੱਥਰ ਬੇ-ਢਬਾ ਪਿਆ ਉਸ ਦੀ ਕੋਈ ਕੀਮਤ ਨਹੀਂ, ਬੁੱਤ-ਤਰਾਸ਼ੀ ਦੀ ਕਲਾ ਜਾਨਣ ਵਾਲਾ ਆਪਣੀ ਕਲਾ ਨਾਲ ਉਸ ਪੱਥਰ ਨੂੰ ਕਿਸੇ ਦੇਵੀ-ਦੇਵਤੇ ਦੀ ਮੂਰਤੀ ਵਿੱਚ ਮੂਰਤੀਮਾਨ ਕਰ ਦੇਵੇ। ਉਸੇ ਪੱਥਰ ਦੀ ਮੂਰਤੀ ਦਾ ਲੱਖਾਂ-ਕਰੋੜਾਂ ਰੁਪਏ ਮੁੱਲ ਪੈਂਦਾ ਹੈ ਅਤੇ ਲੋਕ ਉਸ ਮੂਰਤੀ ਦੇ ਚਰਨਾਂ ਵਿੱਚ ਨਮਸਕਾਰਾਂ ਕਰਦੇ ਹਨ। ਇਹ ਸਾਰੀ ਬਰਕਤ ਪੱਥਰ ਨੂੰ ਸੰਵਾਰਨ ਦੀ



ਹੈ। ਲੱਕੜ ਦੀ ਗੇਲੀ ਪਈ ਹੈ, ਉਸ ਦਾ ਕੋਈ ਬਹੁਤਾ ਮੁੱਲ ਨਹੀਂ। ਉਸ ਲੱਕੜ ਨੂੰ ਚੀਰ ਕੇ ਉਸ ਲੱਕੜ ਉੱਪਰ ਜਿੰਨਾ ਕੋਈ ਕਾਰੀਗਰ ਜ਼ਿਆਦਾ ਮੀਨਾਕਾਰੀ ਕਰਕੇ ਉਸ ਲੱਕੜ ਨੂੰ ਸੰਵਾਰ ਦੇਵੇ, ਉਨ੍ਹਾਂ ਹੀ ਉਸ ਦਾ ਮੁੱਲ ਵੱਧ ਜਾਂਦਾ ਹੈ। ਸੰਸਾਰ ਅੰਦਰ ਸੰਵਾਰੀ ਹੋਈ ਵਸਤੂ ਦਾ ਹੀ ਮੁੱਲ ਪੈਂਦਾ ਹੈ। ਤਿਵੇਂ ਸਾਡੀ ਆਤਮਾ ਹੈ ਤਾਂ ਬਹੁਤ ਵਡਮੁੱਲੀ, ਜਿਵੇਂ ਪਰਮਾਤਮਾ ਅਮੁੱਲ ਹੈ ਤਿਵੇਂ ਪਰਮਾਤਮਾ ਦੀ ਅੰਸ਼ ਆਤਮਾ ਵੀ ਅਮੁੱਲ ਹੈ। ਆਤਮਾ ਅਮੁੱਲ ਹੁੰਦੀ ਵੀ ਘੱਟੇ-ਕੌਡੀਆਂ ਰੁਲ ਰਹੀ ਹੈ।

ਬਾਬਾ ਫਰੀਦ ਜੀ ਬਾਣੀ ਅੰਦਰ, ਆਤਮਾ ਨੂੰ ਪਰਮਾਤਮਾ ਵੱਲੋਂ ਸੰਬੋਧਨ ਕਰਕੇ ਫੁਰਮਾਨ ਕਰਦੇ ਹਨ ਹੇ ਜੀਵ ਆਤਮਾ! ਜੇ ਤੂੰ ਆਪਣੇ ਆਪ ਨੂੰ ਸੰਵਾਰ ਲਵੇ ਤਾਂ ਤੈਨੂੰ ਮੇਰਾ ਮਿਲਾਪ ਪ੍ਰਾਪਤ ਹੋ ਸਕਦਾ ਹੈ। ਜਦੋਂ ਤੈਨੂੰ ਮੇਰਾ ਮਿਲਾਪ ਪ੍ਰਾਪਤ ਹੋ ਗਿਆ ਤਦੋਂ ਤੈਨੂੰ ਸਾਰੇ ਸੁੱਖ ਹੀ ਸੁੱਖ ਪ੍ਰਾਪਤ ਹੋ ਜਾਣਗੇ। ਹੇ ਜੀਵ-ਆਤਮਾ! ਜਦੋਂ ਤੂੰ ਮੇਰੀ ਬਣ ਜਾਵੇਗੀ ਤੇ ਆਪਣੀ ਵੱਖਰੀ ਹੋਂਦ ਖ਼ਤਮ ਕਰ ਦੇਵੇਂਗੀ, ਫਿਰ ਸਾਰਾ ਸੰਸਾਰ ਹੀ ਤੇਰਾ ਆਪਣਾ ਪ੍ਰਵਾਰ ਬਣ ਜਾਵੇਗਾ। ਭਾਵ ਸਾਰਾ ਸੰਸਾਰ ਤੈਨੂੰ ਆਪਣਾ ਜਾਣ ਕੇ ਮਾਣ-ਸਤਿਕਾਰ ਦੇਵੇਗਾ ਅਤੇ ਪਿਆਰ ਕਰੇਗਾ। ਆਪ ਜੀ ਦਾ ਫੁਰਮਾਨ ਹੈ :

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥**

**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥੯੫॥**

ਫਰੀਦ ਜੀ ਪੰਨਾ ੧੩੮੨

ਆਤਮਾ, ਸਚਿਆਰ ਬਣੇ ਤੋਂ ਬਿਨਾਂ ਸੰਵਾਰੀ ਨਹੀਂ ਜਾਣੀ। ਤਦ ਹੀ ਗੁਰਦੇਵ ਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਦੇ ਅਰੰਭ ਵਿੱਚ "**ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ**" ਦਾ ਸਵਾਲ ਉਠਾ ਕੇ ਆਪ ਹੀ ਕ੍ਰਿਪਾ ਕਰਕੇ ਉੱਤਰ ਦਿੱਤਾ ਹੈ "**ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥**" ਰਜਾਈ ਦੇ ਹੁਕਮ ਵਿੱਚ ਚੱਲਣ ਦਾ ਪਤਾ ਸਤਿਗੁਰੂ ਦੁਆਰਾ ਚੱਲਦਾ ਹੈ। ਸਤਿਗੁਰੂ, ਜੀਵ ਆਤਮਾ ਨੂੰ ਸ਼ਬਦ ਦੀ ਟਕਸਾਲ ਵਿੱਚ ਘੜਨ ਦਾ ਤਰੀਕਾ ਜਪੁਜੀ ਸਾਹਿਬ ਦੀ ਅਠੱਤੀਵੀਂ ਪਉੜੀ ਅੰਦਰ ਦਰਸਾਉਂਦੇ ਹਨ ਕਿ ਜਿਸ ਜਗਿਆਸੂ ਨੇ ਆਪਣੀ ਆਤਮਾ ਨੂੰ ਸੰਵਾਰਨਾ ਹੋਵੇ, ਸਭ ਤੋਂ ਪਹਿਲਾਂ ਉਹ ਉੱਚ ਆਚਰਣ ਤੇ ਸਹਿਨਸ਼ੀਲਤਾ ਦਾ ਧਾਰਨੀ ਬਣੇ। ਆਪਣੀ ਮਤ ਨੂੰ ਤਿਆਗ ਕੇ ਗੁਰੂ ਦੀ ਮਤ ਉੱਪਰ ਅਚੱਲ ਭਰੋਸਾ ਰਖੇ, ਗੁਰੂ ਪਾਸੋਂ ਗਿਆਨ ਪ੍ਰਾਪਤ ਕਰਕੇ ਉਸ ਗਿਆਨ ਨੂੰ ਜੀਵਨ ਵਿੱਚ ਧਾਰਨ ਕਰੇ। ਹਮੇਸ਼ਾ ਪਰਮਾਤਮਾ ਦੇ ਡਰ ਅੰਦਰ ਰਹਿ ਕੇ ਜੀਵਨ ਬਤੀਤ ਕਰੇ ਅਤੇ ਨਾਮ-ਜਪ ਤੇ ਸੰਜਮ ਦੀ ਕਠਿਨ ਘਾਲ ਨੂੰ ਆਪਣਾ ਜੀਵਨ ਲਕਸ਼ ਬਣਾ ਲਵੇ। ਹਿਰਦੇ ਵਿੱਚ ਪ੍ਰਭੂ

ਪਿਆਰ ਧਾਰ ਕੇ ਪਰਮਾਤਮਾ ਦਾ ਨਾਮ ਜਪੇ। ਇਸ ਤਰ੍ਹਾਂ ਗੁਰੂ ਦੇ ਹੁਕਮ ਵਿੱਚ ਚੱਲ ਕੇ ਆਤਮਾ ਸੰਵਾਰੀ ਤੇ ਘੜੀ ਜਾਂਦੀ ਹੈ। ਅਜਿਹੀ ਸ਼ਬਦ ਦੀ ਟਕਸਾਲ ਵਿੱਚ ਘੜੀ ਆਤਮਾ ਉੱਪਰ ਪਰਮਾਤਮਾ ਦੀ ਰਹਿਮਤ ਹੋ ਜਾਂਦੀ ਹੈ। ਜਿਸ ਨੂੰ ਪਰਮਾਤਮਾ ਦੀ ਨਦਰ (ਮਿਹਰ) ਪ੍ਰਾਪਤ ਹੋ ਗਈ, ਉਹ "**ਨਾਨਕ ਨਦਰੀ ਨਦਰਿ ਨਿਹਾਲ॥**" ਹੋ ਗਿਆ। ਕਿਵੇਂ ਆਤਮਾ ਸੰਵਾਰੀ ਜਾਣੀ ਹੈ ? ਗੁਰਦੇਵ ਗੁਰੂ ਨਾਨਕ ਦੇਵ ਜੀ ਦਾ ਪਾਵਨ ਫ਼ੁਰਮਾਨ ਪੜ੍ਹੀਏ :

**ਜਤੁ ਪਾਹਾਰਾ ਧੀਰਜੁ ਸੁਨਿਆਰੁ॥ ਅਹਰਣਿ ਮਤਿ ਵੇਦੁ ਹਥੀਆਰੁ॥**

**ਭਉ ਖਲਾ ਅਗਨਿ ਤਪ ਤਾਉ॥ ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ॥**

**ਘੜੀਐ ਸਬਦੁ ਸਚੀ ਟਕਸਾਲ॥ ਜਿਨ ਕਉ ਨਦਰਿ ਕਰਮੁ ਤਿਨ ਕਾਰ॥**

**ਨਾਨਕ ਨਦਰੀ ਨਦਰਿ ਨਿਹਾਲ॥੩੮॥**

ਜਪੁਜੀ, ਪੰਨਾ ੮

ਆਤਮਾਂ ਨੂੰ ਸੰਵਾਰਣ ਵਾਲਾ ਨਾਮ ਹੈ। ਇਸ ਲਈ ਸਾਨੂੰ ਪ੍ਰਮਾਤਮਾ ਤੋਂ ਨਾਮ ਦੀ ਯਾਚਨਾ ਕਰਨੀ ਚਾਹੀਦੀ ਹੈ।

## *ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥*

**ਅੱਖਰੀ-ਅਰਥ :** ਸਾਵਣ ਦਾ ਮਹੀਨਾ ਉਨ੍ਹਾਂ ਗੁਰੂ ਪਿਆਰਿਆਂ ਦਾ ਸ਼ੋਭਨੀਕ ਤੇ ਸੁਹਾਵਣਾ ਬਤੀਤ ਹੁੰਦਾ ਹੈ ਜਿਨ੍ਹਾਂ ਨੇ ਆਪਣੇ ਹਿਰਦੇ ਵਿੱਚ ਪ੍ਰਭੂ ਦੇ ਨਾਮ ਦਾ ਹਾਰ ਪਹਿਨ ਲਿਆ ਭਾਵ ਜੋ ਲਗਾਤਾਰ "**ਸਾਸਿ ਸਾਸਿ ਸਿਮਰਹੁ ਗੋਬਿੰਦ**" ਦੇ ਧਾਰਨੀ ਬਣ ਗਏ।

**ਸੰਖੇਪ-ਵਿਚਾਰ :** ਪਰਮਾਤਮਾ ਸੁੱਖਾਂ ਦਾ ਸੋਮਾ ਹੈ। ਸੁੱਖਾਂ ਦੇ ਸੋਮੇ ਪਰਮਾਤਮਾ ਨਾਲੋਂ ਸਾਡੀ ਲਿਵ ਟੁੱਟ ਜਾਣ ਕਾਰਨ ਸਾਨੂੰ ਦੁੱਖਾਂ ਨੇ ਗ੍ਰੱਸ ਲਿਆ ਹੈ। ਜਿਨ੍ਹਾਂ ਵਡਭਾਗੀਆਂ ਦੀ ਪ੍ਰਭੂ-ਸਿਮਰਨ ਦੁਆਰਾ ਪਰਮਾਤਮਾ ਨਾਲ ਲਿਵ ਜੁੜ ਜਾਂਦੀ ਹੈ, ਉਨ੍ਹਾਂ ਦੇ ਸਾਰੇ ਸੰਕਟ ਦੂਰ ਹੋ ਜਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਦੇ ਦਰਸ਼ਨ ਤੇ ਮਿਲਾਪ ਵੀ ਪ੍ਰਾਪਤ ਹੋ ਜਾਂਦਾ ਹੈ। ਸਤਿਗੁਰੂ ਤੇਗ ਬਹਾਦਰ ਜੀ ਦਾ ਫ਼ੁਰਮਾਨ ਹੈ :

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ॥**



**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ॥੫੭॥**

ਮ: ੯, ਪੰਨਾ ੧੪੨੯

ਪ੍ਰਭੂ ਨਾਮ ਜਿਨ੍ਹਾਂ ਦੇ ਗਲੇ ਦਾ ਹਾਰ ਬਣ ਜਾਂਦਾ ਹੈ ਭਾਵ ਜਿਨ੍ਹਾਂ ਦੇ ਹਿਰਦੇ ਅੰਦਰ ਪਰਮਾਤਮਾ ਦੀ ਯਾਦ ਲਗਾਤਾਰੀ ਬਣ ਜਾਂਦੀ ਹੈ, ਉਹ ਪਰਮਾਤਮਾ ਦਾ ਰੂਪ ਹੀ ਬਣ ਜਾਂਦੇ ਹਨ। ਪਰਮਾਤਮਾ ਸੱਤ-ਚਿੱਤ ਅਨੰਦ ਸਰੂਪ ਹੈ। ਉਹ ਗੁਰਮੁਖ ਵੀ ਸੱਤ-ਚਿੱਤ-ਅਨੰਦ ਸਰੂਪ ਬਣ ਜਾਂਦੇ ਹਨ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫ਼ੁਰਮਾਨ ਹੈ :

**ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥**

**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥੧॥** ਮ: ੫, ਪੰਨਾ ੩੯੭

ਤਥਾ : **ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥੩॥**

ਮ: ੪, ਪੰਨਾ ੬੬੭

ਸਤਿਗੁਰੂ ਅਮਰਦਾਸ ਜੀ ਦਾ ਪਾਵਨ ਫ਼ੁਰਮਾਨ ਉਸ ਹਿਰਦੇ ਅੰਦਰ ਸਾਮਰਤਖ ਸਾਕਾਰ ਹੋ ਜਾਂਦਾ ਹੈ। ਪ੍ਰਭੂ-ਨਾਮ ਦੇ ਟਿਕਾਉ ਵਾਲੇ ਹਿਰਦੇ ਵਿੱਚੋਂ ਮਾਇਕੀ ਭੁੱਖਾਂ ਸਾਰੀਆਂ ਖ਼ਤਮ ਹੋ ਜਾਂਦੀਆਂ ਹਨ। ਉਸ ਦਾ ਹਿਰਦਾ, ਆਸਾ-ਤ੍ਰਿਸ਼ਨਾ ਤੇ ਵਿਕਾਰਾਂ ਦੀ ਅਗਨੀ ਵੱਲੋਂ ਸ਼ਾਂਤ ਹੋ ਜਾਂਦਾ ਹੈ। ਉਸ ਨੂੰ ਸਾਰੇ ਸੁੱਖਾਂ ਦੀ ਦਾਤ ਪ੍ਰਾਪਤ ਹੋ ਜਾਂਦੀ ਹੈ। ਉਸ ਦੀਆਂ ਸਾਰੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਸਾਹਿਬਾਂ ਦਾ ਫ਼ੁਰਮਾਨ ਹੈ :

**ਸਾਚੁ ਨਾਮੁ ਅਧਾਰੁ ਮੇਰਾ ਜਿਨਿ ਭੁਖਾ ਸਭਿ ਗਵਾਈਆ॥**

**ਕਰਿ ਸਾਂਤਿ ਸੁਖ ਮਨਿ ਆਇ ਵਸਿਆ ਜਿਨਿ ਇਛਾ ਸਭਿ ਪੁਜਾਈਆ॥**

ਮ: ੩, ਪੰਨਾ ੯੧੭

"**ਰਾਮ ਨਾਮੁ ਉਰਿ ਹਾਰੁ**" ਵਾਲੇ ਜਗਿਆਸੂ ਦਾ ਸਾਰਾ ਸਾਵਣ ਮਹੀਨਾ ਹੀ ਸੁਹਾਵਣਾ ਨਹੀਂ ਬਤੀਤ ਹੁੰਦਾ, ਉਸ ਦੀ ਸਾਰੀ ਉਮਰ ਹੀ ਸੁਖਦਾਤੇ ਪਰਮਾਤਮਾ ਦੇ ਨਾਮ ਨਾਲ ਜੁੜ ਕੇ ਸੁਖਦਾਈ ਬਤੀਤ ਹੁੰਦੀ ਹੈ। ਸੋ ਅਸਾਂ ਜਗਿਆਸੂਆਂ ਨੂੰ ਵੀ ਨਾਮ ਜਪਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ।

❐ ❐ ❐

# ਭਾਦੁਇ (ਭਾਦਰੋਂ)

## ਮੂਲ-ਪਾਠ

*ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ ॥*
*ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*
*ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ ॥*
*ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ ॥*
*ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥*
*ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥*
*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*
*ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥*
*ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭ ॥*

**ਪਦ-ਅਰਥ :** **ਭਾਦੁਇ** = ਭਾਦਰੋਂ ਦੇ ਮਹੀਨੇ ਦੁਆਰਾ ਗੁਰੂ ਉਪਦੇਸ਼। **ਭਰਮਿ** = ਭੁਲੇਖੇ ਕਾਰਣ, ਭਟਕਣਾ। **ਭੁਲਾਣੀਆ** = ਭੁੱਲ ਜਾਣਾ, ਕੁਰਾਹੇ ਪੈ ਜਾਣਾ। **ਦੂਜੈ ਲਗਾ ਹੇਤੁ** = ਇੱਕ ਕਰਤਾ-ਪੁਰਖ ਨੂੰ ਛੱਡ ਕੇ ਕ੍ਰਿਤ ਦੇ ਨਾਲ ਪਿਆਰ ਪੈ ਜਾਣਾ। **ਕਾਰਜਿ ਨਾਹੀ ਕੇਤੁ** = ਕਿਸੇ ਕੰਮ ਨਹੀਂ ਆਉਂਦੇ। **ਜਿਤੁ ਦਿਨਿ** = ਜਿਸ ਦਿਨ, ਜਿਸ ਵੇਲੇ। **ਦੇਹ** = ਸਰੀਰ। **ਬਿਨਸਸੀ** = ਬਿਨਸ ਜਾਵੇਗੀ, ਨਾਸ਼ ਹੋ ਜਾਏਗੀ। **ਤਿਤੁ ਵੇਲੈ** = ਉਸ ਸਮੇਂ। **ਕਹਸਨਿ ਪ੍ਰੇਤੁ** = ਸਾਰੇ ਸਾਕ ਸਬੰਧੀ ਕਹਿਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ, ਅਪਵਿਤ੍ਰ ਹੈ। **ਪਕੜਿ** = ਫੜ੍ਹ ਕੇ। **ਚਲਾਇਨਿ** = ਲੈ ਜਾਣਗੇ। **ਕਿਸੈ ਨ ਦੇਨੀ ਭੇਤੁ** = ਕਿਸੇ ਨੂੰ ਵੀ ਇਹ ਭੇਤ ਨਹੀਂ ਦੇਣਗੇ ਕਿ ਅਸੀਂ ਇਸ ਨੂੰ ਕਿੱਧਰ ਲੈ ਚੱਲੇ ਹਾਂ। **ਜਿਨ ਸਿਉ ਲਗਾ ਹੇਤੁ** = ਜਿਨ੍ਹਾਂ-ਜਿਨ੍ਹਾਂ ਨਾਲ ਮਨੁੱਖ ਦਾ ਪਿਆਰ ਸੀ। **ਹਥ ਮਰੋੜੈ** = ਦੁੱਖ ਕਾਰਣ ਹੱਥਾਂ ਨੂੰ ਮਰੋੜਦਾ ਹੈ। **ਤਨੁ ਕਪੇ** = ਸਰੀਰ ਕੰਬਦਾ ਹੈ। **ਸਿਆਹਹੁ ਹੋਆ ਸੇਤੁ** = ਪਹਿਲਾਂ ਕਾਲਾ, ਮੁੜ ਕਾਲੇ ਤੋਂ ਚਿੱਟਾ ਹੋ ਜਾਂਦਾ ਹੈ। **ਲੁਣੈ** = ਵੱਢਦਾ ਹੈ। **ਕਰਮਾ ਸੰਦੜਾ ਖੇਤੁ** = ਕਰਮਾਂ ਦੇ ਬੀਜ ਬੀਜਣ ਲਈ ਪੈਲੀ (ਭਾਵ ਸਰੀਰ)। **ਚਰਣ** = ਪ੍ਰਭੂ ਦੇ ਚਰਨ (ਪਰਮਾਤਮਾ ਦਾ ਨਾਮ)। **ਬੋਹਿਥ** = ਜਹਾਜ। **ਹੇਤੁ** = ਪਿਆਰਾ (ਹਿਤੂ)



# ਭਾਦੁਇ ਭਰਮਿ ਭੁਲਾਣੀਆ

ਭਾਦਰੋਂ ਦੇ ਮਹੀਨੇ ਦਾ ਉਪਦੇਸ਼ ਪ੍ਰਦਾਨ ਕਰਦੇ ਸਤਿਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਮਨੁੱਖੀ ਆਤਮਾ ਅਗਿਆਨ ਭਰਮ ਵਿੱਚ ਕਿਵੇਂ ਫਸੀ ? ਕਿਉਂਕਿ ਸਾਰਾ ਦੁੱਖ, ਪ੍ਰਭੂ ਤੋਂ ਦੂਰੀ, ਪਰਮਾਤਮਾ ਤੋਂ ਆਤਮਾ ਦਾ ਵਿਛੋੜਾ, ਇਹ ਸਭ ਅਗਿਆਨ-ਭਰਮ ਕਾਰਣ ਹੀ ਵਾਪਰਿਆ। ਅਗਿਆਨ ਭਰਮ ਖ਼ਤਮ ਹੋ ਜਾਵੇ ਤਾਂ ਸਾਰਾ ਦੁੱਖ ਵੀ ਦੂਰ, ਵਿਛੋੜੇ ਦੀ ਵਿੱਥ ਵੀ ਖ਼ਤਮ। ਜੀਵ ਆਤਮਾ ਜੋ ਅਗਿਆਨਤਾ ਅਧੀਨ ਆਪਣੇ ਆਪ ਨੂੰ ਵੱਖ ਜਾਣ ਕੇ, ਦੁੱਖ ਤੇ ਵਿਛੋੜੇ ਦਾ ਸੱਲ ਭੋਗ ਰਹੀ ਸੀ, ਉਹ ਵੀ ਸਮਾਪਤ ਅਤੇ ਵਖਰੇਵਾਂ ਵੀ ਖ਼ਤਮ। ਅਗਿਆਨ ਭਰਮ ਖ਼ਤਮ ਹੁੰਦੇ ਹੀ ਜੀਵ ਆਤਮਾ ਪੁਕਾਰ ਉੱਠਦੀ ਹੈ।

**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**

ਨਾਮਦੇਵ ਜੀ, ਪੰਨਾ ੪੮੫

ਗੁਰੂ ਦ੍ਰਿਸ਼ਟੀ ਵਿੱਚ ਅਗਿਆਨ ਭਰਮ ਕੀ ਹੈ ?

ਗੁਰਬਾਣੀ ਦੇ ਅਧਾਰ ਤੇ ਆਪਾਂ ਜਰਾ ਵਿਸਥਾਰ ਨਾਲ ਵਾਚਣ ਦਾ ਯਤਨ ਕਰੀਏ। ਇੱਕ ਹੈ ਪਰਮਾਤਮਾ, ਦੂਜਾ ਹੈ ਸੰਸਾਰ। ਸੰਸਾਰ, ਪਰਮਾਤਮਾ ਦੀ ਕ੍ਰਿਤ ਹੈ। ਸੰਸਾਰ ਦਾ ਕਰਤਾ ਪਰਮਾਤਮਾ ਹੈ।ਸੰਸਾਰ, ਸਥੂਲ ਹੈ, ਪਰਮਾਤਮਾ ਸੂਖਮ ਹੈ। ਸਾਡਾ ਜਨਮ ਸਥੂਲ ਸੰਸਾਰ ਵਿੱਚ ਹੋਇਆ। ਸਾਡਾ ਸਰੀਰ ਵੀ ਸਥੂਲ ਸਾਡੇ ਮਾਤਾ, ਪਿਤਾ, ਭੈਣ, ਭਰਾ ਅੰਗ-ਸਾਕ ਵੀ ਸਥੂਲ, ਸਾਡੀ ਖੁਰਾਕ ਵੀ ਸਥੂਲ, ਸਾਡਾ ਜਨਮ ਤੋਂ ਲੈ ਕੇ ਆਖ਼ਰੀ ਸਮੇਂ ਤੱਕ ਵਾਹ-ਵਾਸਤਾ ਵੀ "ਸਥੂਲ" ਨਾਲ ਹੀ ਪੈਂਦਾ ਹੈ। ਸਾਡੇ ਜੀਵਨ ਦਾ ਸਾਰਾ ਵਰਤੋਂ-ਵਲੇਵਾਂ ਸਥੂਲ ਨਾਲ ਪੈਣ ਕਾਰਣ ਅਸੀਂ ਸਥੂਲ ਨੂੰ ਹੀ ਸਭ ਕੁਝ ਸਮਝ ਬੈਠੇ ਹਾਂ ਅਤੇ ਸਥੂਲ ਵਿੱਚ ਹੀ ਭਰਮ ਗਏ ਹਾਂ। ਸਥੂਲ ਦਾ ਮੂਲ ਕਰਤਾ ਪਰਮਾਤਮਾ, ਜਿਸ ਦੀ ਸਤਾ ਨਾਲ ਸਾਰੇ ਸਥੂਲ ਦੀ ਖੇਡ ਚੱਲ ਰਹੀ ਹੈ, ਉਹ ਸਾਡੀ ਸਿਮ੍ਰਤੀ ਵਿੱਚੋਂ ਬਿਲਕੁਲ ਹੀ ਨਿਕਲ ਗਿਆ ਹੈ। ਸੰਸਾਰ ਅੰਦਰ ਜੋ ਵਖਰੇਵਾਂ ਜਾਂ ਭਿੰਨਤਾ ਵਿਖਾਈ ਦੇ ਰਹੀ ਹੈ, ਇਹ ਸਾਰੀ ਅਗਿਆਨ ਭਰਮ ਕਾਰਣ ਹੀ ਹੈ। ਭਗਤ ਨਾਮਦੇਵ ਜੀ ਨੇ ਸਾਨੂੰ ਆਸਾ ਰਾਗ ਅੰਦਰ ਅਸਲੀਅਤ ਦਰਸਾ ਕੇ ਅਗਿਆਨ ਭਰਮ ਤੋਂ ਬੱਚਣ ਲਈ ਸੁਚੇਤ ਕੀਤਾ ਹੈ। ਆਪ ਫ਼ੁਰਮਾਨ ਕਰਦੇ ਹਨ ਕਿ ਹੇ ਸੰਸਾਰ ਦੇ ਲੋਕੋ ! ਪਰਮਾਤਮਾ ਇੱਕ ਹੀ ਹੈ, ਉਹ ਅਨੇਕਾਂ ਰੂਪਾਂ ਰਾਹੀਂ ਸੰਸਾਰ ਵਿੱਚ ਵਿਆਪਕ ਹੋ ਰਿਹਾ ਹੈ। ਮੈਂ ਤਾਂ ਜਿੱਧਰ ਵੇਖਦਾ ਹਾਂ, ਗੁਰੂ ਦੀ ਮਿਹਰ ਨਾਲ ਸਾਰੇ ਪਾਸੇ ਪਰਮਾਤਮਾ ਹੀ ਵਿਖਾਈ ਦਿੰਦਾ ਹੈ। ਸੰਸਾਰ ਅੰਦਰ ਜੋ ਭਿੰਨਤਾ ਵਿਖਾਈ ਦੇ ਰਹੀ ਹੈ, ਇਹ ਸਾਰੀ

ਮਾਇਆ ਦੇ ਅਗਿਆਨ ਭਰਮ ਕਾਰਣ ਹੀ ਦਿਸ ਰਹੀ ਹੈ।

ਵਾਸਤਵ ਵਿੱਚ ਸਭ ਪਰਮਾਤਮਾ ਹੀ ਪਰਮਾਤਮਾ ਹੈ। ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ ਹੈ, ਪਰ ਇਸ ਅਸਲੀਅਤ ਨੂੰ ਕੋਈ ਵਿਰਲਾ ਹੀ ਜਾਣਦਾ ਹੈ। ਆਪ ਜੀ ਧਾਗੇ ਦੀ ਉਦਾਹਰਣ ਦੇ ਕੇ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਧਾਗਾ ਇੱਕ ਹੁੰਦਾ ਹੈ, ਉਸ ਵਿੱਚ ਹਜ਼ਾਰਾਂ ਮਣਕੇ ਪਰੋ ਦਿੱਤੇ ਜਾਣ, ਹਰ ਮਣਕਾ ਉਸ ਧਾਗੇ ਦੇ ਆਸਰੇ ਹੀ ਟਿਕਿਆ ਹੁੰਦਾ ਹੈ। ਜਿਸ ਤਰ੍ਹਾਂ ਕੱਪੜੇ ਦੀ ਬੁਣਤੀ ਵਿੱਚ ਇੱਕ ਤਾਣਾ ਹੁੰਦਾ ਅਤੇ ਇੱਕ ਨੂੰ ਪੇਟਾ ਕਿਹਾ ਜਾਂਦਾ ਹੈ। ਚਾਹੇ ਉਸ ਨੂੰ ਤਾਣਾ ਕਹਿ ਲਵੋ ਭਾਵੇਂ ਪੇਟਾ ਕਹਿ ਲਵੋ ਪਰ ਹੈ ਸਾਰਾ ਸੂਤਰ ਹੀ ਸੂਤਰ। ਸੂਤਰ ਤੋਂ ਬਿਨਾਂ ਹੋਰ ਕੋਈ ਨਹੀਂ। ਜਿਸ ਤਰ੍ਹਾਂ ਲਹਿਰਾਂ, ਤਰੰਗ, ਬੁਲਬਲੇ, ਝੱਗ ਪਾਣੀ ਵਿੱਚ ਬਣਦੇ ਹਨ ਪਰ ਅਸਲੀਅਤ ਵਿੱਚ ਨਾਉਂ ਭਾਵੇਂ ਵੱਖਰੇ-ਵੱਖਰੇ ਹਨ, ਪਰ ਹੈ ਸਾਰਾ ਪਾਣੀ ਹੀ ਪਾਣੀ। ਪਰਮਾਤਮਾ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਹੈ। ਸਾਰਾ ਸੰਸਾਰ ਅਤੇ ਸੰਸਾਰ ਦੇ ਸਾਰੇ ਪਦਾਰਥ ਮਨੁੱਖ ਨੇ ਸੱਤ ਕਰਕੇ ਮੰਨੇ ਹੋਏ ਹਨ ਪਰ ਹੈਨ ਸੁਪਨੇ ਸਮਾਨ, ਸੱਤ ਕੇਵਲ ਪਰਮਾਤਮਾ ਹੀ ਹੈ। ਜਿਸ ਉੱਪਰ ਸਤਿਗੁਰੂ ਦੀ ਰਹਿਮਤ ਹੁੰਦੀ ਹੈ, ਉਸ ਨੂੰ ਹੀ ਅਸਲੀਅਤ ਸਮਝ ਆ ਜਾਂਦੀ ਹੈ। ਫਿਰ ਉਹ ਅਗਿਆਨ-ਭਰਮ ਵਿੱਚ ਨਹੀਂ ਭ੍ਰਮਦਾ। ਬਾਬਾ ਨਾਮ ਦੇਵ ਜੀ ਫੁਰਮਾਨ ਕਰਦੇ ਹਨ ਪ੍ਰੇਮੀਓ! ਇਹ ਸਾਰਾ ਪਸਾਰਾ ਤੇ ਰਚਨਾ ਵਾਹਿਗੁਰੂ ਜੀ ਦੀ ਹੀ ਹੈ। ਸਾਰੀ ਸ੍ਰਿਸਟੀ ਤੇ ਰਚਨਾ ਰੱਚ ਕੇ ਆਪ ਪਰਮਾਤਮਾ ਸਾਰੇ ਘਟਾਂ ਤੇ ਸਾਰੀ ਰਚਨਾ ਵਿੱਚ ਇੱਕ ਰਸ ਵਿਆਪਕ ਰਮਿਆ ਹੋਇਆ ਹੈ। ਆਪ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ :

**ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ॥**
**ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥੧॥**
**ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥**
**ਸੂਤੁ ਏਕੁ ਮਨਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥੧॥ ਰਹਾਉ॥**
**ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥**
**ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥੨॥**
**ਮਿਥਿਆ ਭਰਮੁ ਅਰੁ ਸੁਪਨ ਮਨੋਰਥ ਸਤਿ ਪਦਾਰਥੁ ਜਾਨਿਆ॥**
**ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨੁ ਮਾਨਿਆ॥੩॥**
**ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ॥**



**ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ॥੪॥੧॥**

ਨਾਮਦੇਵ ਜੀ, ਪੰਨਾ ੪੮੫

ਭਗਤ ਜਨ ਤੇ ਸਤਿਗੁਰੂ ਸਾਨੂੰ ਦ੍ਰਿੜ੍ਹ ਕਰਵਾ ਰਹੇ ਹਨ ਕਿ ਦ੍ਰਿਸ਼ਟ-ਅਦ੍ਰਿਸ਼ਟ ਸਭ "**ਕੇਵਲ ਏਕ ਮੁਰਾਰੀ**" ਹੀ ਹੈ ਪਰ ਸਾਡੀ ਦ੍ਰਿਸ਼ਟੀ ਨੂੰ "**ਕੇਵਲ ਏਕ ਮੁਰਾਰੀ**" ਦਿਖਾਈ ਨਹੀਂ ਦਿੰਦਾ। ਇਸ ਦਾ ਕਾਰਣ ਗੁਰਬਾਣੀ ਨੇ "ਭਰਮ" ਦਰਸਾਇਆ ਹੈ। ਭਰਮ ਕੀ ਹੈ? ਭੁਲੇਖਾ, ਭੁਲੇਖਾ ਕੀ ਹੈ ? ਜੋ ਅਸਲੀਅਤ ਵਿੱਚ ਕੁਝ ਹੋਰ ਹੋਵੇ ਪਰ ਭਰਮ ਕਾਰਣ ਉਸ ਨੂੰ ਅਸਲੀਅਤ ਤੇ ਸੱਤ ਮੰਨ ਲਿਆ ਜਾਵੇ।

ਬਾਬਾ ਰਵਿਦਾਸ ਜੀ ਨੇ ਸੋਰਠਿ ਰਾਗ ਵਿੱਚ ਇਸ ਭੁੱਲ ਨੂੰ, ਜੋ ਭਰਮ ਦੇ ਰੂਪ ਵਿੱਚ ਮਨੁੱਖ ਦੇ ਗਲ ਪੈ ਗਈ ਹੈ, ਚਾਰ ਸੰਸਾਰਕ ਉਦਾਹਰਣਾਂ ਦੇ ਕੇ ਭ੍ਰਮ ਦੇ ਪੰਜੇ ਚੋਂ ਨਿਜ਼ਾਤ ਪਾਉਣ ਵਾਸਤੇ ਗਿਆਨ ਪ੍ਰਦਾਨ ਕੀਤਾ ਹੈ। ਆਪ ਸਵਾਲ ਖੜਾ ਕਰਕੇ, ਕਿ ਭਰਮ ਕੀ ਵਸਤੂ ਹੈ ? ਅਗਲੀ ਪੰਕਤੀ ਵਿੱਚ ਉੱਤਰ ਦਿੰਦੇ ਹਨ ਕਿ ਭਰਮ ਅਸਲ ਵਿੱਚ ਉਹ ਹੈ ਜੋ ਅਸੀਂ ਵੇਖ ਰਹੇ ਹੋਈਏ, ਜੋ ਅਸੀਂ ਮੰਨ ਬੈਠੇ ਹੋਈਏ, ਪਰ ਉਹ ਸੱਚਾਈ, ਅਸਲੀਅਤ ਨਾ ਹੋਵੇ, ਉਸ ਨੂੰ ਭਰਮ (ਭੁਲੇਖਾ) ਕਿਹਾ ਜਾਂਦਾ ਹੈ। ਭਰਮ ਦਾ ਖੁਲਾਸਾ ਕਰਨ ਵਾਸਤੇ ਆਪ ਜੀ ਨੇ ਅਗਲੀ ਪੰਕਤੀ ਵਿੱਚ ਇੱਕ ਰਾਜੇ ਦੀ ਗਾਥਾ ਨਿਰੂਪਣ ਕੀਤੀ ਹੈ ਤਾਂ ਜੋ ਭਰਮ ਦੀ ਅਸਲੀਅਤ ਦਾ ਪਤਾ ਚੱਲ ਜਾਵੇ।

ਆਪ ਲਿਖਦੇ ਹਨ, ਕਿ ਇੱਕ ਵੱਡੇ ਰਾਜ ਭਾਗ ਦਾ ਮਾਲਕ ਰਾਜਾ, ਜਿਸ ਦੇ ਪਾਸ ਬਿਅੰਤ ਮਾਇਆ ਦੇ ਖਜ਼ਾਨੇ, ਲੀੜੇ-ਕੱਪੜੇ, ਖਾਣ-ਪੀਣ ਦੇ ਸਾਜੋ ਸਮਾਨ ਦੀ ਕੋਈ ਕਮੀ ਨਹੀਂ, ਸਗੋਂ ਜਿਹੜਾ ਵੀ ਰਾਜੇ ਪਾਸ ਆ ਕੇ ਦੀਨ ਹੋ ਕੇ, ਜੋ ਵੀ ਮੰਗਦਾ ਹੈ, ਰਾਜਾ ਆਪਣੇ ਹੁਕਮ ਨਾਲ ਤੁਰੰਤ ਉਸ ਦੀਆਂ ਝੋਲੀਆਂ ਭਰ ਦਿੰਦਾ ਹੈ। ਰਾਜਾ ਬਿਅੰਤ ਫੌਜਾਂ ਦਾ ਮਾਲਕ ਹੈ। ਸਾਰੀ ਪਰਜਾ ਉੱਪਰ ਉਸ ਦਾ ਹੁਕਮ ਚੱਲਦਾ ਹੈ। ਰਾਜ, ਭਾਗ ਅਤੇ ਸੁੱਖ-ਅਨੰਦ ਦੀ ਖੇਡ ਖੇਡਦਿਆਂ ਉਸ ਦਾ ਸਮਾਂ ਬੜਾ ਖੁਸ਼ੀਆਂ ਭਰਿਆ ਬਤੀਤ ਹੋ ਰਿਹਾ ਹੈ।

ਇੱਕ ਦਿਨ ਰਾਜਾ ਆਪਣੇ ਤਖ਼ਤ ਉੱਪਰ ਹੀ ਸੌਂ ਗਿਆ। ਨੀਂਦ ਆਉਣ ਤੇ ਸੁਪਨੇ ਵਿੱਚ ਉਸ ਨੇ ਗਰੀਬ ਪਰਿਵਾਰ ਵਿੱਚ ਜਨਮ ਲੈ ਲਿਆ। ਵੱਡਾ ਹੋਇਆ, ਵਿਆਹ ਉਪਰੰਤ ਪਰਿਵਾਰ ਵੱਧ ਗਿਆ। ਘਰ ਵਿੱਚ ਅੱਤ ਦੀ ਗਰੀਬੀ ਹੈ। ਸਾਰਾ ਪਰਿਵਾਰ ਗਰੀਬੀ ਦੇ ਦੁੱਖ ਤੋਂ ਬਹੁਤ ਦੁੱਖੀ ਅਤੇ ਲਾਚਾਰ ਹੈ। ਉਹ ਹੀ ਰਾਜਾ ਜਿਸਨੇ ਸੁਪਨੇ ਵਿੱਚ ਗਰੀਬਾਂ ਦੇ ਘਰ ਵਿੱਚ ਜਨਮ ਲਿਆ ਸੀ, ਕਿਸੇ ਪਿੰਡ ਵਿੱਚ ਆਪਣੇ ਅਤੇ ਆਪਣੇ ਪਰਿਵਾਰ ਦੀ ਪੇਟ ਪੂਰਤੀ ਵਾਸਤੇ ਭਿਖਿਆ ਮੰਗਣ ਵਾਸਤੇ ਚਲਾ

ਗਿਆ। ਘਰ-ਘਰ ਅੱਗੇ ਜਾ ਕੇ ਭਿਖਿਆ ਮੰਗਣ ਵਾਸਤੇ ਸੱਦ ਦਿੰਦਾ ਹੈ। ਕੋਈ ਤਰਸ ਕਰਕੇ ਖੈਰ ਪਾ ਦਿੰਦਾ ਹੈ, ਕੋਈ ਇਸ ਦੇ ਸਰੀਰ ਨੂੰ ਵੇਖ ਕੇ ਲਾਹਨਤਾਂ ਪਾਉਂਦਾ ਹੈ, ਕਿ ਤੇਰਾ ਸਰੀਰ ਹੱਟਾ ਕੱਟਾ ਹੈ, ਤੂੰ ਕਿਤੇ ਜਾ ਕੇ ਮਿਹਨਤ ਮਜਦੂਰੀ ਕਰ। ਸੁਪਨੇ ਵਿੱਚ ਭਿਖਾਰੀ ਬਣੇ ਰਾਜੇ ਨੂੰ ਲੋਕਾਂ ਦੇ ਅਨੇਕ ਤਰ੍ਹਾਂ ਦੇ ਬੋਲ-ਕਬੋਲ ਸਹਾਰਨੇ ਪੈ ਰਹੇ ਹਨ। ਅਜਿਹੀ ਲਾਚਾਰੀ ਅਤੇ ਆਤੁਰ ਦਸ਼ਾ ਵਿੱਚ ਕਾਫੀ ਸਮਾਂ ਬੀਤਿਆ। ਅਚਾਨਕ ਰਾਜੇ ਦੀ ਜਾਗ ਖੁੱਲ੍ਹ ਗਈ। ਜਾਗ ਖੁਲ੍ਹਣ ਉਪਰੰਤ ਰਾਜਾ ਬਹੁਤ ਹੀ ਹੈਰਾਨ ਹੁੰਦਾ ਹੈ ਨਾਲੇ ਸੋਚਦਾ ਹੈ ਕਿ ਇਹ ਮੇਰੇ ਨਾਲ ਕੀ ਭਾਣਾ ਵਰਤਿਆ। ਮੈਂ ਖੁਦ ਰਾਜ ਭਾਗ ਖਜ਼ਾਨਿਆਂ ਅਤੇ ਫੌਜਾਂ ਦਾ ਮਾਲਕ ਹੁੰਦੇ ਹੋਏ ਲੋਕਾਂ ਦੇ ਘਰਾਂ ਵਿੱਚ, ਖੈਰ ਮੰਗਦਿਆਂ ਅਨੇਕ ਤਰ੍ਹਾਂ ਦੀਆਂ ਲਾਹਨਤਾਂ ਅਤੇ ਕਬੋਲ ਸੁਣ ਕੇ ਦੁੱਖੀ ਹੁੰਦਾ ਰਿਹਾ। ਇਹ ਸਾਰਾ ਕੁਝ ਰਾਜੇ ਦੇ ਨਾਲ ਕਿੰਨਾ ਚਿਰ ਵਰਤਿਆ ? ਜਿਨਾਂ ਚਿਰ ਉਹ ਸੁਪਨੇ ਵਿੱਚ ਸੀ। ਸੁਪਨਾ ਕਿਉਂ ਆਇਆ? ਨੀਂਦ ਕਾਰਣ, ਜਦੋਂ ਰਾਜਾ ਨੀਂਦ ਤੋਂ ਉਥਾਨ ਹੋਇਆ। ਨੀਂਦ ਖ਼ਤਮ ਹੁੰਦੇ ਸਾਰ ਮੁੜ ਉਹ ਰਾਜਾ, ਦਾਤਾ ਬਣ ਗਿਆ। ਮੁੜ ਫੌਜਾਂ ਅਤੇ ਖਜ਼ਾਨਿਆਂ ਦਾ ਮਾਲਕ ਬਣ ਗਿਆ। ਜਿੰਨਾ ਚਿਰ ਸੁਪਨੇ ਵਿੱਚ ਸੀ, ਰਾਜਾ, ਭਿਖਾਰੀ ਬਣ ਕੇ ਦੁੱਖ ਭੋਗਦਾ ਰਿਹਾ। ਰਾਜਾ ਤਾਂ ਅਸਲ ਵਿੱਚ ਰਾਜਾ ਹੀ ਸੀ। ਖਜ਼ਾਨਿਆਂ ਅਤੇ ਫੌਜਾਂ ਦਾ ਮਾਲਕ ਸੀ ਪਰ ਨੀਂਦ ਨੇ ਰਾਜ-ਭਾਗ ਤੇ ਤਖ਼ਤ ਨਾਲੋਂ, ਫੌਜਾਂ ਅਤੇ ਖਜ਼ਾਨਿਆਂ ਨਾਲੋਂ ਸੰਪਰਕ ਤੋੜ ਦਿੱਤਾ, ਰਾਜ ਪਦਵੀ ਨਾਲੋਂ ਸੰਪਰਕ ਟੁੱਟਣ ਸਦਕਾ ਰਾਜੇ ਦੀ ਜੋ ਹਾਲਤ ਬਣੀ, ਬਾਬਾ ਰਵਿਦਾਸ ਜੀ ਫੁਰਮਾਨ ਕਰਦੇ ਹਨ ਕਿ ਸਾਡੀ ਸਾਰਿਆਂ ਦੀ ਵੀ ਉਸ ਰਾਜੇ ਵਰਗੀ ਦਸ਼ਾ ਬਣੀ ਹੋਈ ਹੈ। ਅਸੀਂ ਅਸਲੀਅਤ ਵਿੱਚ ਪ੍ਰਭੂ, ਜੋ ਸਾਰੇ ਸੰਸਾਰ ਦਾ ਮਾਲਕ ਹੈ, ਜੋ ਸੱਤ, ਚਿੱਤ, ਅਨੰਦ ਹੈ, ਉਸ ਦਾ ਰੂਪ ਹੁੰਦੇ ਹੋਏ ਸੰਸਾਰ ਰੂਪੀ ਸੁਪਨੇ ਵਿੱਚ ਦਿਨ ਰਾਤ ਦੁੱਖ ਭੋਗ ਰਹੇ ਹਾਂ ਅਤੇ ਭੋਗੀ ਜਾਵਾਂਗੇ। ਕਿੰਨਾ ਚਿਰ ਇਹ ਦੁੱਖ ਭੋਗਾਂਗੇ ? ਜਿੰਨਾ ਚਿਰ ਅਵਿੱਦਿਆ ਰੂਪੀ ਪਏ ਭਰਮ ਦੀ ਨੀਂਦ ਤੋਂ ਸਾਡਾ ਖਹਿੜਾ ਨਹੀਂ ਛੁੱਟਦਾ।

ਭਗਤ ਰਵਿਦਾਸ ਜੀ, ਭਰਮ ਨੂੰ ਸਪੱਸ਼ਟ ਕਰਨ ਵਾਸਤੇ ਇੱਕ ਹੋਰ ਦ੍ਰਿਸ਼ਟਾਂਤ ਦਿੰਦੇ ਹਨ ਕਿ ਜਿਵੇਂ ਰਾਤ ਦੇ ਅੰਧੇਰੇ ਦਾ ਸਮਾਂ ਹੋਵੇ, ਰਸਤੇ ਵਿੱਚ ਰੱਸੇ ਦਾ ਦੋ-ਚਾਰ ਫੁੱਟ ਲੰਮਾ ਟੁੱਕੜਾ ਪਿਆ ਹੋਵੇ, ਮਨੁੱਖ ਉਸ ਰੱਸੇ ਨੂੰ ਹੀ ਸੱਪ ਜਾਣ ਕੇ ਭੈ-ਭੀਤ ਹੋ ਜਾਂਦਾ ਹੈ ਅਤੇ ਅਗਾਂਹ ਨਹੀਂ ਤੁਰਦਾ। ਇਹ ਰੱਸੀ ਉਨ੍ਹਾਂ ਚਿਰ ਸੱਪ ਦਾ ਭਰਮ ਪਾਈ ਰੱਖਦੀ ਹੈ, ਜਿੰਨਾ ਚਿਰ ਉਥੇ ਪ੍ਰਕਾਸ਼ ਦਾ ਪ੍ਰਬੰਧ ਨਹੀਂ ਹੋ ਜਾਂਦਾ। ਜਦੋਂ ਕਿਸੇ ਯਤਨ ਨਾਲ ਉੱਥੇ ਚਾਨਣ ਕਰ ਦਿੱਤਾ ਜਾਵੇ, ਮਨੁੱਖ ਬੜਾ ਸ਼ਰਮਸਾਰ ਹੁੰਦਾ ਹੈ ਅਤੇ ਉਸ ਰੱਸੀ ਨੂੰ, ਜਿਸ ਨੂੰ ਸੱਪ ਜਾਣ ਕੇ ਡਰਦਾ ਸੀ, ਉਸਨੂੰ ਹੱਥ ਵਿੱਚ ਚੁੱਕੀ ਫਿਰਦਾ ਹੈ।



ਇਹ ਰੱਸੀ ਉਨ੍ਹਾਂ ਚਿਰ ਸੱਪ ਦਾ ਭੁਲੇਖਾ ਪਾਉਂਦੀ ਹੈ, ਜਿੰਨਾ ਚਿਰ ਅੰਧੇਰਾ ਹੈ।

ਇਸੇ ਤਰ੍ਹਾਂ ਸੋਨਾ ਤਾਂ ਇੱਕੋ ਕਿਸਮ ਦਾ ਹੈ ਪਰ ਜਦੋਂ ਸੋਨੇ ਦੇ ਗਹਿਣੇ ਬਣ ਜਾਂਦੇ ਹਨ, ਉਨ੍ਹਾਂ ਗਹਿਣਿਆਂ ਦੇ ਨਾਉਂ ਵੀ ਵੱਖਰੇ ਉਨ੍ਹਾਂ ਦੇ ਅਕਾਰ ਵੀ ਵੱਖਰੇ, ਮਨੁੱਖ ਆਪਣੀ ਬੋਲੀ ਵਿੱਚ ਉਨ੍ਹਾਂ ਸੋਨੇ ਦੇ ਗਹਿਣਿਆਂ ਨੂੰ ਮੁੰਦਰੀ, ਕਾਂਟੇ, ਵਾਲੀਆਂ ਅਤੇ ਕੰਠਾ ਆਦਿ ਕਹਿ ਕੇ ਪੁਕਾਰਦਾ ਹੈ। ਕੋਈ ਨਹੀਂ ਕਹਿੰਦਾ ਕਿ ਮੈਂ ਸੋਨਾ ਪਹਿਨਿਆ ਹੋਇਆ ਹੈ। ਇਹ ਸਾਰੀ ਭਿੰਨਤਾ ਦੀ ਦ੍ਰਿਸ਼ਟੀ ਉਨ੍ਹਾਂ ਚਿਰ ਬਣੀ ਰਹਿੰਦੀ ਹੈ ਜਿੰਨਾ ਚਿਰ ਸੋਨਾ ਗਹਿਣਿਆਂ ਦੇ ਰੂਪ ਵਿੱਚ ਹੈ। ਜਦੋਂ ਸੁਨਿਆਰਾ ਤਰ੍ਹਾਂ-ਤਰ੍ਹਾਂ ਦੇ ਗਹਿਣੇ ਕੁਠਾਲੀ ਵਿੱਚ ਪਾ ਕੇ ਢਾਲ ਦਿੰਦਾ ਹੈ, ਤਦੋਂ ਗਹਿਣਿਆਂ ਦਾ ਅਕਾਰ ਵੀ ਅਤੇ ਨਾਉਂ ਵੀ ਖ਼ਤਮ ਹੋ ਜਾਂਦਾ ਹੈ। ਸਾਰੇ ਗਹਿਣੇ ਢੱਲ ਕੇ ਜਦੋਂ ਇੱਕ ਡਲੀ ਬਣ ਜਾਂਦੇ ਹਨ, ਫਿਰ ਜਿੱਥੇ ਉਸ ਡਲੀ ਨੂੰ ਸੋਨੇ ਦੀ ਡਲੀ ਕਿਹਾ ਜਾਂਦਾ ਹੈ, ਉੱਥੇ ਉਸ ਸੋਨੇ ਦੀ ਥੈਲੀ ਵਿੱਚੋਂ ਵੱਖ-ਵੱਖ ਗਹਿਣਿਆਂ ਦਾ ਸੋਨਾ ਵੀ ਵੱਖ ਨਹੀਂ ਕੀਤਾ ਜਾ ਸਕਦਾ। ਸਭ ਗਹਿਣੇ ਇੱਕ ਰੂਪ ਹੋ ਜਾਂਦੇ ਹਨ।

ਸ਼ਬਦ ਦੇ ਅਰੰਭ ਵਿੱਚ ਆਪ ਫੁਰਮਾਨ ਕਰਦੇ ਹਨ ਕਿ ਜਿਵੇਂ ਸਮੁੰਦਰ ਵਿੱਚ ਜਦੋਂ ਤੇਜ ਹਨੇਰੀ ਨਾਲ ਤੂਫਾਨ ਆਉਂਦਾ ਹੈ। ਪਾਣੀ ਅੰਦਰ ਅਨੇਕ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਲਹਿਰਾਂ ਉਤਪੰਨ ਹੋ ਜਾਂਦੀਆਂ। ਜੋ ਕਈ ਤਰ੍ਹਾਂ ਦੇ ਪਾਣੀ ਦਾ ਭੁਲੇਖਾ ਪਾਉਂਦੀਆਂ ਹਨ, ਪਰ ਵਾਸਤਵ ਵਿੱਚ ਇਹ ਸਾਰਾ ਪਾਣੀ ਹੀ ਪਾਣੀ ਹੈ। ਚਾਹੇ ਉਹ ਜਵਾਰਭਾਟਾ ਹੋਵੇ, ਚਾਹੇ ਉਹ ਲਹਿਰਾਂ ਹੋਣ, ਚਾਹੇ ਬੁਲਬੁਲੇ ਹੋਣ। ਇਸੇ ਤਰ੍ਹਾਂ ਇਹ ਸਾਰਾ ਸੰਸਾਰ ਅਤੇ ਖੁਦ ਅਸੀਂ, ਪ੍ਰਮੇਸ਼ਰ ਦੀ ਅੰਸ਼ ਅਤੇ ਰੂਪ ਹਾਂ, ਇਹ ਕੇਵਲ ਮੇਰ-ਤੇਰ ਦੇ ਕਾਰਣ ਭਿੰਨਤਾ ਅਤੇ ਵਖਰੇਵਾਂ ਲੱਗਦਾ ਹੈ। ਅਸਲ ਵਿੱਚ ਸਭ ਦਾ ਮੂਲ ਪਰਮਾਤਮਾ ਹੀ ਹੈ। ਭਗਤ ਰਵਿਦਾਸ ਜੀ ਦਾ ਭਰਮ ਦੀ ਪਰਿਭਾਸ਼ਾ ਕਰਦਾ ਇਹ ਸ਼ਬਦ ਪੜ੍ਹੀਏ। ਭਰਮ ਦੀ ਸਪੱਸ਼ਟਤਾ ਹੋ ਜਾਵੇਗੀ। ਜਿਸ ਭਰਮ ਨੇ ਰਾਮ ਦੀ ਅੰਸ਼, ਅਸਾਂ ਸਾਰਿਆਂ ਨੂੰ ਜੀਵ ਬਣਾਇਆ ਹੋਇਆ ਹੈ :

**ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ॥**

**ਅਨਲ ਅਗਮ ਜੈਸੇ ਲਹਰਿ ਮਇ ਓਦਧਿ ਜਲ ਕੇਵਲ ਜਲ ਮਾਂਹੀ॥੧॥**

**ਮਾਧਵੇ ਕਿਆ ਕਹੀਐ ਭ੍ਰਮੁ ਐਸਾ॥ ਜੈਸਾ ਮਾਨੀਐ ਹੋਇ ਨ ਤੈਸਾ॥੧॥ ਰਹਾਉ॥**

**ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ॥**

**ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ॥੨॥**

**ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ॥**

**ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ॥੩॥**

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**

**ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥**

**ਰਵਿਦਾਸ ਜੀ ਪੰਨਾ ੬੫੭**

ਸੰਸਾਰ ਵਿੱਚ ਭਿੰਨਤਾ ਦੀ ਦ੍ਰਿਸ਼ਟੀ ਅਤੇ ਸਾਰੇ ਦੁੱਖਾਂ ਦਾ ਮੂਲ ਕਾਰਣ ਭਰਮ ਹੈ। ਕਿਉਂਕਿ ਭਰਮ ਹੀ ਮਨੁੱਖ ਨੂੰ ਅਸਲੀਅਤ ਤੋਂ ਭੁਲਾਈ ਰੱਖਦਾ ਹੈ।

ਅਗਿਆਨ ਭਰਮ, ਨਾ ਤਾਂ ਗਿਆਨ ਪ੍ਰਾਪਤ ਕਰ ਲੈਣ ਨਾਲ ਦੂਰ ਹੁੰਦਾ ਹੈ, ਨਾ ਹੀ ਕਿਸੇ ਕਰਮ ਕਾਂਡ ਨਾਲ ਅਗਿਆਨ ਭਰਮ ਤੋਂ ਨਿਜਾਤ ਪ੍ਰਾਪਤ ਹੋ ਸਕਦੀ ਹੈ। ਕੇਵਲ ਪਰਮਾਤਮਾ ਦੇ ਨਾਮ ਦੀ ਕਮਾਈ ਕਰਕੇ ਹੀ ਅਗਿਆਨ-ਭਰਮ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰਮਾਤਮਾ ਦਾ ਨਾਮ ਗੁਰੂ ਦੀ ਸ਼ਰਨ ਗ੍ਰਹਿਣ ਕਰਕੇ, ਗੁਰੂ ਪਾਸੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ ਬਿਨੁ ਨਾਮੈ ਭਰਮੁ ਨ ਜਾਈ॥**

ਮ: ੧, ਪੰਨਾ ੬੩੫

ਇਸ ਲਈ ਜੇ ਅਗਿਆਨ-ਭਰਮ ਤੋਂ ਛੁਟਕਾਰਾ ਪ੍ਰਾਪਤ ਕਰਨਾ ਚਾਹੁੰਦੇ ਹਾਂ ਤੇ ਗੁਰੂ ਨੂੰ ਆਪਣਾ ਹਿਤੂ ਬਨਾਉਣਾ ਚਾਹੁੰਦੇ ਹਾਂ ਤਾਂ ਗੁਰੂ ਵਾਲੇ ਬਣ ਕੇ ਗੁਰੂ ਪਾਸੋਂ ਨਾਮ ਪ੍ਰਾਪਤ ਕਰੀਏ। ਨਾਮ ਦੀ ਦਾਤ ਪ੍ਰਾਪਤ ਕਰਕੇ ਪ੍ਰਭੂ ਨਾਮ ਦੀ ਕਮਾਈ ਕਰੀਏ, ਫਿਰ ਅਗਿਆਨ ਭਰਮ ਵੀ ਬਿਲਾ ਜਾਵੇਗਾ ਤੇ ਗੁਰੂ ਅਰਜਨ ਦੇਵ ਜੀ ਦੀ ਭਾਦਰੋਂ ਮਹੀਨੇ ਦੇ ਉਪਦੇਸ਼ ਵਾਲੀ ਆਖ਼ਰੀ ਪੰਕਤੀ ਵੀ ਸਾਕਾਰ ਹੋ ਜਾਵੇਗੀ :

**ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥**

## *ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥*

**ਅੱਖਰੀ-ਅਰਥ :** ਭਾਦੁਇ ਦੇ ਮਹੀਨੇ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਜਗਿਆਸੂਆਂ ਨੂੰ ਉਪਦੇਸ਼ ਕਰਦੇ ਫੁਰਮਾਉਂਦੇ ਹਨ ਕਿ ਜਿਹੜਾ ਮਨੁੱਖ ਮਾਇਆ ਦੇ ਭਰਮ ਜਾਲ ਵਿੱਚ ਫਸ ਜਾਂਦਾ ਹੈ ਉਸ ਦਾ ਪਿਆਰ, ਕਰਤੇ ਪੁਰਖ ਨਾਲੋਂ ਟੁੱਟ ਕੇ ਕ੍ਰਿਤ (ਸੰਸਾਰ) ਨਾਲ ਪੈ ਜਾਂਦਾ ਹੈ।



**ਸੰਖੇਪ-ਵਿਚਾਰ :** ਭਰਮ ਕੀ ਹੈ ? ਭੁਲੇਖਾ, ਭੁਲੇਖਾ ਕੀ ਹੈ ? ਸੱਚ ਨੂੰ ਸੱਚ ਨਾ ਜਾਨਣਾ। ਭਰਮ ਦੇ ਅਧੀਨ ਮਨੁੱਖ ਨੇ ਸੱਚ ਨੂੰ ਸੱਚ ਨਾ ਜਾਣਿਆ ਬਲਕਿ ਕੂੜ ਨੂੰ ਸੱਚ ਜਾਣ ਕੇ ਉਸ ਵਿੱਚ ਖੱਚਿਤ ਹੋ ਗਿਆ। ਸੱਤ ਕੇਵਲ ਇੱਕ ਹੈ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਦੀ ਵਾਰ ਅੰਦਰ ਫੁਰਮਾਨ ਹੈ। ਇੱਕ ਪਰਮਾਤਮਾ ਤੋਂ ਬਿਨਾਂ ਸਭ ਕੂੜ ਪਸਾਰਾ ਹੀ ਹੈ :

**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ॥** ਮ: ੧, ਪੰਨਾ ੪੬੮

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਆਸਾ ਜੀ ਦੀ ਵਾਰ ਅੰਦਰ **"ਅਸੱਤ"** (ਕੂੜ) ਦਾ ਖੁਲਾਸਾ ਵੱਡੇ ਵਿਸਥਾਰ ਨਾਲ ਕੀਤਾ ਹੈ ਤਾਂ ਜੋ ਸਤਿ ਤੇ ਅਸੱਤ ਦੀ ਸਾਨੂੰ ਸੋਝੀ ਪ੍ਰਾਪਤ ਹੋ ਸਕੇ। ਸਾਹਿਬ ਫੁਰਮਾਨ ਕਰਦੇ ਹਨ ਕਿ ਰਾਜ-ਭਾਗ ਦਾ ਮਾਲਕ ਰਾਜਾ ਵੀ ਅਸੱਤ, ਰਾਜੇ ਦੀ ਪਰਜਾ ਵੀ ਅਸੱਤ, ਇੰਝ ਕਹਿ ਲਵੋ ਸਾਰਾ ਸੰਸਾਰ ਹੀ ਕੂੜ-ਪਸਾਰਾ ਹੈ। ਸੁੰਦਰ ਮਹਿਲ, ਉੱਚੀਆਂ ਅਟਾਰੀਆਂ ਅਤੇ ਇਨ੍ਹਾਂ ਵਿੱਚ ਵਸੇਬਾ ਕਰਨ ਵਾਲੇ ਸਭ ਅਸੱਤ ਭਾਵ ਨਾਸ਼ਵੰਤ ਹਨ। ਸੋਨਾ-ਚਾਂਦੀ ਤੇ ਇਨ੍ਹਾਂ ਦੇ ਗਹਿਣੇ ਅਸੱਤ, ਅਤੇ ਗਹਿਣਿਆਂ ਨੂੰ ਪਹਿਨਣ ਵਾਲੇ ਵੀ ਨਾਸ਼ਵੰਤ ਹਨ। ਸਰੀਰ ਵੀ ਅਸੱਤ, ਸੁੰਦਰ ਸਰੂਪ ਵੀ ਨਾਸ਼ਵੰਤ, ਕੱਪੜੇ ਵੀ ਅ-ਸੱਤ ਤੇ ਪਹਿਨਣ ਵਾਲਾ ਵੀ ਅਸੱਤ ਹੈ। ਪਤੀ-ਪਤਨੀ ਦੋਵੇਂ ਅਸੱਤ। ਸੰਸਾਰ ਦੇ ਵਿਸ਼ੇ ਭੋਗ, ਜਿਨ੍ਹਾਂ ਵਿੱਚ ਮਨੁੱਖ ਖੱਚਿਤ ਰਹਿੰਦਾ ਹੈ, ਉਹ ਵੀ ਨਾਸ਼ਵੰਤ ਹੈ। ਕੂੜੇ ਮਨੁੱਖ ਦਾ ਕੂੜ ਨਾਲ ਪਿਆਰ ਪੈ ਗਿਆ ਹੈ ਜਿਸ ਕਰਕੇ ਸੱਚਾ ਕਰਤਾਰ ਜੀਵ ਨੂੰ ਭੁੱਲ ਗਿਆ ਹੈ। ਸਾਰਾ ਸੰਸਾਰ ਹੀ ਨਾਸ਼ਵੰਤ ਹੈ। ਇਸ ਲਈ ਕਿਸ ਨਾਲ ਮਿੱਤ੍ਰਤਾ ਪਾਈਏ ? ਹਰ ਵਸਤੂ ਮਨੁੱਖ ਦੇ ਸਾਹਮਣੇ ਨਾਸ਼ ਹੋ ਰਹੀ ਹੈ ਪਰ ਫਿਰ ਵੀ ਮਨੁੱਖ **"ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ"** ਦੀ ਸੱਚਾਈ ਨੂੰ ਸਾਕਾਰ ਕਰਦਾ, ਸੰਸਾਰ ਨੂੰ ਮਿੱਠਾ ਸ਼ਹਿਦ ਜਾਣ ਕੇ ਚੰਬੜਿਆ ਹੋਇਆ ਹੈ ਪਰ ਯਾਦ ਰੱਖੋ ! ਇਸ ਝੂਠੇ ਸੰਸਾਰ ਨਾਲ ਮੋਹ ਪਿਆਰ ਪਾ ਕੇ ਇਸ ਸੰਸਾਰ ਨੂੰ ਸਤਿ ਮੰਨ ਕੇ ਇਸ ਵਿੱਚ ਫਸ ਕੇ ਪੂਰਾਂ ਦੇ ਪੂਰ ਡੁੱਬ ਗਏ ਹਨ। ਆਖ਼ਰੀ ਪੰਕਤੀ ਅੰਦਰ ਸਤਿਗੁਰੂ ਨਿਰਣਾ ਕਰਦੇ ਆਪਣਾ ਫੈਸਲਾ ਸੁਣਾਉਂਦੇ ਫੁਰਮਾਉਂਦੇ ਹਨ। ਹੇ ਵਾਹਿਗੁਰੂ ! ਇੱਕ ਤੈਥੋਂ ਬਗੈਰ ਸਭ ਝੂਠ ਹੀ ਝੂਠ ਹੈ ਭਾਵ ਸਭ ਨਾਸ਼ਵੰਤ ਹੈ :

**ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥**

**ਕੂੜੁ ਮੰਡਪ ਕੂੜੁ ਮਾੜੀ ਕੂੜੁ ਬੈਸਣਹਾਰੁ॥**

**ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ॥**

**ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥**

**ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ ॥**

**ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥**

**ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ ॥**

**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ ॥**

**ਨਾਨਕੁ ਵਖਾਣੈ ਬੇਨਤੀ ਤੁਧੁ ਬਾਝੁ ਕੂੜੋ ਕੂੜੁ ॥੧॥** ਮ: ੧, ਪੰਨਾ ੪੬੮

ਮਾਇਆ ਦੇ ਪ੍ਰਭਾਵ ਕਾਰਣ ਭ੍ਰਮਿਆ ਹੋਇਆ, ਭੁਲੇਖੇ ਦਾ ਸ਼ਿਕਾਰ ਹੋਇਆ ਮਨੁੱਖ ਹਮੇਸ਼ਾਂ ਦੁੱਖ ਹੀ ਭੋਗਦਾ ਹੈ। ਭਰਮ-ਅਧੀਨ, ਜਿਸ ਨੂੰ ਸੱਚ ਜਾਣ ਕੇ ਨੇਹੁ ਪਾਇਆ ਉਹ ਬਿਨਸ ਗਿਆ। ਬਿਨਸਣ ਨਾਲ ਵਿਛੋੜਾ ਪਿਆ, ਵਿਛੋੜੇ ਅਧੀਨ ਮਨੁੱਖ ਦੇ ਪੱਲੇ ਪਛਤਾਵਾ ਤੇ ਰੋਣਾ ਧੋਣਾ ਹੀ ਪਿਆ। ਭਰਮ ਤੇ ਦ੍ਵੈਤ ਤੋਂ ਬਚਣ ਲਈ ਕੇਵਲ ਪਰਮਾਤਮਾਂ ਦਾ ਨਾਮ ਹੀ ਰਸਤਾ ਹੈ।

## *ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ ॥*

**ਅੱਖਰੀ-ਅਰਥ :** ਭਰਮ ਜਾਲ ਵਿੱਚ ਗ੍ਰਸਿਆ ਮਨੁੱਖ, ਇਸ ਨਾਸ਼ਵੰਤ ਸੰਸਾਰ ਅਤੇ ਸਰੀਰ ਨੂੰ ਹੀ ਸੱਤ ਜਾਣ ਕੇ ਸੰਸਾਰਿਕ ਸੰਪਦਾ ਇਕੱਤਰ ਕਰਨ ਅਤੇ ਸਰੀਰ ਨੂੰ ਸੰਵਾਰਨ-ਸ਼ਿੰਗਾਰਨ ਵਿੱਚ ਹੀ ਮਨੁੱਖਾ ਜਨਮ ਦਾ ਅਮੋਲਕ ਸਮਾਂ ਅਜਾਈਂ ਗਵਾ ਲੈਂਦਾ ਹੈ। ਸਤਿਗੁਰੂ ਅਰਜਨ ਦੇਵ ਜੀ, ਮਨੁੱਖ ਨੂੰ ਸੁਚੇਤ ਕਰਨ ਹਿੱਤ ਫੁਰਮਾਉਂਦੇ ਹਨ, ਕਿ ਹੇ ਜੀਵ! ਯਾਦ ਰੱਖ, ਸਰੀਰ ਨੂੰ ਸੰਵਾਰਨ ਲਈ ਇੱਕ ਨਹੀਂ ਲੱਖਾਂ ਸ਼ਿੰਗਾਰ ਵੀ ਕੀਤੇ ਜਾਣ ਪਰ ਇਹ ਸਾਰੇ ਬਾਹਰੀ ਸ਼ਿੰਗਾਰ ਆਤਮਾ ਦੇ ਕਿਸੇ ਵੀ ਕੰਮ ਨਹੀਂ ਆਉਂਦੇ।

**ਸੰਖੇਪ-ਵਿਚਾਰ :** ਭਰਮ ਜਾਲ ਵਿੱਚ ਫੱਸਿਆ ਮਨੁੱਖ ਸਰੀਰ ਨੂੰ ਸੱਤਿ ਜਾਣ ਕੇ ਅਤੇ ਆਪਣੇ ਆਪ ਨੂੰ ਸੁੰਦਰ ਪ੍ਰਗਟ ਕਰਨ ਹਿੱਤ ਅਨੇਕ ਤਰ੍ਹਾਂ, ਸਰੀਰ ਨੂੰ ਸੰਵਾਰਦਾ ਤੇ ਸ਼ਿੰਗਾਰਦਾ ਹੈ ਅਤੇ ਆਪਣੇ ਸਰੀਰ ਉੱਪਰ ਮਾਣ ਕਰਦਾ ਹੈ। ਸਤਿਗੁਰੂ ਅਰਜਨ ਦੇਵ ਜੀ, ਇਸ ਮਨੁੱਖੀ ਸਰੀਰ ਦੀ ਅਸਲੀਅਤ ਦਰਸਾਉਂਦੇ ਆਸਾ ਰਾਗ ਵਿੱਚ ਫੁਰਮਾਨ ਕਰਦੇ ਹਨ ਕਿ ਹੇ ਮਨੁੱਖ! ਤੂੰ ਆਪਣੇ ਸਰੀਰ ਦੀ ਅਸਲੀਅਤ ਵੱਲ ਵੇਖ। ਤੇਰੇ ਸਰੀਰ ਵਿੱਚ ਗੰਦਗੀ, ਲਹੂ ਅਤੇ ਹੱਡੀਆਂ ਹੀ ਹਨ, ਜੋ ਚਮੜੀ ਦੀ ਚਾਦਰ ਵਿੱਚ ਲਪੇਟੀਆਂ ਹੋਈਆਂ ਹਨ। ਕੀ ਤੂੰ ਬਿਸਟਾ ਤੇ ਮਾਣ ਕਰਦਾ ਹੈ ? ਜਾਂ



ਹੱਡੀਆਂ, ਲਹੂ ਤੇ ਚਮੜੀ ਤੇ ਮਾਣ ਕਰਦਾ ਹੈ ? ਇਸ ਤੋਂ ਸਿਵਾ ਤੇਰੇ ਸਰੀਰ ਅੰਦਰ ਕੀ ਹੈ ? ਸਤਿਗੁਰਾਂ ਦਾ ਫੁਰਮਾਨ ਹੈ :

**ਬਿਸਟਾ ਅਸਤ ਰਕਤੁ ਪਰੇਟੇ ਚਾਮ ॥ ਇਸੁ ਊਪਰਿ ਲੇ ਰਾਖਿਓ ਗੁਮਾਨ ॥੩॥**

ਮ: ੫, ਪੰਨਾ ੩੭੪

ਸਰੀਰ ਨੂੰ ਸਾਫ਼-ਸੁਥਰਾ ਰੱਖਣਾ ਗੁਰਮਤਿ ਵਿੱਚ ਜਾਇਜ ਮੰਨਿਆ ਹੈ ਅਤੇ ਸਰੀਰਕ ਸਫ਼ਾਈ ਨੂੰ ਬਹੁਤ ਮਹਾਨਤਾ ਵੀ ਦਿੱਤੀ ਹੈ। ਪਰ ਸਰੀਰ ਨੂੰ ਸਾਰਾ ਦਿਨ ਲੇਪਾ ਪੋਚੀ ਕਰਨ ਨਾਲੋਂ ਆਤਮਾ ਨੂੰ ਸੰਵਾਰਨ ਤੇ ਸ਼ਿੰਗਾਰਨ ਲਈ ਸਤਿਗੁਰੂ ਜੀ ਨੇ ਬਾਰੰ ਬਾਰ ਗੁਰਬਾਣੀ ਵਿੱਚ ਤਾਕੀਦ ਕੀਤੀ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਤਿਲੰਗ ਰਾਗ ਅੰਦਰ ਫੁਰਮਾਨ ਹੈ ਕਿ ਹੇ ਜੀਵ ਆਤਮਾ! ਜੇ ਸ਼ਿੰਗਾਰ ਕਰਨਾ ਹੈ ਤਾਂ ਅੱਖਾਂ ਵਿੱਚ ਕੱਜਲ ਪਾਉਣ ਦੀ ਥਾਂ ਤੂੰ ਹਮੇਸ਼ਾ ਪਰਮਾਤਮਾ ਦੇ ਭੈ ਵਿੱਚ ਆਪਣਾ ਜੀਵਨ ਬਤੀਤ ਕਰ ਅਤੇ ਪਰਮਾਤਮਾ ਨੂੰ ਪਿਆਰ ਕਰਨ ਦਾ ਸ਼ਿੰਗਾਰ ਕਰ, ਜਦੋਂ ਤੂੰ ਭੈਅ ਅਤੇ ਭਾਵ ਦਾ ਧਾਰਨੀ ਬਣ ਜਾਵੇਗਾ, ਫਿਰ ਪਰਮਾਤਮਾ ਤੈਨੂੰ ਪਿਆਰ ਕਰਕੇ ਆਪਣਾ ਬਣਾ ਲਵੇਗਾ। ਆਪ ਜੀ ਦਾ ਫੁਰਮਾਨ ਹੈ :

**ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ ॥**

**ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ ॥**ਮ: ੧, ਪੰਨਾ ੭੨੨

ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ, ਸਰੀਰ ਉੱਪਰ ਸੁੱਚੇ ਮੋਤੀਆਂ ਦੀਆਂ ਮਾਲਾ ਪਹਿਨਣ ਦੀ ਥਾਂ ਹੇ ਜੀਵ ਰੂਪ ਇਸਤ੍ਰੀ। ਜੇ ਤੂੰ ਆਪਣੇ ਮਨ ਨੂੰ ਮੋਤੀ ਵਰਗਾ ਸੁੱਚਾ ਬਣਾ ਲਵੇ। ਸੱਚੇ ਮਨ ਨਾਲ ਤੂੰ ਆਪਣੇ ਸੁਆਸਾਂ ਦੁਆਰਾ ਪਰਮਾਤਮਾ ਦਾ ਨਾਮ ਜਪੇਂ, ਖਿਮਾਂ ਦਾ ਗੁਣ ਧਾਰਨ ਕਰ ਲਵੇਂ ਤਾਂ ਤੈਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੋ ਸਕਦਾ ਹੈ। ਸਹਿਬਾਂ ਦਾ ਫੁਰਮਾਨ ਹੈ :

**ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ ॥**

**ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ ॥੧॥**

ਮ: ੧, ਪੰਨਾ ੩੫੯

ਜੇ ਆਤਮਿਕ ਸ਼ਿੰਗਾਰ ਨਾ ਕੀਤਾ ਅਤੇ ਸਰੀਰ ਨੂੰ ਸੰਵਾਰਨ ਵਿੱਚ ਹੀ ਸਮਾਂ ਬਿਤਾ ਦਿੱਤਾ ਫਿਰ ਤਾਂ ਪ੍ਰਭੂ ਦਰਗਾਹ ਵਿੱਚ ਰੋਣਾ ਧੋਣਾ ਹੀ ਪੱਲੇ ਪਵੇਗਾ :

**ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ ॥**

**ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥** ਮ: ੧, ਪੰਨਾ ੫੫੮

ਪਤੀ ਪ੍ਰਮੇਸ਼ਰ ਖੁਸ਼ ਕਰਨ ਲਈ ਤਾਂ ਪੰਜਵੇਂ ਪਾਤਸ਼ਾਹ ਜੀ ਦੇ ਦਰਸਾਏ ਸ਼ਿੰਗਾਰ ਨੂੰ ਹੀ ਕਰਨਾ ਪਵੇਗਾ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਭਰਤਾ ਕਹੈ ਸੁ ਮਾਨੀਐ ਏਹੁ ਸੀਗਾਰੁ ਬਣਾਇ ਰੀ॥**

**ਦੂਜਾ ਭਾਉ ਵਿਸਾਰੀਐ ਏਹੁ ਤੰਬੋਲਾ ਖਾਇ ਰੀ॥** ਮ: ੫, ਪੰਨਾ ੪੦੦

ਸ਼ੁਭ ਗੁਣਾਂ ਦਾ ਸ਼ਿੰਗਾਰ ਹੀ ਆਤਮਾ ਦੇ ਨਾਲ ਨਿਭਦਾ ਹੈ। ਸ਼ੁਭ ਗੁਣਾਂ ਨੂੰ ਆਪਣੇ ਜੀਵਨ ਵਿਚ ਧਾਰਨ ਕਰਨ ਲਈ ਯਤਨ ਕਰਨਾ ਚਾਹੀਦਾ ਹੈ।

## *ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥*

**ਅੱਖਰੀ-ਅਰਥ** : ਜਿਸ ਦਿਨ ਸਰੀਰ ਵਿੱਚੋਂ ਆਤਮਾ ਨਿਕਲ ਜਾਵੇਗੀ, ਸਰੀਰ ਦਾ ਅੰਤ ਹੋ ਜਾਵੇਗਾ। ਉਸ ਵੇਲੇ ਸਾਰੇ (ਸੱਜਣ-ਮਿੱਤ੍ਰ, ਅੰਗ-ਸਾਕ) ਇਹ ਕਹਿਣ ਲੱਗ ਜਾਣਗੇ ਕਿ ਇਹ ਹੁਣ ਗੁਜ਼ਰ ਗਿਆ ਹੈ। ਇਹ ਦੇਹ ਹੁਣ ਅਪਵਿੱਤ੍ਰ ਹੋ ਗਈ ਹੈ।

**ਸੰਖੇਪ-ਵਿਚਾਰ** : ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਉੱਪਰਲੀ ਪੰਕਤੀ ਅੰਦਰ ਦਰਸਾਈ ਅਟੱਲ ਸੱਚਾਈ ਨੂੰ ਆਪਾਂ ਨਿੱਤ ਆਪਣੇ ਮਿੱਤਰਾਂ-ਦੋਸਤਾਂ, ਰਿਸ਼ਤੇਦਾਰਾਂ ਅਤੇ ਭਾਈਚਾਰੇ ਅੰਦਰ ਵਰਤਦੀ ਵੇਖਦੇ ਹਾਂ। ਜਿੰਨਾ ਚਿਰ ਸਰੀਰ ਵਿੱਚ ਸਵਾਸ ਚੱਲਦੇ ਹਨ, ਸਾਰਾ ਪਰਿਵਾਰ ਪਿਆਰ ਕਰਦਾ ਹੈ ਅਤੇ ਇੱਕ ਦੂਜੇ ਨੂੰ ਗਲਵਕੜੀਆਂ ਭਰਦਾ ਹੈ। ਜਦੋਂ ਸਰੀਰ 'ਚੋਂ ਸਵਾਸ ਵੱਖ ਹੋ ਜਾਂਦੇ ਹਨ, ਉਹੀ ਸੱਜਣ-ਮਿੱਤ੍ਰ, ਰਿਸ਼ਤੇਦਾਰ ਸਰੀਰ ਨੂੰ ਅਪਵਿੱਤ੍ਰ ਜਾਣ ਕੇ ਪਰ੍ਹੇ ਹੋ ਜਾਂਦੇ ਹਨ। ਬੱਚਿਆਂ ਨੂੰ ਵੀ ਮ੍ਰਿਤਕ ਸਰੀਰ ਦੇ ਨੇੜੇ ਨਹੀਂ ਜਾਣ ਦਿੰਦੇ। ਇੱਥੋਂ ਤੱਕ ਕਿ ਜਿਸ ਪਤੀ ਨਾਲ, ਪਤਨੀ ਦਾ ਅਧਿੱਕ ਪਿਆਰ ਸੀ, ਉਹ ਵੀ ਭੂਤ-ਭੂਤ ਕਹਿ ਕੇ ਪਰ੍ਹੇ ਹੋ ਜਾਂਦੀ ਹੈ। ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ ਸਦਾ ਰਹਤ ਸੰਗ ਲਾਗੀ॥**

**ਜਬ ਹੀ ਹੰਸ ਤਜੀ ਇਹ ਕਾਂਇਆ ਪ੍ਰੇਤ ਪ੍ਰੇਤ ਕਰਿ ਭਾਗੀ॥** ਮ: ੯, ਪੰਨਾ ੬੩੪

ਸਰੀਰ ਦੀ ਕਦਰ ਉਨਾ ਚਿਰ ਹੀ ਹੈ ਜਿੰਨਾ ਚਿਰ ਸਰੀਰ ਵਿੱਚ ਸਵਾਸ ਚੱਲਦੇ ਹਨ। ਜਿਸ ਸਮੇਂ ਸਰੀਰ ਚੋਂ ਸਵਾਸ ਨਿਕਲ ਜਾਂਦੇ ਹਨ ਤਾਂ ਸਾਰਾ ਪਰਿਵਾਰ ਪਰ੍ਹੇ ਹੋ ਕੇ ਰੋਣ-ਪਿੱਟਣ ਲੱਗ ਜਾਂਦਾ ਹੈ। ਸਰੀਰ ਨੂੰ ਅਪਵਿੱਤਰ ਜਾਣ ਕੇ ਛੇਤੀ ਤੋਂ ਛੇਤੀ ਘਰ



'ਚੋਂ ਲਿਜਾ ਕੇ ਅੰਤਿਮ-ਸੰਸਕਾਰ ਕਰਨ ਲਈ ਸਾਰਾ ਕੋੜਮਾਂ ਵਿਉਂਤਾਂ ਬਨਾਉਣ ਲੱਗ ਜਾਂਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਹੈ :

**ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥**

**ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥** ਮ: ੯, ਪੰਨਾ ੫੩੬

ਭਗਤ ਕਬੀਰ ਜੀ ਨੇ ਸਾਨੂੰ ਸੰਸਾਰ ਵਿੱਚ ਖਚਿਤ ਹੋਇਆਂ ਜੀਵਾਂ ਨੂੰ ਮੋਹ ਦੀ ਦਲਦਲ ਵਿੱਚੋਂ ਕੱਢਣ ਲਈ ਮਰਨ ਉਪਰੰਤ ਜੋ ਮਨੁੱਖ ਦੇ ਨਾਲ ਅਸਲੀਅਤ ਵਾਪਰਦੀ ਹੈ, ਉਸ ਨੂੰ ਬੜੇ ਵਿਸਥਾਰ ਨਾਲ ਸੋਰਠ ਰਾਗ ਅੰਦਰ ਅੰਕਤ ਕੀਤਾ ਹੈ। ਹੇ ਭਾਈ! ਘਰ ਦੀ ਬਾਹਰਲੀ ਦਹਿਲੀਜ਼ ਤੱਕ ਵਿਆਹੀ ਹੋਈ ਵਹੁਟੀ ਮ੍ਰਿਤਕ ਸਰੀਰ ਨਾਲ ਜਾਂਦੀ ਹੈ, ਨਜ਼ਦੀਕੀ ਸੱਜਣ-ਮਿੱਤਰ ਤੇ ਕੋੜਮਾਂ ਸ਼ਮਸ਼ਾਨ ਘਾਟ ਤੱਕ ਸਰੀਰ ਦਾ ਅੰਤਿਮ ਸੰਸਕਾਰ ਕਰਨ ਲਈ ਗਿਆ। ਅਗਾਂਹ ਪਰਲੋਕ ਵਿੱਚ ਜੀਵ-ਆਤਮਾ ਇਕੱਲੀ ਹੀ ਗਈ। ਕਿਸੇ ਨੇ ਵੀ ਜੀਵ-ਆਤਮਾ ਦਾ ਸਾਥ ਨਾ ਦਿੱਤਾ। ਆਪ ਜੀ ਦਾ ਫੁਰਮਾਨ ਹੈ :

**ਦੇਹੁਰੀ ਲਉ ਬਰੀ ਨਾਰਿ ਸੰਗਿ ਭਈ ਆਗੈ ਸਜਨ ਸੁਹੇਲਾ॥**

**ਮਰਘਟ ਲਉ ਸਭੁ ਲੋਗੁ ਕੁਟੰਬੁ ਭਇਓ ਆਗੈ ਹੰਸੁ ਅਕੇਲਾ॥੩॥**

ਕਬੀਰ ਜੀ, ਪੰਨਾ ੬੫੪

ਹਰ ਪ੍ਰਾਣੀ ਨਾਲ ਸੰਸਾਰ ਅੰਦਰ ਅਜਿਹਾ ਵਰਤਾਉ ਹੀ ਹੋਇਆ ਤੇ ਅਗਾਂਹ ਵੀ ਇਹੋ ਵਰਤਾਉ ਹੀ ਹੋਣਾ ਹੈ। ਇਸ ਲਈ ਸਰੀਰ ਦਾ ਹੰਕਾਰ ਨਹੀਂ ਕਰਨਾ ਚਾਹੀਦਾ।

## *ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥*

**ਅੱਖਰੀ-ਅਰਥ** : ਬੜੀ ਹੈਰਾਨੀ ਵਾਲੀ ਗੱਲ ਵਰਤਦੀ ਹੈ ਕਿ ਸਾਰੇ ਰਿਸ਼ਤੇਦਾਰਾਂ, ਅੰਗਾਂ ਸਾਕਾਂ, ਧੀਆਂ-ਪੁੱਤਰਾਂ ਦੇ ਕੋਲ ਖਲੋਤਿਆਂ ਹੀ ਪਰਮਾਤਮਾ ਦੇ ਜਮਦੂਤ ਸਰੀਰ ਵਿੱਚੋਂ ਜੀਵ-ਆਤਮਾ ਨੂੰ ਕੱਢ ਕੇ ਲੈ ਜਾਂਦੇ ਹਨ। ਕਿਸੇ ਵੀ ਰਿਸ਼ਤੇਦਾਰ ਜਾਂ ਧੀ-ਪੁੱਤਰ ਨੂੰ ਇਸ ਗੱਲ ਦਾ ਕੋਈ ਗਿਆਨ ਪ੍ਰਾਪਤ ਨਹੀਂ ਹੁੰਦਾ ਕਿ ਇਸ ਸਰੀਰ ਵਿੱਚ ਵੱਸਦੀ ਆਤਮਾ ਨੂੰ ਜਮਦੂਤ ਕਿੱਥੇ ਤੇ ਕਿੱਧਰ ਲੈ ਗਏ ਹਨ ?

**ਸੰਖੇਪ-ਵਿਚਾਰ** : ਸੰਸਾਰ ਵਿੱਚ ਆਪੋ ਆਪਣੇ ਅਕੀਦੇ ਅਨੁਸਾਰ, ਸਥੂਲ ਮ੍ਰਿਤਕ ਸਰੀਰ ਨੂੰ ਨਸ਼ਟ ਕਰਨ ਲਈ ਕੋਈ ਅੱਗ ਵਿੱਚ ਜਲਾ ਦਿੰਦਾ ਹੈ, ਕੋਈ ਧਰਤੀ ਵਿੱਚ ਦਬਾ ਦਿੰਦਾ ਹੈ। ਕੋਈ ਉਂਝ ਹੀ ਮ੍ਰਿਤਕ ਸਰੀਰ ਨੂੰ ਉਜਾੜ ਵਿੱਚ ਸੁੱਟ ਦਿੰਦੇ ਹਨ ਜਿੱਥੇ ਮ੍ਰਿਤਕ ਸਰੀਰ ਨੂੰ, ਕਾਂ-ਕੁੱਤੇ ਖਾ ਲੈਂਦੇ ਹਨ। ਕਈ ਲੋਕ ਸਰੀਰ ਨੂੰ ਪਾਣੀ

ਵਿੱਚ ਸੁੱਟ ਦਿੰਦੇ ਹਨ। ਕਈ ਆਪਣੇ ਮੱਤ ਅਨੁਸਾਰ ਸੁੱਕੇ ਖੂਹ ਵਿੱਚ ਪ੍ਰਾਣੀ ਦੀ ਦੇਹ ਨੂੰ ਸੁੱਟ ਦਿੰਦੇ ਹਨ ਪਰ ਕਿਸੇ ਨੂੰ ਵੀ ਇਹ ਪਤਾ ਨਹੀਂ ਲੱਗਦਾ ਕਿ ਸਰੀਰ ਨੂੰ ਸਤਾ-ਸਫੁਰਤੀ ਦੇਣ ਵਾਲੀ ਆਤਮਾ ਕਿਸ ਥਾਂ ਤੇ ਚੱਲੀ ਗਈ ਹੈ ? ਸਤਿਗੁਰੂ ਅਮਰਦਾਸ ਜੀ ਦਾ ਸੋਰਠਿ ਦੀ ਵਾਰ ਅੰਦਰ ਫੁਰਮਾਨ ਹੈ :

**ਇਕ ਦਝਹਿ ਇਕ ਦਬੀਅਹਿ ਇਕਨਾ ਕੁਤੇ ਖਾਹਿ ॥**

**ਇਕਿ ਪਾਣੀ ਵਿਚਿ ਉਸਟੀਅਹਿ ਇਕਿ ਭੀ ਫਿਰਿ ਹਸਣਿ ਪਾਹਿ ॥**

**ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ ॥੨॥** ਮ: ੩, ਪੰਨਾ ੬੪੮

ਸ੍ਰੀ ਗੁਰੂ ਨਾਨਕ ਦੇਵ ਜੀ, **"ਪਹਰੇ"** ਦੇ ਸਿਰਲੇਖ ਹੇਠ ਬਾਣੀ ਅੰਦਰ ਮਨੁੱਖ ਦੀ ਜ਼ਿੰਦਗੀ ਦੇ ਆਖ਼ਰੀ ਚੌਥੇ ਪੜਾਅ ਦਾ ਜਿਕਰ ਕਰਦੇ ਫੁਰਮਾਉਂਦੇ ਹਨ ਕਿ ਜਿਵੇਂ ਪੱਕੀ ਹੋਈ ਖੇਤੀ ਨੂੰ ਵੱਢਣ ਵਾਸਤੇ ਕਿਸਾਨ, ਲਾਵਿਆਂ ਨੂੰ ਨਾਲ ਲੈ ਕੇ ਫਸਲ ਕੱਟਣ ਵਾਸਤੇ ਆ ਜਾਂਦਾ ਹੈ, ਤਿਵੇਂ ਸਵਾਸਾਂ ਦੇ ਅੰਤਲੇ ਸਮੇਂ ਜੀਵ ਆਤਮਾ ਨੂੰ ਸਰੀਰ ਵਿੱਚੋਂ ਕੱਢ ਕੇ ਲਿਜਾਣ ਲਈ ਜਮਦੂਤ ਆ ਜਾਂਦੇ ਹਨ ਅਤੇ ਸਰੀਰ ਮਿੱਟੀ ਦੀ ਢੇਰੀ ਵਾਂਗ ਪਿਆ ਰਹਿ ਜਾਂਦਾ ਹੈ। ਜਮਦੂਤ ਜੀਵ-ਆਤਮਾ ਨੂੰ ਅੱਗੇ ਲਾ ਕੇ ਲੈ ਜਾਂਦੇ ਹਨ। ਸਾਰੇ ਸਾਕ-ਸਬੰਧੀ ਸਰੀਰ ਕੋਲ ਹੀ ਖੜ੍ਹੇ ਹੁੰਦੇ ਹਨ ਪਰ ਕਿਸੇ ਨੂੰ ਇਹ ਨਹੀਂ ਪਤਾ ਲੱਗਦਾ ਕਿ ਜੀਵ-ਆਤਮਾ ਸਰੀਰ ਵਿੱਚੋਂ ਨਿਕਲ ਕੇ ਕਿੱਥੇ ਤੇ ਕਿੱਧਰ ਨੂੰ ਚਲੀ ਗਈ ਹੈ। ਰੂਹ ਕਿਸ ਤਰਫ਼ ਚਲੀ ਜਾਂਦੀ ਹੈ, ਇਸ ਦਾ ਅੱਜ ਤੱਕ ਕਿਸੇ ਪ੍ਰਾਣੀ ਨੂੰ ਥਹੁ-ਪਤਾ ਨਹੀਂ ਲੱਗ ਸਕਿਆ। ਸਾਰੇ ਸਾਕ-ਸਬੰਧੀ ਬੇਬਸ ਹੋ ਕੇ ਸਰੀਰ ਦੇ ਇਰਦ-ਗਿਰਦ ਬੈਠ ਕੇ ਰੋਣਾ-ਪਿੱਟਣਾ ਸ਼ੁਰੂ ਕਰ ਦਿੰਦੇ ਹਨ। ਜਿਸ ਸਰੀਰ ਨੂੰ ਸਾਰੇ ਆਪਣਾ-ਆਪਣਾ ਕਹਿੰਦੇ ਸਨ, ਉਹ ਆਤਮਾ ਨਿਕਲ ਜਾਣ ਉਪਰੰਤ ਪਰਾਇਆ ਬਣ ਜਾਂਦਾ ਹੈ। ਸਰੀਰ ਨੂੰ ਸਾੜਨ ਜਾਂ ਧਰਤੀ ਵਿੱਚ ਦੱਬ ਦੇਣ ਦੀਆਂ ਤਿਆਰੀਆਂ ਅਰੰਭ ਹੋ ਜਾਂਦੀਆਂ ਹਨ। ਉੱਧਰ ਦੂਜੇ ਪਾਸੇ ਜੀਵ-ਆਤਮਾ ਨੂੰ ਜਿਸ ਪਾਸੇ ਉਸ ਨੇ ਸਾਰੀ ਉਮਰ ਪਿਆਰ ਪਾਈ ਰੱਖਿਆ, ਉਹੋ ਜਿਹੀ ਸਰੀਰ ਰੂਪੀ ਵਸਤੂ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰਾਂ ਦਾ ਪਾਵਨ ਫੁਰਮਾਨ ਹੈ :

**ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਲਾਵੀ ਆਇਆ ਖੇਤੁ ॥**

**ਜਾ ਜਮਿ ਪਕੜਿ ਚਲਾਇਆ ਵਣਜਾਰਿਆ ਮਿਤ੍ਰਾ ਕਿਸੈ ਨ ਮਿਲਿਆ ਭੇਤੁ ॥**

**ਭੇਤੁ ਚੇਤੁ ਹਰਿ ਕਿਸੈ ਨ ਮਿਲਿਓ ਜਾ ਜਮਿ ਪਕੜਿ ਚਲਾਇਆ ॥**

**ਝੂਠਾ ਰੁਦਨੁ ਹੋਆ ਦੋੁਆਲੈ ਖਿਨ ਮਹਿ ਭਇਆ ਪਰਾਇਆ ॥**



**ਸਾਈ ਵਸਤੁ ਪਰਾਪਤਿ ਹੋਈ ਜਿਸੁ ਸਿਉ ਲਾਇਆ ਹੇਤੁ ॥**

**ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਲਾਵੀ ਲੁਣਿਆ ਖੇਤੁ ॥੪॥੧॥**

ਮ: ੧, ਪੰਨਾ ੭੫

ਆਤਮਾਂ ਸੂਖਮ ਹੈ, ਸਥੂਲ ਅੱਖਾਂ ਨਾਲ ਅਸੀਂ ਇਸ ਨੂੰ ਵੇਖ ਹੀ ਨਹੀਂ ਸਕਦੇ। ਆਤਮਾਂ ਨੂੰ ਵੇਖਣ ਲਈ ਪਰਮਾਤਮਾਂ ਪਾਸੋਂ ਦਿਬ-ਨੇਤ੍ਰਾਂ ਦੀ ਜਾਚਨਾ ਕਰਨੀ ਚਾਹੀਦੀ ਹੈ।

## *ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ ॥*

**ਅੱਖਰੀ-ਅਰਥ :** ਜਿਨ੍ਹਾਂ-ਜਿਨ੍ਹਾਂ (ਸਾਕ-ਸੰਬੰਧੀਆਂ) ਨਾਲ ਮਨੁੱਖ ਦਾ ਅਤਿ ਦਾ ਸਨੇਹ ਬਣਿਆ ਰਿਹਾ। ਜਿਹੜੇ ਸਨਬੰਧੀ ਇਸ ਨੂੰ ਪਿਆਰ ਕਰਦੇ ਸਨ ਅਤੇ ਜਿਨ੍ਹਾਂ ਤੋਂ ਬਿਨਾਂ ਮਨੁੱਖ ਖੁਦ ਰਹਿ ਨਹੀਂ ਸਕਦਾ ਸੀ। ਸਰੀਰ ਵਿੱਚੋਂ ਆਤਮਾ ਵੱਖ ਹੁੰਦੇ ਸਾਰ ਇੱਕ ਖਿਨ ਵਿੱਚ ਸਾਰੇ ਸਾਥ ਛੱਡ ਕੇ ਪਰ੍ਹੇ ਹੋ ਗਏ।

**ਸੰਖੇਪ-ਵਿਚਾਰ :** ਪਰਮਾਤਮਾ ਨੇ ਕੁਦਰਤ ਦੀ ਖੇਡ ਹੀ ਐਸੀ ਬਣਾਈ ਹੈ। ਮਨੁੱਖ ਨਾ ਆਪਣੀ ਮਰਜ਼ੀ ਨਾਲ ਇਸ ਸੰਸਾਰ ਅੰਦਰ ਆਉਂਦਾ ਹੈ, ਨਾ ਆਪਣੀ ਮਰਜ਼ੀ ਨਾਲ ਇਸ ਸੰਸਾਰ 'ਚੋਂ ਜਾਂਦਾ ਹੈ। ਇੱਥੇ ਤਾਂ ਸਤਿਗੁਰਾਂ ਦੇ ਫੁਰਮਾਨ ਅਨੁਸਾਰ **"ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ"** ਦੀ ਖੇਡ ਕੰਮ ਕਰਦੀ ਹੈ। ਸਾਕ-ਸਨਬੰਧੀਆਂ, ਪਿਆਰਿਆਂ ਨੂੰ ਮਜ਼ਬੂਰੀ ਵੱਸ ਛੱਡ ਕੇ ਪਰ੍ਹੇ ਹੋਣਾ ਹੀ ਪੈਂਦਾ ਹੈ। ਇਹ ਤਾਂ ਬਾਹਰਲੇ ਸਾਕ ਸਨਬੰਧੀਆਂ ਦੀ ਗੱਲ ਹੈ। ਇੱਥੇ ਤਾਂ ਜੀਵ-ਆਤਮਾ ਜੋ, ਇਸ ਸਰੀਰਕ ਚੋਲੇ ਵਿੱਚ ਸੱਤਰ-ਅੱਸੀ ਸਾਲ ਨਿਵਾਸ ਕਰਕੇ ਸਰੀਰਕ ਚੋਲੇ ਨਾਲ ਮੋਹ ਪਿਆਰ ਪਾ ਲੈਂਦੀ ਹੈ ਅਤੇ ਸਰੀਰ, ਆਤਮਾ ਨਾਲ ਅਤਿ ਦਾ ਪਿਆਰ ਪਾ ਬੈਠਦਾ ਹੈ। ਦੋਵੇਂ ਇੱਕ ਦੂਜੇ ਤੋਂ ਵੱਖ ਹੋਣਾ ਨਹੀਂ ਲੋਚਦੇ ਪਰ ਜਦੋਂ ਪਰਮਾਤਮਾ ਦਾ ਸਦੇ ਰੂਪ ਵਿੱਚ ਆਤਮਾ ਨੂੰ ਹੁਕਮ ਆ ਜਾਂਦਾ ਹੈ, ਤਦ ਆਤਮਾ ਨੂੰ ਸਰੀਰ ਵਿੱਚੋਂ ਨਾ ਚਾਹੁੰਦਿਆਂ ਵੀ ਜਾਣਾ ਹੀ ਪੈਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਨੇ ਸੋਲਹੇ ਬਾਣੀ ਅੰਦਰ ਜੀਵ-ਆਤਮਾ ਦਾ ਤੇ ਸਰੀਰ ਦਾ ਸੰਵਾਦ ਰਚਾ ਕੇ, ਜੀਵ-ਆਤਮਾ ਦੀ ਪ੍ਰਭੂ-ਹੁਕਮ ਅੱਗੇ ਬੇ-ਵਸੀ ਦਰਸਾਈ ਹੈ। ਸਾਹਿਬ ਫੁਰਮਾਨ ਕਰਦੇ ਹਨ ਕਿ ਸਰੀਰ, ਆਤਮਾ ਨੂੰ ਮੁੜ-ਮੁੜ ਕੇ ਬੇਨਤੀ ਕਰਦਾ ਹੈ ਕਿ ਹੇ ਆਤਮਾ! ਤੂੰ ਮੇਰੇ ਅੰਦਰ ਸਦਾ ਲਈ ਨਿਵਾਸ ਕਰੀ ਰੱਖ ਕਿਉਂਕਿ ਮੇਰੀ ਹੋਂਦ ਤੇ ਮੇਰੀ ਕਦਰ, ਮੇਰੇ ਅੰਦਰ ਤੇਰਾ ਨਿਵਾਸ ਹੋਣ ਕਰਕੇ ਹੀ ਹੈ। ਤੈਥੋਂ ਬਿਨਾਂ ਸੰਸਾਰ ਵਿੱਚ ਮੇਰਾ ਕੋਈ ਝਾਲੂ ਨਹੀਂ। ਹੇ ਆਤਮਾ! ਤੂੰ ਮੈਨੂੰ ਬਚਨ ਦੇਹ ਕਿ ਤੂੰ ਮੈਨੂੰ ਛੱਡ ਕੇ ਨਹੀਂ ਜਾਵੇਂਗੀ।

ਜੀਵ-ਆਤਮਾ ਅੱਗੋਂ ਸਰੀਰ ਨੂੰ ਉੱਤਰ ਦਿੰਦਾ ਹੈ ਕਿ ਹੇ ਸਰੀਰ ਰੂਪੀ ਕਾਇਆ ! ਮੇਰੇ ਹੱਥ ਵੱਸ ਕੁੱਝ ਨਹੀਂ, ਮੈਂ ਤਾਂ ਉਸ ਮਾਲਕ ਪ੍ਰਭੂ, ਜਿਸ ਨੂੰ ਨਾ ਕਿਸੇ ਦਾ ਡਰ ਹੈ ਤੇ ਨਾ ਕਿਸੇ ਦੀ ਮੁਥਾਜੀ ਹੈ, ਉਸ ਦੇ ਹੁਕਮ ਦੀ ਗੁਲਾਮ ਹਾਂ। ਜਿਨ੍ਹਾਂ ਚਿਰ ਉਹ ਮੈਨੂੰ ਤੇਰੇ ਵਿੱਚ ਨਿਵਾਸ ਕਰਨ ਦੀ ਆਗਿਆ ਦੇਵੇਗਾ, ਉਨਾਂ ਚਿਰ ਮੈਂ ਤੇਰੇ ਵਿੱਚ ਰਹਾਂਗੀ। ਜਦੋਂ ਉਸ ਮਾਲਕ ਦਾ ਬੁਲਾਵਾ ਆ ਗਿਆ ਫਿਰ ਮੈਨੂੰ ਤੇਰਾ ਸੰਗ ਛੱਡ ਕੇ ਜਾਣਾ ਹੀ ਪੈਣਾ ਹੈ।

**ਧਨ ਕਹੈ ਤੂ ਵਸੁ ਮੈ ਨਾਲੇ ॥ ਪ੍ਰਿਅ ਸੁਖਵਾਸੀ ਬਾਲ ਗੁਪਾਲੇ ॥**

**ਤੁਝੈ ਬਿਨਾ ਹਉ ਕਿਤ ਹੀ ਨ ਲੇਖੈ ਵਚਨੁ ਦੇਹਿ ਛੋਡਿ ਨ ਜਾਸਾ ਹੇ ॥੮॥**

**ਪਿਰਿ ਕਹਿਆ ਹਉ ਹੁਕਮੀ ਬੰਦਾ ॥ ਓਹੁ ਭਾਰੋ ਠਾਕੁਰੁ ਜਿਸੁ ਕਾਣਿ ਨ ਛੰਦਾ ॥**

**ਜਿਚਰੁ ਰਾਖੈ ਤਿਚਰੁ ਤੁਮ ਸੰਗਿ ਰਹਣਾ ਜਾ ਸਦੇ ਤ ਊਠਿ ਸਿਧਾਸਾ ਹੇ ॥੯॥**

ਮ: ੫, ਪੰਨਾ ੧੦੭੩

ਜੀਵ-ਆਤਮਾ ਨੂੰ ਪਰਮਾਤਮਾ ਵੱਲੋਂ ਬੁਲਾਵੇ ਦਾ ਹੁਕਮ ਆ ਗਿਆ। ਉਸ ਵੇਲੇ ਜੀਵ-ਆਤਮਾ ਨੇ ਨਾ ਸਰੀਰ ਨਾਲ ਸਲਾਹ ਕੀਤੀ ਅਤੇ ਨਾ ਹੀ ਸਰੀਰ ਨੂੰ ਤਿਆਗਣ ਲੱਗਿਆਂ ਸਰੀਰ ਨੂੰ ਪੁੱਛਿਆ ਹੀ। ਹੁਕਮੀ ਦਾ ਹੁਕਮ ਮਿਲਦੇ ਸਾਰ ਜੀਵ-ਆਤਮਾ ਸਰੀਰ-ਰੂਪੀ ਮਿੱਟੀ ਨੂੰ ਛੱਡ ਕੇ ਤੁਰ ਗਈ। ਸਾਹਿਬਾਂ ਦਾ ਬਚਨ ਹੈ :

**ਆਈ ਆਗਿਆ ਪਿਰਹੁ ਬੁਲਾਇਆ ॥ ਨਾ ਧਨ ਪੁਛੀ ਨ ਮਤਾ ਪਕਾਇਆ ॥**

**ਊਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ ॥੧੦॥**

ਮ: ੫, ਪੰਨਾ ੧੦੭੩

ਇਹ ਸਾਰੀ ਕਰਤਾਰ ਦੀ ਖੇਡ ਹੈ। ਪਤਾ ਨਹੀਂ ਪਿੱਛਲੇ ਜਨਮਾਂ ਵਿੱਚ ਅਸੀਂ ਕਿੰਨਿਆਂ ਦੇ ਪਿਉ, ਕਿੰਨਿਆਂ ਦੇ ਪੁੱਤਰ ਬਣੇ ਹਾਂ। ਪਤਾ ਨਹੀਂ ਕਿਨ੍ਹਾਂ-ਕਿਨ੍ਹਾਂ ਸਰੀਰਾਂ ਨਾਲ ਜੁੜੇ ਤੇ ਮੁੜ ਉਨ੍ਹਾਂ ਤੋਂ ਵਿਛੜੇ, ਪਤਾ ਨਹੀਂ ਕਿੰਨਿਆਂ ਦੇ ਸਿੱਖਿਆ ਦਾਤੇ ਬਣੇ ਅਤੇ ਕਿੰਨਿਆਂ ਤੋਂ ਚੇਲੇ ਬਣ ਕੇ ਸਿੱਖਿਆ ਪ੍ਰਾਪਤ ਕੀਤੀ। ਕਿਨ੍ਹਾਂ-ਕਿਨ੍ਹਾਂ ਜਾਤਾਂ ਵਿੱਚ ਜਨਮੇ ਹਾਂ। ਇੱਥੇ ਹੁਣ, ਕਿੰਨਾ ਚਿਰ ਰਹਿਣਾ ਤੇ ਅਗਾਂਹ ਕਿੱਥੇ ਜਾਣਾ ਹੈ ? ਕੋਈ ਪਤਾ ਨਹੀਂ ਸਾਹਿਬਾਂ ਦਾ ਫੁਰਮਾਨ ਹੈ :

**ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ ॥**



**ਕੇਤਿਆ ਕੇ ਬਾਪ ਕੇਤਿਆ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥**

**ਆਗੈ ਪਾਛੈ ਗਣਤ ਨ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥**

ਮ: ੧, ਪੰਨਾ ੧੨੩੮

ਆਖਰੀ ਸਮੇਂ ਡਾਕਟਰਾਂ-ਵੈਦਾਂ ਦੇ ਵੀ ਹੱਥ ਖੜੇ ਹੋ ਜਾਂਦੇ। ਜਿਸ ਦੀ ਵਸਤੂ ਹੈ ਉਹ ਇਸ ਨੂੰ ਲੈ ਜਾਂਦਾ ਹੈ।

## *ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ ॥*

**ਅੱਖਰੀ-ਅਰਥ :** ਅੰਤ ਸਮੇਂ ਜਮਦੂਤ, ਜੋ ਜੀਵ-ਆਤਮਾ ਨੂੰ ਸਰੀਰ ਵਿੱਚੋਂ ਕੱਢ ਕੇ ਅਗਾਂਹ ਲਿਜਾਣ ਵਾਸਤੇ ਆਉਂਦੇ ਹਨ, ਉਨ੍ਹਾਂ ਵੱਲ ਵੇਖ ਕੇ ਅਤੇ ਮੌਤ ਦੇ ਤ੍ਰਾਸ ਕਾਰਣ ਜੀਵ ਆਪਣੇ ਹੱਥਾਂ ਨੂੰ ਮਰੋੜਦਾ ਹੈ। ਮੌਤ ਅਤੇ ਜਮਦੂਤਾਂ ਦੇ ਡਰ ਕਾਰਣ ਜੀਵ ਦਾ ਸਰੀਰ ਕੰਬਣ ਲੱਗ ਜਾਂਦਾ ਹੈ। ਸਰੀਰ ਵਿੱਚੋਂ ਜੀਵ-ਆਤਮਾ ਨਿਕਲਦੇ ਸਾਰ ਸਰੀਰ ਦਾ ਰੰਗ ਜੋ ਪਹਿਲਾਂ ਖ਼ੂਨ ਦੀ ਹਰਕਤ ਕਾਰਣ ਲਾਲ ਸੀ, ਖ਼ੂਨ ਦੀ ਹਰਕਤ ਬੰਦ ਹੋਣ ਨਾਲ ਸਰੀਰ ਦਾ ਰੰਗ ਕਾਲਾ ਅਤੇ ਥੋੜ੍ਹੇ ਸਮੇਂ ਬਾਅਦ ਕਾਲੇ ਤੋਂ ਸਫ਼ੈਦ ਹੋ ਜਾਂਦਾ ਹੈ।

**ਸੰਖੇਪ-ਵਿਚਾਰ :** ਬਾਬਾ ਫਰੀਦ ਜੀ ਦੇ ਫੁਰਮਾਨ ਅਨੁਸਾਰ ਜੀਵ-ਆਤਮਾ ਦਾ ਇਸ ਕਾਇਆ ਨੂੰ ਛੱਡਣ ਦਾ ਦਿਨ-ਸਮਾਂ ਨਿਸ਼ਚਤ ਹੈ, ਪਰ ਜੀਵ-ਆਤਮਾ, ਮਾਇਆ ਦੇ ਪ੍ਰਭਾਵ ਕਾਰਣ ਗ਼ਫ਼ਲਤ ਦੀ ਨੀਂਦ ਵਿੱਚ ਗ੍ਰਸੀ ਆਪਣੇ ਅੰਤ ਦੇ ਸਮੇਂ ਨੂੰ ਭੁੱਲ ਗਈ ਹੈ। ਪਰ ਮੌਤ ਦੇ ਧੁਰੋਂ ਨਿਸ਼ਚਤ ਕੀਤੇ ਦਿਨ ਤੇ ਜਮਰਾਜ ਆਪਣੇ ਦੂਤਾਂ ਨੂੰ ਲੈ ਕੇ, ਜੀਵ-ਆਤਮਾ ਨੂੰ ਸਰੀਰ ਵਿੱਚੋਂ ਕੱਢ ਕੇ ਲਿਜਾਣ ਲਈ ਅਚਾਨਕ ਸਾਹਮਣੇ ਆ ਖਲੋਂਦਾ ਹੈ। ਜਮਦੂਤਾਂ ਦੀ ਡਰਾਉਣੀ ਸ਼ਕਲ ਵੇਖ ਕੇ ਜੀਵ-ਆਤਮਾ ਬੜੀ ਭੈ-ਭੀਤ ਹੁੰਦੀ ਹੈ। ਜਰਵਾਣੇ ਜਮਦੂਤਾਂ ਅੱਗੇ ਇੱਕ ਵੀ ਪੇਸ਼ ਨਹੀਂ ਜਾਂਦੀ। ਜਮਦੂਤ ਹੱਡੀਆਂ ਨੂੰ ਕੜਕਾ-ਕੜਕਾ ਕੇ ਤੰਗੀ ਦੇ ਕੇ ਸਰੀਰ ਵਿੱਚੋਂ ਜਿੰਦ ਨੂੰ ਕੱਢਦੇ ਹਨ। ਜਿੰਦ ਸਰੀਰ ਵਿੱਚੋਂ ਨਿਕਲ ਕੇ ਜਾਣਾ ਨਹੀਂ ਚਾਹੁੰਦੀ ਪਰ ਜਿਵੇਂ ਲਾੜਾ, ਵਹੁਟੀ ਨੂੰ ਵਿਆਹ ਕੇ ਆਪਣੇ ਘਰ ਲੈ ਜਾਂਦਾ ਹੈ ਤਿਵੇਂ ਜਮਦੂਤ, ਜੀਵ ਆਤਮਾ ਨੂੰ ਲੈ ਜਾਂਦੇ ਹਨ। ਜਿੰਦ ਪਹਿਲਾਂ ਤਾਂ ਸਰੀਰ ਨੂੰ ਪਿਆਰ ਕਰਦੀ ਸੀ, ਹੁਣ ਸਰੀਰ ਦਾ ਤਿਆਗ ਕਰਕੇ ਕਿਸ ਦੇ ਗੱਲ ਲੱਗੇਗੀ ? ਭਾਵ ਜੀਵ-ਆਤਮਾ ਆਪਣੇ ਆਪ ਵਿੱਚ ਬੇ-ਆਸਰਾ ਪ੍ਰਤੀਤ ਕਰਦੀ ਹੈ। ਬਾਬਾ ਜੀ ਦਾ ਫੁਰਮਾਨ ਹੈ :

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥**

**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥**

**ਜਿੰਦੂ ਨਿਮਾਣੀ ਕਢੀਐ ਹਡਾ ਕੂ ਕੜਕਾਇ॥**

**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ॥**

**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ॥**

**ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ॥**

ਫਰੀਦ ਜੀ, ਪੰਨਾ ੧੩੭੭

ਜਨਮ ਤੇ ਮੌਤ, ਦੋਵੇਂ ਸਮੇਂ ਬੜੇ ਕਠਿਨ ਤੇ ਔਖਿਆਈ ਭਰੇ ਹਨ। ਇਸੇ ਕਰਕੇ ਹੀ ਭਗਤ ਕਬੀਰ ਜੀ ਨੇ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਕੇ ਇਨ੍ਹਾਂ ਦੇ ਦੁੱਖ ਤੋਂ ਛੁਟਕਾਰੇ ਲਈ ਬੇਨਤੀ ਕੀਤੀ ਹੈ। ਹੇ ਪ੍ਰਕਾਸ਼ ਸਰੂਪ ਪਰਮਾਤਮਾ! ਤੁਸੀਂ ਲੋਕਾਂ ਦੇ ਅਨੇਕਾਂ ਦੁੱਖ ਦੂਰ ਕਰਦੇ ਹੋ, ਕ੍ਰਿਪਾ ਕਰਕੇ ਮੇਰਾ ਇੱਕ ਦੁੱਖ ਹੀ ਦੂਰ ਕਰ ਦੇਵੋ, ਉਹ ਦੁੱਖ ਹੈ ਜਨਮ ਤੇ ਮਰਨ ਦਾ। ਆਪ ਦਾ ਫੁਰਮਾਨ ਹੈ :

**ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥ ਅਗਨਿ ਦਹੈ ਅਰੁ ਗਰਭ ਬਸੇਰਾ॥੧॥**

ਕਬੀਰ ਜੀ, ਪੰਨਾ ੩੨੯

ਸਰੀਰ-ਛਡਣ ਸਮੇਂ ਜੋ ਅਤਿਅੰਤ ਦੁੱਖ ਹੁੰਦਾ ਹੈ, ਸਤਿਗੁਰੂ ਆਪ ਹੀ ਮਿਹਰ ਕਰਕੇ ਅਜਿਹੇ ਦੁੱਖ ਤੋਂ ਨਿਜ਼ਾਤ ਪ੍ਰਦਾਨ ਕਰਨ।

## *ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*

**ਅੱਖਰੀ-ਅਰਥ :** ਪਰਮਾਤਮਾ ਨੇ ਕਰਮਾਂ ਦੇ ਬੀਜ ਬੀਜਣ ਲਈ ਇਹ ਸਰੀਰ ਰੂਪੀ ਕਰਮ ਭੂਮੀ ਦਿੱਤੀ ਹੈ। ਇਸ ਸਰੀਰ ਨਾਲ ਜਿਹੋ-ਜਿਹੇ ਚੰਗੇ ਜਾਂ ਮਾੜੇ ਕਰਮ, ਮਨੁੱਖ ਨੇ ਪਿੱਛਲੇ ਜਨਮ ਵਿੱਚ ਕੀਤੇ ਉਨ੍ਹਾਂ ਦਾ ਫਲ ਹੁਣ, ਦੁੱਖ ਜਾਂ ਸੁੱਖ ਦੇ ਰੂਪ ਵਿੱਚ ਭੁਗਤ ਰਿਹਾ ਹੈ। ਜੋ ਇਸ ਜਨਮ ਵਿੱਚ ਕਰਮ ਕੀਤੇ ਹਨ, ਉਨ੍ਹਾਂ ਕਰਮ ਬੀਜਾਂ ਦਾ ਫ਼ਲ ਅਗਾਂਹ ਅਗਲੀ ਜੂਨ ਵਿੱਚ ਮਨੁੱਖ ਨੂੰ ਸੁੱਖ ਜਾਂ ਦੁੱਖ ਦੇ ਰੂਪ ਵਿੱਚ ਖ਼ੁਦ ਨੂੰ ਹੀ ਭੁਗਤਣਾ ਪਵੇਗਾ।

**ਸੰਖੇਪ-ਵਿਚਾਰ :** ਜਿਵੇਂ ਧਰਤੀ ਦਾ ਧਰਮ ਹੈ, ਜਿਹੋ ਜਿਹਾ ਬੀਜ ਕਿਰਸਾਣ ਧਰਤੀ ਦੀ ਕੁੱਖ ਵਿੱਚ ਪਾਉਂਦਾ ਹੈ, ਉਸੇ ਫਸਲ ਦਾ ਫਲ, ਬੋਹਲ ਦੇ ਰੂਪ ਵਿੱਚ ਉਸ ਨੂੰ ਪ੍ਰਾਪਤ ਹੁੰਦਾ ਹੈ। ਬਾਬਾ ਫਰੀਦ ਜੀ ਦਾ ਸਲੋਕਾਂ ਅੰਦਰ ਫੁਰਮਾਨ ਹੈ ਕਿ ਕੋਈ ਕਿਰਸਾਣ ਅੰਗੂਰਾਂ ਦੇ ਫਲ ਖਾਣੇ ਚਾਹੁੰਦਾ ਹੈ, ਪਰ ਉਹ ਬੀਜ ਕਿੱਕਰਾਂ ਦੇ ਬੀਜ



ਰਿਹਾ ਹੈ। ਅਜਿਹੇ ਕਿੱਕਰਾਂ ਦੇ ਬੀਜ ਬੀਜਣ ਵਾਲੇ ਕਿਰਸਾਣ ਨੂੰ ਕਦੇ ਵੀ ਅੰਗੂਰਾਂ ਦੇ ਮਿੱਠੇ ਫਲ ਪ੍ਰਾਪਤ ਨਹੀਂ ਹੋ ਸਕਦੇ। ਦੂਸਰੀ ਉਦਾਹਰਣ ਦਿੱਤੀ ਹੈ ਕਿ ਕੋਈ ਮਨੁੱਖ ਉੱਨ ਦਾ ਸੂਤਰ ਕੱਤ ਰਿਹਾ ਹੈ, ਪਰ ਉਹ ਮਨ ਵਿੱਚ ਚਾਹਨਾ ਰੱਖਦਾ ਹੈ ਕਿ ਇਸ ਸੂਤਰ ਤੋਂ ਮੈਨੂੰ ਮੁਲਾਇਮ ਰੇਸ਼ਮ ਦਾ ਕੱਪੜਾ ਪ੍ਰਾਪਤ ਹੋਵੇ, ਇਹ ਕਦਾਚਿਤ ਨਹੀਂ ਹੋ ਸਕਦਾ। ਜਿਹੋ ਜਿਹਾ ਕੋਈ ਧਰਤੀ ਵਿੱਚ ਬੀਜ ਪਾਉਂਦਾ ਹੈ, ਉਹੋ ਜਿਹਾ ਹੀ ਉਸ ਨੂੰ ਫਲ ਪ੍ਰਾਪਤ ਹੋਵੇਗਾ। ਜਿਹੋ ਜਿਹਾ ਕੋਈ ਸੂਤਰ ਕੱਤ ਰਿਹਾ ਹੈ, ਉਸੇ ਭਾਂਤ ਦਾ ਉਸ ਨੂੰ ਕੱਪੜਾ ਮਿਲੇਗਾ। ਆਪ ਜੀ ਦਾ ਪਿਆਰਾ ਬਚਨ ਹੈ :

**ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥**

**ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥੨੩॥**

ਫਰੀਦ ਜੀ, ਪੰਨਾ ੧੩੭੯

ਬਾਬਾ ਜੀ ਵੱਲੋਂ ਉੱਪਰਲੇ ਸਲੋਕ ਵਿੱਚ ਦਿੱਤੀਆਂ ਉਦਾਹਰਣਾਂ ਅਨੁਸਾਰ, ਮਨੁੱਖ ਨੇ ਪਿੱਛਲੇ ਜਨਮ ਵਿੱਚ ਜਿਹੋ ਜਿਹੇ ਕਰਮ ਇਸ ਸਰੀਰ ਨਾਲ ਕੀਤੇ ਹਨ, ਚੰਗੇ ਕਰਮਾਂ ਦਾ ਫਲ ਸੁੱਖ ਦੇ ਰੂਪ ਵਿੱਚ ਤੇ ਮਾੜੇ ਕਰਮਾਂ ਦਾ ਫਲ ਦੁੱਖ ਦੇ ਰੂਪ ਵਿੱਚ, ਮਨੁੱਖ ਇਸ ਜਨਮ ਵਿੱਚ ਭੋਗ ਰਿਹਾ ਹੈ। ਹੁਣ ਵਰਤਮਾਨ ਵਿੱਚ ਜਿਹੋ-ਜਿਹੋ ਚੰਗੇ ਜਾਂ ਮਾੜੇ ਕਰਮ ਮਨੁੱਖ ਕਰ ਰਿਹਾ ਹੈ, ਇਨ੍ਹਾਂ ਕਰਮ ਬੀਜਾਂ ਦਾ ਫਲ ਅਗਲੇ ਜਨਮ ਵਿੱਚ ਦੁੱਖ ਜਾਂ ਸੁੱਖ ਦੇ ਰੂਪ ਵਿੱਚ ਮਨੁੱਖ ਨੂੰ ਹੀ ਭੁਗਤਣਾ ਪੈਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ ਕਿ ਹੇ ਪ੍ਰਾਣੀ! ਜਦੋਂ ਤੇਰੇ ਜੀਵਨ ਵਿੱਚ ਕੋਈ ਦੁੱਖ ਆਵੇ, ਉਸ ਦੁੱਖ ਲਈ ਕਿਸੇ ਨੂੰ ਦੋਸ਼ੀ ਨਾ ਠਹਿਰਾ, ਜੇ ਸੁੱਖ ਪ੍ਰਾਪਤ ਹੋਵੇ ਉਸ ਨੂੰ ਆਪਣੀ ਸਿਆਣਪ ਨ ਸਮਝ ਬੈਠੀ। ਇਹ ਦੁੱਖ ਤੇ ਸੁੱਖ ਤੇਰੇ ਆਪਣੇ ਹੀ ਕੀਤੇ ਕਰਮਾਂ ਦੇ ਫਲ ਹਨ। ਸਾਹਿਬਾਂ ਦਾ ਫੁਰਮਾਨ ਹੈ :

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥**

**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥**

ਮ: ੧, ਪੰਨਾ ੪੩੩

ਅਤੇ :- **ਦੋਸੁ ਨ ਦੀਜੈ ਕਾਹੂ ਲੋਗ॥ ਜੋ ਕਮਾਵਨੁ ਸੋਈ ਭੋਗ॥**

ਮ: ੫, ਪੰਨਾ ੮੮੮

"ਕਿਰਤ-ਕਮਾਈ" ਤੇ "ਪੁਰਬ-ਕਮਾਈ" ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਪ੍ਰਭੂ ਨਿਯਮ ਅਧੀਨ ਹੀ ਚੱਲ ਰਹੀ ਹੈ। ਉਹ ਨਿਯਮ ਹੈ :

**ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥੨੦॥**

ਜਪੁਜੀ, ਪੰਨਾ ੪

ਜਿਸ ਪ੍ਰਾਣੀ ਦੇ ਮਨ ਵਿੱਚ ਸੁੱਖਾਂ ਦੀ ਪ੍ਰਾਪਤੀ ਦੀ ਲਾਲਸਾ ਹੈ, ਉਸ ਨੂੰ ਆਪਣੇ ਜੀਵਨ ਵਿੱਚ ਨੇਕ-ਕਰਮ ਕਰਨੇ ਚਾਹੀਦੇ ਹਨ। ਨੇਕ-ਕਰਮਾਂ ਦੇ ਬੀਜਾਂ ਨੂੰ ਸੁੱਖਾਂ ਦੇ ਫਲ ਲੱਗਣਗੇ। ਮਾੜੇ ਕਰਮਾਂ ਦੇ ਬੀਜਾਂ ਦੀ ਫਸਲ ਦੁੱਖ ਦੇ ਰੂਪ ਵਿੱਚ ਪ੍ਰਾਪਤ ਹੋਵੇਗੀ। ਹਰ ਪ੍ਰਾਣੀ ਨੂੰ ਕਰਮ ਕਰਨ ਤੋਂ ਪਹਿਲਾਂ, ਉਸ ਕਰਮ ਦੇ ਫਲ ਪ੍ਰਤੀ ਸੋਚ ਵਿਚਾਰ ਕਰ ਲੈਣੀ ਚਾਹੀਦੀ ਹੈ। ਕਿਉਂਕਿ :

**ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥** ਮ: ੫, ਪੰਨਾ ੭੮

ਦਾ ਅਟੱਲ ਨੇਮ ਹਰ ਪ੍ਰਾਣੀ ਉੱਪਰ ਅਵੱਸ਼ ਲਾਗੂ ਹੋਣਾ ਹੈ।

## *ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ ॥*

**ਅੱਖਰੀ-ਅਰਥ :** ਆਖ਼ਰੀ ਪੰਕਤੀਆਂ ਅੰਦਰ ਸਤਿਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ ਕਿ ਜਿਹੜੇ ਜੀਵ ਮੌਤ ਦੇ ਤ੍ਰਾਸ (ਡਰ) ਤੋਂ ਬਚਣ ਅਤੇ ਆਪਣੀ ਆਤਮਾ ਦੇ ਉਧਾਰ ਹਿੱਤ ਪ੍ਰਭੂ ਸ਼ਰਨ ਵਿੱਚ ਆ ਜਾਂਦੇ ਹਨ। ਸਤਿਗੁਰੂ ਜੀ ਉਨ੍ਹਾਂ ਵਡਭਾਗੀਆਂ ਨੂੰ ਪਰਮਾਤਮਾ ਦੇ ਚਰਨ (ਪ੍ਰਭੂ-ਨਾਮ) ਜੋ ਜੀਵ ਆਤਮਾ ਦੇ ਭਵ ਸਾਗਰ ਤੋਂ ਤਾਰਨ ਲਈ ਜਹਾਜ ਸਮਾਨ ਹੈ, ਬਖਸ਼ਿਸ਼ ਕਰ ਦਿੰਦੇ ਹਨ।

**ਸੰਖੇਪ-ਵਿਚਾਰ :** ਭਵਜਲ ਸੰਸਾਰ ਵਿੱਚੋਂ ਪਾਰ ਉਤਰਨ ਲਈ ਕੇਵਲ ਪਰਮਾਤਮਾ ਦਾ ਨਾਮ ਹੀ ਇੱਕ ਵਸੀਲਾ ਹੈ। ਜਿਸ ਨੂੰ ਗੁਰੂ ਦੇ ਦਰ ਵਿੱਚੋਂ ਨਾਮ ਦੀ ਦਾਤ ਪ੍ਰਾਪਤ ਹੋ ਗਈ, ਜਾਨਣਾ ਕਰੋ ਕਿ ਉਸ ਨੂੰ ਪ੍ਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਹੋ ਗਈ। ਜਦੋਂ ਕਿਸੇ ਪ੍ਰਾਣੀ ਉੱਪਰ ਪ੍ਰਮਾਤਮਾ ਤਰੁੱਠਦਾ ਹੈ, ਤਦ ਸਤਿਗੁਰੂ ਅਰਜਨ ਦੇਵ ਜੀ ਦੇ ਫ਼ੁਰਮਾਨ ਅਨੁਸਾਰ ਉਸ ਦੇ ਹਿਰਦੇ ਵਿੱਚ ਪ੍ਰਭੂ ਦੀ ਹੋਂਦ ਦਾ ਨਿਵਾਸ ਹੋ ਜਾਂਦਾ ਹੈ। ਹੇ ਮਿਹਰਬਾਨ ਪ੍ਰਭੂ! ਜਦੋਂ ਤੂੰ ਕਿਸੇ 'ਤੇ ਤਰੁੱਠਦਾ ਹੈਂ ਤਾਂ ਸੰਸਾਰ ਦੀਆਂ ਨੌਂ-ਨਿਧੀਆਂ ਉਸ ਨੂੰ ਸੁਤੇ-ਸਿੱਧ ਹੀ ਪ੍ਰਾਪਤ ਹੋ ਜਾਂਦੀਆਂ ਹਨ। ਹੇ ਪਰਮਾਤਮਾ! ਜਦੋਂ ਤੁਸੀਂ ਕਿਸੇ ਤੇ ਪ੍ਰਸੰਨ ਹੁੰਦੇ ਹੋ ਤਾਂ ਉਹ ਗੁਰੂ ਪਿਆਰਾ, ਗੁਰੂ ਦੇ ਬਖਸ਼ਿਸ਼ ਕੀਤੇ ਗੁਰਮੰਤ੍ਰ ਦੀ ਕਮਾਈ ਕਰਨ ਲੱਗ ਜਾਂਦਾ ਹੈ। ਹੇ ਮਿਹਰਬਾਨ ਪ੍ਰਭੂ! ਜਦੋਂ ਤੁਸੀਂ ਕਿਸੇ ਤੇ ਤਰੁੱਠਦੇ ਹੋ ਤਾਂ ਉਸ ਦੀ ਆਤਮਾ ਨੂੰ ਤੁਸੀਂ ਆਪਣੇ ਵਿੱਚ ਹੀ ਸਮਾਈ ਪ੍ਰਦਾਨ ਕਰ ਦਿੰਦੇ ਹੋ। ਸਾਹਿਬਾਂ ਦਾ ਫ਼ੁਰਮਾਨ ਹੈ :



**ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ ॥**
**ਜਾ ਤੂੰ ਤੁਸਹਿ ਮਿਹਰਵਾਨ ਨਉ ਨਿਧਿ ਘਰ ਮਹਿ ਪਾਹਿ ॥**
**ਜਾ ਤੂੰ ਤੁਸਹਿ ਮਿਹਰਵਾਨ ਤਾ ਗੁਰ ਕਾ ਮੰਤ੍ਰੁ ਕਮਾਹਿ ॥**
**ਜਾ ਤੂੰ ਤੁਸਹਿ ਮਿਹਰਵਾਨ ਤਾ ਨਾਨਕ ਸਚਿ ਸਮਾਹਿ ॥੧॥**

ਮ: ੫, ਪੰਨਾ ੫੧੮

ਸਤਿਗੁਰੂ ਅਰਜਨ ਦੇਵ ਪਾਤਸ਼ਾਹ ਜੀ ਦੇ ਫ਼ੁਰਮਾਨ ਅਨੁਸਾਰ ਸੰਸਾਰ ਭਵਜਲ ਵਿੱਚੋਂ ਪਾਰ ਉਤਾਰਾ ਕਰਨ ਵਾਸਤੇ ਪਰਮਾਤਮਾ ਦਾ ਨਾਮ ਜਹਾਜ ਰੂਪ ਹੈ।

**ਤਰਣ ਤਾਰਣ ਪ੍ਰਭ ਤੇਰੋ ਨਾਉ ॥**
**ਏਕਾ ਸਰਣਿ ਗਹੀ ਮਨ ਮੇਰੈ ਤੁਧੁ ਬਿਨੁ ਦੂਜਾ ਨਾਹੀ ਠਾਉ ॥**

ਮ: ੫, ਪੰਨਾ ੮੯੩

ਸਤਿਗੁਰੂ ਅਰਜਨ ਦੇਵ ਜੀ ਰਾਮਕਲੀ ਰਾਗ ਅੰਦਰ ਫ਼ੁਰਮਾਨ ਕਰਦੇ ਹਨ ਕਿ ਤੁਸੀਂ ਆਪਣੇ ਮਨ ਅੰਦਰ ਚੰਗੀ ਤਰ੍ਹਾਂ ਗਿਣਤੀ-ਮਿਣਤੀ ਕਰਕੇ ਵੇਖ ਲਵੋ। ਨਾਮ ਤੋਂ ਬਿਨਾਂ ਸੰਸਾਰ ਭਵ ਜਲ ਵਿੱਚੋਂ ਕਿਸੇ ਤਰ੍ਹਾਂ ਵੀ ਤਰਿਆ ਨਹੀਂ ਜਾ ਸਕਦਾ।

**ਗਨਿ ਮਿਨਿ ਦੇਖਹੁ ਸਗਲ ਬੀਚਾਰਿ ॥ ਨਾਮ ਬਿਨਾ ਕੋ ਸਕੈ ਨ ਤਾਰਿ ॥**
**ਸਗਲ ਉਪਾਵ ਨ ਚਾਲਹਿ ਸੰਗਿ ॥ ਭਵਜਲੁ ਤਰੀਐ ਪ੍ਰਭ ਕੈ ਰੰਗਿ ॥**

ਮ: ੫, ਪੰਨਾ ੮੯੩

ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਬਚਨ ਅੰਕਿਤ ਹੈ ਕਿ ਹੇ ਪ੍ਰਭੂ! ਸੰਸਾਰ ਸਮੁੰਦਰ ਤੋਂ ਪਾਰ ਉਤਰਨ ਲਈ ਤੁਹਾਡੇ ਚਰਨ (ਤੁਹਾਡਾ ਨਾਮ) ਹੀ ਜਗਿਆਸੂ ਲਈ ਜਹਾਜ ਰੂਪ ਹੈ। ਕਿਸੇ ਜਗਿਆਸੂ ਨੂੰ ਕਿਵੇਂ ਪਾਰ ਉਤਾਰਨਾ ਹੈ, ਇਹ ਵਿਧੀ, ਇਹ ਰੀਤ ਤੁਸੀਂ ਆਪ ਹੀ ਜਾਣਦੇ ਹੋ। ਜਿਸ-ਜਿਸ ਪ੍ਰਾਣੀ ਨੂੰ ਤੁਸੀਂ ਆਪਣਾ ਨਾਮ ਬਖਸ਼ਿਸ਼ ਕਰ ਦਿੰਦੇ ਹੋ, ਉਹ ਨਾਮ ਦਾ ਪੱਲਾ ਫੜ੍ਹ ਕੇ ਤਰ ਜਾਂਦਾ ਹੈ। ਕਿੰਨੀ ਹੈ ਪ੍ਰਭੂ ਨਾਮ ਵਿੱਚ ਬਰਕਤ ? ਸੋ ਹਰ ਪ੍ਰਾਣੀ ਨੂੰ ਭਵਜਲ ਸੰਸਾਰ ਚੋਂ ਪਾਰ ਉਤਰਨ ਲਈ ਨਾਮ ਦਾ ਲੜ ਫੜ ਲੈਣਾ ਚਾਹੀਦਾ ਹੈ।

**ਤਰਣ ਸਾਗਰ ਬੋਹਿਥ ਚਰਣ ਤੁਮਾਰੇ ਤੁਮ ਜਾਨਹੁ ਅਪੁਨੀ ਭਾਤੇ ॥**
**ਕਰਿ ਕਿਰਪਾ ਜਿਸੁ ਰਾਖਹੁ ਸੰਗੇ ਤੇ ਤੇ ਪਾਰਿ ਪਰਾਤੇ ॥੨॥**

ਮ: ੫, ਪੰਨਾ ੨੦੯

## *ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ ॥੭॥*

**ਅੱਖਰੀ-ਅਰਥ :** ਜਿਹੜੇ ਜਗਿਆਸੂ ਗੁਰੂ-ਸ਼ਰਨ ਵਿੱਚ ਆ ਕੇ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਵਡਭਾਗੀਆਂ ਦੀ ਰਖਵਾਲੀ ਪਿਆਰਾ ਗੁਰੂ ਆਪ ਕਰਦਾ ਹੈ। ਜਿਨ੍ਹਾਂ ਦਾ ਰਖਵਾਲਾ ਗੁਰੂ ਬਣ ਜਾਂਦਾ ਹੈ, ਉਹ ਜੀਵ ਕਦੇ ਵੀ ਨਰਕਾਂ ਵਿੱਚ ਨਹੀਂ ਪਾਏ ਜਾਂਦੇ।

**ਸੰਖੇਪ-ਵਿਚਾਰ :** ਸਤਿਗੁਰੂ ਅਰਜਨ ਦੇਵ ਜੀ ਰਾਮਕਲੀ ਵਾਰ ਅੰਦਰ ਫੁਰਮਾਨ ਕਰਦੇ ਹਨ ਕਿ ਹੇ ਪਰਮਾਤਮਾ! ਜਿਸ ਦਾ ਰੱਖਿਅਕ ਤੂੰ ਬਣ ਜਾਵੇਂ, ਉਸ ਨੂੰ ਕੋਈ ਮਾਰ ਨਹੀਂ ਸਕਦਾ। ਹੇ ਵਾਹਿਗੁਰੂ! ਜਿਸ ਦੇ ਤੁਸੀਂ ਰਖਵਾਲੇ ਬਣ ਜਾਵੋ, ਉਹ ਸਾਰੀ ਸ੍ਰਿਸ਼ਟੀ ਦਾ ਜੇਤੂ ਬਣ ਜਾਂਦਾ ਹੈ। ਜਿਸ ਦਾ ਤੁਸੀਂ ਪੱਖ ਕਰੋ, ਉਸ ਦਾ ਲੋਕ-ਪ੍ਰਲੋਕ ਵਿੱਚ ਮੁੱਖ ਉੱਜਲਾ ਹੋ ਜਾਂਦਾ ਹੈ। ਜਿਸ ਦਾ ਤੁਸੀਂ ਪੱਖ ਕਰੋ ਉਹ ਪਵਿੱਤ੍ਰ ਤੋਂ ਵੀ ਪਵਿੱਤ੍ਰ ਜੀਵਨ ਵਾਲਾ ਬਣ ਜਾਂਦਾ ਹੈ। ਜਿਸ ਉੱਪਰ ਤੁਹਾਡੀ ਕ੍ਰਿਪਾ ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਦੇ ਸਾਰੇ ਲੇਖੇ ਖ਼ੱਤਮ ਹੋ ਜਾਂਦੇ ਹਨ। ਹੇ ਪਰਮਾਤਮਾ! ਜਿਸ ਪ੍ਰਾਣੀ ਉੱਪਰ ਤੁਹਾਡੀ ਖੁਸ਼ੀ ਹੋ ਜਾਂਦੀ ਹੈ, ਉਹ ਲੋਕ-ਪ੍ਰਲੋਕ ਵਿੱਚ ਨੌਂ ਨਿੱਧੀਆਂ ਪ੍ਰਾਪਤ ਕਰਦਾ ਤੇ ਭੋਗਦਾ ਹੈ। ਜਿਸ ਦੇ ਰਖਵਾਲੇ ਤੁਸੀਂ ਬਣ ਜਾਵੋ, ਉਹ ਹਰ ਪੱਖ ਤੋਂ ਬੇ-ਮੁਹਤਾਜ ਹੋ ਜਾਂਦਾ ਹੈ। ਜਿਸ ਉੱਪਰ ਆਪ ਦੀ ਮਿਹਰ ਹੋ ਜਾਵੇ, ਉਸ ਨੂੰ ਤੁਹਾਡੀ ਬੰਦਗੀ ਕਰਨੀ ਨਸੀਬ ਹੁੰਦੀ ਹੈ। ਆਪ ਸਾਹਿਬਾਂ ਦਾ ਫੁਰਮਾਨ ਪੜ੍ਹੀਏ ਕਿ ਪ੍ਰਭੂ ਪੱਖ ਵਾਲੇ ਜਗਿਆਸੂ ਉੱਪਰ ਕੀ ਰਹਿਮਤ ਬਰਸਦੀ ਹੈ। ਸੋਝੀ ਜ਼ਰੂਰ ਪੈ ਜਾਵੇਗੀ।

**ਜਿਸ ਨੋ ਤੂ ਰਖਵਾਲਾ ਮਾਰੇ ਤਿਸੁ ਕਉਣੁ ॥**
**ਜਿਸ ਨੋ ਤੂ ਰਖਵਾਲਾ ਜਿਤਾ ਤਿਨੈ ਭੈਣੁ ॥**
**ਜਿਸ ਨੋ ਤੇਰਾ ਅੰਗੁ ਤਿਸੁ ਮੁਖੁ ਉਜਲਾ ॥**
**ਜਿਸ ਨੋ ਤੇਰਾ ਅੰਗੁ ਸੁ ਨਿਰਮਲੀ ਹੂੰ ਨਿਰਮਲਾ ॥**
**ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥**
**ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ ॥**
**ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ ॥**
**ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ ॥੯॥** ਪਉੜੀ, ਪੰਨਾ ੯੬੧



ਨਲ ਭਟ ਜੀ, ਆਪਣਾ ਤਜ਼ਰਬਾ ਗੁਰਬਾਣੀ ਅੰਦਰ ਦਰਸਾਉਂਦੇ ਫੁਰਮਾਨ ਕਰਦੇ ਹਨ ਕਿ ਜਿਸ ਦੇ ਪੱਖ ਵਿੱਚ ਗੁਰੂ ਹੋ ਜਾਵੇ, ਉਹ ਮਾਇਆ ਦੇ ਹੰਕਾਰ ਤੋਂ ਬੱਚ ਜਾਂਦਾ ਹੈ। ਜਿਸ ਦਾ ਗੁਰੂ ਸਾਥ ਦੇਵੇ, ਲੱਖਾਂ ਦੁਸ਼ਮਣ ਵੀ ਉਸ ਦਾ ਵਾਲ ਵਿੰਗਾ ਨਹੀਂ ਕਰ ਸਕਦੇ। ਜਿਸ ਦੇ ਸਿਰ ਤੇ ਗੁਰੂ ਦਾ ਹੱਥ ਹੋ ਜਾਵੇ, ਸਾਰੇ ਗਿਆਨ-ਧਿਆਨ ਉਸ ਦੀ ਜੁਬਾਨ ਉੱਪਰ ਆ ਟਿੱਕਦੇ ਹਨ। ਜਿਸ ਦੇ ਪੱਖ ਵਿੱਚ ਗੁਰੂ ਹੋ ਜਾਵੇ, ਉਸ ਦੇ ਹਿਰਦੇ ਵਿੱਚ ਗੁਰੂ ਦਾ ਸ਼ਬਦ ਸਾਖਿਆਤ ਹੋ ਜਾਂਦਾ ਹੈ ਤੇ ਉਹ ਸੱਚੇ ਘਰ ਵਿੱਚ ਇਸਥਿਤ ਹੋ ਜਾਂਦਾ ਹੈ। ਭੱਟ ਜੀ ਬੇਨਤੀ ਕਰਦੇ ਫੁਰਮਾਉਂਦੇ ਹਨ ਕਿ ਜੋ ਮਨੁੱਖ ਦਿਨ-ਰਾਤ, ਹਰ ਪਲ ਗੁਰੂ ਦਾ ਬਖਸ਼ਿਸ਼ ਕੀਤਾ ਨਾਮ ਜਪਦਾ ਹੈ, ਜਿਸ ਦੇ ਹਿਰਦੇ ਵਿੱਚ ਨਾਮ ਟਿੱਕ ਜਾਂਦਾ ਹੈ, ਉਹ ਮਨੁੱਖ ਜਨਮ-ਮਰਨ ਦੇ ਦੁੱਖਾਂ ਤੋਂ ਰਹਿਤ ਹੋ ਜਾਂਦਾ ਹੈ। ਜੋ ਜਨਮ ਮਰਨ ਦੇ ਦੁੱਖ ਤੋਂ ਮੁਕਤ ਹੋ ਗਿਆ ਉਸ ਦਾ ਤਾਂ ਨਰਕਾਂ ਨਾਲੋਂ ਵਾਸਤਾ ਹੀ ਖ਼ਤਮ ਹੋ ਗਿਆ। ਭਟ ਜੀ ਦਾ ਫੁਰਮਾਨ ਹੈ :

**ਜਾਮਿ ਗੁਰੂ ਹੋਇ ਵਲਿ ਧਨਹਿ ਕਿਆ ਗਾਰਵੁ ਦਿਜਇ ॥**
**ਜਾਮਿ ਗੁਰੂ ਹੋਇ ਵਲਿ ਲਖ ਬਾਹੇ ਕਿਆ ਕਿਜਇ ॥**
**ਜਾਮਿ ਗੁਰੂ ਹੋਇ ਵਲਿ ਗਿਆਨ ਅਰੁ ਧਿਆਨ ਅਨਨ ਪਰਿ ॥**
**ਜਾਮਿ ਗੁਰੂ ਹੋਇ ਵਲਿ ਸਬਦੁ ਸਾਖੀ ਸੁ ਸਚਹ ਘਰਿ ॥**
**ਜੋ ਗੁਰੂ ਗੁਰੂ ਅਹਿਨਿਸਿ ਜਪੈ ਦਾਸੁ ਭਟੁ ਬੇਨਤਿ ਕਹੈ ॥**
**ਜੋ ਗੁਰੂ ਨਾਮੁ ਰਿਦ ਮਹਿ ਧਰੈ ਸੋ ਜਨਮ ਮਰਣ ਦੁਹ ਥੇ ਰਹੈ ॥੩॥੭॥**

ਸਵਈਏ, ਪੰਨਾ ੧੩੯੯

ਸਤਿਗੁਰੂ ਗੁਰੂ ਅਰਜਨ ਦੇਵ ਜੀ ਦਾ ਮਾਝ ਰਾਗ ਅੰਦਰ ਬਚਨ ਅੰਕਿਤ ਹੈ :

**ਜੋ ਸਿਮਰੰਦੇ ਸਾਂਈਐ ॥ ਨਰਕਿ ਨ ਸੇਈ ਪਾਈਐ ॥**

ਮ: ੫, ਪੰਨਾ ੧੩੨

ਨਰਕਾਂ ਦੇ ਘੋਰ-ਦੁੱਖਾਂ ਤੋਂ ਨਿਜਾਤ ਲਈ ਤੇ ਪ੍ਰਭੂ ਚਰਨਾਂ ਵਿੱਚ ਸਮਾਈ ਲਈ ਸਤਿਗੁਰੂ ਨਾਲ ਪ੍ਰੀਤ ਪਾਉਣੀ ਚਾਹੀਦੀ ਹੈ।

❒❒❒

# ਅਸੁਨਿ (ਅੱਸੂ)

## ਮੂਲ-ਪਾਠ

***ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥***
***ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ॥***
***ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ॥***
***ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥***
***ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥***
***ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥***
***ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥***
***ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥***
***ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥੮॥***

**ਪਦ-ਅਰਥ :** **ਅਸੁਨਿ** = ਅਸੂ ਦੇ ਮਹੀਨੇ ਦੁਆਰਾ ਗੁਰੂ ਉਪਦੇਸ਼। **ਪ੍ਰੇਮ ਉਮਾਹੜਾ**= ਪਰਮਾਤਮਾ ਨੂੰ ਮਿਲਣ ਲਈ ਮਨ ਅੰਦਰ ਪਿਆਰ ਦਾ ਉਛਾਲਾ ਆਇਆ। **ਜਾਇ** = ਜਾ ਕੇ। **ਘਣੀ** = ਬਹੁਤ ਜ਼ਿਆਦਾ। **ਕੋਈ ਆਣਿ ਮਿਲਾਵੈ ਮਾਇ** = ਹੇ ਮਾਂ! ਮੈਨੂੰ ਕੋਈ ਮੇਰੇ ਮਾਲਕ ਪ੍ਰਭੂ ਪਤੀ ਨਾਲ ਮੇਲ ਦੇਵੇ। **ਸਹਾਈ ਪ੍ਰੇਮ ਕੇ** = ਪਰਮਾਤਮਾ ਨਾਲ ਪਿਆਰ ਪੈਦਾ ਕਰਨ ਵਿੱਚ ਸਹਾਇਕ ਹੋਏ। **ਲਾਗਾ ਪਾਇ** = ਉਨ੍ਹਾਂ ਦੇ ਚਰਨੀ ਲੱਗਾਂ। **ਦੂਜੀ ਨਾਹੀ ਜਾਇ** = ਪਰਮਾਤਮਾ ਨੂੰ ਛੱਡ ਕੇ ਸੁੱਖ ਪ੍ਰਾਪਤੀ ਦੀ ਹੋਰ ਕੋਈ ਥਾਂ ਨਹੀਂ ਹੈ। **ਚਾਖਿਆ** = ਚਖਿਆ (ਮਾਣਿਆ)। **ਤ੍ਰਿਪਤਿ ਰਹੇ ਆਘਾਇ** = ਆਤਮਿਕ ਤੌਰ ਤੇ ਅਨੰਦਤ ਹੋ ਗਏ (ਰੱਜ ਗਏ)। **ਆਪੁ ਤਿਆਗਿ** = ਆਪਾ ਭਾਵ ਤਿਆਗ ਕੇ (ਹਉ ਰਹਿਤ ਹੋ ਕੇ)। **ਕੰਤਿ** (ਪਰਮਾਤਮਾ)। **ਕਤਹਿ ਨ ਜਾਇ** = ਪ੍ਰਭੂ ਦੇ ਨਾਮ ਰਸ ਨੂੰ ਛੱਡ ਕੇ ਕਿਸੇ ਹੋਰ ਪਾਸੇ ਦੀ ਝਾਕ ਨਹੀਂ ਕਰਦੀਆਂ। **ਮਇਆ** = ਮਿਹਰ (ਕ੍ਰਿਪਾ)।



# ਅਸੁਨਿ ਪ੍ਰੇਮ ਉਮਾਹੜਾ

ਅਸੂ ਦੇ ਮਹੀਨੇ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਗਿਆਸੂ ਦੇ ਮਨ ਅੰਦਰ ਆਪਣੇ ਮੂਲ ਪਰਮਾਤਮਾ ਨਾਲ ਮਿਲਣ ਦੀ ਤਾਂਘ ਦਾ ਵਰਨਣ ਕਰਨ ਉਪਰੰਤ ਪ੍ਰਭੂ ਮਿਲਾਪ ਦਾ ਮਾਰਗ ਵੀ ਦਰਸ਼ਨ ਕੀਤਾ ਹੈ। ਇੱਥੇ ਥੋੜ੍ਹੀ ਵਿਚਾਰ ਕਰਨ ਦੀ ਲੋੜ ਹੈ। ਜਗਿਆਸੂ ਅੰਦਰ ਆਪਣੇ ਮੂਲ ਨਾਲ ਮਿਲਣ ਦੀ ਤਾਂਘ-ਤੜਫ ਤਾਂ ਤਦ ਹੀ ਉਤਪੰਨ ਹੋਵੇਗੀ, ਜੇ ਜਗਿਆਸੂ ਨੂੰ ਆਪਣੇ ਮੂਲ ਨਾਲੋਂ ਵਿਛੋੜੇ ਦਾ ਅਹਿਸਾਸ ਮਹਿਸੂਸ ਹੋਵੇ। ਜੇ ਆਪਣੇ ਮੂਲ ਨਾਲੋਂ ਵਿਛੋੜੇ ਦਾ ਅਹਿਸਾਸ ਹੀ ਮਹਿਸੂਸ ਨਾ ਹੋਵੇ ਤਾਂ ਆਪਣੇ ਮੂਲ ਨਾਲ ਮਿਲਣ ਦੀ ਤਾਂਘ ਉਤਪੰਨ ਹੋਣੀ ਅਸੰਭਵ ਹੈ।

ਜਿਵੇਂ ਕੋਈ ਬੱਚਾ ਮੇਲੇ ਅੰਦਰ ਆਪਣੇ ਮਾਂ-ਬਾਪ ਨਾਲੋਂ ਵਿਛੜ ਜਾਵੇ। ਬੱਚਾ ਮਾਂ-ਬਾਪ ਤੋਂ ਵਿਛੁੜਨ ਸਦਕਾ ਵਿਛੋੜੇ ਦੇ ਦੁੱਖ ਕਾਰਣ ਰੋਵੇ ਅਤੇ ਮਾਂ-ਬਾਪ ਨੂੰ ਮਿਲਣ ਲਈ ਅਵਾਜ਼ਾਂ ਅਤੇ ਧਾਹਾਂ ਮਾਰੇ। ਸੁਹਿਰਦ ਸੱਜਣ ਅਨੇਕ ਪ੍ਰਕਾਰ ਦੇ ਉਪਰਾਲੇ ਕਰਕੇ ਬੱਚੇ ਨੂੰ ਉਸ ਦੇ ਮਾਂ-ਬਾਪ ਨਾਲ ਮਿਲਾਉਣ ਦੇ ਯਤਨ ਕਰਦੇ ਹਨ। ਪ੍ਰੰਤੂ ਜੇ ਬੱਚਾ ਮਾਤਾ ਪਿਤਾ ਨਾਲੋਂ ਵਿਛੜ ਕੇ ਵੀ ਵਿਛੋੜੇ ਦਾ ਦੁੱਖ ਪ੍ਰਤੀਤ ਨ ਕਰੇ, ਸਗੋਂ ਮੇਲੇ ਵਿੱਚ ਤਰ੍ਹਾਂ-ਤਰ੍ਹਾਂ ਦੇ ਖੇਡ ਤਮਾਸ਼ਿਆਂ ਅਤੇ ਖਿਡੌਣਿਆਂ ਵਿੱਚ ਪਰਚ ਕੇ ਮਾਂ-ਬਾਪ ਨੂੰ ਭੁੱਲ ਹੀ ਜਾਵੇ ਅਤੇ ਮੇਲੇ ਦੇ ਖੇਡ ਤਮਾਸ਼ਿਆਂ ਤੇ ਖਿਡੌਣਿਆਂ ਵਿੱਚ ਖਚਿਤ ਹੋ ਜਾਵੇ, ਅਜਿਹੇ ਖੇਡ-ਤਮਾਸ਼ਿਆਂ ਵਿੱਚ ਖਚਿਤ ਹੋਏ ਬੱਚੇ ਨੂੰ, ਉਸ ਦੇ ਮਾਂ-ਬਾਪ ਨਾਲ ਮਿਲਾਉਣ ਦਾ ਕੋਈ ਵੀ, ਸੁਹਿਰਦ ਯਤਨ ਨਹੀਂ ਕਰਦਾ।

ਅਸੀਂ ਸਾਰੇ ਜੀਵ ਵੀ ਜੋਤ ਸਰੂਪ ਪਰਮਾਤਮਾ ਦਾ ਰੂਪ ਹਾਂ। ਸਾਡਾ ਸਾਰਿਆਂ ਦਾ ਮੂਲ ਪਰਮਾਤਮਾ ਹੈ। ਪਰ ਮਾਇਆ ਦੇ ਅਨੇਕਾਂ ਰੰਗ-ਤਮਾਸ਼ਿਆਂ ਵਿੱਚ ਖਚਿਤ ਹੋ ਕੇ ਦ੍ਰਿਸ਼ਟਮਾਨ ਸੰਸਾਰ ਦੇ ਖੇਡ-ਤਮਾਸ਼ੇ ਨੂੰ ਸਤਿ ਤੇ ਸੁਹਾਵਣਾ ਮੰਨ ਕੇ ਅਸੀਂ ਵੀ ਆਪਣੇ ਮੂਲ, ਜੋਤ-ਸਰੂਪ ਪਰਮਾਤਮਾ ਨੂੰ ਮੂਲੋਂ ਹੀ ਭੁੱਲ ਬੈਠੇ ਹਾਂ। ਇਸੇ ਭੁੱਲ ਕਾਰਣ ਹੀ ਸਾਡੇ ਅੰਦਰ ਆਪਣੇ ਮੂਲ ਪਰਮਾਤਮਾ ਨੂੰ ਮਿਲਣ ਲਈ ਕੋਈ ਰੱਤੀ ਭਰ ਵੀ ਤਾਂਘ ਜਾਂ ਤੜਫ ਉਤਪੰਨ ਨਹੀਂ ਹੁੰਦੀ। ਸਾਡੇ ਅੰਦਰ ਆਪਣੇ ਮੂਲ ਨਾਲ ਮਿਲਣ ਲਈ ਤਾਂਘ-ਤੜਫ ਅਤੇ ਉਮਾਹ ਪੈਦਾ ਕਰਨ ਹਿੱਤ, ਸ੍ਰੀ ਗੁਰੂ ਅਮਰਦਾਸ ਜੀ ਆਸਾ ਰਾਗ ਅੰਦਰ, ਮਨ ਨੂੰ (ਜੋ ਸਾਡੇ ਸਰੀਰ ਦੀ ਚੇਤਨ-ਸੱਤਾ ਦਾ ਮੂਲ ਹੈ) ਸੰਬੋਧਨ ਕਰਕੇ ਫੁਰਮਾਨ ਕਰਦੇ ਹਨ ਕਿ ਹੇ ਮਨ! ਤੂੰ ਜੋਤ ਸਰੂਪ ਪਰਮਾਤਮਾ ਦਾ ਮੂਲ ਹੈਂ, ਤੂੰ ਆਪਣੇ ਮੂਲ ਦੀ ਪਹਿਚਾਣ ਕਰ। ਹੇ ਮਨ! ਤੂੰ ਪਰਮਾਤਮਾ ਦਾ ਰੂਪ ਹੋਣ ਕਰਕੇ ਹਰੀ ਤੇਰੇ

ਅੰਗ ਸੰਗ ਵੱਸਦਾ ਹੈ। ਹੇ ਮਨ! ਤੂੰ ਆਪਣੇ ਮੂਲ ਤੋਂ ਬੇਮੁਖ ਨਾ ਹੋ, ਆਪਣੇ ਮੂਲ ਨੂੰ ਭੁੱਲ ਨਾ। ਗੁਰੂ ਦੇ ਬਚਨਾਂ ਉੱਪਰ ਭਰੋਸਾ ਕਰਕੇ ਗੁਰਮਤਿ ਦਾ ਧਾਰਨੀ ਬਣ ਕੇ ਪਰਮ-ਅਨੰਦ ਸਰੂਪ ਪਰਮਾਤਮਾ ਦੇ ਰੰਗ ਨੂੰ ਮਾਨਣਾ ਕਰ। ਜੇ ਤੂੰ ਆਪਣੇ ਮੂਲ ਨੂੰ ਪਛਾਣ ਲਵੇਂ ਤਾਂ ਤੈਨੂੰ ਆਪਣੇ ਮੂਲ (ਪਰਮਾਤਮਾ) ਦੀ ਪੂਰਨ ਲਖਤਾ ਹੋ ਸਕਦੀ ਹੈ। ਪ੍ਰਭੂ ਦੀ ਲਖਤਾ ਹੁੰਦੇ ਹੀ ਤੈਨੂੰ ਅਸਲੀ ਜੀਵਨ ਦੀ ਸੋਝੀ ਪ੍ਰਾਪਤ ਹੋ ਸਕਦੀ ਹੈ। ਆਪ ਦਾ ਫੁਰਮਾਨ ਹੈ :

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥**

**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥**

**ਮੂਲੁ ਪਛਾਣਹਿ ਤਾਂ ਸਹੁ ਜਾਣਹਿ ਮਰਣ ਜੀਵਣ ਕੀ ਸੋਝੀ ਹੋਈ॥**

ਆਸਾ ਮ: ੩, ਪੰਨਾ ੪੪੧

ਭਗਤ ਕਬੀਰ ਜੀ ਨੇ ਵੀ ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਦੀ ਪ੍ਰੋੜ੍ਹਤਾ ਕਰਦੇ ਗੌਂਡ ਰਾਗ ਅੰਦਰ ਬਚਨ ਕੀਤਾ ਹੈ :

**ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥੪॥**

ਪੰਨਾ ੮੭੧

ਜਿਨ੍ਹਾਂ ਵਡਭਾਗੀ ਜਗਿਆਸੂਆਂ ਨੂੰ ਗੁਰੂ ਬਚਨਾਂ ਉੱਪਰ ਭਰੋਸਾ-ਯਕੀਨ ਹੋ ਜਾਂਦਾ ਹੈ, ਉਹ ਆਪਣੇ ਮੂਲ, ਜੋਤਿ ਸਰੂਪ ਪਰਮਾਤਮਾ ਨੂੰ ਮਿਲਣ ਵਾਸਤੇ ਮਿਲਾਪ ਦੀ ਸਿੱਕ ਹਿਰਦੇ ਵਿੱਚ ਲੈ, ਪ੍ਰਯਤਨਸ਼ੀਲ ਹੋ ਜਾਂਦੇ ਹਨ ਤੇ ਮਿਲਾਪ ਤੱਕ ਆਪਣੀ ਜਦੋ-ਜਹਿਦ ਜਾਰੀ ਰਖਦੇ ਹਨ। ਇਸ ਸਿੱਕ ਦਾ, ਇਸ ਖਿੱਚ ਦਾ ਵਰਣਨ ਭਾਈ ਸਾਹਿਬ ਵੀਰ ਸਿੰਘ ਜੀ ਨੇ ਬੜੇ ਪਿਆਰੇ ਅੰਦਾਜ਼ ਵਿੱਚ ਆਪਣੀ ਰੁਬਾਈ ਵਿੱਚ ਕੀਤਾ ਹੈ :

**ਸੀਨੇ ਖਿੱਚ ਜਿਨ੍ਹਾਂ ਦੇ ਖਾਧੀ, ਓਹ ਕਰ ਅਰਾਮ ਨਹੀਂ ਬਹਿੰਦੇ।**
**ਨਿਹੁੰ ਵਾਲੇ ਨੈਣਾਂ ਕੀ ਨੀਂਦਰ, ਓ ਦਿਨੇ ਰਾਤ ਪਏ ਵਹਿੰਦੇ।**
**ਇੱਕੋ ਲਗਨ ਲਗੀ ਲਈ ਜਾਂਦੀ, ਹੈ ਟੋਰ ਅਨੰਤ ਉਨਾਂ ਦੀ।**
**ਵਸਲੋਂ ਉਰ੍ਹੇ ਮੁਕਾਮ ਨ ਕੋਈ, ਸੋ ਚਾਲ ਪਏ ਨਿਤ ਰਹਿੰਦੇ।**



## *ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ॥*

**ਅੱਖਰੀ-ਅਰਥ :** ਹੇ ਗੁਰਮੁਖ ਜਨੋ! ਮੇਰੇ ਮਨ ਅੰਦਰ ਪਿਆਰ ਸਰੂਪ ਪਰਮਾਤਮਾ ਨੂੰ ਮਿਲਣ ਵਾਸਤੇ ਉਮਾਹ (ਪਿਆਰ-ਉਛਾਲਾ) ਪੈਦਾ ਹੋਇਆ ਹੈ। ਕਿਸ ਵਿਧੀ ਨਾਲ ਮੈਂ ਆਪਣੇ ਪਿਆਰ ਸਰੂਪ ਪਰਮਾਤਮਾ ਨੂੰ ਜਾ ਕੇ ਮਿਲਾਂ ?

**ਸੰਖੇਪ-ਵਿਚਾਰ :** ਉਮਾਹ (ਉਤਸ਼ਾਹ) ਪੈਦਾ ਹੋਣਾ ਹੀ ਔਖਾ ਹੈ। ਜਦੋਂ ਕਿਸੇ ਵੀ ਵਸਤੂ ਦੀ ਪ੍ਰਾਪਤੀ ਵਾਸਤੇ ਮਨ ਦੇ ਅੰਦਰ ਉਮਾਹ ਪੈਦਾ ਹੋ ਜਾਂਦਾ ਹੈ, ਮਨੁੱਖ ਉਸ ਵਸਤੂ ਦੀ ਪ੍ਰਾਪਤੀ ਵਾਸਤੇ ਯਤਨ ਅਰੰਭ ਕਰਦਾ ਹੈ। ਉਸਨੂੰ ਪ੍ਰਾਪਤ ਕਰਨ ਵਾਸਤੇ ਅਨੇਕਾਂ ਵਿਉਂਤਾਂ ਘੜਦਾ ਹੈ। ਜੇ ਮਨ ਵਿੱਚ ਵਸਤੂ ਦੀ ਪ੍ਰਾਪਤੀ ਵਾਸਤੇ ਲਾਲਸਾ ਹੀ ਪੈਦਾ ਨਾ ਹੋਵੇ, ਫਿਰ ਮਨੁੱਖ ਉਸ ਵਸਤੂ ਦੀ ਪ੍ਰਾਪਤੀ ਲਈ ਨਾ ਯਤਨ ਕਰਦਾ ਹੈ, ਨਾ ਕੋਈ ਵਿਉਂਤ ਬਣਾਉਂਦਾ ਅਤੇ ਨਾ ਹੀ ਉਸ ਵਸਤੂ ਦੀ ਪ੍ਰਾਪਤੀ ਵਾਸਤੇ ਕਿਸੇ ਪਾਸੋਂ ਕੋਈ ਹੀਲਾ-ਵਸੀਲਾ ਹੀ ਪੁੱਛਦਾ ਹੈ।

ਸਾਡੇ ਜੀਵਨ ਦੀ ਪ੍ਰਾਪਤੀ ਦਾ ਲਕਸ਼ ਹੈ :

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

ਮ: ੫, ਪੰਨਾ ੧੨

ਗੋਬਿੰਦ ਨੂੰ ਮਿਲਣ ਵਾਸਤੇ ਪਰਮਾਤਮਾ ਨੇ ਸਮਾਂ ਸਾਨੂੰ ਬਖਸ਼ਿਸ਼ ਕਰ ਦਿੱਤਾ ਹੈ। ਹੁਣ ਅਸੀਂ ਜਗਿਆਸੂਆਂ ਨੇ ਆਪਣੇ ਮੂਲ ਗੋਬਿੰਦ ਨਾਲ ਮਿਲਣ ਵਾਸਤੇ ਉੱਦਮ ਤੇ ਯਤਨ ਕਰਨਾ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਉਦਮੁ ਕਰਤ ਆਨਦੁ ਭਇਆ ਸਿਮਰਤ ਸੁਖ ਸਾਰੁ॥**

**ਜਪਿ ਜਪਿ ਨਾਮੁ ਗੋਬਿੰਦ ਕਾ ਪੂਰਨ ਬੀਚਾਰੁ॥** ਮ: ੫, ਪੰਨਾ ੮੧੫

ਕੋਈ ਵੀ ਵਸਤੂ ਪ੍ਰਾਪਤ ਕਰਨੀ ਹੋਵੇ, ਉਹ ਬਿਨਾਂ ਉੱਦਮ ਤੋਂ ਪ੍ਰਾਪਤ ਨਹੀਂ ਹੁੰਦੀ। ਪਰਮਾਤਮਾ ਨੂੰ ਮਿਲਣ ਲਈ ਉੱਦਮ ਕੀ ਕਰਨਾ ਹੈ "**ਸਿਮਰਹੁ ਹਰਿ ਹਰਿ ਰਾਇ**" ਸਤਿਗੁਰੂ ਅਰਜਨ ਦੇਵ ਜੀ ਦਾ ਪੂਰਨ ਗੁਰਵਾਕ ਹੈ :

**ਉਦਮੁ ਕਰਹੁ ਵਡਭਾਗੀਹੋ ਸਿਮਰਹੁ ਹਰਿ ਹਰਿ ਰਾਇ॥**

**ਨਾਨਕ ਜਿਸੁ ਸਿਮਰਤ ਸਭ ਸੁਖ ਹੋਵਹਿ ਦੂਖੁ ਦਰਦੁ ਭ੍ਰਮੁ ਜਾਇ॥**

ਮ: ੫, ਪੰਨਾ ੪੫੬

ਨਾਲ ਹੀ ਸਤਿਗੁਰੂ, ਜਗਿਆਸੂਆਂ ਨੂੰ ਹਦਾਇਤ ਕਰਦੇ ਹਨ ਕਿ ਜਦੋਂ ਤੁਸੀਂ ਗੋਬਿੰਦ ਨੂੰ ਮਿਲਣ ਵਾਸਤੇ ਉੱਦਮ ਕਰਕੇ ਚੱਲ ਪਏ, ਮੁੜ ਆਲਸ ਕਰਕੇ ਬੈਠ ਨਹੀਂ ਜਾਣਾ। ਨਾਮ ਸਿਮਰਨ ਦੇ ਰਸਤੇ ਉੱਪਰ ਤੁਰੇ ਹੀ ਰਹਿਣਾ ਹੈ। ਜੇ ਤੁਸੀਂ ਨਾਮ ਸਿਮਰਨ ਦੇ ਰਸਤੇ ਉੱਪਰ ਤੁਰੇ ਰਹੇ ਅਤੇ ਇਸ ਮਾਰਗ ਦੇ ਪਾਂਧੀ ਸੰਤ ਜਨਾਂ ਦੀ ਸੰਗਤ ਕਰਦੇ ਰਹੇ, ਤਦ ਯਕੀਨ ਰੱਖੋ, ਤੁਹਾਡਾ ਜਮਦੂਤਾਂ ਨਾਲੋਂ ਵਾਸਤਾ ਸਦਾ ਵਾਸਤੇ ਖ਼ਤਮ ਹੋ ਜਾਵੇਗਾ।

**ਨਾਮੁ ਜਪਤ ਗੋਬਿੰਦ ਨਹ ਅਲਸਾਈਐ ॥**

**ਭੇਟਤ ਸਾਧੂ ਸੰਗ ਜਮ ਪੁਰਿ ਨਹ ਜਾਈਐ ॥** ਮ: ੫, ਪੰਨਾ ੪੫੬

ਜਦੋਂ ਮਨ ਵਿੱਚ ਉਮਾਹ ਪੈਦਾ ਹੋ ਗਿਆ, ਜਗਿਆਸੂ ਆਪਣੇ ਮੂਲ ਦੇ ਨਾਲ ਮਿਲਾਪ ਵਾਸਤੇ ਯਤਨਸ਼ੀਲ ਹੋਇਆ, ਬਾਹਰ ਮੁਖੀ ਟੋਲ-ਭਾਲ ਕਰਨ ਦਾ ਯਤਨ ਕੀਤਾ, ਪਰ ਸਫ਼ਲਤਾ ਪ੍ਰਾਪਤ ਨਾ ਹੋਈ, ਸਗੋਂ ਭਟਕਣਾ ਹੀ ਪੱਲੇ ਪਈ। ਹੁਣ ਜਗਿਆਸੂ ਦੇ ਹਿਰਦੇ ਵਿੱਚ ਪ੍ਰਭੂ-ਮਿਲਾਪ ਤੋਂ ਬਿਨਾਂ ਧੀਰਜ ਨਹੀਂ ਬੱਝਦਾ। ਹਰ ਸਮੇਂ ਹਿਰਦੇ ਵਿੱਚ ਪ੍ਰਭੂ ਮਿਲਾਪ ਲਈ ਉਮਾਹ ਤੇ ਉਸ ਨੂੰ ਮਿਲਣ ਦੀ ਕਸਕ ਨਪੀੜਦੀ ਰਹਿੰਦੀ ਹੈ। ਇਸ ਅਵਸਥਾ ਦਾ ਜਿਕਰ ਸਤਿਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਅੰਦਰ ਕੀਤਾ ਹੈ :

**ਓਮਕਿਓ ਹੀਉ ਮਿਲਨ ਪ੍ਰਭ ਤਾਈ ॥ ਖੋਜਤ ਚਰਿਓ ਦੇਖਉ ਪ੍ਰਿਅ ਜਾਈ ॥**

**ਸੁਨਤ ਸਦੇਸਰੋ ਪ੍ਰਿਅ ਗ੍ਰਿਹਿ ਸੇਜ ਵਿਛਾਈ ॥**

**ਭ੍ਰਮਿ ਭ੍ਰਮਿ ਆਇਓ ਤਉ ਨਦਰਿ ਨ ਪਾਈ ॥੧॥**

**ਕਿਨ ਬਿਧਿ ਹੀਅਰੋ ਧੀਰੈ ਨਿਮਾਨੋ ॥**

**ਮਿਲੁ ਸਾਜਨ ਹਉ ਤੁਝੁ ਕੁਰਬਾਨੋ ॥੧॥ ਰਹਾਉ ॥** ਮ: ੫, ਪੰਨਾ ੭੩੭

ਅਜਿਹੀ ਅਵਸਥਾ ਹੋ ਜਾਣ ਤੇ ਜਗਿਆਸੂ ਦੇ ਅੰਦਰ ਪ੍ਰਭੂ ਮਿਲਾਪ ਦੀ ਤਾਂਘ ਹੋਰ ਪ੍ਰਬਲ ਹੋ ਜਾਂਦੀ ਹੈ, ਉਸ ਦੀ ਅਵਸਥਾ ਸਤਿਗੁਰੂ ਜੀ ਦੇ ਫੁਰਮਾਨ ਵਾਲੀ ਹੋ ਜਾਂਦੀ ਹੈ ਕਿ :

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ ।**

ਮ: ੪, ਪੰਨਾ ੯੪

ਪ੍ਰਭੂ ਮਿਲਾਪ ਦੀ ਤਾਂਘ ਪੈਦਾ ਹੋਣੀ ਹੀ ਔਖੀ ਹੈ। ਜਦੋਂ ਮਿਲਾਪ ਲਈ ਤਾਂਘ ਪੈਦਾ ਹੋ ਗਈ ਤਾਂ ਫਿਰ ਸਾਰੇ ਰਸਤੇ ਆਪਣੇ ਆਪ ਲਭ ਜਾਣੇ ਹਨ।



## *ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥*

**ਅੱਖਰੀ-ਅਰਥ :** ਮੇਰੇ ਮਨ ਅਤੇ ਤਨ ਅੰਦਰ ਪ੍ਰਭੂ ਪਿਆਰੇ ਦੇ ਦਰਸ਼ਨਾਂ ਦੀ ਤਾਂਘ ਅਤਿਅੰਤ ਪ੍ਰਬਲ ਹੋ ਗਈ ਹੈ। ਕੋਈ ਹੈ ਗੁਰੂ ਪਿਆਰਾ ? ਜੋ ਆਪ ਪਿਆਰੇ ਪ੍ਰਭੂ ਨੂੰ ਮਿਲਿਆ ਹੋਵੇ ਅਤੇ ਮੈਨੂੰ ਵੀ ਪ੍ਰਭੂ-ਪ੍ਰੀਤਮ ਨਾਲ ਮਿਲਾ ਦੇਵੇ।

**ਸੰਖੇਪ-ਵਿਚਾਰ :** ਅਜਿਹੀ ਅਵਸਥਾ ਬਣਨ ਤੇ ਜਗਿਆਸੂ ਥਾਂ-ਥਾਂ ਜਾ ਕੇ ਆਪਣੀ ਦਰਸ਼ਨ ਸਿੱਕ ਨੂੰ ਪੂਰੀ ਕਰਨ ਵਾਸਤੇ ਅਰਜ਼ੋਈਆਂ ਕਰਦਾ ਤੇ ਪੁਕਾਰਦਾ ਹੈ ਕਿ ਕੋਈ ਹੈ ਐਸਾ ਗੁਰੂ ਪਿਆਰਾ ! ਜੋ ਆਪ ਹਰੀ ਨਾਲ ਜੁੜਿਆ ਹੋਵੇ ਤੇ ਮੈਨੂੰ ਉਸ ਦੇ ਨਾਲ ਜੋੜ ਦੇਵੇ। ਮੈਂ ਉਸ ਜੋੜਨ ਵਾਲੇ ਗੁਰੂ ਪਿਆਰੇ ਦੇ, ਪਿਆਰ ਨਾਲ ਚਰਨ ਪਕੜਾਂਗਾ (ਭਾਵ ਉਸ ਦੇ ਚਰਨਾਂ ਤੇ ਢਹਿ ਪਵਾਂਗਾ) ਉਸ ਦੀ ਉਸਤਤੀ ਵਿੱਚ ਸੁੰਦਰ ਬਚਨ ਉਚਾਰਾਂਗਾ ਅਤੇ ਇੱਥੋਂ ਤੱਕ ਕਿ ਮੈਂ ਆਪਣੇ ਪ੍ਰਾਣ ਵੀ ਉਸ ਤੋਂ ਨਿਛਾਵਰ ਕਰ ਦੇਵਾਂਗਾ। ਸਤਿਗੁਰਾਂ ਦਾ ਜੈਤਸਰੀ ਰਾਗ ਅੰਦਰ ਫੁਰਮਾਨ ਹੈ :

**ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥**

**ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥ ਰਹਾਉ ॥**

ਜੈਤਸਰੀ ਮ: ੫, ਪੰਨਾ ੭੦੧

ਇਸ ਬਿਹਬਲ ਅਵਸਥਾ ਵਿੱਚ ਜਗਿਆਸੂ ਪੁਕਾਰਦਾ ਹੈ ਕਿ ਕੋਈ ਹੈ ਐਸਾ ਮੇਰਾ ਮਿੱਤਰ, ਜੋ ਮੈਨੂੰ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਦੁਆ ਦੇਵੇ। ਪਰਮਾਤਮਾ ਦਾ ਨਾਮ ਮੈਨੂੰ ਸੁਣਾ ਕੇ, ਮੈਨੂੰ ਪਰਮਾਤਮਾ ਨਾਲ ਮਿਲਾ ਦੇਵੇ। ਮੇਰਾ ਮਨ ਜੋ ਦਸੋ-ਦਿਸ਼ਾ ਵਿੱਚ ਦੌੜਦਾ ਹੈ, ਇਸ ਨੂੰ ਸਥਿਰ ਕਰ ਦੇਵੇ ਤਾਂ ਜੋ ਮੇਰਾ ਮਨ ਸਾਰੀਆਂ ਭਟਕਣਾ ਛੱਡ ਕੇ ਇੱਕ ਪਰਮਾਤਮਾ ਤੇ ਨਿਸਚੇਵਾਨ ਹੋ ਜਾਵੇ। ਜਿਹੜਾ ਗੁਰੂ ਪਿਆਰਾ ਮੈਨੂੰ ਅਜਿਹੀ ਅਵਸਥਾ, ਗੁਰੂ ਦਰ ਵਿੱਚੋਂ ਪ੍ਰਦਾਨ ਕਰਨ ਵਿੱਚ ਸਹਾਇਕ ਹੋਵੇਗਾ, ਮੈਂ ਉਸ ਨੂੰ ਆਪਣੀ ਸਾਰੀ ਧਨ-ਦੌਲਤ, ਹਿਰਦਾ, ਚਿਤ, ਮਨ-ਤਨ ਅਤੇ ਸਭ ਕੁਝ ਅਰਪਣ ਕਰ ਦੇਵਾਂਗਾ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :

**ਬੰਧਨ ਤੇ ਛੁਟਕਾਵੈ ਪ੍ਰਭੂ ਮਿਲਾਵੈ ਹਰਿ ਹਰਿ ਨਾਮੁ ਸੁਨਾਵੈ ॥**

**ਅਸਥਿਰੁ ਕਰੇ ਨਿਹਚਲੁ ਇਹੁ ਮਨੂਆ ਬਹੁਰਿ ਨ ਕਤਹੂ ਧਾਵੈ ॥੧॥**

ਹੈ ਕੋਊ ਐਸੋ ਹਮਰਾ ਮੀਤੁ ॥

ਸਗਲ ਸਮਗ੍ਰੀ ਜੀਉ ਹੀਉ ਦੇਉ ਅਰਪਉ ਅਪਨੋ ਚੀਤੁ ॥੧॥ ਰਹਾਉ ॥

ਮ: ੫, ਪੰਨਾ ੬੭੪

ਉਹ ਜਗਿਆਸੂ ਤਾਂ "ਕਿਉ ਮਿਲੀਐ ਹਰਿ ਜਾਇ" ਦੀ ਲਾਲਸਾ ਅਧੀਨ ਬਾਰੰ-ਬਾਰ ਪ੍ਰਭੂ ਮਿਲਾਪ ਲਈ ਪੁਕਾਰਦਾ ਹੈ ਕਿ :

ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ ॥੧॥

ਦਰਸਨੁ ਹਰਿ ਦੇਖਣ ਕੈ ਤਾਈ ॥

ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ-ਹਰਿ ਨਾਮੁ ਧਿਆਈ ॥

ਮ: ੪, ਪੰਨਾ ੭੫੭

ਜਦੋਂ ਅਜਿਹੀ ਬਿਹਬਲਤਾ ਭਰੀ ਅਵਸਥਾ ਬਣ ਗਈ, ਸਮਝੋ ਜੀਵਨ ਦਾ ਕਾਰਜ ਰਾਸ ਹੋ ਗਿਆ।

## *ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥*

**ਅੱਖਰੀ-ਅਰਥ :** ਪਰਮਾਤਮਾ ਪ੍ਰੇਮ ਸਰੂਪ ਹੈ ਅਤੇ ਉਹ ਹਰ ਥਾਂ ਹਰ ਜਗ੍ਹਾ ਵਿੱਚ ਪ੍ਰੇਮ ਸਰੂਪ ਹੋ ਕੇ ਰਮਿਆ ਹੋਇਆ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਾ ਫੁਰਮਾਨ ਹੈ :

ਜੱਤ੍ਰ ਤੱਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ ॥੪੦॥

ਜਾਪੁ ਸਾਹਿਬ

ਪ੍ਰੇਮ ਸਰੂਪ ਪਰਮਾਤਮਾ ਨੂੰ ਹਿਰਦਿਉਂ ਪ੍ਰੇਮ ਕੀਤੇ ਬਿਨਾਂ ਮਿਲਿਆ ਨਹੀਂ ਜਾ ਸਕਦਾ, ਦਸਮੇਸ਼ ਪਿਤਾ ਜੀ ਦਾ ਸ੍ਵਯੇ ਬਾਣੀ ਅੰਦਰ ਅੱਟਲ ਫੈਸਲਾ ਹੈ :

ਸਾਚੁ ਕਹੋਂ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

ਪਾ: ੧੦

ਹਿਰਦੇ ਵਿੱਚ ਪ੍ਰਭੂ ਪਿਆਰ ਪੈਦਾ ਕਰਨ ਅਤੇ ਇਸ ਪਿਆਰ ਵਿੱਚ ਵਾਧਾ ਕਰਨ ਵਾਲੇ ਸਤਿਗੁਰੂ ਦੇ ਦਰੋਂ ਵਰੋਸਾਏ ਸੰਤ-ਮਹਾਂਪੁਰਸ਼ ਹੀ ਹਨ, ਜੋ ਜਗਿਆਸੂਆਂ ਨੂੰ ਪ੍ਰਭੂ ਪਿਆਰ ਦੇ ਬਚਨ ਤੇ ਪ੍ਰਭੂ-ਪਿਆਰ ਦੇ ਚਲਿਤ੍ਰ ਸੁਣਾ ਕੇ ਉਨ੍ਹਾਂ ਦੇ ਮਨ ਵਿੱਚ ਪ੍ਰਭੂ-ਮਿਲਾਪ ਲਈ ਪਿਆਰ ਤੇ ਉਮਾਹ ਪੈਦਾ ਕਰ ਦਿੰਦੇ ਹਨ। ਇਸ ਲਈ ਮੈਂ ਸੰਤ-ਮਹਾਂਪੁਰਸ਼ਾਂ ਦੇ ਚਰਨੀਂ ਲਗਦਾ ਹਾਂ।

**ਸੰਖੇਪ-ਵਿਚਾਰ :** ਖੋਜਦਿਆਂ-ਖੋਜਦਿਆਂ, ਪ੍ਰਭੂ ਮਿਲਾਪ ਲਈ ਟੋਲ-ਭਾਲ



ਕਰਦਿਆਂ, ਕੰਨਾਂ ਅੰਦਰ ਇਹ ਖ਼ਬਰ ਪਈ ਕਿ ਪਰਮਾਤਮਾ, ਪਿਆਰ ਵਾਲੇ ਹਿਰਦੇ ਵਿੱਚ ਪ੍ਰਗਟ ਹੁੰਦਾ ਹੈ ਤੇ ਪਿਆਰ ਸਤਿਸੰਗੀਆਂ ਦੀ ਸੰਗਤ ਵਿੱਚੋਂ ਪ੍ਰਾਪਤ ਹੁੰਦਾ ਹੈ। ਸਤਿ ਸੰਗਤ ਕਰਨ ਦੁਆਰਾ ਹੀ ਮਨੁੱਖ ਦਾ ਮਿਲਾਪ ਪਰਮਾਤਮਾ ਨਾਲ ਹੁੰਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ :

ਖੋਜਤ ਖੋਜਤ ਸੁਨੀ ਇਹ ਸੋਇ ॥ ਸਾਧਸੰਗਤਿ ਬਿਨੁ ਤਰਿਓ ਨ ਕੋਇ ॥

ਮ: ੫, ਪੰਨਾ ੩੭੩

ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਜਿਸ-ਜਿਸ ਨੂੰ ਵੀ ਸਤਿਸੰਗਤ ਪ੍ਰਾਪਤ ਹੋ ਗਈ, ਪਰਮਾਤਮਾ ਨੇ ਸਤਿਸੰਗਤ ਦੀ ਬਦੌਲਤ ਉਨ੍ਹਾਂ ਦਾ ਨਿਸਤਾਰਾ ਕਰ ਦਿੱਤਾ। ਆਪ ਜੀ ਦਾ ਫੁਰਮਾਨ ਹੈ :

ਜਿਨਿ ਜਿਨਿ ਸਾਧਸੰਗੁ ਪਾਇਆ ॥ ਸੋ ਪ੍ਰਭਿ ਆਪਿ ਤਰਾਇਆ ॥

ਮ: ੫, ਪੰਨਾ ੬੨੨

ਸਤਿਗੁਰੂ ਅਰਜਨ ਦੇਵ ਜੀ ਦਾ ਸਤਿਸੰਗਤ ਦੀ ਮਹਾਨਤਾ ਦਰਸਾਉਂਦਾ ਮਾਰੂ ਸੋਹਲੇ ਬਾਣੀ ਅੰਦਰ ਫੁਰਮਾਨ ਹੈ ਕਿ ਜਦੋਂ ਜਗਿਆਸੂ ਗੁਰੂ ਦੀ ਸ਼ਰਨ ਵਿੱਚ ਆ ਜਾਵੇ, ਉਸ ਨੂੰ ਫਿਰ ਹੋਰ ਸਾਰੇ ਡਰ-ਭੈਅ ਤਿਆਗ ਦੇਣੇ ਚਾਹੀਦੇ ਹਨ। ਜਿਹੜਾ-ਜਿਹੜਾ ਵੀ ਨਿਰਭਉ ਦਾ ਜਾਪ ਕਰਨ ਵਾਲੇ ਸਤਿਸੰਗੀਆਂ ਦੀ ਸੰਗਤ ਵਿੱਚ ਆ ਜੁੜਦਾ ਹੈ, ਉਸ ਦਾ ਨਿਸ਼ਚੇ ਹੀ ਸੰਸਾਰ ਭਵ-ਸਾਗਰ ਤੋਂ ਨਿਸਤਾਰਾ ਹੋ ਜਾਂਦਾ ਹੈ। ਆਪ ਦਾ ਪਿਆਰਾ ਫੁਰਮਾਨ ਹੈ :

ਪ੍ਰਭ ਆਏ ਸਰਣਾ ਭਉ ਨਹੀ ਕਰਣਾ ॥ ਸਾਧਸੰਗਤਿ ਨਿਹਚਉ ਹੈ ਤਰਣਾ ॥

ਮ: ੫, ਪੰਨਾ ੧੦੭੧

ਸਤਿਸੰਗੀਆਂ ਦੀ ਸੰਗਤ ਵਿੱਚ ਬੈਠਣ ਨਾਲ ਪ੍ਰਭੂ ਪਿਆਰ ਦੇ ਬਚਨ ਤੇ ਪ੍ਰਭੂ ਪਿਆਰ ਦੀਆਂ ਗਾਥਾਵਾਂ ਸੁਣ ਕੇ ਜਗਿਆਸੂ ਦੇ ਮਨ ਵਿੱਚ ਵੀ ਪਰਮਾਤਮਾ ਨੂੰ ਮਿਲਣ ਵਾਸਤੇ ਉਤਸ਼ਾਹ ਤੇ ਉਮਾਹ ਪੈਦਾ ਹੁੰਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

ਤਿਨਾ ਦੇਖਿ ਮਨਿ ਚਾਉ ਉਠੰਦਾ ਹਉ ਕਦਿ ਪਾਈ ਗੁਣਤਾਸਾ ॥

ਮ: ੫, ਪੰਨਾ ੭੦੩

ਜਦੋਂ ਮਨ ਵਿੱਚ ਪ੍ਰਭੂ ਮਿਲਾਪ ਲਈ ਉਤਸ਼ਾਹ ਤੇ ਉਮਾਹ ਪੈਦਾ ਹੋ ਗਿਆ ਫਿਰ ਜਗਿਆਸੂ ਪ੍ਰਭੂ ਮਿਲਾਪ ਦੇ ਮਾਰਗ ਦਾ ਪਾਂਧੀ ਬਣ ਜਾਂਦਾ ਹੈ। ਪ੍ਰਭੂ ਮਿਲਾਪ ਦੇ ਮਾਰਗ ਤੇ ਚੱਲਦਿਆਂ-ਚੱਲਦਿਆਂ ਇੱਕ ਦਿਨ ਜਗਿਆਸੂ ਪਰਮਾਤਮਾ ਨਾਲ ਮਿਲ ਕੇ ਪ੍ਰਮਾਤਮਾ ਦਾ ਰੂਪ ਹੀ ਬਣ ਜਾਂਦਾ ਹੈ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਫੁਰਮਾਨ ਸਾਕਾਰ ਹੋ ਜਾਂਦਾ ਹੈ :

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**

ਮ: ੯, ਪੰਨਾ ੬੩੩

ਇਸੇ ਮਿਲਾਪ ਤੇ ਅਭੇਦਤਾ ਪ੍ਰਤੀ ਭਗਤ ਕਬੀਰ ਜੀ ਨੇ ਆਪਣਾ ਅਨੁਭਵ ਰਾਮਕਲੀ ਰਾਗ ਅੰਦਰ ਹੇਠ ਲਿਖੇ ਅਨੁਸਾਰ ਦਰਸਾਇਆ ਹੈ :

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥**

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥੬॥੩॥**

ਕਬੀਰ ਜੀ, ਪੰਨਾ ੯੬੯

ਗੁਰਮੁਖਾਂ ਦੀ ਸੰਗਤ ਦੀ ਬਹੁਤ ਮਹਾਨਤਾ ਹੈ। ਗੁਰਮੁਖ ਗੁਰੂ ਨਾਲ ਜੋੜਦਾ ਹੈ ਅਤੇ ਗੁਰੂ ਪਰਮਾਤਮਾ ਨਾਲ ਮਿਲਾਪ ਕਰਵਾ ਦਿੰਦਾ ਹੈ।

## *ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ॥*

**ਅੱਖਰੀ-ਅਰਥ :** ਪਰਮਾਤਮਾ ਸੁੱਖਾਂ ਦਾ ਸੋਮਾ ਹੈ। ਸੁੱਖਾਂ ਦੇ ਸੋਮੇ ਪਰਮਾਤਮਾ ਨੂੰ ਛੱਡ ਕੇ ਹੋਰ ਕਿਸੇ ਥਾਂ ਤੋਂ ਕਿਸੇ ਵੀ ਢੰਗ ਤਰੀਕੇ ਨਾਲ ਸੁੱਖ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਸੁੱਖ ਕੇਵਲ ਪਰਮਾਤਮਾ ਨਾਲ ਜੁੜ ਕੇ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਹਰ ਮਨੁੱਖ ਸੁੱਖ ਚਾਹੁੰਦਾ ਹੈ। ਸੁੱਖ ਦੀ ਪ੍ਰਾਪਤੀ ਵਾਸਤੇ ਸਵੇਰ ਤੋਂ ਲੈ ਕੇ ਸ਼ਾਮ, ਸ਼ਾਮ ਤੋਂ ਲੈ ਕੇ ਅਗਲੀ ਸਵੇਰ ਤੱਕ, ਮਨੁੱਖ ਦੌੜ ਭੱਜ ਕਰਦਾ ਹੈ, ਸਾਰੀ ਦੌੜ-ਭੱਜ ਦਾ ਮਨੋਰਥ ਕੇਵਲ ਇੱਕ ਹੀ ਹੈ, ਕਿ ਕਿਵੇਂ ਮੈਨੂੰ ਸੁੱਖ ਪ੍ਰਾਪਤ ਹੋਵੇ। ਪਰ ਜਿਨ੍ਹਾਂ ਵਸਤੂਆਂ ਵਿੱਚੋਂ ਮਨੁੱਖ ਸੁੱਖ ਦੀ ਲਾਲਸਾ ਅਧੀਨ ਦੌੜ-ਭੱਜ ਕੇ ਸੁੱਖ ਪ੍ਰਾਪਤ ਕਰਨਾ ਚਾਹੁੰਦਾ ਹੈ, ਉਨ੍ਹਾਂ ਵਸਤੂਆਂ ਵਿੱਚੋਂ ਸੁੱਖ ਫਿਰ ਵੀ ਪ੍ਰਾਪਤ ਨਹੀਂ ਹੁੰਦਾ। ਸਗੋਂ ਸੁੱਖ ਦੀ ਥਾਂ ਉਨ੍ਹਾਂ ਵਸਤੂਆਂ ਤੇ ਸਾਧਨਾਂ ਵਿੱਚੋਂ "**ਦੂਖ ਕੀਆ ਪੰਡਾ ਖੁਲ੍ਹੀਆ**" ਦਾ ਗੁਰੂ ਨਾਨਕ ਪਾਤਸ਼ਾਹ ਜੀ ਦਾ ਬਚਨ ਜ਼ਰੂਰ ਸਾਕਾਰ ਹੁੰਦਾ ਹੈ। ਆਪ ਦਾ ਸਾਰੰਗ ਰਾਗ ਅੰਦਰ ਫੁਰਮਾਨ ਹੈ :

**ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ॥**

**ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ॥**

ਮ: ੧, ਪੰਨਾ ੧੨੪੦



ਸੁੱਖ, ਸੁੱਖਾਂ ਦੇ ਸੋਮੇ ਪ੍ਰਮਾਤਮਾ ਨਾਲ ਜੁੜ ਕੇ ਪ੍ਰਾਪਤ ਹੋਣਾ ਹੈ ਪਰ ਮਨੁੱਖ ਸੁੱਖ ਦਾਤੇ ਨੂੰ ਵਿਸਾਰ ਕੇ, ਬਹੁਤੀ ਮਾਇਆ ਇਕੱਠੀ ਕਰਕੇ ਸੁਖੀ ਹੋਣਾ ਲੋਚਦਾ ਹੈ। ਮਨੁੱਖ ਇੰਦ੍ਰੀਆਂ ਦੁਆਰਾ ਭੋਗ, ਭੋਗ ਕੇ ਤੇ ਅੱਖਾਂ ਨਾਲ ਸੁੰਦਰ ਰੂਪ ਤੇ ਨ੍ਰਿਤ-ਨਾਚ ਵੇਖ ਕੇ ਸੁਖੀ ਹੋਣਾ ਲੋਚਦਾ ਹੈ। ਰਾਜ-ਭਾਗ ਵਿੱਚੋਂ ਸੁੱਖ ਭਾਲਦਾ ਹੈ । ਪਰ ਗੁਰਦੇਵ ਗੁਰੂ ਅਰਜਨ ਦੇਵ ਜੀ ਦਾ ਭੈਰਉ ਰਾਗ ਅੰਦਰ ਫੁਰਮਾਨ ਹੈ, ਕਿ ਜੇ ਮਨੁੱਖ ਬਹੁਤੀ ਮਾਇਆ ਵੀ ਇਕੱਤ੍ਰ ਕਰ ਲਵੇ, ਤਦ ਵੀ ਸੁਖੀ ਨਹੀਂ ਹੋ ਸਕਦਾ। ਅੱਖਾਂ ਨਾਲ ਨ੍ਰਿਤ-ਨਾਚ, ਰੰਗ ਤਮਾਸ਼ੇ ਭਾਵੇਂ ਸਾਰੀ ਉਮਰ ਵੇਖਦਾ ਰਹੇ, ਤਦ ਵੀ ਮਨ ਨੂੰ ਸ਼ਾਂਤੀ ਨਹੀਂ ਮਿਲ ਸਕਦੀ। ਇੱਕ ਦੇਸ਼ ਦਾ ਨਹੀਂ ਭਾਵੇਂ ਸਾਰੀ ਦੁਨੀਆਂ ਦਾ ਰਾਜ-ਭਾਗ ਮਨੁੱਖ ਨੂੰ ਪ੍ਰਾਪਤ ਹੋ ਜਾਵੇ ਤਦ ਵੀ ਮਾਨਸਿਕ ਸੁਖ, ਆਤਮਿਕ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਸਦੀਵੀਂ ਆਤਮਿਕ ਤੇ ਮਾਨਸਿਕ ਸੁਖ ਮਨੁੱਖ ਨੂੰ ਪਰਮਾਤਮਾ ਦਾ ਨਾਮ ਜਪ ਕੇ ਤੇ ਹਰੀ ਦੇ ਗੁਣ ਗਾ ਕੇ ਹੀ ਪ੍ਰਾਪਤ ਹੋ ਸਕਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ॥**

**ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ॥**

ਮ: ੫, ਪੰਨਾ ੧੧੪੭

ਗਉੜੀ ਵਾਰ ਅੰਦਰ ਸਤਿਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਸੁੱਖਾਂ ਦਾ ਖਜਾਨਾ ਸੰਸਾਰ ਅੰਦਰ ਕੇਵਲ ਇੱਕ ਪਰਮਾਤਮਾ ਹੀ ਹੈ, ਜੋ ਕਦੇ ਵੀ ਨਾਸ਼ ਨਹੀਂ ਹੁੰਦਾ। ਉਹ ਜਲਾਂ ਵਿੱਚ ਥਲਾਂ ਵਿੱਚ ਧਰਤੀ-ਅਕਾਸ਼ ਅਤੇ ਸਾਰੇ ਘਟ-ਘਟ ਵਿੱਚ ਪਰੀਪੂਰਨ ਹੋ ਕੇ ਰਮਿਆ ਹੋਇਆ ਹੈ। ਪਰਮਾਤਮਾ ਜੋ ਸੁੱਖਾਂ ਦਾ ਸੋਮਾ ਹੈ, ਉਹ ਉੱਚਿਆਂ-ਨੀਵਿਆਂ, ਕੀੜੀ ਤੋਂ ਲੈ ਕੇ ਹਾਥੀ ਤੱਕ, ਸਾਰਿਆਂ ਵਿੱਚ ਇੱਕ ਰਸ ਵਿਆਪਕ ਹੈ। ਜਿੰਨੇ ਵੀ ਸੰਸਾਰ ਅੰਦਰ ਧੀ-ਪੁੱਤਰ, ਰਿਸ਼ਤੇਦਾਰ-ਮਿੱਤ੍ਰ, ਦੋਸਤ ਹਨ, ਇਹ ਸਾਰੇ ਉਸ ਸੁਖ-ਨਿਧਾਨ ਪਰਮਾਤਮਾ ਦੇ ਪੈਦਾ ਕੀਤੇ ਹੋਏ ਹਨ। ਜਿਸ ਨੂੰ ਪਰਮਾਤਮਾ ਆਪਣਾ ਨਾਮ ਬਖਸ਼ਿਸ਼ ਕਰ ਦਿੰਦਾ ਹੈ, ਉਹ ਵਡਭਾਗੀ ਨਾਮ ਜਪ ਕੇ ਪਰਮਾਤਮਾ ਨਾਲ ਮਿਲ ਕੇ ਸਦੀਵ ਕਾਲ ਸੁਖ ਅਨੰਦ ਨੂੰ ਮਾਣਦਾ ਹੈ। ਸਤਿਗੁਰਾਂ ਦਾ ਬਚਨ ਹੈ :

**ਸੁਖ ਨਿਧਾਨੁ ਪ੍ਰਭੁ ਏਕੁ ਹੈ ਅਬਿਨਾਸੀ ਸੁਣਿਆ॥**

**ਜਲਿ ਥਲਿ ਮਹੀਅਲਿ ਪੂਰਿਆ ਘਟਿ ਘਟਿ ਹਰਿ ਭਣਿਆ॥**

**ਊਚ ਨੀਚ ਸਭ ਇਕ ਸਮਾਨਿ ਕੀਟ ਹਸਤੀ ਬਣਿਆ॥**

**ਮੀਤ ਸਖਾ ਸੁਤ ਬੰਧਿਪੋ ਸਭਿ ਤਿਸ ਦੇ ਜਣਿਆ॥**

**ਤੁਸਿ ਨਾਨਕੁ ਦੇਵੈ ਜਿਸੁ ਨਾਮੁ ਤਿਨਿ ਹਰਿ ਰੰਗੁ ਮਣਿਆ॥੧॥**

ਪਉੜੀ, ਪੰਨਾ ੩੧੯

ਸਤਿਗੁਰੂ ਅਰਜਨ ਦੇਵ ਜੀ ਨੇ ਸਿਰੀਰਾਗ ਅੰਦਰ ਮਨ ਨੂੰ ਸੰਬੋਧਨ ਕਰਕੇ ਸੁਖ ਦਾ ਮਾਰਗ ਦਰਸਾਉਂਦੇ ਫੁਰਮਾਨ ਕੀਤਾ ਹੈ। ਹੇ ਮੇਰੇ ਮਨ! ਤੂੰ ਹਮੇਸ਼ਾਂ ਲਈ ਉਸ ਪਰਮਾਤਮਾ ਦੀ ਸ਼ਰਨ ਵਿੱਚ ਪੈ ਜਾਹ, ਜਿਸ ਵਰਗਾ ਸੰਸਾਰ ਅੰਦਰ ਹੋਰ ਕੋਈ ਨਹੀਂ ਹੈ। ਉਸ ਦਾ ਸਿਮਰਨ ਕਰਨ ਨਾਲ ਬਿਅੰਤ ਸੁਖ ਪ੍ਰਾਪਤ ਹੁੰਦਾ ਹੈ। ਦੁੱਖਾਂ ਤੇ ਤਕਲੀਫਾਂ ਦਾ ਸਦਾ ਵਾਸਤੇ ਅਭਾਵ ਹੋ ਜਾਂਦਾ ਹੈ। ਪਰਮਾਤਮਾ ਸਦਾ-ਸਦਾ ਕਾਇਮ ਰਹਿਣ ਵਾਲਾ ਹੈ, ਹਮੇਸ਼ਾ ਉਸ ਦੇ ਨਾਮ ਜਪਣ ਦੀ ਚਾਕਰੀ ਕਰਿਆ ਕਰ। ਆਪ ਦਾ ਫੁਰਮਾਨ ਹੈ :

**ਤਿਸ ਕੀ ਸਰਨੀ ਪਰੁ ਮਨਾ ਜਿਸੁ ਜੇਵਡੁ ਅਵਰੁ ਨ ਕੋਇ॥**

**ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ॥**

**ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ॥** ਮ: ੫, ਪੰਨਾ ੪੪

ਜੇ ਸਦੀਵੀ ਸੁਖ ਦੀ ਲਾਲਸਾ ਹੈ, ਫਿਰ ਮਾਰਗ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਦੀ ਬਾਣੀ ਅੰਦਰ ਦਰਸਾਇਆ ਹੈ। ਉਸ ਨੂੰ ਧਾਰਨ ਕਰਨ ਦੀ ਲੋੜ ਹੈ। ਉਹ ਮਾਰਗ ਹੈ :

**ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥ ਕਲਿ ਕਲੇਸ ਤਨ ਮਾਹਿ ਮਿਟਾਵਉ॥**

ਮ: ੫, ਪੰਨਾ ੨੬੨

ਨਾਮ ਸਿਮਰਨ ਦਾ ਮਾਰਗ ਅਪਣਾ ਲਵਾਂਗੇ ਤਾਂ ਸੁਖੀ ਹੋ ਜਾਵਾਂਗੇ, ਜੇ ਨਾ ਅਪਣਾਵਾਂਗੇ ਫਿਰ ਦੁਖ ਤਾਂ ਭੋਗ ਹੀ ਰਹੇ ਹਾਂ ਤੇ ਭੋਗੀ ਜਾਵਾਂਗੇ।

## *ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥*

**ਅੱਖਰੀ-ਅਰਥ :** ਜਿਨ੍ਹਾਂ ਵਡਭਾਗੀਆਂ ਨੇ ਪ੍ਰੇਮ ਸਰੂਪ ਪਰਮਾਤਮਾ ਦੇ ਪਿਆਰ ਰਸ ਨੂੰ ਮਾਣਿਆ ਹੈ, ਉਨ੍ਹਾਂ ਵਡਭਾਗੀਆਂ ਦੀਆਂ ਮਾਇਕੀ-ਭੁੱਖਾਂ ਸਾਰੀਆਂ ਖ਼ਤਮ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਸਦੀਵੀਂ ਤ੍ਰਿਪਤੀ ਪ੍ਰਾਪਤ ਹੋ ਜਾਂਦੀ ਹੈ।

**ਸੰਖੇਪ-ਵਿਚਾਰ :** ਜਿਨ੍ਹਾਂ ਵਡਭਾਗੀਆਂ ਨੇ ਪਿਆਰ ਸਰੂਪ ਪਰਮਾਤਮਾ ਦੇ



ਮਿਲਾਪ-ਰਸ ਨੂੰ ਮਾਣਿਆ ਹੈ। ਉਹ ਤਾਂ ਪੁਕਾਰ-ਪੁਕਾਰ ਕੇ ਕਹਿੰਦੇ ਹਨ ਕਿ ਹੁਣ ਮੈਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਮਿਹਰ ਕਰਕੇ ਪ੍ਰੇਮਾਂ ਭਗਤੀ ਦਾ ਖਜਾਨਾ ਬਖਸ਼ਿਸ਼ ਕਰ ਦਿੱਤਾ ਹੈ। ਇਸ ਪ੍ਰੇਮਾਂ ਭਗਤੀ ਦੀ ਬਦੌਲਤ ਮੈਨੂੰ ਪੂਰਨ ਤੌਰ ਤੇ ਤ੍ਰਿਪਤੀ ਹੋ ਗਈ ਹੈ। ਮੇਰੀਆਂ ਸਾਰੀਆਂ ਮਾਇਕੀ ਤ੍ਰਿਸ਼ਨਾਵਾਂ ਸਦਾ ਵਾਸਤੇ ਖ਼ਤਮ ਹੋ ਗਈਆਂ ਹਨ।

**ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ॥**

**ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥**

ਮ: ੫, ਪੰਨਾ ੭੬੩

ਹੇ ਮੇਰੇ ਮਾਲਕ! ਤੁਹਾਡੇ ਪ੍ਰੇਮ-ਰਸ ਦੀ ਬਰਕਤ ਨਾਲ ਮੈਨੂੰ ਨਾ ਰਾਜ ਭਾਗ ਦੀ ਲਾਲਸਾ ਰਹੀ ਹੈ ਅਤੇ ਨਾ ਹੀ ਮੈਨੂੰ ਮੁਕਤੀ ਦੀ ਚਾਹਨਾ ਹੈ। ਮੈਨੂੰ ਤਾਂ ਤੁਹਾਡੇ ਚਰਨਾਂ-ਕਮਲਾਂ (ਨਾਮ) ਦੀ ਪ੍ਰੀਤੀ ਦੀ ਹੀ ਲੋੜ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਦੇਵਗੰਧਾਰੀ ਰਾਗ ਅੰਦਰ ਫੁਰਮਾਨ ਹੈ :

**ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥**

ਮ: ੫, ਪੰਨਾ ੫੩੪

ਭਗਤ ਕਬੀਰ ਜੀ ਦੇ ਫੁਰਮਾਨ ਅਨੁਸਾਰ, ਪ੍ਰਭੂ ਪ੍ਰੇਮ-ਰਸ ਨੂੰ ਮਾਨਣ ਵਾਲੇ ਸੰਤਾਂ ਨੇ ਤਾਂ ਨਰਕ ਅਤੇ ਸੁਰਗ, ਦੋਵਾਂ ਨੂੰ ਰੱਦ ਕਰ ਦਿੱਤਾ। ਪ੍ਰੇਮ-ਰਸ ਵਿੱਚ ਮਗਨ ਗੁਰੂ ਪਿਆਰੇ ਨਾ ਨਰਕ ਤੋਂ ਡਰਦੇ ਹਨ, ਨਾ ਸਵਰਗ ਵਿੱਚ ਨਿਵਾਸ ਦੀ ਇੱਛਾ ਰੱਖਦੇ ਹਨ। ਨਿਰ-ਇੱਛਤ, ਬੇ-ਪ੍ਰਵਾਹੀ ਵਾਲਾ ਅਨੰਦੀ ਜੀਵਨ ਜਿਉਂਦੇ ਹਨ। ਆਪ ਦਾ ਫੁਰਮਾਨ ਹੈ :

**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥**

**ਹਮ ਕਾਹੂ ਕੀ ਕਾਣਿ ਨ ਕਢਤੇ ਅਪਨੇ ਗੁਰ ਪਰਸਾਦੇ॥੫॥**

ਕਬੀਰ ਜੀ, ਪੰਨਾ ੯੬੯

ਪ੍ਰਭੂ ਪ੍ਰੇਮ ਰਸੀਆਂ ਦੇ ਮਨ ਵਿੱਚ ਭੋਰਾ ਜਿੰਨੀ ਵੀ ਸਵਰਗ ਦੇ ਸੁੱਖਾਂ ਦੀ ਲਾਲਸਾ ਨਹੀਂ ਹੁੰਦੀ। ਉਹ ਪ੍ਰਭੂ ਰਜ਼ਾ ਅੰਦਰ ਰਾਜ਼ੀ ਰਹਿੰਦੇ ਹਮੇਸ਼ਾਂ ਪਰਮਾਤਮਾ ਦੇ ਗੁਣ ਗਾਉਂਦੇ ਹਨ। ਉਨ੍ਹਾਂ ਨੂੰ ਨਾਮ ਹੀ ਸਾਰੇ ਸਵਰਗਾਂ ਦੇ ਸੁੱਖਾਂ ਦਾ ਅਤੇ ਆਤਮਿਕ ਅਨੰਦ ਦਾ ਦਾਤਾ ਪ੍ਰਤੀਤ ਹੁੰਦਾ ਹੈ। ਭਗਤ ਕਬੀਰ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ॥**

**ਹੋਨਾ ਹੈ ਸੋ ਹੋਈ ਹੈ ਮਨਹਿ ਨ ਕੀਜੈ ਆਸ॥੧॥** ਕਬੀਰ ਜੀ ਪੰਨਾ ੩੩੭

ਨਾਮ ਰਸੀਏ ਤੇ ਪ੍ਰਭੂ ਪਿਆਰ ਵਿੱਚ ਰੰਗੀਆਂ ਹੋਈਆਂ ਆਤਮਾਵਾਂ ਤਾਂ ਸੰਸਾਰ ਵਿੱਚ **"ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ।"** ਦੀ ਅਵਸਥਾ ਵਿੱਚ ਵਿਚਰਦੀਆਂ ਅਨੰਦੀ ਜੀਵਨ ਦਾ ਰੰਗ ਮਾਣਦੀਆਂ ਹਨ। ਸਾਨੂੰ ਜਗਿਆਸੂਆਂ ਨੂੰ ਵੀ ਪ੍ਰਭੂ ਨਾਮ ਰਸ ਚੱਖੇ ਤੋਂ ਬਿਨਾਂ ਤ੍ਰਿਪਤੀ ਪ੍ਰਾਪਤ ਨਹੀਂ ਹੋਣੀ, ਦਾ ਸੰਦੇਸ਼ ਦਿੰਦੀਆਂ ਹਨ।

## *ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ॥*

**ਅੱਖਰੀ-ਅਰਥ :** ਅਜਿਹੇ ਗੁਰੂ ਪਿਆਰੇ ਜੋ ਪ੍ਰਭੂ ਬਖਸ਼ਿਸ਼ ਦੁਆਰਾ **"ਹਉ ਰਜਾ ਤ੍ਰਿਪਤਿ ਅਘਾਇ ਜੀਉ"** ਦੀ ਅਵਸਥਾ ਪ੍ਰਾਪਤ ਕਰ ਲੈਂਦੇ ਹਨ। ਅਜਿਹੀ ਉੱਚ ਅਵਸਥਾ ਪ੍ਰਾਪਤ ਕਰਨ ਉਪਰੰਤ ਉਹ ਹੰਕਾਰ ਨਹੀਂ ਕਰਦੇ ਸਗੋਂ ਨਿਮਰਤਾ ਵਿੱਚ ਰਹਿ ਕੇ ਆਪਾ ਭਾਵ ਛੱਡ ਕੇ ਹਮੇਸ਼ਾਂ ਪਰਮਾਤਮਾ ਦੇ ਚਰਨਾਂ ਵਿੱਚ ਜੋਦੜੀਆਂ ਕਰਦੇ ਰਹਿੰਦੇ ਹਨ ਕਿ ਹੇ ਪ੍ਰਭੂ! ਸਾਨੂੰ ਸਦਾ ਆਪਣੇ ਲੜ ਲਾਈ ਰੱਖੋ।

**ਸੰਖੇਪ-ਵਿਚਾਰ :** ਭਗਤ ਨਾਮਦੇਵ ਜੀ ਵਰਗੇ ਮਹਾਂਪੁਰਖ, ਜਿਨ੍ਹਾਂ ਨੂੰ ਬਹੱਤਰ ਵਾਰ ਪਰਮਾਤਮਾ ਨੇ ਸਾਮਰਤਖ ਦਰਸ਼ਨ ਦਿੱਤੇ। ਜਿਨ੍ਹਾਂ ਦੇ ਇੱਕ ਬਚਨ ਕਹਿਣ ਨਾਲ ਮੁਰਦੇ ਵੀ ਜੀਵਨ ਪ੍ਰਾਪਤ ਕਰ ਲੈਂਦੇ ਸਨ। ਐਡੀ ਵੱਡੀ ਸੱਤਿਆ ਪ੍ਰਾਪਤ ਕਰਕੇ ਵੀ ਆਪਣੇ ਮਾਲਕ ਅੱਗੇ ਅਰਜ਼ੋਈਆਂ ਕਰਦੇ ਹਨ ਤੇ ਦਾਤਾਰ ਵੱਲੋਂ ਦਿੱਤੀ ਸ਼ਕਤੀ ਦਾ ਮਾਣ ਨਹੀਂ ਕਰਦੇ, ਸਗੋਂ ਜਾਤ ਅਭਿਮਾਨੀਆਂ ਵੱਲੋਂ ਅਪਮਾਨ ਕਰਨ ਅਤੇ ਮਾਰ-ਕੁੱਟ ਕਰਨ ਉਪਰੰਤ ਵੀ ਭਗਤ ਨਾਮਦੇਵ ਜੀ ਨੇ ਆਪਣੀ ਆਤਮਿਕ ਸ਼ਕਤੀ ਦਾ ਪ੍ਰਦਰਸ਼ਨ ਨਹੀਂ ਕੀਤਾ ਸਗੋਂ ਆਪਣੇ ਮਾਲਕ, ਪਰਮਾਤਮਾ ਅੱਗੇ ਆਜਜ਼ੀ ਵਿੱਚ ਭਿੱਜ ਕੇ ਅਰਦਾਸ ਕੀਤੀ ਹੇ ਸਭ ਜਗ੍ਹਾ ਵਿੱਚ ਰਮੇਂ ਹੋਏ ਪਰਮਾਤਮਾ! ਮੈਨੂੰ ਤੂੰ ਨਾ ਵਿਸਾਰੀਂ, ਕਿਰਪਾ ਕਰਕੇ ਤੂੰ ਨਾ ਭੁਲਾਈਂ। ਇਹ ਅਗਿਆਨ ਵਿੱਚ ਫਸੇ ਹੋਏ ਮੰਦਰ ਦੇ ਜਾਤ ਅਭਿਮਾਨੀ ਬ੍ਰਾਹਮਣ, ਜਿਨ੍ਹਾਂ ਨੂੰ ਆਪਣੀ ਉੱਚ ਜਾਤ ਦਾ ਭਰਮ ਪਿਆ ਹੋਇਆ ਹੈ, ਜਿਸ ਭਰਮ ਅਧੀਨ ਇਨ੍ਹਾਂ ਨੇ ਮੈਨੂੰ ਨੀਂਵੀਂ ਜਾਤ ਦਾ ਸ਼ੂਦਰ-ਸ਼ੂਦਰ ਕਹਿ ਕੇ ਮਾਰ ਕੁੱਟ ਕਰਕੇ ਮੈਨੂੰ ਮੰਦਰ ਵਿੱਚੋਂ ਬਾਹਰ ਕੱਢ ਦਿੱਤਾ ਹੈ। ਹੇ ਮੇਰੇ ਪਿਆਰੇ ਪਿਤਾ! ਤੂੰ ਹੀ ਦੱਸ ਮੈਂ ਹੁਣ ਕੀ ਕਰਾਂ ? ਜੇ ਤੁਸੀਂ ਮੇਰੀ ਬੇਨਤੀ ਸੁਣ ਕੇ ਇਹ ਕਹੋਗੇ, ਕਿ



ਕੋਈ ਗੱਲ ਨਹੀਂ, ਹੁਣ ਤੂੰ ਇਨ੍ਹਾਂ ਪਾਸੋਂ ਮਾਰ ਖਾਈ ਜਾਹ, ਆਪਣੀ ਬੇਇੱਜ਼ਤੀ ਕਰਾਈ ਚਲ, ਮਰਨ ਤੋਂ ਬਾਅਦ ਅਸੀਂ ਤੈਨੂੰ ਮੁਕਤੀ ਦੇ ਦੇਵਾਂਗੇ। ਹੇ ਪਰਮਾਤਮਾ! ਮਰਨ ਉਪਰੰਤ ਦਿੱਤੀ ਮੁਕਤੀ ਨੂੰ ਕੌਣ ਦੇਖੇਗਾ ? ਇਹ ਜਾਤ-ਅਭਿਮਾਨੀ ਪੰਡਿਤ ਤਾਂ ਮੇਰਾ, ਹੁਣ ਅਨਾਦਰ ਕਰ ਰਹੇ ਹਨ। ਹੇ ਪਿਤਾ! ਇਨ੍ਹਾਂ ਦੇ ਅਨਾਦਰ ਕਰਨ ਨਾਲ ਆਪ ਜੀ ਦੀ ਵਡਿਆਈ ਹੀ ਘੱਟਦੀ ਹੈ। ਹੇ ਪਿਤਾ! ਤੁਸੀਂ ਬਹੁਤ ਅਮਿੱਤ-ਬਲ ਵਾਲੇ ਹੋ। ਤੁਸੀਂ ਬੜੇ ਦਿਆਲੂ ਕ੍ਰਿਪਾਲੂ ਸੁਭਾਅ ਦੇ ਮਾਲਕ ਹੋ। ਅੱਜ ਤੱਕ ਤੁਹਾਡਾ ਕਿਸੇ ਨੇ ਅੰਤ ਨਹੀਂ ਪਾਇਆ। ਕ੍ਰਿਪਾ ਕਰੋ ਮੇਰੀ ਵੀ ਇੱਜਤ-ਪੱਤ ਰੱਖੋ ਜੀ। ਨਿੰਮ੍ਰਤਾ ਵਿੱਚ, ਨਿਮਾਣੇ-ਨਿਤਾਣੇ ਹੋ ਕੇ ਭਗਤ ਨਾਮਦੇਵ ਜੀ ਨੇ, ਜਦੋਂ ਅਰਦਾਸ ਕੀਤੀ, ਤਦੋਂ ਸਥੂਲ ਮੰਦਰ ਦਾ ਦਰਵਾਜਾ ਫਿਰ ਕੇ (ਘੁੰਮ ਕੇ) ਭਗਤ ਨਾਮਦੇਵ ਜੀ ਵੱਲ ਹੋ ਗਿਆ। ਜਾਤ ਅਭਿਮਾਨੀ ਪੰਡਤਾਂ ਵੱਲ ਮੰਦਰ ਦੀ ਪਿੱਠ ਹੋ ਗਈ। ਮਲਾਰ ਰਾਗ ਅੰਦਰ ਆਪ ਜੀ ਦਾ ਫੁਰਮਾਨ ਹੈ :

**ਮੋ ਕਉ ਤੂੰ ਨ ਬਿਸਾਰਿ ਤੂ ਨ ਬਿਸਾਰਿ॥**

**ਤੂ ਨ ਬਿਸਾਰੇ ਰਾਮਈਆ॥੧॥ ਰਹਾਉ॥**

**ਆਲਾਵੰਤੀ ਇਹੁ ਭ੍ਰਮੁ ਜੋ ਹੈ ਮੁਝ ਊਪਰਿ ਸਭ ਕੋਪਿਲਾ॥**

**ਸੂਦੁ ਸੂਦੁ ਕਰਿ ਮਾਰਿ ਉਠਾਇਓ ਕਹਾ ਕਰਉ ਬਾਪ ਬੀਠੁਲਾ॥੧॥**

**ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ॥**

**ਏ ਪੰਡੀਆ ਮੋ ਕਉ ਢੇਢ ਕਹਤ ਤੇਰੀ ਪੈਜ ਪਿਛੰਉਡੀ ਹੋਇਲਾ॥੨॥**

**ਤੂ ਜੁ ਦਇਆਲੁ ਕ੍ਰਿਪਾਲੁ ਕਹੀਅਤੁ ਹੈਂ ਅਤਿਭੁਜ ਭਇਓ ਅਪਾਰਲਾ॥**

**ਫੇਰਿ ਦੀਆ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਰਲਾ॥੩॥੨॥**

ਨਾਮਦੇਵ ਜੀ, ਪੰਨਾ ੧੨੯੨

ਉਹ ਗੁਰੂ ਪਿਆਰੇ ਤਾਂ ਆਪਾ-ਭਾਵ ਹਉ ਹੰਗਤਾ ਤਿਆਗ ਕੇ ਹਮੇਸ਼ਾ ਅਰਦਾਸਾਂ ਹੀ ਕਰਦੇ ਹਨ। ਹੇ ਪਿਤਾ!

**ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥**

**ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥੧॥**

**ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥**

**ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥੧॥ ਰਹਾਉ॥**

**ਹਮ ਅਵਗਨ ਕਰਹ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥**

**ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥੨॥**

**ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥**

**ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥੩॥**

**ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥**

**ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥੪॥੪॥**

ਮ: ੫, ਪੰਨਾ ੮੦੯

ਉਹ ਹਮੇਸ਼ਾ ਹੀ ਪੁਕਾਰਦੇ ਹਨ ਦਾਤਾ!

**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥**

**ਬਾਂਹਿ ਗਹੇ ਕੀ ਲਾਜ ਅਸ ਗੋਬਿਦ ਦਾਸ ਤੁਹਾਰ॥** ਪਾ: ੧੦

ਸਾਨੂੰ ਵੀ ਗੁਰੂ ਦੇ ਦਰ ਅਗੇ ਹਮੇਸ਼ਾ ਬੇਨਤੀ ਰੂਪ ਵਿਚ ਪੁਕਾਰ ਕਰਨੀ ਚਾਹੀਦੀ ਹੈ।

## *ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥*

**ਅੱਖਰੀ-ਅਰਥ :** ਪ੍ਰਭੂ ਮਾਲਕ ਨੇ ਜਿਨ੍ਹਾਂ ਜੀਵ-ਆਤਮਾਵਾਂ ਨੂੰ ਆਪਣੇ ਵਿੱਚ ਅਭੇਦਤਾ ਬਖਸ਼ਿਸ਼ ਕਰ ਦਿੱਤੀ, ਉਹ ਪ੍ਰਭੂ ਮਾਲਕ ਦੇ ਮਿਲਾਪ ਰਸ ਨੂੰ ਛੱਡ ਕੇ ਕਿਸੇ ਹੋਰ ਪਾਸੇ ਦੀ ਝਾਕ ਨਹੀਂ ਰੱਖਦੀਆਂ।

**ਸੰਖੇਪ-ਵਿਚਾਰ :** ਪ੍ਰਭੂ ਮਿਲਾਪ ਵਾਲੀਆਂ ਆਤਮਾਵਾਂ ਤਾਂ ਮਾਲਕ ਦੇ ਚਰਨਾਂ ਵਿੱਚ ਹਮੇਸ਼ਾਂ ਅਰਦਾਸਾਂ ਕਰਦੀਆਂ ਹਨ ਕਿ ਹੇ ਮਾਲਕ! ਤੇਰਾ ਦਰ ਛੱਡ ਕੇ ਅਸੀਂ ਕਿੱਥੇ ਜਾਈਏ ? ਸੰਸਾਰ ਵਿੱਚ ਆਪ ਜੀ ਵਰਗਾ ਹੋਰ ਕੋਈ ਨਹੀਂ ਹੈ, ਹੇ ਦਾਤਾ ਜੀ!

**ਤੁਧਨੋ ਛੋਡਿ ਜਾਈਐ ਪ੍ਰਭ ਕੈਂ ਧਰਿ॥ ਆਨ ਨ ਬੀਆ ਤੇਰੀ ਸਮਸਰਿ॥**

ਮ: ੫, ਪੰਨਾ ੩੭੧

ਕੰਤ ਨਾਲ ਅਭੇਦ ਹੋਈਆਂ ਆਤਮਾਵਾਂ ਤਾਂ ਆਪਣੇ ਮਾਲਕ ਅੱਗੇ ਹਰ ਸਮੇਂ ਅਰਦਾਸਾਂ ਕਰਦੀਆਂ ਹਨ ਕਿ ਹੇ ਦਾਤਾਰ! ਸੰਸਾਰ ਵਿੱਚ ਕਿਸੇ ਨੂੰ ਕਿਸੇ ਦਾ ਆਸਰਾ, ਕਿਸੇ ਨੂੰ ਕਿਸੇ ਦਾ ਆਸਰਾ ਹੈ ਪਰ ਮੈਨੂੰ ਤਾਂ ਕੇਵਲ ਤੇ ਕੇਵਲ ਆਪ ਜੀ ਦਾ ਹੀ ਆਸਰਾ ਹੈ :



**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥** ਮ: ੩, ਪੰਨਾ ੭੯੧

ਸਤਿਗੁਰੂ ਰਾਮਦਾਸ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ ਕਿ ਸੰਸਾਰ ਅੰਦਰ ਹਰ ਮਨੁੱਖ ਆਪਣੀ ਸਹਾਇਤਾ ਵਾਸਤੇ ਆਪਣੇ ਮਿੱਤਰਾਂ ਨਾਲ, ਕੋਈ ਪੁੱਤਰਾਂ ਅਤੇ ਭਰਾਵਾਂ ਨਾਲ ਧੜੇ ਬਣਾਉਂਦਾ ਹੈ। ਕੋਈ ਆਪਣੇ ਕੁੜਮ ਅਤੇ ਜਵਾਈ ਨਾਲ ਧੜਾ ਕਾਇਮ ਕਰਦਾ ਹੈ। ਕੋਈ ਆਪਣੇ ਸੁਆਰਥ ਵਾਸਤੇ ਤਕੜੇ ਬੰਦਿਆਂ ਅਤੇ ਚਉਧਰੀਆਂ ਨਾਲ ਧੜੇ ਬਣਾਉਂਦਾ ਹੈ, ਪਰ ਹੇ ਪਰਮਾਤਮਾ! ਮੇਰਾ ਧੜਾ, ਮੇਰਾ ਆਸਰਾ ਤਾਂ ਤੁਸੀਂ ਹੀ ਹੋ। ਆਪ ਜੀ ਦਾ ਫੁਰਮਾਨ ਹੈ :

**ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ॥**

**ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ॥**

**ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ॥**

**ਹਮਾਰਾ ਧੜਾ ਹਰਿ ਰਹਿਆ ਸਮਾਈ॥੧॥** ਮ: ੪, ਪੰਨਾ ੩੬੬

ਜਿੱਥੇ ਪਰਮਾਤਮਾ ਦਾ ਪਿਆਰਾ ਆਪਣੇ ਪ੍ਰਭੂ ਦਾ ਦਰ ਛੱਡ ਕੇ ਕਿਸੇ ਹੋਰ ਪਾਸੇ ਨਹੀਂ ਝਾਕਦਾ, ਉੱਥੇ ਪਰਮਾਤਮਾ ਜਿਸ ਨੂੰ ਇੱਕ ਵਾਰੀ ਆਪਣਾ ਬਣਾ ਲੈਂਦਾ ਹੈ, ਉਸ ਨੂੰ ਮੁੜ ਕੇ ਵਿਛੋੜਦਾ ਨਹੀਂ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥**

ਮ: ੫, ਪੰਨਾ ੨੪੯

ਪਰਮਾਤਮਾ ਦਾ ਭਗਤਾਂ ਨਾਲ ਇੰਨੇ ਪਿਆਰ ਤੇ ਨੇੜਤਾ ਦਾ ਰਿਸ਼ਤਾ ਬਣ ਜਾਂਦਾ ਕਿ ਸੰਸਾਰ ਦੇ ਸਾਰੇ ਰਿਸ਼ਤੇ-ਨਾਤੇ ਉਸ ਦੇ ਮੁਕਾਬਲੇ ਤੁੱਛ ਪੈ ਜਾਂਦੇ ਹਨ। ਭਗਤ ਨਾਮਦੇਵ ਜੀ ਨੂੰ ਪਰਮਾਤਮਾ ਵੱਲੋਂ ਇਲਹਾਮ ਹੋਇਆ, ਹੇ ਨਾਮਦੇਵ! ਮੇਰਾ ਅਨਿੰਨ ਸੇਵਕ ਮੇਰਾ ਅਸਲੀ ਰੂਪ ਹੈ, ਉਸ ਦੇ ਨਿਮਖ ਮਾਤਰ ਦਰਸ਼ਨ ਕਰਨ ਨਾਲ ਮਨੁੱਖ ਦੇ ਆਧਿ-ਬਿਆਧਿ-ਉਪਾਧਿ, ਤਿੰਨੇ ਤਾਪ ਦੂਰ ਹੋ ਜਾਂਦੇ ਹਨ। ਜੋ ਮੇਰੇ ਭਗਤਾਂ ਦੇ ਚਰਨ ਪਰਸਦਾ ਹੈ, ਉਹ ਮੋਹ ਰੂਪੀ ਸੰਸਾਰ ਵਿੱਚੋਂ ਮੁਕਤ ਹੋ ਜਾਂਦਾ ਹੈ। ਹੇ ਨਾਮਦੇਵ! ਮੇਰੀ ਬੱਧੀ ਹੋਈ ਨੂੰ ਭਗਤ ਜਨ ਛੁਡਾ ਸਕਦੇ ਹਨ, ਪਰ ਭਗਤਾਂ ਦੀ ਬੱਧੀ ਹੋਈ ਨੂੰ ਮੈਂ ਨਹੀਂ ਛੁਡਾ ਸਕਦਾ। ਜੇ ਕਿਸੇ ਸਮੇਂ ਪਿਆਰ ਦੀ ਡੋਰ ਨਾਲ ਭਗਤ ਮੈਨੂੰ ਵਸ ਵਿੱਚ ਕਰ ਲਵੇ, ਤਦ ਮੇਰੇ ਪਾਸੋਂ ਭਗਤ ਦੇ ਪਿਆਰ ਕਾਰਣ ਜਵਾਬ ਨਹੀਂ ਦਿੱਤਾ ਜਾ ਸਕਦਾ। ਮੈਂ ਗੁਣਾਂ ਦਾ ਬੱਝਿਆ ਹੋਇਆ ਹਾਂ ਭਾਵ ਮੈਂ ਸ਼ੁਭ ਗੁਣਾਂ ਦੇ

ਧਾਰਨੀਆਂ ਨਾਲ ਪਿਆਰ ਕਰਦਾ ਹਾਂ ਅਤੇ ਸਾਰਿਆਂ ਨੂੰ ਜੀਵਨ ਪ੍ਰਦਾਨ ਕਰਦਾ ਹਾਂ, ਪਰ ਮੇਰਾ ਜੀਵਨ ਅਧਾਰ ਮੇਰੇ ਪਿਆਰੇ ਸੇਵਕ ਜਨ ਹਨ। ਜਿਸ ਦਾਸ ਦੇ ਹਿਰਦੇ ਵਿੱਚ ਮੇਰੇ ਪ੍ਰਤੀ ਅਜਿਹੀ ਪ੍ਰੀਤੀ ਹੈ, ਉਸ ਦੇ ਹਿਰਦੇ ਵਿੱਚ ਮੇਰੀ ਹੋਂਦ ਦਾ ਹੀ ਪ੍ਰਕਾਸ਼ ਹੈ। ਆਪ ਜੀ ਦਾ ਫੁਰਮਾਨ ਪੜ੍ਹੀਏ, ਪਰਮਾਤਮਾ ਤੇ ਭਗਤਾਂ ਦੀ ਓਤਪੋਤਤਾ ਦਾ ਪਤਾ ਚੱਲ ਜਾਵੇਗਾ :

**ਦਾਸ ਅਨਿੰਨ ਮੇਰੋ ਨਿਜ ਰੂਪ ॥**

**ਦਰਸਨ ਨਿਮਖ ਤਾਪ ਤ੍ਰਈ ਮੋਚਨ ਪਰਸਤ ਮੁਕਤਿ ਕਰਤ ਗ੍ਰਿਹ ਕੂਪ ॥੧॥ਰਹਾਉ॥**

**ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥**

**ਏਕ ਸਮੈ ਮੋ ਕਉ ਗਹਿ ਬਾਂਧੈ ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥੧॥**

**ਮੈ ਗੁਨ ਬੰਧ ਸਗਲ ਕੀ ਜੀਵਨਿ ਮੇਰੀ ਜੀਵਨਿ ਮੇਰੇ ਦਾਸ ॥**

**ਨਾਮਦੇਵ ਜਾ ਕੇ ਜੀਅ ਐਸੀ ਤੈਸੋ ਤਾ ਕੈ ਪ੍ਰੇਮ ਪ੍ਰਗਾਸ ॥੨॥੩॥**

ਨਾਮਦੇਵ ਜੀ, ਪੰਨਾ ੧੨੫੨

ਜੋ ਭਗਤਾਂ ਤੇ ਪਰਮਾਤਮਾਂ ਦਾ ਆਪਸੀ ਪਿਆਰ ਬਣ ਜਾਂਦਾ ਹੈ, ਨਾ ਭਗਤ ਜਨ ਹੀ ਉਸ ਪਿਆਰ ਨੂੰ ਛੱਡ ਸਕਦੇ ਹਨ ਅਤੇ ਨਾ ਹੀ ਪ੍ਰਮਾਤਮਾਂ ਹੀ ਭਗਤਾਂ ਨੂੰ ਪਿੱਠ ਦਿੰਦਾ ਹੈ।

## *ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ ॥*

**ਅੱਖਰੀ-ਅਰਥ :** ਪ੍ਰਭੂ ਭਗਤਾਂ ਨੂੰ ਪੂਰਨ ਯਕੀਨ ਹੋ ਜਾਂਦਾ ਹੈ ਕਿ ਪ੍ਰਭੂ ਦੀ ਸ਼ਰਨ ਤੋਂ ਬਿਨਾਂ ਹੋਰ ਕਿਸੇ ਥਾਂ ਤੋਂ ਸਦੀਵੀਂ ਸੁੱਖ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਉਹ ਆਪਾ ਭਾਵ ਤਿਆਗ ਕੇ ਹਮੇਸ਼ਾਂ ਪ੍ਰਭੂ ਸ਼ਰਨ ਵਿੱਚ ਪਏ ਰਹਿੰਦੇ ਹਨ।

**ਸੰਖੇਪ-ਵਿਚਾਰ :** ਪਰਮਾਤਮਾ ਦੀ ਟੇਕ, ਪਰਮਾਤਮਾ ਦੇ ਆਸਰੇ, ਤੋਂ ਬਿਨਾਂ ਸੰਸਾਰ ਦੇ ਸਾਰੇ ਆਸਰੇ ਤੇ ਟੇਕਾਂ ਝੂਠੀਆਂ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਸੁਖਮਨੀ ਸਾਹਿਬ ਅੰਦਰ ਫੁਰਮਾਨ ਹੈ :

**ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥**

ਮ: ੫, ਪੰਨਾ ੨੮੧



"**ਜੋ ਹਰਿ ਕੰਤਿ ਮਿਲਾਈਆ**" ਦੀ ਅਵਸਥਾ ਨੂੰ ਪ੍ਰਾਪਤ ਕਰ ਚੁੱਕੇ ਗੁਰੂ ਪਿਆਰੇ ਹਮੇਸ਼ਾਂ ਪਰਮਾਤਮਾ ਦੀ ਸ਼ਰਨ ਵਿੱਚ ਰਹਿ ਕੇ ਪ੍ਰਭੂ ਚਰਨਾਂ ਵਿੱਚ ਪੁਕਾਰਦੇ ਹਨ ਹੇ ਦਾਤਾ! ਮੈਂ ਆਪਣੇ ਬਲ ਨਾਲ ਇਸ ਕਲਯੁੱਗ ਦੇ ਸਮੇਂ ਵਿੱਚ ਸਾਬਤ ਨਹੀਂ ਰਹਿ ਸਕਦਾ। ਮੈਂ ਤੇਰੇ ਆਸਰੇ ਹੀ ਸੰਸਾਰ ਵਿੱਚ ਵਿਚਰ ਰਿਹਾ ਹਾਂ। ਦਾਤਾ! ਮੈਂ ਤੇਰੇ ਗੁਣ ਵੀ ਤੇਰੇ ਆਸਰੇ ਹੀ ਗਾਉਂਦਾ ਹਾਂ ਕਿਉਂਕਿ ਮੇਰੇ ਵਿੱਚ ਇਨ੍ਹਾਂ ਤਾਣ ਨਹੀਂ ਕਿ ਮੈਂ ਤੇਰੇ ਗੁਣ ਵੀ ਗਾ ਸਕਾਂ। ਹੇ ਮਾਲਕ! ਜੋ ਤੇਰੀ ਟੇਕ ਧਾਰਦਾ ਹੈ, ਉਸ ਦੇ ਨਜ਼ਦੀਕ ਕਾਲ ਨਹੀਂ ਆ ਸਕਦਾ। ਤੇਰੀ ਟੇਕ ਨਾਲ ਹੀ ਸੰਸਾਰ ਦੇ ਜੰਜਾਲਾਂ ਵਿੱਚੋਂ ਮਨੁੱਖ ਨਿਕਲ ਸਕਦਾ ਹੈ। ਹੇ ਮਾਲਕ! ਤੂੰ ਸਾਰਿਆਂ ਵਿੱਚ ਇੱਕ ਰਸ ਵਿਆਪਕ ਹੈਂ। ਮੈਨੂੰ ਇਸ ਲੋਕ ਤੇ ਪ੍ਰਲੋਕ ਵਿੱਚ ਤੇਰਾ ਹੀ ਆਸਰਾ ਹੈ। ਹੇ ਮਾਲਕ! ਤੇਰੇ ਆਸਰੇ ਹੀ ਮੈਂ ਤੈਨੂੰ ਜਪ ਸਕਦਾ ਹਾਂ। ਸੰਸਾਰ ਦੀ ਖੁਸ਼ੀ ਅਨੰਦ ਤੁਹਾਡੇ ਆਸਰੇ ਹੀ ਮੈਂ ਮਾਣ ਰਿਹਾ ਹਾਂ। ਤੇਰੇ ਆਸਰੇ ਹੀ ਸੰਸਾਰ ਸਮੁੰਦਰ 'ਚੋਂ ਤਰ ਸਕੀਦਾ ਹੈ। ਹੇ ਵਾਹਿਗੁਰੂ! ਤੂੰ ਸੁੱਖਾਂ ਦਾ ਸਾਗਰ ਹੈਂ। ਤੇਰੀ ਟੇਕ ਲੈਣ ਵਾਲੇ ਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ ਵਿਆਪਦਾ। ਤੂੰ ਸਾਰਿਆਂ ਦੇ ਦਿਲਾਂ ਦੀ ਜਾਨਣ ਵਾਲਾ ਹੈਂ। ਹੇ ਦਾਤਾਰ! ਲੋਕ ਪ੍ਰਲੋਕ ਵਿੱਚ ਮੈਨੂੰ ਤੇਰਾ ਹੀ ਆਸਰਾ ਹੈ। ਹੇ ਗੁਣਾਂ ਦੇ ਖਜਾਨੇ ਪ੍ਰਭੂ! ਸਾਰੇ ਜੀਵ-ਜੰਤ ਆਪ ਜੀ ਨੂੰ ਹੀ ਅਰਾਧਦੇ ਹਨ। ਤੇਰੇ ਦਾਸ ਤੈਨੂੰ ਹੀ ਧਿਆਉਂਦੇ ਹਨ ਕਿਉਂਕਿ ਤੂੰ ਉਨ੍ਹਾਂ ਦਾ ਜੀਵਨ ਅਧਾਰ ਹੈਂ। ਆਪ ਦਾ ਫੁਰਮਾਨ ਹੈ :

**ਤੇਰੀ ਟੇਕ ਰਹਾ ਕਲਿ ਮਾਹਿ ॥ ਤੇਰੀ ਟੇਕ ਤੇਰੇ ਗੁਣ ਗਾਹਿ ॥**

**ਤੇਰੀ ਟੇਕ ਨ ਪੋਹੈ ਕਾਲੁ ॥ ਤੇਰੀ ਟੇਕ ਬਿਨਸੈ ਜੰਜਾਲੁ ॥੧॥**

**ਦੀਨ ਦੁਨੀਆ ਤੇਰੀ ਟੇਕ ॥ ਸਭ ਮਹਿ ਰਵਿਆ ਸਾਹਿਬੁ ਏਕ ॥੧॥ ਰਹਾਉ ॥**

**ਤੇਰੀ ਟੇਕ ਕਰਉ ਆਨੰਦ ॥ ਤੇਰੀ ਟੇਕ ਜਪਉ ਗੁਰ ਮੰਤ ॥**

**ਤੇਰੀ ਟੇਕ ਤਰੀਐ ਭਉ ਸਾਗਰੁ ॥ ਰਾਖਣਹਾਰੁ ਪੂਰਾ ਸੁਖ ਸਾਗਰੁ ॥੨॥**

**ਤੇਰੀ ਟੇਕ ਨਾਹੀ ਭਉ ਕੋਇ ॥ ਅੰਤਰਜਾਮੀ ਸਾਚਾ ਸੋਇ ॥**

**ਤੇਰੀ ਟੇਕ ਤੇਰਾ ਮਨਿ ਤਾਣੁ ॥ ਈਹਾਂ ਊਹਾਂ ਤੂ ਦੀਬਾਣੁ ॥੩॥**

**ਤੇਰੀ ਟੇਕ ਤੇਰਾ ਭਰਵਾਸਾ ॥ ਸਗਲ ਧਿਆਵਹਿ ਪ੍ਰਭ ਗੁਣਤਾਸਾ ॥**

**ਜਪਿ ਜਪਿ ਅਨਦੁ ਕਰਹਿ ਤੇਰੇ ਦਾਸਾ ॥ ਸਿਮਰਿ ਨਾਨਕ ਸਾਚੇ ਗੁਣਤਾਸਾ ॥੪॥**

ਮ: ੫, ਪੰਨਾ ੧੧੪੭

ਪ੍ਰਭੂ ਸ਼ਰਨ ਹੀ ਸਾਰੇ ਸੁਖਾਂ ਦੀ ਦਾਤੀ ਹੈ।

## *ਅਸੁ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥*

**ਅੱਖਰੀ-ਅਰਥ :** ਅਸੂ ਮਹੀਨੇ ਦੁਆਰਾ ਵਿਸ਼ੇਸ਼ ਉਪਦੇਸ਼ ਸਤਿਗੁਰਾਂ ਇਹ ਹੀ ਪ੍ਰਦਾਨ ਕੀਤਾ ਹੈ ਕਿ ਲੋਕ-ਪ੍ਰਲੋਕ ਦੇ ਸਾਰੇ ਸੁੱਖ "ਹਰਿ-ਮਇਆ" (ਪ੍ਰਭੂ-ਕ੍ਰਿਪਾ) ਵਿੱਚ ਹੀ ਸਮੋਏ ਹੋਏ ਹਨ। ਜਿਨ੍ਹਾਂ ਉੱਪਰ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ, ਉਨ੍ਹਾਂ ਵਡਭਾਗੀਆਂ ਦਾ ਅੱਸੂ ਦਾ ਮਹੀਨਾ ਤਾਂ ਕੀ, ਸਾਰਾ ਜੀਵਨ ਹੀ ਸੁੱਖ ਅਨੰਦ ਨਾਲ ਬਤੀਤ ਹੁੰਦਾ ਹੈ।

**ਸੰਖੇਪ-ਵਿਚਾਰ :** ਜਗਿਆਸੂ, ਜੋ ਕੁੱਝ ਵੀ ਧਾਰਮਿਕ ਕਰਮ ਕਰਦੇ ਹਨ ਭਾਵ ਨਾਮ ਜਪਣਾ, ਗੁਰਬਾਣੀ ਪੜ੍ਹਨੀ ਨਿਤਨੇਮ ਕਰਨਾ, ਰਹਿਣੀ-ਰਹਿਤ ਵਿੱਚ ਰਹਿਣਾ, ਸੇਵਾ ਕਰਨੀ, ਪਰਉਪਕਾਰੀ ਸੁਭਾਅ ਧਾਰਨ ਕਰਨਾ, ਗੁਰੂ ਚਾਲੀ ਤੇ ਚੱਲਣਾ, ਇਹ ਸਾਰਾ ਕਰਮ ਇਸ ਕਰਕੇ ਕਰਦੇ ਤੇ ਕਰਨਾ ਹੈ ਤਾਂ ਜੋ ਅਸੀਂ "**ਪ੍ਰਭੂ ਮਇਆ**" (ਕਿਰਪਾ) ਦੇ ਪਾਤਰ ਬਣ ਸਕੀਏ।

ਜਦੋਂ ਸਤਿਗੁਰੂ ਦੀ ਨਦਰੇ-ਕਰਮ (ਮਿਹਰ) ਕਿਸੇ ਜਗਿਆਸੂ ਨੂੰ ਪ੍ਰਾਪਤ ਹੋ ਜਾਂਦੀ ਹੈ, ਫਿਰ ਤਾਂ ਉਸ ਨੂੰ ਲੋਕ-ਪ੍ਰਲੋਕ ਦੀਆਂ ਗਿਣਤੀ-ਮਿਣਤੀ ਤੋਂ ਬਾਹਰ ਦੀਆਂ ਖੁਸ਼ੀਆਂ ਅਨੰਦ ਪ੍ਰਾਪਤ ਹੋ ਜਾਂਦੇ ਹਨ। ਸਾਹਿਬਾਂ ਦਾ ਸਿਰੀ ਰਾਗ ਅੰਦਰ ਫੁਰਮਾਨ ਹੈ :

**ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥** ਮ: ੫, ਪੰਨਾ ੪੪

ਪ੍ਰਭੂ-ਮਿਹਰ ਦਾ ਖੁਲਾਸਾ ਕਰਦੇ ਸ੍ਰੀ ਗੁਰੂ ਅਰਜਨ ਦੇਵ ਜੀ ਰਾਮਕਲੀ ਦੀ ਵਾਰ ਅੰਦਰ ਫੁਰਮਾਉਂਦੇ ਹਨ। ਹੇ ਪ੍ਰਭੂ! ਜਿਸ ਉੱਪਰ ਆਪ ਜੀ ਦੀ ਮਿਹਰ ਹੋ ਜਾਂਦੀ ਹੈ ਉਹ ਹੰਕਾਰ ਤੋਂ ਰਹਿਤ ਹੋ ਜਾਂਦਾ ਹੈ। ਹੇ ਪ੍ਰਭੂ! ਜਿਸ ਉੱਪਰ ਆਪ ਦੀ ਨਦਰਿ ਹੋ ਜਾਵੇ, ਆਪ ਦੀ ਮਿਹਰ ਸਦਕਾ ਉਸ ਦੇ ਸਾਰੇ ਪਾਪ ਨਸ਼ਟ ਹੋ ਜਾਂਦੇ ਹਨ। ਆਪ ਦੀ ਮਿਹਰ ਦਾ ਪਾਤਰ ਨਿਰਭਉ ਹੋ ਜਾਂਦਾ ਹੈ। ਆਪ ਦੀ ਨਦਰੇ-ਕਰਮ ਦਾ ਪਾਤਰ, ਸੱਚੇ ਵਾਹਿਗੁਰੂ ਨਾਲ ਅਭੇਦ ਹੋ ਕੇ ਸਦਾ ਲਈ ਅੱਟਲ ਹੋ ਜਾਂਦਾ ਹੈ। ਹੇ ਵਾਹਿਗੁਰੂ! ਜਿਸ ਉੱਪਰ ਆਪ ਜੀ ਦੀ ਕ੍ਰਿਪਾ ਹੋ ਜਾਂਦੀ ਹੈ, ਉਸ ਨੂੰ ਤ੍ਰਿਸ਼ਨਾ ਦੀ ਅੱਗ ਪੋਹ ਵੀ ਨਹੀਂ ਸਕਦੀ। ਜੋ ਗੁਰੂ ਤੋਂ ਮਤ ਪ੍ਰਾਪਤ ਕਰ ਲੈਂਦਾ ਹੈ, ਉਹ ਆਪ ਦੀ ਮਿਹਰ ਦਾ ਪਾਤਰ ਬਣ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ ॥**

**ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ ॥**



**ਜਿਸ ਕੈ ਸੁਆਮੀ ਵਲਿ ਨਿਰਭਉ ਸੋ ਭਈ ॥**

**ਜਿਸ ਨੋ ਤੂ ਕਿਰਪਾਲੁ ਸਚਾ ਸੋ ਥਿਅਈ ॥**

**ਜਿਸ ਨੋ ਤੇਰੀ ਮਇਆ ਨ ਪੋਹੈ ਅਗਨਈ ॥**

**ਤਿਸ ਨੋ ਸਦਾ ਦਇਆਲੁ ਜਿਨਿ ਗੁਰ ਤੇ ਮਤਿ ਲਈ ॥੭॥** ਪਉੜੀ, ਪੰਨਾ ੯੬੧

ਹੇ ਵਾਹਿਗੁਰੂ! ਜਿਸ ਉੱਪਰ ਆਪ ਦੀ ਮਿਹਰ ਹੋ ਜਾਂਦੀ ਹੈ, ਉਸ ਤੋਂ ਕੋਈ ਵੀ ਕਰਮਾਂ ਦਾ ਲੇਖਾ ਨਹੀਂ ਪੁੱਛ ਸਕਦਾ। ਹੇ ਪ੍ਰਭੂ! ਜੋ ਤੁਹਾਡੀ ਕ੍ਰਿਪਾ ਦਾ ਪਾਤਰ ਬਣ ਜਾਂਦਾ ਹੈ, ਉਹ ਲੋਕ-ਪ੍ਰਲੋਕ ਵਿੱਚ, ਸੁੱਖ-ਅਨੰਦ ਦੇ ਨੌਂ-ਨਿਧੀ ਖਜਾਨੇ ਮਾਣਦਾ ਹੈ। ਜਿਸ ਉੱਪਰ ਆਪ ਜੀ ਦੀ ਰਹਿਮਤ ਹੋ ਜਾਂਦੀ ਹੈ, ਉਹ ਹਰ ਪੱਖ ਤੋਂ ਬੇ-ਮੁਹਤਾਜ ਹੋ ਜਾਂਦਾ ਹੈ। ਹੇ ਮਾਲਕ! ਜਿਸ ਉੱਪਰ ਆਪ ਜੀ ਦੀ ਮਿਹਰ ਹੋ ਜਾਂਦੀ ਹੈ, ਉਹ ਆਪ ਜੀ ਦੀ ਬੰਦਗੀ ਕਰਨ ਲੱਗ ਜਾਂਦਾ ਹੈ। ਕੈਸੀ ਹੈ ਬਰਕਤ ਪ੍ਰਭੂ ਮਇਆ ਵਿੱਚ ਸਾਹਿਬਾਂ ਦਾ ਫੁਰਮਾਨ ਹੈ :

**ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ ॥**

**ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ ॥**

**ਜਿਸ ਨੋ ਤੂ ਪ੍ਰਭ ਵਲਿ ਤਿਸੁ ਕਿਆ ਮੁਹਛੰਦਗੀ ॥**

**ਜਿਸ ਨੋ ਤੇਰੀ ਮਿਹਰ ਸੁ ਤੇਰੀ ਬੰਦਿਗੀ ॥੮॥** ਪਉੜੀ, ਪੰਨਾ ੯੬੧

ਗੁਰਮਤਿ ਦਾ ਮਾਰਗ ਗੁਰ ਪ੍ਰਸਾਦਿ ਦਾ ਮਾਰਗ ਹੈ। ਜਿਸ ਨੂੰ ਗੁਰਪ੍ਰਸਾਦਿ ਪ੍ਰਾਪਤ ਹੋ ਗਿਆ, ਉਸ ਨੂੰ ਸਭ ਕੁਝ ਹੀ ਪ੍ਰਾਪਤ ਹੋ ਗਿਆ।

❒❒❒

# ਕਤਿਕਿ (ਕੱਤਕ)

ਮੂਲ-ਪਾਠ

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥***
***ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥***
***ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥***
***ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥***
***ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥***
***ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥***
***ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥***
***ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥***
***ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥੯॥***

**ਪਦ-ਅਰਥ :** **ਕਤਿਕਿ** = ਕਤਕਿ ਦੇ ਮਹੀਨੇ ਦੁਆਰਾ ਗੁਰੂ ਉਪਦੇਸ਼। **ਕਾਹੂ ਜੋਗੁ** = ਕਿਸੇ ਨੂੰ ਦੋਸ਼ ਦੇਣਾ ਉੱਚਿਤ ਨਹੀਂ। **ਵਿਆਪਨਿ** = ਵਿਆਪਦੇ ਹਨ (ਦਬਾਅ ਪਾ ਲੈਂਦੇ ਹਨ)। **ਸਭੇ ਰੋਗ** = ਸਾਰੇ ਦੁੱਖ, ਸਾਰੇ ਕਸ਼ਟ। **ਵੇਮੁਖ** = ਪਰਮਾਤਮਾ ਵੱਲੋਂ ਮੂੰਹ ਮੋੜਣ ਨਾਲ। **ਰਾਮ** = ਪਰਮਾਤਮਾ। **ਜਨਮ ਵਿਜੋਗ** = ਜਨਮਾਂ ਜਨਮਾਂਤਰਾਂ ਦੇ ਵਿਛੋੜੇ। **ਖਿਨ ਮਹਿ** = ਥੋੜ੍ਹੇ ਚਿਰ ਵਿੱਚ ਹੀ। **ਕਉੜੇ** = ਦੁਖਦਾਈ, ਪ੍ਰੇਸ਼ਾਨ ਕਰਨ ਵਾਲੇ। **ਜਿਤੜੇ ਮਾਇਆ ਭੋਗ** = ਜਿੰਨੇ ਵੀ ਮਾਇਕੀ ਰਸਾਂ-ਕਸਾਂ ਦੇ ਚਸਕੇ ਭੋਗੇ ਸਨ। **ਵਿਚੁ ਨ ਕੋਈ ਕਰਿ ਸਕੈ।** ਇਨ੍ਹਾਂ ਦੁੱਖਾਂ ਤੋਂ ਬਚਾਉ ਲਈ ਕੋਈ ਵੀ ਵਿਚੋਲਗੀ ਨਹੀਂ ਕਰ ਸਕਦਾ। **ਕਿਸ ਥੈ** = ਕਿਸ ਪਾਸ। **ਰੋਵਹਿ ਰੋਜ** = ਆਪਣੇ ਦੁੱਖ ਦਾ ਰੋਣਾ ਰੋਵੇ। **ਕੀਤਾ** = ਆਪਣਾ ਕੀਤਾ। **ਧੁਰਿ ਸੰਜੋਗ** = ਧੁਰ ਦਰਗਾਰ ਤੋਂ ਲਿਖੇ ਕਰਮ (ਭਾਗ)। **ਵਡਭਾਗੀ** = ਉੱਤਮ ਭਾਗਾਂ ਦੀ ਬਦੌਲਤ। **ਉਤਰਹਿ** = ਦੂਰ ਹੋ ਜਾਂਦੇ ਹਨ। **ਬਿਓਗ** = ਵਿਛੋੜੇ ਦੇ ਦੁੱਖ। **ਸਾਹਿਬ** = ਮਾਲਕ। **ਬੰਦੀ ਮੋਚ** = ਕੈਦ ਤੋਂ ਛੁਡਾਉਣ ਵਾਲੇ, ਬੰਦੀ ਛੋੜ। **ਸਭੇ ਸੋਚ** = ਸਾਰੇ ਫਿਕਰ, ਸਾਰੇ ਚਿੰਤਾ ਝੋਰੇ।



# ਦੋਸੁ ਨ ਕਾਹੂ ਜੋਗੁ

ਸੰਸਾਰ ਵਿੱਚ ਵਿਚਰਦਿਆਂ ਮਨੁੱਖ ਦੇ ਜੀਵਨ ਅੰਦਰ ਸੁਖ ਵੀ ਅਤੇ ਦੁਖ ਵੀ ਵਾਰੋ-ਵਾਰੀ ਫੇਰਾ ਮਾਰਦੇ ਰਹਿੰਦੇ ਹਨ। ਸੁਖ ਦਾ ਸਮਾਂ ਮਿਲਣ ਤੇ ਮਨੁੱਖ, ਸੁਖ ਨੂੰ ਆਪਣੀ ਸਿਆਣਪ, ਅਕਲ ਤੇ ਯਤਨ ਦਾ ਫਲ ਸਮਝ ਕੇ ਹੰਕਾਰ ਕਰਨ ਲੱਗ ਜਾਂਦਾ ਹੈ। ਦੁੱਖ ਦਾ ਸਮਾਂ ਆਉਣ ਤੇ ਦੁੱਖ ਦੀ ਜਿੰਮੇਵਾਰੀ ਕਿਸੇ ਦੇ ਸਿਰ ਮੜ੍ਹ ਕੇ ਉਸ ਨੂੰ ਦੁੱਖ ਦੇਣ ਦਾ ਦੋਸ਼ੀ ਠਹਿਰਾਉਂਦਾ ਹੈ।

ਸਤਿਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਆਪਣੇ ਜੀਵਨ ਵਿੱਚ ਦੁੱਖ ਅਤੇ ਸੁਖ ਕਿਵੇਂ ਪ੍ਰਾਪਤ ਹੁੰਦੇ ਹਨ, ਦੀ ਸੱਚਾਈ ਨੂੰ ਪ੍ਰਗਟ ਕਰਦਿਆਂ ਗੁਰਬਾਣੀ ਅੰਦਰ ਵਰਨਣ ਕੀਤਾ ਹੈ ਕਿ ਹੇ ਜੀਵ! ਸੁਖ ਦਾ ਸਮਾਂ ਪ੍ਰਾਪਤ ਹੋਣ ਤੇ ਆਪਣੀ ਸਿਆਣਪ ਤੇ ਯਤਨ ਨੂੰ ਅੱਗੇ ਕਰਕੇ ਹੰਕਾਰ ਨਾ ਕਰ। ਦੁੱਖ ਦਾ ਸਮਾਂ ਆ ਜਾਣ ਤੇ ਕਿਸੇ ਦੇ ਸਿਰ ਦੋਸ਼ ਮੜ੍ਹ ਕੇ ਉਸ ਨੂੰ ਦੁੱਖ ਦੇਣ ਦਾ ਦੋਸ਼ੀ ਨਾ ਠਹਿਰਾ। ਤੇਰੇ ਜੀਵਨ ਵਿੱਚ ਜੋ ਦੁੱਖ ਜਾਂ ਸੁਖ ਦਾ ਸਮਾਂ ਆ ਰਿਹਾ ਹੈ, ਇਹ ਤੇਰੇ ਕੀਤੇ ਹੋਏ ਪੂਰਬਲੇ ਚੰਗੇ ਅਤੇ ਮਾੜੇ ਕਰਮਾਂ ਦਾ ਫਲ ਹੀ ਤੈਨੂੰ ਦੁੱਖ ਜਾਂ ਸੁਖ ਦੇ ਰੂਪ ਵਿੱਚ ਪ੍ਰਾਪਤ ਹੋ ਰਿਹਾ ਹੈ। ਪੂਰਬਲੇ ਜਨਮ ਵਿੱਚ ਕੀਤੇ ਚੰਗੇ ਕਰਮ ਤੈਨੂੰ ਸੁਖ ਦਾ ਫਲ ਪ੍ਰਦਾਨ ਕਰ ਰਹੇ ਹਨ ਅਤੇ ਪੂਰਬਲੇ ਕੀਤੇ ਮਾੜੇ ਕਰਮ ਹੀ ਤੈਨੂੰ ਦੁੱਖ ਦੇਣ ਦਾ ਕਾਰਣ ਬਣ ਰਹੇ ਹਨ। ਇਸ ਲਈ:

**ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥**
**ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥**

ਆਸਾ ਮ: ੧, ਪੰਨਾ ੪੩੩

ਤਥਾ: **ਸੁਖੁ ਦੁਖੁ ਪੁਰਬ ਜਨਮ ਕੇ ਕੀਏ ॥ ਸੋ ਜਾਣੈ ਜਿਨਿ ਦਾਤੈ ਦੀਏ ॥**
**ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ ॥**

ਮ: ੧, ਪੰਨਾ ੧੦੩੦

ਜਿੱਥੇ ਸੁਖ ਅਤੇ ਦੁੱਖ ਦੇ ਜਨਮਦਾਤਾ ਪੂਰਬਲੇ ਕਿਰਤ-ਕਰਮ ਹਨ, ਉੱਥੇ ਮਾਨਸਿਕ, ਸਰੀਰਕ ਅਤੇ ਜੰਮਣ-ਮਰਨ ਦੇ ਸਾਰੇ ਦੁੱਖਾਂ ਦਾ ਮੂਲ ਕਾਰਣ ਪਰਮਾਤਮਾ ਨੂੰ ਭੁੱਲ ਜਾਣਾ ਹੀ ਹੈ, ਜੋ ਸਾਡੇ ਸਾਰਿਆਂ ਦਾ ਮੂਲ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ ॥੧॥**

ਮ: ੫, ਪੰਨਾ ੯੬੧

ਆਪਣੇ ਮੂਲ ਪਰਮਾਤਮਾ ਤੋਂ ਬੇ-ਮੁੱਖ ਹੋ ਜਾਣਾ, ਉਸ ਨੂੰ ਭੁੱਲ ਜਾਣ ਦੀ, ਭੁੱਲ ਹੀ ਜੀਵ ਆਤਮਾ ਨੂੰ ਅਨੇਕਾਂ ਜੂਨਾਂ ਵਿੱਚ ਭਰਮਾਉਣ ਦਾ ਕਾਰਣ ਬਣਦੀ ਹੈ। ਇਹ ਭੁੱਲ ਤਾਂ ਕਈ ਜਨਮ ਧਰਤੀ ਉੱਪਰ ਰੀਂਗਣ ਵਾਲੇ ਕੀੜੇ-ਮਕੌੜਿਆਂ ਅਤੇ ਪਤੰਗਿਆਂ ਦੇ ਭੁਗਤਾਉਂਦੀ ਹੈ। ਕਈ ਜਨਮ, ਹਾਥੀ, ਮਿਰਗ, ਮੱਛੀਆਂ ਦੇ ਭੁਗਤਣੇ ਪੈਂਦੇ ਹਨ। ਇਹ ਭੁੱਲ ਤਾਂ ਅਨੇਕਾਂ ਜਨਮ ਅਕਾਸ਼ ਵਿੱਚ ਉੱਡਣ ਵਾਲੇ ਪੰਛੀਆਂ ਅਤੇ ਜ਼ਹਿਰੀਲੇ ਸੱਪਾਂ ਦੀਆਂ ਜੂਨਾਂ ਵਿੱਚ ਭਰਮਾਉਂਦੀ ਹੈ। ਪ੍ਰਭੂ ਨੂੰ ਭੁੱਲ ਜਾਣ ਦੀ ਭੁਲ ਹੀ ਜੀਵ-ਆਤਮਾ ਨੂੰ ਬਲਦ ਤੇ ਘੋੜਿਆਂ ਦੀਆਂ ਜੂਨਾਂ ਵਿੱਚ ਜਨਮ ਦੁਆ ਕੇ, ਇਸ ਆਤਮਾ ਕੋਲੋਂ ਹਲ ਵਹਾਉਂਦੀ ਹੈ। ਕਈ ਜਨਮ, ਪੱਥਰ ਤੇ ਪਹਾੜਾਂ ਦੀਆਂ ਜੂਨਾਂ ਦੇ ਭੁਗਤਣੇ ਪੈਂਦੇ ਹਨ। ਪਰਮਾਤਮਾ ਨੂੰ ਭੁੱਲ ਜਾਣ ਕਾਰਨ, ਕਈ ਜਨਮ ਮਾਤਾ ਦੇ ਗਰਭ ਵਿੱਚ ਹੀ ਗਲ ਕੇ ਜਨਮ ਲੈਣ ਦਾ ਸਮਾਂ ਹੀ ਪ੍ਰਾਪਤ ਨਹੀਂ ਹੁੰਦਾ। ਕਈ ਜਨਮ ਅਨੇਕ ਪ੍ਰਕਾਰ ਦੀ ਬਨਸਪਤੀ ਦੇ ਬੂਟੇ ਤੇ ਦਰਖਤਾਂ ਦੇ ਜਨਮ ਇਸ ਭੁੱਲ ਨੇ ਭੁਗਤਾਏ, ਫਿਰ ਕਿਤੇ ਚੌਰਾਸੀ ਲੱਖ ਜੂਨ ਵਿੱਚ ਭ੍ਰਮਣ ਤੋਂ ਬਾਅਦ ਪਰਮਾਤਮਾ ਨੇ ਆਪਣੇ ਨਾਲ ਮਿਲਣ ਵਾਸਤੇ ਮਨੁੱਖਾ ਜਨਮ ਦਾ ਮੌਕਾ (ਸਮਾਂ) ਪ੍ਰਦਾਨ ਕੀਤਾ ਹੈ। ਜੇ ਇਸ ਮਨੁੱਖਾ ਜਨਮ ਵਿੱਚ ਵੀ ਪ੍ਰਮਾਤਮਾ ਨੂੰ ਭੁਲਾਈ ਰੱਖਿਆ, ਹੇ ਜੀਵ ਆਤਮਾ! ਫਿਰ ਮੁੜ ਅਨੇਕਾਂ ਜੂਨਾਂ ਵਿੱਚ ਭਰਮਣਾ ਪਵੇਗਾ। ਸਤਿਗੁਰਾਂ ਦਾ ਬਚਨ ਪੜ੍ਹ ਕੇ ਹਿਰਦੇ ਵਿੱਚ ਵਸਾ। ਗੁਰੂ ਬਚਨ ਦੀ ਕਮਾਈ ਕਰ, ਤਾਂ ਜੋ ਤੇਰਾ ਆਵਾਗਉਣ ਦਾ ਚੱਕਰ ਖ਼ਤਮ ਹੋ ਜਾਵੇ। ਸਤਿਗੁਰਾਂ ਦਾ ਫੁਰਮਾਨ ਹੈ :

**ਕਈ ਜਨਮ ਭਏ ਕੀਟ ਪਤੰਗਾ ॥ ਕਈ ਜਨਮ ਗਜ ਮੀਨ ਕੁਰੰਗਾ ॥**

**ਕਈ ਜਨਮ ਪੰਖੀ ਸਰਪ ਹੋਇਓ ॥ ਕਈ ਜਨਮ ਹੈਵਰ ਬ੍ਰਿਖ ਜੋਇਓ ॥੧॥**

**ਮਿਲੁ ਜਗਦੀਸ ਮਿਲਨ ਕੀ ਬਰੀਆ ॥ ਚਿਰੰਕਾਲ ਇਹ ਦੇਹ ਸੰਜਰੀਆ ॥੧॥ ਰਹਾਉ ॥**

**ਕਈ ਜਨਮ ਸੈਲ ਗਿਰਿ ਕਰਿਆ ॥ ਕਈ ਜਨਮ ਗਰਭ ਹਿਰਿ ਖਰਿਆ ॥**

**ਕਈ ਜਨਮ ਸਾਖ ਕਰਿ ਉਪਾਇਆ ॥ ਲਖ ਚਉਰਾਸੀਹ ਜੋਨਿ ਭ੍ਰਮਾਇਆ ॥੨॥**

ਮ: ੫, ਪੰਨਾ ੧੭੬

ਸਤਿਗੁਰੂ ਅਰਜਨ ਦੇਵ ਜੀ, ਕੱਤਕ ਦੇ ਮਹੀਨੇ ਅੰਦਰ ਸਾਨੂੰ ਜੀਵਾਂ ਨੂੰ ਉਪਦੇਸ਼



ਪ੍ਰਦਾਨ ਕਰਦੇ ਹਨ ਕਿ ਇਸ ਮਹੀਨੇ ਦਾ ਇਹੀ ਉਪਦੇਸ਼ ਹੈ ਕਿ ਹੇ ਜੀਵ! ਜੋ ਕਰਮ ਵੀ ਤੂੰ ਕਰਨਾ ਹੈ, ਉਸ ਨੂੰ ਸੋਚ-ਵਿਚਾਰ ਕੇ ਗੁਰੂ ਅਗਵਾਈ ਵਿੱਚ ਕਰ, ਤਾਂ ਜੋ ਇਹ ਕੀਤਾ ਕਰਮ ਤੈਨੂੰ ਪੁਰਬ-ਕਮਾਈ ਬਣ ਕੇ ਦੁੱਖ ਨਾ ਦੇਵੇ।

ਦੂਸਰਾ ਆਪਣੇ ਮੂਲ ਪਰਮਾਤਮਾ ਤੋਂ ਬੇ-ਮੁਖ ਹੋਣ ਦੀ, ਭੁੱਲ ਨਾ ਕਰੀਂ, ਜੇ ਇਹ ਭੁੱਲ ਕਰ ਬੈਠਾ, ਫਿਰ ਯਾਦ ਰਖੀਂ! **"ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ"**ਦਾ ਚੱਕਰ ਤੇਰੇ ਗਲ ਪੈ ਜਾਵੇਗਾ ਤੇ ਤੂੰ ਫਿਰ **"ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ"** ਦਾ ਦੁੱਖ ਸਹੇੜ ਲਵੇਂਗਾ।

## *ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*

**ਅੱਖਰੀ-ਅਰਥ :** ਕੱਤਕ ਦੇ ਮਹੀਨੇ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਅਸਾਂ ਜੀਵਾਂ ਨੂੰ ਉਪਦੇਸ਼ ਪ੍ਰਦਾਨ ਕਰਦੇ ਹਨ ਕਿ ਹੇ ਜੀਵ! ਸੰਸਾਰ ਵਿੱਚ ਤੇਰੀ ਜ਼ਿੰਦਗੀ ਅੰਦਰ ਜੋ ਵੀ ਦੁੱਖ-ਤਕਲੀਫ ਜਾਂ ਪ੍ਰੇਸ਼ਾਨੀ ਆ ਰਹੀ ਹੈ, ਇਹ ਸਾਰੇ ਦੁੱਖਾਂ-ਤਕਲੀਫਾਂ, ਪਰੇਸ਼ਾਨੀਆਂ ਲਈ ਕਿਸੇ ਨੂੰ ਦੋਸ਼ੀ ਨਾ ਠਹਿਰਾ। ਇਹ ਸਾਰੇ ਦੁੱਖ-ਤਕਲੀਫਾਂ, ਪ੍ਰੇਸ਼ਾਨੀਆਂ ਤੇਰੇ ਆਪਣੇ ਕੀਤੇ ਹੋਏ ਪੂਰਬਲੇ ਕਰਮਾਂ ਦੇ ਫਲਸਰੂਪ ਹੀ ਤੈਨੂੰ ਭੋਗਣੀਆਂ ਪੈ ਰਹੀਆਂ ਹਨ।

**ਸੰਖੇਪ-ਵਿਚਾਰ :** ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਮਕਲੀ ਰਾਗ ਅੰਦਰ ਫੁਰਮਾਨ ਹੈ ਕਿ ਹੇ ਮਨੁੱਖ! ਦੁੱਖ ਦਾ ਸਮਾਂ ਆਉਣ ਤੇ ਨਾ ਕਿਸੇ ਧੀ-ਪੁੱਤਰ ਨੂੰ, ਨਾ ਕਿਸੇ ਆਂਢ-ਗੁਆਂਢ ਨੂੰ ਅਤੇ ਨਾ ਹੀ ਕਿਸੇ ਹੋਰ ਨੂੰ ਦੁੱਖ ਦਾ ਕਾਰਣ ਠਹਿਰਾ ਕੇ ਦੋਸ਼ ਦੇਹ। ਇਹ ਸਾਰਾ ਦੁੱਖ-ਪ੍ਰੇਸ਼ਾਨੀ ਜੋ ਤੇਰੇ ਅੱਗੇ ਆ ਰਹੀ ਹੈ, ਇਹ ਪੂਰਬਲੇ ਜਨਮ ਵਿੱਚ ਤੇਰੇ ਕੀਤੇ ਹੋਏ ਕਰਮਾਂ ਦਾ ਫਲ ਹੀ ਤੈਨੂੰ ਹੁਣ ਪ੍ਰਾਪਤ ਹੋ ਰਿਹਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਦੋਸੁ ਨ ਦੀਜੈ ਕਾਹੂ ਲੋਗ ॥ ਜੋ ਕਮਾਵਨੁ ਸੋਈ ਭੋਗ ॥**

ਮ: ੫, ਪੰਨਾ ੮੮੮

ਭਗਤ ਤ੍ਰਿਲੋਚਨ ਜੀ ਧਨਾਸਰੀ ਰਾਗ ਅੰਦਰ ਬਚਨ ਅੰਕਿਤ ਕਰਦੇ ਹਨ ਕਿ ਹੇ ਭ੍ਰਮ ਵਿੱਚ ਭੁੱਲੀ ਹੋਈ ਮੂਰਖ ਇਸਤ੍ਰੀ! ਤੂੰ ਪਰਮਾਤਮਾ ਦੀ ਕਿਉਂ ਨਿੰਦਾ ਕਰਦੀ ਹੈ। ਜੀਵਨ ਵਿੱਚ ਜੋ ਵੀ ਦੁੱਖ ਜਾਂ ਸੁਖ ਤੈਨੂੰ ਪ੍ਰਾਪਤ ਹੋ ਰਹੇ ਹਨ, ਇਹ ਤੇਰੇ ਕੀਤੇ ਹੋਏ ਪੂਰਬਲੇ ਜਨਮਾਂ ਦੇ ਕਰਮਾਂ ਦਾ ਹੀ ਫਲ ਹੈ। ਇਸ ਲਈ ਕਿਸੇ ਨੂੰ ਦੋਸ਼ ਨਾ ਦੇਹ। ਆਪ ਦਾ ਫੁਰਮਾਨ ਹੈ :

**ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ॥**

**ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ॥੧॥** ਤ੍ਰਿਲੋਚਨ ਜੀ, ਪੰਨਾ ੬੯੫

ਮਨੁੱਖ ਮਾਇਆ ਦੇ ਪ੍ਰਭਾਵ ਅਧੀਨ ਸਤਿਗੁਰੂ ਦੀ ਅਵਾਜ਼ ਨਹੀਂ ਸੁਣਦਾ। ਜੇ ਸਤਿਗੁਰੂ ਜੀ ਦੇ ਬਚਨ ਸੁਣ ਕੇ, ਉਸ ਉੱਤੇ ਅਮਲ ਕਰਨਾ ਅਰੰਭ ਕਰ ਦੇਵੇ ਤਾਂ ਇਸ ਦਾ ਜੀਵਨ ਸਹਿਜ-ਸੁਹੇਲਾ ਬਣ ਜਾਵੇ ਅਤੇ ਦੁੱਖ ਇਸ ਦੇ ਨੇੜੇ ਤੱਕ ਨਾ ਫਟਕਣ। ਸਤਿਗੁਰੂ ਤਾਂ ਪੁਕਾਰ-ਪੁਕਾਰ ਕੇ ਬਚਨ ਉਚਾਰਨ ਕਰਕੇ ਸਾਨੂੰ ਦਰਸਾਉਂਦੇ ਹਨ ਕਿ ਹੇ ਮਨੁੱਖ! ਕੁਦਰਤ ਦੇ ਨੇਮ ਅਨੁਸਾਰ ਤੇਰੇ ਕੀਤੇ ਕਰਮਾਂ ਦਾ ਫਲ ਤੈਂ ਹੀ ਭੁਗਤਣਾ ਹੈ, ਫਿਰ ਤੂੰ ਮਾੜੇ ਕਰਮ ਕਿਉਂ ਕਰਦਾ ਹੈ ? ਭਾਵ ਤੈਨੂੰ ਮਾੜੇ ਕਰਮ ਨਹੀਂ ਕਰਨੇ ਚਾਹੀਦੇ। ਸਤਿਗੁਰਾਂ ਦਾ ਫੁਰਮਾਨ ਹੈ :

**ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥**

**ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥**ਪਉੜੀ, ਪੰਨਾ ੪੭੪

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ "**ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ**" ਦੀ ਸੱਚਾਈ ਦੀ ਵਿਆਖਿਆ ਮਾਰੂ ਰਾਗ ਅੰਦਰ ਕਰਦਿਆਂ ਮਨੁੱਖ ਨੂੰ ਸੰਬੋਧਨ ਕਰਕੇ ਫੁਰਮਾਨ ਕੀਤਾ ਹੈ। ਹੇ ਪ੍ਰਾਣੀ! ਇਸ ਜਨਮ ਅੰਦਰ ਸੁਖ ਜਾਂ ਦੁੱਖ ਜੋ ਕੁਝ ਵੀ ਤੂੰ ਭੋਗ ਰਿਹਾ ਹੈ। ਇਹ ਸੁਖ ਜਾਂ ਦੁੱਖ ਤੇਰੇ ਪੂਰਬਲੇ ਕੀਤੇ ਕਰਮਾਂ ਦਾ ਫਲ ਹੀ ਤੈਨੂੰ ਪ੍ਰਾਪਤ ਹੋ ਰਿਹਾ ਹੈ। ਕਰਮ ਤੂੰ ਕੀਤੇ ਹਨ, ਉਨ੍ਹਾਂ ਕਰਮਾਂ ਦਾ ਫਲ ਕਰਤਾਰ ਨੇ ਤੈਨੂੰ ਦੁੱਖ ਜਾਂ ਸੁਖ ਦੇ ਰੂਪ ਵਿੱਚ ਦਿੱਤਾ ਹੈ। ਇਸ ਭੇਦ ਨੂੰ ਕਰਤਾਰ ਆਪ ਹੀ ਜਾਣਦਾ ਹੈ। ਹੁਣ ਕਰਮਾਂ ਦਾ ਭੁਗਤਾਨ ਕਰਨ ਸਮੇਂ ਤੂੰ ਕਿਸੇ ਨੂੰ ਕਿਉਂ ਦੋਸ਼ ਦਿੰਦਾ ਹੈ? ਇਹ ਤੇਰੇ ਆਪਣੇ ਮਾੜੇ ਚੰਗੇ ਕੀਤੇ ਕਰਮਾਂ ਦਾ ਫਲ ਤੈਨੂੰ ਹੀ ਭੁਗਤਣਾ ਪੈ ਰਿਹਾ ਹੈ। ਇਸ ਲਈ ਹੁਣ ਤੂੰ ਆਪਣੀ ਪੁਰਬ-ਕਮਾਈ ਨੂੰ ਆਪ ਹੀ ਸਹਾਰ, ਤੇ ਇਸ ਤੋਂ ਸਿੱਖਿਆ ਲੈ ਅਗਾਂਹ ਤੋਂ, ਵਰਤਮਾਨ ਵਿੱਚ ਮਾੜੇ ਕਰਮ ਕਰਨ ਤੋਂ ਗੁਰੇਜ਼ ਕਰ, ਕਿਉਂਕਿ ਇਨ੍ਹਾਂ ਕਿਰੇਮਾਨ-ਕਰਮਾਂ ਨੇ ਹੀ ਤੇਰੀ ਪੁਰਬ-ਕਮਾਈ ਬਣਨਾ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਸੁਖੁ ਦੂਖੁ ਪੁਰਬ ਜਨਮ ਕੇ ਕੀਏ॥ ਸੋ ਜਾਣੈ ਜਿਨਿ ਦਾਤੈ ਦੀਏ॥**

**ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ ਸਹੁ ਅਪਣਾ ਕੀਆ ਕਰਾਰਾ ਹੇ॥੧੪॥**

ਮ: ੧, ਪੰਨਾ ੧੦੩੦

ਦੋਸ ਤਾਂ ਦੂਸਰੇ ਨੂੰ ਤਦ ਦੇਈਏ ਜੇ ਸਾਡੇ ਥਾਂ ਕਰਮ ਬੀਜ ਕਿਸੇ ਹੋਰ ਨੇ ਬੀਜੇ ਹੋਣ। ਦੁਖ ਸੁਖ ਸਾਡੇ ਆਪਣੇ ਹੀ ਕਰਮਾਂ ਦਾ ਫਲ ਹੈ।



## *ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*

**ਅੱਖਰੀ-ਅਰਥ :** ਜ਼ਿੰਦਗੀ ਅੰਦਰ ਜਿੰਨੇ ਵੀ ਮਾਨਸਿਕ, ਸਰੀਰਕ, ਆਰਥਿਕ ਅਤੇ ਜੰਮਣ-ਮਰਣ ਦੇ ਦੁੱਖ, ਮਨੁੱਖ ਨੂੰ ਵਿਆਪਦੇ ਹਨ, ਇਨ੍ਹਾਂ ਸਾਰੇ ਦੁੱਖਾਂ ਦਾ ਮੂਲ ਕਾਰਣ ਪਰਮਾਤਮਾ ਨੂੰ ਭੁੱਲ ਜਾਣਾ ਹੀ ਹੈ।

**ਸੰਖੇਪ-ਵਿਚਾਰ :** ਰਾਮਕਲੀ ਦੀ ਵਾਰ ਦੀ ਪਉੜੀ ਅੰਦਰ ਸਤਿਗੁਰੂ ਅਰਜਨ ਦੇਵ ਜੀ ਨੇ "**ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ**" ਦੀ ਵਿਆਖਿਆ ਬੜੇ ਵਿਸਥਾਰ ਨਾਲ ਹੇਠ ਲਿਖੇ ਅਨੁਸਾਰ ਕੀਤੀ ਹੈ। ਹੇ ਪਰਮਾਤਮਾ! ਤੁਹਾਡੀ ਹੋਂਦ ਨੂੰ ਜਦੋਂ ਜੀਵ ਭੁੱਲ ਜਾਂਦੇ ਹਨ, ਉਸ ਭੁੱਲ ਸਦਕਾ ਜੀਵ ਮਾਇਆ ਦੇ ਪ੍ਰਭਾਵ ਅਧੀਨ ਵਿਚਰ ਕੇ ਮਾੜੇ ਕਰਮਾਂ ਵਿੱਚ ਪ੍ਰਵਿਰਤ ਹੋ ਜਾਂਦੇ ਹਨ। ਉਨ੍ਹਾਂ ਮਾੜੇ ਕਰਮਾਂ ਦਾ ਫਲ ਦੁੱਖ ਤੇ ਮਾਨਸਿਕ ਪ੍ਰੇਸ਼ਾਨੀਆਂ ਦੇ ਰੂਪ ਵਿੱਚ ਮਨੁੱਖ ਨੂੰ ਅਗਲੇ ਜਨਮ ਵਿੱਚ ਭੁਗਤਣਾ ਪੈਂਦਾ ਹੈ। ਸੰਸਾਰ ਦੇ ਦੁੱਖ ਤੇ ਪ੍ਰੇਸ਼ਾਨੀਆਂ ਤੁਹਾਨੂੰ ਭੁੱਲਣ ਕਰਕੇ ਹੀ ਜੀਵ ਭੋਗਦੇ ਹਨ। ਕੀਤੇ ਕਰਮਾਂ ਦੇ ਦੁੱਖਾਂ ਤੋਂ ਬਚਣ ਦੇ ਮਨੁੱਖ ਜਿੰਨੇ ਮਰਜੀ ਉਪਾਅ ਕਰ ਲਵੇ, ਪਰ ਇਨ੍ਹਾਂ ਕਿਰਤ-ਕਰਮਾਂ ਦੇ ਦੁੱਖਾਂ ਤੋਂ ਬਚਾਉ ਨਹੀਂ ਹੋ ਸਕਦਾ। ਹੇ ਪਰਮਾਤਮਾ! ਜਿਹੜਾ ਮਨੁੱਖ ਤੁਹਾਨੂੰ ਭੁੱਲ ਜਾਂਦਾ ਹੈ, ਭਾਵ ਆਪ ਦਾ ਨਾਮ ਨਹੀਂ ਜਪਦਾ, ਅਜਿਹਾ ਮਨੁੱਖ ਸੰਸਾਰ ਵਿੱਚ ਕੰਗਾਲ ਗਿਣਿਆ ਜਾਂਦਾ ਹੈ। ਜਿਸ ਮਨੁੱਖ ਨੂੰ ਆਪ ਦਾ ਨਾਮ ਵਿਸਰ ਜਾਂਦਾ ਹੈ, ਅਜਿਹੇ ਮਨੁੱਖ ਦੀ ਆਤਮਾ ਨੂੰ ਅਨੇਕਾਂ ਜੂਨਾਂ ਵਿੱਚ ਭਰਮਣਾ ਪੈਂਦਾ ਹੈ। ਜਿਹੜਾ ਪ੍ਰਾਣੀ ਤੁਹਾਨੂੰ ਭੁੱਲ ਜਾਂਦਾ ਹੈ, ਜਮਦੂਤ ਪਰਲੋਕ ਵਿੱਚ ਉਸ ਨੂੰ ਅਨੇਕ ਤਰ੍ਹਾਂ ਦੀਆਂ ਸਜਾਵਾਂ ਦਿੰਦੇ ਹਨ। ਜਿਸ ਮਨੁੱਖ ਨੂੰ ਪ੍ਰਮਾਤਮਾ ਯਾਦ ਨਹੀਂ ਆਉਂਦਾ, ਪਰਮਾਤਮਾ ਨੂੰ ਭੁੱਲ ਜਾਣ ਦੀ ਬ-ਦੌਲਤ, ਉਸ ਨੂੰ ਆਧਿ-ਬਿਆਧਿ-ਉਪਾਧਿ ਤਿੰਨੇ ਰੋਗ ਆ ਚੰਬੜਦੇ ਹਨ। ਪਰਮਾਤਮਾ ਨੂੰ ਭੁੱਲ ਕੇ ਮਨੁੱਖ ਹੰਕਾਰੀ ਬਣ ਜਾਂਦਾ ਹੈ। ਉਹ ਮਨੁੱਖ ਸਭ ਤੋਂ ਵੱਧ ਦੁਖੀ ਜੀਵਨ ਭੋਗਦਾ ਹੈ, ਜਿਸ ਨੂੰ ਪਰਮਾਤਮਾ ਯਾਦ ਨਹੀਂ ਆਉਂਦਾ। ਕੈਸਾ ਹੈ ਪਰਮਾਤਮਾ ਨੂੰ ਭੁੱਲ ਜਾਣ ਦਾ ਦੁੱਖ ? ਸਤਿਗੁਰਾਂ ਦੀ ਰਸਨਾ ਤੋਂ ਸ੍ਰਵਣ ਕਰੀਏ :

**ਸਭੇ ਦੁਖ ਸੰਤਾਪ ਜਾਂ ਤੁਧਹੁ ਭੁਲੀਐ॥**

**ਜੇ ਕੀਚਨਿ ਲਖ ਉਪਾਵ ਤਾਂ ਕਹੀ ਨ ਘੁਲੀਐ॥**

**ਜਿਸ ਨੋ ਵਿਸਰੈ ਨਾਉ ਸੁ ਨਿਰਧਨੁ ਕਾਂਢੀਐ॥**

ਜਿਸ ਨੋ ਵਿਸਰੈ ਨਾਉ ਸੁ ਜੋਨੀ ਹਾਂਢੀਐ॥

ਜਿਸੁ ਖਸਮੁ ਨ ਆਵੈ ਚਿਤਿ ਤਿਸੁ ਜਮੁ ਡੰਡੁ ਦੇ॥

ਜਿਸੁ ਖਸਮੁ ਨ ਆਵੀ ਚਿਤਿ ਰੋਗੀ ਸੇ ਗਣੇ॥

ਜਿਸੁ ਖਸਮੁ ਨ ਆਵੀ ਚਿਤਿ ਸੁ ਖਰੋ ਅਹੰਕਾਰੀਆ॥

ਸੋਈ ਦੁਹੇਲਾ ਜਗਿ ਜਿਨਿ ਨਾਉ ਵਿਸਾਰੀਆ॥੧੪॥ ਮ: ੫, ਪੰਨਾ ੯੬੪

ਜਿਹੜੇ ਜੀਵ ਸਰਬ ਵਿਆਪਕ ਪਰਮਾਤਮਾ, ਜੋ ਸਭ ਕਾਸੇ ਦਾ ਮੂਲ ਹੈ, ਉਸ ਤੋਂ ਬੇਮੁੱਖ ਹੋ ਜਾਂਦੇ ਹਨ, ਉਸ ਨੂੰ ਭੁੱਲ ਜਾਂਦੇ ਹਨ, ਪਰਮਾਤਮਾ ਤੋਂ ਬੇਮੁੱਖ ਹੋਏ ਜੀਵਾਂ ਨੂੰ ਆਪਣੇ ਮੂਲ ਪ੍ਰਭੂ ਤੋਂ ਬਹੁਤ ਲੰਬੇ ਵਿਛੋੜੇ ਪੈ ਜਾਂਦੇ ਹਨ। ਉਨ੍ਹਾਂ ਪ੍ਰਤੀ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

ਤੁਧਹੁ ਭੁਲੇ ਸਿ ਜਮਿ ਜਮਿ ਮਰਦੇ ਤਿਨ ਕਦੇ ਨ ਚੁਕਨਿ ਹਾਵੇ॥

ਮ: ੫, ਪੰਨਾ ੯੬੧

ਸਾਰੇ ਦੁੱਖ ਪਰਮਾਤਮਾਂ ਨੂੰ ਭੁੱਲਣ ਨਾਲ ਵਿਆਪਦੇ ਹਨ ਜੇ ਭੁੱਲ ਨੂੰ ਯਾਦ ਵਿੱਚ ਬਦਲ ਲਈਏ ਤਾਂ ਸਾਰੇ ਦੁੱਖ, ਸੁੱਖਾਂ ਵਿੱਚ ਤਬਦੀਲ ਹੋ ਜਾਣਗੇ।

## *ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ॥*

**ਅੱਖਰੀ-ਅਰਥ :** ਜਿਹੜੇ ਜੀਵ ਪਰਮਾਤਮਾ ਤੋਂ ਬੇ-ਮੁੱਖ ਹੋ ਜਾਂਦੇ ਹਨ, ਪਰਮਾਤਮਾ ਦੀ ਹੋਂਦ-ਹਸਤੀ ਨੂੰ ਭੁੱਲ ਜਾਂਦੇ ਹਨ। ਪਰਮਾਤਮਾ ਨੂੰ ਭੁੱਲਣ ਸਦਕਾ ਉਨ੍ਹਾਂ ਦੀ ਆਤਮਾ ਦੀ ਪਰਮਾਤਮਾ ਤੋਂ ਦੂਰੀ ਪੈ ਜਾਂਦੀ ਹੈ ਅਤੇ ਉਹ ਆਤਮਾਵਾਂ, ਪਰਮਾਤਮਾ ਤੋਂ ਵਿਛੜ ਕੇ ਚੌਰਾਸੀ ਲੱਖ ਜੂਨਾਂ ਦੇ ਚੱਕਰ ਵਿੱਚ ਜੰਮਦੀਆਂ-ਮਰਦੀਆਂ ਰਹਿੰਦੀਆਂ ਹਨ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਆਵਾਗਉਣ ਦਾ ਗੇੜ ਜੋ ਚੱਲ ਰਿਹਾ ਹੈ। ਇਸ ਦਾ ਮੂਲ ਕਾਰਣ ਪਰਮਾਤਮਾ ਅਤੇ ਗੁਰੂ ਤੋਂ ਬੇ-ਮੁੱਖ ਹੋਣਾ ਹੀ ਹੈ। ਜੇ ਮਨੁੱਖ, ਪਰਮਾਤਮਾ ਨੂੰ ਯਾਦ ਕਰੇ, ਗੁਰੂ ਦੇ ਸਨਮੁਖ ਰਹੇ ਭਾਵ ਜੋ ਸਤਿਗੁਰੂ ਉਪਦੇਸ਼ ਕਰਦੇ ਹਨ ਉਸ ਅਨੁਸਾਰ ਆਪਣਾ ਜੀਵਨ ਢਾਲੇ, ਅਜਿਹਾ ਹੁਕਮ-ਰਜਾਈ ਚੱਲਣ ਵਾਲਾ ਗੁਰੂ ਪਿਆਰਾ ਪਰਮਾਤਮਾ ਵਿੱਚ ਅਭੇਦ ਹੋ ਕੇ ਆਪਣਾ ਆਵਾਗਉਣ ਦਾ ਚੱਕਰ ਮੇਟ ਲੈਂਦਾ ਹੈ। ਇਸ ਦੇ ਉਲਟ ਜਿਹੜਾ ਮਨੁੱਖ :



ਕਹੈ ਪ੍ਰਭੁ ਅਵਰੁ ਅਵਰੁ ਕਿਛੁ ਕੀਜੈ ਸਭੁ ਬਾਦਿ ਸੀਗਾਰੁ ਫੋਕਟ ਫੋਕਟਈਆ॥

ਮ : ੪, ਪੰਨਾ ੮੩੬

ਜੋ ਗੁਰੂ ਕਹਿੰਦਾ ਹੈ, ਉਸ ਤੋਂ ਉਲਟ ਜੋ ਆਪਣੀ ਮਰਜੀ ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਹ ਗੁਰੂ ਤੋਂ ਬੇ-ਮੁੱਖ ਹੋ ਕੇ ਟੇਢੀਆਂ ਜੂਨਾਂ ਵਿੱਚ ਭਟਕਦਾ ਹੈ। ਇਤਿਹਾਸ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਸਤਿਗੁਰੂ ਨਾਨਕ ਪਾਤਸ਼ਾਹ ਸਿਆਲਕੋਟ ਗਏ। ਹਮਜਾ ਗੌਂਸ ਪੀਰ ਦੀ ਕ੍ਰੋਪੀ ਤੋਂ ਸ਼ਹਿਰ ਦੇ ਲੋਕਾਂ ਨੂੰ ਰਾਹਤ ਦਿਵਾਈ। ਮੂਲਾ ਕਿਰਾੜ ਖਤਰੀ, ਜਿਸ ਨੇ ਮਰਦਾਨੇ ਨੂੰ ਕਾਗਜ਼ ਦੇ ਦੋ ਟੁੱਕੜਿਆਂ ਉੱਪਰ ਦੋ ਪੈਸਿਆਂ ਦੀ ਖ੍ਰੀਦ ਬਦਲੇ ਲਿਖ ਕੇ ਦਿੱਤਾ ਸੀ ਕੀ "ਜੀਣਾ ਝੂਠ ਮਰਨਾ ਸੱਚ" ਪਰ ਅਜੇ ਇਹ ਅਸਲੀਅਤ ਉਸ ਦੇ ਮਨ ਅੰਦਰ ਘਰ ਨਹੀਂ ਕੀਤੀ ਸੀ। ਕੁਝ ਸਮਾਂ ਸਤਿਗੁਰਾਂ ਦਾ ਸੰਗ ਕੀਤਾ। ਮੁੜ ਘਰ ਵਾਪਸ ਪਰਤ ਆਇਆ। ਕੁਝ ਸਮੇਂ ਬਾਅਦ ਸਤਿਗੁਰਾਂ ਦੇ ਮਨ ਅੰਦਰ ਮੂਲੇ ਖੱਤਰੀ ਦੇ ਉਧਾਰ ਵਾਸਤੇ ਵਿਚਾਰ ਬਣੀ। ਸਤਿਗੁਰੂ ਉਸ ਦੇ ਘਰ ਪੁਜੇ ਅਤੇ ਬੂਹੇ ਤੇ ਮਰਦਾਨੇ ਨੇ ਦਸਤਕ ਦਿੱਤੀ। ਮੂਲੇ ਦੀ ਘਰਵਾਲੀ ਨੇ ਵੇਖ ਲਿਆ ਕਿ ਇਹ ਉਹੋ ਹੀ ਸਾਧੂ ਹਨ, ਜੋ ਮੇਰੇ ਪਤੀ ਨੂੰ ਆਪਣੇ ਨਾਲ ਲੈ ਗਏ ਸਨ, ਮਤਾਂ ਹੁਣ ਵੀ ਮੇਰੇ ਪਤੀ ਨੂੰ ਆਪਣੇ ਨਾਲ ਹੀ ਨਾ ਲੈ ਜਾਣ। ਉਸ ਨੇ ਜਾ ਕੇ ਆਪਣੇ ਪਤੀ ਨੂੰ ਦੱਸਿਆ ਕਿ ਉਹ ਸਾਧੂ ਸਾਡੇ ਘਰ ਦੇ ਬੂਹੇ ਅੱਗੇ ਆਏ ਹਨ ਜੋ ਤੁਹਾਨੂੰ ਆਪਣੇ ਨਾਲ ਲੈ ਗਏ ਸਨ। ਮੂਲਾ ਮਾਇਆ ਦੇ ਮੋਹ ਵਿੱਚ ਫਸਿਆ ਘਰਵਾਲੀ ਨੂੰ ਪੁੱਛਣ ਲੱਗਾ, ਫਿਰ ਇਨ੍ਹਾਂ ਤੋਂ ਬਚਣ ਲਈ ਕੀ ਕਰਾਂ ? ਘਰਵਾਲੀ ਨੇ ਸਲਾਹ ਦਿੱਤੀ ਕਿ ਤੁਸੀਂ ਪਾਥੀਆਂ ਦੀ ਸਿਰਾੜੀ[1] ਅੰਦਰ ਲੁਕ ਜਾਵੋ, ਮੈਂ ਉਨ੍ਹਾਂ ਨੂੰ ਕਹਿ ਦੇਵਾਂਗੀ ਕਿ ਮੂਲਾ ਘਰ ਨਹੀਂ ਹੈ। ਮੂਲਾ ਸਿਰਾੜੀ ਵਿੱਚ ਵੜ ਗਿਆ। ਘਰ ਵਾਲੀ ਨੇ ਸਤਿਗੁਰਾਂ ਨੂੰ ਕਹਿ ਦਿੱਤਾ ਕਿ ਮੂਲਾ ਘਰ ਨਹੀਂ ਹੈ। ਸਤਿਗੁਰੂ ਜੀ ਮੁਸਕਰਾਏ ਤੇ ਮੂਲੇ ਦੀ ਘਰਵਾਲੀ ਨੂੰ ਕਹਿਣ ਲੱਗੇ, ਭਲੀਏ! ਅਸੀਂ ਤਾਂ ਮੂਲੇ ਦਾ ਕਲਿਆਣ ਕਰਨ ਆਏ ਸਾਂ। ਅੱਛਾ! ਉਸ ਦੇ ਭਾਗ, ਕਹਿ ਕੇ ਸਤਿਗੁਰੂ ਵਾਪਸ ਤੁਰ ਗਏ। ਉੱਧਰ ਸਿਰਾੜੀ ਵਿੱਚੋਂ ਮੂਲੇ ਨੂੰ ਸੱਪ ਨੇ ਡੰਗ ਮਾਰਿਆ ਅਤੇ ਮੂਲੇ ਦੀ ਮੌਤ ਹੋ ਗਈ। ਗੁਰੂ ਤੋਂ ਬੇ-ਮੁੱਖ ਹੋ ਕੇ ਤਕਰੀਬਨ ਤਿੰਨ ਸੌ ਸਾਲ ਦੇ ਕਰੀਬ ਮੂਲਾ-

੧. ਜਿਸ ਵਿੱਚ ਪਸ਼ੂਆਂ ਦੇ ਗੋਬਰ ਦੀਆਂ ਪਾਥੀਆਂ ਬਣਾ ਸੁਕਾ ਕੇ ਚਿਣ ਕੇ ਤੂੜੀ ਦੇ ਕੁੱਪ ਵਾਂਗ ਸੱਤ-ਅੱਠ ਫੁੱਟ ਉੱਚਾ ਮੀਨਾਰ ਪਾਥੀਆਂ ਦਾ ਚਿਣਿਆ ਜਾਂਦਾ ਹੈ। ਪਾਥੀਆਂ ਨੂੰ ਬਾਰਸ਼ ਤੋਂ ਸੁਰੱਖਿਅਤ ਰੱਖਣ ਲਈ ਪਾਥੀਆਂ ਦੇ ਮੀਨਾਰ ਦੁਆਲੇ ਗੋਹੇ ਦਾ ਲੇਪਨ ਕਰਕੇ ਇੱਕ ਕੋਠਾ ਨੁਮਾ ਬਣਾ ਦਿੱਤਾ ਜਾਂਦਾ ਹੈ ਜਿਸ ਨੂੰ ਪੇਂਡੂ ਬੋਲੀ ਵਿੱਚ ਸਿਰਾੜੀ ਕਿਹਾ ਜਾਂਦਾ ਹੈ।

**ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥**

ਮ: ੫, ਪੰਨਾ ੧੦੨੦

ਦੀ ਸਜਾ ਭੋਗਦਾ ਨਾਂਦੇੜ ਸ਼ਹਿਰ (ਜਿਸ ਅਸਥਾਨ ਨੂੰ ਕਲਗੀਧਰ ਪਾਤਸ਼ਾਹ ਜੀ ਦੀ ਚਰਨ ਛੋਹ ਸਦਕਾ ਹਜ਼ੂਰ ਸਾਹਿਬ ਕਿਹਾ ਜਾਂਦਾ ਹੈ) ਦੇ ਜੰਗਲਾਂ ਵਿੱਚ ਸ਼ਹੇ (ਖਰਗੋਸ਼) ਦੀ ਜੂਨ ਭੁਗਤ ਰਿਹਾ ਸੀ। ਮੁੜ ਗੁਰੂ ਨਾਨਕ ਪਾਤਸ਼ਾਹ ਜੀ ਦੀ ਜੋਤ ਨੂੰ ਦਸਮੇਂ ਜਾਮੇਂ ਅੰਦਰ ਤਰਸ ਆਇਆ ਕਿ ਮੂਲੇ ਦਾ ਉਧਾਰ ਕਰੀਏ। ਸਤਿਗੁਰੂ ਉਸ ਅਸਥਾਨ ਤੇ ਪੁੱਜੇ ਜਿਸ ਅਸਥਾਨ ਦਾ ਨਾਮ ਗੁ: ਸ੍ਰੀ ਸ਼ਿਕਾਰਘਾਟ ਹੈ। ਸਤਿਗੁਰਾਂ ਮੂਲੇ ਦੀ ਆਤਮਾ ਨੂੰ ਸ਼ਹੇ ਦੀ ਜੂਨ ਵਿੱਚ ਝਾੜੀ ਅੰਦਰ ਲੁਕੇ ਨੂੰ ਵੇਖਿਆ ਤੇ ਆਪਣੇ ਕਰ-ਕਮਲਾਂ ਨਾਲ ਤੀਰ ਮਾਰ ਕੇ ਟੇਡੀਆਂ ਜੂਨਾਂ ਵਿੱਚ ਭਟਕ ਰਹੀ ਮੂਲੇ ਖੱਤਰੀ ਦੀ ਆਤਮਾ ਨੂੰ ਮੁਕਤ ਕੀਤਾ। ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ ਕਿ ਜਿਸ ਪਰਮਾਤਮਾ ਨੇ ਸੁਹਣਾ ਸਰੀਰ ਤੇ ਸਰੀਰ ਨੂੰ ਚਲਾਉਣ ਵਾਸਤੇ ਆਤਮਾ ਦਿੱਤੀ ਹੈ। ਅਜਿਹੇ ਪਰਮਾਤਮਾ ਤੋਂ ਜੋ ਬੇ-ਮੁੱਖ ਹੋ ਜਾਂਦਾ ਹੈ, ਉਹ ਕਰੋੜਾਂ ਜਨਮ, ਅਨੇਕਾਂ ਜੂਨਾਂ ਅੰਦਰ ਭਰਮਦਾ, ਦੁੱਖ ਭੋਗਦਾ ਹੈ। ਆਪ ਦਾ ਬਚਨ ਹੈ :

**ਤਿਸੁ ਸਿਉ ਬੇਮੁਖੁ ਜਿਨਿ ਜੀਉ ਪਿੰਡੁ ਦੀਨਾ॥**

**ਕੋਟਿ ਜਨਮ ਭਰਮਹਿ ਬਹੁ ਜੂਨਾ॥੧॥ ਰਹਾਉ॥** ਮ: ੫, ਪੰਨਾ ੧੯੫

ਇਹ ਫਲ ਹੈ ਗੁਰੂ ਤੋਂ ਬੇ-ਮੁੱਖ ਹੋਣ ਦਾ।

## *ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ॥*

**ਅੱਖਰੀ-ਅਰਥ :** ਛਿੰਨ-ਭੰਗਰੀ ਮਾਇਆ ਦੇ ਭੋਗ, ਜਿਨ੍ਹਾਂ ਨੂੰ ਰਸਦਾਇਕ ਤੇ ਸੁਆਦੀ ਮੰਨ ਕੇ ਮਨੁੱਖ ਨੇ ਭੋਗਿਆ, ਉਨ੍ਹਾਂ ਭੋਗਾਂ ਨੇ ਸਰੀਰ ਨੂੰ ਰੋਗੀ ਤੇ ਆਤਮਾ ਨੂੰ ਦਾਗੀ ਕਰ ਦਿੱਤਾ। ਉਨ੍ਹਾਂ ਮਾਇਕੀ ਰਸਾਂ ਦਾ ਫਲ ਮਨੁੱਖ ਨੂੰ ਦੁੱਖ ਦੇ ਰੂਪ ਵਿੱਚ ਪ੍ਰਾਪਤ ਹੋਇਆ।

**ਸੰਖੇਪ-ਵਿਚਾਰ :** ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ ਕਿ ਮਨੁੱਖ ਖੁਸ਼ੀ ਦੇ ਸਮੇਂ ਖਾਣ-ਪੀਣ ਦੇ ਸੁਆਦਾਂ ਵਿੱਚ ਪਰਵਿਰਤ ਹੋ ਜਾਂਦਾ ਹੈ। ਪਦਾਰਥਾਂ ਦੇ ਚਸਕੇ ਹੀ ਅਖ਼ੀਰ ਨੂੰ ਸਰੀਰ ਅੰਦਰ ਅਨੇਕ ਪ੍ਰਕਾਰ ਦੇ ਰੋਗ ਉਤਪੰਨ ਕਰ ਦਿੰਦੇ ਹਨ, ਜੋ ਦੁੱਖਾਂ ਦਾ ਕਾਰਣ ਬਣ ਜਾਂਦੇ ਹਨ। ਜਿਉਂ-ਜਿਉਂ ਮਨੁੱਖ



ਆਪਣੀ ਵਾਸ਼ਨਾ ਨੂੰ ਤ੍ਰਿਪਤ ਕਰਨ ਲਈ ਵਿਸ਼ੇ ਭੋਗਾਂ ਵਿੱਚ ਖਚਿਤ ਹੁੰਦਾ ਹੈ, ਤ੍ਰਿਪਤੀ ਦੀ ਥਾਂ ਅਤ੍ਰਿਪਤੀ ਹੀ ਪ੍ਰਾਪਤ ਹੁੰਦੀ ਹੈ। ਸਗੋਂ ਇਨ੍ਹਾਂ ਵਿਸ਼ੇ ਭੋਗਾਂ ਵਿੱਚੋਂ ਸਰੀਰ ਨੂੰ ਅਨੇਕ ਪ੍ਰਕਾਰ ਦੇ ਰੋਗ ਚੰਬੜ ਜਾਂਦੇ ਹਨ। ਰੋਗਾਂ ਦੇ ਦੁੱਖ ਨੂੰ ਸਾਰੀ ਉਮਰ ਮਨੁੱਖ ਝੂਰ-ਝੂਰ ਕੇ ਝੱਲਦਾ ਤੇ ਪਛਤਾਉਂਦਾ ਹੈ। ਯਾਦ ਰੱਖੋ! ਕੁਦਰਤ ਦੇ ਨੇਮ ਅਨੁਸਾਰ ਖੁਸ਼ੀ ਤੋਂ ਬਾਅਦ ਗਮੀ ਅਵੱਸ਼ ਆਉਂਦੀ ਹੈ। ਇਹ ਚੱਕਰ ਮਨੁੱਖ ਦੇ ਜੀਵਨ ਅੰਦਰ ਚੱਲਦਾ ਹੀ ਰਹਿੰਦਾ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਬਹੁ ਸਾਦਹੁ ਦੂਖੁ ਪਰਾਪਤਿ ਹੋਵੈ॥ ਭੋਗਹੁ ਰੋਗ ਸੁ ਅੰਤਿ ਵਿਗੋਵੈ॥**

**ਹਰਖਹੁ ਸੋਗੁ ਨ ਮਿਟਈ ਕਬਹੂ ਵਿਣੁ ਭਾਣੇ ਭਰਮਾਇਦਾ॥੭॥**

ਮ: ੧, ਪੰਨਾ ੧੦੩੪

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਮਾਝ ਰਾਗ ਅੰਦਰ ਫੁਰਮਾਨ ਅੰਕਿਤ ਹੈ ਕਿ ਮਾਇਆ ਦੇ ਪ੍ਰਭਾਵ ਅਧੀਨ ਆਪ ਹੁਦਰਾ ਹੋਇਆ ਮਨੁੱਖ, ਛਿਨ-ਭੰਗਰੀ ਖੁਸ਼ੀ ਤੇ ਰਸ ਨੂੰ ਮਾਨਣ ਵਾਸਤੇ ਵਿਸ਼ੇ-ਭੋਗਾਂ ਵਿੱਚ ਖਚਿਤ ਹੋ ਜਾਂਦਾ ਹੈ ਅਤੇ ਸਦੀਵੀਂ ਖੁਸ਼ੀ ਦੇਣ ਵਾਲੇ ਦਾਤੇ ਪਰਮਾਤਮਾ ਨੂੰ ਭੁੱਲ ਜਾਂਦਾ ਹੈ। ਉਹ ਭੋਗ ਜਿਨ੍ਹਾਂ ਨੂੰ ਸਦੀਵੀ ਅਨੰਦ ਦੇਣ ਵਾਲੇ ਜਾਣ ਕੇ ਭੋਗਦਾ ਸੀ, ਉਨ੍ਹਾਂ ਵਿਸ਼ੇ ਭੋਗਾਂ ਵਿੱਚੋਂ ਸਰੀਰ ਨੂੰ ਅਨੇਕ ਪ੍ਰਕਾਰ ਦੇ ਰੋਗ ਚਿੰਬੜ ਜਾਂਦੇ ਹਨ ਅਤੇ ਆਤਮਾ ਨੂੰ ਅਸ਼ਾਂਤੀ ਤੋਂ ਸਿਵਾ ਕੁਝ ਵੀ ਪੱਲੇ ਨਹੀਂ ਪੈਂਦਾ। ਕੁਦਰਤ ਦੇ ਇਸ ਨੇਮ ਨੂੰ ਕੋਈ ਬਦਲ ਨਹੀਂ ਸਕਦਾ। ਖੁਸ਼ੀ ਤੋਂ ਬਾਅਦ ਗਮੀ ਅਤੇ ਮਿਲਾਪ ਤੋਂ ਪਿੱਛੋਂ ਵਿਛੋੜਾ, ਜਨਮ ਤੋਂ ਬਾਅਦ ਮੌਤ ਨੇ ਅਵੱਸ਼ ਆਉਣਾ ਹੀ ਹੈ। ਆਪ ਸਤਿਗੁਰੂ ਜੀ ਦਾ ਫੁਰਮਾਨ ਹੈ :

**ਮੂਰਖੁ ਭੋਗੇ ਭੋਗੁ ਦੁਖ ਸਬਾਇਆ॥**

**ਸੁਖਹੁ ਉਠੇ ਰੋਗ ਪਾਪ ਕਮਾਇਆ॥**

**ਹਰਖਹੁ ਸੋਗੁ ਵਿਜੋਗੁ ਉਪਾਇ ਖਪਾਇਆ॥** ਮ: ੧, ਪੰਨਾ ੧੩੯

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਹੀ ਮਲਾਰ ਰਾਗ ਅੰਦਰ ਇਕ ਹੋਰ ਬਚਨ ਅੰਕਿਤ ਹੈ। ਆਪ ਫਰਮਾਉਂਦੇ ਹਨ ਕਿ :

**ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥**

**ਮਨ ਅੰਧੇ ਕਉ ਮਿਲੈ ਸਜਾਇ॥ ਵੈਦ ਨ ਭੋਲੇ ਦਾਰੂ ਲਾਇ॥**

ਮ: ੧, ਪੰਨਾ ੧੨੫੬

ਬਾਬਾ ਫਰੀਦ ਜੀ ਦੇ ਫੁਰਮਾਨ ਅਨੁਸਾਰ ਸੰਸਾਰ ਦੇ ਵਿਸ਼ੇ ਭੋਗ, ਭੋਗਣ ਨੂੰ ਤਾਂ ਖੰਡ ਵਾਂਗ ਮਿੱਠੇ ਲੱਗਦੇ ਹਨ ਪਰ ਜਦੋਂ ਇਨ੍ਹਾਂ ਦੀ ਅਸਲੀਅਤ ਪ੍ਰਗਟ ਹੁੰਦੀ ਹੈ, ਉਸ ਸਮੇਂ ਜ਼ਹਿਰ ਸਮਾਨ ਦੁਖਦਾਈ ਹੋ ਕੇ ਮਨੁੱਖ ਨੂੰ ਦੁੱਖੀ ਕਰਦੇ ਹਨ। ਆਪ ਜੀ ਦਾ ਫੁਰਮਾਨ ਹੈ :

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥**

**ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥**

ਫਰੀਦ ਜੀ, ਪੰਨਾ ੧੩੭੯

ਮਾਇਆ ਭੋਗਾਂ ਵਿੱਚੋਂ ਆਖਿਰ ਨੂੰ ਗੁਰੂ ਅਮਰਦਾਸ ਜੀ ਦਾ ਬਚਨ ਹੀ ਸਾਕਾਰ ਹੁੰਦਾ ਹੈ :

**ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥** ਮ: ੩, ਪੰਨਾ ੭੮੫

ਸੋ ਹਰ ਪ੍ਰਾਣੀ ਨੂੰ "ਮਾਇਆ ਭੋਗ" ਵਿੱਚ ਖਚਿਤ ਹੋਣ ਤੋਂ ਪਹਿਲਾਂ ਇਨ੍ਹਾਂ ਵਿਸ਼ੇ ਭੋਗਾਂ ਵਿੱਚੋਂ ਪ੍ਰਗਟ ਹੋਣ ਵਾਲੀ ਸੱਚਾਈ ਵੱਲ ਧਿਆਨ ਰੱਖ ਕੇ ਹੀ ਖਚਿਤ ਹੋਣਾ ਚਾਹੀਦਾ ਹੈ।

## *ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*

**ਅੱਖਰੀ-ਅਰਥ :** ਜੀਵ ਨੇ ਪ੍ਰਭੂ ਨੂੰ ਭੁਲਾ ਕੇ ਜਿੰਨੇ ਵੀ ਮਾਇਕੀ ਭੋਗ ਭੋਗੇ, ਜਿਨ੍ਹਾਂ ਦਾ ਫਲ ਮਨੁੱਖ ਨੂੰ ਸਰੀਰਕ ਦੁੱਖ ਦੇ ਰੂਪ ਵਿੱਚ ਭੋਗਣਾ ਪਿਆ ਤੇ ਅਗਾਂਹ ਧਰਮ ਨਿਆਉ ਅਧੀਨ ਪ੍ਰਲੋਕ ਵਿੱਚ ਭੋਗਣਾ ਪਵੇਗਾ। ਇਨ੍ਹਾਂ ਦੁੱਖਾਂ ਤੋਂ ਛੁਟਕਾਰੇ ਲਈ ਨਾ ਕੋਈ ਮਨੁੱਖ ਵਿਚੋਲਗੀ ਕਰ ਸਕਦਾ ਹੈ ਨਾ ਸਹਾਇਤਾ ਹੀ ਕਰ ਸਕਦਾ ਹੈ। ਇਸ ਲਈ ਕਿਸੇ ਪਾਸ ਜਾ ਕੇ ਦੁੱਖਾਂ ਦੇ ਰੋਣੇ ਰੋਣ ਦਾ ਕੋਈ ਲਾਭ ਨਹੀਂ।

**ਸੰਖੇਪ-ਵਿਚਾਰ :** ਮਾਇਕੀ ਭੋਗਾਂ ਦੁਆਰਾ ਜਦੋਂ ਕਿਸੇ ਮਨੁੱਖ ਨੂੰ ਕੋਈ ਸਰੀਰਕ ਦੁੱਖ ਲੱਗ ਜਾਂਦਾ ਹੈ ਤਦੋਂ ਸੱਜਣ-ਮਿੱਤਰ, ਰਿਸ਼ਤੇਦਾਰ, ਪ੍ਰਵਾਰ ਉਸ ਦੇ ਦੁੱਖ ਵਿੱਚ ਸ਼ਰੀਕ ਹੋ ਕੇ ਉਸਦੇ ਸਰੀਰਕ ਦੁੱਖ ਨੂੰ ਵੰਡਾ ਨਹੀਂ ਸਕਦੇ। ਸਗੋਂ ਇੰਨਾ ਕਹਿੰਦੇ ਜ਼ਰੂਰ ਸੁਣੇ ਹਨ, ਕਿ ਭਾਈ! ਕਿਸੇ ਨੇ ਸਿਰ ਉੱਪਰ ਭਾਰ ਚੁੱਕਿਆ ਹੋਵੇ, ਉਸ ਨੂੰ ਤਾਂ ਬੰਦਾ ਵੰਡਾ ਸਕਦਾ ਹੈ ਪਰ ਦੁੱਖ ਵੰਡਾਇਆ ਨਹੀਂ ਜਾ ਸਕਦਾ। ਸਰੀਰਕ ਦੁੱਖ, ਮਨੁੱਖ ਨੂੰ ਖੁਦ ਆਪ ਹੀ ਭੋਗਣਾ ਪੈਂਦਾ ਹੈ।



ਵੱਧ ਤੋਂ ਵੱਧ ਸੱਜਣ-ਮਿੱਤਰ, ਪ੍ਰਵਾਰ, ਰੋਗੀ ਮਨੁੱਖ ਨੂੰ ਡਾਕਟਰ ਪਾਸ ਲਿਜਾ ਸਕਦੇ ਹਨ। ਡਾਕਟਰ ਵੱਧ ਤੋਂ ਵੱਧ ਦੁਵਾਈਆਂ ਦੇ ਸਕਦਾ ਹੈ। ਪਰ ਦੁੱਖ ਤੋਂ ਨਿਜਾਤ ਮਿਲਣੀ ਇਹ ਪਰਮੇਸ਼ਰ ਦੇ ਹੱਥ ਹੈ।

ਜਿਵੇਂ ਸਰੀਰਕ ਦੁੱਖ, ਮਨੁੱਖ ਨੂੰ ਖੁਦ ਆਪ ਹੀ ਝੱਲਣਾ ਪੈਂਦਾ ਹੈ। ਤਿਵੇਂ ਵਿਸ਼ੇ ਭੋਗਾਂ ਦੇ ਪਾਪ ਕਰਮਾਂ ਦਾ ਹਿਸਾਬ-ਕਿਤਾਬ ਪ੍ਰਭੂ ਦਰਗਾਹ ਅੰਦਰ ਮਨੁੱਖ ਦੀ ਆਤਮਾ ਨੂੰ ਇਕੱਲਿਆਂ ਹੀ ਦੇਣਾ ਪੈਣਾ ਹੈ। ਸਤਿਗੁਰੂ ਅਰਜਨ ਦੇਵ ਪਾਤਸ਼ਾਹ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ। ਹੇ ਸੰਸਾਰ ਦੇ ਲੋਕੋ! ਸਾਵਧਾਨ ਹੋ ਕੇ ਸਾਡੀ ਗਲ ਸੁਣੋ, ਜਿਹੜੇ ਪਾਪ ਕਰਮ ਕਰਨਗੇ ਉਹ ਅਵੱਸ਼ ਲੁੱਟੇ ਜਾਣਗੇ। ਜਮਦੂਤ ਉਨ੍ਹਾਂ ਦੀ ਆਤਮਾ ਨੂੰ ਕੋਹ-ਕੋਹ ਕੇ ਸਜਾਵਾਂ ਦੇਣਗੇ। ਮੰਦਕਰਮੀਆਂ ਦੇ ਪਾਪ ਕਰਮਾਂ ਦਾ ਲੇਖਾ-ਜੋਖਾ ਕਰਕੇ ਅੰਤ ਉਨ੍ਹਾਂ ਨੂੰ ਨਰਕਾਂ ਦੀ ਅੱਗ ਵਿੱਚ ਸਾੜਿਆ ਜਾਵੇਗਾ। ਜੀਵ-ਆਤਮਾ ਦੇ ਨਾਲ ਪਰਲੋਕ ਵਿੱਚ ਨਾ ਮਾਤ-ਪਿਤਾ ਨੇ ਅਤੇ ਨਾ ਹੀ ਭੈਣ-ਭਰਾ ਨੇ ਸਾਥ ਨਿਭਾਣਾ ਹੈ। ਧਨ-ਪਦਾਰਥ-ਸੰਪਦਾ ਵੀ ਇੱਥੇ ਹੀ ਰਹਿ ਜਾਣੀ ਹੈ। ਯਾਦ ਰੱਖੋ! ਮਨੁੱਖ ਦੀ ਆਤਮਾ ਨਾਲ ਸਰੀਰ ਦੁਆਰਾ ਕੀਤੇ ਮਾੜੇ-ਚੰਗੇ ਕਰਮ ਹੀ ਜਾਣੇ ਹਨ। ਸ਼ੁੱਭ-ਕਰਮੀਆਂ ਨੂੰ ਪ੍ਰਭੂ ਦਰਗਾਹ ਅੰਦਰ ਮਾਣ-ਸਤਿਕਾਰ ਮਿਲੇਗਾ। ਮੰਦ ਕਰਮੀ ਆਤਮਾਵਾਂ ਨੂੰ ਤਿਲਾਂ ਵਾਂਗ ਕੋਹਲੂ ਵਿੱਚ ਪੀੜਿਆ ਜਾਵੇਗਾ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਪੜ੍ਹੀਏ :

**ਪਾਪ ਕਰੇਦੜ ਸਰਪਰ ਮੁਠੇ ॥ ਅਜਰਾਈਲਿ ਫੜੇ ਫੜਿ ਕੁਠੇ ॥**

**ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ ॥੨॥**

**ਸੰਗਿ ਨ ਕੋਈ ਭਈਆ ਬੇਬਾ ॥ ਮਾਲੁ ਜੋਬਨੁ ਧਨੁ ਛੋਡਿ ਵਞੇਸਾ ॥**

**ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ ॥**

ਮ: ੫, ਪੰਨਾ ੧੦੧੯

ਸਤਿਗੁਰੂ ਨਾਨਕ ਪਾਤਸ਼ਾਹ ਜੀ ਰਾਮਕਲੀ ਵਾਰ ਅੰਦਰ, ਜੋ ਜੀਵ-ਆਤਮਾ ਨੂੰ ਇਕੱਲੇ ਹੀ ਲੇਖਾ ਦੇਣਾ ਪੈਣਾ ਹੈ, ਪ੍ਰਤੀ ਸੁਚੇਤ ਕਰਦੇ ਫੁਰਮਾਉਂਦੇ ਹਨ ਕਿ ਹੇ ਭਰਮ-ਭੁਲੇਖੇ ਵਿੱਚ ਗ੍ਰਸੇ ਮਨ! ਤੂੰ ਗੁਰੂ ਦੀ ਸੱਚੀ ਸਿੱਖਿਆ ਨੂੰ ਧਿਆਨ ਦੇ ਕੇ ਸੁਣ। ਸੰਸਾਰ ਅੰਦਰ ਜਿਤਨੇ ਵੀ ਤੂੰ ਕਰਮ ਸਰੀਰ ਰਾਹੀਂ ਕਰਦਾ ਹੈਂ, ਉਨ੍ਹਾਂ ਸਾਰੇ ਮਾੜੇ ਕਰਮਾਂ ਦਾ ਲੇਖਾ ਪ੍ਰਭੂ ਦਰਗਾਹ ਵਿੱਚ ਤੈਨੂੰ ਹੀ ਦੇਣਾ ਪੈਣਾ ਹੈ। ਉਸ ਲੇਖੇ ਸਮੇਂ ਕਿਸੇ ਨੇ ਵੀ ਤੇਰਾ ਭਾਈਵਾਲ ਨਹੀਂ ਬਣਨਾ। ਜੋ ਗੁਰੂ ਉਪਦੇਸ਼ ਤੋਂ ਬਾਗੀ ਹੋ ਕੇ ਸੰਸਾਰ

ਅੰਦਰ ਮਾੜੇ ਕਰਮ ਕਰਨਗੇ, ਉਨ੍ਹਾਂ ਨੂੰ ਲੇਖਾ ਦੇਣ ਵਾਸਤੇ ਅਵਾਜ਼ਾਂ ਮਾਰ ਕੇ ਸੱਦਿਆ ਜਾਵੇਗਾ। ਉਸ ਸਮੇਂ ਮੌਤ ਦਾ ਫਰਿਸ਼ਤਾ ਉਨ੍ਹਾਂ ਮੰਦ-ਕਰਮੀਆਂ ਨੂੰ ਸਜ਼ਾ ਭੁਗਤਾਉਣ ਵਾਸਤੇ ਆ ਹਾਜ਼ਰ ਹੋਵੇਗਾ। ਮੰਦ-ਕਰਮੀਆਂ ਨੂੰ ਅਜਿਹੀਆਂ ਤੰਗ ਗਲੀਆਂ ਤੇ ਤੰਗ ਥਾਵਾਂ ਵਿੱਚ ਫਸਾਇਆ ਜਾਵੇਗਾ, ਜਿੱਥੋਂ ਨਿਕਲਣ ਵਾਸਤੇ ਉਨ੍ਹਾਂ ਨੂੰ ਕੋਈ ਤਰਕੀਬ ਨਹੀਂ ਸੁੱਝੇਗੀ। ਮੰਦ ਕਰਮੀਆਂ ਨੂੰ ਲਾਹਣਤਾਂ ਪੈਣਗੀਆਂ ਅਤੇ ਸਚਿਆਰ ਆਤਮਾਵਾਂ ਦੀ ਪ੍ਰਭੂ ਦਰਗਾਹ ਅੰਦਰ ਜੈ-ਜੈਕਾਰ ਹੋਵੇਗੀ। ਸਤਿਗੁਰਾਂ ਦਾ ਫੁਰਮਾਨ ਹੈ :

**ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥**
**ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥**
**ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥**
**ਅਜਰਾਈਲੁ ਫਰੇਸਤਾ ਹੋਸੀ ਆਇ ਤਈ॥**
**ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥**
**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥** ਮ: ੧, ਪੰਨਾ ੯੫੩

## *ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ॥*

**ਅੱਖਰੀ-ਅਰਥ :** ਜਿਹੋ ਜਿਹੇ ਚੰਗੇ ਜਾਂ ਮਾੜੇ ਕਰਮ ਮਨੁੱਖ ਨੇ ਪਿੱਛਲੇ ਜਨਮ ਵਿੱਚ ਕੀਤੇ, ਧਰਮ-ਨਿਆਉ ਅਧੀਨ ਧੁਰ ਦਰਗਾਹ ਤੋਂ ਰੱਬੀ ਹੁਕਮ ਅਨੁਸਾਰ ਸੁਖ-ਦੁੱਖ ਦੇ ਰੂਪ ਵਿੱਚ ਧੁਰੋਂ, ਸੰਜੋਗੀ ਲੇਖ ਮਨੁੱਖ ਦੇ ਲਿਖੇ ਗਏ। ਇਨ੍ਹਾਂ ਧੁਰ ਸੰਜੋਗਾਂ (ਲੇਖਾਂ) ਵਿੱਚ ਕੋਈ ਵਾਧਾ ਘਾਟਾ ਨਹੀਂ ਕਰ ਸਕਦਾ। ਧੁਰ ਤੋਂ ਲਿਖੇ ਸੰਜੋਗ ਮਨੁੱਖ ਨੂੰ ਭੁਗਤਣੇ ਹੀ ਪੈਣਗੇ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਵਰਤਮਾਨ ਸਮੇਂ ਮਨੁੱਖ, ਜੋ ਕਿਰੇਮਾਨ ਕਰਮ ਚੰਗੇ ਜਾਂ ਮਾੜੇ ਕਰਦਾ ਹੈ, ਉਹ ਮਨੁੱਖੀ ਆਤਮਾ ਦੇ ਨਾਲ ਚੱਲੇ ਜਾਂਦੇ ਹਨ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਹੈ :

**ਪੁੰਨੀ ਪਾਪੀ ਆਖਣੁ ਨਾਹਿ॥ ਕਰਿ ਕਰਿ ਕਰਣਾ ਲਿਖਿ ਲੈ ਜਾਹੁ॥**
**ਆਪੇ ਬੀਜਿ ਆਪੇ ਹੀ ਖਾਹੁ॥ ਨਾਨਕ ਹੁਕਮੀ ਆਵਹੁ ਜਾਹੁ॥੨੦॥**

ਜਪੁਜੀ, ਪੰਨਾ ੪



ਆਤਮਾ ਦੇ ਨਾਲ ਸੰਸਕਾਰਾਂ ਦੇ ਰੂਪ ਵਿੱਚ ਗਏ ਕਰਮ ਹੀ ਪੂਰਬ-ਕਮਾਈ "ਧੁਰਿ ਸੰਜੋਗ" ਬਣ ਜਾਂਦੇ ਹਨ। ਪਿਛਲੇ ਜਨਮ ਵਿੱਚ ਜੀਵ-ਆਤਮਾ ਨੇ ਸਰੀਰ ਖੇਤ ਵਿੱਚ ਜਿਹੋ ਜਿਹੇ "ਕਰਮ-ਬੀਜ" ਬੀਜੇ, ਉਹ ਹੁਣ "ਪੂਰਬ-ਕਮਾਈ" ਬਣ ਕੇ ਜੀਵ ਆਤਮਾ ਨੂੰ ਸੁਖ ਜਾਂ ਦੁੱਖ ਦੇ ਰੂਪ ਵਿੱਚ ਭੁਗਤਣੇ ਪੈ ਰਹੇ ਹਨ। ਕੁਦਰਤ ਦਾ ਨੇਮ ਹੈ "**ਕੀਏ ਬਿਨ ਲਾਗੇ ਨਹੀ, ਭੋਗੇ ਬਿਨ ਭਾਗੇ ਨਹੀਂ, ਕਰਮ-ਗਤੀ ਬਲਵਾਨ।**"

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਓਅੰਕਾਰੁ ਬਾਣੀ ਅੰਦਰ ਫੁਰਮਾਨ ਹੈ ਕਿ ਮਨੁੱਖ ਜਿਹੋ ਜਿਹੇ ਚੰਗੇ ਜਾਂ ਮਾੜੇ ਕਰਮ ਸਰੀਰ ਨਾਲ ਕਰਦਾ ਹੈ "**ਸਭਨਾ ਲਿਖਿਆ ਵੁੜੀ ਕਲਾਮ**" ਅਨੁਸਾਰ ਕੁਦਰਤ ਦੀ ਚੱਲ ਰਹੀ ਲੇਖ ਲਿਖਣ ਵਾਲੀ ਕਲਮ ਨਾਲ ਉਹ ਜੀਵਾਂ ਦਾ ਚੰਗਾ ਜਾਂ ਮਾੜਾ ਲੇਖ ਬਣ ਜਾਂਦਾ ਹੈ। ਜੋ ਲੇਖ ਲਿਖਿਆ ਜਾਂਦਾ ਹੈ, ਉਸ ਲੇਖ ਨੂੰ ਭੁਗਤਣਾ ਹੀ ਪੈਂਦਾ ਹੈ, ਉਸ ਨੂੰ ਮੇਟਿਆ ਨਹੀਂ ਜਾ ਸਕਦਾ। ਆਪ ਜੀ ਦਾ ਫੁਰਮਾਨ ਹੈ :

**ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥**
ਅਤੇ:- **ਲਿਖਿਆ ਫੇਰਿ ਨ ਸਕੀਐ ਜਿਉ ਭਾਵੀ ਤਿਉ ਸਾਰਿ॥**

ਮ: ੧, ਪੰਨਾ ੯੩੭

ਕਈ ਵਾਰੀ ਆਪਾਂ ਅਜਿਹੀਆਂ ਪੰਕਤੀਆਂ ਦਾ ਆਸਰਾ ਲੈ ਕੇ ਬਾਣੀ ਪੜ੍ਹਨ, ਨਿਤਨੇਮ ਕਰਨ, ਗੁਰੂ ਵਾਲੇ ਬਣਨ ਅਤੇ ਸਤਿਸੰਗਤ ਨਾ ਕਰਨ ਲਈ ਬਹਾਨੇਬਾਜੀ ਕਰਕੇ ਆਪਣਾ ਨੁਕਸਾਨ ਕਰ ਬੈਠਦੇ ਤੇ ਬਹਾਨਾ ਘੜਦੇ ਹਾਂ ਕਿ ਜੇ ਸਾਡੇ ਭਾਗਾਂ ਵਿੱਚ ਨਿਤਨੇਮ ਕਰਨਾ, ਸਤਿਸੰਗਤ ਕਰਨੀ, ਗੁਰੂ ਵਾਲੇ ਬਣਨਾ, ਧੁਰ-ਸੰਜੋਗਾਂ ਵਿੱਚ ਲਿਖਿਆ ਹੀ ਨਹੀਂ, ਫਿਰ ਆਪਾਂ ਕਿਵੇਂ ਬਾਣੀ ਪੜ੍ਹ ਸਕਦੇ ਹਾਂ, ਕਿਵੇਂ ਸਤਿ ਸੰਗਤ ਕਰ ਸਕਦੇ ਹਾਂ, ਕਿਵੇਂ ਆਪਾਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਸਕਦੇ ਹਾਂ ? ਅਜਿਹਾ ਹੀ ਸਵਾਲ ਇੱਕ ਪ੍ਰੇਮੀ ਨੇ ਸੱਚਖੰਡ ਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਅੱਗੇ ਕੀਤਾ। ਉਹ ਪ੍ਰੇਮੀ ਕਹਿਣ ਲੱਗਾ। ਬਾਬਾ ਜੀ, ਜਦੋਂ ਤੁਸੀਂ ਸਾਨੂੰ ਮਿਲਣ ਵਾਸਤੇ ਆਉਂਦੇ ਹੋ ਜਾਂ ਅਸੀਂ ਤੁਹਾਨੂੰ ਮਿਲਣ ਵਾਸਤੇ ਤੁਹਾਡੇ ਪਾਸ ਜਾਂਦੇ ਹਾਂ ਤਾਂ ਤੁਸੀਂ ਹਮੇਸ਼ਾ ਸਾਨੂੰ ਇਹ ਹੀ ਕਹਿੰਦੇ ਹੋ ਕਿ ਬਾਣੀ ਪੜ੍ਹਿਆ ਕਰੋ, ਨਿੱਤਨੇਮ ਕਰਿਆ ਕਰੋ, ਸਤਿਸੰਗ ਵਿੱਚ ਜਾਇਆ ਕਰੋ, ਅੰਮ੍ਰਿਤ ਛੱਕ ਕੇ ਹਰ ਪ੍ਰਾਣੀ ਨੂੰ ਆਪਣੇ ਭਲੇ ਲਈ ਗੁਰੂ ਵਾਲੇ ਬਣਨਾ ਚਾਹੀਦਾ ਹੈ। ਅਸੀਂ ਤੁਹਾਡੀਆਂ ਅਜਿਹੀਆਂ ਉਪਦੇਸ਼-ਗੱਲਾਂ ਸੁਣ ਕੇ ਅੱਕ ਗਏ ਹਾਂ। ਗੁਰਬਾਣੀ ਅੰਦਰ ਵੀ ਸਤਿਗੁਰਾਂ ਨੇ ਲਿਖਿਆ ਹੈ ਤੇ ਤੁਸੀਂ ਵੀ ਅਕਸਰ ਪੂਰਬਲੇ ਕਰਮਾਂ ਦੀ ਗਲ ਸਾਨੂੰ ਦਰਸਾਉਂਦੇ

ਰਹਿੰਦੇ ਹੋ ਕਿ ਪ੍ਰਾਣੀ ਨੂੰ ਉਹ ਕੁਝ ਹੀ ਮਿਲਦਾ ਹੈ ਅਤੇ ਮਨੁੱਖ ਉਹ ਕਰਮ ਹੀ ਕਰਦਾ ਹੈ, ਜੋ ਉਸ ਦੇ ਭਾਗਾਂ ਵਿੱਚ ਲਿਖਿਆ ਹੋਇਆ ਹੁੰਦਾ ਹੈ। ਭਲਾ ਤੁਸੀਂ ਹੀ ਦੱਸੋ, ਜੇ ਸਾਡੇ ਭਾਗਾਂ ਵਿੱਚ ਨਿੱਤਨੇਮ ਕਰਨਾ, ਅੰਮ੍ਰਿਤ ਛਕਣਾ ਸਤਿਸੰਗ ਕਰਨੀ ਲਿਖੀ ਹੀ ਨਹੀਂ। ਫਿਰ ਆਪਾਂ ਜੋਰ ਨਾਲ, ਕਿਵੇਂ ਨਿਤਨੇਮ ਕਰ ਸਕਦੇ ਹਾਂ ? ਆਪਣੇ ਬਲ ਨਾਲ ਸਤਿਸੰਗਤ ਕਿਵੇਂ ਕਰ ਸਕਦੇ ਹਾਂ ਜੇ ਸਾਡੇ ਭਾਗਾਂ ਵਿੱਚ ਅੰਮ੍ਰਿਤ ਛਕਣਾ ਲਿਖਿਆ ਹੀ ਨਹੀਂ ਫਿਰ ਅਸੀਂ ਅੰਮ੍ਰਿਤ ਕਿਵੇਂ ਛੱਕ ਸਕਦੇ ਹਾਂ ?

ਉਸ ਪ੍ਰੇਮੀ ਦੀ ਗੱਲ ਸੁਣ ਕੇ ਮਹਾਂਪੁਰਖ ਕੁਝ ਸਕਿੰਟ ਚੁੱਪ ਰਹੇ। ਉਪਰੰਤ ਮੁਸਕਰਾ ਕੇ ਉਸ ਪ੍ਰੇਮੀ ਨੂੰ ਸਵਾਲ ਕੀਤਾ ਭਾਈ ਜੀ! ਆਪ ਕਿਰਪਾ ਕਰਕੇ ਇਹ ਦੱਸੋ ਕਿ "ਭਾਗ" ਜਾਂ "ਪੂਰਬਲਾ ਕਰਮ" ਕਿਸ ਨੇ ਬਣਾਇਆ ਹੈ ? ਬਾਬਾ ਜੀ ਦਾ ਇਹ ਬਚਨ ਸੁਣ ਕੇ ਉਹ ਪ੍ਰੇਮੀ ਚੁੱਪ ਕਰ ਗਿਆ ਅਤੇ ਕੋਈ ਉੱਤਰ ਨਾ ਦੇ ਸਕਿਆ।

ਬਾਬਾ ਜੀ ਨੇ ਉਸ ਪ੍ਰੇਮੀ ਨੂੰ ਸੰਬੋਧਨ ਕਰਕੇ ਕਿਹਾ ਭਾਈ ਸਾਹਿਬ! ਜੋ ਅਸੀਂ ਪਿਛਲੇ ਜਨਮ ਵਿੱਚ ਚੰਗੇ ਜਾਂ ਮਾੜੇ ਕਰਮ ਕੀਤੇ ਹਨ, ਉਹ ਇਸ ਜਨਮ ਲਈ ਸਾਡੇ ਭਾਗ (ਪੂਰਬ ਕਮਾਈ) ਬਣ ਗਏ ਹਨ। ਇਸੇ ਲਈ ਤਾਂ ਮੈਂ ਹਰ ਵਾਰੀ ਤੁਹਾਨੂੰ ਗੁਰਬਾਣੀ ਪੜ੍ਹਣ, ਨਿੱਤਨੇਮ ਕਰਨ, ਸਤਿਸੰਗਤ ਕਰਨ ਅਤੇ ਅੰਮ੍ਰਿਤ ਛਕਣ ਲਈ ਕਹਿੰਦਾ ਹਾਂ।

ਜੇ ਆਪਾਂ ਪਿੱਛਲੇ ਜਨਮ ਵਿੱਚ ਚੰਗੇ ਭਾਗ ਨਹੀਂ ਬਣਾ ਸਕੇ। ਪਰਮਾਤਮਾ ਨੇ ਸਾਨੂੰ ਹੁਣ ਕਰਮ ਕਰਨ ਦੀ ਸੁਤੰਤਰਤਾ ਦਿੱਤੀ ਹੈ। ਅਸੀਂ ਹੁਣ ਗੁਰੂ ਵਾਲੇ ਬਣ ਕੇ ਨਿਤਨੇਮ ਕਰ, ਸਤਿਸੰਗਤ ਕਰਕੇ ਅਗਲੇ ਜਨਮ ਲਈ ਚੰਗੀ ਪੁਰਬ-ਕਮਾਈ, ਚੰਗੇ ਭਾਗ ਬਣਾ ਲਈਏ। ਜੇ ਬਹਾਨੇਬਾਜੀ ਕਰਾਂਗੇ, ਪਰਮਾਤਮਾ ਨੇ ਜੋ ਚੰਗੇ ਭਾਗ ਬਨਾਉਣ ਲਈ ਸਮਾਂ ਦਿੱਤਾ ਹੈ, ਉਹ ਆਨੇ-ਬਹਾਨੇ ਕਰਦਿਆਂ ਬੀਤ ਜਾਵੇਗਾ। ਫਿਰ ਸਮਾਂ ਬੀਤ ਜਾਣ ਤੇ ਪਛਤਾਉਣਾ ਪਵੇਗਾ। ਮਹਾਂਪੁਰਖਾਂ ਦੇ ਇਹ ਬਚਨ ਸੁਣ ਕੇ ਉਸ ਪ੍ਰੇਮੀ ਦਾ ਮਨ ਬਦਲ ਗਿਆ। ਹਰ ਰੋਜ਼ ਨਿਤਨੇਮ ਕਰਨ ਦਾ ਮਹਾਂਪੁਰਖਾਂ ਨੂੰ ਬਚਨ ਦੇ ਦਿੱਤਾ, ਥੋੜ੍ਹੇ ਸਮੇਂ ਬਾਅਦ ਉਹ ਅੰਮ੍ਰਿਤਧਾਰੀ ਗੁਰਸਿੱਖ ਸਜ ਗਿਆ। ਉਸ ਦੀ ਸੰਗਤ ਕਰਕੇ ਤੇ ਉਸ ਦੇ ਜੀਵਨ ਵਿੱਚ ਪਲਟਾ ਆਇਆ ਵੇਖ ਕੇ, ਤਕਰੀਬਨ ਸਾਰਾ ਨਗਰ ਹੀ ਅੰਮ੍ਰਿਤਧਾਰੀ ਬਣ ਗਿਆ। ਸੋ ਆਪਾਂ ਵੀ ਜੇ ਆਪਣੇ ਪੂਰਬਲੇ ਸੰਜੋਗ ਚੰਗੇ ਨਹੀਂ ਬਣਾ ਸਕੇ ਤਦ ਹੁਣ ਪਰਮਾਤਮਾ ਨੇ ਸਾਨੂੰ ਅਉਸਰ ਪ੍ਰਦਾਨ ਕੀਤਾ ਹੈ। ਇਸ ਸਮੇਂ ਤੋਂ ਆਪਾਂ ਲਾਹਾ ਪ੍ਰਾਪਤ ਕਰਕੇ ਧੰਨ-ਭਾਗੀ, ਵਡ—ਭਾਗੀ ਬਣ ਜਾਈਏ।



## *ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥*

**ਅੱਖਰੀ-ਅਰਥ :** ਬਹੁਤ ਹੀ ਉੱਤਮ ਭਾਗਾਂ ਦੀ ਬਦੌਲਤ ਜੇ ਕਿਸੇ ਪ੍ਰਾਣੀ ਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੋ ਜਾਵੇ ਤਾਂ ਉਸ ਪ੍ਰਾਣੀ ਦੇ ਸਾਰੇ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ ਕਿਉਂਕਿ ਪਰਮਾਤਮਾ ਸੱਤ-ਚਿੱਤ-ਅਨੰਦ ਸਰੂਪ ਹੈ। ਸੱਤ-ਚਿੱਤ-ਅਨੰਦ ਸਰੂਪ ਦਾ ਮਿਲਾਪ ਜਿਨ੍ਹਾਂ ਨੂੰ ਪ੍ਰਾਪਤ ਹੋ ਜਾਂਦਾ ਹੈ, ਉਹ ਖੁਦ ਸੱਤ-ਚਿੱਤ-ਅਨੰਦ ਰੂਪ ਹੋ ਜਾਂਦੇ ਹਨ। ਫਿਰ ਵਿਛੋੜੇ ਦੇ ਦੁੱਖ ਦੂਰ ਹੋ ਜਾਂਦੇ ਹਨ ਅਤੇ ਉਹ ਵਡਭਾਗੀ ਅਨੰਦ ਸਰੂਪ ਹੋ, ਅਨੰਦੀ ਅਵਸਥਾ ਦੇ ਰੰਗ ਨੂੰ ਮਾਣਦੇ ਹਨ।

**ਸੰਖੇਪ-ਵਿਚਾਰ :** ਅਸੀਂ ਜੀਵ, ਆਪਣੇ ਮੂਲ ਪਰਮਾਤਮਾ ਤੋਂ ਵਿਛੁੜੇ ਹਾਂ। ਜਨਮਾਂ-ਜਨਮਾਂ ਤੋਂ ਵਿਛੋੜੇ ਦਾ ਦੁੱਖ ਭੋਗ ਕੇ ਥੱਕ ਗਏ ਹਾਂ। ਹੁਣ ਪਰਮਾਤਮਾ ਨੇ ਕਿਰਪਾ ਕਰਕੇ **"ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ"** ਦਾ ਸਮਾਂ ਪ੍ਰਦਾਨ ਕੀਤਾ ਹੈ। ਹੁਣ ਮਨੁੱਖਾ ਜਨਮ ਅੰਦਰ ਆਪਣੇ ਮਾਲਕ ਦੇ ਕੂਕਰ ਬਣ ਕੇ ਉਸ ਦੇ ਦਰ ਉੱਪਰ ਪੁਕਾਰ ਕਰੀਏ। ਜਿਵੇਂ ਬਾਬਾ ਕਬੀਰ ਜੀ ਨੇ ਰਾਮਕਲੀ ਰਾਗ ਅੰਦਰ ਅਗਵਾਈ ਕੀਤੀ ਹੈ। ਹੇ ਵਾਹਿਗੁਰੂ! ਅਸੀਂ ਤੇਰੇ ਦਰ ਦੇ ਕੂਕਰ ਹਾਂ। ਜਿਵੇਂ ਕੂਕਰ ਮਾਲਕ ਦੇ ਅੱਗੇ ਆਪਾ ਸਮਰਪਿਤ ਕਰ, ਲੰਮਾ ਪੈ ਕੇ ਆਪਣੀ ਲੋੜ ਪੂਰਤੀ ਲਈ ਭੌਂਕਦਾ ਹੈ। ਹੇ ਮਾਲਕ! ਮੈਂ ਵੀ ਤੇਰੇ ਦਰ ਤੇ ਕੂਕਰ ਦੀ ਨਿਆਈਂ ਤੇਰੇ ਮਿਲਾਪ ਲਈ ਅਰਜ਼ੋਈਆਂ ਤਰਲੇ ਕਰਦਾ ਹਾਂ, ਕਿਰਪਾ ਕਰ ਅਤੇ ਪਾ ਖ਼ੈਰ, ਮੈਂ ਦਾਗਿਆ ਹੋਇਆ ਤੇਰਾ ਗੁਲਾਮ ਹਾਂ। ਹੁਣ ਦਾ ਹੀ ਨਹੀਂ ਪਿੱਛਲੇ ਜਨਮਾਂ ਤੋਂ ਮੈਂ ਆਪ ਦਾ ਦਾਸ ਹਾਂ, ਮੇਰੀ ਬਹੁੜੀ ਕਰ।

**ਹਮ ਕੂਕਰ ਤੇਰੇ ਦਰਬਾਰਿ ॥**
**ਭਉਕਹਿ ਆਗੈ ਬਦਨੁ ਪਸਾਰਿ ॥੧॥ ਰਹਾਉ ॥**
**ਪੂਰਬ ਜਨਮ ਹਮ ਤੁਮ੍ਹਰੇ ਸੇਵਕ ਅਬ ਤਉ ਮਿਟਿਆ ਨ ਜਾਈ ॥**
**ਤੇਰੇ ਦੁਆਰੈ ਧੁਨਿ ਸਹਜ ਕੀ ਮਾਥੈ ਮੇਰੇ ਦਗਾਈ ॥੨॥**

ਕਬੀਰ ਜੀ, ਪੰਨਾ ੯੬੯

ਵਿਛੋੜੇ ਦੀ ਵਿੱਥ ਮੇਟਣ ਵਾਸਤੇ ਮਾਲਕ ਦੇ ਦਰ ਅੱਗੇ ਕਿਵੇਂ ਕੂਕਣਾ ਹੈ। ਇਹ ਅਗਵਾਈ ਵੀ ਬਾਬਾ ਕਬੀਰ ਜੀ ਪਾਸੋਂ ਪ੍ਰਾਪਤ ਕਰੀਏ। ਆਪ ਸਲੋਕਾਂ ਅੰਦਰ ਫੁਰਮਾਨ ਕਰਦੇ ਹਨ ਕਿ ਵਿਛੋੜੇ ਦੀ ਵਿੱਥ ਨੂੰ ਮੇਟਣ ਦਾ ਮਾਰਗ, ਪ੍ਰਭੂ ਨਾਮ ਦੁਆਰਾ ਕੂਕਣਾ ਹੀ ਹੈ। ਹੇ ਜਗਿਆਸੂ! ਜੇ ਪ੍ਰਭੂ ਮਿਲਾਪ ਲਈ ਤੇਰੇ ਮਨ ਅੰਦਰ

ਖਿੱਚ ਉਤਪੰਨ ਹੋਈ ਹੈ, ਫਿਰ ਗਾਫਲ ਹੋ 'ਭਉਂ-ਚੌਂ-ਸੌਂ' ਕੇ ਆਪਣਾ ਅਮੋਲਕ ਸਮਾਂ ਅਜਾਈਂ ਨ ਗਵਾ ਲਵੀਂ। ਦਿਨ-ਰਾਤ ਸਿਮਰਨ ਦੁਆਰਾ ਉਸ ਮਾਲਕ ਦੇ ਮਿਲਾਪ ਲਈ ਪੁਕਾਰ ਕਰ। ਪੁਕਾਰ ਕਰਦਿਆਂ-ਕਰਦਿਆਂ ਪਤਾ ਨਹੀਂ ਕਿਸ ਵੇਲੇ ਤੇਰੀ ਪੁਕਾਰ ਮਾਲਕ ਦੇ ਦਰ ਵਿੱਚ ਸੁਣੀ ਜਾਣੀ ਹੈ। ਆਪ ਦਾ ਫੁਰਮਾਨ ਹੈ :

**ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ॥**

**ਰਾਤਿ ਦਿਵਸ ਕੇ ਕੂਕਨੇ ਕਬਹੂ ਕੇ ਸੁਨੈ ਪੁਕਾਰ॥੨੨੩॥**

ਕਬੀਰ ਜੀ ਪੰਨਾ ੧੩੭੬

ਪਰਮਾਤਮਾ ਦੇ ਚਰਨਾਂ ਵਿੱਚ ਪੁਕਾਰਨਾ ਹੈ ਕਿ ਹੇ ਦਾਤਾਰ! ਮੈਂ ਆਪ ਜੀ ਨਾਲੋਂ ਬਹੁਤੇ ਜਨਮਾਂ ਦਾ ਵਿਛੜਿਆ ਹੋਇਆ ਹਾਂ। ਆਪ ਨੇ ਮਨੁੱਖਾ ਜਨਮ ਦੀ ਦਾਤ ਪ੍ਰਦਾਨ ਕੀਤੀ ਹੈ। ਹੁਣ ਇਹ ਮਨੁੱਖਾ ਜਨਮ ਤੁਹਾਨੂੰ ਮਿਲਣ ਲਈ ਅਰਪਨ ਕਰ ਦਿੱਤਾ ਹੈ। ਆਪ ਜੀ ਦੇ ਦਰਸ਼ਨਾਂ ਅਤੇ ਮਿਲਾਪ ਦੀ ਆਸ ਲਾ ਕੇ ਮੈਂ ਦਿਨ-ਰਾਤ ਆਸਵੰਤ ਹੋ ਕੇ ਬੈਠਾ ਹਾਂ, ਕਿਰਪਾ ਕਰਕੇ ਆਪਣੇ ਦਰਸ਼ਨ ਦੀਦਾਰ ਤੇ ਮਿਲਾਪ ਪ੍ਰਦਾਨ ਕਰੋ ਜੀ। ਭਗਤ ਰਵਿਦਾਸ ਜੀ ਦਾ ਫੁਰਮਾਨ ਪੜ੍ਹੀਏ।

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ॥**

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥**

ਰਵਿਦਾਸ ਜੀ, ਪੰਨਾ ੬੯੪

ਇਹ "**ਕੇਸੋ-ਕੇਸੋ ਕੂਕੀਐ**" ਦੀ ਪੁਕਾਰ ਸੁਣ ਕੇ ਪ੍ਰਭੂ ਨੇ ਮਿਹਰ ਕੀਤੀ :

**ਬਾਹ ਪਕਰਿ ਕਢਿ ਲੀਨੇ ਅਪੁਨੇ ਗ੍ਰਿਹ ਅੰਧ ਕੂਪ ਤੇ ਮਾਇਆ॥**

ਮ: ੫, ਪੰਨਾ ੧੨੧੮

**ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ॥**

ਮ: ੫, ਪੰਨਾ ੭੦੪

ਦੀ ਕਾਰ ਕਰਕੇ ਪਰਮੇਸ਼ਰ ਨੇ-

**ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ॥** ਪੰਨਾ ੮੪੬

**ਪੁਰਬੇ ਕਮਾਏ ਸ੍ਰੀਰੰਗ ਪਾਏ ਹਰਿ ਮਿਲੇ ਚਿਰੀ ਵਿਛੁੰਨਿਆ॥**

ਮ: ੫, ਪੰਨਾ ੮੦

ਦੀਆਂ ਦਾਤਾਂ ਪ੍ਰਦਾਨ ਕਰ ਦਿੱਤੀਆਂ। ਵਿਛੋੜੇ ਦੇ ਸਾਰੇ ਦੁੱਖ ਦੂਰ ਹੋ ਗਏ। ਵਿਛੋੜਾ ਹੀ ਸਾਰੇ ਦੁੱਖਾਂ ਦਾ ਮੂਲ ਹੈ।



## *ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ॥*

**ਅੱਖਰੀ-ਅਰਥ :** ਆਖਰੀ ਪੰਕਤੀਆਂ ਵਿੱਚ ਸਾਹਿਬ ਗੁਰੂ ਅਰਜਨ ਦੇਵ ਜੀ, ਅਸਾਂ ਜੀਵਾਂ ਨੂੰ ਪ੍ਰਭੂ ਚਰਨਾਂ ਵਿੱਚ ਅਰਦਾਸ ਕਰਨ ਦਾ ਵੱਲ ਸਿਖਾਉਂਦੇ ਫੁਰਮਾਨ ਕਰਦੇ ਹਨ ਕਿ ਹੇ ਮਾਇਆ ਦੇ ਬੰਧਨਾਂ ਤੋਂ ਛੁਡਾਉਣ ਵਾਲੇ ਮੇਰੇ ਮਾਲਕ ਪ੍ਰਭੂ! ਕ੍ਰਿਪਾ ਕਰਕੇ ਮੈਨੂੰ ਵੀ ਮਾਇਆ ਦੇ ਪ੍ਰਭਾਵ ਤੇ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਦਾਨ ਕਰਵਾ ਦੇਵੋ ਜੀ।

**ਸੰਖੇਪ-ਵਿਚਾਰ :** ਮਾਇਆ ਦੇ ਪ੍ਰਭਾਵ ਤੋਂ ਮਨੁੱਖ ਆਪਣੇ ਬਲ ਅਤੇ ਸਿਆਣਪ ਨਾਲ ਨਹੀਂ ਬੱਚ ਸਕਦਾ, ਕਿਉਂਕਿ ਮਾਇਆ ਦਾ ਪ੍ਰਭਾਵ ਇੰਨਾ ਪ੍ਰਬਲ ਹੈ ਕਿ ਇਸ ਮਾਇਆ ਦੇ ਪ੍ਰਭਾਵ ਤੋਂ ਦੇਵਤੇ, ਜਿਨਾਂ ਦੀ ਲੋਕ ਪੂਜਾ ਕਰਦੇ ਹਨ, ਉਹ ਵੀ ਬਚ ਨਹੀਂ ਸਕੇ। ਆਸਾ ਰਾਗ ਅੰਦਰ ਭਗਤ ਕਬੀਰ ਜੀ ਦਾ ਫੁਰਮਾਨ ਹੈ ਕਿ :

**ਸਰਪਨੀ ਤੇ ਊਪਰਿ ਨਹੀ ਬਲੀਆ॥ ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥**

ਕਬੀਰ ਜੀ, ਪੰਨਾ ੪੮੦

ਮਾਇਆ ਤਾਂ ਐਸੀ ਹੈ, ਇਹ ਆਪਣੇ ਸੇਵਕਾਂ ਨੂੰ ਹੀ ਖਾ ਜਾਂਦੀ ਹੈ। ਸਤਿਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ :

**ਮਾਇਆ ਹੋਈ ਨਾਗਨੀ ਜਗਤਿ ਰਹੀ ਲਪਟਾਇ॥**

**ਇਸ ਕੀ ਸੇਵਾ ਜੋ ਕਰੇ ਤਿਸ ਹੀ ਕਉ ਫਿਰਿ ਖਾਇ॥** ਮ: ੩, ਪੰਨਾ ੫੧੦

ਹੇ ਵਾਹਿਗੁਰੂ! ਅਜਿਹੀ ਪ੍ਰਬਲ ਮਾਇਆ, ਜਿਸ ਨੇ ਤ੍ਰੈ-ਗੁਣੀ ਸੰਸਾਰ ਚਹੁੰ-ਕੁੰਟਾਂ ਦੇ ਜੀਵ ਆਪਣੇ ਵੱਸ ਵਿੱਚ ਕੀਤੇ ਹੋਏ ਹਨ। ਜਿਸ ਮਾਇਆ ਨੇ ਯਗ ਕਰਨ ਵਾਲੇ ਰਾਜੇ, ਰਿਸ਼ੀ, ਨੇਮ ਨਾਲ ਇਸ਼ਨਾਨ ਤੇ ਤੱਪ ਕਰਨ ਵਾਲੇ ਤਪੀਏ ਇੰਨ੍ਹਾਂ ਸਾਰਿਆਂ ਨੂੰ ਇਸ ਮੋਹਣੀ ਮਾਇਆ ਨੇ ਆਪਣੇ ਵੱਸ ਵਿੱਚ ਕੀਤਾ ਹੈ। ਮੈਂ ਇੱਕ ਤੁੱਛ ਜਿਹਾ ਜੀਵ ਮਾਇਆ ਦੇ ਪ੍ਰਭਾਵ ਮੂਹਰੇ ਕਿਵੇਂ ਬਚ ਸਕਦਾ ਹਾਂ, ਭਾਵ ਨਹੀਂ ਬੱਚ ਸਕਦਾ :

**ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ॥**

**ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ॥੧॥**

ਮ: ੫, ਪੰਨਾ ੬੭੩

ਬਾਬਾ ਕਬੀਰ ਜੀ ਨੇ ਮਾਇਆ ਦੇ ਲਉ-ਲਸ਼ਕਰ ਦਾ ਵੇਰਵਾ ਭੈਰਉ ਰਾਗ ਅੰਦਰ ਵਰਨਣ ਕੀਤਾ ਹੈ। ਹੇ ਅਕਾਲ ਪੁਰਖ! ਮਾਇਆ ਦੇ ਪੰਜ ਮਹਾਂਬਲੀ, ਪੰਝੀ ਪ੍ਰਕਿਰਤੀਆਂ ਮੋਹ, ਹੰਕਾਰ, ਈਰਖਾ ਆਦਿ ਮਾਇਆ ਦੇ ਬੜੇ ਤਕੜੇ ਮੰਨੇ-ਪ੍ਰਮੰਨੇ ਸੂਰਮੇ ਹਨ। ਮੈਂ ਗਰੀਬ ਦਾ ਇਨ੍ਹਾਂ ਅੱਗੇ ਜੋਰ ਨਹੀਂ ਚੱਲਦਾ, ਦੱਸੋ ਮੈਂ ਮਾਇਆ ਤੋਂ ਬੱਚਣ ਲਈ ਕੀ ਕਰਾਂ ? ਆਪ ਦਾ ਪਿਆਰਾ ਫੁਰਮਾਨ ਹੈ :

**ਪਾਂਚ ਪਚੀਸ ਮੋਹ ਮਦ ਮਤਸਰ ਆਡੀ ਪਰਬਲ ਮਾਇਆ॥**

**ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ॥**

ਕਬੀਰ ਜੀ, ਪੰਨਾ ੧੧੬੧

ਮਾਇਆ ਦੇ ਪ੍ਰਭਾਵ ਤੋਂ ਮਨੁੱਖ ਆਪਣੇ ਬਲ ਨਾਲ ਨਹੀਂ ਬਚ ਸਕਦਾ। ਸਤਿਗੁਰੂ ਅਰਜਨ ਦੇਵ ਜੀ ਦੇ ਦਰਸਾਏ ਮਾਰਗ ਉੱਪਰ ਚੱਲ ਕੇ ਹੀ ਇਸ ਮਾਇਆ ਦੇ ਪ੍ਰਭਾਵ ਤੋਂ ਬਚਾਅ ਹੋ ਸਕਦਾ ਹੈ। ਉਹ ਰਸਤਾ ਹੈ ਪਰਮਾਤਮਾ ਦਾ ਨਾਮ ਜਪਣਾ, ਗੁਰੂ ਤੇ ਸਤਿਸੰਗਤ ਦੀ ਓਟ ਲੈਣੀ ਅਤੇ ਗੁਰੂ ਚਰਨਾਂ ਵਿੱਚ ਆਪਾ ਭਾਵ ਤਿਆਗ ਕੇ ਅਰਦਾਸ ਕਰਨ ਨਾਲ ਮਾਇਆ ਦੇ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਆਪ ਜੀ ਦਾ ਫੁਰਮਾਨ ਹੈ :

**ਪ੍ਰਭ ਕੀ ਓਟ ਗਹੀ ਤਉ ਛੂਟੋ॥**

**ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ॥**

ਮ: ੫, ਪੰਨਾ ੬੭੩

ਗੁਰੂ ਚਰਨਾਂ ਵਿੱਚ ਮਾਇਆ ਦੇ ਪ੍ਰਭਾਵ ਤੋਂ ਬਚਣ ਲਈ ਅਰਦਾਸ ਕਰਨੀ ਹੈ ਕਿ ਪਾਤਸ਼ਾਹ!

**ਰਾਖੁ ਪਿਤਾ ਪ੍ਰਭ ਮੇਰੇ॥ ਮੋਹਿ ਨਿਰਗੁਨੁ ਸਭ ਗੁਨ ਤੇਰੇ॥੧॥ ਰਹਾਉ॥**

**ਪੰਚ ਬਿਖਾਦੀ ਏਕੁ ਗਰੀਬਾ ਰਾਖਹੁ ਰਾਖਨਹਾਰੇ॥**

**ਖੇਦੁ ਕਰਹਿ ਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ॥੧॥**

**ਕਰਿ ਕਰਿ ਹਾਰਿਓ ਅਨਿਕ ਬਹੁ ਭਾਤੀ ਛੋਡਹਿ ਕਤਹੂੰ ਨਾਹੀ॥**

**ਏਕ ਬਾਤ ਸੁਨਿ ਤਾਕੀ ਓਟਾ ਸਾਧਸੰਗਿ ਮਿਟਿ ਜਾਹੀ॥੨॥**

**ਕਰਿ ਕਿਰਪਾ ਸੰਤ ਮਿਲੇ ਮੋਹਿ ਤਿਨ ਤੇ ਧੀਰਜੁ ਪਾਇਆ॥**

**ਸੰਤੀ ਮੰਤੁ ਦੀਓ ਮੋਹਿ ਨਿਰਭਉ ਗੁਰ ਕਾ ਸਬਦੁ ਕਮਾਇਆ॥੩॥**



**ਜੀਤਿ ਲਏ ਓਇ ਮਹਾ ਬਿਖਾਦੀ ਸਹਜ ਸੁਹੇਲੀ ਬਾਣੀ॥**

**ਕਹੁ ਨਾਨਕ ਮਨਿ ਭਇਆ ਪਰਗਾਸਾ ਪਾਇਆ ਪਦੁ ਨਿਰਬਾਣੀ॥**

ਮ: ੫, ਪੰਨਾ ੨੦੫

ਪਰਮਾਤਮਾਂ ਦੇ ਦਰ ਤੇ "**ਰਾਖੁ ਪਿਤਾ ਪ੍ਰਭ ਮੇਰੇ, ਰਾਖੁ ਪਿਤਾ ਪ੍ਰਭ ਮੇਰੇ**" ਦੀ ਪੁਕਾਰ ਕਰਾਂਗੇ ਤਾਂ ਪਰਮ ਪਿਤਾ ਪਰਮਾਤਮਾ ਜਰੂਰ ਸੁਣੇਗਾ।

## *ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ॥੯॥*

**ਅੱਖਰੀ-ਅਰਥ :** ਕੱਤਕ ਦੇ ਮਹੀਨੇ ਜਿਨ੍ਹਾਂ ਨੂੰ ਸਤਿਸੰਗਤ ਪ੍ਰਾਪਤ ਹੋ ਜਾਂਦੀ ਹੈ, ਉਨ੍ਹਾਂ ਦੇ ਸਾਰੇ ਚਿੰਤਾ-ਝੋਰੇ, ਫਿਕਰ, ਸਦਾ ਵਾਸਤੇ ਦੂਰ ਹੋ ਜਾਂਦੇ ਹਨ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਵਿਚਰਦਿਆਂ ਆਪਾਂ ਵੇਖਦੇ ਹਾਂ ਕਿ ਹਰ ਮਨੁੱਖ ਚਿੰਤਾ-ਫਿਕਰ ਵਿੱਚ ਗ੍ਰਸਿਆ, ਝੂਰਦਾ ਹੋਇਆ ਹੀ ਆਪਣਾ ਸਮਾਂ ਬਤੀਤ ਕਰ ਰਿਹਾ ਹੈ। ਕਿਤੇ ਕੰਮਾਂ-ਕਾਰਾਂ ਦੀ ਚਿੰਤਾ, ਕਿਤੇ ਆਂਢ-ਗੁਆਂਢ, ਦੁਸ਼ਮਣਾਂ ਤੋਂ ਚਿੰਤਾ, ਆਉਣ ਵਾਲੇ ਸਮੇਂ ਦੀ ਚਿੰਤਾ, ਅਨੇਕ ਪ੍ਰਕਾਰ ਦੀ ਘਰੋਗੀ ਚਿੰਤਾ ਤਥਾ ਮੌਤ ਦੀ ਚਿੰਤਾ ਵਿੱਚ ਫਸਿਆ ਮਨੁੱਖ ਦਿਨ ਰਾਤ ਚਿੰਤਾਤੁਰ ਰਹਿੰਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਇਸ ਸੱਚਾਈ ਨੂੰ ਰਾਮਕਲੀ ਰਾਗ ਅੰਦਰ ਅੰਕਿਤ ਕੀਤਾ ਹੈ ਕਿ "**ਚਿੰਤਤ ਹੀ ਦੀਸੈ ਸਭੁ ਕੋਇ॥**" ਇਸੇ ਚਿੰਤਾ ਵਿੱਚ ਫਸਿਆ ਮਨੁੱਖ ਰਾਤ ਨੂੰ ਵੀ ਸੁੱਖ ਦੀ ਨੀਂਦ ਸੌਂ ਨਹੀਂ ਸਕਦਾ। ਸਤਿਗੁਰੂ ਅਮਰਦਾਸ ਜੀ ਨੇ ਸੋਰਠਿ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਮਨਮੁੱਖ ਲੋਕ ਹਮੇਸ਼ਾ ਅਗਿਆਨ-ਭਰਮ ਵਿੱਚ ਫੱਸੇ ਸਹਿਸੇ ਵਾਲਾ (ਸ਼ੱਕੀ) ਜੀਵਨ ਬਤੀਤ ਕਰਦੇ ਹਨ। ਉਨ੍ਹਾਂ ਨੂੰ ਦਿਨ ਰਾਤ ਚਿੰਤਾ ਲੱਗੀ ਰਹਿੰਦੀ ਹੈ, ਜਿਸ ਕਰਕੇ ਉਹ ਅਰਾਮ ਦੀ ਨੀਂਦ ਵੀ ਨਹੀਂ ਸੌਂ ਸਕਦੇ। ਸਾਹਿਬਾਂ ਦਾ ਫੁਰਮਾਨ ਹੈ :

**ਮਨਮੁਖ ਭਰਮੈ ਸਹਸਾ ਹੋਵੈ॥ ਅੰਤਰਿ ਚਿੰਤਾ ਨੀਦ ਨ ਸੋਵੈ॥**

ਮ: ੩, ਪੰਨਾ ੬੪੯

ਇਸ ਦੇ ਉਲਟ ਜੋ ਸਤਿਸੰਗਤ ਕਰਦੇ ਹਨ, ਸਤਿਸੰਗਤ ਵਿੱਚ ਬੈਠ ਕੇ ਸਤਿ ਨਾਲ ਜੁੜ ਜਾਂਦੇ ਹਨ। ਉਹ ਦਿਨ ਰਾਤ ਕਾਰ ਵਿਹਾਰ ਕਰਦੇ, ਪ੍ਰਭੂ ਨਾਲ ਜੁੜੇ, ਨਿਸ਼ਚਿੰਤਤਾ ਵਿੱਚ ਆਪਣਾ ਜੀਵਨ ਬਤੀਤ ਕਰਦੇ ਹਨ। ਉਨ੍ਹਾਂ ਦੇ ਅਚਿੰਤ ਜੀਵਨ ਪ੍ਰਤੀ ਵੀ ਸ੍ਰੀ ਗੁਰੂ ਅਮਰਦਾਸ ਜੀ ਨੇ ਸੋਰਠ ਰਾਗ ਦੀ ਵਾਰ ਅੰਦਰ, ਫੁਰਮਾਨ ਕੀਤਾ ਹੈ, ਉਨ੍ਹਾਂ ਦਾ ਜੀਵਨ ਕਿਹੋ ਜਿਹਾ ਬਤੀਤ ਹੁੰਦਾ ਹੈ :

**ਸਹਜੇ ਜਾਗੈ ਸਹਜੇ ਸੋਵੈ॥ ਗੁਰਮੁਖਿ ਅਨਦਿਨੁ ਉਸਤਤਿ ਹੋਵੈ॥**

ਮ: ੩, ਪੰਨਾ ੬੪੬

ਉਹ ਤਾਂ—

**ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾ ਕਹਾਂ ਪ੍ਰਭੁ ਤੂੰ ਵਰਤੰਤਾ॥**

ਮ: ੫, ਪੰਨਾ ੧੧੩੬

ਦੀ ਅਵਸਥਾ ਵਿੱਚ ਵਿਚਰਦੇ ਹਨ।

ਸਤਿਸੰਗਤ ਅਚਿੰਤ ਨਾਲ ਜੁੜਨ ਦਾ ਸਾਧਨ ਹੈ, ਜੋ ਸਤਿਸੰਗਤ ਦੇ ਸਾਧਨ ਦੁਆਰਾ ਅਚਿੰਤ ਨਾਲ ਜੁੜ ਜਾਂਦੇ ਹਨ, ਉਨ੍ਹਾਂ ਪ੍ਰਤੀ ਤਾਂ ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਜਾ ਕੈ ਅਚਿੰਤੁ ਵਸੈ ਮਨਿ ਆਇ॥ ਤਾ ਕਉ ਚਿੰਤਾ ਕਤਹੂੰ ਨਾਹਿ॥੨॥**

ਮ: ੫, ਪੰਨਾ ੧੮੬

ਵਡਭਾਗੀ ਗੁਰੂ ਪਿਆਰੇ, ਸਤਿਸੰਗਤ ਕਰਕੇ ਪਾਪ ਕਰਮਾਂ ਦੇ ਭਾਰ ਤੋਂ ਵੀ ਮੁਕਤ ਹੋ ਜਾਂਦੇ ਹਨ। ਗੁਣ ਨਿਧਾਨ ਪ੍ਰਮਾਤਮਾ ਦਾ ਨਾਮ ਉਨ੍ਹਾਂ ਦੇ ਹਿਰਦੇ ਵਿੱਚ ਵੱਸ ਜਾਂਦਾ ਹੈ। ਨਾਮ ਦੀ ਬਰਕਤ ਨਾਲ ਬਿਨਾਂ ਚਿੰਤਾ ਤੋਂ ਉਨ੍ਹਾਂ ਦੇ ਸਾਰੇ ਸੰਸਾਰੀ ਕਾਰਜ ਵੀ ਪੂਰੇ ਹੋ ਜਾਂਦੇ ਹਨ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਸਗਲ ਪਰਾਛਤ ਲਾਥੇ॥ ਮਿਲਿ ਸਾਧਸੰਗਤਿ ਕੈ ਸਾਥੇ॥**

**ਗੁਣ ਨਿਧਾਨ ਹਰਿ ਨਾਮਾ॥ ਜਪਿ ਪੂਰਨ ਹੋਏ ਕਾਮਾ॥** ਮ: ੫, ਪੰਨਾ ੬੨੧

ਤਥਾ : **ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ॥**

ਮ: ੩, ਪੰਨਾ ੬੩੮

ਸਤਿਸੰਗਤ ਕਰਨ ਨਾਲ ਜਿੱਥੇ ਚਿੰਤਾ ਝੋਰੇ ਖ਼ਤਮ ਹੋ ਜਾਂਦੇ ਹਨ, ਮਨ ਨਿਸਚਿੰਤਤਾ ਦੇ ਘਰ ਵਿੱਚ ਆ ਜਾਂਦਾ ਹੈ, ਉਥੇ ਮਨ ਨੂੰ ਸਹਿਜ ਤੇ ਅਨੰਦ ਦੀ ਪ੍ਰਾਪਤੀ ਵੀ ਹੋ ਜਾਂਦੀ ਹੈ।

**ਵਡੈ ਭਾਗਿ ਸਤਸੰਗਤਿ ਪਾਈ ਹਰਿ ਪਾਇਆ ਸਹਜਿ ਅਨੰਦੁ॥**

ਮ: ੩, ਪੰਨਾ ੨੯

ਜਿਉਂ-ਜਿਉਂ ਜਗਿਆਸੂ ਸਤਿਸੰਗਤ ਕਰਨ ਵੱਲ ਬਹੁਤਾ ਸਮਾਂ ਕੱਢਦਾ ਹੈ ਤਿਉਂ-ਤਿਉਂ ਉਸ ਦੀ ਆਤਮਾ ਨੂੰ ਪ੍ਰਮਾਤਮਾ ਦੇ ਨਾਮ ਦਾ ਮਜੀਠੀ ਰੰਗ ਵਧੇਰੇ



ਚੜ੍ਹਨ ਲੱਗ ਜਾਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥**

**ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥**

ਮ: ੫, ਪੰਨਾ ੭੧

ਇਸ ਲਈ ਹਰ ਮਨੁੱਖ ਨੂੰ ਚਿੰਤਾ-ਝੋਰੇ ਤੋਂ ਮੁਕਤ ਹੋਣ ਲਈ, ਪਰਮਾਤਮਾ ਨਾਲ ਆਪਣੀ ਆਤਮਾ ਨੂੰ ਜੋੜਨ ਲਈ ਅਤੇ ਨਾਮ ਦੇ ਰਸ ਤੇ ਰੰਗ ਨੂੰ ਮਾਨਣ ਲਈ ਸਤਿਸੰਗਤ ਕਰਨਾ ਅਵੱਸ਼ ਲਾਜ਼ਮੀ ਹੈ।

**ਧਨੁ ਧੰਨੁ ਸਤਸੰਗਤਿ ਜਿਤੁ ਹਰਿ ਰਸੁ ਪਾਇਆ**

**ਮਿਲਿ ਜਨ ਨਾਨਕ ਨਾਮੁ ਪਰਗਾਸਿ॥** ਮ: ੪, ਪੰਨਾ ੧੦

ਇਸ ਲਈ :

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥**

**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੧੩੨॥**

ਕਬੀਰ ਜੀ, ਪੰਨਾ ੧੩੭੭

❒ ❒ ❒

# ਮੰਘਿਰਿ (ਮੱਘਰ)

ਮੂਲ-ਪਾਠ

***ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥***
***ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ ॥***
***ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥***
***ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥***
***ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ ॥***
***ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥***
***ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥***
***ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥***
***ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦ ॥***

**ਪਦ-ਅਰਥ : ਮੰਘਿਰਿ** = ਮੱਘਰ ਦੇ ਮਹੀਨੇ ਦੁਆਰਾ ਗੁਰੂ ਉਪਦੇਸ਼। **ਮਾਹਿ** = ਵਿੱਚ। **ਸੋਹੰਦੀਆ** = ਸ਼ੋਭਨੀਕ ਲੱਗਦੀਆਂ ਹਨ। **ਪਿਰ ਸੰਗਿ** = ਪਤੀ (ਮਾਲਕ ਪ੍ਰਭੂ) ਦੇ ਨਾਲ। **ਸੋਭਾ** = ਵਡਿਆਈ। **ਕਿਆ ਗਣੀ** = ਉਨ੍ਹਾਂ ਦੀ ਸੋਭਾ ਦੀ ਗਿਣਤੀ-ਮਿਣਤੀ ਨਹੀਂ ਹੋ ਸਕਦੀ, **ਜਿ ਸਾਹਿਬਿ ਮੇਲੜੀਆਹ** = ਜਿਨ੍ਹਾਂ ਨੂੰ ਪਰਮਾਤਮਾ ਨੇ ਆਪਣੇ ਨਾਲ ਮੇਲ ਲਿਆ। **ਮਉਲਿਆ** = ਪ੍ਰਫੁੱਲਤ ਹੋ ਗਿਆ। **ਸੰਗਿ ਸਾਧ ਸਹੇਲੜੀਆਹ** = ਸਤਿਸੰਗੀਆਂ ਦੀ ਸੰਗਤ ਕਰਕੇ। **ਸਾਧ ਜਨਾ ਤੇ ਬਾਹਰੀ** = ਜੋ ਸਤਿਸੰਗਤ ਤੋਂ ਵਾਂਝੇ ਰਹਿੰਦੇ ਹਨ (ਜੋ ਸਤਿਸੰਗਤ ਨਹੀਂ ਕਰਦੇ)। **ਸੇ ਰਹਨਿ ਇਕੇਲੜੀਆਹ** = ਉਹ ਪ੍ਰਭੂ ਤੋਂ ਦੂਰ ਹੋ ਕੇ ਇਕੱਲੇ ਰਹਿ ਜਾਂਦੇ ਹਨ। **ਨ ਕਬਹੂ ਉਤਰੈ** = ਉਨ੍ਹਾਂ ਦਾ ਵਿਛੋੜੇ ਦਾ ਦੁੱਖ ਕਦੇ ਵੀ, ਦੂਰ ਨਹੀਂ ਹੁੰਦਾ। **ਜਮ ਕੈ ਵਸਿ ਪੜੀਆਹ** = ਉਨ੍ਹਾਂ ਜੀਵ ਆਤਮਾਵਾਂ ਨੂੰ ਜਮਦੂਤਾਂ ਦੇ ਵੱਸ ਪਾਇਆ ਜਾਂਦਾ ਹੈ। **ਦਿਸਨਿ ਨਿਤ ਖੜੀਆਹ** = ਉਹ ਨਿੱਤ ਹੀ ਪਰਮਾਤਮਾ ਦੇ ਸੰਗ ਦਾ ਅਨੰਦ ਮਾਣਦੀਆਂ ਹਨ। **ਰਤਨ ਜਵੇਹਰ ਲਾਲ ਹਰਿ** = ਰਤਨਾਂ, ਲਾਲਾਂ ਜਵਾਹਰਾਤਾਂ ਵਰਗਾ ਕੀਮਤੀ ਹਰੀ ਦਾ ਨਾਮ। **ਕੰਠਿ** = ਹਿਰਦੇ ਵਿੱਚ। **ਜੜੀਆਹ** = ਪ੍ਰੋਤਾ ਜਾਂਦਾ ਹੈ। **ਬਾਂਛੈ** = ਲੋਚਦਾ। **ਸਰਣੀ ਦਰਿ ਪੜੀਆਹ** = ਜੋ ਹਮੇਸ਼ਾ ਪ੍ਰਭੂ ਦੇ ਦਰ ਉੱਪਰ ਢੱਠੇ ਰਹਿੰਦੇ ਹਨ, **ਬਹੁੜਿ** = ਮੁੜ-ਦੁਬਾਰਾ। **ਜਨਮੜੀਆਹ** = ਜਨਮ-ਮਰਨ ਦਾ ਚੱਕਰ।



# ਪਿਰ ਸੰਗਿ ਬੈਠੜੀਆਹ

ਪ੍ਰਭੂ ਰਚਨਾ ਦੀ ਹਰ ਵਸਤੂ ਦਾ ਕੋਈ ਨਾ ਕੋਈ ਕੇਂਦਰ ਹੈ। ਹਰ ਵਸਤੂ ਆਪਣੇ ਮਰਕਜ਼ ਨਾਲ ਜੁੜੀ ਰਹਿਣਾ ਚਾਹੁੰਦੀ ਹੈ। ਕਿਸੇ ਵੀ ਕਾਰਣ ਕਰਕੇ ਕੋਈ ਵਸਤੂ ਆਪਣੇ ਮੂਲ ਨਾਲੋਂ ਵਿਛੜ ਜਾਵੇ। ਉਹ ਵਸਤੂ ਉਨਾਂ ਚਿਰ ਲਗਾਤਾਰ ਯਤਨਸ਼ੀਲ ਤੇ ਕ੍ਰਿਆਸ਼ੀਲ ਰਹਿੰਦੀ ਹੈ, ਜਿਨਾਂ ਚਿਰ ਉਹ ਆਪਣੇ ਮਰਕਜ਼ ਨਾਲ ਮਿਲ ਨਹੀਂ ਜਾਂਦੀ। ਆਪਣੇ ਮੂਲ ਨਾਲ ਮਿਲਣ ਉਪਰੰਤ ਉਸ ਦੀ ਧਾਵਣੀ ਖ਼ਤਮ ਹੋ ਜਾਂਦੀ ਹੈ।

ਮਿਸਾਲ ਦੇ ਤੌਰ ਤੇ ਆਪਾਂ ਨਿੱਤ ਵੇਖਦੇ ਹਾਂ ਕਿ ਪਾਣੀ ਦਾ ਮੂਲ ਸੋਮਾ ਸਮੁੰਦਰ ਹੈ। ਸਮੁੰਦਰ ਵਿੱਚੋਂ ਗਰਮੀ ਦੇ ਕਾਰਣ ਪਾਣੀ ਭਾਫ ਬਣ ਕੇ ਅਸਮਾਨ ਵੱਲ ਉੱਡਦਾ ਹੈ। ਭਾਫ਼ ਦੇ ਰੂਪ ਵਿੱਚ ਆਪਣੇ ਮੂਲ ਨਾਲੋਂ ਵਿਛੜਿਆ ਪਾਣੀ ਬਾਰਸ਼ ਜਾਂ ਬਰਫ਼ ਦੇ ਰੂਪ ਵਿੱਚ ਮੈਦਾਨਾਂ ਅਤੇ ਪਹਾੜਾਂ ਦੀਆਂ ਚੋਟੀਆਂ ਉੱਪਰ ਬਰਸਦਾ ਹੈ। ਮੀਂਹ ਦੇ ਰੂਪ ਵਿੱਚ ਵਰ੍ਹਿਆ ਹੋਇਆ ਪਾਣੀ ਤੇ ਪਹਾੜਾਂ ਦੀਆਂ ਚੋਟੀਆਂ ਉੱਪਰ ਪਈ ਬਰਫ਼ ਮੁੜ ਧੁੱਪ ਨਾਲ ਪਿਘਲ ਕੇ ਨਾਲੇ, ਨਦੀਆਂ, ਦਰਿਆਵਾਂ ਦਾ ਰੂਪ ਧਾਰ ਕੇ ਆਪਣੇ ਮੂਲ ਸਮੁੰਦਰ ਨਾਲ ਮਿਲਣ ਵਾਸਤੇ ਯਤਨਸ਼ੀਲ ਹੋ ਜਾਂਦਾ ਹੈ ਅਤੇ ਉਨਾਂ ਚਿਰ ਲਗਾਤਾਰ ਵਹਿਣ ਦੇ ਰੂਪ ਵਿੱਚ ਤੁਰਿਆ ਹੀ ਰਹਿੰਦਾ ਹੈ, ਜਿਨਾਂ ਚਿਰ ਸਮੁੰਦਰ ਦਾ ਵਸਲ ਪ੍ਰਾਪਤ ਨਹੀਂ ਕਰ ਲੈਂਦਾ। ਸਮੁੰਦਰ ਵਿੱਚ ਮਿਲਣ ਨਾਲ ਮੁੜ ਸ਼ਾਂਤ ਹੋ ਜਾਂਦਾ ਹੈ।

ਇਸੇ ਤਰ੍ਹਾਂ ਧਰਤੀ ਦੀਆਂ ਸਥੂਲ ਵਸਤੂਆਂ ਮਿੱਟੀ, ਇੱਟਾਂ, ਪੱਥਰ ਜਿਨ੍ਹਾਂ ਦਾ ਮੂਲ ਧਰਤੀ ਹੈ, ਨੂੰ ਕਿਸੇ ਸਾਧਨ ਨਾਲ ਅਸਮਾਨ ਵਿੱਚ ਭਾਵੇਂ ਕਈ ਮੀਲ ਦੀ ਉੱਚਾਈ ਤੇ ਲਿਜਾ ਕੇ ਅਸਮਾਨ ਵਿੱਚ ਛੱਡ ਦਿੱਤਾ ਜਾਵੇ। ਪੱਥਰ, ਮਿੱਟੀ, ਇੱਟਾਂ-ਰੋੜੇ ਅਸਮਾਨ ਵਿੱਚ ਛੱਡਦਿਆਂ ਸਾਰ ਹੀ ਆਪਣੇ ਮੂਲ ਧਰਤੀ ਵੱਲ ਬੜੀ ਤੇਜ਼ੀ ਨਾਲ ਚੱਲ ਪੈਂਦੇ ਹਨ ਅਤੇ ਉਨਾਂ ਚਿਰ ਉਨ੍ਹਾਂ ਦੀ ਚਾਲ ਨਿਰੰਤਰ ਜਾਰੀ ਰਹਿੰਦੀ ਹੈ, ਜਿਨ੍ਹਾਂ ਚਿਰ ਉਹ ਆਪਣੇ ਮੂਲ ਧਰਤੀ ਦਾ ਮਿਲਾਪ ਪ੍ਰਾਪਤ ਨਹੀਂ ਕਰ ਲੈਂਦੇ। ਧਰਤੀ ਨਾਲ ਮਿਲਦੇ ਸਾਰ ਉਨ੍ਹਾਂ ਦੀ ਗਤੀ ਸ਼ਾਂਤ ਹੋ ਜਾਂਦੀ ਹੈ। ਪੱਥਰ, ਮਿੱਟੀ, ਇੱਟਾਂ ਦੀ ਗਤੀ ਸ਼ਾਂਤ ਕਿਉਂ ਹੋਈ ? ਕਿਉਂਕਿ ਉਨ੍ਹਾਂ ਨੇ ਆਪਣੇ ਮੂਲ ਦਾ ਮਿਲਾਪ ਪ੍ਰਾਪਤ ਕਰ ਲਿਆ।

ਸਾਡੀ ਆਤਮਾ ਦਾ ਮੂਲ ਪਰਮਾਤਮਾ ਹੈ। ਜਿਸ ਪ੍ਰਤੀ ਬਾਬਾ ਕਬੀਰ ਜੀ ਨੇ ਗੌਂਡ ਰਾਗ ਅੰਦਰ ਫੁਰਮਾਨ ਕੀਤਾ ਹੈ। ਅਸੀਂ ਕੌਣ ਹਾਂ ?

**[1]ਕਹੁ ਕਬੀਰ ਇਹੁ ਰਾਮ ਕੀ ਅੰਸੁ ॥ ਜਸ ਕਾਗਦ ਪਰ ਮਿਟੈ ਨ ਮੰਸੁ ॥੪॥**

ਗੌਂਡ ਕਬੀਰ ਜੀ, ਪੰਨਾ ੮੭੧

ਆਸਾ ਰਾਗ ਅੰਦਰ ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ, ਸਾਡਾ ਮਨ ਜੋ ਸਾਡੇ ਸਰੀਰ ਦੀ ਚੇਤਨ ਸਤਾ ਦਾ ਮੂਲ ਹੈ। ਇਹ ਕਿਸ ਦਾ ਰੂਪ ਹੈ ?

**[2]ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥**

**ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥**

ਆਸਾ ਮ: ੩, ਪੰਨਾ ੪੪੧

ਆਤਮਾ ਵੀ ਜਿੰਨਾ ਚਿਰ ਆਪਣੇ ਮੂਲ ਪਰਮਾਤਮਾ ਨਾਲ ਮਿਲ ਨਹੀਂ ਜਾਂਦੀ ਉਨਾਂ ਚਿਰ ਇਹ ਆਪਣੇ ਮੂਲ ਤੋਂ ਵਿਛੋੜੇ ਦਾ ਦੁੱਖ ਸਹਾਰਦੀ ਚੱਕਰ ਕੱਟਦੀ ਰਹਿੰਦੀ ਹੈ।

**ਜਮਿ ਜਮਿ ਮਰੈ ਮਰੈ ਫਿਰਿ ਜੰਮੈ ॥ ਬਹੁਤੁ ਸਜਾਇ ਪਇਆ ਦੇਸਿ ਲੰਮੈ ॥**

ਮਾਰੂ ਮ: ੫, ਪੰਨਾ ੧੦੨੦

ਪਰਮਾਤਮਾ ਨੇ ਆਤਮਾ ਨੂੰ ਮਨੁੱਖਾ ਜਨਮ ਬਖਸ਼ਿਸ਼ ਕਰਕੇ ਆਪਣੇ ਨਾਲ ਮਿਲਣ ਦਾ ਮੌਕਾ ਪ੍ਰਦਾਨ ਕੀਤਾ ਹੈ। ਜਿਹੜੀਆਂ ਆਤਮਾਵਾਂ ਮਨੁੱਖਾ ਜਨਮ ਦੇ ਮੌਕੇ ਤੋਂ ਲਾਭ ਪ੍ਰਾਪਤ ਕਰਕੇ ਆਪਣੇ ਮੂਲ ਪਰਮਾਤਮਾ ਨਾਲ ਮਿਲ ਜਾਂਦੀਆਂ ਹਨ, ਉਨ੍ਹਾਂ ਦੀ ਧਾਵਨਾ ਖ਼ਤਮ ਹੋ ਜਾਂਦੀ ਹੈ ਅਤੇ ਉਨ੍ਹਾਂ ਆਤਮਾਵਾਂ ਨੂੰ ਸਤਿਗੁਰੂ ਅਜਿਹੀ ਅਵਸਥਾ ਪ੍ਰਦਾਨ ਕਰ ਦਿੰਦੇ ਹਨ, ਜਿਸ ਪਰਥਾਇ ਸਤਿਗੁਰੂ ਅਰਜਨ ਦੇਵ ਜੀ ਨੇ ਗਉੜੀ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਉਹ ਅਵਸਥਾ, ਉਹ ਅਸਥਾਨ ਐਸਾ ਹੈ, ਜਿਸ ਦੀ ਖੁਸ਼ੀ ਤੇ ਅਨੰਦ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਆਪ ਦਾ ਫੁਰਮਾਨ ਹੈ :

---

੧. ਅਸੀਂ ਸਾਰੇ ਰਾਮ ਦੀ ਅੰਸ਼ ਹਾਂ। ਰਾਮ ਦੀ ਅੰਸ਼ ਜੀਵ-ਆਤਮਾ ਆਪਣੇ ਮੂਲ ਪਰਮਾਤਮਾ ਨਾਲ ਇਸ ਤਰ੍ਹਾਂ ਓਤ-ਪੋਤ ਹੈ, ਜਿਸ ਤਰ੍ਹਾਂ ਕਾਗਜ਼ ਉੱਪਰ ਸਿਆਹੀ ਨਾਲ ਲਿਖੇ ਅੱਖਰ ਕਾਗਜ਼ ਦਾ ਹੀ ਰੂਪ ਹੁੰਦੇ ਹਨ।

੨. ਹੇ ਮਨ ! ਤੂੰ ਜੋਤ ਸਰੂਪ ਪਰਮਾਤਮਾ ਦਾ ਰੂਪ ਹੈ। ਮਾਇਆ ਦੇ ਪ੍ਰਭਾਵ ਕਾਰਣ ਤੂੰ ਆਪਣੇ ਆਪ ਨੂੰ ਵੱਖਰਾ ਮੰਨੀ ਬੈਠਾ ਹੈਂ। ਹੇ ਮਨ ! ਤੂੰ ਆਪਣੇ ਮੂਲ ਨੂੰ ਪਛਾਣ, ਸੁਚੇਤ ਹੋ। ਹੇ ਮਨ ! ਹਰੀ ਪਰਮਾਤਮਾ ਹਮੇਸ਼ਾਂ ਤੇਰੇ ਅੰਗ ਸੰਗਿ ਹੈ। ਗੁਰੂ ਦੀ ਸਿੱਖਿਆ ਲੈ ਕੇ ਤੂੰ ਜੋਤ ਸਰੂਪ ਨਾਲ ਜੁੜ ਕੇ ਸਦੀਵੀਂ ਖੁਸ਼ੀਆਂ ਦੇ ਅਨੰਦ ਨੂੰ ਮਾਨਣਾ ਕਰ।



**ਹਰਖ ਅਨੰਤ ਸੋਗ ਨਹੀ ਬੀਆ ॥ ਸੋ ਘਰੁ ਗੁਰਿ ਨਾਨਕ ਕਉ ਦੀਆ ॥**

ਮ: ੫, ਪੰਨਾ ੧੮੬

ਉਹ ਆਤਮਾਵਾਂ ਆਪਣੇ ਪਿਰ ਨਾਲ ਬੈਠ ਭਾਵ ਆਪਣੇ ਮਾਲਕ ਨਾਲ ਇਕਮਿਕ ਹੋਈਆਂ ਸਦੀਵ ਕਾਲ ਲਈ ਸੋਭਾਵੰਤੀਆਂ ਬਣ ਆਪਣੇ ਮੂਲ ਪਰਮਾਤਮਾ ਦੇ ਮਿਲਾਪ ਦੇ ਅਨੰਦ ਨੂੰ ਮਾਣਦੀਆਂ ਹਨ।

## *ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥*

**ਅੱਖਰੀ-ਅਰਥ :** ਮਘਰ ਦੇ ਮਹੀਨੇ ਦੁਆਰਾ ਸਤਿਗੁਰੂ ਉਪਦੇਸ਼ ਕਰਦੇ ਹਨ ਕਿ ਉਹ ਖੁਸ਼-ਨਸੀਬ ਜੀਵ ਆਤਮਾਵਾਂ ਜੋ ਆਪਣੇ ਮਾਲਕ ਪ੍ਰਭੂ ਕੋਲ ਬੈਠ ਜਾਂਦੀਆਂ ਹਨ ਭਾਵ ਜੋ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰ ਲੈਂਦੀਆਂ ਹਨ, ਉਹ ਆਤਮਾਵਾਂ ਸੋਭਨੀਕ, ਸੁੰਦਰ ਲੱਗਦੀਆਂ ਹਨ।

**ਸੰਖੇਪ-ਵਿਚਾਰ :** ਅਸਲੀਅਤ ਇਹ ਹੈ ਕਿ ਪਰਮਾਤਮਾ ਤਾਂ ਸਾਡੇ ਅੰਦਰ ਵੀ ਤੇ ਬਾਹਰ ਵੀ ਹਰ ਥਾਂ ਘਟ ਘਟ ਵਿੱਚ ਬੈਠਾ ਹੈ ਅਤੇ ਪਰੀਪੂਰਨ ਹੋ ਕੇ ਰਮਿਆ ਹੋਇਆ ਹੈ। ਅਸੀਂ ਹੀ ਉਸ ਦੇ ਕੋਲ ਨਹੀਂ ਬੈਠਦੇ। ਅਸੀਂ ਹੀ ਉਸ ਦੀ ਹਜ਼ੂਰੀ ਵਿੱਚੋਂ ਬਾਹਰ ਚਲੇ ਜਾਂਦੇ ਹਾਂ। ਜਿਵੇਂ ਇੱਕ ਬੱਚਾ ਆਪਣੇ ਬਾਪ ਦੀ ਗੋਦੀ ਵਿੱਚ ਬੈਠਾ ਸੋਭਾ ਪਾਉਂਦਾ ਹੈ। ਜੇ ਬੱਚਾ ਆਪਣੇ ਬਾਪ ਦੀ ਗੋਦ ਤਿਆਗ ਕੇ ਕਿਸੇ ਓਪਰੇ ਦੀ ਗੋਦ ਵਿੱਚ ਜਾ ਬੈਠੇ, ਬੱਚੇ ਨੂੰ ਉੱਥੋਂ ਨਾ ਬਾਪ ਦੀ ਗੋਦ ਦਾ ਪਿਆਰ ਮਿਲਦਾ ਤੇ ਨਾ ਹੀ ਬੱਚਾ ਸੋਭਾ ਪਾਉਂਦਾ ਹੈ। ਇਸੇ ਤਰ੍ਹਾਂ ਇਸਤਰੀ ਆਪਣੇ ਭਰਤਾ ਦਾ ਸੰਗ ਤਿਆਗ ਕੇ, ਕਿਸੇ ਪਰ ਪੁਰਸ਼ ਪਾਸ ਜਾ ਬੈਠੇ ਜਾਂ ਭਰਤਾ ਆਪਣੀ ਧਰਮ ਪਤਨੀ ਦਾ ਸੰਗ ਤਿਆਗ ਕੇ, ਕਿਸੇ ਪਰ ਇਸਤ੍ਰੀ ਪਾਸ ਜਾ ਬੈਠੇ, ਸੰਸਾਰ ਵਿੱਚ ਸਮਾਜ ਦੀ ਨਿਗ੍ਹਾ ਅੰਦਰ ਉਹ ਸੋਭਾ ਨਹੀਂ ਪਾਉਂਦੇ। ਇਸਤ੍ਰੀ ਆਪਣੇ ਪਤੀ ਦੇ ਸੰਗ ਬੈਠੀ ਤੇ ਪੁਰਸ਼ ਆਪਣੀ ਇਸਤਰੀ ਪਾਸ ਬੈਠਾ ਹੀ ਸੋਭਾ ਪਾਉਂਦਾ ਹੈ। ਤਿਵੇਂ ਜੀਵ ਆਤਮਾ ਵੀ ਆਪਣੇ ਭਰਤਾ (ਮਾਲਕ) ਪਰਮਾਤਮਾ ਦੇ ਸੰਗ ਮਿਲੀ ਹੋਈ ਹੀ ਸੋਭਾ ਪਾਉਂਦੀ ਹੈ। ਮਾਲਕ ਨੂੰ ਛੱਡ ਕੇ ਕ੍ਰਿਤ ਮਗਰ ਜਾਣ ਨਾਲ ਜੀਵ ਆਤਮਾ ਦਾ ਲੋਕ ਪ੍ਰਲੋਕ ਵਿੱਚ, ਇੱਕ ਕਉਡੀ ਵੀ ਮੁੱਲ ਨਹੀਂ ਪੈਂਦਾ।

**ਜੀਅ ਕੀ ਏਕੈ ਹੀ ਪਹਿ ਮਾਨੀ ॥**

**ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ ॥ ਰਹਾਉ ॥**

ਮ: ੫, ਪੰਨਾ ੬੭੧

ਗੁਰਮਤਿ ਦੇ ਮਹਾਨ ਦਾਰਸ਼ਨਿਕ ਭਾਈ ਸਾਹਿਬ, ਭਾਈ ਗੁਰਦਾਸ ਜੀ ਨੇ ਆਪਣੇ ਮੁਖਾਰਬਿੰਦ ਤੋਂ ਅਨੇਕਾਂ ਸਵੱਯੇ ਅਤੇ ਪਉੜੀਆਂ ਉਚਾਰ ਕੇ "**ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ**" ਪੰਕਤੀ ਦੀ ਵਿਆਖਿਆ ਕਈ-ਕਈ ਸੰਸਾਰਿਕ ਉਦਾਹਰਨਾਂ ਦੇ ਕੇ ਕੀਤੀ ਹੈ। ਆਪ ਫੁਰਮਾਨ ਕਰਦੇ ਹਨ ਕਿ ਜਿਵੇਂ ਕੋਈ ਵੱਛਾ ਆਪਣੀ ਮਾਂ ਨਾਲੋਂ ਵਿਛੜ ਕੇ ਕਿਸੇ ਹੋਰ ਗਾਂ ਦੇ ਥਣਾਂ ਨੂੰ ਮੂੰਹ ਵਿੱਚ ਪਾਉਂਦਾ ਹੈ, ਉਸ ਵੱਛੇ ਦੀ ਦੁੱਧ ਪੀਣ ਦੀ ਆਸ ਕਦੇ ਪੂਰੀ ਨਹੀਂ ਹੁੰਦੀ। ਓਪਰੀ ਗਊ ਦੀਆਂ ਲੱਤਾਂ ਦੀ ਮਾਰ ਜ਼ਰੂਰ ਸਹਾਰਨੀ ਪੈਂਦੀ ਹੈ। ਇਸੇ ਤਰ੍ਹਾਂ ਜਿਹੜਾ ਹੰਸ ਮਾਨ ਸਰੋਵਰ ਨੂੰ ਛੱਡ ਕੇ ਕਿਸੇ ਹੋਰ ਤਲਾਬ ਉੱਪਰ ਮੋਤੀ ਚੁੱਗਣ ਦੀ ਆਸ ਲੈ ਕੇ ਚਲਾ ਜਾਂਦਾ ਹੈ, ਉਸ ਦੀ ਮੋਤੀ ਖਾਣ ਦੀ ਆਸ ਕਦੇ ਪੂਰੀ ਨਹੀਂ ਹੁੰਦੀ ਬਲਕਿ ਨਿਰਾਸ਼ਾ ਜ਼ਰੂਰ ਪੱਲੇ ਪੈਂਦੀ ਹੈ। ਜਿਵੇਂ ਰਾਜੇ ਦਾ ਸੇਵਕ ਰਾਜ-ਦੁਆਰ ਨੂੰ ਤਿਆਗ ਕੇ ਕਿਸੇ ਹੋਰ ਦਰ ਤੇ ਚੱਲਾ ਜਾਂਦਾ ਹੈ, ਉਸ ਸੇਵਕ ਦੀ ਕੋਈ ਆਸ ਪੂਰੀ ਨਹੀਂ ਹੁੰਦੀ ਸਗੋਂ ਰਾਜ ਦੁਆਰ ਛੱਡਣ ਨਾਲ ਉਸ ਦਾ ਮਾਣ-ਸਤਿਕਾਰ ਜ਼ਰੂਰ ਭੰਗ ਹੋ ਜਾਂਦਾ ਹੈ। ਤਿਵੇਂ ਜਿਹੜਾ, ਗੁਰੂ ਦਾ, ਪਰਮਾਤਮਾ ਦਾ ਦਰ ਛੱਡ ਕੇ ਹੋਰ ਦੇਵੀ-ਦੇਵਤਿਆਂ-ਦੇਹਧਾਰੀਆਂ ਦੀ ਸ਼ਰਨ ਜਾਂ ਉਨ੍ਹਾਂ ਦੇ ਸੰਗ ਮਿਲਦਾ ਹੈ, ਅਜਿਹੇ ਗੁਰੂ ਤੇ ਪਰਮਾਤਮਾ ਤੋਂ ਬੇ-ਮੁੱਖਾਂ ਨੂੰ ਕੋਈ ਵੀ ਢੋਈ ਨਹੀਂ ਦਿੰਦਾ। ਆਪ ਜੀ ਦਾ ਫੁਰਮਾਨ ਹੈ :

**ਜੈਸੇ ਬਛੁਰਾ ਬਿਛੁਰ ਪਰੈ ਆਨ ਗਾਇ ਥਨ**
**ਦੁਗਧ ਨ ਪਾਨ ਕਰੈ ਮਾਰਤ ਹੈ ਲਾਤ ਕੀ॥**
**ਜੈਸੇ ਮਾਨਸਰ ਤਿਆਗਿ ਹੰਸ ਆਨ ਸਰ ਜਾਤ**
**ਖਾਤ ਨ ਮੁਕਤਾ ਫਲ ਭੁਗਤ ਜੁ ਗਾਤ ਕੀ॥**
**ਜੈਸੇ ਰਾਜਦੁਆਰ ਤਜਿ ਆਨ ਦੁਆਰ ਜਾਤ ਜਨ**
**ਹੋਤ ਮਾਨੁ ਭੰਗੁ ਮਹਿਮਾ ਨ ਕਾਹੂ ਬਾਤ ਕੀ॥**
**ਤੈਸੇ ਗੁਰਸਿਖ ਆਨ ਦੇਵ ਕੀ ਸਰਨਿ ਜਾਹਿ**
**ਰਹਿਓ ਨ ਪਰਤ ਰਾਖਿ ਸਕਤ ਨ ਪਾਤਕੀ॥੪੪੧॥**

ਸਵਈਏ ਭਾਈ ਗੁਰਦਾਸ ਜੀ

ਸੋਭਾ ਹਮੇਸ਼ਾ "**ਪਿਰ ਸੰਗਿ ਬੈਠੜੀਆਹ**" ਦੀ ਅਵਸਥਾ ਦੇ ਧਾਰਨੀਆਂ ਦੀ ਹੀ ਹੁੰਦੀ ਹੈ। ਜੋ ਇੱਕ ਨੂੰ ਛੱਡ ਕੇ ਦਰ ਦਰ ਭਟਕਦੇ ਹਨ, ਉਹ ਨਾ ਤਾਂ ਘਰ ਦੇ ਅਤੇ ਨਾ ਹੀ ਘਾਟ ਦੇ ਰਹਿੰਦੇ ਹਨ।



## *ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥*

**ਅੱਖਰੀ-ਅਰਥ :** ਜੋ ਜੀਵ-ਆਤਮਾਵਾਂ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰ ਲੈਂਦੀਆਂ ਹਨ, ਉਨ੍ਹਾਂ ਦੀ ਸੋਭਾ ਉਨ੍ਹਾਂ ਦੀ ਵਡਿਆਈ ਕਥਨ ਨਹੀਂ ਕੀਤੀ ਜਾ ਸਕਦੀ ਕਿਉਂਕਿ ਉਹ ਆਤਮਾਵਾਂ ਹਰੀ ਵਿੱਚ ਮਿਲ ਕੇ ਹਰੀ ਦਾ ਰੂਪ ਹੀ ਹੋ ਜਾਂਦੀਆਂ ਹਨ।

**ਸੰਖੇਪ-ਵਿਚਾਰ :** ਸਾਡਾ ਜੀਵਨ ਲਕਸ਼ ਹੀ ਸਾਹਿਬ ਨੂੰ ਮਿਲਣਾ ਹੈ। ਸਤਿਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਦਾ ਪਾਵਨ ਫੁਰਮਾਨ ਆਪਾਂ ਸੋਦਰ ਦੇ ਪਾਠ ਅੰਦਰ ਰੋਜ ਪੜ੍ਹਦੇ ਹਾਂ :

**ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥**

ਮ: ੫, ਪੰਨਾ ੧੨

ਜਿਨ੍ਹਾਂ ਨੇ "ਸਾਹਿਬ ਮੇਲ" ਪ੍ਰਾਪਤ ਕਰ ਲਿਆ, ਉਨ੍ਹਾਂ ਦੀ ਉਸਤਤਿ ਪ੍ਰਤੀ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਜਿਸ ਮਾਲਕ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਮਨ ਉੱਪਰ ਲੱਗੀ ਜਨਮਾਂ-ਜਨਮਾਂਤਰਾਂ ਦੀ ਮਲੀਨਤਾਈ ਉੱਤਰ ਜਾਂਦੀ ਹੈ ਅਤੇ ਅਨੰਦ ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਐਸੇ ਪ੍ਰਭੂ ਦੇ ਮਿਲਾਪ ਦੀ ਮਹਿਮਾ ਵਰਣਨ ਨਹੀਂ ਕੀਤੀ ਜਾ ਸਕਦੀ। ਮਿਲਾਪ ਦੀ ਵਡਿਆਈ ਪਰ੍ਹੇ ਤੋਂ ਪਰ੍ਹੇ ਹੈ ਭਾਵ ਦਰਸਾਈ ਨਹੀਂ ਜਾ ਸਕਦੀ। ਆਪ ਦਾ ਫੁਰਮਾਨ ਹੈ :

**ਜਿਸੁ ਸਿਮਰਤ ਮਨਿ ਹੋਤ ਅਨੰਦਾ ਉਤਰੈ ਮਨਹੁ ਜੰਗੀਲਾ॥**
**ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ॥੨॥੪॥**

ਮ: ੫, ਪੰਨਾ ੪੯੮

ਸਤਿਗੁਰੂ ਅਮਰਦਾਸ ਜੀ, ਸਿਰੀਰਾਗ ਦੀ ਵਾਰ ਅੰਦਰ ਫੁਰਮਾਨ ਕਰਦੇ ਹਨ ਕਿ ਜਿਹੜਾ ਜਗਿਆਸੂ ਗੁਰੂ ਦਰਸਾਏ ਮਾਰਗ ਉੱਪਰ ਚੱਲ ਕੇ ਹਰੀ ਪਰਮਾਤਮਾ ਦੇ ਨਾਲ ਮਿਲ ਗਿਆ, ਉਸ ਨੂੰ ਹੋਰ ਕਿਸੇ ਸੰਸਾਰੀ ਦੀਵਾਨ ਨਾਲ ਮਿਲਣ ਦੀ ਲੋੜ ਨਹੀਂ। ਜਿਥੇ-ਜਿਥੇ ਵੀ ਉਹ ਵਿਚਰੇਗਾ, ਸਾਰੇ ਸੰਸਾਰ ਦੇ ਅਮੀਰ-ਵਜ਼ੀਰ, ਰਾਜੇ-ਦੀਵਾਨ ਉਸ ਦਾ ਸਤਿਕਾਰ ਕਰਨਗੇ। ਜੇ ਉਹ, ਸੰਸਾਰ ਵਿੱਚ ਵਿਚਰੇਗਾ ਸਾਰਾ ਸੰਸਾਰ ਉਸ ਦੀ ਜੈ ਜੈਕਾਰ ਕਰੇਗਾ। ਜਦੋਂ ਉਸ ਦੀ ਆਤਮਾ ਪਰਲੋਕ ਵਿੱਚ ਜਾਵੇਗੀ ਉਸ ਦੀ

ਆਤਮਾ ਨੂੰ "**ਆਉ ਬੈਠੁ ਆਦਰੁ ਸੁਭ ਦੇਊ**" ਦੀ ਦਾਤ ਪ੍ਰਾਪਤ ਹੋਵੇਗੀ। ਨਾਮ ਜਪ ਦੁਆਰਾ ਉਸ ਦਾ ਮੁੱਖ ਉੱਜਲਾ ਹੁੰਦਾ ਹੈ। ਉਸ ਦੇ ਦਰਸ਼ਨ ਕਰਕੇ ਪਾਪੀ ਮਨੁੱਖ ਵੀ ਤਰ ਜਾਂਦੇ ਹਨ। ਪ੍ਰਭੂ ਦੀਵਾਣ ਨਾਲ ਮਿਲੇ ਮਨੁੱਖ ਦੇ ਅੰਦਰ ਨਾਮ ਦਾ ਅਤੁੱਟ ਖਜ਼ਾਨਾ ਹੁੰਦਾ ਹੈ। ਪ੍ਰਭੂ-ਨਾਮ ਹੀ ਉਸ ਦਾ ਪ੍ਰਵਾਰ ਹੁੰਦਾ ਹੈ। ਨਾਮੀ ਪੁਰਸ਼ ਹੋਰ ਕਿਸੇ ਦੀ ਮਨੌਤ ਕਰਨ ਦੀ ਜਗ੍ਹਾ, ਨਾਮ ਨੂੰ ਹੀ ਪੂਜਦਾ ਹੈ ਅਤੇ ਨਾਮ ਦਾ ਹੀ ਮੰਨਣ ਕਰਦਾ ਹੈ ਕਿਉਂਕਿ ਨਾਮ ਹੀ ਸਾਰੇ ਪਾਪ ਕਰਮਾਂ ਦਾ ਨਾਸ਼ ਕਰਨ ਵਾਲਾ ਹੈ। ਜਿਨ੍ਹਾਂ-ਜਿਨ੍ਹਾਂ ਨੇ ਵੀ ਇਕਾਗਰ ਚਿੱਤ ਹੋ ਕੇ ਨਾਮ ਦਾ ਅਰਾਧਨ ਕੀਤਾ, ਨਾਮ-ਜਪ ਦੀ ਬਰਕਤ ਨਾਲ ਉਹ ਹਰੀ ਪਰਮਾਤਮਾ ਵਿੱਚ ਅਭੇਦ ਹੋ ਕੇ ਸਦਾ ਲਈ ਅਸਥਿਰ ਹੋ ਗਏ। ਜਦ ਤੱਕ ਸੰਸਾਰ ਰਹੇਗਾ ਸਦਾ-ਸਦਾ ਵਾਸਤੇ ਉਨ੍ਹਾਂ ਦੀ ਸ਼ੋਭਾ ਹੁੰਦੀ ਰਹੇਗੀ।

**ਜੋ ਮਿਲਿਆ ਹਰਿ ਦੀਬਾਣ ਸਿਉ ਸੋ ਸਭਨੀ ਦੀਬਾਣੀ ਮਿਲਿਆ॥**
**ਜਿਥੈ ਓਹੁ ਜਾਇ ਤਿਥੈ ਓਹੁ ਸੁਰਖਰੂ ਉਸ ਕੈ ਮੁਹਿ ਡਿਠੈ ਸਭ ਪਾਪੀ ਤਰਿਆ॥**
**ਓਸੁ ਅੰਤਰਿ ਨਾਮੁ ਨਿਧਾਨੁ ਹੈ ਨਾਮੋ ਪਰਵਰਿਆ॥**
**ਨਾਉ ਪੂਜੀਐ ਨਾਉ ਮੰਨੀਐ ਨਾਇ ਕਿਲਵਿਖ ਸਭ ਹਿਰਿਆ॥**
**ਜਿਨੀ ਨਾਮੁ ਧਿਆਇਆ ਇਕ ਮਨਿ ਇਕ ਚਿਤਿ ਸੇ ਅਸਥਿਰੁ ਜਗਿ ਰਹਿਆ॥**

ਪਉੜੀ ਪੰਨਾ ੮੭

**ਤਥਾ :** **ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ॥**
**ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ॥**

ਮ: ੩, ਪੰਨਾ ੬੩੮

ਪਰਮਾਤਮਾ ਨਾਲ ਅਭੇਦ ਹੋਏ ਗੁਰੂ ਪਿਆਰਿਆਂ ਦੀ ਸੋਭਾ ਬਿਆਨ ਨਹੀਂ ਕੀਤੀ ਜਾ ਸਕਦੀ। ਭਗਤ ਰਵਿਦਾਸ ਜੀ ਆਸਾ ਰਾਗ ਅੰਦਰ ਉਨ੍ਹਾਂ ਅਭੇਦ ਪੁਰਸ਼ਾਂ ਦੀ ਵਡਿਆਈ ਦਰਸਾਉਂਦੇ ਫੁਰਮਾਨ ਕਰਦੇ ਹਨ ਕਿ ਹੇ ਪ੍ਰਭੂ! ਤੇਰੇ ਪਿਆਰਿਆਂ ਭਗਤ ਜਨਾਂ ਨੇ ਗੁਰੂ ਦੇ ਗਿਆਨ ਦੁਆਰਾ ਆਪ ਜੀ ਨੂੰ ਪਛਾਣ ਲਿਆ ਹੈ। ਹੁਣ ਤੇ ਇੰਝ ਮਹਿਸੂਸ ਹੁੰਦਾ ਹੈ ਕਿ ਸੰਤ ਜਨ ਤੁਹਾਡਾ ਸਰੀਰ ਹਨ ਤੇ ਸੰਤ ਜਨ ਹੀ ਤੁਹਾਡੀ ਜਿੰਦ-ਜਾਨ ਹਨ। ਇਸ ਲਈ ਹੇ ਪਰਮਾਤਮਾ! ਤੁਸੀਂ ਮਿਹਰ ਕਰਕੇ ਮੈਨੂੰ ਸੰਤਾਂ ਦੀ ਸੰਗਤ, ਸੰਤ ਦਾ ਪਰੇਮ ਤੇ ਉਨ੍ਹਾਂ ਦੇ ਰਸੀਲੇ ਬਚਨ ਸ੍ਰਵਨ ਕਰਨ ਦਾ ਸਮਾਂ ਪ੍ਰਦਾਨ ਕਰੋ। ਕਿਰਪਾ ਕਰਕੇ ਮੈਨੂੰ ਸਰਬ-ਇੱਛਾ ਪੂਰਨ ਕਰਨ ਵਾਲੀ ਆਪਣੀ ਪ੍ਰੇਮਾ ਭਗਤੀ



ਬਖਸ਼ਿਸ਼ ਕਰ ਦਿਉ। ਸਾਕਤਾਂ ਦੇ ਸੰਗ ਤੋਂ ਮੈਨੂੰ ਹਮੇਸ਼ਾ ਬਚਾਈ ਰੱਖੋ ਜੀ। ਆਖ਼ਿਰ ਵਿੱਚ ਭਗਤ ਰਵਿਦਾਸ ਜੀ ਪੁਕਾਰ ਕੇ ਕਹਿੰਦੇ ਹਨ ਕਿ ਸੰਸਾਰ ਦੇ ਲੋਕੋ! ਪਰਮਾਤਮਾ ਵਿੱਚ ਤੇ ਸੰਤਾਂ ਵਿੱਚ ਭੋਰਾ ਜਿੰਨਾ ਵੀ ਅੰਤਰ ਨਹੀਂ। ਆਪ ਜੀ ਦਾ ਫੁਰਮਾਨ ਹੈ :

**ਸੰਤ ਤੁਝੀ ਤਨੁ ਸੰਗਤਿ ਪ੍ਰਾਨ॥ ਸਤਿਗੁਰ ਗਿਆਨ ਜਾਨੈ ਸੰਤ ਦੇਵਾ ਦੇਵ॥੧॥**
**ਸੰਤ ਚੀ ਸੰਗਤਿ ਸੰਤ ਕਥਾ ਰਸੁ॥ ਸੰਤ ਪ੍ਰੇਮ ਮਾਝੈ ਦੀਜੈ ਦੇਵਾ ਦੇਵ॥੧॥ ਰਹਾਉ॥**
**ਸੰਤ ਆਚਰਣ ਸੰਤ ਚੋ ਮਾਰਗੁ ਸੰਤ ਚ ਓਲ੍ਹਗ ਓਲ੍ਹਗਣੀ॥੨॥**
**ਅਉਰ ਇਕ ਮਾਗਉ ਭਗਤਿ ਚਿੰਤਾਮਣਿ॥ ਜਣੀ ਲਖਾਵਹੁ ਅਸੰਤ ਪਾਪੀ ਸਣਿ॥੩॥**
**ਰਵਿਦਾਸੁ ਭਣੈ ਜੋ ਜਾਣੈ ਸੋ ਜਾਣੁ॥ ਸੰਤ ਅਨੰਤਹਿ ਅੰਤਰੁ ਨਾਹੀ॥੪॥੨॥**

ਰਵਿਦਾਸ ਜੀ, ਪੰਨਾ ੪੮੬

ਇਹ ਹੈ ਸੋਭਾ "**ਸਾਹਿਬਿ ਮੇਲੜੀਆਹ**" ਦੀ ਦਾਤ ਪ੍ਰਾਪਤ ਕਰਕੇ ਅਭੇਦ ਹੋਈਆਂ ਆਤਮਾਵਾਂ ਦੀ।

## *ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ॥*

**ਅੱਖਰੀ-ਅਰਥ :** ਉਨ੍ਹਾਂ ਵਡਭਾਗੀਆਂ ਦਾ ਸਾਧੂ-ਮਹਾਂਪੁਰਖਾਂ ਦੀ ਸੰਗਤ ਕਰਕੇ ਤਨ ਵੀ ਤੇ ਮਨ ਵੀ ਹਰਾ-ਭਰਾ ਹੋ ਜਾਂਦਾ ਹੈ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਹਰ ਵਸਤੂ ਘਾਹ ਤੋਂ ਲੈ ਕੇ ਦਰੱਖ਼ਤਾਂ ਤੱਕ, ਕੀੜੀ ਤੋਂ ਲੈ ਕੇ ਹਾਥੀ ਤੱਕ, ਹਰ ਖਾਣੀ ਮਉਲੀ ਹੋਈ ਹੀ ਸੋਹਣੀ ਲੱਗਦੀ ਤੇ ਸੋਭਾ ਪਾਉਂਦੀ ਹੈ। ਮਿਸਾਲ ਦੇ ਤੌਰ ਤੇ ਦਰਖ਼ਤ ਖੜ ਸੁੱਕ ਹੋ ਗਿਆ। ਕੋਈ ਪੱਤੇ ਨਹੀਂ, ਫੁੱਲ ਨਹੀਂ, ਫਲ ਨਹੀਂ ਲੱਗਦੇ। ਅਜਿਹਾ ਦਰਖ਼ਤ ਕਿਸੇ ਨੂੰ ਵੀ ਚੰਗਾ ਨਹੀਂ ਲੱਗਦਾ। ਉਸੇ ਦਰਖ਼ਤ ਨੂੰ ਪੱਤੇ ਨਿਕਲ ਆਉਣ, ਫੁੱਲ ਤੇ ਫਲ ਲੱਗ ਜਾਣ। ਉਹ ਦਰਖ਼ਤ ਸਾਰਿਆਂ ਨੂੰ ਚੰਗਾ ਲੱਗਣ ਲੱਗ ਜਾਂਦਾ ਹੈ। ਗੁਲਾਬ ਦਾ ਬੂਟਾ ਕੰਡਿਆਂ ਨਾਲ ਭਰਿਆ ਕਿਸੇ ਨੂੰ ਚੰਗਾ ਨਹੀਂ ਲੱਗਦਾ ਪਰ ਉਹੋ ਕੰਡਿਆਲਾ ਬੂਟਾ, ਜਦੋਂ ਮੌਲਦਾ ਹੈ ਉਸ ਨੂੰ ਸੁੰਦਰ ਫੁੱਲ ਨਿਕਲ ਆਉਂਦੇ ਹਨ, ਉਹ ਕੰਡਿਆਂ ਵਾਲਾ ਬੂਟਾ ਵੀ ਹਰ ਇੱਕ ਨੂੰ ਸੁੰਦਰ ਤੇ ਸੁਹਾਵਣਾ ਲੱਗਦਾ ਹੈ। ਮਨੁੱਖੀ ਤਲ ਤੇ, ਪਛੂ-ਪੰਛੀਆਂ ਦੇ ਤਲ ਤੇ ਵੀ ਆਪਾਂ ਵੇਖਦੇ ਹਾਂ ਕਿ ਕੋਈ ਮਨੁੱਖ ਬਿਮਾਰ ਹੈ, ਸੁੱਕ ਕੇ ਉਸ ਦਾ ਸਰੀਰ ਪਿੰਜਰ ਬਣ

ਗਿਆ, ਕਿਸੇ ਨੂੰ ਚੰਗਾ ਨਹੀਂ ਲੱਗਦਾ। ਦੁਵਾਈ ਨਾਲ, ਖ਼ੁਰਾਕ ਨਾਲ ਜਦੋਂ ਉਹੋ ਸਰੀਰ ਅਰੋਗ ਹੋ ਕੇ ਮੌਲਦਾ ਹੈ ਤਾਂ ਸਾਰਿਆਂ ਨੂੰ ਚੰਗਾ ਵੀ ਲੱਗਦਾ ਹੈ ਤੇ ਸੁਹਣਾ ਵੀ।

ਭਗਤ ਕਬੀਰ ਜੀ ਨੇ ਸੰਸਾਰੀ ਤਲ ਤੋਂ ਉੱਪਰ ਉੱਠ ਕੇ ਇਸੇ ਮੌਲਕਤਾ ਦੀ ਵਿਆਖਿਆ ਹਿਤ, ਬਸੰਤ ਰਾਗ ਵਿੱਚ ਖੁਲਾਸਾ ਕੀਤਾ ਹੈ ਕਿ ਜਿਵੇਂ ਬਸੰਤ ਰੁੱਤ ਆਉਣ ਤੇ ਸਾਰੀ ਧਰਤੀ ਦੀ ਬਨਾਸਪਤੀ ਮੌਲ ਜਾਂਦੀ ਹੈ। ਬਨਾਸਪਤੀ ਦੇ ਮੌਲਕਤਾ ਵਿੱਚ ਆਉਣ ਸਦਕਾ ਸਾਰੀ ਧਰਤੀ ਤੇ ਅਕਾਸ਼ ਵੀ ਸੁਹਾਵਣਾ ਲੱਗਦਾ ਹੈ। ਚਾਰ ਵੇਦ ਕਿਉਂ ਮੰਨਣ ਯੋਗ ਤੇ ਪੂਜਣ ਯੋਗ ਹਨ ? ਕਿਉਂਕਿ ਵੇਦਾਂ ਵਿੱਚ ਰੱਬੀ ਗਿਆਨ ਦੀ ਮੌਲਕਤਾ ਹੈ। ਇਸ ਮੌਲਕਤਾ ਤੋਂ ਲਾਭ ਪ੍ਰਾਪਤ ਕਰਕੇ ਜੀਵ ਆਤਮਾਵਾਂ ਮੌਲਦੀਆਂ ਹਨ। ਇਸੇ ਤਰ੍ਹਾਂ ਸਤਾਈ ਸਿਮ੍ਰਤੀਆਂ ਤੇ ਮੁਸਲਮਾਨੀ ਮੱਤ ਦੀਆਂ ਚਾਰ ਕਤੇਬਾ[1] ਵੀ ਪ੍ਰਮੇਸ਼ਰੀ ਗਿਆਨ ਦੀ ਬ-ਦੌਲਤ ਮੌਲੀਆਂ ਹਨ। ਭਾਵ ਪੂਜਣ ਯੋਗ ਹਨ। ਜੇ ਇਨ੍ਹਾਂ ਵਿੱਚ ਪ੍ਰਮੇਸ਼ਰੀ ਗਿਆਨ ਦੀ ਮੌਲਕਤਾ ਨਾ ਹੋਵੇ ਤਾਂ ਇਨ੍ਹਾਂ ਦੀ ਪੂਜਾ, ਸਨਮਾਨ ਕੋਈ ਨਾ ਕਰੇ। ਸ਼ਿਵ ਜੀ ਵੀ ਤਦ ਹੀ ਪੂਜਨੀਕ ਹਨ, ਉਹ ਆਪਣੇ ਧਿਆਨ ਨਾਲ ਪ੍ਰਭੂ ਨਾਲ ਜੁੜ ਕੇ ਮੌਲਕਤਾ ਪ੍ਰਾਪਤ ਕਰ ਲੈਂਦੇ ਹਨ। ਇਸੇ ਤਰ੍ਹਾਂ ਸਾਰਾ ਸੰਸਾਰ ਪਰਮਾਤਮਾ ਦੀ ਮੌਲਣ-ਸਤਾ ਸਦਕਾ ਹੀ ਸੁਭਾਇਮਾਨ ਹੈ। ਸਭ ਪਾਸੇ ਜ਼ਰੇ-ਜ਼ਰੇ ਵਿੱਚ ਪਰਮਾਤਮਾ ਇੱਕ ਸਮਾਨ ਰਵਿਆ ਹੋਇਆ ਹੈ। ਤਦ ਹੀ ਸਾਰਾ ਕੁਦਰਤ ਪਸਾਰਾ ਸੁਹਣਾ ਤੇ ਚੰਗਾ ਲੱਗਦਾ ਹੈ।

**ਮਉਲੀ ਧਰਤੀ ਮਉਲਿਆ ਅਕਾਸੁ ॥**

**ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥੧॥**

**ਰਾਜਾ ਰਾਮੁ ਮਉਲਿਆ ਅਨਤ ਭਾਇ ॥**

**ਜਹ ਦੇਖਉ ਤਹ ਰਹਿਆ ਸਮਾਇ ॥੧॥ ਰਹਾਉ ॥**

**ਦੁਤੀਆ ਮਉਲੇ ਚਾਰਿ ਬੇਦ ॥ ਸਿੰਮ੍ਰਿਤਿ ਮਉਲੀ ਸਿਉ ਕਤੇਬ ॥੨॥**

**ਸੰਕਰੁ ਮਉਲਿਓ ਜੋਗ ਧਿਆਨ ॥**

**ਕਬੀਰ ਕੋ ਸੁਆਮੀ ਸਭ ਸਮਾਨ ॥੩॥੧॥** ਕਬੀਰ ਜੀ, ਪੰਨਾ ੧੧੯੩

---

੧. ਕੁਰਾਨ, ਅੰਜੀਲ, ਤੁਰੇਤ, ਜੰਬੂਰ।



ਤਨ ਤੇ ਮਨ, ਨਾ ਬਸੰਤ ਰੁੱਤ ਆਉਣ ਨਾਲ ਮੌਲਦੇ ਹਨ ਅਤੇ ਨਾ ਹੀ ਸਾਵਣ ਭਾਦਰੋਂ ਦੀ ਬਰਸਾਤ ਪੈਣ ਨਾਲ ਮੌਲਦੇ ਹਨ।

ਤਨ ਮੌਲਦਾ ਹੈ ਸਥੂਲ ਖ਼ੁਰਾਕ ਖਾਣ ਨਾਲ, ਮਨ ਮੌਲਦਾ ਹੈ ਪਰਮਾਤਮਾ ਦਾ ਨਾਮ ਜਪਣ ਨਾਲ। ਨਾਮ ਦੀ ਦਾਤ ਪ੍ਰਾਪਤ ਹੁੰਦੀ ਹੈ ਸਤਿਗੁਰੂ ਜੀ ਪਾਸੋਂ ਬੀਜ ਰੂਪ ਵਿੱਚ। ਨਾਮ ਦੀ ਰਾਸ ਵਿੱਚ ਵਾਧਾ ਹੁੰਦਾ ਹੈ, ਸਤਿਸੰਗਤ ਕਰਕੇ। ਸਤਿਗੁਰੂ ਰਾਮ ਦਾਸ ਜੀ ਮਹਾਰਾਜ ਜੀ ਦਾ ਫ਼ੁਰਮਾਨ ਹੈ ਕਿ ਜਿਸ ਨੇ ਨਾਮ ਰੂਪੀ ਰਾਸ ਵਿੱਚ ਵਾਧਾ ਕਰਨਾ ਹੈ ਉਹ ਕੇਵਲ ਸਤਿਸੰਗੀਆਂ ਦੀ ਸੰਗਤ ਕਰਕੇ ਹੀ ਲਾਹਾ ਪ੍ਰਾਪਤ ਕਰ ਸਕਦਾ ਹੈ :

**ਸਤਸੰਗਤੀ ਸੰਗਿ ਹਰਿ ਧਨੁ ਖਟੀਐ ਹੋਰ ਥੈ ਹੋਰਤੁ ਉਪਾਇ ਹਰਿ ਧਨੁ ਕਿਤੈ ਨ ਪਾਈ ॥**

ਮ: ੪, ਪੰਨਾ ੭੩੪

ਆਤਮਿਕ ਬਸੰਤ ਕਿਨ੍ਹਾਂ ਉੱਪਰ ਆਉਂਦੀ ਹੈ ਜੋ ਸਤਿਸੰਗਤ ਵਿੱਚ ਬੈਠ ਹਰੀ ਪਰਮਾਤਮਾ ਦੇ ਗੁਣ ਗਾਉਂਦੇ ਹਨ। ਸਤਿਗੁਰੂ ਅਮਰਦਾਸ ਜੀ ਦਾ ਬਸੰਤ ਰਾਗ ਅੰਦਰ ਫ਼ੁਰਮਾਨ ਹੈ :

**ਤਿਨ੍ ਬਸੰਤੁ ਜੋ ਹਰਿ ਗੁਣ ਗਾਇ ॥ ਪੂਰੈ ਭਾਗਿ ਹਰਿ ਭਗਤਿ ਕਰਾਇ ॥੧॥**

ਮ: ੩, ਪੰਨਾ ੧੧੭੬

ਗੁਰੂ ਅਮਰਦਾਸ ਜੀ ਦੇ ਫ਼ੁਰਮਾਨ ਅਨੁਸਾਰ, ਤਨ ਤੇ ਮਨ ਬਸੰਤ ਰੁੱਤ ਆਉਣ ਨਾਲ ਨਹੀਂ ਮੌਲਦਾ। ਜਗਿਆਸੂ ਦਾ ਤਨ ਤੇ ਮਨ ਮੌਲਦਾ ਹੈ ਸਤਿਸੰਗ ਕਰਨ, ਹਰੀ ਦੇ ਗੁਣ ਗਾਉਣ ਅਤੇ ਦਿਨ ਰਾਤ ਪਰਮਾਤਮਾ ਦਾ ਨਾਮ ਜਪਣ ਨਾਲ।

ਕਿਵੇਂ ਤਨ-ਮਨ ਮੌਲਦਾ ਹੈ ਸਤਿਗੁਰਾਂ ਦਾ ਫ਼ੁਰਮਾਨ ਪੜ੍ਹੀਏ :

**ਬਸੰਤੁ ਚੜਿਆ ਫੂਲੀ ਬਨਰਾਇ ॥**

**ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥੧॥**

**ਇਨ ਬਿਧਿ ਇਹੁ ਮਨੁ ਹਰਿਆ ਹੋਇ ॥**

**ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ ॥੧॥ ਰਹਾਉ ॥**

ਮ: ੩, ਪੰਨਾ ੧੧੭੬

ਜੇ ਹੋਰ ਬਰੀਕੀ ਵਿੱਚ ਜਾਈਏ, ਤਨ ਦਾ ਸਬੰਧ ਮਨ ਨਾਲ ਹੈ। ਜੇ ਮਨ ਮੌਲ ਜਾਵੇ,

ਤਨ ਆਪੇ ਮੌਲ ਜਾਂਦਾ ਹੈ। ਜੇ ਮਨ ਵਿੱਚ ਮੌਲਕਤਾ ਨਹੀਂ ਆਈ ਤਾਂ ਸੱਚ ਜਾਣੋ ਤਨ ਨੇ ਕਦੇ ਵੀ ਨਹੀਂ ਮੌਲਣਾ। ਮਨ ਦਾ ਮੌਲਣਾ ਤੇ ਹਰਾ ਭਰਾ ਪ੍ਰਭੂ ਨਾਮ ਨਾਲ ਹੋਣਾ ਹੈ। ਇਸੇ ਲਈ ਸਤਿਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਅੱਗੇ ਅਰਦਾਸ ਕਰਕੇ ਮੰਗਿਆ ਹੈ।

**ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥੧॥**

ਮ: ੫, ਪੰਨਾ ੧੪੨੯

ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਮਨ ਤੇ ਤਨ ਦੀ ਪ੍ਰਫੁੱਲਤਾ, ਮੌਲਕਤਾ ਹੋਣੀ ਹੈ ਹਰੀ ਦੇ ਨਾਮ ਧਿਆਉਣ ਤੇ ਸਤਿਸੰਗਤ ਕਰਨ ਨਾਲ। ਆਪ ਦਾ ਫੁਰਮਾਨ ਹੈ :

**ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥**
**ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥**
**ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥**
**ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥**
**ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥੧॥**

ਮ: ੫, ਪੰਨਾ ੧੧੯੩

## *ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ॥*

**ਅੱਖਰੀ-ਅਰਥ :** ਜਿਹੜੀਆਂ ਜੀਵ-ਆਤਮਾਵਾਂ ਸਤਿਸੰਗਤ ਕਰਨ ਤੋਂ ਵਾਂਝੀਆਂ ਰਹਿ ਗਈਆਂ, ਨਾ ਉਨ੍ਹਾਂ ਦਾ ਤਨ ਮੌਲਿਆ ਅਤੇ ਨਾ ਹੀ ਮਨ ਮੌਲਕਤਾ ਵਿੱਚ ਆਇਆ, ਜਿਸ ਸਦਕਾ ਉਹ ਪ੍ਰਭੂ-ਮਿਲਾਪ ਤੋਂ ਵਾਂਝੀਆਂ (ਇਕੱਲੀਆਂ) ਰਹਿ ਕੇ ਸੰਸਾਰ-ਖੇਤ ਅੰਦਰ ਬੂਆੜ ਦੇ ਬੂਟੇ ਵਾਂਗ ਇਕੱਲਤਾ ਦਾ ਦੁੱਖ ਸਹਿਣ ਕਰਦੀਆਂ ਹਨ।

**ਸੰਖੇਪ-ਵਿਚਾਰ :** "ਇਕਾਂਤ" ਤੇ "ਇਕੱਲ" ਸ਼ਬਦ ਵੇਖਣ ਤੇ ਲਿਖਣ ਲੱਗਿਆਂ ਭਾਵੇਂ ਇੱਕੋ ਜਿਹੇ ਲੱਗਦੇ ਹਨ ਪਰ ਜੀਵਨ ਵਿੱਚ ਵਰਤੋਂ ਤੇ ਹੱਡੀਂ ਵਾਪਰਨ ਤੇ ਇਨ੍ਹਾਂ ਦਾ ਆਪਸੀ ਲੱਖਾਂ ਕੋਹਾਂ ਦਾ ਫ਼ਰਕ ਹੈ। ਸੰਸਾਰ ਵਿੱਚ ਰੁਝੇਵੇਂ ਭਰੇ ਜੀਵਨ ਤੋਂ



ਤੰਗ ਆ ਕੇ ਮਨੁੱਖ ਇਕਾਂਤ ਦੀ ਭਾਲ ਕਰਦਾ ਹੈ ਤੇ ਇਕਾਂਤ ਵਾਸੀ ਹੋ ਕੇ ਕੁੱਝ ਸੁੱਖ ਤੇ ਸ਼ਾਂਤੀ ਮਹਿਸੂਸ ਕਰਦਾ ਹੈ। ਪਰਮਾਤਮਾ ਦੇ ਭਜਨ ਕਰਨ ਵਾਲੇ ਵੀ ਸੰਸਾਰਿਕ ਰੌਲੇ-ਗੌਲੇ ਤੋਂ ਹਮੇਸ਼ਾ ਇਕਾਂਤ ਭਾਲਦੇ ਹਨ। ਪਰ ਇੱਕਲ ਤੋਂ ਹਰ ਮਨੁੱਖ ਡਰਦਾ ਹੈ। ਘਰਾਂ ਵਿੱਚ ਆਪਾਂ ਵੇਖਦੇ ਹਾਂ ਕੋਈ ਬੱਚਾ ਆਖਾ ਨਹੀਂ ਮੰਨਦਾ, ਮਾਰ-ਕੁੱਟ ਵੀ ਜਿਸ ਬੱਚੇ ਤੇ ਅਸਰ ਨਹੀਂ ਕਰਦੀ ਉਸ ਨੂੰ ਸਖ਼ਤ ਸਜਾ ਦੇਣ ਲਈ ਮਾਂ-ਬਾਪ ਉਸ ਨੂੰ ਘਰ ਵਿੱਚ ਹੀ ਕਿਸੇ ਅਲਮਾਰੀ ਵਿੱਚ ਜਾਂ ਕਿਸੇ ਕਮਰੇ ਵਿੱਚ ਉਸ ਨੂੰ ਇਕੱਲਾ ਬੰਦ ਕਰ ਦਿੰਦੇ ਹਨ। ਥੋੜ੍ਹੇ ਚਿਰ ਬਾਅਦ ਜਿਹੜਾ ਬੱਚਾ ਆਪਣੀ ਅੜੀ ਤੇ ਅੜਿਆ ਹੋਇਆ, ਮਾਰ-ਕੁੱਟ ਕਰਨ ਤੇ ਝਿੜਕਣ ਨਾਲ ਵੀ ਮੰਨਦਾ ਨਹੀਂ ਸੀ, ਉਹ ਥੋੜ੍ਹੇ ਜਿਹੇ ਸਮੇਂ ਦੀ ਡਰਾਉਣੀ ਇਕੱਲ ਤੋਂ ਡਰ ਕੇ ਮਾਂ-ਬਾਪ ਦਾ ਕਿਹਾ ਮੰਨਣ ਲਈ ਗੁਹਾਰਾਂ ਪਾਉਂਦਾ ਹੈ ਤੇ ਅਗਾਂਹ ਅਜਿਹੀਆਂ ਗਲਤੀਆਂ ਕਰਨ ਤੋਂ ਤੋਬਾ ਵੀ ਕਰਦਾ ਹੈ। ਆਉਣ ਵਾਲੇ ਸਮੇਂ ਵਿੱਚ ਵੀ ਮਾਤਾ-ਪਿਤਾ ਜੇ ਬੱਚਾ ਨਾ ਮੰਨੇ ਤਦ ਉਸ ਨੂੰ ਇਕੱਲੇ ਕਮਰੇ ਵਿੱਚ ਬੰਦ ਕਰਨ ਦਾ ਡਰਾਵਾ ਦੇ ਕੇ ਕੰਮ ਲੈਂਦੇ ਹਨ। ਇਕੱਲ ਵਿੱਚ ਮਨੁੱਖ ਆਪਣੇ ਆਪ ਨੂੰ ਇਕੱਲਿਆਂ ਜਾਣ ਕੇ ਭੈ-ਭੀਤ ਹੁੰਦਾ ਹੈ। ਜਿਵੇਂ ਬੱਚਾ ਬੰਦ ਕਮਰੇ ਵਿੱਚ ਆਪਣੇ ਆਪ ਨੂੰ ਇਕੱਲਾ ਜਾਣ ਕੇ ਡਰਦਾ ਹੈ। ਭਾਵੇਂ ਮਾਤਾ-ਪਿਤਾ, ਭੈਣ-ਭਰਾ ਸਾਰੇ ਉਸ ਕਮਰੇ ਦੇ ਬਾਹਰ ਬੈਠੇ ਹੁੰਦੇ ਹਨ। ਬੱਚੇ ਨੂੰ ਵੀ ਪਤਾ ਹੁੰਦਾ ਹੈ ਕਿ ਮੇਰੇ ਮਾਤਾ-ਪਿਤਾ, ਭੈਣ-ਭਰਾ ਸਾਰੇ ਬਾਹਰ ਹਨ। ਪਰ ਮਾਨਸਿਕ ਤੌਰ ਤੇ ਉਹ ਆਪਣੇ ਆਪ ਨੂੰ ਇਕੱਲਾ ਜਾਣ ਕੇ ਭੈ-ਭੀਤ ਹੋ ਜਾਂਦਾ ਹੈ। ਇਕੱਲ ਵਿੱਚ ਭੈਣ-ਭਰਾ ਵੀ ਆਪਣੇ ਪ੍ਰਤੀਤ ਨਹੀਂ ਹੁੰਦੇ। ਮਾਤਾ-ਪਿਤਾ, ਰਿਸ਼ਤੇਦਾਰ, ਆਂਢ-ਗੁਆਂਢ ਵੀ ਆਪਣਾ ਨਹੀਂ ਪ੍ਰਤੀਤ ਹੁੰਦਾ। ਜਿਸ ਕਾਰਨ ਇਕੱਲ ਡਰਾਉਣੀ ਭਾਸਦੀ ਹੈ। ਇਕੱਲ ਵਿੱਚ ਬਸਤੀ ਵੀ ਉਜਾੜ-ਬੀਆਬਾਨ ਪ੍ਰਤੀਤ ਹੁੰਦੀ ਹੈ।

ਸਤਸੰਗੀ, ਗੁਰੂ ਪਿਆਰਿਆਂ ਨੂੰ ਸਾਰਾ ਸੰਸਾਰ ਆਪਣਾ ਭਾਸਦਾ ਹੈ। ਜੇ ਸੰਸਾਰ ਆਪਣਾ ਨਾ ਵੀ ਪ੍ਰਤੀਤ ਹੋਵੇ ਤਾਂ ਨਿਰੰਕਾਰ ਤਾਂ ਜ਼ਰੂਰ ਉਨ੍ਹਾਂ ਨੂੰ ਆਪਣਾ ਪ੍ਰਤੀਤ ਹੁੰਦਾ ਹੈ। ਉਨ੍ਹਾਂ ਨੂੰ ਭਰੋਸਾ ਹੁੰਦਾ ਹੈ ਕਿ :

**ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥ ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ॥੧॥**

ਮ: ੫, ਪੰਨਾ ੩੯੪

ਉਨ੍ਹਾਂ ਨੂੰ ਪ੍ਰਤੀਤ ਹੁੰਦਾ ਹੈ ਕਿ :

**ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ॥**

ਮ: ੧, ਪੰਨਾ ੪੩੮

ਉਨ੍ਹਾਂ ਗੁਰੂ ਪਿਆਰਿਆਂ ਨੂੰ ਪਸ਼ੂ-ਪੰਛੀ, ਓਪਰੇ ਮਨੁੱਖ, ਦਰਖ਼ਤ, ਜੰਗਲ-ਬੀਆਬਾਨ ਤੇ ਘਾਹ ਤ੍ਰਿਣ ਵੀ ਆਪਣੇ ਪ੍ਰਤੀਤ ਹੁੰਦੇ ਹਨ। ਉਹ ਤਾਂ :

**ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥**

ਮ: ੧, ਪੰਨਾ ੪੬੯

ਦਾ ਅਨੰਦ ਮਾਣਦੇ ਹਨ।

ਇਤਿਹਾਸਕ ਸਾਖੀ ਵੀ ਆਉਂਦੀ ਹੈ। ਪ੍ਰਹਿਲਾਦ ਭਗਤ ਨੂੰ ਉਸ ਦੇ ਪਿਤਾ ਹਰਨਾਕਸ਼ ਨੇ ਸੱਚ ਦੇ ਮਾਰਗ ਤੋਂ ਡਲਾਉਣ ਹਿੱਤ ਅਨੇਕਾਂ ਤਸੀਹੇ ਦਿੱਤੇ ਪਰ ਪ੍ਰਹਿਲਾਦ ਆਪਣੇ ਅਕੀਦੇ ਉੱਪਰ ਡਟਿਆ ਰਿਹਾ। ਅਖ਼ੀਰ ਸਭ ਤੋਂ ਵੱਡਾ, ਇਕੱਲ ਦਾ ਦੰਡ ਦੇਣ ਵਾਸਤੇ ਇੱਕ ਹਨ੍ਹੇਰ ਕੋਠੜੀ ਅੰਦਰ ਬੰਦ ਕਰਕੇ, ਇਕੱਲ ਦਾ ਦੁੱਖ ਦੇਣ ਵਾਸਤੇ ਉਸ ਕੋਠੜੀ ਨੂੰ ਤਾਲਾ ਮਾਰ ਦਿੱਤਾ। ਪਰ ਪ੍ਰਹਿਲਾਦ ਨੇ ਉਸ ਇਕੱਲ ਨੂੰ ਇਕਾਂਤ ਵਿੱਚ ਬਦਲ ਕੇ ਡਰਾਉਣੀ ਇਕੱਲ ਨੂੰ ਵੀ ਆਪਣੇ ਮਾਲਕ ਨਾਲ ਜੁੜਨ ਦਾ ਵਸੀਲਾ ਬਣਾ ਲਿਆ ਕਿਉਂਕਿ ਪ੍ਰਹਿਲਾਦ ਨੂੰ ਭਰੋਸਾ ਸੀ, ਯਕੀਨ ਸੀ ਕਿ ਠੀਕ ਹੈ, ਮੇਰੇ ਪਾਸ ਕੋਈ ਸੰਗੀ-ਸਾਥੀ ਨਹੀਂ, ਪਿਤਾ ਮੇਰਾ ਦੁਸ਼ਮਣ ਬਣ ਕੇ ਮੈਨੂੰ ਦੰਡ ਦੇ ਰਿਹਾ ਹੈ ਪਰ ਪਰਮਾਤਮਾ ਤਾਂ "**ਘਟ ਘਟ ਵਾਸੀ ਸਰਬ ਨਿਵਾਸੀ ਨੇਰੈ ਹੀ ਤੇ ਨੇਰਾ॥**" ਮੇਰਾ ਸਾਥੀ ਹੈ।

ਪਰਮਾਤਮਾ ਤਾਂ ਜਲਾਂ ਵਿੱਚ, ਥਲਾਂ ਵਿੱਚ, ਧਰਤੀ-ਅਕਾਸ਼ ਵਿੱਚ, ਮੇਰੇ ਅੰਦਰ ਅਤੇ ਬਾਹਰ ਵੀ ਸਭਨੀਂ ਥਾਈਂ ਪਰੀਪੂਰਨ ਹੋ ਕੇ ਰਮਿਆ ਹੋਇਆ ਹੈ। ਇਸ ਹਨ੍ਹੇਰ ਕੋਠੜੀ ਦੇ ਹਨ੍ਹੇਰੇ ਵਿੱਚ ਵੀ ਉਹ ਕਣ-ਕਣ ਵਿੱਚ ਰਮਿਆ ਹੋਇਆ ਹੈ।

**ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥** ਮ: ੫, ਪੰਨਾ ੧੩੩

ਸਤਿਗੁਰੂ ਅਮਰਦਾਸ ਜੀ ਨੇ ਇਸ ਘਟਨਾ ਦਾ ਜਿਕਰ ਭੈਰਉ ਰਾਗ ਅੰਦਰ ਹੇਠ ਲਿਖੇ ਅਨੁਸਾਰ ਕੀਤਾ ਹੈ।

**ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ॥**

**ਨਿਰਭਉ ਬਾਲਕੁ ਮੂਲਿ ਨ ਡਰਈ ਮੇਰੈ ਅੰਤਰਿ ਗੁਰ ਗੋਪਾਲਾ॥**

ਮ: ੩, ਪੰਨਾ ੧੧੫੪



ਜਿਹੜੇ ਮਨੁੱਖ ਕਦੇ ਵੀ ਸਤਿਸੰਗਤ ਨਹੀਂ ਕਰਦੇ, ਉਨ੍ਹਾਂ ਨੂੰ ਆਪਣੇ ਅੰਦਰ ਅਤੇ ਨਾ ਹੀ ਸੰਸਾਰ ਵਿੱਚ ਪਰਮਾਤਮਾ ਦੀ ਹੋਂਦ ਮਹਿਸੂਸ ਹੁੰਦੀ ਹੈ। ਜਿਸ ਕਾਰਣ ਉਹ ਵੱਸਦੇ-ਰਸਦੇ ਸੰਸਾਰ ਅੰਦਰ ਨਿਵਾਸ ਕਰਦੇ ਵੀ ਇਕੱਲ ਦਾ ਦੁੱਖ ਭੋਗਦੇ ਹਨ। ਉਹ ਆਪਣੇ ਆਪ ਨੂੰ ਨਿਖਸਮੇ ਬੂਆੜ ਦੇ ਬੂਟੇ ਵਾਂਗ ਜਾਣ ਕੇ ਦਿਨ-ਰਾਤ, ਦੁੱਖ ਭੋਗਦੇ ਹਨ। ਅਜਿਹੇ "**ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ**" ਦੀ ਦਸ਼ਾ ਵਾਲੇ ਮਨੁੱਖਾਂ ਪ੍ਰਤੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਉਚਾਰਨ ਕੀਤਾ ਹੈ। ਜਿਹੜੇ ਮਨੁੱਖ ਆਪਣੇ ਆਪ ਨੂੰ ਸਿਆਣੇ ਜਾਣ ਕੇ ਗੁਰੂ ਦੇ ਬਚਨਾਂ ਦੀ ਪਰਵਾਹ ਨਹੀਂ ਕਰਦੇ। ਅਜਿਹੇ ਮਨੁੱਖ ਗੁਰੂ ਦੇ ਦਰ ਵਿੱਚ ਪ੍ਰਵਾਨ ਨਹੀਂ ਹੁੰਦੇ। ਜਿਸ ਤਰ੍ਹਾਂ ਜ਼ਿੰਮੀਂਦਾਰ ਤਿਲਾਂ ਦੇ ਖੇਤ ਵਿੱਚੋਂ ਬੂਆੜ ਦੇ ਬੂਟਿਆਂ ਨੂੰ ਨਿਕੰਮੇ ਜਾਣ ਕੇ ਛੱਡ ਦਿੰਦਾ ਹੈ। ਤੇ ਉਹ ਮੀਂਹ ਹਨੇਰੀ ਨਾਲ ਖੇਤ ਵਿੱਚ ਹੀ ਸੜ-ਗਲ ਕੇ ਮਿੱਟੀ ਬਣ ਜਾਂਦੇ ਹਨ ਤਿਵੇਂ ਦਾ ਵਰਤਾਰਾ ਉਨ੍ਹਾਂ ਮਨਮੁੱਖਾਂ ਨਾਲ ਕੀਤਾ ਜਾਂਦਾ ਹੈ। ਜੋ "**ਮਨਿ ਆਪਣੈ ਸੁਚੇਤ**" ਦੀ ਚਤੁਰਾਈ ਵਿੱਚ ਵਿਚਰਦੇ ਹਨ। ਸਤਿਗੁਰਾਂ ਦਾ ਫੁਰਮਾਨ ਹੈ :

**ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ॥**

**ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ॥**

**ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥**

**ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ॥** ਮ: ੧, ਪੰਨਾ ੪੬੩

## *ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥*

**ਅੱਖਰੀ-ਅਰਥ** : ਪਰਮਾਰਥ ਦੇ ਰਸਤੇ ਤੋਂ ਭੁੱਲੇ ਜੀਵ ਇਸ ਸੰਸਾਰ ਵਿੱਚ ਦੁਖੀ ਜੀਵਨ ਬਤੀਤ ਕਰਦੇ ਹਨ। ਅਗਾਂਹ ਮਰਨ ਤੋਂ ਬਾਅਦ ਉਹ ਜੀਵ-ਆਤਮਾਵਾਂ ਨੂੰ ਕੀਤੇ ਕਰਮਾਂ ਦੀਆਂ ਸਜਾਵਾਂ ਭੁਗਤਾਉਣ ਲਈ ਜਮਾਂ ਦੇ ਵੱਸ ਵਿੱਚ ਪਾਇਆ ਜਾਂਦਾ ਹੈ।

**ਸੰਖੇਪ-ਵਿਚਾਰ** : ਇੱਕ ਵੱਸਦਾ-ਰੱਸਦਾ ਦ੍ਰਿਸ਼ਟਮਾਨ ਸੰਸਾਰ ਹੈ। ਜਿਸ ਦੇ ਵਰਤਾਰੇ ਨੂੰ ਅਸੀਂ ਸਰੀਰਕ ਅੱਖਾਂ ਨਾਲ ਵੇਖ ਸਕਦੇ ਹਾਂ ਤੇ ਵੇਖ ਰਹੇ ਹਾਂ। ਇੱਕ ਅਦ੍ਰਿਸ਼ਟ ਸੰਸਾਰ ਹੈ। ਜਿਸ ਨੂੰ ਅਸੀਂ ਅੱਖਾਂ ਨਾਲ ਨਹੀਂ ਵੇਖ ਸਕਦੇ। ਉਹ ਅਦ੍ਰਿਸ਼ਟ ਦੁਨੀਆਂ ਪ੍ਰਭੂ ਬਖਸ਼ੇ ਦਿਬ-ਨੇਤਰਾਂ ਨਾਲ ਹੀ ਵਿਖਾਈ ਦਿੰਦੀ ਹੈ। ਜਿਸ ਵਡਭਾਗੀ

ਨੂੰ ਪਰਮਾਤਮਾ "ਦਿਬ ਲੋਇਣ" ਪ੍ਰਦਾਨ ਕਰ ਦਿੰਦਾ ਹੈ। ਉਹ ਇਸ ਸੰਸਾਰ ਦਾ ਵਰਤਾਰਾ ਵੀ ਵੇਖਦਾ ਹੈ ਤੇ ਅਦ੍ਰਿਸ਼ਟ ਸੰਸਾਰ ਦੇ ਕੌਤਕ ਵੀ ਤੱਕਦਾ ਹੈ। ਸਾਡਾ ਮਨੁੱਖਾਂ ਦਾ ਸੁਭਾਅ ਹੈ ਜੋ ਸਾਨੂੰ ਇਨ੍ਹਾਂ ਸਰੀਰਕ ਅੱਖੀਆਂ ਦੁਆਰਾ ਵਿਖਾਈ ਨਹੀਂ ਦਿੰਦਾ, ਅਸੀਂ ਉਸ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੇ ਹਾਂ। ਇਹ ਸਾਡੀ ਜੀਵਾਂ ਦੀ ਅਗਿਆਨਤਾ ਹੈ। ਸਾਨੂੰ ਅਗਿਆਨਤਾ ਵਿੱਚ ਗ੍ਰਸੇ ਸੰਸਾਰੀ ਦ੍ਰਿਸ਼ਟੀ ਤੱਕ ਸੀਮਤ, ਲੋਕਾਂ ਨੂੰ ਸੁਚੇਤ ਕਰਨ ਹਿਤ ਦਿਬ-ਦ੍ਰਿਸ਼ਟੀ ਦੇ ਮਾਲਕ ਸਤਿਗੁਰੂ ਸਾਹਿਬਾਨ, ਭਗਤ ਜਨ ਤੇ ਸੰਤ ਜਨ ਪੁਕਾਰ-ਪੁਕਾਰ ਕੇ ਦਰਸਾਉਂਦੇ ਹਨ ਕਿ ਸੰਸਾਰ ਦੇ ਲੋਕੋ! ਸੰਤ ਜਨ ਜੋ ਤੁਹਾਨੂੰ ਦੱਸਦੇ ਹਨ, ਇਸ ਸੱਚੀ ਸਿੱਖਿਆ ਨੂੰ ਧਿਆਨ ਨਾਲ ਸੁਣੋ। ਸੰਤ ਜਨ ਉਹ ਕੁੱਝ ਹੀ ਮੂੰਹ ਚੋਂ ਬੋਲਦੇ ਹਨ ਜੋ ਦਿੱਬ-ਨੇਤਰਾਂ ਨਾਲ ਵੇਖਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਰਾਮਕਲੀ ਰਾਗ ਅੰਦਰ ਫੁਰਮਾਨ ਹੈ :

**ਸੰਤਨ ਕੀ ਸੁਣਿ ਸਾਚੀ ਸਾਖੀ॥ ਸੋ ਬੋਲਹਿ ਜੋ ਪੇਖਹਿ ਆਖੀ॥**

ਮ: ੫, ਪੰਨਾ ੮੯੪

ਸਤਿਗੁਰੂ ਤੇ ਭਗਤਜਨ ਸਾਨੂੰ ਸੁਚੇਤ ਕਰਦੇ ਹਨ ਕਿ ਜਿਸ ਸੰਸਾਰ ਵਿੱਚ ਤੁਸੀਂ ਜਨਮ ਲੈ ਕੇ ਕਰਮ ਕਰ ਰਹੇ ਹੋ, ਨਿਰਾ ਇਹ ਹੀ ਸੰਸਾਰ ਨਹੀਂ। ਇਹ ਸੰਸਾਰ ਤਾਂ ਕਰਮ ਭੂਮੀ ਹੈ, ਜਿਹੋ ਜਿਹਾ ਤੁਸੀਂ ਆਪਣੇ ਸਰੀਰ ਰੂਪੀ ਧਰਤੀ ਵਿੱਚ ਬੀਜ ਪਾਉਗੇ, ਉਸ ਦਾ ਫਲ, ਉਸ ਦਾ ਲੇਖਾ-ਜੋਖਾ ਅਦ੍ਰਿਸ਼ਟ ਦੁਨੀਆਂ ਵਿੱਚ ਵੀ ਲਿਆ ਜਾਣਾ ਹੈ। ਉਹ ਪੁਕਾਰ ਕੇ ਸਾਨੂੰ ਸੁਚੇਤ ਕਰਦੇ ਹਨ। ਜਿਵੇਂ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਰਾਮਕਲੀ ਰਾਗ ਅੰਦਰ ਸੁਚੇਤ ਕੀਤਾ ਹੈ :

**ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥**
**ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥**
**ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ॥**
**ਅਜਰਾਈਲੁ ਫਰੇਸਤਾ ਹੋਸੀ ਆਇ ਤਈ॥**
**ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ॥**
**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥** ਮ: ੧, ਪੰਨਾ ੯੫੩

ਜਿਵੇਂ ਸਤਿਗੁਰੂ ਅਰਜਨ ਦੇਵ ਜੀ ਹੀ ਇਸੇ ਮਹੀਨੇ ਦੇ ਉਪਦੇਸ਼ ਅੰਦਰ ਦਰਸਾ ਰਹੇ ਹਨ, ਕਿ ਜਿਹੜੇ ਪਰਮਾਤਮਾ ਤੋਂ ਬੇ-ਮੁਖ ਹੋ ਜਾਂਦੇ ਹਨ, ਉਨ੍ਹਾਂ ਨੂੰ ਮੰਦੇ ਕਰਮਾਂ ਦੀਆਂ ਸਜ਼ਾਵਾਂ ਭੁਗਤਾਉਣ ਹਿੱਤ ਜਮਾਂ ਦੇ ਹਵਾਲੇ ਕੀਤਾ ਜਾਂਦਾ ਹੈ। ਆਪ ਦਾ



ਫੁਰਮਾਨ ਆਪਾਂ ਨੇ ਹੁਣੇ ਹੀ ਪੜ੍ਹਿਆ ਹੈ। "**ਤਿਨ ਦੂਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ**" ਜਮਦੂਤ ਚੋਰਾਂ-ਯਾਰਾਂ, ਮੰਦ ਕਰਮੀਆਂ ਨੂੰ ਇਸ ਤਰ੍ਹਾਂ ਕੋਹਲੂ ਵਿੱਚ ਪੀੜਦੇ ਹਨ, ਜਿਵੇਂ ਤੇਲ ਕੱਢਣ ਵਾਲੇ ਕੋਹਲੂ ਵਿੱਚ ਤੇਲੀ ਤਿੱਲਾਂ ਨੂੰ ਪੀੜਦਾ ਹੈ। ਨਿੰਦਕਾਂ, ਚੁਗਲ-ਖੋਰਾਂ ਦੇ ਹੱਥਾਂ ਵਿੱਚ ਕੜੀਆਂ ਤੇ ਪੈਰਾਂ ਵਿੱਚ ਬੇੜੀਆਂ ਪਾਈਆਂ ਜਾਂਦੀਆਂ ਹਨ। ਗਲਾਂ ਵਿੱਚ ਸੰਗਲਾਂ ਦੇ ਜੰਜੀਰ ਪਾ ਕੇ ਉਨ੍ਹਾਂ ਨੂੰ ਬੰਦੀ ਬਣਾਇਆ ਜਾਂਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਮਲਾਰ ਰਾਗ ਅੰਦਰ ਫੁਰਮਾਨ ਹੈ :

**ਇਕਨ੍ਾ ਗਲੀਂ ਜੰਜੀਰ ਬੰਦਿ ਰਬਾਣੀਐ॥**
**ਚੋਰ ਜਾਰ ਜੂਆਰ ਪੀੜੇ ਘਾਣੀਐ॥**
**ਨਿੰਦਕ ਲਾਇਤਬਾਰ ਮਿਲੇ ਹੜ੍ਵਾਣੀਐ॥** ਪਉੜੀ, ਪੰਨਾ ੧੨੮੭

ਸਤਿਗੁਰੂ ਨਾਨਕ ਪਾਤਸ਼ਾਹ ਜੀ ਦੁਹਾਈ ਪਾ ਕੇ ਸਾਨੂੰ ਸੰਸਾਰੀ ਜੀਵਾਂ ਨੂੰ ਸੁਚੇਤ ਕਰਨ ਹਿਤ ਗੁਰਬਾਣੀ ਅੰਦਰ ਫੁਰਮਾਨ ਕਰਦੇ ਹਨ ਕਿ ਜਿਹੜੇ ਲੋਕ ਪਾਪ ਕਰਮ ਕਰਨਗੇ ਉਹ ਅਵੱਸ਼ ਲੁੱਟੇ ਜਾਣਗੇ। ਧਰਮਰਾਜਾ ਦੇ ਜਮਦੂਤ ਉਹਨਾਂ ਨੂੰ ਕੋਹ-ਕੋਹ ਕੇ ਸਜ਼ਾਵਾਂ ਦੇਣਗੇ। ਮੰਦ-ਕਰਮੀਆਂ ਦਾ ਹਿਸਾਬ-ਕਿਤਾਬ ਕਰਕੇ ਉਨ੍ਹਾਂ ਨੂੰ ਰਹਿੰਦੀਆਂ ਸਜਾਵਾਂ ਭੋਗਣ ਲਈ ਨਰਕਾਂ ਵਿੱਚ ਪਾਇਆ ਜਾਵੇਗਾ। ਪਰਲੋਕ ਵਿੱਚ ਨਾ ਭੈਣ, ਨਾ ਭਰਾ ਅਤੇ ਨਾ ਹੀ ਮਾਤਾ-ਪਿਤਾ ਨੇ ਸਾਥ ਨਿਭਾਉਣਾ ਹੈ। ਧਨ ਪਦਾਰਥ ਵੀ ਇੱਥੇ ਹੀ ਰਹਿ ਜਾਣਾ ਹੈ। ਯਾਦ ਰੱਖੋ! ਜੋ ਮਨੁੱਖ ਮਾੜੇ ਜਾਂ ਚੰਗੇ ਕਰਮ ਕਰਦਾ ਹੈ, ਉਹ ਹੀ ਆਤਮਾ ਦੇ ਨਾਲ ਜਾਂਦੇ ਹਨ। ਸ੍ਰੇਸ਼ਟ-ਕਰਮੀਆਂ ਨੂੰ ਪ੍ਰਭੂ ਦਰਗਾਹ ਅੰਦਰ ਮਾਣ ਸਤਿਕਾਰ ਪ੍ਰਾਪਤ ਹੁੰਦਾ ਹੈ। ਮੰਦ-ਕਰਮੀਆਂ ਨੂੰ ਤਿਲਾਂ ਵਾਂਗ ਕੋਹਲੂ ਵਿੱਚ ਨਪੀੜਿਆ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਪਾਪ ਕਰੇਦੜ ਸਰਪਰ ਮੁਠੇ॥ ਅਜਰਾਈਲਿ ਫੜੇ ਫੜਿ ਕੁਠੇ॥**
**ਦੋਜਕਿ ਪਾਏ ਸਿਰਜਣਹਾਰੈ ਲੇਖਾ ਮੰਗੈ ਬਾਣੀਆ॥੨॥**
**ਸੰਗਿ ਨ ਕੋਈ ਭਈਆ ਬੇਬਾ॥ ਮਾਲੁ ਜੋਬਨੁ ਧਨੁ ਛੋਡਿ ਵਞੇਸਾ॥**
**ਕਰਣ ਕਰੀਮ ਨ ਜਾਤੋ ਕਰਤਾ ਤਿਲ ਪੀੜੇ ਜਿਉ ਘਾਣੀਆ॥੩॥**

ਮ: ੧, ਪੰਨਾ ੧੦੧੯

ਸਤਿਸੰਗਤ ਤੋਂ ਵਿਹੂਣੇ ਤੇ ਪ੍ਰਮਾਤਮਾ ਤੋਂ ਬੇਮੁੱਖ ਜੀਵ ਇਸ ਸੰਸਾਰ ਵਿੱਚ ਦੁੱਖ ਭੋਗਦੇ ਹਨ ਤੇ ਪਰਲੋਕ ਵਿੱਚ ਵੀ ਜਮਾਂ ਦੀ ਮਾਰ ਸਹਾਰਦੇ ਹਨ।

## *ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ ॥*

**ਅੱਖਰੀ-ਅਰਥ :** ਜਿਨ੍ਹਾਂ ਵਡਭਾਗੀ ਜੀਵਾਂ ਨੇ ਸਤਿਸੰਗਤ ਵਿੱਚ ਬੈਠ ਕੇ ਪ੍ਰਭੂ ਨਾਮ ਨੂੰ ਜਪਿਆ (ਰਾਵਿਆ), ਨਾਮ-ਜਪ ਦੀ ਬ-ਦੌਲਤ ਉਨ੍ਹਾਂ ਨੇ ਪਰਮਾਤਮਾ ਦੇ ਅਨੂਪਮ ਅਨੰਦੀ ਰੰਗ ਨੂੰ ਮਾਣਿਆ। ਅਜਿਹੀਆਂ ਆਤਮਾਵਾਂ ਹਮੇਸ਼ਾਂ ਪਰਮਾਤਮਾ ਦੇ ਅੰਗ-ਸੰਗ ਰਹਿੰਦੀਆਂ ਹਨ। ਉਨ੍ਹਾਂ ਦੇ ਦਰਸ਼ਨ ਕਰਕੇ ਜਗਿਆਸੂ ਮਹਿਸੂਸ ਕਰਦਾ ਹੈ ਕਿ ਪਰਮਾਤਮਾ ਇਨ੍ਹਾਂ ਦੇ ਅੰਗ-ਸੰਗ ਖੜ੍ਹਾ ਹੈ, ਨਾਲ ਹੀ ਖੜ੍ਹਾ ਮਹਿਸੂਸ ਨਹੀਂ ਹੁੰਦਾ ਸਗੋਂ ਉਨ੍ਹਾਂ ਦੇ ਦਰਸ਼ਨਾਂ ਚੋਂ ਪਰਮਾਤਮਾ ਦੇ ਦਰਸ਼ਨ ਝਲਕਾਰੇ ਪ੍ਰਤੀਤ ਹੁੰਦੇ ਹਨ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਨਾਮ-ਜਪ ਦਾ ਰਸਤਾ ਹੀ ਇੱਕ ਅਜਿਹਾ ਹੈ, ਜਿਸ ਉੱਪਰ ਚੱਲ ਕੇ ਜੀਵ-ਆਤਮਾ, ਪਰਮਾਤਮਾ ਦਾ ਰੂਪ ਬਣ ਜਾਂਦੀ ਹੈ। ਮਾਰੂ ਰਾਗ ਅੰਦਰ ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ ਕਿ ਹਰੀ ਦਾ ਨਾਮ ਜਪਣ ਵਾਲਾ ਹਰੀ ਦਾ ਰੂਪ ਹੀ ਹੁੰਦਾ ਹੈ। ਭਾਵੇਂ ਮਨੁੱਖਾ ਦੇਹੀ ਕਾਰਣ ਉਹ ਵੱਖਰਾ ਮਹਿਸੂਸ ਹੁੰਦਾ ਹੈ ਪਰ ਹਰੀ ਦੇ ਸੇਵਕ ਤੇ ਹਰੀ ਮਾਲਕ ਵਿੱਚ ਭੋਰਾ ਜਿੰਨਾ ਵੀ ਭੇਦ ਨਹੀਂ ਹੁੰਦਾ। ਜਿਸ ਤਰ੍ਹਾਂ ਪਾਣੀ ਅੰਦਰ ਅਨੇਕ ਤਰ੍ਹਾਂ ਦੀਆਂ ਲਹਿਰਾਂ ਉੱਠਦੀਆਂ ਹਨ ਤੇ ਉਨ੍ਹਾਂ ਦੇ ਵੱਖਰੇ-ਵੱਖਰੇ ਅਕਾਰ ਹੁੰਦੇ ਹਨ ਪਰ ਵਾਸਤਵ ਵਿੱਚ ਉਹ ਪਾਣੀ ਵਿੱਚ ਮਿਲ ਕੇ ਪਾਣੀ ਦਾ ਰੂਪ ਹੀ ਬਣ ਜਾਂਦੀਆਂ ਹਨ। ਤਿਵੇਂ :

**ਹਰਿ ਕਾ ਸੇਵਕੁ ਸੋ ਹਰਿ ਜੇਹਾ ॥ ਭੇਦੁ ਨ ਜਾਣਹੁ ਮਾਣਸ ਦੇਹਾ ॥**

**ਜਿਉ ਜਲ ਤਰੰਗ ਉਠਹਿ ਬਹੁ ਭਾਤੀ ਫਿਰਿ ਸਲਲੈ ਸਲਲ ਸਮਾਇਦਾ ॥੮॥**

ਮ: ੫, ਪੰਨਾ ੧੦੭੬

ਜਿਹੜੇ ਜਗਿਆਸੂ "**ਜਿਨੀ ਰਾਵਿਆ ਪ੍ਰਭੁ ਆਪਣਾ**" ਮਾਰਗ ਦੇ ਪਾਂਧੀ ਬਣੇ, ਜਿਨ੍ਹਾਂ ਦਾ ਜੀਵਨ "**ਸਾਸਿ ਸਾਸਿ ਸਿਮਰਹੁ ਗੋਬਿੰਦ**" ਬਣ ਗਿਆ। ਸਤਿਗੁਰੂ ਅਰਜਨ ਦੇਵ ਜੀ ਅਜਿਹੇ ਵਡਭਾਗੀਆਂ ਪ੍ਰਤੀ ਫੁਰਮਾਨ ਕਰਦੇ ਹਨ ਕਿ ਉਨ੍ਹਾਂ ਵਿੱਚ ਤੇ ਪਰਮਾਤਮਾ ਵਿੱਚ ਰਾਈ ਜਿੰਨਾ ਵੀ ਫ਼ਰਕ ਨਾ ਜਾਣੋ। ਉਹ ਪਰਮਾਤਮਾ ਦਾ ਰੂਪ ਹੀ ਹੁੰਦੇ ਹਨ। ਆਪ ਸਾਹਿਬਾਂ ਦਾ ਆਸਾ ਰਾਗ ਅੰਦਰ ਫੁਰਮਾਨ ਹੈ :

**ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥**

**ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥** ਮ: ੫, ਪੰਨਾ ੩੯੭



ਪ੍ਰਭੂ ਨਾਮ ਜਪ ਕੇ ਉਹ ਪ੍ਰਭੂ ਦਾ ਰੂਪ ਹੀ ਬਣ ਗਏ। ਉਨ੍ਹਾਂ ਦੇ ਦਰਸ਼ਨ ਹੀ ਪਰਮਾਤਮਾ ਦੇ ਦਰਸ਼ਨ ਹਨ ਕਿਉਂਕਿ ਉਨ੍ਹਾਂ ਦਾ ਮਿਲਾਪ ਪਰਮਾਤਮਾ ਨਾਲ ਹੋ ਗਿਆ। ਪਰਮਾਤਮਾ ਨੇ ਉਨ੍ਹਾਂ ਨੂੰ ਆਪਣੇ ਬਣਾ ਲਿਆ।

**ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ ॥**

ਮ: ੪, ਪੰਨਾ ੬੬੭

**ਗੁਰ ਬਚਨਿ ਧਿਆਇਆ ਜਿਨਾ ਅਗਮੁ ਹਰਿ ਤੇ ਠਾਕੁਰ ਸੇਵਕ ਰਲਿ ਏਕਿਆ ॥**

ਮ: ੪, ਪੰਨਾ ੧੩੧੬

"**ਜਿਨੀ ਰਾਵਿਆ ਪ੍ਰਭੁ ਆਪਣਾ**" ਦੀ ਅਵਸਥਾ ਵਿੱਚ ਵਿਚਰਨ ਵਾਲੇ ਗੁਰੂ-ਪਿਆਰਿਆਂ ਪ੍ਰਤੀ ਗੁਰਦੇਵ ਕਲਗੀਧਰ ਜੀ ਦਾ ਫੁਰਮਾਨ ਹੈ। ਜਿਨ੍ਹਾਂ ਪ੍ਰਭੂ ਸੇਵਕਾਂ ਨੇ ਪਰਮਾਤਮਾ ਦੇ ਨਾਮ-ਰਸ ਨੂੰ ਮਾਣਿਆ ਉਹ ਅਸਲੀ ਖਾਲਸੇ ਪਰਮਾਤਮਾ ਦਾ ਰੂਪ ਹਨ। ਅਜਿਹੇ ਖਾਲਸੇ ਵਿੱਚ, ਮੇਰੇ ਵਿੱਚ ਤੇ ਪਰਮਾਤਮਾ ਵਿੱਚ ਰਤਾ ਭਰ ਵੀ ਭੇਦ ਨਹੀਂ ਹੈ। ਉਹ ਖਾਲਸਾ ਮੇਰਾ ਤੇ ਪਰਮਾਤਮਾ ਦਾ ਰੂਪ ਹੀ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ ॥**

**ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹੀ ਭੇਵ ॥** (ਸਰਬ ਲੋਹ ਗ੍ਰੰਥ)

ਸਰੀਰਧਾਰੀ ਹੋਣ ਸਦਕਾ ਦੇਖਣ ਲਈ ਤਾਂ ਉਹ ਪਰਮਾਤਮਾ ਤੋਂ ਵੱਖਰੇ ਮਹਿਸੂਸ ਹੁੰਦੇ ਹਨ। ਪਰ ਉਹ ਵਾਸਤਵਿਕ ਵਿੱਚ ਪਰਮਾਤਮਾ ਦਾ ਰੂਪ ਹੀ ਹੁੰਦੇ ਹਨ। ਜਿਵੇਂ ਪਾਣੀ ਵਿੱਚੋਂ ਉੱਠਦੇ ਤਰੰਗ ਤੇ ਲਹਿਰਾਂ ਪਾਣੀ ਤੋਂ ਵੱਖ ਭਾਸਦੀਆਂ ਹਨ ਪਰ ਉਹ ਲਹਿਰਾਂ ਤੇ ਤਰੰਗ ਪਾਣੀ ਦਾ ਹੀ ਰੂਪ ਹੁੰਦੇ ਹਨ ਤੇ ਅਖੀਰ ਪਾਣੀ ਵਿੱਚ ਹੀ ਸਮਾਂ ਕੇ ਸ਼ਾਂਤ ਹੋ ਜਾਂਦੇ ਹਨ। ਸਾਹਿਬ ਕਲਗੀਧਰ ਜੀ ਦਾ ਉਨ੍ਹਾਂ ਪ੍ਰਤੀ ਬਚਿੱਤਰ ਨਾਟਕ ਅੰਦਰ ਫੁਰਮਾਨ ਹੈ :

**ਹਰਿ ਹਰਿ ਜਨ ਦੁਇ ਏਕ ਹੈ ਬਿਬ ਬਿਚਾਰ ਕਛੁ ਨਾਹਿ ॥**

**ਜਲ ਤੇ ਉਪਜ ਤਰੰਗ ਜਿਉ ਜਲ ਹੀ ਬਿਖੈ ਸਮਾਹਿ ॥੬੦॥੫੩**

(ਬਚਿਤ੍ਰ ਨਾਟਕ)

## *ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥*

**ਅੱਖਰੀ-ਅਰਥ :** ਹਰੀ ਪਰਮਾਤਮਾ ਦਾ ਨਾਮ ਜੋ ਸੰਸਾਰ ਦੇ ਰਤਨ, ਜਵਾਹਰ ਲਾਲਾਂ ਤੋਂ ਵੀ ਕੀਮਤੀ ਹੈ। ਉਹ ਨਾਮ ਹਮੇਸ਼ਾਂ ਉਨ੍ਹਾਂ ਦੇ ਕੰਠ ਵਿੱਚ ਜੜਿਆ ਹੁੰਦਾ ਹੈ ਭਾਵ ਪਰਮਾਤਮਾ ਦਾ ਨਾਮ ਉਨ੍ਹਾਂ ਨੂੰ ਕਦੇ ਵੀ ਨਹੀਂ ਭੁੱਲਦਾ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਪਰਮਾਤਮਾ ਨੇ ਕੁੱਝ ਇੱਕ ਬਹੁਤ ਕੀਮਤੀ ਪੱਥਰ ਪੈਦਾ ਕੀਤੇ ਹਨ, ਜਿਨ੍ਹਾਂ ਪੱਥਰਾਂ ਦਾ ਮੁੱਲ ਲੱਖਾਂ-ਕਰੋੜਾਂ ਰੁਪਈਆਂ ਤੋਂ ਵੀ ਵੱਧ ਪੈਂਦਾ ਹੈ। ਜਿਨ੍ਹਾਂ ਦੇ ਵੱਖੋ-ਵੱਖਰੇ ਨਾਮ ਵੀ ਜੌਹਰੀ ਲੋਕਾਂ ਨੇ ਰੱਖੇ ਹਨ ਜਿਵੇਂ (ਮੋਤੀ, ਪੰਨਾ, ਮਾਣਿਕ, ਗੋਮੇਦ, ਹੀਰਾ, ਮੂੰਗਾ, ਲਹਸੁਨੀਯਾ, ਪੁਖਰਾਜ, ਨੀਲਮ) ਆਦਿ ਇਹ ਬੇ-ਕੀਮਤੀ ਹੁੰਦੇ ਹਨ।

ਭਗਤ ਕਬੀਰ ਜੀ ਦੇ ਫੁਰਮਾਨ ਅਨੁਸਾਰ, ਭਾਵੇਂ ਸੰਸਾਰ ਦੀ ਸੰਪਦਾ ਸੋਨਾ-ਚਾਂਦੀ, ਹੀਰੇ ਜਵਾਹਰਾਤ ਬਹੁਤ ਕੀਮਤੀ ਹਨ, ਪਰ ਪਰਮਾਤਮਾ ਦਾ ਨਾਮ ਇਨ੍ਹਾਂ ਸਾਰੀਆਂ ਕੀਮਤੀ ਵਸਤੂਆਂ ਤੋਂ ਅਤਿ ਕੀਮਤੀ ਹੈ। ਕੋਈ ਮਨੁੱਖ ਸੰਸਾਰ ਦੀ ਧਨ-ਸੰਪਦਾ ਦੇ ਬਦਲੇ ਵਿੱਚ ਨਾਮ ਪ੍ਰਾਪਤ ਕਰਨਾ ਚਾਹੇ, ਉਹ ਪ੍ਰਾਪਤ ਨਹੀਂ ਕਰ ਸਕਦਾ। ਆਪ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਕੰਚਨ ਸਿਉ ਪਾਈਐ ਨਹੀ ਤੋਲਿ ॥** ਕਬੀਰ ਜੀ, ਪੰਨਾ ੩੨੭

ਸਤਿਗੁਰੂ ਅਰਜਨ ਦੇਵ ਜੀ ਦਾ ਸਿਰੀਰਾਗ, ਅੰਦਰ ਫੁਰਮਾਨ ਹੈ ਕਿ ਪਰਮਾਤਮਾ ਦਾ ਨਾਮ ਬਹੁਤ ਕੀਮਤੀ ਹੈ, ਇਸ ਨਾਮ ਦੀ ਕੀਮਤ ਕੋਈ ਨਹੀਂ ਪਾ ਸਕਦਾ। ਜਿਨ੍ਹਾਂ ਦੇ ਵੱਡੇ ਭਾਗ ਹਨ, ਉਹ ਨਾਮ ਜਪ ਕੇ ਨਾਮ ਦੇ ਅਨੰਦ ਨੂੰ ਮਾਣ ਹੀ ਸਕਦੇ ਹਨ। ਆਪ ਦਾ ਫੁਰਮਾਨ ਹੈ :

**ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥**

**ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥੧॥** ਮ: ੫, ਪੰਨਾ ੮੧

ਪਰਮੇਸ਼ਰ ਦੇ ਨਾਮ ਦੀ ਨਾ ਤਾਂ ਕੀਮਤ ਹੀ ਪਾਈ ਜਾ ਸਕਦੀ ਹੈ ਅਤੇ ਨਾ ਹੀ ਪ੍ਰਭੂ ਨਾਮ ਦੀ ਕੀਮਤ ਦਾ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ। ਬਸ ਜਿਨ੍ਹਾਂ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਂ ਵੱਸ ਜਾਂਦਾ ਹੈ, ਉਨ੍ਹਾਂ ਨੂੰ ਧੰਨ-ਧੰਨ ਹੀ ਕਿਹਾ ਜਾ ਸਕਦਾ ਹੈ। ਐਸਾ ਹੈ, ਪਰਮਾਤਮਾ ਦਾ ਅਮੋਲਕ ਨਾਮ, ਸਾਹਿਬ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ—



**ਨਾਵੈ ਕੀ ਕੀਮਤਿ ਮਿਤਿ ਕਹੀ ਨ ਜਾਇ ॥**

**ਸੇ ਜਨ ਧੰਨੁ ਜਿਨ ਇਕ ਨਾਮਿ ਲਿਵ ਲਾਇ ॥** ਮ: ੩, ਪੰਨਾ ੬੬੬

ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਨਾਮੈ ਕੀ ਵਡਿਆਈ ॥ ਤਿਸੁ ਕੀਮਤਿ ਕਹਣੁ ਨ ਜਾਈ ॥**

ਮ: ੫, ਪੰਨਾ ੬੨੭

ਨਾਮ ਦੀ ਕੀਮਤ ਤਾਂ ਪਾਈ ਨਹੀਂ ਜਾ ਸਕਦੀ ਅਤੇ ਨਾ ਹੀ ਪਾਈ ਜਾਵੇਗੀ। ਜੋ ਪ੍ਰਭੂ ਨਾਮ ਦਾ ਅਰਾਧਨ ਕਰਨਗੇ, ਉਹ ਵੀ ਮਹਾਨ ਤੇ ਧੰਨਤਾ ਦੇ ਜੋਗ ਹੋ ਜਾਣਗੇ। ਉਨ੍ਹਾਂ ਦੇ ਸਾਰੇ ਕਾਰਜ ਪੂਰੇ ਹੋ ਜਾਣਗੇ।

**ਸੰਤਹੁ ਹਰਿ ਹਰਿ ਹਰਿ ਆਰਾਧਹੁ ॥**

**ਹਰਿ ਆਰਾਧਿ ਸਭੋ ਕਿਛੁ ਪਾਈਐ ਕਾਰਜ ਸਗਲੇ ਸਾਧਹੁ ॥**

ਮ: ੫, ਪੰਨਾ ੬੨੭

ਦੀਆਂ ਦਾਤਾਂ ਉਨ੍ਹਾਂ ਨੂੰ ਨਾਮ ਅਰਾਧਨ ਦੀ ਬਦੌਲਤ ਪ੍ਰਾਪਤ ਹੋ ਜਾਣਗੀਆਂ।

ਸੋ ਐਸਾ ਅਮੋਲਕ ਨਾਮ ਜਿਨ੍ਹਾਂ ਦੇ ਕੰਠ ਅਤੇ ਹਿਰਦੇ ਵਿੱਚ ਜੜਿਆ ਗਿਆ ਹੈ। ਭਾਵ ਜਿਨ੍ਹਾਂ ਨੂੰ ਪ੍ਰਭੂ ਨਾਮ ਕਦੇ ਵੀ ਨਹੀਂ ਭੁੱਲਦਾ, ਉਨ੍ਹਾਂ ਦੀ ਸੋਭਾ, ਹਰ ਥਾਂ, ਹਰ ਜਗ੍ਹਾ ਹੁੰਦੀ ਹੈ ਤੇ ਹੁੰਦੀ ਰਹੇਗੀ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ :

**ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ ॥੧॥**

ਮ: ੫, ਪੰਨਾ ੭੪੮

## *ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ ॥*

**ਅੱਖਰੀ-ਅਰਥ :** ਹੇ ਪਰਮਾਤਮਾ! ਮੇਰੀ ਤੇਰੇ ਚਰਨਾਂ ਵਿੱਚ ਅਰਦਾਸ ਹੈ ਕਿ ਜੋ ਤੁਹਾਡੇ ਵਿੱਚ ਲੀਨਤਾ ਪ੍ਰਾਪਤ ਕਰਕੇ ਵੀ ਹਮੇਸ਼ਾ ਤੁਹਾਡੀ ਚਰਨ-ਸ਼ਰਣ ਵਿੱਚ ਰਹਿੰਦੇ ਹਨ, ਅਜਿਹੇ ਨਾਮ ਵਿੱਚ ਰੰਗੇ ਨਿਮ੍ਰਤਾ ਵਿੱਚ ਜੀਵਨ ਬਤੀਤ ਕਰਨ ਵਾਲਿਆਂ ਦੀ ਸਾਨੂੰ ਚਰਨ-ਧੂੜ ਬਖਸ਼ਿਸ਼ ਕਰੋ ਜੀ।

**ਸੰਖੇਪ-ਵਿਚਾਰ :** ਪਰਮਾਤਮਾ ਦੇ ਦਰ ਉੱਪਰ ਢਹਿਣਾ ਹੀ ਔਖਾ ਹੈ। ਜਿਹੜਾ

ਕਲਗੀਧਰ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਗੁਰੂ ਦਰ ਉੱਤੇ ਢਹਿ, ਆਪਾ ਸਮਰਪਿਤ ਕਰਕੇ, ਗੁਰੂ ਚਰਨਾਂ ਵਿੱਚ ਪੁਕਾਰ ਕੇ ਕਹਿ ਦਿੰਦਾ ਹੈ ਦਾਤਾ :

**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥**

**ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥** ਪਾ: ੧੦

ਫਿਰ ਗੁਰੂ ਦਾ ਬਿਰਦ ਹੈ। ਜਿਹੜਾ ਪ੍ਰਭੂ ਦੀ ਸ਼ਰਨ ਵਿੱਚ ਪੈ ਜਾਂਦਾ ਹੈ। ਪਰਮਾਤਮਾ ਤੇ ਗੁਰੂ ਉਸ ਨੂੰ ਆਪਣੇ ਕੰਠ ਨਾਲ ਲਾ ਲੈਂਦਾ ਹੈ। ਸਤਿਗੁਰੂ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਪਾਵਨ ਬਚਨ ਹੈ :

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

ਮ: ੫, ਪੰਨਾ ੫੪੪

ਜਿਹੜਾ ਜਗਿਆਸੂ ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ, ਮਾਣ-ਹੰਕਾਰ ਨੂੰ ਤਿਆਗ ਕੇ, ਪਰਮਾਤਮਾ ਦੀ ਸ਼ਰਨ ਵਿੱਚ ਆਪਾ ਸਮਰਪਿਤ ਕਰ ਦਿੰਦਾ ਹੈ ਅਤੇ ਪ੍ਰਭੂ ਰਜਾ ਵਿੱਚ ਰਾਜੀ ਰਹਿੰਦਾ ਹੋਇਆ ਤਨ-ਮਨ-ਧਨ ਗੁਰੂ ਦਾ ਜਾਣ ਕੇ ਆਪਣਾ ਜੀਵਨ ਬਤੀਤ ਕਰਦਾ ਹੈ, ਇਸ ਪ੍ਰਕਾਰੀ ਜੀਵਨ ਜਿਊਣ ਵਾਲੇ ਨੂੰ ਕਰਤਾਰ ਆਪਣੇ ਦਰਸ਼ਨ ਬਖਸ਼ਿਸ਼ ਕਰ ਦਿੰਦਾ ਹੈ। ਆਪ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ॥**

**ਸੁਣਿ ਮੀਤਾ ਜੀਉ ਪਿੰਡੁ ਸਭੁ ਤਨੁ ਅਰਪੀਜੈ**

**ਇਉ ਦਰਸਨੁ ਹਰਿ ਜੀਉ ਪਾਈਐ॥** ਮ: ੫, ਪੰਨਾ ੬੧੨

ਸ਼ਰਣ-ਸੂਰ ਪਰਮਾਤਮਾ ਦੀ ਸ਼ਰਨ ਗ੍ਰਹਿਣ ਕਰਨ ਵਾਲੇ ਦਾ ਆਵਾਗਉਣ ਦਾ ਚੱਕਰ ਖ਼ਤਮ ਹੋ ਜਾਂਦਾ ਹੈ ਅਤੇ ਜਿੱਥੇ ਉਹ ਆਪ ਤਰ ਜਾਂਦਾ ਹੈ, ਉੱਥੇ ਉਹ ਆਪਣੇ ਪਰਿਵਾਰ ਤੇ ਸੱਜਣਾਂ ਦਾ ਵੀ ਉਧਾਰ ਕਰ ਲੈਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾ ਗਵਨ॥**

**ਆਪਿ ਤਰਿਆ ਕੁਟੰਬ ਸਿਉ ਗੁਣ ਗੁਬਿੰਦ ਪ੍ਰਭ ਰਵਨ॥**ਮ: ੫, ਪੰਨਾ ੩੦੦

ਅਜਿਹੇ ਪ੍ਰਭੂ ਸ਼ਰਨ ਆ ਕੇ ਦਾਸਾ ਭਾਵ ਧਾਰਨ ਕਰਨ ਵਾਲੇ ਦੀ ਪ੍ਰਭੂ ਚਰਨਾਂ ਵਿੱਚ ਰਿਸਾਈ ਹੋ ਜਾਂਦੀ ਹੈ। ਸਾਹਿਬਾਂ ਦਾ ਫੁਰਮਾਨ ਹੈ :



**ਜੋ ਸਰਣਿ ਆਵੈ ਗੁਣ ਨਿਧਾਨ ਪਾਵੈ ਸੋ ਬਹੁੜਿ ਜਨਮਿ ਨ ਮਰਤਾ॥**

ਮ: ੫, ਪੰਨਾ ੫੭੮

ਪ੍ਰਭੂ ਨਾਮ ਵਿੱਚ ਰੰਗੇ ਤੇ ਆਪਾਂ ਭਾਵ ਤਿਆਗ ਕੇ ਪਰਮਾਤਮਾ ਦੀ ਸ਼ਰਨ ਵਿੱਚ ਪਏ ਸਾਧੂਜਨਾਂ ਦੀ ਜੇ ਚਰਨ ਧੂੜ ਪ੍ਰਾਪਤ ਹੋ ਜਾਵੇ ਤਾਂ ਜਾਨਣਾ ਕਰੋ ਕਿ ਇਹ ਦਾਤ ਪਰਮਾਤਮਾ ਦੀ ਕ੍ਰਿਪਾਲਤਾ ਨਾਲ ਪ੍ਰਾਪਤ ਹੋਈ ਹੈ। ਚਰਨ-ਧੂੜੀ ਅਤੇ ਪ੍ਰਭੂ ਨਾਮ ਵਿੱਚੋਂ ਹੀ ਲੋਕ ਪ੍ਰਲੋਕ ਦੇ ਸਾਰੇ ਪਦਾਰਥ ਪ੍ਰਾਪਤ ਹੁੰਦੇ ਹਨ। ਆਪ ਜੀ ਦਾ ਫੁਰਮਾਨ ਹੈ :

**ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥**

**ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥** ਮ: ੫, ਪੰਨਾ ੮੦

ਇਸੇ ਕਰਕੇ ਹੀ ਸਤਿਗੁਰੂ ਅਰਜਨ ਦੇਵ ਜੀ ਮੱਘਰ ਮਹੀਨੇ ਦੀਆਂ ਆਖ਼ਰੀ ਪੰਕਤੀਆਂ ਵਿੱਚ ਜਾਚਨਾ ਕਰਦੇ ਹਨ :

**ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥**

## *ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥*

**ਅੱਖਰੀ-ਅਰਥ :** ਮੱਘਰ ਦੇ ਮਹੀਨੇ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਜੋ ਪਰਮਾਤਮਾ ਦੇ ਨਾਮ ਦੀ ਅਰਾਧਨਾ ਕਰਦੇ ਹਨ, ਨਾਮ ਜਪ ਦੀ ਬਦੌਲਤ ਉਨ੍ਹਾਂ ਦਾ ਜੰਮਣ-ਮਰਨ ਦਾ ਗੇੜ (ਆਵਾਗਉਣ ਦਾ ਚੱਕਰ) ਖ਼ਤਮ ਹੋ ਜਾਂਦਾ ਹੈ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਅਨੇਕ ਤਰ੍ਹਾਂ ਦੇ ਦੁੱਖ ਗਿਣੇ ਹਨ। ਪਰ ਜੰਮਣ-ਮਰਨ, ਜਿਸ ਨੂੰ ਆਵਾਗਉਣ ਦਾ ਚੱਕਰ ਕਿਹਾ ਹੈ, ਜੰਮਣ-ਮਰਨ ਦਾ ਦੁੱਖ ਸਭ ਤੋਂ ਵੱਡਾ ਦੁੱਖ ਭਗਤਾਂ ਨੇ ਗਿਣਿਆ ਹੈ। ਭਗਤ ਕਬੀਰ ਜੀ ਨੇ ਗਰੀਬੀ ਦੇ ਦੁੱਖ ਤੇ ਭੁੱਖ ਦੇ ਦੁੱਖ ਨੂੰ ਵੀ ਝੱਲਿਆ, ਘਰ ਵਿੱਚ ਮਾਤਾ ਅਤੇ ਆਂਢ-ਗੁਆਂਢ ਦੇ ਉਲ੍ਹਾਮਿਆਂ ਦੇ ਦੁੱਖ ਦੀ ਵੀ ਪਰਵਾਹ ਨਹੀਂ ਕੀਤੀ। ਸੁਲਤਾਨ ਲੋਧੀ ਦੇ ਹਾਥੀ ਅੱਗੇ ਸੁੱਟ ਕੇ ਸੱਟਾਂ ਮਰਵਾਉਣ ਨੂੰ ਵੀ ਤੁੱਛ ਜਾਣਿਆ। ਗੰਗਾ ਦਰਿਆ ਵਿੱਚ ਸੰਗਲਾਂ ਨਾਲ ਬੰਨ ਕੇ ਡੋਬ ਦੇਣ ਤੋਂ ਵੀ ਨਹੀਂ ਘਬਰਾਏ ਅਤੇ ਆਪਣੇ ਮਾਲਕ ਪ੍ਰਭੂ ਅੱਗੇ ਇਨ੍ਹਾਂ ਤੋਂ ਰਿਹਾਈ ਵਾਸਤੇ ਕੋਈ ਅਰਦਾਸ ਨਹੀਂ ਕੀਤੀ। ਪਰ ਜੰਮਣ-ਮਰਨ ਦੇ ਦੁੱਖ ਤੋਂ ਰਿਹਾਈ ਵਾਸਤੇ ਪਰਮਾਤਮਾ ਅੱਗੇ ਅਰਜੋਈ ਕਰਕੇ ਮੰਗ ਮੰਗੀ ਕਿ ਹੇ ਦਾਤਾਰ!

ਤੁਸੀਂ ਲੋਕਾਂ ਦੇ ਅਨੇਕਾਂ ਦੁੱਖ ਦੂਰ ਕਰਦੇ ਹੋ, ਕ੍ਰਿਪਾ ਕਰਕੇ ਮੇਰਾ ਜੰਮਣ-ਮਰਨ ਦਾ ਇੱਕ ਦੁੱਖ ਦੂਰ ਕਰ ਦਿਉ। ਆਪ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥ ਅਗਨਿ ਦਹੈ ਅਰੁ ਗਰਭ ਬਸੇਰਾ॥**

ਕਬੀਰ ਜੀ, ਪੰਨਾ ੩੨੯

ਅਜਿਹੇ ਵੱਡੇ ਦੁੱਖ ਜਿਸ ਤੋਂ ਭਗਤਾਂ ਨੇ ਵੀ ਰਾਹਤ ਮੰਗੀ ਹੈ।

ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ **"ਪ੍ਰਭੂ ਅਰਾਧਨਾ"** ਦੇ ਮਾਰਗ ਉੱਪਰ ਚੱਲ ਕੇ ਸੁਤੇ ਹੀ ਆਵਾਗਉਣ (ਜੰਮਣ-ਮਰਨ) ਦੇ ਦੁੱਖ ਤੋਂ ਖਲਾਸੀ ਪ੍ਰਾਪਤ ਹੋ ਜਾਂਦੀ ਹੈ।

ਸਤਿਗੁਰੂ ਅਰਜਨ ਦੇਵ ਜੀ ਨੇ ਪ੍ਰਭੂ-ਅਰਾਧਨਾ ਦੀ ਬਰਕਤ ਦਰਸਾਉਣ ਹਿਤ ਗੋਂਡ ਰਾਗ ਅੰਦਰ ਬਚਨ ਦਰਜ ਕੀਤਾ ਹੈ ਕਿ ਜਿਹੜੇ ਗੁਰੂ ਪਿਆਰੇ ਪ੍ਰਭੂ ਅਰਾਧਨਾ ਕਰਕੇ ਆਪਣੇ ਹਿਰਦੇ ਵਿੱਚ ਪ੍ਰਭੂ ਨਾਮ ਦਾ ਟਿਕਾਉ ਪ੍ਰਾਪਤ ਕਰ ਲੈਂਦੇ ਹਨ, ਉਹ ਸੰਸਾਰ ਭਵਜਲ ਤੋਂ ਪਾਰ ਉੱਤਰ ਜਾਂਦੇ ਹਨ। ਉਨ੍ਹਾਂ ਦੀ ਪਰਮਾਤਮਾ ਨਾਲ ਸੁਰਤ ਜੁੜ ਜਾਂਦੀ ਹੈ ਅਤੇ ਉਨ੍ਹਾਂ ਦਾ ਆਵਾਗਉਣ ਦੇ ਦੁਖ ਤੋਂ ਛੁਟਕਾਰਾ ਪ੍ਰਾਪਤ ਹੋ ਜਾਂਦਾ ਹੈ। ਇਹ ਸਾਰੀ ਬਰਕਤ "ਪ੍ਰਭੂ ਅਰਾਧਨਾ" ਦੀ ਹੀ ਹੈ। ਆਪ ਦਾ ਫੁਰਮਾਨ ਹੈ :

**ਗੁਰ ਕੇ ਚਰਨ ਰਿਦੈ ਉਰਿ ਧਾਰੇ॥ ਅਗਨਿ ਸਾਗਰ ਤੇ ਉਤਰੇ ਪਾਰੇ॥**

**ਜਨਮ ਮਰਣ ਸਭ ਮਿਟੀ ਉਪਾਧਿ॥ ਪ੍ਰਭ ਸਿਉ ਲਾਗੀ ਸਹਜਿ ਸਮਾਧਿ॥੧॥**

ਮ: ੫, ਪੰਨਾ ੮੬੫

"ਪ੍ਰਭੂ ਅਰਾਧਨਾ" ਵਿੱਚ ਕਿੰਨੀ ਬਰਕਤ ਹੈ ? ਸਤਿਗੁਰੂ ਜੀ, ਪ੍ਰਭੂ-ਅਰਾਧਨਾ ਦੀ ਬਰਕਤ ਦਾ ਖੁਲਾਸਾ ਕਰਦੇ ਜੈਤਸਰੀ ਰਾਗ ਅੰਦਰ ਬਚਨ ਅੰਕਿਤ ਕਰਦੇ ਹਨ ਕਿ ਜਿਹੜੇ ਗੁਰੂ ਪਿਆਰੇ ਪ੍ਰਭੂ ਅਰਾਧਨਾ ਦਾ ਮਾਰਗ ਅਪਣਾ ਲੈਂਦੇ ਹਨ, ਨਾਮ ਦੀ ਬਰਕਤ ਨਾਲ ਉਨ੍ਹਾਂ ਦੇ ਕਰੋੜਾਂ ਪਾਪ ਨਾਸ਼ ਹੋ ਜਾਂਦੇ ਹਨ। ਉਨ੍ਹਾਂ ਦੇ ਮਨ ਦੀਆਂ ਸਾਰੀਆਂ ਚਿਤਵਨੀਆਂ (ਮੰਗਾਂ) ਪ੍ਰਭੂ ਅਰਾਧਨਾ ਦੀ ਬਰਕਤ ਨਾਲ ਪੂਰੀਆਂ ਹੋ ਜਾਂਦੀਆਂ ਹਨ। ਜਨਮ-ਮਰਨ ਦਾ ਭੈਅ ਵੀ ਉਨ੍ਹਾਂ ਦਾ ਖ਼ਤਮ ਹੋ ਜਾਂਦਾ ਹੈ। ਪ੍ਰਭੂ ਅਰਾਧਨਾ ਦੀ ਬਖਸ਼ਿਸ਼ ਦੁਆਰਾ ਉਨ੍ਹਾਂ ਨੂੰ ਅਟੱਲ ਪਦਵੀ ਪ੍ਰਾਪਤ ਹੋ ਜਾਂਦੀ ਹੈ। ਸਤਿਗੁਰਾਂ ਦਾ ਫੁਰਮਾਨ ਹੈ :



**ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ॥**

**ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ॥**

**ਜਨਮ ਮਰਣ ਭੈ ਕਟੀਅਹਿ ਨਿਹਚਲ ਸਚੁ ਥਾਉ॥** ਮ: ੫, ਪੰਨਾ ੭੦੭

ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਜਿਹੜਾ ਜਗਿਆਸੂ "ਪ੍ਰਭੂ ਅਰਾਧਨਾ" ਦਾ ਮਾਰਗ ਅਪਣਾ ਲੈਂਦਾ ਹੈ, ਉਸ ਦਾ ਇਸ ਸੰਸਾਰ ਅੰਦਰ ਜਨਮ ਲੈਣਾ ਵੀ ਪਰਵਾਨ, ਉਸ ਦੇ ਜੰਮਣ-ਮਰਨ ਦੇ ਦੁੱਖ ਦਾ ਵੀ ਵਿਨਾਸ਼, ਉਹ ਪ੍ਰਭੂ ਦਰਗਾਹ ਵਿੱਚ ਵੀ ਪ੍ਰਵਾਨ ਅਤੇ ਉਸ ਦਾ ਭਵ ਸਾਗਰ ਤੋਂ ਵੀ ਪਾਰ ਉਤਾਰਾ ਹੋ ਜਾਂਦਾ ਹੈ। ਅਜਿਹੇ ਵਡਭਾਗੀ ਤੋਂ ਕੁਰਬਾਨ ਤੇ ਬਲਿਹਾਰ ਜਾਣਾ ਹੀ ਬਣਦਾ ਹੈ। ਸਾਹਿਬਾਂ ਨੇ ਕਿੰਨੀ ਵਡਿਆਈ "ਪ੍ਰਭੂ ਅਰਾਧਨਾ" ਮਾਰਗ ਦੇ ਪਾਂਧੀ ਨੂੰ ਪ੍ਰਦਾਨ ਕੀਤੀ ਹੈ। ਸਾਹਿਬਾਂ ਦਾ ਫੁਰਮਾਨ ਪੜ੍ਹੀਏ :

**ਹਰਿ ਹਰਿ ਨਾਮੁ ਜੋ ਜਨੁ ਜਪੈ ਸੋ ਆਇਆ ਪਰਵਾਣੁ॥**

**ਤਿਸੁ ਜਨ ਕੈ ਬਲਿਹਾਰਣੈ ਜਿਨਿ ਭਜਿਆ ਪ੍ਰਭੁ ਨਿਰਬਾਣੁ॥**

**ਜਨਮ ਮਰਨ ਦੁਖੁ ਕਟਿਆ ਹਰਿ ਭੇਟਿਆ ਪੁਰਖੁ ਸੁਜਾਣੁ॥**

**ਸੰਤ ਸੰਗਿ ਸਾਗਰੁ ਤਰੇ ਜਨ ਨਾਨਕ ਸਚਾ ਤਾਣੁ॥੧॥** ਮ: ੫, ਪੰਨਾ ੩੧੮

ਜਿਹੜੇ ਜਗਿਆਸੂ ਸੁਚੇਤ ਹੋ ਕੇ ਹਰੀ ਪ੍ਰਭੂ ਦੀ ਕੀਰਤੀ ਕਰਦੇ ਤੇ ਪਰਮਾਤਮਾ ਦੇ ਨਾਮ-ਜਪ ਦੁਆਰਾ ਪਰਮਾਤਮਾ ਨਾਲ ਜੁੜੇ ਰਹਿੰਦੇ ਹਨ, ਉਨ੍ਹਾਂ ਨੂੰ ਜੰਮਣ-ਮਰਨ ਦਾ ਦੁੱਖ ਨਹੀਂ ਭੋਗਣਾ ਪੈਂਦਾ। ਸਾਹਿਬ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ:

**ਜੰਮਣੁ ਮਰਣੁ ਨ ਤਿਨ੍ ਕਉ ਜੋ ਹਰਿ ਲੜਿ ਲਾਗੇ॥**

**ਜੀਵਤ ਸੇ ਪਰਵਾਣੁ ਹੋਏ ਹਰਿ ਕੀਰਤਨਿ ਜਾਗੇ॥** ਪਉੜੀ, ਪੰਨਾ ੩੨੨

ਜਿਹੜਾ: **ਦਮਿ ਦਮਿ ਸਦਾ ਸਮ੍ਾਲਦਾ ਦੰਮੁ ਨ ਬਿਰਥਾ ਜਾਇ॥**

ਦੇ ਮਾਰਗ ਦਾ ਪਾਂਧੀ ਬਣ ਜਾਂਦਾ ਹੈ।

ਉਸ ਨੂੰ : **ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥**

ਮ: ੩, ਪੰਨਾ ੫੫੬

ਦੀਆਂ ਦਾਤਾਂ ਗੁਰੂ ਚਰਨਾਂ ਵਿੱਚੋਂ ਪ੍ਰਾਪਤ ਹੋ ਜਾਂਦੀਆਂ ਹਨ।

❒❒❒

# ਪੋਖਿ (ਪੋਹ)

ਮੂਲ-ਪਾਠ

***ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥***
***ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥***
***ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥***
***ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥***
***ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥***
***ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥***
***ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥***
***ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥***
***ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥੧੧ ॥***

**ਪਦ-ਅਰਥ :** **ਪੋਖਿ** = ਪੋਹ ਦੇ ਮਹੀਨੇ ਦੁਆਰਾ ਉਪਦੇਸ਼। **ਤੁਖਾਰੁ** = ਕੱਕਰ-ਕੋਰਾ, ਪਾਲਾ। **ਨ ਵਿਆਪਈ** = ਨਹੀਂ ਪੁਹੰਦਾ। **ਕੰਠਿ** = ਹਿਰਦੇ ਵਿੱਚ। **ਹਰਿ ਨਾਹੁ** = ਹਰੀ ਮਾਲਕ ਪਤੀ। **ਮਨੁ ਬੇਧਿਆ** = ਵਿੰਨਿਆ ਜਾਂਦਾ ਹੈ। **ਚਰਨਾਰਬਿੰਦ** = ਚਰਨ ਕਮਲ। **ਦਰਸਨਿ ਲਗੜਾ ਸਾਹੁ** = ਉਨ੍ਹਾਂ ਦਾ ਇੱਕ-ਇੱਕ ਸਾਹ ਪ੍ਰਭੂ ਦਰਸ਼ਨਾਂ ਦੀ ਤਾਂਘ ਵਿੱਚ ਬਤੀਤ ਹੁੰਦਾ ਹੈ। **ਓਟ** = ਆਸਰਾ। **ਗੋਵਿੰਦ ਗੋਪਾਲ** = ਪਰਮਾਤਮਾ। **ਸੁਆਮੀ ਲਾਹੁ** = ਮਾਲਕ ਦੀ ਸੇਵਾ ਕਰਕੇ ਲਾਹਾ ਪ੍ਰਾਪਤ ਕਰਦੇ ਹਨ। **ਬਿਖਿਆ** = ਮਾਇਆ। **ਸਾਧੂ** = ਸਤਿਗੁਰੂ ਅਤੇ ਮਹਾਂਪੁਰਸ਼। **ਜਹ ਤੇ ਉਪਜੀ** = ਜਿਸ ਪਰਮਾਤਮਾ ਤੋਂ ਜੀਵ ਆਤਮਾ ਦੀ ਉਤਪਤੀ ਹੋਈ ਸੀ। **ਸਚੀ ਪ੍ਰੀਤਿ ਸਮਾਹੁ** = ਸੱਚੇ ਪਿਆਰ ਸਦਕਾ ਉਸੇ ਪ੍ਰਭੂ ਵਿੱਚ ਸਮਾ ਗਈ। **ਕਰੁ ਗਹਿ ਲੀਨੀ ਪਾਰਬ੍ਰਹਮਿ** = ਪਾਰਬ੍ਰਹਮ ਪਰਮਾਤਮਾ ਨੇ ਉਸ ਦਾ ਹੱਥ ਫੜ ਕੇ ਉਸ ਨੂੰ ਆਪਣਾ ਬਣਾ ਲਿਆ। **ਵਿਛੁੜੀਆਹੁ** = ਮੁੜ ਵਿਛੋੜਾ ਨਹੀਂ ਪੈਂਦਾ। **ਬਾਰਿ ਜਾਉ** = ਬਲਿਹਾਰਨੇ ਜਾਂਦੀ ਹਾਂ। **ਲਖ ਬੇਰੀਆ** = ਲੱਖਾਂ ਵਾਰੀ। **ਅਗਮ ਅਗਾਹੁ** = ਅਪਹੁੰਚ ਅਤੇ ਅਥਾਹ। **ਸਰਮ ਪਈ ਨਾਰਾਇਣੈ** = ਪਰਮਾਤਮਾ ਨੂੰ ਸ਼ਰਨ ਪਇਆਂ ਦੀ ਲਾਜ ਰੱਖਣੀ ਪੈਂਦੀ ਹੈ। **ਦਰਿ ਪਈਆਹੁ** = ਜੋ ਪ੍ਰਭੂ ਦੇ ਦਰ ਤੇ ਢਹਿ ਪੈਂਦਾ ਹੈ। **ਸੋੁਹੰਦਾ** = ਸੋਹਣਾ।



# ਪੋਖਿ ਤੁਖਾਰੁ ਨ ਵਿਆਪਈ

ਜਿਵੇਂ ਜੇਠ ਦੇ ਮਹੀਨੇ ਵਿੱਚ ਅਤਿ ਦੀ ਗਰਮੀ ਪੈਂਦੀ ਹੈ, ਗਰਮੀ ਮਨੁੱਖ ਦੇ ਤਨ ਤੇ ਮਨ ਦੋਵਾਂ ਨੂੰ ਅਸ਼ਾਂਤ ਤੇ ਬੇਚੈਨ ਕਰਦੀ ਹੈ। ਗਰਮੀ ਦੀ ਅਸ਼ਾਂਤੀ ਤੇ ਬੇਚੈਨੀ ਤੋਂ ਬੱਚਣ ਲਈ ਕੋਈ ਮਨੁੱਖ ਪਹਾੜਾਂ ਵਿੱਚ ਠੰਢੇ ਥਾਵਾਂ ਉੱਪਰ ਜਾ ਕੇ ਦਿਨ ਕੱਟੀ ਕਰਦਾ ਹੈ। ਕੋਈ ਵਾਤਾ-ਅਨੁਕੂਲ ਕਮਰਿਆਂ ਵਿੱਚ ਬੈਠ ਕੇ ਗਰਮੀ ਤੋਂ ਰਾਹਤ ਪ੍ਰਾਪਤ ਕਰਦਾ ਹੈ, ਤਿਵੇਂ ਸਿਆਲ ਵਿੱਚ ਪੋਹ ਦਾ ਮਹੀਨਾ ਅਤਿ ਦਾ ਠੰਡਾ ਹੁੰਦਾ ਹੈ। ਇਸ ਮਹੀਨੇ ਵਿੱਚ ਸੀਤ ਹਵਾਵਾਂ ਚੱਲਦੀਆਂ ਹਨ। ਕੋਰਾ ਅਤੇ ਬਰਫ਼ ਪੈਂਦੀ ਹੈ। ਇਸ ਮਹੀਨੇ ਵਿੱਚ ਸੀਤ ਕਾਰਣ ਮਨੁੱਖ ਪਰੇਸ਼ਾਨ ਹੁੰਦਾ ਹੈ। ਠੰਢ ਨਾਲ ਮਨੁੱਖ ਦੇ ਹੱਥ ਪੈਰ ਸੁੰਨ ਹੋ ਜਾਂਦੇ ਹਨ। ਸਰੀਰ ਕੰਬਣ ਲੱਗ ਜਾਂਦਾ ਹੈ। ਅਜਿਹੀ ਹਾਲਤ ਤੋਂ ਬੱਚਣ ਲਈ ਮਨੁੱਖ ਰਜਾਈ ਜਾਂ ਕੰਬਲ ਦਾ ਸਹਾਰਾ ਲੈ ਕੇ ਸਰੀਰਕ ਨਿੱਘ ਪ੍ਰਾਪਤ ਕਰਦਾ ਹੈ। ਸੂਰਜ ਦੀ ਧੁੱਪ ਸੇਕ ਕੇ ਜਾਂ ਅੱਗ ਤੋਂ ਨਿੱਘ ਪ੍ਰਾਪਤ ਕਰਕੇ ਮਨੁੱਖ ਸੀਤ ਤੋਂ ਬੱਚਣ ਦਾ ਯਤਨ ਕਰਦਾ ਹੈ। ਅੱਗ ਸੇਕਣ ਤੇ ਰਜਾਈ ਦਾ ਸਹਾਰਾ ਲੈਣ ਨਾਲ ਮਨੁੱਖ ਆਲਸੀ ਬਣ ਜਾਂਦਾ ਹੈ, ਕੰਮ ਕਰਨ ਨੂੰ ਚਿੱਤ ਨਹੀਂ ਕਰਦਾ, ਜੀਅ ਕਰਦਾ ਹੈ ਕਿ ਰਜਾਈ ਦਾ ਜਾਂ ਅੱਗ ਦਾ ਨਿੱਘ ਹੀ ਮਾਣਦੇ ਰਹੀਏ। ਸਿਆਲ ਵਿੱਚ ਅੱਤ ਸਰਦੀ ਦੇ ਦਿਨਾਂ ਵਿੱਚ ਮਨੁੱਖ ਆਲਸੀ-ਦਲਿੱਦਰੀ ਬਣ ਜਾਂਦਾ ਹੈ। ਦਿਨ ਵੀ ਛੋਟੇ ਹੁੰਦੇ ਹਨ ਜੋ ਮਨੁੱਖ ਦੇ ਸੰਸਾਰਿਕ ਕਾਰ ਵਿਹਾਰ ਵਿੱਚ ਰੁਕਾਵਟ ਬਣਦੇ ਹਨ।

ਪਰਮਾਤਮਾ ਦੇ ਪਿਆਰੇ ਜਿਨ੍ਹਾਂ ਦੇ ਜੀਵਨ ਦਾ ਅਧਾਰ ਨਾਮ ਬਣ ਜਾਂਦਾ ਹੈ, ਜੋ ਹਰ ਸਮੇਂ ਪਰਮਾਤਮਾ ਦੇ ਨਾਮ ਦਾ ਲਾਹਾ ਪ੍ਰਾਪਤ ਕਰਦੇ ਹਨ। ਉਨ੍ਹਾਂ ਦੇ ਨਾਮ ਜਪ ਦੇ ਕਾਰਜ ਵਿੱਚ ਪੋਹ ਦਾ ਸੀਤ ਤੇ ਕੱਕਰ ਰੁਕਾਵਟ ਨਹੀਂ ਬਣਦੇ। ਉਹ ਨਿਰੰਤਰ ਆਪਣੇ ਧਰਮ ਮਾਰਗ ਤੇ ਤੁਰੇ ਰਹਿੰਦੇ ਹਨ। ਉਨ੍ਹਾਂ ਦਾ ਉੱਦਮੀ ਸੁਭਾਅ ਵੇਖ ਤਾਂ ਆਮ ਮਨੁੱਖ ਸਵਾਲ ਖੜ੍ਹਾ ਕਰਕੇ ਪੁੱਛਣ ਲਈ ਉਤਾਵਲਾ ਹੁੰਦਾ ਹੈ।

**ਮਹਾ ਮੋਹਨੀ ਤੁਧੁ ਨ ਵਿਆਪੈ ਤੇਰਾ ਆਲਸੁ ਕਹਾ ਗਇਓ ਰੀ॥**

ਮ: ੫, ਪੰਨਾ ੩੯੩

ਜੇ ਉਨ੍ਹਾਂ ਗੁਰੂ ਪਿਆਰਿਆਂ ਦੇ ਧਰਮ-ਮਾਰਗ ਵਿੱਚ ਆਲਸ ਜਾਂ ਦਲਿੱਦਰ, ਰੁਕਾਵਟ ਬਣਨ ਦਾ ਯਤਨ ਵੀ ਕਰੇ ਤਾਂ ਉਹ ਆਪਣੇ ਸਮਰੱਥ ਪਰਮਾਤਮਾ ਅੱਗੇ ਆਲਸ ਦੀ ਨਵਿਰਤੀ ਲਈ ਤੇ ਪ੍ਰਭੂ ਮਾਰਗ ਦੇ ਰਸਤੇ ਉੱਪਰ ਚੱਲਣ ਲਈ ਅਰਦਾਸ ਬੇਨਤੀ ਕਰ, ਮੁੜ ਉੱਦਮੀ ਬਣ ਆਪਣੇ ਧਰਮ ਮਾਰਗ ਤੇ ਚੱਲਣ ਲਈ ਯਤਨਸ਼ੀਲ

ਹੋ ਜਾਂਦੇ ਹਨ। ਸਾਹਿਬ ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗ ਅੰਦਰ ਅਜਿਹੇ ਗੁਰੂ ਪਿਆਰਿਆਂ ਦੀ ਬੇਨਤੀ ਤੇ ਪ੍ਰਭੂ ਮਿਲਣ ਦੀ ਬਿਹਬਲਤਾ ਰੂਪਮਾਨ ਕੀਤੀ ਹੈ। ਹੇ ਆਲਸ! ਤੂੰ ਮੇਰੇ ਪਾਸੋਂ ਦੂਰ ਹੋ ਜਾਹ। ਮੇਰੀ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਹੈ। ਹੇ ਪ੍ਰਭੂ! ਤੁਸੀਂ ਮੇਰਾ ਆਲਸ ਤੋਂ ਖਹਿੜਾ ਛੁੜਵਾ ਦਿਓ ਤਾਂ ਜੋ ਮੈਂ ਤੁਹਾਡੇ ਨਾਲ ਮਿਲ ਸਕਾਂ।

**ਵੰਞੁ ਮੇਰੇ ਆਲਸਾ ਹਰਿ ਪਾਸਿ ਬੇਨੰਤੀ॥**

**ਰਾਵਉ ਸਹੁ ਆਪਨੜਾ ਪ੍ਰਭ ਸੰਗਿ ਸੋਹੰਤੀ॥** ਮ: ੫, ਪੰਨਾ ੪੬੦

ਜਦੋਂ ਆਲਸ ਦੂਰ ਹੋ ਗਿਆ ਫਿਰ ਜਗਿਆਸੂ ਤਨ ਤੇ ਮਨ ਕਰਕੇ ਸਾਵਧਾਨ ਹੋ, ਪਰਮਾਤਮਾ ਨੂੰ ਚੇਤੇ ਕਰਨ ਵਿੱਚ ਜੁੱਟ ਜਾਂਦਾ ਹੈ। ਫਿਰ ਉਹ :

**ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥**

ਮ: ੫, ਪੰਨਾ ੨੯੫

ਦਾ ਧਾਰਣੀ ਬਣ ਜਾਂਦਾ ਹੈ। ਉਸ ਦਾ ਮਨ ਪ੍ਰਭੂ ਚਰਨਾਂ ਨਾਲ ਜੁੜ ਜਾਂਦਾ ਹੈ। "**ਸਾਵਧਾਨ ਏਕਾਗਰ ਚੀਤ**" ਪੰਕਤੀ ਦੇ ਧਾਰਨੀ ਬਣਨਾ ਹੀ ਇਸ ਕਰਕੇ ਹੈ ਕਿ ਸਾਡਾ ਮਨ ਪ੍ਰਭੂ ਚਰਨਾਂ ਨਾਲ ਬੇਧਿਆ ਜਾਵੇ। ਸਾਰਾ ਯਤਨ ਆਪਣੇ ਮਨ ਨੂੰ ਪ੍ਰਭੂ ਚਰਨਾਂ ਨਾਲ ਵਿੰਨਣ ਦਾ ਹੀ ਹੈ। ਜਦੋਂ ਮਨ ਪ੍ਰਭੂ ਚਰਨਾਂ ਨਾਲ ਬੇਧਿਆ ਗਿਆ, ਫਿਰ ਤਾਂ ਸਤਿਗੁਰੂ ਅਰਜਨ ਦੇਵ ਜੀ ਦੇ ਉਚਾਰਨ ਕੀਤੇ ਫੁਰਮਾਨ ਵਾਲੀ ਅਵਸਥਾ ਬਣ ਜਾਣੀ ਹੈ। ਜਿਵੇਂ ਮੱਛੀ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦੀ। ਜਿਵੇਂ ਭੌਰਾ ਕਮਲ ਫੁੱਲ ਦੇ ਰਸ ਚੂਸਣ ਤੇ ਸੁਗੰਧੀ ਤੇ ਮਸਤ ਹੋ ਦੁੱਖ ਸਹਿ ਕੇ ਵੀ, ਸੁਗੰਧੀ ਤੇ ਰਸ ਦਾ ਤਿਆਗ ਨਹੀਂ ਕਰਦਾ। ਜਿਵੇਂ ਪਪੀਹਾ ਹਰ ਸਮੇਂ ਸਵਾਂਤੀ ਬੂੰਦ ਦੀ ਆਸ ਵਿੱਚ ਸੁਰਤ ਨੂੰ ਵਿੰਨੀ ਰੱਖਦਾ ਹੈ। ਜਿਵੇਂ ਮਿਰਗ, ਘੰਡੇ-ਹੇੜੇ ਦੀ ਸੁਰੀਲੀ ਅਵਾਜ਼ ਸੁਣਨ ਵਿੱਚ ਇੰਨਾ ਮਸਤ ਹੋ ਜਾਂਦਾ ਹੈ ਕਿ ਸਰੀਰ ਭਾਵੇਂ ਤੀਰਾਂ ਨਾਲ ਵਿੰਨਿਆ ਜਾਵੇ, ਪਰ ਘੰਡੇ-ਹੇੜੇ ਦੀ ਸੁਰੀਲੀ ਅਵਾਜ਼ ਸੁਣਨ ਵਲੋਂ ਸੁਰਤ ਨਹੀਂ ਮੋੜਦਾ। ਸਾਹਿਬਾਂ ਦਾ ਫੁਰਮਾਨ ਹੈ :

**ਸਨਮੁਖ ਸਹਿ ਬਾਨ ਸਨਮੁਖ ਸਹਿ ਬਾਨ ਹੇ**

**ਮ੍ਰਿਗ ਅਰਪੇ ਮਨ ਤਨ ਪ੍ਰਾਨ ਹੇ ਓਹੁ ਬੇਧਿਓ ਸਹਜ ਸਰੋਤ॥**

ਮ: ੫, ਪੰਨਾ ੪੬੨

ਤਿਵੇਂ, ਜਿਸ ਦਾ ਮਨ ਪ੍ਰਭੂ ਨਾਮ ਵਿੱਚ ਵਿੱਝ ਜਾਂਦਾ ਹੈ, ਉਸ ਦਾ ਜੀਵਨ ਅਧਾਰ ਗੁਰਦੇਵ ਗੁਰੂ ਨਾਨਕ ਪਾਤਸ਼ਾਹੀ ਦੇ ਆਸਾ ਰਾਗ ਅੰਦਰ ਉਚਾਰਨ ਕੀਤੇ ਫੁਰਮਾਨ :



**ਆਖਾ ਜੀਵਾ ਵਿਸਰੈ ਮਰਿ ਜਾਉ॥** ਮ: ੧, ਪੰਨਾ ੯

ਵਾਲਾ ਬਣ ਜਾਂਦਾ ਹੈ। ਅਜਿਹਾ ਗੁਰੂ ਪਿਆਰਾ ਤਾਂ ਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਅਨੁਸਾਰ ਪੁਕਾਰਦਾ ਹੈ :

**ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥ ਕਉਣੁ ਜਾਣੈ ਪੀਰ ਪਰਾਈ॥**

ਮ: ੧, ਪੰਨਾ ੭੯੫

ਉਨ੍ਹਾਂ ਦਾ ਜੀਵਨ ਤਾਂ ਗੁਰਦੇਵ ਸਤਿਗੁਰੂ ਰਾਮਦਾਸ ਜੀ ਦੇ ਫੁਰਮਾਨ ਵਾਲਾ ਬਣ ਜਾਂਦਾ ਹੈ :

**ਜਿਉ ਮਛੁਲੀ ਵਿਣੁ ਪਾਣੀਐ ਰਹੈ ਨ ਕਿਤੈ ਉਪਾਇ॥**

**ਤਿਉ ਹਰਿ ਬਿਨੁ ਸੰਤੁ ਨ ਜੀਵਈ ਬਿਨੁ ਹਰਿ ਨਾਮੈ ਮਰਿ ਜਾਇ॥੭॥**

ਮ: ੪, ਪੰਨਾ ੭੫੯

ਜਿਨ੍ਹਾਂ ਦਾ ਜੀਵਨ ਅਧਾਰ ਪਰਮਾਤਮਾ ਦਾ ਨਾਮ ਬਣ ਗਿਆ ਫਿਰ, ਉਹ ਹਰ ਸਾਹ, ਹਰ ਪਲ, ਪ੍ਰਭੂ ਮਿਲਾਪ, ਪ੍ਰਭੂ ਦਰਸ਼ਨ ਦੀ ਚਾਹਨਾ ਵਿੱਚ ਬਤੀਤ ਕਰਦੇ ਹਨ।

## *ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥*

**ਅੱਖਰੀ-ਅਰਥ :** ਸ੍ਰੀ ਗੁਰੂ ਅਰਜਨ ਦੇਵ ਜੀ, ਪੋਹ ਦੇ ਮਹੀਨੇ ਅੰਦਰ ਉਪਦੇਸ਼ ਬਖਸ਼ਿਸ਼ ਕਰਦੇ ਫੁਰਮਾਨ ਕਰਦੇ ਹਨ ਕਿ ਜਿਹੜੇ ਵਡਭਾਗੀ ਗੁਰੂ ਪਿਆਰੇ ਨਾਮ ਜਪ ਦੁਆਰਾ ਪਤੀ ਪਰਮਾਤਮਾ ਦੇ ਨਾਲ ਜੁੜੇ ਰਹਿੰਦੇ ਹਨ, ਉਨ੍ਹਾਂ ਦੀ ਆਤਮਾ ਉੱਪਰ ਪੋਹ ਦੀ ਅਤਿ ਸਰਦੀ (ਕੋਰਾ) ਬਿਘਨਕਾਰੀ ਨਹੀਂ ਹੁੰਦੀ। ਉਹ ਗੁਰਮੁਖ ਨਾਮ ਜੱਪਣ ਲਈ ਭੋਰਾ ਜਿਨਾਂ ਵੀ ਆਲਸ ਨਹੀਂ ਕਰਦੇ।

**ਸੰਖੇਪ-ਵਿਚਾਰ :** ਇਹ ਅਵਸਥਾ ਬਣਨੀ ਹੀ ਔਖੀ ਹੈ, ਜਿਸ ਵੇਲੇ ਪਰਮਾਤਮਾ ਦਾ ਨਾਂ ਜਗਿਆਸੂ ਦੇ ਕੰਠ ਨਾਲ ਮਿਲ ਗਿਆ, ਭਾਵ ਹਰ ਸਮੇਂ ਪਰਮਾਤਮਾ ਦੀ ਯਾਦ ਹਿਰਦੇ ਅੰਦਰ ਵਸ ਗਈ, ਫਿਰ ਵਿਸ਼ੇ-ਵਿਕਾਰਾਂ ਦਾ ਕੱਕਰ ਜਗਿਆਸੂ ਨੂੰ ਪੋਹ ਨਹੀਂ ਸਕਦਾ। ਫਿਰ ਤਾਂ "**ਓਹ ਰਸੁ ਪੀਆ ਇਹ ਰਸੁ ਨਹੀ ਭਾਵਾ**" ਦੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ। ਜਿਨ੍ਹਾਂ ਵਡਭਾਗੀਆਂ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਟਿਕ ਜਾਂਦਾ ਹੈ। ਉਹ ਤਾਂ ਵਿਸ਼ੇ-ਵਿਕਾਰਾਂ ਵਿੱਚ ਖੱਚਿਤ ਕਰਨ ਵਾਲੇ ਮਹਾਂਬਲੀਆਂ ਉੱਪਰ ਆਪਣਾ ਵਸੀਕਾਰ ਪ੍ਰਾਪਤ ਕਰਕੇ ਪੁਕਾਰਦੇ ਹਨ :

**ਨਿਹਤੇ ਪੰਜਿ ਜੁਆਨ ਮੈ ਗੁਰ ਥਾਪੀ ਦਿਤੀ ਕੰਡਿ ਜੀਉ ॥**

ਮ: ੫, ਪੰਨਾ ੭੪

ਨਾਮੀ ਪੁਰਸ਼ ਪ੍ਰਭੂ ਪ੍ਰਸੰਨਤਾ ਪ੍ਰਾਪਤ ਕਰਕੇ ਪਰਮਾਤਮਾ ਪਾਸੋਂ ਅਸ਼ੀਰਵਾਦ ਪ੍ਰਾਪਤ ਕਰ ਲੈਂਦੇ ਹਨ। ਵਿਸ਼ੇ-ਵਿਕਾਰਾਂ ਵੱਲ ਪ੍ਰੇਰਤ ਕਰਨ ਵਾਲੇ ਪੰਜੇ ਦੂਤਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਪਰਮਾਤਮਾ ਆਪਣੇ ਸੇਵਕ ਦੀ ਸੇਵਾ ਵਿੱਚ ਲਾ ਦਿੰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਪ੍ਰਭਾਤੀ ਰਾਗ ਅੰਦਰ ਬੜਾ ਸੁੰਦਰ ਫੁਰਮਾਨ ਹੈ :

**ਇਨ ਲੋਗਨ ਸਿਉ ਹਮ ਭਏ ਬੈਰਾਈ[1] ॥ ਏਕ ਗ੍ਰਿਹ ਮਹਿ ਦੁਇ ਨ ਖਟਾਂਈ[2] ॥**

**ਆਏ ਪ੍ਰਭ ਪਹਿ ਅੰਚਰਿ ਲਾਗਿ[3] ॥ [4]ਕਰਹੁ ਤਪਾਵਸੁ ਪ੍ਰਭ ਸਰਬਾਗਿ ॥੭ ॥**

**ਪ੍ਰਭ ਹਸਿ ਬੋਲੇ ਕੀਏ ਨਿਆਂਏਂ[5] ॥ ਸਗਲ ਦੂਤ ਮੇਰੀ ਸੇਵਾ ਲਾਏ ॥**

**ਤੂੰ ਠਾਕੁਰੁ ਇਹੁ ਗ੍ਰਿਹੁ ਸਭੁ ਤੇਰਾ ॥ ਕਹੁ ਨਾਨਕ ਗੁਰਿ ਕੀਆ ਨਿਬੇਰਾ ॥**

ਮ: ੫, ਪੰਨਾ ੧੩੪੭

ਅਜਿਹੇ **"ਕੰਠਿ ਮਿਲਿਆ ਹਰਿ ਨਾਹੁ"** ਦੀ ਅਵਸਥਾ ਨੂੰ ਪ੍ਰਾਪਤ ਪ੍ਰਭੂ ਦੇ ਗਲ ਨਾਲ ਮਿਲੇ ਜਗਿਆਸੂਆਂ ਉੱਪਰ ਵਿਸ਼ੇ ਵਿਕਾਰ ਭੋਰਾ ਜਿਨਾ ਵੀ ਅਸਰ ਨਹੀਂ ਪਾ ਸਕਦੇ। ਉਹ ਗੁਰੂ ਪਿਆਰੇ ਤਾਂ ਪਰਮਾਤਮਾ ਦੇ ਮਿਲਾਪ ਦਾ ਅਨੰਦ ਮਾਣਦੇ ਸਗੋਂ ਲੁਕਾਈ ਨੂੰ ਗੁਹਾਰਾਂ ਪਾ ਕੇ ਵਿਸ਼ੇ ਵਿਕਾਰਾਂ ਦੇ ਛਿੰਨ-ਭੰਗਰੀ ਰਸਾਂ-ਕਸਾਂ ਵਿੱਚ ਪ੍ਰਵਿਰਤ ਹੋਣ ਤੋਂ ਹੋੜਦੇ, ਪ੍ਰਭੂ-ਨਾਮ ਦਾ ਰਸ ਜੋ ਸਾਰੇ ਰਸਾਂ 'ਚੋਂ ਮਹਾਰਸ ਹੈ, ਉਸ ਨੂੰ ਪੀਣ ਵਾਸਤੇ ਪੁਕਾਰਦੇ ਹਨ। ਹੇ ਭਰਾਵੋ ! ਵਿਸ਼ੇ ਵਿਕਾਰਾਂ ਦੇ ਰਸ ਜੋ ਅੱਤ ਫਿੱਕੇ ਤੇ ਛਿੰਨ-ਭੰਗਰੀ ਹਨ ਇਨ੍ਹਾਂ ਨੂੰ ਛੱਡ ਕੇ ਨਾਮ ਦਾ ਰਸ, ਜੋ ਸਾਰਿਆਂ ਰਸਾਂ ਵਿੱਚੋਂ ਉੱਤਮ ਮਹਾਂ-ਰਸ ਹੈ, ਉਸ ਨੂੰ ਚੱਖੋ। ਨਾਮ ਦਾ ਮਹਾਰਸ ਚੱਖਣ ਤੋਂ ਬਿਨਾਂ ਸਾਰੀ ਦੁਨੀਆਂ ਵਿਸ਼ੇ-ਵਿਕਾਰਾਂ ਦੇ ਹੋਛੇ ਰਸਾਂ ਵਿੱਚ ਮਸਤ ਹੋ ਕੇ ਆਪਣੇ ਜੀਵਨ ਨੂੰ ਬਰਬਾਦ ਕਰ ਰਹੀ ਹੈ। ਅੱਜ ਤੱਕ ਵਿਸ਼ੇ-ਵਿਕਾਰਾਂ ਦੇ ਰਸਾਂ ਵਿੱਚੋਂ ਕਿਸੇ ਨੂੰ ਵੀ ਸੁੱਖ

---

੧. ਇਨ੍ਹਾਂ ਵਿਸ਼ੇ ਵਿਕਾਰਾਂ ਨਾਲ ਮਿੱਤ੍ਰਤਾ ਦੀ ਥਾਂ ਹੁਣ ਦੁਸ਼ਮਣੀ ਬਣ ਗਈ ਹੈ। ੨. ਇੱਕ ਘਰ ਵਿੱਚ ਆਪਸੀ ਵਿਰੋਧੀ ਸੁਭਾਅ ਵਾਲੇ ਨਹੀਂ ਰਹਿ ਸਕਦੇ। ੩. ਗੁਰੂ ਦੇ ਲੜ ਲੱਗ ਕੇ ਤੁਹਾਡੇ ਪਾਸ ਆਏ ਹਾਂ। ੪. ਹੇ ਸਰਬਗ ਪ੍ਰਭੂ ! ਤੁਸੀਂ ਆਪ ਹੀ ਮੇਰਾ ਨਿਆਉ ਕਰੋ। ੫. ਨਿਆਉ ਕਰ ਦਿੱਤਾ।



ਪ੍ਰਾਪਤ ਨਹੀਂ ਹੋਇਆ। ਨਾਮ ਮਹਾਂ-ਰਸ ਦੀ ਪ੍ਰਾਪਤੀ ਲਈ ਸੰਸਾਰ ਦਾ ਧਨ ਪਦਾਰਥ, ਮਾਣ-ਵਡਿਆਈ ਤੇ ਸੰਸਾਰੀ ਸ਼ਕਤੀ ਕੋਈ ਵੀ ਸਹਾਇਕ ਨਹੀਂ ਹੁੰਦੀਆਂ। ਇਸ ਮਹਾਰਸ ਦੀ ਪ੍ਰਾਪਤੀ ਲਈ ਆਪਾ ਭਾਵ ਤਿਆਗ ਕੇ ਪਰਮਾਤਮਾ ਦੇ ਦਾਸਾਂ ਦੇ ਦਾਸ ਬਣਨਾ ਪੈਂਦਾ ਹੈ। ਜੋ ਆਪਾ ਭਾਵ ਤਿਆਗ ਕੇ ਦਾਸਾਂ ਦੇ ਦਾਸ ਬਣਨ ਵਾਲੀ ਬਿਰਤੀ ਬਣਾ ਲੈਂਦਾ ਹੈ, ਪਰਮਾਤਮਾ ਉਹਨਾਂ ਨੂੰ ਆਪਣੇ ਬਣਾ ਲੈਂਦਾ ਹੈ। ਅਜਿਹੇ ਆਪਾ ਨਿਵਾਰੀ ਗੁਰਮੁਖ ਜਿੱਥੇ ਨਾਮ ਦਾ ਮਹਾਰਸ ਪ੍ਰਾਪਤ ਕਰਦੇ ਹਨ, ਉੱਥੇ ਪਰਮਾਤਮਾ ਦੇ ਦਰਬਾਰ ਅੰਦਰ ਮਾਣ, ਇੱਜ਼ਤ, ਸੋਭਾ ਪਾਉਂਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾ ਰਸੁ ਪੀਓ ॥**

**ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ ॥**

**ਮਾਨੁ ਮਹਤੁ ਨ ਸਕਤਿ ਹੀ ਕਾਈ ਸਾਧਾ ਦਾਸੀ ਥੀਓ ॥**

**ਨਾਨਕ ਸੇ ਦਰਿ ਸੋਭਾਵੰਤੇ ਜੋ ਪ੍ਰਭਿ ਅਪੁਨੈ ਕੀਓ ॥੧॥** ਮ: ੫, ਪੰਨਾ ੮੦੨

## *ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥*

**ਅੱਖਰੀ-ਅਰਥ :** ਉਨ੍ਹਾਂ ਦਾ ਮਨ ਹਮੇਸ਼ਾ ਪਰਮਾਤਮਾ ਦੇ ਚਰਨਾਂ (ਨਾਮ) ਨਾਲ ਵਿੰਝਿਆ (ਪ੍ਰੋਤਾ) ਰਹਿੰਦਾ ਹੈ ਅਤੇ ਉਹ ਹਰ ਸਾਹ ਨਾਲ ਪ੍ਰਮਾਤਮਾ ਦੇ ਦਰਸ਼ਨਾਂ ਦੀ ਦਾਤ ਮੰਗਦੇ ਹਨ। ਉਨ੍ਹਾਂ ਦਾ ਮਨ ਹਰ ਪਲ ਪ੍ਰਭੂ ਦਰਸ਼ਨਾਂ ਦੀ ਤਾਂਘ ਵਿੱਚ ਬਤੀਤ ਹੁੰਦਾ ਹੈ।

**ਸੰਖੇਪ-ਵਿਚਾਰ :** ਜਗਿਆਸੂ ਦੇ ਮਨ ਅੰਦਰ ਅਜਿਹੀ ਸਿੱਕ ਬਣਨੀ ਹੀ ਔਖੀ ਹੈ। ਜਿਸ ਦੇ ਹਿਰਦੇ ਵਿੱਚ, ਪ੍ਰਭੂ ਦਰਸ਼ਨਾਂ ਦੀ ਸਿੱਕ ਤਾਂਘ ਉਤਪੰਨ ਹੋ ਜਾਂਦੀ ਹੈ। ਉਹ ਤਾਂ ਪੁਕਾਰ-ਪੁਕਾਰ ਕੇ ਪਰਮਾਤਮਾ ਅੱਗੇ ਅਰਜੋਈਆਂ ਕਰਦਾ ਹੈ। ਹੇ ਪਰਮਾਤਮਾ ! ਮੇਰਾ ਮਨ ਗੁਰੂ ਦੇ ਦਰਸ਼ਨਾਂ ਲਈ ਲੋਚਦਾ ਹੈ। ਲੋਚਾ ਵੀ ਇੰਨੀ ਪ੍ਰਬਲ ਹੈ ਜਿਵੇਂ ਸਵਾਂਤੀ-ਬੂੰਦ ਲਈ ਪਪੀਹਾ ਦਿਨ-ਰਾਤ ਵਿਰਲਾਪ ਕਰਦਾ ਹੈ। ਹੇ ਪ੍ਰਭੂ ! ਮੈਂ ਵੀ ਗੁਰੂ ਦਰਸ਼ਨਾਂ ਲਈ ਦਿਨ-ਰਾਤ ਪੁਕਾਰਾਂ ਕਰ ਰਿਹਾ ਹਾਂ। ਪਿਆਰੇ ਗੁਰੂ ਦੇ ਦਰਸ਼ਨਾਂ ਤੋਂ ਬਿਨਾਂ ਹੋਰ ਸੰਸਾਰੀ ਪਦਾਰਥਾਂ ਨਾਲ ਮੇਰੇ ਮਨ ਦੀ ਪਿਆਸ ਨਹੀਂ ਬੁੱਝਦੀ। ਪਿਆਰੇ ਗੁਰੂ ਦੇ ਦਰਸ਼ਨਾਂ ਤੋਂ ਬਿਨਾਂ ਮੈਨੂੰ ਸ਼ਾਂਤੀ ਪ੍ਰਾਪਤ ਨਹੀਂ ਹੋ ਰਹੀ। ਮੈਂ

ਆਪਣੇ ਗੁਰੂ ਦੇ ਦਰਸ਼ਨਾਂ ਤੋਂ ਵਾਰਨੇ ਸਦਕੇ ਜਾਂਦਾ ਹਾਂ। ਕਿਰਪਾ ਕਰਕੇ ਮੈਨੂੰ ਗੁਰੂ ਦੇ ਦਰਸ਼ਨ ਕਰਵਾ ਦੇਵੋ।

ਹੇ ਗੁਰਦੇਵ! ਆਪ ਜੀ ਦੇ ਥੋੜ੍ਹੇ ਜਿਹੇ ਸਮੇਂ ਦਾ ਵਿਛੋੜਾ ਮੇਰੇ ਲਈ ਕਲਯੁਗ ਦਾ ਰੂਪ ਧਾਰ ਕੇ ਮੈਨੂੰ ਤੰਗ ਕਰਦਾ ਹੈ। ਹੇ ਮੇਰੇ ਪਿਆਰੇ ਸਤਿਗੁਰੂ! ਤੁਸੀਂ ਹੁਣ ਮੈਨੂੰ ਆਪ ਹੀ ਦਸੋ ਕਿ ਤੁਸੀਂ ਮੈਨੂੰ ਕਦੋਂ ਤੇ ਕਿਸ ਤਰ੍ਹਾਂ ਮਿਲੋਗੇ। ਗੁਰਦੇਵ ਜੀਓ! ਆਪ ਦੇ ਦਰਸ਼ਨਾਂ ਤੋਂ ਬਿਨਾਂ ਮੈਨੂੰ ਰਾਤ ਨੂੰ ਨੀਂਦ ਨਹੀਂ ਆਉਂਦੀ ਤੇ ਰਾਤ ਮੁੱਕਣ ਵਿੱਚ ਹੀ ਨਹੀਂ ਆਉਂਦੀ। ਹੇ ਗੁਰਦੇਵ! ਜਿੱਥੇ ਦਰਬਾਰ ਵਿੱਚ ਬੈਠ ਕੇ ਆਪ ਸੰਗਤਾਂ ਨੂੰ ਦਰਸ਼ਨ ਦਿੰਦੇ ਹੋ, ਮੈਂ ਉਸ ਸੁਭਾਗੇ ਦਰਬਾਰ ਤੋਂ ਵੀ ਆਪਣੇ ਆਪ ਨੂੰ ਘੋਲ ਘੁਮਾਉਂਦਾ ਹਾਂ। ਸਤਿਗੁਰੂ ਅਰਜਨ ਦੇਵ ਜੀ ਦਾ ਆਪਣੇ ਗੁਰਦੇਵ ਦੇ ਦਰਸ਼ਨਾਂ ਦੀ ਸਿਕ ਦਾ ਸ਼ਬਦ ਪੜ੍ਹੀਏ, **"ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ"** ਦੇ ਅਰਥ ਸਮਝ ਪੈ ਜਾਣਗੇ। ਆਪ ਜੀ ਦਾ ਮਾਝ ਰਾਗ ਅੰਦਰ ਫ਼ੁਰਮਾਨ ਹੈ :

**ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥**

**ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ ॥੧॥**

**ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ ॥੧॥.....**

**ਇਕ ਘੜੀ ਨ ਮਿਲਤੇ ਤਾ ਕਲਿਜੁਗੁ ਹੋਤਾ॥**

**ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ॥**

**ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰ ਦਰਬਾਰੇ ਜੀਉ ॥੩॥**

**ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰ ਦਰਬਾਰੇ ਜੀਉ ॥੧॥**

ਮ: ੫, ਪੰਨਾ ੯੬

ਪ੍ਰਭੂ ਪਿਆਰਿਆਂ ਦਾ ਕਿਵੇਂ ਇੱਕ-ਇੱਕ ਪਲ ਆਪਣੇ ਮਾਲਕ ਦੇ ਦੀਦਾਰ ਤੋਂ ਬਿਨਾਂ ਬਿਹਬਲਤਾ ਨਾਲ ਬਤੀਤ ਹੁੰਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਦਰਜ ਫ਼ੁਰਮਾਨ ਪੜ੍ਹੀਏ **"ਦਰਸਨਿ ਲਗੜਾ ਸਾਹੁ"** ਦੀ ਜ਼ਰੂਰ ਸੋਝੀ ਪਵੇਗੀ।

ਹੇ ਮਾਲਕ! ਤੇਰੇ ਦਰਸ਼ਨਾਂ ਤੋਂ ਬਿਨਾਂ ਇੱਕ ਘੜੀ ਕਈ-ਕਈ ਦਿਨਾਂ ਦੇ ਬਰਾਬਰ ਹੋ ਕੇ ਬੀਤਦੀ ਹੈ। ਹੇ ਮੇਰੇ ਕਰਤਾਰ! ਮੇਰਾ ਮਨ ਆਪ ਦੇ ਦਰਸ਼ਨਾਂ ਤੋਂ ਬਿਨਾਂ



ਹੁਣ ਰਹਿ ਨਹੀਂ ਸਕਦਾ। ਮੈਨੂੰ ਆਪ ਦੇ ਦਰਸ਼ਨ ਕਿਵੇਂ ਨਸੀਬ ਹੋਣ ? ਹੇ ਮੇਰੇ ਮਾਲਕ! ਤੈਥੋਂ ਵਿਛੜ ਕੇ ਇੱਕ-ਇੱਕ ਪਲ ਮੈਨੂੰ ਇੱਕ-ਇੱਕ ਦਿਨ ਦੇ ਬਰਾਬਰ ਹੋ ਕੇ ਬੀਤਦਾ ਹੈ ਤੇ ਉਹ ਵੀ ਮੁੱਕਣ ਵਿੱਚ ਨਹੀਂ ਆਉਂਦਾ। ਮੇਰੇ ਮਨ ਅੰਦਰ ਆਪ ਦੇ ਦਰਸ਼ਨਾਂ ਦੀ ਅੱਤ ਤਾਂਘ ਬਣ ਗਈ ਹੈ। ਕੋਈ ਹੈ ਅਜਿਹਾ ਗੁਰੂ ਦਾ ਪਿਆਰਾ ਸੰਤ ਜਨ, ਜੋ ਮੈਨੂੰ ਮੇਰੇ ਮਾਲਕ ਨਾਲ ਮਿਲਾਪ ਕਰਵਾ ਦੇਵੇ ? ਹੇ ਪ੍ਰਭੂ! ਆਪ ਦੇ ਵਿਛੋੜੇ ਵਿੱਚ ਚਾਰ ਪਹਿਰ ਮੈਨੂੰ ਚਾਰ ਯੁਗਾਂ ਦੇ ਸਮਾਨ ਹੋ ਕੇ ਬੀਤਦੇ ਹਨ। ਜਦ ਰਾਤ ਪੈ ਜਾਂਦੀ ਹੈ ਤਾਂ ਉਸ ਰਾਤ ਦੇ ਮੁੱਕਣ ਦੀ ਤਾਂ ਗਿਣਤੀ ਹੀ ਨਹੀਂ ਹੋ ਸਕਦੀ ਭਾਵ ਤੈਥੋਂ ਵਿਛੜ ਕੇ ਮੇਰੀ ਰਾਤ ਬੀਤਦੀ ਹੀ ਨਹੀਂ। ਆਪ ਸਾਹਿਬਾਂ ਦਾ ਫ਼ੁਰਮਾਨ ਹੈ :

**ਇਕ ਘੜੀ ਦਿਨਸੁ ਮੋ ਕਉ ਬਹੁਤੁ ਦਿਹਾਰੇ॥**

**ਮਨੁ ਨ ਰਹੈ ਕੈਸੇ ਮਿਲਉ ਪਿਆਰੇ ॥੧॥**

**ਇਕੁ ਪਲੁ ਦਿਨਸੁ ਮੋ ਕਉ ਕਬਹੁ ਨ ਬਿਹਾਵੈ॥**

**ਦਰਸਨ ਕੀ ਮਨਿ ਆਸ ਘਨੇਰੀ**

**ਕੋਈ ਐਸਾ ਸੰਤੁ ਮੋ ਕਉ ਪਿਰਹਿ ਮਿਲਾਵੈ ॥੧॥ਰਹਾਉ॥**

**ਚਾਰਿ ਪਹਰ ਚਹੁ ਜੁਗਹ ਸਮਾਨੇ॥**

**ਰੈਣਿ ਭਈ ਤਬ ਅੰਤੁ ਨ ਜਾਨੇ ॥੨॥** ਮ: ੫, ਪੰਨਾ ੩੭੪

ਦਰਸ਼ਨ ਪਿਆਸੇ ਤਾਂ ਸਾਹ-ਸਾਹ ਨਾਲ ਪੁਕਾਰਦੇ ਹਨ :

**ਦਰਸ ਤੇਰੇ ਕੀ ਪਿਆਸ ਮਨਿ ਲਾਗੀ॥ ਸਹਜ ਅਨੰਦ ਬਸੈ ਬੈਰਾਗੀ॥**

ਮ: ੫, ਪੰਨਾ ੩੯੯

ਦਰਸ-ਪਿਆਸ ਵਾਲੇ ਤਾਂ ਪੁਕਾਰਦੇ ਹਨ :

**ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥**

ਮ: ੪, ਪੰਨਾ ੯੪

## *ਓਟ ਗੋਬਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥*

**ਅੱਖਰੀ-ਅਰਥ :** "ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ" ਦੀ ਅਵਸਥਾ ਵਿੱਚ ਵਿਚਰਨ ਵਾਲੇ ਗੁਰੂ ਪਿਆਰੇ ਹਮੇਸ਼ਾ ਇੱਕ ਅਕਾਲ ਪੁਰਖ ਦੀ

ਓਟ ਤੇ ਆਸਰਾ ਲੈਂਦੇ ਹਨ ਅਤੇ ਆਪਣੇ ਮਾਲਕ ਪਰਮਾਤਮਾ ਦੀ ਸੇਵਾ ਕਰਕੇ ਲਾਹਾ ਪ੍ਰਾਪਤ ਕਰਦੇ ਹਨ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਇੱਕ ਅਖਾਣ ਪਰਚਲਤ ਹੈ ਕਿ ਦੋ ਬੇੜੀਆਂ ਵਿੱਚ ਪੈਰ ਰੱਖਣ ਵਾਲਾ ਕਦੇ ਪਾਰ ਨਹੀਂ ਹੁੰਦਾ, ਉਹ ਹਮੇਸ਼ਾ ਡੁੱਬਦਾ ਹੀ ਹੈ। ਤਿਵੇਂ ਪਰਮਾਰਥ ਦੇ ਰਸਤੇ ਚੱਲਣ ਵਾਲੇ ਜਗਿਆਸੂ ਨੂੰ ਇੱਕ ਉੱਪਰ ਭਰੋਸਾ, ਇੱਕ ਉੱਪਰ ਯਕੀਨ, ਇੱਕ ਉੱਪਰ ਹੀ ਟੇਕ ਰੱਖਣੀ ਚਾਹੀਦੀ ਹੈ। ਜੋ ਦ੍ਰਿੜ੍ਹ ਭਰੋਸੇ ਨਾਲ ਇੱਕ ਉੱਪਰ ਟੇਕ-ਭਰੋਸਾ ਰੱਖਦਾ ਹੈ, ਉਸ ਦਾ ਅਵੱਸ਼ ਪਾਰ ਉਤਾਰਾ, ਨਿਸਤਾਰਾ ਹੋ ਜਾਂਦਾ ਹੈ। ਸੱਚੇ ਜਗਿਆਸੂ ਹਮੇਸ਼ਾਂ ਸੰਸਾਰ ਦੀਆਂ ਦੇਵੀ, ਦੇਵਤਿਆਂ, ਦੇਹਧਾਰੀਆਂ ਦੀਆਂ ਟੇਕਾਂ ਆਸਰੇ ਛੱਡ ਕੇ ਇੱਕ ਦਾ ਆਸਰਾ, ਇੱਕ ਦੀ ਟੇਕ ਰੱਖਦੇ ਹਨ।

ਸਤਿਗੁਰੂ ਅਰਜਨ ਦੇਵ ਜੀ ਦੇ ਸਮੇਂ ਦੀਆਂ ਦੋ ਇਤਿਹਾਸਕ ਘਟਨਾਵਾਂ ਵੀ ਇਤਿਹਾਸ ਦੇ ਪੰਨਿਆਂ ਨੇ ਸਾਂਭੀਆਂ ਹੋਈਆਂ ਹਨ। ਦੋਵੇਂ ਗੁਰਸਿੱਖ ਜਿਨ੍ਹਾਂ ਦਾ ਨਾਉ ਭਾਈ ਮੰਝ[੧] ਤੇ ਭਾਈ ਬਹਿਲੋ, ਥੋੜ੍ਹੇ-ਥੋੜ੍ਹੇ ਸਮੇਂ ਦੇ ਫ਼ਰਕ ਨਾਲ ਸਤਿਗੁਰੂ ਅਰਜਨ ਦੇਵ ਜੀ ਦੇ ਚਰਨਾਂ ਵਿੱਚ ਆਏ। ਦੋਵੇਂ ਸਖੀ ਸਰਵਰ ਦੇ ਪੁਜਾਰੀ ਸਨ। ਪੁਜਾਰੀ ਨਹੀਂ ਬਲਕਿ ਸਖੀ ਸਰਵਰ ਦੇ ਸੰਗਾਂ ਵਿੱਚ ਜਾਣ ਲਈ ਆਗੂ ਤੇ ਪ੍ਰਚਾਰਕ ਸਨ। ਬੇਨਤੀ ਕੀਤੀ ਪਾਤਸ਼ਾਹ! ਸਾਨੂੰ ਸਿੱਖੀ ਬਖਸ਼ੋ, ਆਪਣੇ ਸਿੱਖ ਬਣਾ ਲਵੋ। ਸਤਿਗੁਰਾਂ ਉੱਤਰ ਦਿੱਤਾ ਭਲਿਓ! **"ਸਿੱਖੀ ਉੱਪਰ ਸਿੱਖੀ ਨਹੀਂ ਟਿੱਕ ਸਕਦੀ।"**

ਇੱਕ ਪਾਸੇ ਤੁਸੀਂ ਸਖੀ ਸਰਵਰ ਨੂੰ ਸਭ ਕੁਝ ਜਾਣ ਕੇ ਉਸ ਅੱਗੇ ਧਮਾਲਾਂ ਪਾਉਂਦੇ ਅਤੇ ਰੋਟ ਬਣਾ ਕੇ ਦਰੂਦ ਪੜ੍ਹਦੇ ਹੋ। ਦੂਸਰੇ ਪਾਸੇ ਦਰੂਦ ਪੜ੍ਹਨ ਦੀ ਥਾਂ ਅਕਾਲ ਪੁਰਖ ਨੂੰ ਸਰਬ ਸ਼ਕਤੀਮਾਨ ਮੰਨ ਕੇ ਉਸ ਦੀ ਸਿਫ਼ਤ ਸਲਾਹ ਦੀ ਬਾਣੀ ਪੜ੍ਹਣੀ ਪਵੇਗੀ। ਕ੍ਰਿਤ ਦੀ ਪੂਜਾ ਤਿਆਗ ਕੇ ਅਕਾਲ ਪੁਰਖ ਦਾ ਸਿਮਰਨ ਕਰਨਾ ਪਵੇਗਾ। ਪੀਰਖਾਨੇ ਦੀ ਪੂਜਾ ਤਿਆਗ ਕੇ ਇੱਕ ਅਕਾਲ ਪੁਰਖ ਦੇ ਪੁਜਾਰੀ ਬਣਨਾ ਪਵੇਗਾ। ਤੁਸੀਂ ਦੋ ਬੇੜੀਆਂ ਵਿੱਚ ਕਿਵੇਂ ਸਵਾਰ ਹੋਵੋਗੇ, ਇੱਕੋਂ ਸਮੇਂ ਦੋਂਹ ਦਾ ਆਸਰਾ ਕਿਵੇਂ ਲਵੋਗੇ ? ਇੱਕ ਪਾਸਾ ਛੱਡਣਾ ਪਵੇਗਾ। ਫੈਸਲਾ ਤੁਸੀਂ ਕਰ ਲਵੋ। ਅਖ਼ੀਰ ਦੋਵਾਂ ਨੇ ਫੈਸਲਾ ਕਰ ਲਿਆ ਕਿ ਕ੍ਰਿਤ ਦੀ ਪੂਜਾ ਤੇ ਟੇਕ ਚੋਂ ਮਨ ਦੀ ਸ਼ਾਂਤੀ ਪ੍ਰਾਪਤ ਨਹੀਂ ਹੋਈ। ਸਤਿਗੁਰਾਂ ਦੇ ਚਰਨਾਂ ਵਿੱਚ ਹੱਥ ਜੋੜ ਕੇ ਬੇਨਤੀ ਕਰ ਕਹਿ ਦਿੱਤਾ

੧. ਪਹਿਲਾਂ ਨਾਉ ਤੀਰਥਾ



ਪਾਤਸ਼ਾਹ! ਅੱਜ ਤੋਂ ਸਖੀ ਸਰਵਰ ਦੀ ਸਿੱਖੀ ਛੱਡੀ, ਹੁਣ ਆਪ ਦੇ ਸਿੱਖ ਬਣ ਗਏ ਹਾਂ। ਜੋ ਤੁਸੀਂ ਕਹੋਗੇ, ਓਹੀ ਕਰਾਂਗੇ, ਜੋ ਮਨਾਵੋਗੇ ਮੰਨਾਗੇ। ਇੱਕ ਦੀ ਟੇਕ, ਇੱਕ ਦਾ ਆਸਰਾ ਲੈਣ ਦੀ ਬਰਕਤ ਨਾਲ ਸਮਾਂ ਆਇਆ, ਦੋਵੇਂ ਗੁਰਸਿੱਖ ਆਪ ਪਾਰਗਰਾਮੀ ਹੋਏ ਤੇ ਅਨੇਕਾਂ ਨੂੰ ਪਾਰਗਰਾਮੀ ਕਰਨ ਦਾ ਵਸੀਲਾ ਬਣੇ। ਸਤਿਗੁਰਾਂ ਉਨ੍ਹਾਂ ਦੀ ਘਾਲ ਕਮਾਈ ਤੇ ਪ੍ਰਸੰਨ ਹੋ ਕੇ ਭਾਈ ਮੰਝ ਨੂੰ ਵਰ ਬਖਸ਼ਿਆ :

**ਮੰਝ ਪਿਆਰਾ ਗੁਰੂ ਕੋ ਗੁਰ ਮੰਝ ਪਿਆਰਾ॥**

**ਮੰਝ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ॥**

ਭਾਈ ਬਹਿਲੋ ਫਫੜੇ ਪਿੰਡ ਵਾਲੇ ਨੂੰ ਵਰ ਦਿੱਤਾ :

**ਭਾਈ ਬਹਿਲੋ॥ ਸਭ ਤੋਂ ਪਹਿਲੋਂ॥**

ਇਹ ਸਾਰੀ ਬਰਕਤ ਸੀ ਇੱਕ ਦੀ ਟੇਕ, ਇੱਕ ਦਾ ਆਸਰਾ ਲੈਣ ਦੀ। ਜਿਹੜੇ ਪ੍ਰਭੂ ਮਾਲਕ ਦੀ ਟੇਕ ਭਰੋਸਾ ਲੈਂਦੇ ਹਨ ਤੇ ਉਸ ਦਾ ਚਿੰਤਨ ਕਰਦੇ ਹਨ, ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਉਹ ਹਮੇਸ਼ਾ ਸੁੱਖੀ ਰਹਿੰਦੇ ਹਨ ਅਤੇ ਦੁੱਖ ਉਨ੍ਹਾਂ ਦਾ ਖਹਿੜਾ ਛੱਡ ਜਾਂਦੇ ਹਨ। ਸੋਦਰ ਦੇ ਪਾਠ ਵਿੱਚ ਗੁਰਦੇਵ ਜੀ ਦਾ ਫੁਰਮਾਨ ਅਸੀਂ ਹਰ ਰੋਜ਼ ਪੜ੍ਹਦੇ ਹਾਂ :

**ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ॥**

**ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ॥** ਮ: ੫, ਪੰਨਾ ੫੧੭

ਉਹ ਹਮੇਸ਼ਾ ਪਰਮਾਤਮਾ ਦੀ ਟੇਕ, ਪਰਮਾਤਮਾ ਦਾ ਆਸਰਾ ਲੈ ਕੇ ਪੁਕਾਰ ਦੇ ਹਨ ਕਿ ਦਾਤਾ! ਕਿਸੇ ਨੂੰ ਕਿਸੇ ਦਾ ਆਸਰਾ, ਕਿਸੇ ਨੂੰ ਕਿਸੇ ਦਾ ਆਸਰਾ, ਮੈਨੂੰ ਤਾਂ ਤੇਰਾ ਹੀ ਆਸਰਾ ਤੇ ਟੇਕ ਹੈ :

**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥** ਮ: ੩, ਪੰਨਾ ੭੯੧

ਪ੍ਰਭੂ ਟੇਕ ਵਾਲੇ ਤਾਂ ਸਰੀਰਕ ਆਸਰਾ ਲੈਣ ਤੋਂ ਵੀ ਗੁਰੇਜ ਕਰਦੇ ਹਨ। ਭਗਤ ਫਰੀਦ ਜੀ ਦੇ ਜੀਵਨ ਦੀ ਇੱਕ ਛੋਟੀ ਜਿਹੀ ਗਾਥਾ ਹੈ। ਆਪ ਦਾ ਸਰੀਰ ਬਿਰਧ ਹੋ ਗਿਆ। ਚੱਲਣਾ ਫਿਰਨਾ ਵੀ ਔਖਾ ਹੋ ਗਿਆ। ਇਹ ਹਾਲਤ ਵੇਖ ਆਪ ਦੇ ਇੱਕ ਸਰਧਾਲੂ ਨੇ ਲੱਕੜ ਦੀ ਇੱਕ ਖੂੰਡੀ ਬਾਬਾ ਜੀ ਨੂੰ ਭੇਟ ਕੀਤੀ ਤੇ ਬੇਨਤੀ ਕੀਤੀ

ਬਾਬਾ ਜੀ! ਜੇ ਤੁਸੀਂ ਇਸ ਖੂੰਡੀ ਦਾ ਸਹਾਰਾ ਲੈ ਲਵੋ ਤਾਂ ਤੁਹਾਨੂੰ ਚੱਲਣ ਵਿੱਚ ਸਹਾਇਤਾ ਮਿਲੇਗੀ। ਉਸ ਦੀ ਬੇਨਤੀ ਮੰਨ ਆਪ ਨੇ ਖੂੰਡੀ ਉਸ ਪ੍ਰੇਮੀ ਪਾਸੋਂ ਲੈ ਲਈ ਤੇ ਉਸ ਖੂੰਡੀ ਨਾਲ ਤਿੰਨ ਚਾਰ ਕਦਮ ਚੱਲੇ, ਆਪ ਨੇ ਸੌਖ ਵੀ ਮਹਿਸੂਸ ਕੀਤੀ, ਪਰ ਇਹ ਸ਼ਬਦ ਕਹਿ ਕੇ ਸੋਟੀ ਪਰ੍ਹੇ ਵਗਾਹ ਮਾਰੀ ਕਿ "ਹੇ ਫਰੀਦ! ਸਾਰੀ ਉਮਰ ਇੱਕ ਅੱਲਾ-ਤਾਲ੍ਹਾ ਤੋਂ ਬਿਨਾਂ ਕਿਸੇ ਦਾ ਆਸਰਾ ਨਹੀਂ ਲਿਆ। ਹੁਣ ਅਖ਼ੀਰ ਸਮੇਂ ਇੱਕ ਨਿਰਜਿੰਦ ਲੱਕੜ ਦਾ ਸਹਾਰਾ ਲੈਣ ਲੱਗਾ ਹੈਂ? ਸੋ ਪ੍ਰਭੂ ਪਿਆਰੇ ਹਮੇਸ਼ਾ ਆਪਣੇ ਮਾਲਕ ਕਰਤਾਰ ਦੀ ਓਟ ਤੇ ਆਸਰੇ ਆਪਣਾ ਜੀਵਨ ਬਤੀਤ ਕਰਦੇ, ਆਪਣੇ ਮਾਲਕ ਦੀ ਸੇਵਾ ਕਰਕੇ ਲਾਹਾ ਪ੍ਰਾਪਤ ਕਰਦੇ ਹਨ। ਮਾਲਕ ਦੀ, ਪਰਮਾਤਮਾ ਦੀ, ਸੇਵਾ ਕੀ ਹੈ ? ਪਰਮਾਤਮਾ ਦਾ ਨਾਂ ਜਪਣਾ।

**ਹਰਿ ਕੀ ਟਹਲ ਕਮਾਵਣੀ ਜਪੀਐ ਪ੍ਰਭ ਕਾ ਨਾਮੁ ॥** ਮ: ੫, ਪੰਨਾ ੩੦੦

## *ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥*

**ਅੱਖਰੀ-ਅਰਥ :** ਪਰਮਾਤਮਾ ਦਾ ਨਾਮ ਜੱਪਣ, ਪ੍ਰਭੂ ਦੀ ਓਟ ਲੈਣ ਅਤੇ ਸਤਿਸੰਗਤ ਵਿੱਚ ਬੈਠ ਕੇ ਹਰੀ ਗੁਣ ਗਾਉਣ ਦੀ ਬਦੌਲਤ ਮਾਇਆ ਉਨ੍ਹਾਂ ਉੱਪਰ ਰੰਚਕ ਮਾਤਰ ਵੀ ਆਪਣਾ ਅਸਰ ਨਹੀਂ ਪਾ ਸਕਦੀ।

**ਸੰਖੇਪ-ਵਿਚਾਰ :** ਮਾਇਆ ਦਾ ਪ੍ਰਭਾਵ ਅੱਤ ਡਾਢਾ ਹੈ, ਜਿਸ ਪ੍ਰਥਾਇ ਭਗਤ ਕਬੀਰ ਜੀ ਨੇ ਸੰਕੇਤ ਦਿੱਤਾ ਹੈ ਕਿ ਇਸ ਦਾ ਜਲ-ਜਲੌਂ, ਮਾਇਆ ਦਾ ਘੰਟਾ ਬਹੁਤ ਪ੍ਰਭਾਵਸ਼ਾਲੀ ਸੰਸਾਰ ਅੰਦਰ ਵੱਜ ਰਿਹਾ ਹੈ। ਕੋਈ ਵਿਰਲਾ ਵਿਚਾਰਵਾਨ ਹੀ ਮਾਇਆ ਦੇ ਪ੍ਰਭਾਵ ਤੋਂ ਬੱਚਦਾ ਹੈ। ਆਪ ਦਾ ਫੁਰਮਾਨ ਹੈ :

**ਨਕਟੀ ਕੋ ਠਨਗਨੁ ਬਾਡਾ ਡੂੰ ॥ ਕਿਨਹਿ ਬਿਬੇਕੀ ਕਾਟੀ ਤੂੰ ॥**

ਕਬੀਰ ਜੀ, ਪੰਨਾ ੪੭੬

ਮਾਇਆ ਦਾ ਠਨਕਾਰ ਅਜਿਹਾ ਸੁੰਦਰ ਤੇ ਪ੍ਰਭਾਵਸ਼ਾਲੀ ਹੈ ਕਿ ਮਨੁੱਖ ਮਾਇਆ ਦਾ ਜਲ ਜਲੌਂ ਵੇਖ ਕੇ ਬਦੋਬਦੀ ਮੋਹਿਆ ਜਾਂਦਾ ਹੈ। ਮਾਇਆ ਦੀ ਹੋਂਦ ਇੱਕ ਥਾਂ ਤੇ ਮੌਜੂਦ ਨਹੀਂ, ਪਰਮਾਤਮਾ ਦਾ ਦੂਸਰਾ ਰੂਪ ਹੋਣ ਕਰਕੇ ਹਰ ਥਾਂ, ਹਰ ਜਗ੍ਹਾ, ਇਸ ਦੀ ਹੋਂਦ ਮੌਜੂਦ ਹੈ। ਚਾਹੇ ਰਸਤੇ ਵਿੱਚ ਤੁਰੋ ਜਾਂ ਦਰਿਆ ਨਦੀ ਦੇ ਪੱਤਣ ਤੇ ਚੱਲੇ ਜਾਵੋ।



ਘਰ ਵਿੱਚ ਰਹੋ ਜਾਂ ਉਜਾੜ-ਬੀਆਬਾਨ ਵਿੱਚ ਚਲੇ ਜਾਵੋ। ਮਾਇਆ ਹਰ ਥਾਂ, ਹਰ ਜਗ੍ਹਾਂ ਮਨੁੱਖ ਨੂੰ ਆਪਣੇ ਫੰਧੇ ਵਿੱਚ ਫਸਾਉਣ ਲਈ ਤੱਕਦੀ ਰਹਿੰਦੀ ਹੈ। ਮਾਇਆ ਮਨ ਨੂੰ ਵੀ ਤੇ ਤਨ ਨੂੰ ਵੀ ਬਹੁਤ ਮਿੱਠੀ ਲੱਗਦੀ ਹੈ, ਪਰ ਇਹ ਹੈ ਹਰ ਜੀਵ ਨਾਲ ਧ੍ਰੋਹ ਕਮਾਉਣ ਵਾਲੀ। ਇਸ ਮਾਇਆ ਦੇ ਆਗੂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਬਹੁਤ ਹੀ ਵੱਡੇ ਛਲੀਏ-ਠੱਗ ਹਨ। ਚਾਹੇ ਮਾਤਾ ਹੋਵੇ ਜਾਂ ਪਿਤਾ, ਭੈਣ ਹੋਵੇ ਜਾਂ ਭਰਾ, ਇੱਥੋਂ ਤੱਕ ਜਿਹੜੇ ਮਾਇਆ ਦੇ ਨਾਲ ਪਿਆਰ ਕਰਨ ਵਾਲੇ, ਮਾਇਆ ਦੇ ਮਿੱਤਰ ਹਨ, ਇਹ ਉਨ੍ਹਾਂ ਦਾ ਵੀ ਲਿਹਾਜ ਨਹੀਂ ਕਰਦੀ। ਉਨ੍ਹਾਂ ਨੂੰ ਵੀ ਆਪਣੇ ਫੰਧੇ ਵਿੱਚ ਫਸਾ ਲੈਂਦੀ ਹੈ। ਇਸ ਤੋਂ ਬੱਚਣ ਦਾ ਇਕੋ ਹੀ ਤਰੀਕਾ ਜੋ ਸਤਿਗੁਰਾਂ ਨੇ ਉਪਰਲੀਆਂ ਪੰਕਤੀਆਂ ਵਿੱਚ ਦਰਸਾਇਆ ਹੈ ਉਹ ਹੈ **"ਮਿਲਿ ਸਾਧੂ ਗੁਣ ਗਾਹੁ"** ਆਪ ਗੁਰਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ :

**ਐਸੀ ਸੁੰਦਰਿ ਮਨ ਕਉ ਮੋਹੈ ॥ ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ ॥**

**ਮਨਿ ਤਨਿ ਲਾਗੈ ਹੋਇ ਕੈ ਮੀਠੀ ॥ ਗੁਰ ਪ੍ਰਸਾਦਿ ਮੈ ਖੋਟੀ ਡੀਠੀ ॥੨॥**

**ਅਗਰਕ ਉਸ ਕੇ ਵਡੇ ਠਗਾਊ ॥ ਛੋਡਹਿ ਨਾਹੀ ਬਾਪ ਨ ਮਾਊ ॥**

ਮ: ੫, ਪੰਨਾ ੩੯੨

ਮਾਇਆ ਇੰਨੇ ਵੱਡੇ ਪ੍ਰਭਾਵ ਵਾਲੀ ਹੈ ਕਿ ਇਸ ਨੇ ਤ੍ਰੈਗੁਣੀ ਸੰਸਾਰ, ਚਾਰੇ ਦਿਸ਼ਾਵਾਂ ਦੀ ਪ੍ਰਕਿਰਤੀ, ਵੱਡੇ-ਵੱਡੇ ਅਸਮੇਧ ਜਗ ਕਰਨ ਵਾਲੇ, ਤੀਰਥਾਂ ਤੇ ਇਸ਼ਨਾਨ ਕਰਨ ਵਾਲੇ, ਨੇਮੀ, ਤਪ ਕਰਨ ਵਾਲੇ ਤਪੀਏ, ਜਪ ਕਰਨ ਵਾਲੇ ਜਪੀਆਂ ਨੂੰ ਵੀ ਆਪਣੇ ਵੱਸ ਵਿੱਚ ਕੀਤਾ ਹੋਇਆ ਹੈ। ਤੁੱਛ ਜਿਹੀ ਹਸਤੀ ਵਾਲਾ ਜੀਵ ਇਸ ਮਾਇਆ ਦੇ ਪ੍ਰਭਾਵ ਤੋਂ ਕਿਵੇਂ ਬੱਚ ਸਕਦਾ ਹੈ ? ਭਾਵ ਨਹੀਂ ਬਚ ਸਕਦਾ, ਪਰ ਹਾਂ, ਇਕ ਤਰੀਕਾ ਸਤਿਗੁਰੂ ਅਰਜਨ ਦੇਵ ਜੀ ਨੇ ਅਗਲੀਆਂ ਪੰਕਤੀਆਂ ਅੰਦਰ ਦਰਸਾਇਆ ਹੈ। ਜਿਹੜਾ ਪਰਮਾਤਮਾ ਦੀ ਓਟ ਲੈ ਕੇ, ਸਤਿਸੰਗਤ ਵਿੱਚ ਬੈਠ ਕੇ, ਪਰਮਾਤਮਾ ਦੇ ਗੁਣ ਗਾਉਂਦਾ ਹੈ, ਉਹ ਮਾਇਆ ਦੇ ਪ੍ਰਭਾਵ ਤੋਂ ਬਚ ਜਾਂਦਾ ਹੈ। ਆਪ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਪੜ੍ਹੀਏ, ਮਾਇਆ ਦੇ ਪ੍ਰਭਾਵ ਦਾ ਅਤੇ ਇਸ ਤੋਂ ਬਚਾਉ ਦੇ ਸਾਧਨ ਦਾ ਪਤਾ ਚੱਲ ਜਾਵੇਗਾ :

**ਜਿਨਿ ਕੀਨੇ ਵਸਿ ਅਪੁਨੈ ਤ੍ਰੈ ਗੁਣ ਭਵਣ ਚਤੁਰ ਸੰਸਾਰਾ॥**

**ਜਗ ਇਸਨਾਨ ਤਾਪ ਥਾਨ ਖੰਡੇ ਕਿਆ ਇਹੁ ਜੰਤੁ ਵਿਚਾਰਾ॥੧॥**

**ਪ੍ਰਭ ਕੀ ਓਟ ਗਹੀ ਤਉ ਛੂਟੋ॥**

**ਸਾਧ ਪ੍ਰਸਾਦਿ ਹਰਿ ਹਰਿ ਹਰਿ ਗਾਏ ਬਿਖੈ ਬਿਆਧਿ ਤਬ ਹੂਟੋ॥੧॥ ਰਹਾਉ॥**

ਮ: ੫, ਪੰਨਾ ੬੭੩

ਸਤਿਸੰਗਤ ਵਿੱਚ ਬੈਠ ਪ੍ਰਭੂ ਗੁਣ ਗਾਉਣ ਦੀ ਇੰਨੀ ਵੱਡੀ ਬਰਕਤ ਹੈ ਕਿ ਜਿਸ ਮਾਇਆ ਨੇ ਬ੍ਰਹਮ ਪੁਰੀ, ਸ਼ਿਵ ਪੁਰੀ ਅਤੇ ਇੰਦ੍ਰ ਪੁਰੀ ਦੇ ਵਸਨੀਕਾਂ ਨੂੰ ਵੀ ਨਹੀਂ ਬਖਸ਼ਿਆਂ, ਉਨ੍ਹਾਂ ਨੂੰ ਜਿੱਤ ਕੇ ਦੌੜ ਆਈ ਹੈ। ਅਜਿਹੀ ਮਾਇਆ ਸਤਿਸੰਗਤ ਵਿੱਚ ਬੈਠ ਕੇ ਪ੍ਰਭੂ ਗੁਣ ਗਾਉਣ ਵਾਲਿਆਂ ਵੱਲ ਮਾੜੀ ਨਿਗਾਹ ਨਾਲ ਤੱਕ ਵੀ ਨਹੀਂ ਸਕਦੀ ਸਗੋਂ ਉਨ੍ਹਾਂ ਦੇ ਮਲ-ਮਲ ਕੇ ਪੈਰ ਧੋਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਗੂਜਰੀ ਰਾਗ ਅੰਦਰ ਫੁਰਮਾਨ ਹੈ :

**ਬ੍ਰਹਮ ਲੋਕ ਅਰੁ ਰੁਦ੍ਰ ਲੋਕ ਆਈ ਇੰਦ੍ਰ ਲੋਕ ਤੇ ਧਾਇ॥**

**ਸਾਧਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥**

ਮ: ੫, ਪੰਨਾ ੫੦੦

ਜਿਹੜਾ ਗੁਰੂ ਪਿਆਰਾ ਸਾਧੂ ਜਨਾਂ ਦੀ ਸੰਗਤ ਵਿੱਚ ਬੈਠ ਕੇ ਪਰਮਾਤਮਾ ਦੇ ਗੁਣ ਗਾਉਂਦਾ ਹੈ, ਉਸ ਨੂੰ "**ਬਿਖਿਆ ਪੋਹਿ ਨ ਸਕਈ**" ਉਸ ਉੱਪਰ ਮਾਇਆ ਦਾ ਪ੍ਰਭਾਵ ਹਾਵੀ ਨਹੀਂ ਹੋ ਸਕਦਾ।

## *ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥*

**ਅੱਖਰੀ-ਅਰਥ :** ਉੱਪਰ ਲਿਖੇ ਕਰਮਾਂ ਦੇ ਧਾਰਨੀ ਬਣਨ ਨਾਲ ਜਦੋਂ ਜੀਵ-ਆਤਮਾ ਤੋਂ ਮਾਇਆ ਦਾ ਪ੍ਰਭਾਵ ਖ਼ਤਮ ਹੋ ਗਿਆ, ਤਦੋਂ ਜੀਵ-ਆਤਮਾ ਦੀ ਸੱਚੀ ਪ੍ਰੀਤ ਆਪਣੇ ਪਰਮਾਤਮਾ ਨਾਲ ਬਣ ਗਈ। ਫਿਰ ਤਾਂ ਜੀਵ-ਆਤਮਾ ਆਪਣੇ ਮੂਲ ਨਾਲ ਇਸ ਤਰ੍ਹਾਂ ਅਭੇਦ ਹੋ ਗਈ, ਜਿਸ ਤਰ੍ਹਾਂ ਇੱਕ ਪਾਣੀ ਦੂਸਰੇ ਪਾਣੀ ਵਿੱਚ ਪੈ ਕੇ ਪਹਿਲੇ ਪਾਣੀ ਦਾ ਰੂਪ ਹੀ ਬਣ ਜਾਂਦਾ ਹੈ।



**ਸੰਖੇਪ-ਵਿਚਾਰ :** ਜੀਵ ਆਤਮਾ ਦਾ ਮੂਲ ਹੈ ਪਰਮਾਤਮਾ, ਅਗਿਆਨ ਭਰਮ ਕਰਕੇ ਜੀਵ ਆਤਮਾ ਆਪਣੇ ਆਪ ਨੂੰ ਵੱਖਰੀ ਸਮਝ ਰਹੀ ਹੈ। ਆਤਮਾ ਦੀ ਵੱਖਰੀ ਹੋਂਦ ਬਣ ਜਾਣ ਕਾਰਣ ਹੀ ਆਤਮਾ, ਜੀਵ ਆਤਮਾ ਬਣ ਕੇ ਅਨੇਕਾਂ ਜੂਨਾਂ ਵਿੱਚ ਭ੍ਰਮਣ ਕਰਦੀ ਦੁੱਖ ਭੋਗ ਰਹੀ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਮਾਰੂ ਰਾਗ ਵਿੱਚ ਫੁਰਮਾਨ ਹੈ :

**ਜਮਿ ਜਮਿ ਮਰੈ ਮਰੈ ਫਿਰਿ ਜੰਮੈ॥ ਬਹੁਤੁ ਸਜਾਇ ਪਇਆ ਦੇਸਿ ਲੰਮੈ॥**

ਮ: ੫, ਪੰਨਾ ੧੦੨੦

ਜੀਵ-ਆਤਮਾ ਦੀ ਬਣੀ ਹੋਈ ਵੱਖਰੀ ਹੋਂਦ ਨਾ ਤਾਂ ਗਿਆਨ ਪ੍ਰਾਪਤ ਕਰਕੇ ਖਤਮ ਹੁੰਦੀ ਹੈ, ਨਾ ਸਰੀਰ ਨੂੰ ਕਸ਼ਟ ਦੇ ਕੇ ਤਪ ਕਰਨ ਨਾਲ ਅਤੇ ਨਾ ਹੀ ਹੋਰ ਕਿਸੇ ਕਰਮ-ਕਾਂਡ ਕਰਨ ਨਾਲ।

ਜੀਵ-ਆਤਮਾ ਦਾ ਵੱਖਰਾਪਨ ਕੇਵਲ ਤੇ ਕੇਵਲ ਪਰਮਾਤਮਾ ਦੇ ਨਾਮ-ਜਪ ਦੁਆਰਾ ਹੀ ਨਾਸ਼ ਹੁੰਦਾ ਹੈ, ਕਿਉਂਕਿ ਜੀਵ-ਆਤਮਾ, ਪਰਮ-ਆਤਮਾ ਦੀ ਅੰਸ਼ ਹੋਣ ਕਰਕੇ ਜਿਉਂ-ਜਿਉਂ ਪ੍ਰਭੂ ਨਾਮ ਜਪਦੀ ਹੈ, ਤਿਉਂ-ਤਿਉਂ ਜੀਵ ਆਤਮਾ ਉੱਪਰ ਕੁਦਰਤ ਦਾ ਨਿਯਮ ਲਾਗੂ ਹੋ ਕੇ, ਨਾਮੀ ਦਾ ਰੂਪ ਹੀ ਬਣ ਜਾਂਦੀ ਹੈ। ਇਸ ਕੁਦਰਤ ਦੇ ਨੇਮ ਨੂੰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਗਉੜੀ ਰਾਗ ਅੰਦਰ ਦਰਜ਼ ਕੀਤਾ ਹੈ। ਆਪ ਫੁਰਮਾਨ ਕਰਦੇ ਹਨ ਕਿ ਜੋ ਪਰਮਾਤਮਾ ਦੇ ਭੈਅ ਵਿੱਚ ਜੀਵਨ ਬਤੀਤ ਕਰਦਾ ਹੈ, ਉਹ ਨਿਰਭਉ ਹੋ ਜਾਂਦਾ ਹੈ ਅਤੇ ਪਰਮਾਤਮਾ ਦਾ ਸਿਮਰਨ ਕਰਦੇ-ਕਰਦੇ ਜੀਵ ਆਤਮਾ ਪਰਮਾਤਮਾ ਦਾ ਹੀ ਰੂਪ ਬਣ ਜਾਂਦਾ ਹੈ। ਆਪ ਦਾ ਫੁਰਮਾਨ ਹੈ :

**ਭੈ ਰਚਿ ਰਹੈ ਸੁ ਨਿਰਭਉ ਹੋਇ॥ ਜੈਸਾ ਸੇਵੈ ਤੈਸੋ ਹੋਇ॥** ਮ: ੧, ਪੰਨਾ ੨੨੩

ਸਤਿਗੁਰੂ ਰਾਮਦਾਸ ਜੀ ਨੇ ਧਨਾਸਰੀ ਰਾਗ ਅੰਦਰ "**ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ**" ਦੀ ਵਿਆਖਿਆ ਕਰਦਿਆਂ ਫੁਰਮਾਨ ਕੀਤਾ ਹੈ ਕਿ ਜਿਹੜੇ ਜਗਿਆਸੂਆਂ ਨੇ ਪਰਮਾਤਮਾ ਦੇ ਨਾਮ ਨੂੰ ਸੱਚੀ ਪ੍ਰੀਤ ਦੁਆਰਾ ਸਿਮਰਿਆ, ਸਿਮਰਦਿਆਂ-ਸਿਮਰਦਿਆਂ ਉਨ੍ਹਾਂ ਦੀ ਆਪਣੀ ਵੱਖਰੀ ਹੋਂਦ-ਹਸਤੀ ਖ਼ਤਮ ਹੋ ਗਈ। ਨਾਮ-ਜਪ ਦੀ ਬਰਕਤ ਨਾਲ ਉਨ੍ਹਾਂ ਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੋ ਗਿਆ ਅਤੇ ਉਹ ਜੀਵ-ਆਤਮਾਵਾਂ ਪਰਮਾਤਮਾ ਦੇ ਵਿੱਚ ਅਭੇਦ ਹੋ ਕੇ ਪਰਮਾਤਮਾ ਦਾ ਰੂਪ ਹੀ ਬਣ ਗਈਆਂ। ਸਤਿਗੁਰਾਂ ਦਾ ਫੁਰਮਾਨ ਹੈ ਕਿ :

**ਜਿਨ ਹਰਿ ਜਪਿਆ ਸੇ ਹਰਿ ਹੋਏ ਹਰਿ ਮਿਲਿਆ ਕੇਲ ਕੇਲਾਲੀ॥**

ਮ: ੪, ਪੰਨਾ ੬੬੭

ਸਤਿਗੁਰੂ ਰਾਮਦਾਸ ਜੀ ਦਾ ਸੋਦਰੁ ਦੇ ਪਾਠ ਅੰਦਰ ਹਰ ਰੋਜ਼ ਆਪਾਂ ਫੁਰਮਾਨ ਪੜ੍ਹਦੇ ਹਾਂ ਕਿ ਜਿਹੜੇ ਜਗਿਆਸੂ, ਪਰਮਾਤਮਾ ਨੂੰ ਆਪਣਾ ਜਾਣ ਕੇ ਜਪਦੇ ਹਨ। ਹਰੀ ਨੂੰ ਜਪਦਿਆਂ, ਸਿਮਰਦਿਆਂ, ਉਹ ਪਿਆਰੇ ਹਰੀ ਦਾ ਰੂਪ ਬਣ ਕੇ ਹਰੀ ਦੇ ਵਿੱਚ ਹੀ ਸਮਾਂ ਜਾਂਦੇ ਹਨ। ਸਤਿਗੁਰੂ ਜੀ ਦਾ ਫੁਰਮਾਨ ਪੜ੍ਹੀਏ :

**ਜਿਨ ਸੇਵਿਆ ਜਿਨ ਸੇਵਿਆ ਮੇਰਾ ਹਰਿ ਜੀ ਤੇ ਹਰਿ ਹਰਿ ਰੂਪਿ ਸਮਾਸੀ॥**

ਮ: ੪, ਪੰਨਾ ੧੧

ਨਾਮ-ਜਪ ਦੀ ਬਦੌਲਤ ਉਹ ਜੀਵ-ਆਤਮਾਵਾਂ **"ਜਹ ਤੇ ਉਪਜੀ ਤਹ ਮਿਲੀ"** ਦੀ ਅਵਸਥਾ ਨੂੰ ਪ੍ਰਾਪਤ ਕਰਕੇ, ਪ੍ਰਭੂ ਵਿੱਚ ਇਸ ਤਰ੍ਹਾਂ ਅਭੇਦ ਹੋ ਜਾਂਦੀਆਂ ਹਨ ਜਿਸ ਤਰ੍ਹਾਂ ਇੱਕ ਪਾਣੀ ਦੂਸਰੇ ਪਾਣੀ ਵਿੱਚ ਰਲ ਕੇ ਇੱਕ ਰੂਪ ਹੋ ਜਾਂਦਾ ਹੈ। ਦੋਵਾਂ ਦੀ ਭਿੰਨਤਾ ਖ਼ਤਮ ਹੋ ਜਾਂਦੀ ਹੈ। ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥**

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥**

ਮ: ੯, ਪੰਨਾ ੬੩੩

**"ਜਹ ਤੇ ਉਪਜੀ ਤਹ ਮਿਲੀ"** ਦੀ ਵਿਆਖਿਆ ਹਿਤ, ਭਗਤ ਕਬੀਰ ਜੀ ਦਾ ਆਪਣਾ ਨਿੱਜੀ ਅਨੁਭਵ, ਜੋ ਗੁਰੂ ਕੀ ਬਾਣੀ ਵਿੱਚ ਰਾਮਕਲੀ ਰਾਗ ਅੰਦਰ ਅੰਕਿਤ ਹੈ ਪੜ੍ਹੀਏ, ਨਾਮ ਜਪ ਦੀ ਬਰਕਤ ਨਾਲ ਉਨ੍ਹਾਂ ਨੂੰ ਕਿਵੇਂ ਪਰਮਾਤਮਾ ਵਿੱਚ ਅਭੇਦਤਾ ਪ੍ਰਾਪਤ ਹੋਈ ? ਆਪ ਫੁਰਮਾਨ ਕਰਦੇ ਹਨ ਕਿ :

**ਅਬ ਤਉ ਜਾਇ ਚਢੇ ਸਿੰਘਾਸਨਿ ਮਿਲੇ ਹੈ ਸਾਰਿੰਗਪਾਨੀ॥**

**ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥** ਕਬੀਰ ਜੀ, ਪੰਨਾ ੯੬੯

ਬਾਬਾ ਕਬੀਰ ਜੀ, ਧਨਾਸਰੀ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਇੱਕ ਪਾਣੀ ਦੂਸਰੇ ਪਾਣੀ ਵਿੱਚ ਰਲ ਕੇ ਇੱਕ ਰੂਪ ਹੋ ਜਾਂਦਾ ਹੈ, ਤਿਵੇਂ ਮੈਂ ਕਬੀਰ



ਜਿਸ ਨੂੰ ਲੋਕ ਜੁਲਾਹਾ ਕਹਿ ਕੇ ਨਫ਼ਰਤ ਕਰਦੇ ਸਨ, ਪਰਮਾਤਮਾ ਦਾ ਨਾਮ ਜਪ ਕੇ ਪਰਮਾਤਮਾ ਦੇ ਪਿਆਰ ਵਿੱਚ ਦ੍ਰਵ ਕੇ ਪਰਮਾਤਮਾ ਦਾ ਰੂਪ ਬਣ ਗਿਆ ਹਾਂ। ਹੁਣ ਕਬੀਰ ਤੇ ਰਾਮ ਵਿੱਚ ਰਾਈ ਮਾਤ੍ਰ ਵੀ ਅੰਤਰ ਨਹੀਂ ਰਿਹਾ :

**ਜਿਉ ਜਲੁ ਜਲ ਮਹਿ ਪੈਸਿ ਨ ਨਿਕਸੈ ਤਿਉ ਢੁਰਿ ਮਿਲਿਓ ਜੁਲਾਹੋ॥੧॥**

ਕਬੀਰ ਜੀ, ਪੰਨਾ ੬੯੨

ਸਤਿਗੁਰੂ ਅਰਜਨ ਦੇਵ ਜੀ ਦਾ ਸਾਰੰਗ ਰਾਗ ਅੰਦਰ ਫੁਰਮਾਨ ਹੈ ਕਿ ਜਿਸ ਤਰ੍ਹਾਂ ਜਲ, ਜਲ ਦੇ ਤਰੰਗ, ਬੁਲਬਲੇ ਅਤੇ ਪਾਣੀ ਦੀ ਝੱਗ, ਪਾਣੀ ਵਿੱਚ ਰਲ ਕੇ ਇੱਕ ਰੂਪ ਹੋ ਜਾਂਦੇ ਹਨ, ਭਿੰਨਤਾ ਖ਼ਤਮ ਹੋ ਜਾਂਦੀ ਹੈ, ਤਿਵੇਂ ਮਾਲਕ ਪ੍ਰਭੂ ਦਾ ਨਾਮ ਜਪ ਕੇ ਉਸ ਦੇ ਸੇਵਕ, ਮਾਲਕ-ਪ੍ਰਭੂ ਦਾ ਹੀ ਰੂਪ ਹੋ ਜਾਂਦੇ ਹਨ। ਆਪ ਦਾ ਪਾਵਨ ਫੁਰਮਾਨ ਹੈ :

**ਜਿਉ ਜਲ ਤਰੰਗ ਫੇਨੁ ਜਲ ਹੋਈ ਹੈ ਸੇਵਕ ਠਾਕੁਰ ਭਏ ਏਕਾ॥**

ਮ: ੫, ਪੰਨਾ ੧੨੦੯

## *ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥*

**ਅੱਖਰੀ-ਅਰਥ :** ਜਿਨ੍ਹਾਂ ਜਗਿਆਸੂਆਂ ਨੂੰ ਪਰਮਾਤਮਾ ਨੇ ਆਪ ਕਿਰਪਾ ਕਰਕੇ ਬਾਹੋਂ ਫੜ ਕੇ ਸੰਸਾਰ ਦੇ ਮੋਹ ਚਿੱਕੜ 'ਚੋਂ ਕੱਢ ਕੇ ਆਪਣਾ ਮਿਲਾਪ ਪ੍ਰਦਾਨ ਕਰ ਦਿੱਤਾ, ਉਹ ਫਿਰ ਕਦੇ ਵੀ ਪਰਮਾਤਮਾ ਤੋਂ ਵਿਛੜਦੇ ਨਹੀਂ। ਕਿਉਂਕਿ ਵਿਛੋੜਾ ਤਾਂ ਤਦ ਹੀ ਪੈਂਦਾ ਹੈ, ਜਦੋਂ ਕੋਈ ਦੂਰ ਚਲੇ ਜਾਵੇ ਜਾਂ ਉਸ ਦੀ ਮੌਤ ਹੋ ਜਾਵੇ। ਪਰਮਾਤਮਾ ਨਾ ਕਦੇ ਦੂਰ ਹੁੰਦਾ ਹੈ ਅਤੇ ਨਾ ਹੀ ਉਹ ਕਦੇ ਨਾਸ਼ ਹੁੰਦਾ ਹੈ। ਇਸ ਤੋਂ ਇਲਾਵਾ ਪਰਮਾਤਮਾ ਜਿਸ ਨੂੰ ਇੱਕ ਵਾਰੀ ਆਪਣੇ ਸਰੂਪ ਵਿੱਚ ਅਭੇਦਤਾ ਬਖਸ਼ਿਸ਼ ਕਰ ਦਿੰਦਾ ਹੈ, ਮੁੜ ਉਸ ਨੂੰ ਕਦੇ ਵੀ ਆਪਣੇ ਨਾਲੋਂ ਵਿਛੋੜਦਾ ਨਹੀਂ। ਇਹ ਉਸ ਪਰਮਾਤਮਾ ਦੀ ਭਲੀ ਤੇ ਨਿਰਾਲੀ ਰੀਤ ਹੈ।

**ਸੰਖੇਪ-ਵਿਚਾਰ :** ਜਿਸ ਤਰ੍ਹਾਂ ਆਪਾਂ ਉਪਰਲੀ ਪੰਕਤੀ **"ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ"** ਦੇ ਅਰਥ ਵਾਚੇ ਹਨ ਕਿ ਪਰਮਾਤਮਾ ਦਾ ਨਾਮ ਜਪਦਿਆਂ-ਜਪਦਿਆਂ ਪ੍ਰਭੂ ਜਪ ਵਾਲੀਆਂ ਆਤਮਾਵਾਂ ਨੂੰ ਪਰਮਾਤਮਾ ਆਪਣੇ

ਸਰੂਪ ਵਿੱਚ ਇਸ ਤਰ੍ਹਾਂ ਅਭੇਦਤਾ ਬਖਸ਼ਿਸ਼ ਕਰ ਦਿੰਦਾ ਹੈ, ਜਿਸ ਤਰ੍ਹਾਂ ਇੱਕ ਪਾਣੀ ਦੂਸਰੇ ਪਾਣੀ ਵਿੱਚ ਰਲ ਕੇ ਇੱਕ ਰੂਪ ਹੋ ਜਾਂਦਾ ਹੈ ਅਤੇ ਸਥੂਲ ਪਾਣੀ ਦੇ ਵਿੱਚੋਂ ਕੋਈ ਵਿਅਕਤੀ ਪਹਿਲੇ ਪਾਣੀ ਨੂੰ ਦੂਸਰੇ ਪਾਣੀ ਨਾਲੋਂ ਵੱਖ ਨਹੀਂ ਕਰ ਸਕਦਾ। ਤਿਵੇਂ ਸੂਖਮ ਰੂਪ ਵਿੱਚ ਪ੍ਰਭੂ-ਨਾਮ ਦੀ ਬਰਕਤ ਨਾਲ ਜੋ ਜੀਵ-ਆਤਮਾਵਾਂ, ਪਰਮਾਤਮਾ ਦੇ ਵਿੱਚ ਅਭੇਦ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਵੀ ਨਾ ਕੋਈ ਪਰਮਾਤਮਾ ਤੋਂ ਵਿਛੋੜ ਸਕਦਾ ਹੈ ਅਤੇ ਨਾ ਹੀ ਕੋਈ ਵੱਖ ਕਰ ਸਕਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੋਨੇ ਦੀ ਉਦਾਹਰਣ ਦੇ ਕੇ ਸਾਨੂੰ ਜੀਵ-ਆਤਮਾ ਤੇ ਬ੍ਰਹਮ ਦੀ ਅਭੇਦਤਾ ਪ੍ਰਥਾਇ ਜਾਣੂ ਕਰਵਾਇਆ ਹੈ। ਆਪ ਜੀ ਸੋਰਠ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਜਿਸ ਤਰ੍ਹਾਂ ਅਨੇਕ ਤਰ੍ਹਾਂ ਦੇ ਵੱਖੋ-ਵੱਖਰੇ ਆਕਾਰ ਦੇ ਗਹਿਣੇ ਸੁਨਿਆਰਾ ਕੁਠਾਲੀ ਵਿੱਚ ਪਾ, ਢਾਲ ਕੇ ਉਨ੍ਹਾਂ ਦੀ ਇੱਕ ਡਲੀ ਬਣਾ ਦਿੰਦਾ ਹੈ। ਮੁੜ ਉਸ ਸੋਨੇ ਦੀ ਡਲੀ ਵਿੱਚੋਂ ਕੋਈ ਵੱਖ-ਵੱਖ ਗਹਿਣਿਆਂ ਦਾ ਸੋਨਾ ਵੱਖਰਾ ਕਰਨਾ ਚਾਹੇ, ਉਹ ਕਦਾਚਿਤ ਵੀ ਵੱਖ ਨਹੀਂ ਹੋ ਸਕਦਾ। ਤਿਵੇਂ ਜਿਨ੍ਹਾਂ ਵਡਭਾਗੀ ਜੀਵ-ਆਤਮਾਵਾਂ ਨੂੰ ਪਰਮਾਤਮਾ ਨੇ ਆਪਣੇ ਸਰੂਪ ਵਿੱਚ ਅਭੇਦਤਾ ਪ੍ਰਦਾਨ ਕਰ ਦਿੱਤੀ ਹੈ, ਉਹ ਆਤਮਾਵਾਂ ਵੀ ਆਪਣੇ ਮਾਲਕ ਪ੍ਰਭੂ ਤੋਂ ਵੱਖ ਨਹੀਂ ਹੁੰਦੀਆਂ ਕਿਉਂਕਿ ਪਰਮ-ਆਤਮਾ ਅਤੇ ਜੀਵ-ਆਤਮਾਵਾਂ ਵਿੱਚ ਵਿੱਥ ਤੇ ਫ਼ਰਕ ਪਾਉਣ ਵਾਲੇ ਮਾਇਆ ਦੇ ਦੂਤ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨਾਮ-ਜਪ ਦੀ ਬਰਕਤ ਨਾਲ ਖ਼ਤਮ ਹੋ ਗਏ ਅਤੇ ਜੀਵ ਦੀ ਪਾਰਬ੍ਰਹਮ ਨਾਲ ਅਭੇਦਤਾ ਹੋ ਗਈ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ॥**

**ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥** ਮ: ੫, ਪੰਨਾ ੬੭੨

ਸਤਿਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ ਕਿ ਜਿਹੜਾ ਜਗਿਆਸੂ ਮਾਣ-ਅਹੰਕਾਰ ਤਿਆਗ ਕੇ ਪ੍ਰਭੂ ਦੀ ਪ੍ਰੇਮਾ-ਭਗਤੀ ਕਰਦਾ ਹੈ, ਪਰਮਾਤਮਾ ਉਸ ਦੇ ਬੁਢੇਪੇ, ਮੌਤ ਅਤੇ ਨਰਕਾਂ ਦੇ ਸਾਰੇ ਡਰ ਦੂਰ ਕਰਕੇ, ਉਸ ਦੀ ਆਤਮਾ ਨੂੰ ਪਵਿੱਤਰ ਕਰਕੇ, ਆਪਣੇ ਸਰੂਪ ਵਿੱਚ ਸਦਾ ਲਈ ਅਭੇਦਤਾ ਪ੍ਰਦਾਨ ਕਰ ਦਿੰਦਾ ਹੈ। ਜਿਸ ਨੂੰ ਪਰਮਾਤਮਾ ਇੱਕ ਵਾਰੀ ਆਪਣਾ ਬਣਾ ਲੈਂਦਾ ਹੈ, ਉਸ ਨੂੰ



ਕਦੀ ਵੀ ਵਿਛੋੜਦਾ ਨਹੀਂ। ਇਹ ਪਰਮਾਤਮਾ ਦੀ ਭਲੀ ਤੇ ਨਿਰਾਲੀ ਰੀਤ ਹੈ। ਆਪ ਜੀ ਦਾ ਫੁਰਮਾਨ ਹੈ :

**ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ ਇਹ ਰੀਤਿ ਭਲੀ ਭਗਵੰਤੈ॥**

**ਨਾਨਕ ਜਰਾ ਮਰਣ ਭੈ ਨਰਕ ਨਿਵਾਰੈ ਪੁਨੀਤ ਕਰੈ ਤਿਸੁ ਜੰਤੈ॥**

ਮ: ੫, ਪੰਨਾ ੨੪੯

**"ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥"** ਦੀ ਵਿਆਖਿਆ ਹਿਤ ਸਤਿਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਅੰਦਰ ਬਚਨ ਉਚਾਰਨ ਕੀਤੇ ਹਨ ਕਿ ਹੇ ਪ੍ਰਭੂ! ਜਿਸ ਮਨੁੱਖ ਨੇ ਤੇਰੀ ਟੇਕ ਧਾਰਨ ਕੀਤੀ ਅਤੇ ਜਿਸ ਨੂੰ ਤੁਸੀਂ ਆਸਰਾ ਦੇ ਦਿੱਤਾ, ਉਹ ਸਦਾ ਵਾਸਤੇ ਅਮਰ ਹੋ ਜਾਂਦਾ ਹੈ। ਜਿਸ ਨੂੰ ਤੁਸੀਂ ਆਪਣਾ ਸਦੀਵੀ ਮਿਲਾਪ ਪ੍ਰਦਾਨ ਕਰ ਦਿੰਦੇ ਹੋ, ਫਿਰ ਉਸ ਜੀਵ ਆਤਮਾ ਦਾ ਕਦੇ ਵੀ ਤੁਹਾਡੇ ਨਾਲੋਂ ਵਿਛੋੜਾ ਨਹੀਂ ਪੈਂਦਾ।

**ਹਰਿ ਆਪੇ ਲਏ ਮਿਲਾਇ ਕਿਉ ਵੇਛੋੜਾ ਥੀਵਈ ਬਲਿ ਰਾਮ ਜੀਉ॥**

**ਜਿਸ ਨੋ ਤੇਰੀ ਟੇਕ ਸੋ ਸਦਾ ਸਦ ਜੀਵਈ ਬਲਿ ਰਾਮ ਜੀਉ॥**

ਮ: ੫, ਪੰਨਾ ੭੭੮

## *ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥*

**ਅੱਖਰੀ-ਅਰਥ :** ਪਰੀ-ਪੂਰਨ ਪਰਮਾਤਮਾ ਜੋ ਸਾਡੀ ਸੋਚ ਸ਼ਕਤੀ ਅਤੇ ਇੰਦਰੀਆਂ ਦੀ ਪਹੁੰਚ ਤੋਂ ਪਰ੍ਹੇ ਹੈ। ਜਿਸ ਦੇ ਗੁਣ ਗਾਉਣ ਨਾਲ ਮਾਇਆ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ, ਜਿਹੜੇ ਪ੍ਰਾਣੀ ਨੂੰ ਪਰਮਾਤਮਾ ਆਪਣੇ ਵਿੱਚ ਅਭੇਦ ਕਰ ਲੈਂਦਾ ਹੈ, ਉਸ ਨੂੰ ਆਪਣੇ ਨਾਲੋਂ ਕਦੇ ਵਿਛੋੜਦਾ ਨਹੀਂ, ਅਜਿਹੇ ਸੱਜਣ ਪ੍ਰਭੂ ਤੋਂ ਮੈਂ ਲੱਖਾਂ ਵਾਰੀ ਕੁਰਬਾਨ-ਬਲਿਹਾਰ ਜਾਂਦਾ ਹਾਂ।

**ਸੰਖੇਪ-ਵਿਚਾਰ :** ਸਤਿਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ ਕਿ ਪਰਮਾਤਮਾ ਸਾਰਿਆਂ ਦਾ ਮਾਲਕ ਹੈ। ਉਸ ਮਾਲਕ ਦੀ ਲੱਖਤਾ ਨਹੀਂ ਹੋ ਸਕਦੀ। ਉਸ ਮਾਲਕ ਦਾ ਅੱਜ ਤੱਕ ਕਿਸੇ ਨੇ ਪਾਰਾਵਾਰ ਨਹੀਂ ਪਾਇਆ। ਅਜਿਹੇ

ਮਾਲਕ ਦੀ ਹੋਂਦ ਭੋਰਾ ਜਿੰਨੀ ਵੀ ਮਨ ਵਿੱਚ ਵੱਸ ਜਾਵੇ, ਜੀਵ ਦੇ ਸਾਰੇ ਦੁੱਖ ਦਰਦ ਅਤੇ ਆਤਮਿਕ ਰੋਗ ਸਦਾ ਲਈ ਦੂਰ ਹੋ ਜਾਂਦੇ ਹਨ। ਮੈਂ ਆਪਣੇ ਮਾਲਕ ਤੋਂ ਬਾਰੰਬਾਰ ਕੁਰਬਾਨ ਜਾਂਦਾ ਹਾਂ। ਜਿਸ ਦਾ ਨਾਂ ਜੱਪਣ ਨਾਲ ਮਨ ਅੰਦਰ ਬੇਅੰਤ ਅਨੰਦ ਉਤਪੰਨ ਹੋ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ॥**

**ਦੂਖੁ ਦਰਦੁ ਰੋਗੁ ਮਾਇ ਮੈਡਾ ਹਭੁ ਨਸੈ॥੧॥**

**ਹਉ ਵੰਞਾ ਕੁਰਬਾਣੁ ਸਾਈ ਆਪਣੇ॥**

**ਹੋਵੈ ਅਨਦੁ ਘਣਾ ਮਨਿ ਤਨਿ ਜਾਪਣੇ॥** ਮ: ੫, ਪੰਨਾ ੩੯੭

ਸਤਿਗੁਰੂ ਅਰਜਨ ਦੇਵ ਜੀ, ਆਪਣੇ ਮਾਲਕ ਤੋਂ ਕੁਰਬਾਨ ਜਾਂਦੇ ਸੂਹੀ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਹੇ ਮਾਲਕ! ਮੈਂ ਤੈਥੋਂ ਵਾਰਨੇ ਜਾਂਦਾ ਹਾਂ, ਸਦਾ-ਸਦਾ ਕੁਰਬਾਨ ਜਾਂਦਾ ਹਾਂ ਕਿਉਂਕਿ ਤੂੰ ਮੇਰਾ ਪਰਬਤ ਵਰਗਾ ਆਸਰਾ ਹੈਂ। ਮੈਂ ਤੈਥੋਂ ਇੱਕ ਵਾਰੀ ਨਹੀਂ, ਲੱਖਾਂ-ਲੱਖਾਂ ਵਾਰੀ ਬਲਿਹਾਰ ਜਾਂਦਾ ਹਾਂ ਕਿਉਂਕਿ ਤੁਸੀਂ ਮਿਹਰ ਕਰਕੇ ਮੇਰੇ ਅੰਦਰੋਂ ਅਗਿਆਨ ਭਰਮ ਦੇ ਪੜਦੇ ਦੂਰ ਕਰ ਦਿੱਤੇ ਹਨ। ਹੇ ਪ੍ਰਭੂ! ਤੁਸੀਂ ਮਿਹਰ ਕਰਕੇ ਜਦੋਂ ਦਾ ਮੇਰਾ ਅਗਿਆਨਤਾ ਦਾ ਅੰਧੇਰਾ ਦੂਰ ਕੀਤਾ ਹੈ, ਹੁਣ ਮੇਰੇ ਮਨ ਨੇ ਮਾਇਆ ਦੇ ਵਿਸ਼ੇ ਵਿਕਾਰੀ ਰਸਾਂ ਦਾ ਤਿਆਗ ਕਰ ਦਿੱਤਾ ਹੈ। ਆਪ ਦੀ ਰਹਿਮਤ ਨਾਲ ਮੇਰਾ ਮਨ ਹੁਣ ਤੁਹਾਡੇ ਨਾਲ ਪਤੀਜ਼ ਗਿਆ ਹੈ। ਆਪ ਜੀ ਨੂੰ ਭਾਉਣ ਸਦਕਾ ਮੈਂ ਸੰਸਾਰ ਵਲੋਂ ਬੇ-ਮੁਹਤਾਜ ਹੋ ਗਿਆ ਹਾਂ। ਮੇਰਾ ਮਨੁੱਖਾ ਜਨਮ ਮਾਨੋਂ ਸਫਲ ਹੋ ਗਿਆ ਹੈ। ਹੇ ਮਾਲਕ ਪ੍ਰਭੂ! ਆਪ ਦੀ ਮਿਹਰ ਨਾਲ ਮੇਰੀ ਆਤਮਾ ਮਾਇਕੀ ਬੰਧਨਾਂ ਤੋਂ ਹੁਣ ਸੁਤੰਤਰ ਹੋ ਗਈ ਹੈ। ਆਪ ਦੀ ਮਿਹਰ ਸਦਕਾ ਮੇਰੀ ਆਤਮਾ ਗੁਣਾਂ ਨਾਲ ਭਰਪੂਰ ਹੋ ਕੇ ਅਮੋਲਕ ਹੋ ਗਈ ਹੈ। ਸੰਸਾਰ ਦੀ ਮੋਹ-ਮਾਇਆ ਵਿੱਚ ਕਿਵੇਂ ਨਿਰਲੇਪ ਰਹਿਣਾ ਹੈ, ਇਹ ਜੁਗਤੀ ਵੀ ਆਪ ਨੇ ਦਰਸਾ ਦਿੱਤੀ ਹੈ। ਹੇ ਪ੍ਰਭੂ! ਮੇਰੇ ਸਾਰੇ ਡਰ ਆਪ ਦੀ ਰਹਿਮਤ ਨਾਲ ਦੂਰ ਹੋ ਗਏ ਹਨ ਕਿਉਂਕਿ ਤੂੰ ਮੇਰਾ ਆਸਰਾ ਬਣ ਗਿਆ ਹੈਂ। ਇਸ ਲਈ ਮੈਂ ਆਪ ਜੀ ਤੋਂ ਲੱਖਾਂ ਵਾਰੀ ਕੁਰਬਾਨ-ਬਲਿਹਾਰ ਜਾਂਦਾ ਹਾਂ। ਆਪ ਜੀ ਦਾ ਫੁਰਮਾਨ ਹੈ :



**ਹਉ ਵਾਰੀ ਵੰਞਾ ਘੋਲੀ ਵੰਞਾ ਤੂ ਪਰਬਤੁ ਮੇਰਾ ਓਲ੍ਹਾ ਰਾਮ॥**

**ਹਉ ਬਲਿ ਜਾਈ ਲਖ ਲਖ ਲਖ ਬਰੀਆ ਜਿਨਿ ਭ੍ਰਮੁ ਪਰਦਾ ਖੋਲ੍ਹਾ ਰਾਮ॥**

**ਮਿਟੇ ਅੰਧਾਰੇ ਤਜੇ ਬਿਕਾਰੇ ਠਾਕੁਰ ਸਿਉ ਮਨੁ ਮਾਨਾ॥**

**ਪ੍ਰਭ ਜੀ ਭਾਣੀ ਭਈ ਨਿਕਾਣੀ ਸਫਲ ਜਨਮੁ ਪਰਵਾਨਾ॥**

**ਭਈ ਅਮੋਲੀ ਭਾਰਾ ਤੋਲੀ ਮੁਕਤਿ ਜੁਗਤਿ ਦਰੁ ਖੋਲ੍ਹਾ॥**

**ਕਹੁ ਨਾਨਕ ਹਉ ਨਿਰਭਉ ਹੋਈ ਸੋ ਪ੍ਰਭੁ ਮੇਰਾ ਓਲ੍ਹਾ॥੪॥੧॥**

ਮ: ੫, ਪੰਨਾ ੭੭੯

"**ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥**" ਤੋਂ ਕਿਉਂ ਬਲਿਹਾਰ ਜਾਣਾ ਹੈ ? ਕਿਉਂਕਿ ਉਸ ਸੱਜਣ ਅਗੰਮ-ਅਗਾਹ ਨੇ ਮੇਰਾ ਹਿਰਦਾ ਰੂਪੀ ਘਰ ਜੋ ਮਾਇਆ ਦੇ ਦੂਤਾਂ ਨੇ ਉਜਾੜ ਕੇ ਬਰਬਾਦ ਕਰ ਦਿੱਤਾ ਸੀ, ਉਸ ਨੂੰ ਮੁੜ ਕੇ ਵਸਾ ਦਿੱਤਾ ਹੈ। ਇਸ ਲਈ ਮੈਂ ਉਸ ਤੋਂ ਸਦਕੇ ਕੁਰਬਾਨ ਜਾਂਦਾ ਹਾਂ। ਆਪ ਸਾਹਿਬਾਂ ਦਾ ਫੁਰਮਾਨ ਹੈ ਕਿ :

**ਹਉ ਵਾਰੀ ਘੁੰਮਾ ਜਾਵਦਾ॥ ਇਕ ਸਾਹਾ ਤੁਧੁ ਧਿਆਇਦਾ॥**

**ਉਜੜੁ ਥੇਹੁ ਵਸਾਇਓ ਹਉ ਤੁਧ ਵਿਟਹੁ ਕੁਰਬਾਣੁ ਜੀਉ॥** ਮ: ੫, ਪੰਨਾ ੭੩

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸਿਰੀਰਾਗ ਅੰਦਰ ਫੁਰਮਾਨ ਹੈ ਕਿ ਮੈਂ ਆਪਣੇ ਮਾਲਕ ਤੋਂ ਤੇ ਉਸ ਦੇ ਨਾਮ ਤੋਂ ਕਿਉਂ ਕੁਰਬਾਨ ਜਾਂਦਾ ਹਾਂ ਕਿਉਂਕਿ ਉਸ ਨੇ ਸਾਰੇ ਸੰਸਾਰ ਨੂੰ ਪੈਦਾ ਕਰਕੇ ਹਰ ਇੱਕ ਨੂੰ ਧੰਧਿਆਂ ਵਿੱਚ ਲਾਇਆ ਹੈ। ਸਾਰਿਆਂ ਨੂੰ ਧੰਧਿਆਂ ਵਿੱਚ ਲਾ ਕੇ ਆਪਣੀ ਇਸ ਕਾਰ ਨੂੰ ਨਿਰੰਤਰ ਵੇਖ ਰਿਹਾ ਹੈ। ਇਸ ਲਈ ਹੇ ਮਾਲਕ! ਤੂੰ ਧੰਨ ਹੈ, ਤੇਰਾ ਨਾਮ ਵੀ ਧੰਨ ਹੈ। ਮੈਂ ਤੈਥੋਂ ਕੁਰਬਾਨ ਤਥਾ ਸਦਕੇ ਜਾਂਦਾ ਹਾਂ। ਆਪ ਜੀ ਦਾ ਫੁਰਮਾਨ ਹੈ :

**ਹਉ ਵਾਰੀ ਹਉ ਵਾਰਣੈ ਕੁਰਬਾਣੁ ਤੇਰੇ ਨਾਵ ਨੋ॥੧॥ ਰਹਾਉ॥**

**ਤੁਧੁ ਸੰਸਾਰੁ ਉਪਾਇਆ॥ ਸਿਰੇ ਸਿਰਿ ਧੰਧੇ ਲਾਇਆ॥**

**ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ॥੨॥**

ਮ: ੧, ਪੰਨਾ ੭੧

ਸੋ ਅਜਿਹੇ ਸਰਬ-ਸਮਰੱਥ, ਰੋਜ਼ੀ-ਦਹਿੰਦ, ਘਟ-ਘਟ ਵਾਸੀ ਸਰਬ ਨਿਵਾਸੀ, ਲੋਕ-ਪ੍ਰਲੋਕ ਦੇ ਦਾਤੇ ਅਤੇ ਸਦ-ਬਖਸ਼ੰਦ ਦਾਤਾਰ ਤੋਂ ਬਾਰੰ ਬਾਰ ਬਲਿਹਾਰ, ਸਦਕੇ ਜਾਣਾ ਚਾਹੀਦਾ ਹੈ।

## *ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥*

**ਅੱਖਰੀ-ਅਰਥ :** ਜੋ ਜਗਿਆਸੂ ਸ਼ਰਨ-ਪਾਲਕ ਪਰਮਾਤਮਾ ਦੀ ਸ਼ਰਨ ਵਿੱਚ ਪੈ ਜਾਂਦੇ ਹਨ, ਪਰਮਾਤਮਾ ਉਨ੍ਹਾਂ ਦੀ ਲੋਕ-ਪ੍ਰਲੋਕ ਵਿੱਚ ਲਾਜ ਰੱਖਦਾ ਹੈ।

**ਸੰਖੇਪ-ਵਿਚਾਰ :** ਸਮੁੰਦਰ ਦੇ ਸਨਮੁਖ ਇੱਕ ਬੂੰਦ ਦੀ ਕੀ ਹਸਤੀ ? ਪਹਾੜ ਦੇ ਅੱਗੇ ਇੱਕ ਧੂੜ ਦੇ ਕਿਣਕੇ ਦੀ ਕੀ ਹਸਤੀ ? ਤਿਵੇਂ ਪਰਮਾਤਮਾ ਜੋ ਖੰਡਾ-ਬ੍ਰਹਿਮੰਡਾਂ, ਲੋਕ-ਪ੍ਰਲੋਕ ਅਥਵਾ ਸਾਰੀ ਕਾਇਨਾਤ ਦਾ ਮਾਲਕ ਹੈ, ਉਸ ਦੇ ਮੂਹਰੇ ਇੱਕ ਨਿਗੁਣੀ ਜੀਵ ਆਤਮਾ ਦੀ ਕੀ ਹਸਤੀ ਹੈ ? ਪਰਮਾਤਮਾ ਜੋ ਅਥਾਹ ਸ਼ਕਤੀਆਂ ਦਾ ਮਾਲਕ ਹੈ, ਦੇ ਸਨਮੁਖ ਅਜਿਹੀ ਜੀਵ ਆਤਮਾ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੇਨਤੀ ਕਰਵਾਉਂਦਿਆਂ ਫੁਰਮਾਨ ਕੀਤਾ ਹੈ ਕਿ ਹੇ ਪਰਮਾਤਮਾ! ਤੂੰ ਸਾਰਿਆਂ ਦਾ ਮਾਲਕ ਹੈ। ਤੁਹਾਨੂੰ ਕਿਸੇ ਪ੍ਰਕਾਰ ਦੀ ਇੱਛਾ ਨਹੀਂ, ਤੁਸੀਂ ਸ਼ੁਭ ਗੁਣਾਂ ਦੀ ਖਾਣ ਹੋ। ਤੁਸੀਂ ਬਹੁਤ ਸਿਆਣੇ-ਦਾਨੇ ਹੋ। ਮੇਰੇ ਵਰਗੀਆਂ ਅਨੇਕਾਂ ਗਿਣਤੀ ਤੋਂ ਬਾਹਰ ਤੁਹਾਡੀਆਂ ਦਾਸੀਆਂ ਹਨ। ਹੇ ਦਾਤਾਰ! ਮੈਂ ਤੁਹਾਡੀ ਸਾਰ ਨਹੀਂ ਜਾਣੀ ਤੇ ਨਾ ਹੀ ਜਾਣ ਸਕਦਾ ਹਾਂ। ਆਪ ਜੀ ਹੀ ਕਿਰਪਾ ਕਰੋ, ਮੈਨੂੰ ਅਜਿਹੀ ਮਤ ਪ੍ਰਦਾਨ ਕਰੋ ਤਾਂ ਜੋ ਮੈਂ ਅੱਠੇ ਪਹਿਰ ਆਪ ਜੀ ਦੀ ਯਾਦ ਅੰਦਰ ਆਪਣਾ ਸਮਾਂ ਬਤੀਤ ਕਰਾਂ। ਆਪ ਦਾ ਫੁਰਮਾਨ ਹੈ :

**ਤੂ ਠਾਕੁਰੋ ਬੈਰਾਗਰੋ ਮੈ ਜੇਹੀ ਘਣ ਚੇਰੀ ਰਾਮ ॥**
**ਤੂੰ ਸਾਗਰੋ ਰਤਨਾਗਰੋ ਹਉ ਸਾਰ ਨ ਜਾਣਾ ਤੇਰੀ ਰਾਮ ॥**
**ਸਾਰ ਨ ਜਾਣਾ ਤੂ ਵਡ ਦਾਣਾ ਕਰਿ ਮਿਹਰੰਮਤਿ ਸਾਂਈ ॥**
**ਕਿਰਪਾ ਕੀਜੈ ਸਾ ਮਤਿ ਦੀਜੈ ਆਠ ਪਹਰ ਤੁਧੁ ਧਿਆਈ ॥**

ਮ: ੫, ਪੰਨਾ ੭੭੯



ਹੇ ਸਮਰੱਥ ਦਾਤਾਰ ਜੀ! ਆਪ ਅਥਾਹ ਤਾਕਤ ਦੇ ਮਾਲਕ ਹੋ, ਮੇਰੀ ਮੱਤ ਬਹੁਤ ਥੋੜ੍ਹੀ ਹੈ, ਆਪ ਜੀ ਦਾ ਥਾਹ ਪਾ ਨਹੀਂ ਸਕਦੀ। ਆਪ ਜੀ ਦੀ ਨਦਰ ਸਾਰਿਆਂ ਉੱਪਰ ਇੱਕ-ਸਾਰ ਪੈ ਰਹੀ ਹੈ, ਤੁਸੀਂ ਤਾਂ ਨਾ-ਸ਼ੁਕਰਿਆਂ ਦੀ ਵੀ ਪਾਲਣਾ ਕਰਦੇ ਹੋ। ਹੇ ਅਗਾਧ ਬੋਧ ਸਤਿਗੁਰੂ ਜੀ! ਮੈਂ ਨੀਚ ਆਪ ਜੀ ਦੀਆਂ ਵਡਿਆਈਆਂ ਨੂੰ ਕੀ ਜਾਣਾ। ਮੈਂ ਤਾਂ ਰਤਨ-ਰੂਪੀ ਆਪ ਜੀ ਦਾ ਨਾਮ ਤਿਆਗ ਕੇ ਸੰਸਾਰੀ ਮਾਇਆ ਦੀਆਂ ਕੌਡੀਆਂ ਇਕੱਤਰ ਕਰਨ ਦੀ ਕਾਰ ਵਿੱਚ ਲੱਗਾ ਹੋਇਆਂ ਹਾਂ। ਮੈਂ ਪਸ਼ੂਆਂ ਵਾਲਾ ਸੁਭਾਅ ਰੱਖਣ ਵਾਲਾ ਨੀਵਾਂ, ਅੰਞਾਣ ਹਾਂ। ਮੈਂ ਉਹ ਮਾਇਆ ਜੋੜਦਾ ਰਿਹਾ ਹਾਂ ਜਿਹੜੀ ਕਦੇ ਨਾਲ ਨਹੀਂ ਨਿਭਦੀ। ਹੇ ਸਰਬ ਸ਼ਕਤੀਆਂ ਦੇ ਮਾਲਕ ਦਾਤਾ ਜੀ! ਆਪ ਜੀ ਦੀ ਸ਼ਰਨ ਆਇਆ ਹਾਂ, ਕ੍ਰਿਪਾ ਕਰਕੇ ਦਰ ਢੱਠੇ ਦੀ ਲਾਜ ਆਪ ਹੀ ਰੱਖਣਾ ਕਰੋ। ਧੰਨ ਗੁਰੂ ਅਰਜਨ ਦੇਵ ਸਾਹਿਬ ਜੀ ਦਾ ਪਾਵਨ ਬਚਨ ਹੈ :

**ਤੂ ਸਮਰਥੁ ਵਡਾ ਮੇਰੀ ਮਤਿ ਥੋਰੀ ਰਾਮ ॥**
**ਪਾਲਹਿ ਅਕਿਰਤਘਨਾ ਪੂਰਨ ਦ੍ਰਿਸਟਿ ਤੇਰੀ ਰਾਮ ॥**
**ਅਗਾਧਿ ਬੋਧਿ ਅਪਾਰ ਕਰਤੇ ਮੋਹਿ ਨੀਚੁ ਕਛੂ ਨ ਜਾਨਾ ॥**
**ਰਤਨੁ ਤਿਆਗਿ ਸੰਗ੍ਰਹਨ ਕਉਡੀ ਪਸੂ ਨੀਚੁ ਇਆਨਾ ॥**
**ਤਿਆਗਿ ਚਲਤੀ ਮਹਾ ਚੰਚਲਿ ਦੋਖ ਕਰਿ ਕਰਿ ਜੋਰੀ ॥**
**ਨਾਨਕ ਸਰਨਿ ਸਮਰਥ ਸੁਆਮੀ ਪੈਜ ਰਾਖਹੁ ਮੋਰੀ ॥**

ਮ: ੫, ਪੰਨਾ ੫੪੭

ਅਜਿਹੇ ਸਰਬ-ਸਮਰੱਥ, ਦਿਆਲੂ, ਕ੍ਰਿਪਾਲੂ, ਲੋਕ-ਪ੍ਰਲੋਕ ਦੀਆਂ ਨਿਆਮਤਾਂ ਪ੍ਰਦਾਨ ਕਰਨ ਵਾਲੇ ਅਸਗਾਹ ਗੁਣਾਂ ਦੇ ਸਾਗਰ ਪਰਮਾਤਮਾ ਦੀ ਜੀਵ-ਆਤਮਾ ਨੂੰ ਹਮੇਸ਼ਾਂ-ਹਮੇਸ਼ਾਂ ਸ਼ਰਨ ਵਿੱਚ ਆ ਕੇ ਆਪਣੀ ਝੂਠੀ ਹੋਂਦ ਦਾ ਤਿਆਗ ਕਰਕੇ ਗੁਰੂ ਰਾਮਦਾਸ ਜੀ ਦੇ ਫੁਰਮਾਨ ਨੂੰ ਮੁੱਖ ਰੱਖ ਕੇ ਪੁਕਾਰਨਾ ਚਾਹੀਦਾ ਹੈ। ਹੇ ਦਾਤਾਰ!

**ਅਬ ਹਮ ਚਲੀ ਠਾਕੁਰ ਪਹਿ ਹਾਰਿ ॥**
**ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ ॥੧॥ਰਹਾਉ ॥**
**ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ ॥**

**ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥੧॥**

**ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥**

**ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥੨॥੪॥**

ਮ: ੪, ਪੰਨਾ ੫੨੭

ਜਿਹੜਾ ਅਜਿਹੀ ਭਾਵਨਾ ਧਾਰ ਕੇ ਆਪਣੇ ਮਾਲਕ ਦੀ ਸ਼ਰਨ ਵਿੱਚ ਆ ਜਾਂਦਾ ਹੈ, ਫਿਰ ਮਾਲਕ ਦਾ ਬਿਰਦ ਹੈ :

**ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥**

ਮ: ੫, ਪੰਨਾ ੫੪੪

## *ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥੧੧॥*

**ਅੱਖਰੀ-ਅਰਥ :** ਪੋਹ ਦਾ ਮਹੀਨਾ, ਜਿਸ ਵਿੱਚ ਅਤਿ ਸਰਦੀ ਕਾਰਣ ਮਨੁੱਖ ਤਨ ਤੇ ਮਨ ਕਰਕੇ ਅਸ਼ਾਂਤ ਤੇ ਬੇਚੈਨ ਸਮਾਂ ਗੁਜਾਰਦਾ ਹੈ, ਉਸ ਮਨੁੱਖ ਨੂੰ ਸੋਭਨੀਕ ਤੇ ਸੁੱਖਾਂ ਭਰਿਆ ਬਤੀਤ ਹੋਵੇਗਾ ਜੋ ਪ੍ਰਭੂ ਬਖਸ਼ਿਸ਼ ਦਾ ਪਾਤਰ ਬਣ ਜਾਂਦਾ ਹੈ।

**ਸੰਖੇਪ-ਵਿਚਾਰ :** ਬੇ-ਪ੍ਰਵਾਹ ਪਰਮਾਤਮਾ ਬਖਸ਼ਿਸਾਂ ਕਿਸ ਤੇ ਕਰਦਾ ਹੈ ? ਪਰਮਾਤਮਾ ਨੇ ਸੰਸਾਰ ਅੰਦਰ ਇੱਕ ਨਿਯਮ ਬਣਾਇਆ ਹੈ। ਜਿਸ ਨੇ ਮਾਤਾ-ਪਿਤਾ ਦੀ ਬਖਸ਼ਿਸ਼ ਪ੍ਰਾਪਤ ਕਰਨੀ ਹੁੰਦੀ ਹੈ, ਉਸ ਨੂੰ ਮਾਤਾ-ਪਿਤਾ ਦੇ ਹੁਕਮ ਅਨੁਸਾਰ ਚੱਲਣਾ ਪੈਂਦਾ ਹੈ। ਜੋ ਮਾਤਾ-ਪਿਤਾ ਦੇ ਹੁਕਮ ਅਨੁਸਾਰ ਬੱਚਾ ਚੱਲਦਾ ਹੈ, ਉਹ ਮਾਤਾ-ਪਿਤਾ ਦੀ ਬਖਸ਼ਿਸ਼ ਪ੍ਰਾਪਤ ਕਰ ਲੈਂਦਾ ਹੈ। ਜਿਸ ਨੇ ਮਿੱਤਰ ਦੋਸਤ ਦੀ ਪ੍ਰਸੰਨਤਾ ਲੈਣੀ ਹੋਵੇ, ਉਸ ਨੂੰ ਮਿੱਤਰ-ਦੋਸਤ ਦੇ ਅਨੁਸਾਰੀ ਚੱਲਣਾ ਪੈਂਦਾ ਹੈ। ਮਿੱਤਰ ਦੋਸਤ ਦੇ ਅਨੁਸਾਰ ਚੱਲ ਕੇ ਮਿੱਤ੍ਰ, ਮਿੱਤ੍ਰ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦਾ ਹੈ। ਤਿਵੇਂ ਹੀ ਜਿਸ ਨੇ ਪਰਮਾਤਮਾ ਦੀ, ਸਤਿਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰਨੀ ਹੋਵੇ, ਉਸ ਵਾਸਤੇ ਵੀ ਉਹੋ ਦੁਨਿਆਵੀ ਨੇਮ ਹੀ ਲਾਗੂ ਹੋਵੇਗਾ ਭਾਵ ਜੋ ਸਤਿਗੁਰੂ ਜੀ ਗੁਰਬਾਣੀ ਅੰਦਰ ਸਾਨੂੰ ਜੀਵਾਂ ਨੂੰ ਚੰਗੇ ਕਰਮ ਕਰਨ ਵਾਸਤੇ ਪ੍ਰੇਰਨਾ ਦਿੰਦੇ ਹਨ, ਉਨ੍ਹਾਂ ਕਰਮਾਂ ਨੂੰ ਆਪਣੇ ਜੀਵਨ ਅੰਦਰ ਧਾਰਨ ਕਰਨਾ ਅਤੇ ਜਿਨ੍ਹਾਂ ਮਾੜ੍ਹੇ ਕਰਮਾਂ ਤੋਂ



ਸਾਨੂੰ ਜੀਵਾਂ ਨੂੰ ਵਰਜਦੇ ਹਨ, ਉਨ੍ਹਾਂ ਮਾੜੇ ਕਰਮਾਂ ਦਾ ਤਿਆਗ ਕਰਨਾ ਪਵੇਗਾ। ਇਸ ਤਰ੍ਹਾਂ ਸਤਿਗੁਰੂ ਦੇ ਹੁਕਮ ਰਜਾਈ ਚੱਲਣ ਨਾਲ ਸਤਿਗੁਰੂ ਤੇ ਪਰਮਾਤਮਾ ਪ੍ਰਸੰਨ ਹੋ ਕੇ ਲੋਕ-ਪਰਲੋਕ ਦੀਆਂ ਬਖਸ਼ਿਸ਼ਾਂ ਨਾਲ ਜਗਿਆਸੂ ਦੀਆਂ ਝੋਲੀਆਂ ਭਰ ਦਿੰਦੇ ਹਨ। ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਧਨਾਸਰੀ ਰਾਗ ਅੰਦਰ ਫੁਰਮਾਨ ਕੀਤਾ ਹੈ। ਹੇ ਗੁਰਸਿਖੋ! ਜੇ ਤੁਸੀਂ ਬੇ-ਪਰਵਾਹ ਪ੍ਰਭੂ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰਨੀਆਂ ਹਨ, ਫਿਰ ਤੁਸੀਂ ਗੁਰੂ ਦਰਸਾਏ ਮਾਰਗ ਉੱਤੇ ਚੱਲੋ, ਕਿਉਂਕਿ ਗੁਰੂ ਨੇ ਇਹ ਮਾਰਗ ਤੁਹਾਡੇ ਭਲੇ ਵਾਸਤੇ ਹੀ ਬਣਾਇਆ ਹੈ। ਜੋ ਗੁਰਸਿੱਖ, ਗੁਰੂ ਦਰਸਾਏ ਮਾਰਗ ਉੱਪਰ ਚੱਲੇਗਾ, ਪਰਮਾਤਮਾ ਉਸ ਉਪਰ ਬਖਸ਼ਿਸ਼ਾਂ ਕਰ ਦੇਵੇਗਾ। ਸਾਹਿਬਾਂ ਦਾ ਫੁਰਮਾਨ ਹੈ :

**ਗੁਰਸਿਖ ਮੀਤ ਚਲਹੁ ਗੁਰ ਚਾਲੀ॥**

**ਜੋ ਗੁਰੁ ਕਹੈ ਸੋਈ ਭਲ ਮਾਨਹੁ ਹਰਿ ਹਰਿ ਕਥਾ ਨਿਰਾਲੀ॥੧॥ ਰਹਾਉ॥**

ਮ: ੪, ਪੰਨਾ ੬੬੭

❒❒❒

# ਮਾਘਿ (ਮਾਘ)

## ਮੂਲ-ਪਾਠ

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*
*ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥*
*ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*
*ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥*
*ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥*
*ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*
*ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨ ॥*

**ਪਦ-ਅਰਥ : ਮਾਘਿ** = ਮਾਘ ਦੇ ਮਹੀਨੇ ਦੁਆਰਾ ਉਪਦੇਸ਼। **ਮਜਨੁ** = ਚੁੱਭੀ ਮਾਰਕੇ ਇਸ਼ਨਾਨ ਕਰਨਾ। **ਸੰਗਿ ਸਾਧੂਆ** = ਸਾਧੂ-ਮਹਾਂਪੁਰਸ਼ਾਂ ਦੀ ਸੰਗਤ। **ਧੂੜੀ ਕਰਿ ਇਸਨਾਨੁ** = ਪਰਮਾਤਮਾ ਨਾਲ ਜੁੜਿਆ ਹੋਇਆ ਗੁਰਮੁਖਾਂ ਦੀ ਸੰਗਤ ਵਿੱਚ, ਮਨ ਅੰਦਰ ਨਿਮ੍ਰਤਾ ਧਾਰਨ ਕਰਕੇ ਜਾਹ। **ਜਨਮ ਕਰਮ ਮਲੁ ਉਤਰੈ** = ਜਨਮਾਂ-ਜਨਮਾਂਤਰਾਂ ਦੇ ਕੀਤੇ ਪਾਪ ਕਰਮਾਂ ਦੀ ਮੈਲ ਆਤਮਾ ਤੋਂ ਉੱਤਰ ਜਾਂਦੀ ਹੈ। **ਗੁਮਾਨੁ** = ਹੰਕਾਰ। **ਬਿਨਸੈ** = ਨਾਸ਼ ਹੋ ਜਾਂਦਾ ਹੈ। **ਲੋਭੁ ਸੁਆਨੁ** = ਲੋਭ ਰੂਪੀ ਕੁੱਤਾ। **ਸਚੈ ਮਾਰਗਿ** = ਸਚ-ਧਰਮ ਦੇ ਮਾਰਗ ਉੱਪਰ ਚੱਲਣ ਨਾਲ। **ਉਸਤਤਿ ਕਰੇ ਜਹਾਨੁ** = ਸਾਰਾ ਸੰਸਾਰ ਹੀ ਸੱਚ-ਧਰਮ ਦੇ ਧਾਰਨੀ ਦੀ ਸ਼ੋਭਾ ਕਰਨ ਲੱਗ ਜਾਂਦਾ ਹੈ। **ਅਠਸਠਿ ਤੀਰਥ** = ਅਠਾਹਠ ਤੀਰਥਾਂ ਦਾ। **ਜੀਅ ਦਇਆ** = ਜੀਵਾਂ ਉੱਪਰ ਦਇਆ ਕਰਨੀ। **ਪਰਵਾਨੁ** = ਪ੍ਰਮਾਣਿਕ ਮੰਨਿਆ ਹੈ। **ਸੁਜਾਨੁ** = ਸਿਆਣਾ-ਸੁਘੜ। **ਕੁਰਬਾਨੁ** = ਬਲਿਹਾਰ। **ਕਾਂਢੀਅਹਿ** = ਕਹੇ ਜਾਂਦੇ ਹਨ।



# ਮਾਘਿ ਮਜਨੁ ਸੰਗਿ ਸਾਧੂਆ

ਪੁਰਾਤਨ ਸਮੇਂ ਵਿੱਚ ਮਾਘ ਦੇ ਮਹੀਨੇ ਅੰਦਰ ਤੀਰਥ ਇਸ਼ਨਾਨ ਨੂੰ ਬਹੁਤ ਮਹਾਨਤਾ ਦਿੱਤੀ ਜਾਂਦੀ ਸੀ। ਉਸੇ ਪ੍ਰਭਾਵ ਅਧੀਨ ਅਜੋਕੇ ਸਮੇਂ ਵਿੱਚ ਵੀ ਦਿੱਤੀ ਜਾਂਦੀ ਹੈ ਤੇ ਸਮਝਾਇਆ ਜਾਂਦਾ ਹੈ ਕਿ ਮਨੁੱਖ ਨੇ ਜਾਣੇ-ਅਨਜਾਣੇ ਜੋ ਪਾਪ ਕਰਮ ਕੀਤੇ ਹਨ, ਉਹ ਸਾਰੇ ਪਾਪ ਤੀਰਥਾਂ ਉੱਪਰ ਜਾ ਕੇ ਇਸ਼ਨਾਨ ਕਰਨ ਨਾਲ ਉਤਰ ਜਾਂਦੇ ਹਨ ਤੇ ਮਨੁੱਖੀ ਆਤਮਾ ਪਾਪਾਂ ਤੋਂ ਮੁਕਤ ਹੋ ਜਾਂਦੀ ਹੈ। ਮਨੁੱਖ ਤੀਰਥ ਇਸ਼ਨਾਨ ਕਰਕੇ ਆਪਣੇ ਆਪ ਨੂੰ ਪਾਪਾਂ ਦੇ ਭਾਰ ਤੋਂ ਮੁਕਤ ਹੋਇਆ ਜਾਣ ਕੇ, ਮੁੜ ਦੁਬਾਰਾ ਪਾਪ ਕਰਮਾਂ ਵਿੱਚ ਪਰਵਿਰਤ ਹੋ ਜਮਪੁਰੀ ਦੀਆਂ ਸਜ਼ਾਵਾਂ ਨੂੰ ਭੁਗਤਣ ਦਾ ਭਾਗੀ ਬਣ ਜਾਂਦਾ ਹੈ। ਸਾਹਿਬ ਗੁਰੂ ਅਰਜਨ ਦੇਵ ਜੀ ਨੇ ਇਸੇ ਵਿਚਾਰਧਾਰਾ ਦੇ ਧਾਰਨੀਆਂ ਪ੍ਰਤੀ ਪ੍ਰਭਾਤੀ ਰਾਗ ਅੰਦਰ ਫੁਰਮਾਨ ਕੀਤਾ ਹੈ :

**ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥**
**ਬਹੁਰਿ ਕਮਾਵਹਿ ਹੋਇ ਨਿਸੰਕ[੧] ॥ ਜਮ ਪੁਰਿ ਬਾਂਧਿ ਖਰੇ ਕਾਲੰਕ[੨] ॥੨ ॥**

ਪ੍ਰਭਾਤੀ ਮ: ੫, ਪੰਨਾ ੧੩੪੮

ਗੁਰਮਤਿ ਨੇ ਇਸ ਵਿਚਾਰਧਾਰਾ ਨੂੰ ਪ੍ਰਵਾਨ ਨਹੀਂ ਕੀਤਾ। ਸਾਡਾ ਜੀਵਨ "ਸੂਖਮ ਤੇ ਸਥੂਲ" ਦੇ ਸੁਮੇਲ ਨਾਲ ਚੱਲ ਰਿਹਾ ਹੈ। ਸਾਡਾ ਸਰੀਰ ਸਥੂਲ ਹੈ। ਇਸ ਸਥੂਲ ਸਰੀਰ ਨੂੰ ਚਲਾਉਣ ਵਾਲਾ ਸਾਡਾ ਮਨ ਸੂਖਮ ਹੈ। ਸੂਖਮ ਮਨ ਉੱਪਰ ਜੋ ਜਨਮਾਂ-ਜਨਮਾਂਤਰਾਂ ਦੇ ਪਾਪ ਸੰਸਕਾਰਾਂ ਦੀ ਮਲੀਨਤਾਈ ਲੱਗੀ ਹੋਈ ਹੈ ਅਤੇ ਜੋ ਹੁਣ ਲੱਗ ਰਹੀ ਹੈ, ਇਹ ਕਿਸੇ ਸਥੂਲ ਸਾਧਨ ਨਾਲ ਦੂਰ ਨਹੀਂ ਹੁੰਦੀ, ਕਿਉਂਕਿ ਸਥੂਲ ਦੀ ਪਹੁੰਚ ਸਥੂਲ ਤੱਕ ਹੀ ਹੈ। ਸਥੂਲ ਦੀ ਪਹੁੰਚ ਸੂਖਮ ਤੱਕ ਨਹੀਂ ਹੁੰਦੀ। ਸਰੀਰ ਸਾਡਾ ਸਥੂਲ ਹੈ, ਪਾਣੀ ਵੀ ਸਥੂਲ ਹੈ। ਪਾਣੀ ਦੇ ਇਸ਼ਨਾਨ ਕਰਨ ਨਾਲ ਸਰੀਰ ਤਾਂ ਜ਼ਰੂਰ ਪਵਿੱਤਰ ਹੋ ਜਾਂਦਾ ਹੈ। ਪਰ ਪਾਣੀ ਦੇ ਇਸ਼ਨਾਨ ਨਾਲ ਮਨ ਪਵਿੱਤਰ ਨਹੀਂ ਹੁੰਦਾ। ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦਾ ਵਡਹੰਸ ਰਾਗ ਅੰਦਰ ਫੁਰਮਾਨ ਹੈ। ਜੇ ਮਨੁੱਖ ਦਾ ਮਨ ਮੈਲਾ ਹੈ, ਉਸ ਮਨੁੱਖ ਦਾ ਸਥੂਲ ਸਰੀਰ ਦੁਆਰਾ ਕੀਤਾ ਹੋਇਆ ਸਾਰਾ ਕਰਮ ਵੀ ਮਲੀਨ ਹੋਵੇਗਾ। ਮਲੀਨ ਮਨ ਵਾਲੇ ਮਨੁੱਖ ਦਾ ਆਚਾਰ ਵੀ, ਵਿਉਹਾਰ ਵੀ ਤੇ ਕਿਰਦਾਰ ਵੀ ਮਾੜਾ ਹੋਵੇਗਾ। ਜੇ ਆਚਾਰ, ਵਿਉਹਾਰ

੧. ਬੇ-ਫਿਕਰ ਹੋ ਕੇ, ੨. ਦੋਸ਼ਾਂ ਦਾ ਪਾਪਾਂ ਦਾ ਭਾਗੀ ਜਾਣ ਕੇ।

ਤੇ ਕਿਰਦਾਰ ਨੂੰ ਚੰਗਾ ਬਨਾਉਣਾ ਹੈ ਫਿਰ ਮਨ ਨੂੰ ਪਵਿੱਤਰ ਕਰਨਾ ਪਵੇਗਾ। ਸਥੂਲ ਪਾਣੀ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਪਰ ਸਾਰਾ ਸੰਸਾਰ ਇਸ ਭਰਮ-ਭੁਲੇਖੇ ਦਾ ਸ਼ਿਕਾਰ ਹੈ ਕਿ ਅਸੀਂ ਪਾਣੀ ਨਾਲ ਤਨ ਨੂੰ ਧੋ ਕੇ ਮਨ ਨੂੰ ਪਵਿੱਤ੍ਰ ਕਰ ਲਵਾਂਗੇ। ਪਰ ਐਸਾ ਹੋ ਨਹੀਂ ਸਕਦਾ ਤੇ ਨਾ ਹੀ ਹੋ ਸਕਣਾ ਹੈ। ਸਤਿਗੁਰੂ ਅਮਰਦਾਸ ਜੀ ਦਾ ਵਡਹੰਸ ਰਾਗ ਅੰਦਰ ਫੁਰਮਾਨ ਹੈ :

**ਮਨਿ ਮੈਲੇ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥**

**ਇਹ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ॥**

ਵਡਹੰਸ ਮ: ੩, ਪੰਨਾ ੫੫੮

ਭਗਤ ਕਬੀਰ ਜੀ ਸੋਰਠ ਰਾਗ ਅੰਦਰ ਸਾਨੂੰ ਸਮਝਾਉਣ ਵਾਸਤੇ ਕੌੜੇ ਤੂੰਬੇ ਦੀ ਮਿਸਾਲ ਦੇ ਕੇ ਫੁਰਮਾਨ ਕਰਦੇ ਹਨ ਕਿ ਕੌੜੇ ਤੂੰਬੇ ਨੂੰ ਭਾਵੇਂ ਇੱਕ-ਦੋ ਤੀਰਥ ਨਹੀਂ ਬਲਕਿ ਅਠਾਹਠ ਤੀਰਥਾਂ ਦੇ ਜਲ ਨਾਲ ਇਸ਼ਨਾਨ ਕਰਵਾ ਦੇਈਏ, ਪਰ ਉਸ ਕੌੜੇ ਤੂੰਬੇ ਦੀ ਕੁੜੱਤਣ ਦੂਰ ਨਹੀਂ ਹੁੰਦੀ। ਜੇ ਕੌੜੇ ਤੂੰਬੇ ਨੂੰ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਵਾਉਣ ਨਾਲ ਉਸ ਦਾ ਕੌੜੇਪਨ ਦਾ ਸੁਭਾਅ ਨਹੀਂ ਬਦਲਦਾ ਤਾਂ ਹੇ ਮਨੁੱਖ! ਤੇਰੇ ਤਨ ਦੇ ਇਸ਼ਨਾਨ ਕਰਨ ਨਾਲ ਪਾਪ-ਕਰਮੀ ਸੁਭਾਅ ਕਿਵੇਂ ਬਦਲ ਸਕਦਾ ਹੈ? ਭਾਵ ਇਸ਼ਨਾਨ ਕਰਨ ਨਾਲ ਮਨ ਵਿੱਚ ਤਬਦੀਲੀ ਨਹੀਂ ਆਉਂਦੀ। ਆਪ ਜੀ ਦਾ ਫੁਰਮਾਨ ਹੈ :

**ਲਉਕੀ ਅਠਸਠਿ ਤੀਰਥ ਨ੍ਹਾਈ॥ ਕਉਰਾਪਨੁ ਤਊ ਨ ਜਾਈ॥**

ਕਬੀਰ ਜੀ, ਪੰਨਾ ੬੫੬

ਸੂਖਸ਼ਮ ਮਨ ਨੂੰ ਧੋਣ ਦਾ, ਪਵਿੱਤ੍ਰ ਕਰਨ ਦਾ ਸਾਧਨ ਹੈ ਗੁਰੂ ਦਾ ਸ਼ਬਦ। ਮਨ ਵੀ ਸੂਖਮ ਹੈ ਤੇ ਗੁਰੂ ਦਾ ਸ਼ਬਦ ਵੀ ਸੂਖਮ ਹੈ। ਸ਼ਬਦ ਦੀ ਕਮਾਈ ਕਰਨ ਨਾਲ ਮਨ ਪਵਿੱਤ੍ਰ ਹੋ ਜਾਂਦਾ ਹੈ। ਸਾਹਿਬ ਗੁਰੂ ਅਮਰਦਾਸ ਜੀ ਦਾ ਅਨੰਦ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਹੈ :

**ਮੰਨੁ ਧੋਵਹੁ ਸਬਦਿ ਲਾਗਹੁ ਹਰਿ ਸਿਉ ਰਹਹੁ ਚਿਤੁ ਲਾਇ॥**

**ਕਹੈ ਨਾਨਕੁ ਗੁਰ ਪਰਸਾਦੀ ਸਹਜੁ ਉਪਜੈ ਇਹੁ ਸਹਸਾ ਇਵ ਜਾਇ॥**

ਰਾਮਕਲੀ ਮ: ੩, ਪੰਨਾ ੯੧੯

ਮਨ ਦੀ ਪਵਿੱਤਰਤਾ ਹੁੰਦੀ ਹੈ, ਪਿਆਰ ਵਿੱਚ ਭਿੱਜ ਕੇ ਪਰਮਾਤਮਾ ਦੇ ਨਾਮ ਜਪਣ ਨਾਲ। ਜਪੁਜੀ ਸਾਹਿਬ ਵਿੱਚ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :



**ਭਰੀਐ ਮਤਿ ਪਾਪਾ ਕੈ ਸੰਗਿ॥ ਓਹੁ ਧੋਪੈ ਨਾਵੈ ਕੈ ਰੰਗਿ॥**

ਜਪੁਜੀ ਸਾਹਿਬ ਪੰਨਾ ੪

ਮਨ ਨੂੰ ਸਵੱਛ, ਪਵਿੱਤ੍ਰ ਕਰਨ ਦਾ ਦੂਸਰਾ ਸਾਧਨ ਹੈ ਸਤਿਸੰਗਤ। ਸਤਿ-ਸੰਗਤ ਵਿੱਚ ਬੈਠ ਕੇ ਪ੍ਰਭੂ ਚਿੰਤਨ ਕਰਨ ਅਤੇ ਪ੍ਰਭੂ ਗੁਣ ਗਾਉਣ ਨਾਲ ਮਨ ਉੱਪਰ ਜੋ ਜਨਮਾਂ-ਜਨਮਾਂਤਰਾਂ ਦੇ ਪਾਪ-ਸੰਸਕਾਰਾਂ ਦੀ ਗੂੜ੍ਹੀ ਥਿੰਧਾਈ ਲੱਗੀ ਹੋਈ ਹੈ, ਉਹ ਸਦਾ ਵਾਸਤੇ ਦੂਰ ਹੋ ਜਾਂਦੀ ਹੈ ਅਤੇ ਮਨ ਪਵਿੱਤ੍ਰ ਹੋ ਜਾਂਦਾ ਹੈ। ਮਨ ਪਵਿੱਤ੍ਰ ਹੁੰਦੇ ਸਾਰ ਹੀ ਹਿਰਦੇ ਵਿੱਚ ਪਰਮਾਤਮਾ ਦੇ ਨਾਮ ਦਾ ਟਿਕਾਉ ਹੋ ਜਾਂਦਾ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗਉੜੀ ਰਾਗ ਅਤੇ ਸੋਰਠਿ ਰਾਗ ਅੰਦਰ ਫੁਰਮਾਨ ਹੈ :

**ਅਹੰਬੁਧਿ ਮਨ ਪੂਰਿ ਥਿਧਾਈ॥ ਸਾਧ ਧੂਰਿ ਕਰਿ ਸੁਧ ਮੰਜਾਈ॥੧॥**

ਗਉੜੀ ਮ: ੫, ਪੰਨਾ ੨੦੦

**ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ॥**

**ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥**

ਸੋਰਠਿ ਮ: ੫, ਪੰਨਾ ੬੩੯

ਸਤਿਸੰਗਤ ਕਿਸੇ ਵੱਡੇ ਇਕੱਠ ਦਾ ਨਾਉਂ ਨਹੀਂ। ਸਤਿਸੰਗਤ ਦੋ ਸ਼ਬਦਾਂ ਦਾ ਸੁਮੇਲ ਹੈ ਸਤਿ + ਸੰਗਤ। ਸਤਿ ਹੈ ਪਰਮਾਤਮਾ, ਜਿਸ ਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਗੁਰਬਾਣੀ ਅੰਦਰ "**ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ**" ਕਿਹਾ ਹੈ। ਸੰਗਤ ਦਾ ਭਾਵ ਉਹ ਇਕੱਠ ਜਿਸ ਇਕੱਠ (ਇਕੱਤ੍ਰਤਾ) ਵਿੱਚ ਸਤਿ ਦੀ ਅਰਾਧਨਾ ਕੀਤੀ ਜਾਵੇ। ਸੱਤਿ ਦੇ ਗੁਣ ਗਾਏ ਜਾਣ, ਸੱਤ ਨਾਲ ਮਿਲਣ ਲਈ ਵਿਚਾਰ-ਚਰਚਾ ਕੀਤੀ ਜਾਵੇ, ਉਸ ਇਕੱਤ੍ਰਤਾ ਨੂੰ ਸੱਤਿ ਸੰਗਤ ਕਿਹਾ ਜਾਂਦਾ ਹੈ। ਜਿਸ ਇਕੱਤ੍ਰਤਾ ਵਿੱਚ ਸੱਤ ਦੀ ਅਣਹੋਂਦ ਹੋਵੇ, ਉਹ ਇਕੱਠ ਭਾਵੇਂ ਲੱਖਾਂ ਲੋਕਾਂ ਦਾ ਵੀ ਕਿਉਂ ਨਾ ਹੋਵੇ, ਉਸ ਨੂੰ ਸਤਿ-ਸੰਗਤ ਨਹੀਂ ਕਿਹਾ ਜਾਂਦਾ। ਉਸ ਇਕੱਠ ਨੂੰ, ਮੇਲਾ, ਜਲਸਾ, ਕਾਨਫਰੰਸ ਦਾ ਨਾਉਂ ਦਿੱਤਾ ਜਾਂਦਾ ਹੈ। ਸੱਤ ਦੀ ਹੋਂਦ ਵਾਲੇ ਇਕੱਠ ਨੂੰ ਭਾਵੇਂ ਉਹ ਦੋ ਪ੍ਰਾਣੀਆਂ ਦਾ ਇੱਕਠ ਵੀ ਕਿਉਂ ਨਾ ਹੋਵੇ, ਸਤਿਸੰਗਤ ਕਿਹਾ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਸਤਿ-ਸੰਗਤ ਦੀ ਪਰਿਭਾਸ਼ਾ ਦਰਸਾਉਂਦੇ ਫੁਰਮਾਨ ਕੀਤਾ ਹੈ :

**ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥**

**ਏਕੋ ਨਾਮੁ ਹੁਕਮੁ ਹੈ ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ॥੫॥**

ਸ੍ਰੀ ਰਾਗ ਮ: ੧, ਪੰਨਾ ੭੨

ਬਹੁਤੀ ਵਾਰ ਆਪਾਂ ਸਤਿਸੰਗਤ ਵਿੱਚ ਵੀ ਚਲੇ ਜਾਂਦੇ ਹਾਂ। ਸਤਿਸੰਗਤ ਵਿੱਚ ਕਿਵੇਂ ਦੀ ਬਿਰਤੀ ਬਣਾ ਕੇ ਜਾਣਾ ਹੈ ? ਸਤਿਸੰਗਤ ਵਿੱਚ ਜਾ ਕੇ ਕਰਮ ਕੀ ਕਰਨਾ ਹੈ ? ਜਦੋਂ ਸਤਿਸੰਗਤ ਤੋਂ ਬਾਹਰ ਆਉਣਾ ਹੈ ਅਤੇ ਬਾਹਰ ਆ ਕੇ ਕੀ ਕਰਮ ਕਰਨੇ ਹਨ ? ਇਨ੍ਹਾਂ ਗੱਲਾਂ ਤੋਂ ਆਪਾਂ ਅਨਜਾਣ ਹੋਣ ਕਾਰਣ ਕਈ ਵਾਰੀ ਸੰਗਤ ਵਿੱਚੋਂ ਲਾਹਾ ਪ੍ਰਾਪਤ ਕਰਕੇ ਜਾਂ ਮਨ ਨੂੰ ਪਵਿੱਤ੍ਰ ਕਰਕੇ ਆਉਣ ਦੀ ਥਾਂ ਹੋਰ ਪਾਪਾਂ ਦੇ ਸੰਸਕਾਰਾਂ ਦੀ ਮਲੀਨਤਾਈ ਮਨ ਨੂੰ ਲਾ ਕੇ ਆ ਜਾਂਦੇ ਹਾਂ। ਸਾਡੇ ਨਾਲ ਬਹੁਤੀ ਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ "[੧]**ਇਕੁ ਭਾਉ ਲਥੀ ਨਾਤਿਆ ਦੁਇ ਭਾ ਚੜੀਅਸੁ ਹੋਰ ॥**" ਫ਼ੁਰਮਾਨ ਸਾਕਾਰ ਹੋ ਜਾਂਦਾ ਹੈ।

ਸਤਿਸੰਗਤ ਵਿੱਚੋਂ ਪੂਰਨ ਲਾਹਾ ਪ੍ਰਾਪਤ ਕਰਨ ਵਾਸਤੇ ਕਿਸ ਪ੍ਰਕਾਰ ਦੀ ਬਿਰਤੀ ਬਣਾ ਕੇ ਸੰਗਤ ਵਿੱਚ ਜਾਣਾ ਹੈ ? ਸਤਿਸੰਗਤ ਵਿੱਚ ਬੈਠ ਕੇ ਕਿਹੜਾ ਕਰਮ ਕਰਨਾ ਹੈ ? ਸਤਿਸੰਗਤ ਵਿੱਚੋਂ ਬਾਹਰ ਆ ਕੇ ਕਿਸ ਤਰ੍ਹਾਂ ਸੰਸਾਰ ਵਿੱਚ ਵਿਚਰਨਾ ਹੈ, ਦੀ ਅਗਵਾਈ ਸਤਿਗੁਰੂ ਅਰਜਨ ਦੇਵ ਜੀ ਪ੍ਰਦਾਨ ਕਰਦੇ ਹੋਏ ਦੇਵਗੰਧਾਰੀ ਰਾਗ ਅੰਦਰ ਫ਼ੁਰਮਾਨ ਕਰਦੇ ਹਨ, ਹੇ ਜਗਿਆਸੂ ! ਜਦੋਂ ਤੈਨੂੰ ਸਤਿਸੰਗਤ ਵਿੱਚ ਜਾਣ ਦਾ ਸੁਭਾਗ ਪ੍ਰਾਪਤ ਹੋਵੇ, ਤਦੋਂ ਮਨ ਵਿੱਚੋਂ ਹੰਕਾਰ ਦਾ ਤਿਆਗ ਕਰ, ਨਿਮਰਤਾ ਧਾਰਨ ਕਰਕੇ ਸਿੱਖਿਆਰਥੀ ਦੀ ਭਾਵਨਾ ਲੈ ਕੇ ਸਤਿਸੰਗਤ ਵਿੱਚ ਜਾਵੀਂ। ਸਤਿਸੰਗਤ ਵਿੱਚ ਜਾ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਫ਼ੁਰਮਾਨ :

**ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥੧॥**

ਮ: ੫, ਪੰਨਾ ੫੩੨

ਦੀ ਬਿਰਤੀ ਬਣਾ ਕੇ ਅਤੇ ਬਾਬਾ ਕਬੀਰ ਸਾਹਿਬ ਜੀ ਦੇ—

---

੧. ਇਸ਼ਨਾਨ ਕਰਨ ਨਾਲ ਇਕ ਹਿੱਸਾ ਮੈਲ ਦਾ ਲੱਥ ਗਿਆ, ਦੋ ਹਿੱਸੇ ਮੈਲ ਹੋਰ ਚੜ੍ਹ ਗਈ (ਭਾਵ ਇਸ਼ਨਾਨ ਕਰਨ ਨਾਲ ਸਰੀਰ ਦੀ ਮੈਲ ਤਾਂ ਲੱਥ ਗਈ, ਮਨ ਵਿੱਚ ਤੀਰਥ ਇਸ਼ਨਾਨ ਕਰਨ ਦੇ ਹੰਕਾਰ ਦੀ ਮੈਲ ਮਨ ਨੂੰ ਚੰਬੜ ਗਈ।)



**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥**

ਕਬੀਰ ਜੀ, ਪੰਨਾ ੧੩੬੪

ਫ਼ੁਰਮਾਨ ਨੂੰ ਹਿਰਦੇ ਵਿੱਚ ਵਸਾ ਕੇ ਜਾਵੀਂ। ਜੇ ਇਨ੍ਹਾਂ ਬਚਨਾਂ ਨੂੰ ਭੁੱਲ ਗਿਆ ਫਿਰ ਬਾਬਾ ਫਰੀਦ ਜੀ ਦੇ ਫ਼ੁਰਮਾਨ ਅਨੁਸਾਰ ਬਿਨਾਂ ਲਾਹਾ ਪ੍ਰਾਪਤ ਕੀਤੇ ਸੰਗਤ ਵਿੱਚੋਂ ਪਰਤ ਆਵੇਂਗਾ। ਜਿਵੇਂ ਲਗਾਤਾਰ ਬਾਰਸ਼ ਪੈਣ ਤੇ ਵੀ ਉੱਚੇ ਪਹਾੜ ਪਾਣੀ ਤੋਂ ਖਾਲੀ ਰਹਿ ਜਾਂਦੇ ਹਨ, ਤਿਵੇਂ ਹੰਕਾਰੀ ਬੰਦਾ ਪ੍ਰਭੂ ਦੀ ਕਿਰਪਾ ਤੋਂ ਵਿਰਵਾ ਰਹਿ ਜਾਂਦਾ ਹੈ।

**ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥**

**ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥੧੦੫॥**

ਫਰੀਦ ਜੀ, ਪੰਨਾ ੧੩੮੩

ਸਤਿਸੰਗਤ ਵਿੱਚ ਜਾ ਕੇ ਨਾ ਕਿਸੇ ਦੀ ਨਿੰਦਿਆ-ਚੁਗਲੀ ਕਰਨੀ ਤੇ ਨਾ ਹੀ ਸੁਣਨੀ ਹੈ। ਸਤਿਸੰਗਤ ਵਿੱਚ ਜਾ ਕੇ ਪਰਮਾਤਮਾ ਦੇ ਨਾਮ ਨੂੰ ਹੀ ਧਿਆਉਣਾ ਹੈ। ਦੂਸਰਾ ਜੋ ਸਤਿਸੰਗਤ ਵਿੱਚ ਕੀਰਤਨ-ਕਥਾ ਗੁਰਮਤਿ ਵਿਚਾਰ ਹੋ ਰਹੀ ਹੈ, ਉਸ ਨੂੰ ਧਿਆਨ ਨਾਲ ਸੁਣਨਾ ਹੈ ਅਤੇ ਫਿਰ ਸੰਗਤ ਵਿੱਚੋਂ ਬਾਹਰ ਆ ਕੇ ਜੋ ਗੁਰਮਤਿ ਵਿਚਾਰਾਂ ਦੁਆਰਾ ਗੁਰੂ ਸਿੱਖਿਆ ਸ੍ਰਵਣ ਕੀਤੀ ਹੈ, ਉਸ ਸਿੱਖਿਆ ਦਾ, ਮਿੱਤਰਾਂ-ਦੋਸਤਾਂ ਨੂੰ, ਧੀਆਂ-ਪੁੱਤਰਾਂ, ਆਂਢੀਆਂ-ਗੁਆਂਢੀਆਂ ਨੂੰ ਦਾਨ ਕਰਨਾ ਹੈ। ਗੁਰੂ ਸਿੱਖਿਆ ਦੀ ਸਾਂਝ ਉਨ੍ਹਾਂ ਨਾਲ ਪਾਉਣੀ ਹੈ ਕਿ ਹੇ ਗੁਰੂ ਪਿਆਰਿਓ ! ਮੈਂ ਅੱਜ ਸਤਿਸੰਗਤ ਵਿੱਚ ਗਿਆ ਸਾਂ, ਉਥੋਂ ਮੈਂ ਇਹ ਸੱਤ-ਧਰਮ ਦਾ ਉਪਦੇਸ਼ ਸ੍ਰਵਣ ਕੀਤਾ ਹੈ। ਤੁਸੀਂ ਵੀ ਇਸ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਦਾ ਯਤਨ ਕਰੋ। ਜੇ ਅਜਿਹਾ ਜੀਵਨ ਬਣਾ ਲਵੋਗੇ, ਫਿਰ ਮਨ ਵੀ ਪਵਿੱਤਰ, ਪਾਪ ਕਰਮਾਂ ਦਾ ਵੀ ਨਾਸ਼ ਅਤੇ ਅਚਾਰ, ਵਿਉਹਾਰ, ਕਿਰਦਾਰ ਵੀ ਪਵਿੱਤ੍ਰ। ਅਚਾਰ, ਵਿਉਹਾਰ, ਕਿਰਦਾਰ ਦੀ ਪਵਿੱਤ੍ਰਤਾ ਵਾਲਾ ਮਨੁੱਖ ਪਰਮਾਤਮਾ ਦਾ ਰੂਪ ਬਣ ਜਾਂਦਾ ਹੈ।

## *ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*

**ਅੱਖਰੀ-ਅਰਥ :** ਮਾਘ ਦੇ ਮਹੀਨੇ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਹੇ ਜਗਿਆਸੂ ! ਆਤਮਾ ਦੀ ਪਵਿੱਤ੍ਰਤਾ ਵਾਸਤੇ ਐਵੇਂ ਤੀਰਥਾਂ ਉੱਪਰ ਨਾ ਭਟਕਦਾ ਫਿਰ। ਜੇ ਮਨ ਨੂੰ ਪਵਿੱਤਰ ਕਰਨ ਦੀ ਚਾਹਨਾ ਹੈ ਤਾਂ ਫਿਰ ਮਨ ਵਿੱਚ ਨਿੰਮਰਤਾ ਧਾਰਨ ਕਰਕੇ ਸਤਿ-ਪੁਰਸ਼ਾਂ ਦੀ ਸੰਗਤ ਕਰਿਆ ਕਰ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਆਪਾਂ ਦੁਨਿਆਵੀ ਤਲ ਉੱਪਰ ਵੀ ਵੇਖਦੇ ਹਾਂ ਜਿਹੜੇ ਮਨੁੱਖ ਦੇ ਅੰਦਰ ਹੰਕਾਰੀ ਬਿਰਤੀ ਬਣ ਜਾਂਦੀ ਹੈ ਕਿ ਮੈਨੂੰ ਸਭ ਕੁਝ ਹੀ ਪਤਾ ਹੈ। ਉਹ ਕਿਸੇ ਪਾਸੋਂ ਵੀ ਕੋਈ ਗੁਣ ਗ੍ਰਹਿਣ ਨਹੀਂ ਕਰ ਸਕਦਾ। ਪਰ ਜਿਹੜੇ ਮਨੁੱਖ ਦੇ ਅੰਦਰ ਸਿੱਖਿਆਰਥੀ ਬਿਰਤੀ ਬਣੀ ਹੁੰਦੀ ਹੈ, ਉਹ ਆਪਣੇ ਤੋਂ ਨੀਵਿਆਂ ਅਤੇ ਅਲਪ-ਬੁੱਧੀ ਵਾਲਿਆਂ ਪਾਸੋਂ ਵੀ ਗੁਣ ਗ੍ਰਹਿਣ ਕਰ ਲੈਂਦਾ ਹੈ।

ਸੰਸਾਰ ਅੰਦਰ ਦੋ ਤਰ੍ਹਾਂ ਦੀ ਬਿਰਤੀ ਵਾਲੇ ਲੋਕ ਵਿਚਰਦੇ ਹਨ। ਇੱਕ ਹਨ ਕੀੜੀ ਦੇ ਸੁਭਾਅ ਵਾਲੇ ਦੂਸਰੇ ਹਨ ਸ਼ਹਿਦ ਦੀ ਮੱਖੀ ਦਾ ਸੁਭਾਅ ਰੱਖਣ ਵਾਲੇ। ਕੀੜੀ ਦਾ ਸੁਭਾਅ ਕੀ ਹੈ ? ਆਪਾਂ ਰੋਜ਼ ਵੇਖਦੇ ਹਾਂ ਘਰਾਂ ਅੰਦਰ ਸੁਹਣਾ, ਸੰਗਮਰਮਰ-ਗਰੈਨਾਈਟ ਦਾ ਫਰਸ਼ ਲੱਗਾ ਹੋਵੇ, ਕੀੜੀ ਤੁਰੀ ਜਾਂਦੀ ਹੈ। ਉਸ ਨੂੰ ਸੰਗਮਰਮਰ ਨਾਲ ਕੋਈ ਸਰੋਕਾਰ ਨਹੀਂ ਕਿ ਕਿੰਨਾ ਸੁਹਣਾ ਫਰਸ਼ ਲੱਗਾ ਹੈ ? ਕੀੜੀ ਨੇ ਫਰਸ਼ ਵਿੱਚ ਤ੍ਰੇੜ ਜਾਂ ਖੁੱਡ ਲੱਭਣੀ ਹੈ। ਜਦੋਂ ਤ੍ਰੇੜ ਜਾਂ ਖੁੱਡ ਲੱਭ ਪਈ, ਉਸ ਨੇ ਤ੍ਰੇੜ ਅੰਦਰ ਵੜ ਜਾਣਾ ਹੈ। ਤਿਵੇਂ ਦੀ ਬਿਰਤੀ ਵਿੱਚ ਵਿਚਰਨ ਵਾਲੇ ਮਨੁੱਖ ਵੀ ਹਮੇਸ਼ਾਂ ਸਿਆਣੇ-ਸਿਆਣੇ ਵਿਦਵਾਨਾਂ, ਆਤਮਿਕ ਉੱਚਤਾ ਦੇ ਧਾਰਨੀਆਂ ਪਾਸੋਂ ਸਿੱਖਿਆ ਜਾਂ ਗੁਣ ਪ੍ਰਾਪਤ ਕਰਨ ਦੀ ਥਾਂ ਉਨ੍ਹਾਂ ਵਿੱਚ ਕੋਈ ਨਾ ਕੋਈ ਅਉਗੁਣ ਲੱਭਣ ਦਾ ਯਤਨ ਹੀ ਕਰਦੇ ਹਨ। ਔਗਣ ਲੱਭਦਿਆਂ-ਲੱਭਦਿਆਂ ਉਹ ਉੱਚ ਸਿੱਖਿਆ ਤੇ ਗੁਣਾਂ ਤੋਂ ਵਿਰਵੇ ਰਹਿ ਜਾਂਦੇ ਹਨ ਤੇ ਖੁਦ ਔਗਣਾਂ ਦੇ ਧਾਰਨੀ ਬਣ ਜਾਂਦੇ ਹਨ।

ਦੂਸਰੀ ਬਿਰਤੀ ਹੈ, ਸ਼ਹਿਦ ਦੀ ਮੱਖੀ ਦਾ ਸੁਭਾਅ ਰੱਖਣ ਵਾਲੇ ਜਗਿਆਸੂ, ਅਜਿਹੇ ਜਗਿਆਸੂ, ਜਿਵੇਂ ਸ਼ਹਿਦ ਦੀ ਮੱਖੀ, ਗੁਲਾਬ ਦੇ ਫੁੱਲ, ਗੇਂਦੇ ਤੇ ਚਮੇਲੀ ਦੇ ਫੁੱਲਾਂ ਉੱਪਰ ਬੈਠ ਕੇ ਉਨ੍ਹਾਂ ਵਿੱਚੋਂ ਸ਼ਹਿਦ ਦੇ ਕਿਣਕੇ ਇਕੱਠੀ ਕਰਦੀ ਹੈ। ਤਿਵੇਂ



ਉਹ ਅੱਕ-ਧਤੂਰਾ ਤੇ ਹੋਰ ਜ਼ਹਿਰੀਲੇ ਫੁੱਲਾਂ ਉੱਪਰ ਵੀ ਜ਼ਹਿਰ ਨੂੰ ਨਜ਼ਰ-ਅੰਦਾਜ਼ ਕਰਕੇ ਜਾਂਦੀ ਹੈ। ਸ਼ਹਿਦ ਦੀ ਮੱਖੀ ਅੱਕ ਤੇ ਧਤੂਰੇ ਦੀ ਜ਼ਹਿਰ ਨੂੰ ਮੁੱਖ ਨਹੀਂ ਰੱਖਦੀ। ਉਹ ਸ਼ਹਿਦ ਪ੍ਰਾਪਤ ਕਰਨ ਨੂੰ ਮੁੱਖ ਰੱਖ ਕੇ ਜ਼ਹਿਰੀਲੇ ਫੁੱਲਾਂ ਵਿੱਚੋਂ ਵੀ ਸ਼ਹਿਦ ਦੇ ਕਣ ਕੱਢ ਲਿਆਉਂਦੀ ਹੈ। ਅਜਿਹਾ ਕਰਦੀ-ਕਰਦੀ ਢੇਰ ਸਾਰਾ ਸ਼ਹਿਦ ਇਕੱਠਾ ਕਰ ਲੈਂਦੀ ਹੈ। ਤਿਵੇਂ ਜਿਹੜੇ ਜਗਿਆਸੂ ਸ਼ਹਿਦ ਦੀ ਮੱਖੀ ਦਾ ਸੁਭਾਅ ਧਾਰ ਕੇ ਸੰਸਾਰ ਅੰਦਰ ਵਿਚਰਦੇ ਹਨ, ਉਹ ਜਗਿਆਸੂ ਹਰ ਇੱਕ ਨਾਲ ਵਿਚਰਦੇ ਉਸਦੇ ਔਗਣਾਂ ਨੂੰ ਨਜ਼ਰ ਅੰਦਾਜ਼ ਕਰਕੇ ਉਸ ਪਾਸੋਂ ਗੁਣਾਂ ਦੀ ਰਾਸ ਹੀ ਪ੍ਰਾਪਤ ਕਰਦੇ ਹਨ। ਮਾੜੇ ਆਚਰਣ ਤੇ ਮੰਦ-ਬੁੱਧੀ ਵਾਲਿਆਂ ਪਾਸੋਂ ਵੀ ਕੋਈ ਨਾ ਕੋਈ ਚੰਗਾ ਗੁਣ, ਚੰਗੀ ਗੱਲ, ਚੰਗੀ ਸਿੱਖਿਆ ਗ੍ਰਹਿਣ ਕਰ ਲੈਂਦੇ ਹਨ। ਇਸ ਬਿਰਤੀ ਦੇ ਧਾਰਨੀ ਬਣ ਕੇ ਉਹ ਗੁਣਾਂ ਦੇ ਖਜਾਨੇ ਬਣ ਜਾਂਦੇ ਹਨ। ਅਜਿਹੇ ਜਗਿਆਸੂ ਨੂੰ ਸੰਬੋਧਨ ਕਰਕੇ ਸਤਿਗੁਰੂ ਨਾਨਕ ਦੇਵ ਜੀ ਸਾਨੂੰ ਵੀ ਗੁਣਾਂ ਦਾ ਸੰਚਰਣ ਕਰਨ ਵਾਸਤੇ ਪ੍ਰੇਰਨਾ ਦਿੰਦੇ ਫਰਮਾਉਂਦੇ ਹਨ :

**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ ॥**

**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ ॥**

**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ ॥**

**ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ ॥੩॥** ਮ: ੧, ਪੰਨਾ ੭੬੬

ਇੱਕ ਸਮੇਂ ਲੁਕਮਾਨ, ਜੋ ਸਿਆਣਾ ਗੁਣਵਾਨ ਤੇ ਹਿਕਮਤ ਦਾ ਜਾਣੂ ਸੀ। ਉਸ ਪਾਸੋਂ ਕੁਝ ਸਿਆਣੇ ਬੰਦਿਆਂ ਨੇ ਪੁੱਛਿਆ ਕਿ ਤੁਸੀਂ ਇੰਨੇ ਗੁਣ ਤੇ ਉੱਚਾ ਆਚਾਰ ਕਿਸ ਪਾਸੋਂ ਪ੍ਰਾਪਤ ਕੀਤਾ ਹੈ ? ਇਸ ਪੁੱਛ ਦੇ ਉੱਤਰ ਵਿੱਚ ਉਸ ਨੇ ਉੱਤਰ ਦਿੱਤਾ ਕਿ ਗੁਣ ਸਿੱਖੇ ਹਨ ਗੁਣ-ਹੀਣ ਬੰਦਿਆਂ ਪਾਸੋਂ ਅਤੇ ਉੱਚਾ ਆਚਾਰ ਲਿਆ ਹੈ, ਅਚਾਰ ਹੀਣ ਮਨੁੱਖਾਂ ਪਾਸੋਂ। ਸਿਆਣਿਆਂ, ਲੁਕਮਾਨ ਨੂੰ ਮੁੜ ਸਵਾਲ ਕੀਤਾ ਤੇਰੇ ਉੱਤਰ ਤੋਂ ਸਾਡੀ ਤਸੱਲੀ ਨਹੀਂ ਹੋਈ। ਤੂੰ ਕਿਵੇਂ ਗੁਣਹੀਣ ਬੰਦਿਆਂ ਪਾਸੋਂ ਚੰਗੇ ਗੁਣ ਤੇ ਆਚਰਣ ਹੀਣ ਬੰਦਿਆਂ ਤੋਂ ਉੱਚ-ਆਚਰਣ ਸਿੱਖਿਆ ਹੈ। ਉਸ ਨੇ ਮੁੜ ਉੱਤਰ ਦਿੱਤਾ ਕਿ ਜਿਨ੍ਹਾਂ ਅਵਗੁਣਾਂ ਕਾਰਣ ਗੁਣਹੀਣ ਬੰਦਿਆਂ ਨੂੰ ਲੋਕ ਨਫ਼ਰਤ ਕਰਦੇ ਹਨ ਉਨ੍ਹਾਂ ਅਵਗੁਣਾਂ ਨੂੰ ਮੈਂ ਛੱਡ ਦਿੱਤਾ। ਜਿਸ ਆਚਰਣਹੀਣਤਾ ਕਾਰਣ

ਲੋਕ ਆਚਰਨਹੀਣ ਮਨੁੱਖਾਂ ਨੂੰ ਚੰਗਾ ਨਹੀਂ ਸਮਝਦੇ। ਉਹ ਆਚਰਨਹੀਣਤਾ ਦਾ ਮੈਂ ਆਪਣੇ ਜੀਵਨ ਵਿੱਚੋਂ ਤਿਆਗ ਕਰ ਦਿੱਤਾ। ਉਨ੍ਹਾਂ ਵੱਲ ਵੇਖ ਕੇ ਮੈਂ ਮਹਿਸੂਸ ਕੀਤਾ ਕਿ ਜੇ ਇਨ੍ਹਾਂ ਅਵਗੁਣਾਂ ਤੇ ਆਚਰਨਹੀਣਤਾ ਦਾ ਧਾਰਨੀ ਮੈਂ ਬਣਾਂਗਾ ਤਾਂ ਲੋਕ ਮੈਨੂੰ ਵੀ ਮਾੜਾ ਕਹਿਣਗੇ ਤੇ ਮੇਰੇ ਨਾਲ ਵੀ ਨਫ਼ਰਤ ਕਰਨਗੇ। ਇਸ ਲਈ ਮੈਂ ਮਾੜੇ ਕਰਮਾਂ ਤੇ ਆਚਰਨਹੀਣ ਜੀਵਨ ਨੂੰ ਆਪਣੇ ਜੀਵਨ ਚੋਂ ਅਲਵਿਦਾ ਕਹਿ ਦਿੱਤੀ। ਜਿਹੜੇ ਮਨੁੱਖ ਕੁਝ ਲੈਣ ਦੀ ਬਿਰਤੀ, ਕੁਝ ਸਿੱਖਣ ਦੀ ਬਿਰਤੀ ਬਣਾ ਕੇ ਲੋਕਾਈ ਵਿੱਚ ਵਿਚਰਦੇ ਹਨ, ਉਹ ਹਮੇਸ਼ਾ ਹਰ ਥਾਂ ਤੋਂ, ਹਰ ਮਨੁੱਖ ਤੋਂ ਚੰਗੀ ਸਿੱਖਿਆ ਪ੍ਰਾਪਤ ਕਰ ਹੀ ਲੈਂਦੇ ਹਨ। ਪਰ ਜੋ ਮਨੁੱਖ ਇਸ ਬਿਰਤੀ ਨਾਲ ਵਿਚਰਦਾ ਹੈ ਕਿ ਮੈਨੂੰ ਸਭ ਕੁੱਝ ਪਤਾ ਹੈ, ਇਸ ਲਈ ਮੈਨੂੰ ਕਿਸੇ ਪਾਸੋਂ ਸਿੱਖਣ ਦੀ ਲੋੜ ਨਹੀਂ। ਅਜਿਹੀ ਬਿਰਤੀ ਵਾਲਾ ਮਨੁੱਖ ਬਾਬਾ ਫ਼ਰੀਦ ਜੀ ਦੇ ਬਚਨ **"ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ"** ਦਾ ਸ਼ਿਕਾਰ ਹੋ ਜਾਂਦਾ ਹੈ।

ਇਸ ਲਈ ਗੁਰਦੇਵ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਹੇ ਜੀਵ! ਮਾਘ ਦੇ ਮਹੀਨੇ ਵਿੱਚ, ਜਿਨ੍ਹਾਂ ਗੁਰੂ ਪਿਆਰਿਆਂ ਨੇ ਆਪਣੇ ਮਨ ਨੂੰ ਗੁਰੂ-ਹੁਕਮ ਵਿੱਚ ਚੱਲ ਕੇ ਸਾਧਿਆ ਹੋਇਆ ਹੈ, ਉਨ੍ਹਾਂ ਦੀ ਸੰਗਤ ਵਿੱਚ ਕੁੱਝ ਗ੍ਰਹਿਣ ਕਰਨ ਦੀ ਬਿਰਤੀ ਲੈ ਕੇ ਜਾਹ ਅਤੇ ਸ਼ੁੱਭ ਗੁਣਾਂ ਰੂਪੀ ਰਾਸ ਨੂੰ ਵਿਹਾਝ ਕੇ ਆਪਣੀ ਆਤਮਾ ਨੂੰ ਸ਼ੁੱਧ ਕਰ।

## *ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*

**ਅੱਖਰੀ-ਅਰਥ :** ਸਤਸੰਗਤਿ ਵਿੱਚ ਜਾ ਕੇ ਹਰੀ-ਪਰਮਾਤਮਾ ਦੇ ਨਾਮ ਨੂੰ ਹੀ ਧਿਆਉਣਾ ਹੈ ਅਤੇ ਹੋਰ ਸਭ ਸੰਸਾਰਿਕ ਚਿਤਵਨੀਆਂ, ਫੁਰਨਿਆਂ ਦੇ ਤਿਆਗੀ ਬਣ ਕੇ ਜੋ ਸਤਿ ਸੰਗਤ ਵਿੱਚ ਕਥਾ-ਕੀਰਤਨ ਗੁਰਮਤਿ-ਵਿਚਾਰ ਹੋ ਰਹੀ ਹੈ ਉਸਨੂੰ ਇਕਾਗਰ ਚਿਤ ਹੋ ਕੇ ਧਿਆਨ ਨਾਲ ਸੁਣਨਾ ਹੈ। ਕਿਸੇ ਦੀ ਨਿੰਦਿਆ ਚੁਗਲੀ ਨਾ ਆਪ ਕਰਨੀ ਅਤੇ ਨਾ ਹੀ ਸੁਣਨੀ ਹੈ ਅਤੇ ਨਾ ਹੀ ਕਿਸੇ ਦੇ ਔਗੁਣਾਂ ਦੀ ਪੜਚੋਲ ਕਰਨੀ ਹੈ। ਫਿਰ ਸੰਗਤ ਵਿੱਚੋਂ ਬਾਹਰ ਆ ਕੇ ਜੋ ਪਰਿਵਾਰ, ਸਬੰਧੀ ਮਿੱਤ੍ਰ-ਦੋਸਤ ਮਿਲੇ ਉਨ੍ਹਾਂ ਨੂੰ ਗੁਰੂ ਉਪਦੇਸ਼ ਦਾ ਦਾਨ ਕਰਨਾ ਹੈ ਕਿ ਗੁਰੂ ਪਿਆਰਿਓ!



ਅੱਜ ਮੈਂ ਸਤਿ ਸੰਗਤ ਵਿੱਚ ਗਿਆ ਸਾਂ, ਉੱਥੇ ਮਨੁੱਖਾ ਜਨਮ ਦੀ ਸਫਲਤਾ ਦਾ ਮੈਂ ਇਹ ਉਪਦੇਸ਼ ਸਰਵਣ ਕੀਤਾ ਹੈ। ਤੁਸੀਂ ਵੀ ਇਸ ਗੁਰੂ ਉਪਦੇਸ਼ ਨੂੰ ਆਪਣੇ ਜੀਵਨ ਵਿੱਚ ਕਮਾ ਕੇ ਲਾਹਾ ਪ੍ਰਾਪਤ ਕਰੋ।

**ਸੰਖੇਪ-ਵਿਚਾਰ :** ਸਤਿਗੁਰੂ ਅਰਜਨ ਦੇਵ ਜੀ ਨੇ ਸਤਿਸੰਗਤ ਵਿੱਚ ਜਾ ਕੇ ਤਿੰਨ ਕਾਰਜ ਕਰਨ ਦੀ ਤਾਕੀਦ ਕੀਤੀ ਹੈ। ਪਹਿਲਾ ਕਰਮ ਸਤਿਸੰਗਤ ਵਿੱਚ ਬੈਠ ਕੇ ਹਰੀ ਦੇ ਨਾਮ ਨੂੰ ਧਿਆਉਣਾ ਹੈ। ਕਿਉਂਕਿ ਹਰੀ ਦਾ ਧਿਆਇਆ ਹੋਇਆ ਨਾਮ ਹੀ ਜੀਵ-ਆਤਮਾ ਦੇ ਕੰਮ ਆਉਣਾ ਹੈ ਤੇ ਜੀਵ-ਆਤਮਾ ਦੇ ਨਾਲ ਨਿਭਣਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸੋਦਰ ਦੇ ਪਾਠ ਅੰਦਰ ਫੁਰਮਾਨ ਹੈ :

**ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥**

ਮ: ੫, ਪੰਨਾ ੧੨

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ ਕਿ ਜਿਨ੍ਹਾਂ-ਜਿਨ੍ਹਾਂ ਗੁਰੂ ਪਿਆਰਿਆਂ ਨੇ ਪਰਮਾਤਮਾ ਦੇ ਨਾਮ ਨੂੰ ਧਿਆਇਆ, ਉਨ੍ਹਾਂ ਦੇ ਜੀਵਨ ਦੀ ਘਾਲ ਪਰਮਾਤਮਾ ਦੇ ਦਰ ਵਿੱਚ ਕਬੂਲ ਪੈ ਗਈ। ਨਾਮ ਧਿਆਉਣ ਵਾਲਿਆਂ ਦਾ ਲੋਕ-ਪਰਲੋਕ ਵਿੱਚ ਮੁੱਖ ਉਜਲਾ ਹੋ ਗਿਆ। ਜਿੱਥੇ ਉਨ੍ਹਾਂ ਦੇ ਆਪਣੇ ਜੀਵਨ ਦਾ ਨਿਸਤਾਰਾ ਹੋ ਗਿਆ, ਉੱਥੇ ਅਨੇਕਾਂ ਜੀਵਾਂ ਨੂੰ ਜਨਮ-ਮਰਣ ਦੇ ਚੱਕਰ ਚੋਂ ਮੁਕਤ ਕਰਨ ਦਾ ਸਾਧਨ ਬਣੇ। ਆਪ ਦਾ ਫੁਰਮਾਨ ਹੈ :

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥**

**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥੧ ॥** ਜਪੁਜੀ, ਪੰਨਾ ੮

ਸਤਿਗੁਰੂ ਅਰਜਨ ਦੇਵ ਜੀ ਨੇ ਭੈਰਉ ਰਾਗ ਅੰਦਰ ਨਾਮ ਧਿਆਉਣ ਦੀ ਬਰਕਤ ਦਰਸਾਉਂਦੇ ਫੁਰਮਾਨ ਕੀਤਾ ਹੈ :

**ਨਾਮੁ ਲੈਤ ਕਿਛੁ ਬਿਘਨੁ ਨ ਲਾਗੈ ॥ ਨਾਮੁ ਸੁਣਤ ਜਮੁ ਦੂਰਹੁ ਭਾਗੈ ॥**
**ਨਾਮੁ ਲੈਤ ਸਭ ਦੂਖਹ ਨਾਸੁ ॥ ਨਾਮੁ ਜਪਤ ਹਰਿ ਚਰਣ ਨਿਵਾਸੁ ॥੧ ॥**
**ਨਿਰਬਿਘਨ ਭਗਤਿ ਭਜੁ ਹਰਿ ਹਰਿ ਨਾਉ ॥**
**ਰਸਕਿ ਰਸਕਿ ਹਰਿ ਕੇ ਗੁਣ ਗਾਉ ॥੧ ॥ ਰਹਾਉ ॥**

**ਹਰਿ ਸਿਮਰਤ ਕਿਛੁ ਚਾਖੁ[1] ਨ ਜੋਹੈ॥ ਹਰਿ ਸਿਮਰਤ ਦੈਤ ਦੇਉ[2] ਨ ਪੋਹੈ॥**

**ਹਰਿ ਸਿਮਰਤ ਮੋਹੁ ਮਾਨੁ ਨ ਬਧੈ[3]॥ ਹਰਿ ਸਿਮਰਤ ਗਰਭ ਜੋਨਿ ਨ ਰੁਧੈ[4]॥੨॥**

ਮ: ੫, ਪੰਨਾ ੧੧੫੦

ਸਤਿਸੰਗਤ ਵਿੱਚ ਜਾ ਕੇ ਦੂਸਰਾ ਕਰਮ ਕਰਨਾ ਹੈ ਸੁਣਨ ਦਾ। ਜੇ ਸਤਿਸੰਗਤ ਵਿੱਚ ਜਾ ਕੇ ਗੁਰਬਾਣੀ ਕੀਰਤਨ, ਗੁਰਬਾਣੀ ਵਿਚਾਰ ਸੁਣਿਆ ਹੀ ਨਾ, ਫਿਰ ਤਾਂ ਸੰਗਤ ਵਿੱਚ ਜਾਣਾ ਜਾਂ ਨਾ ਜਾਣਾ ਇੱਕ ਬਰਾਬਰ ਹੀ ਹੋ ਜਾਂਦਾ ਹੈ। ਸਤਿਸੰਗਤ ਵਿੱਚ ਜਾਣਾ ਕੇਵਲ ਇੱਕ ਚੰਗੇ ਕਰਮ ਤੱਕ ਹੀ ਸੀਮਤ ਰਹਿ ਜਾਂਦਾ ਹੈ। ਸਤਿਸੰਗਤ ਵਿੱਚ ਜਾ ਕੇ ਪੂਰਨ ਲਾਹਾ ਸੁਣਨ ਨਾਲ ਹੀ ਪ੍ਰਾਪਤ ਹੋਣਾ ਹੈ। ਸਾਰੀ ਗੁਰਬਾਣੀ ਅੰਦਰ ਸਤਿਗੁਰੂ ਜੀ ਨੇ ਸੁਣਨ ਦੀ ਮਹਾਨਤਾ ਦਰਸਾਈ ਹੈ। ਜਪੁਜੀ ਸਾਹਿਬ ਜੀ ਦੀ ਬਾਣੀ ਅੰਦਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਚਾਰ ਪਉੜੀਆਂ ਅੰਦਰ ਸੁਣਨ ਦੀ ਮਹਾਨਤਾ ਦਰਸਾਉਂਦੇ ਫੁਰਮਾਨ ਕੀਤਾ ਹੈ, ਕਿ ਜਿਹੜਾ ਪ੍ਰਭੂ ਨਾਮ ਨੂੰ, ਗੁਰੂ ਉਪਦੇਸ਼ ਨੂੰ ਸ੍ਰਵਣ ਕਰੇਗਾ, ਉਸ ਨੂੰ ਸਿੱਧਾਂ, ਪੀਰਾਂ ਤੇ ਨਾਥਾਂ ਵਾਲੀ ਕਲਾ (ਸ਼ਕਤੀ) ਸੁਤੇ ਹੀ ਪ੍ਰਾਪਤ ਹੋ ਜਾਵੇਗੀ। ਗੁਰੂ ਦੀ ਨਾਮ ਸਿੱਖਿਆ ਸੁਣਨ ਵਾਲੇ ਨੂੰ ਧਰਤੀ ਅਕਾਸ਼-ਪਤਾਲ, ਦੀਪਾਂ, ਲੋਆਂ ਮੰਡਲਾਂ ਦੀ ਲਖਤਾ ਹੋ ਜਾਵੇਗੀ। ਨਾਮ-ਸਿੱਖਿਆ ਸੁਣਨ ਵਾਲੇ ਨੂੰ ਜਮਕਾਲ ਵੀ ਪੋਹ ਨਹੀਂ ਸਕਦੇ। ਗੁਰੂ ਦੀ ਨਾਮ ਸਿੱਖਿਆ ਸੁਣਨ ਵਾਲੇ ਭਗਤਾਂ ਨੂੰ ਸਦੀਵੀਂ ਖੇੜਾ ਤੇ ਸਦੀਵੀਂ ਅਨੰਦ ਬਣਿਆ ਰਹਿੰਦਾ ਹੈ। ਉਸਦੇ ਸਾਰੇ ਦੁੱਖ, ਪਾਪ, ਕਲੇਸ਼ ਖ਼ਤਮ ਹੋ ਜਾਂਦੇ ਹਨ। ਸਤਿਗੁਰੂ ਨਾਨਕ ਜੀ ਦਾ ਫੁਰਮਾਨ ਪੜ੍ਹੀਏ, ਸੁਣਨ ਦੀ ਮਹਾਨਤਾ ਦਾ ਪਤਾ ਚੱਲ ਜਾਵੇਗਾ।

**ਸੁਣਿਐ ਸਿਧ ਪੀਰ ਸੁਰਿ ਨਾਥ॥ ਸੁਣਿਐ ਧਰਤਿ ਧਵਲ ਆਕਾਸ॥**

**ਸੁਣਿਐ ਦੀਪ ਲੋਅ ਪਾਤਾਲ॥ ਸੁਣਿਐ ਪੋਹਿ ਨ ਸਕੈ ਕਾਲੁ॥**

**ਨਾਨਕ ਭਗਤਾ ਸਦਾ ਵਿਗਾਸੁ॥ ਸੁਣਿਐ ਦੂਖ ਪਾਪ ਕਾ ਨਾਸੁ॥**

ਜਪੁਜੀ, ਪੰਨਾ ੩

ਸਤਿਗੁਰੂ ਅਰਜਨ ਦੇਵ ਜੀ, ਹਰੀ ਨਾਮ ਦੇ ਸਿਮਰਨ ਨੂੰ ਸੁਣਨ ਦਾ ਫਲ

੧. ਭੈੜੀ ਨਜ਼ਰ। ੨. ਵੱਡੇ ਦੈਂਤ ਤੇ ਦੇਉ। ੩. ਮਾਇਆ ਦੇ ਪੰਜੇ ਦੂਤ ਕਾਮ, ਕ੍ਰੋਧ, ਲੋਭ, ਮੋਹ ਹੰਕਾਰ ਨੇੜੇ ਨਹੀਂ ਆਉਂਦੇ। ੪. ਗਰਭ ਜੂਨਾਂ ਤੋਂ ਛੁਟਕਾਰਾ।



ਦਰਸਾਉਂਦੇ ਫੁਰਮਾਨ ਕਰਦੇ ਹਨ ਕਿ ਹੇ ਮਨ! ਤੂੰ ਪਰਮਾਤਮਾ ਦੇ ਨਾਮ ਨੂੰ ਕੰਨਾਂ ਨਾਲ ਸ੍ਰਵਣ ਕਰ, ਜੇ ਤੂੰ ਸੁਣੇਗਾ ਤਦ ਇਸ ਸੰਸਾਰ ਵਿੱਚ ਤੈਨੂੰ ਸ਼ਾਂਤੀ ਤੇ ਪ੍ਰਲੋਕ ਵਿੱਚ ਸੁੱਖ ਪ੍ਰਾਪਤ ਹੋਵੇਗਾ। ਸਤਿਗੁਰੂ ਜੀ ਦਾ ਫੁਰਮਾਨ ਹੈ :

**ਹਰਿ ਕਾ ਸਿਮਰਨੁ ਸੁਨਿ ਮਨ ਕਾਨੀ॥ ਸੁਖੁ ਪਾਵਹਿ ਹਰਿ ਦੁਆਰ ਪਰਾਨੀ॥**

ਮ: ੫, ਪੰਨਾ ੨੦੦

ਸਤਿਗੁਰੂ ਅਰਜਨ ਦੇਵ ਜੀ ਪ੍ਰਭੂ ਜਸ ਸੁਣਨ ਦੀ ਮਹਾਨਤਾ ਦਰਸਾਉਂਦੇ ਸਾਰੰਗ ਰਾਗ ਅੰਦਰ ਫੁਰਮਾਨ ਕਰਦੇ ਹਨ ਕਿ ਜੋ-ਜੋ ਪ੍ਰਾਣੀ ਪਰਮਾਤਮਾ ਦੇ ਨਿਰਮਲ ਜੱਸ ਨੂੰ ਸ੍ਰਵਣ ਕਰੇਗਾ, ਉਸ ਦਾ ਆਵਾਗਉਣ ਦਾ ਚੱਕਰ ਖ਼ਤਮ ਹੋ ਜਾਵੇਗਾ। ਨਿਰਮਲ ਜੱਸ ਸੁਣਨ ਨਾਲ ਉਹ ਵੱਡਿਆਂ ਭਾਗਾਂ ਵਾਲੇ ਬਣ ਜਾਣਗੇ, ਉਨ੍ਹਾਂ ਨੂੰ ਸਦਾ ਲਈ ਖੇੜਾ ਅਤੇ ਸਦਾ ਹੀ ਖੁਸ਼ੀ ਪਰਮਾਤਮਾ ਬਖਸ਼ਿਸ਼ ਕਰ ਦੇਵੇਗਾ। ਆਪ ਸਾਹਿਬਾਂ ਦਾ ਫੁਰਮਾਨ ਹੈ :

**ਜੋ ਜੋ ਸੁਨੈ ਰਾਮ ਜਸੁ ਨਿਰਮਲ ਤਾ ਕਾ ਜਨਮ ਮਰਣ ਦੁਖੁ ਨਾਸਾ॥**

**ਕਹੁ ਨਾਨਕ ਪਾਈਐ ਵਡਭਾਗੀਂ ਮਨ ਤਨ ਹੋਇ ਬਿਗਾਸਾ॥**

ਮ: ੫, ਪੰਨਾ ੧੨੦੮

ਜੇ ਆਪਾਂ ਸਤਿਸੰਗਤ ਵਿੱਚ ਜਾ ਕੇ, ਗੁਰੂ ਉਪਦੇਸ਼ ਸੁਣਿਆ ਹੀ ਨਾ, ਫਿਰ ਆਪਾਂ ਅਗਾਂਹ ਲੋਕਾਈ ਨੂੰ ਗੁਰੂ ਉਪਦੇਸ਼ ਦਾਨ ਕਿਵੇਂ ਕਰਾਂਗੇ ? ਭਾਵ ਨਹੀਂ ਕਰ ਸਕਾਂਗੇ। ਇਸ ਲਈ ਸਤਿਸੰਗਤ ਵਿੱਚ ਜਾ ਕੇ, ਗੁਰਬਾਣੀ ਉਪਦੇਸ਼ ਜੋ ਵੀ ਹੋ ਰਿਹਾ ਹੈ ਉਸ ਨੂੰ ਅਵੱਸ਼ ਸੁਣਨਾ ਚਾਹੀਦਾ ਹੈ। ਤਦ ਹੀ ਸੰਗਤ ਵਿੱਚ ਜਾਣ ਦਾ ਪੂਰਨ ਲਾਹਾ ਪ੍ਰਾਪਤ ਹੁੰਦਾ ਹੈ।

ਤੀਸਰਾ ਕਰਮ ਸਤਿਸੰਗਤ ਵਿੱਚੋਂ ਬਾਹਰ ਆ ਕੇ ਕਰਨਾ ਹੈ, ਉਹ ਕਰਮ ਹੈ "**ਸਭਨਾ ਨੋ ਕਰਿ ਦਾਨੁ**"। ਇਕੋ ਪੰਗਤੀ ਵਿੱਚ, ਸਤਿਗੁਰੂ ਅਰਜਨ ਦੇਵ ਜੀ ਨੇ ਦੋ ਕਰਮ ਸਤਿਸੰਗਤ ਵਿੱਚ ਬੈਠ ਕੇ ਕਰਨ ਦੀ ਪ੍ਰੇਰਨਾ ਦਿੱਤੀ ਹੈ ਅਤੇ ਤੀਸਰਾ ਕਰਮ ਜਦੋਂ ਆਪਾਂ ਸਤਿਸੰਗ ਚੋਂ ਬਾਹਰ ਆਉਣਾ ਹੈ। ਘਰ ਆ ਕੇ, ਸੰਸਾਰ ਵਿੱਚ, ਜਿਨ੍ਹਾਂ-ਜਿਨ੍ਹਾਂ ਸੱਜਣਾਂ, ਮਿੱਤਰਾਂ, ਰਿਸ਼ਤੇਦਾਰ ਤੇ ਪਰਿਵਾਰ ਦੇ ਜੀਆਂ ਨਾਲ ਵਾਹ ਪੈਂਦਾ ਹੈ, ਸਮੇਂ-ਸਮੇਂ ਉਨ੍ਹਾਂ ਨੂੰ ਗੁਰੂ ਉਪਦੇਸ਼ ਦਾ ਦਾਨ ਕਰਨਾ ਹੈ। ਭਾਵ ਉਨ੍ਹਾਂ ਨੂੰ ਵੀ ਸੱਤ

ਮਾਰਗ ਤੇ ਚੱਲਣ ਵਾਸਤੇ ਪ੍ਰੇਰਨਾ ਦੇਣੀ ਹੈ ਕਿ ਗੁਰੂ ਪਿਆਰਿਓ! ਮੈਂ ਸਤਿਸੰਗਤ ਵਿੱਚ ਗਿਆ ਸਾਂ। ਉੱਥੇ ਗੁਰਮੁਖ ਪਿਆਰਿਆਂ ਨੇ ਸੱਤ-ਧਰਮ ਦੇ ਧਾਰਨੀ ਬਣਨ ਵਾਸਤੇ ਆਹ-ਆਹ ਗੁਰੂ ਸਿੱਖਿਆਵਾਂ ਸੰਗਤ ਨੂੰ ਦ੍ਰਿੜ੍ਹ ਕਰਵਾਈਆਂ ਸਨ। ਆਪਾਂ ਵੀ ਸਾਰੇ ਸੱਤ-ਮਾਰਗ ਦੇ ਪਾਂਧੀ ਬਣਨ ਵਾਸਤੇ ਯਤਨਸ਼ੀਲ ਹੋਈਏ। ਉਨ੍ਹਾਂ ਨੂੰ ਗੁਰਮਤਿ ਦੀ ਕੋਈ ਸਾਖੀ ਸੁਣਾ ਕੇ ਗੁਰਬਾਣੀ ਦੇ ਅਰਥ ਭਾਵ ਦਰਸਾ ਕੇ, ਗੁਰਮਤਿ ਵੱਲ ਪ੍ਰੇਰਦਿਆਂ-ਪ੍ਰੇਰਦਿਆਂ ਜੇ ਕੋਈ ਗੁਰੂ ਪਿਆਰਾ ਸੱਤ-ਧਰਮ ਦੇ ਮਾਰਗ ਦਾ ਪਾਂਧੀ ਬਣ ਗਿਆ। ਉਸ ਦਾ ਜੀਵਨ ਵੀ ਸਫਲ ਤੇ ਅਸੀਂ ਵੀ ਗੁਰੂ ਖ਼ੁਸ਼ੀ ਦੇ ਪਾਤਰ ਬਣ ਜਾਵਾਂਗੇ। ਗੁਰੂ ਰਾਮਦਾਸ ਜੀ ਮਹਾਰਾਜ "**ਸਭਨਾ ਨੋ ਕਰਿ ਦਾਨੁ**" ਕਰਨ ਵਾਲੇ ਦੀ ਚਰਨ ਧੂੜੀ ਦੀ ਜਾਚਨਾ ਕਰਦੇ ਗੁਰਬਾਣੀ ਅੰਦਰ ਫੁਰਮਾਨ ਕਰਦੇ ਹਨ :

**ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ**
**ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥** ਮ: ੪, ਪੰਨਾ ੩੦੬

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਅੰਦਰ ਫੁਰਮਾਨ ਕਰਦੇ ਹਨ ਕਿ ਮੈਂ ਉਨ੍ਹਾਂ ਗੁਰਸਿੱਖਾਂ ਤੋਂ ਸਦਕੇ ਕੁਰਬਾਨ ਜਾਂਦਾ ਹਾਂ, ਜੋ ਗੁਰੂ ਦੀ ਸਿੱਖਿਆ ਦਾ ਦਾਨ ਲੋਕਾਈ ਨੂੰ ਕਰਕੇ ਗੁਰੂ ਦੇ ਨਾਲ ਜੋੜ ਦਿੰਦੇ ਹਨ। ਭਾਈ ਸਾਹਿਬ ਜੀ ਦਾ ਫੁਰਮਾਨ ਹੈ :

**ਹਉ ਸਦਕੇ ਤਿਨ੍ਹਾਂ ਗੁਰਸਿਖਾਂ ਗੁਰ ਸਿਖ ਦੇ ਗੁਰਸਿਖ ਮਿਲਾਯਾ॥**

ਵਾਰ ੧੨ ਪਉੜੀ ੬

## *ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥*

**ਅੱਖਰੀ-ਅਰਥ** : ਸਤਿਸੰਗਤ ਵਿੱਚ ਜਾ ਕੇ ਇਕਾਗਰ ਚਿੱਤ ਹੋ ਨਾਮ ਧਿਆਉਣ ਅਤੇ ਸੁਰਤੀ ਨਾਲ ਕਥਾ-ਕੀਰਤਨ ਗੁਰਮਤਿ ਵਿਚਾਰਾਂ ਸਰਵਣ ਕਰਨ ਨਾਲ ਜਨਮਾਂ-ਜਨਮਾਂਤਰਾਂ ਦੇ ਪਾਪ ਸੰਸਕਾਰਾਂ ਦੀ ਮੈਲ ਉਤਰ ਜਾਂਦੀ ਹੈ ਅਤੇ ਮਨ ਵਿੱਚੋਂ ਹੰਕਾਰ ਖ਼ਤਮ ਹੋ ਜਾਂਦਾ ਹੈ।

**ਸੰਖੇਪ-ਵਿਚਾਰ** : ਜਨਮਾਂ-ਜਨਮਾਂਤਰਾਂ ਅੰਦਰ ਭਟਕਦੀ ਜੀਵ ਆਤਮਾ ਨੇ ਜਾਣੇ ਜਾਂ ਅਨਜਾਣੇ ਜੋ ਪਾਪ ਕਰਮ ਕੀਤੇ ਹਨ, ਉਨ੍ਹਾਂ ਪਾਪ ਕਰਮਾਂ ਦੀ ਕਿਸੇ ਉੱਪਰ ਥੋੜ੍ਹੀ, ਕਿਸੇ ਉੱਪਰ ਵਧੇਰੀ ਮਲੀਨਤਾਈ ਲੱਗੀ ਹੋਈ ਹੈ। ਪਾਪ ਕਰਮਾਂ ਦੀ ਮਲੀਨਤਾਈ



ਹੀ ਸਾਡੇ ਅਤੇ ਪਰਮਾਤਮਾ ਵਿੱਚ ਵਿੱਥ ਪਾਉਣ ਦਾ ਕਾਰਣ ਬਣਦੀ ਹੈ। ਸਤਿਗੁਰੂ ਅਮਰਦਾਸ ਜੀ ਨੇ ਸੋਰਠ ਦੀ ਵਾਰ ਅੰਦਰ ਸੰਕੇਤ ਦਿੱਤਾ ਹੈ ਕਿ ਮਨ ਨੂੰ ਜਨਮਾਂ-ਜਨਮਾਂ ਦੇ ਪਾਪ ਸੰਸਕਾਰਾਂ ਦੀ ਮੈਲ ਲੱਗੀ ਹੋਈ ਹੈ। ਜਿਸ ਕਰਕੇ ਮਨ ਮਲੀਨਤਾਈ ਨਾਲ ਕਾਲਾ ਸਿਆਹ ਹੋਇਆ ਪਿਆ ਹੈ। ਜਿਵੇਂ ਕੋਹਲੂ ਸਾਫ਼ ਕਰਨ ਵਾਲੀ ਟਾਕੀ, ਸਹਿਜੇ ਕੀਤੇ ਧੋਣ ਨਾਲ ਸਾਫ਼ ਨਹੀਂ ਹੁੰਦੀ ਭਾਵੇਂ ਉਸ ਨੂੰ ਸੈਂਕੜੇ ਵਾਰੀ ਧੋਈਏ। ਤਿਵੇਂ ਮਨੁੱਖ ਬਾਹਰੀ ਕਰਮ ਕਾਂਡਾਂ ਨਾਲ ਮਨ ਨੂੰ ਧੋਣ ਦਾ ਯਤਨ ਕਰਦਾ ਹੈ ਪਰ ਮਨ ਪਵਿੱਤਰ ਨਹੀਂ ਹੁੰਦਾ। ਸਤਿਗੁਰਾਂ ਦਾ ਫੁਰਮਾਨ ਹੈ :

**ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥**
[੧]**ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥** ਮ: ੩, ਪੰਨਾ ੬੫੧

ਸਤਿਗੁਰੂ ਰਾਮਦਾਸ ਜੀ ਦੇ ਫੁਰਮਾਨ ਅਨੁਸਾਰ, ਮਾਇਆ ਦੀ ਮਲੀਨਤਾਈ ਜੋ ਹਉਮੈ ਦੇ ਰੂਪ ਵਿੱਚ ਮਨ ਉੱਪਰ ਲੱਗੀ ਹੋਈ ਹੈ, ਇਸ ਹਉਮੈ ਨੇ ਹੀ ਸਾਨੂੰ ਪਰਮਾਤਮਾ ਤੋਂ ਦੂਰ ਕੀਤਾ ਹੋਇਆ ਹੈ। ਸਤਿਗੁਰੂ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ :

**ਮਾਰੇਹਿਸੁ ਵੇ ਜਨ ਹਉਮੈ ਬਿਖਿਆ ਜਿਨਿ ਹਰਿ ਪ੍ਰਭ ਮਿਲਣ ਨ ਦਿਤੀਆ ॥**

ਮ: ੪, ਪੰਨਾ ੭੭੬

ਹਉਮੈ (ਹੰਕਾਰ) ਦੇ ਪ੍ਰਭਾਵ ਕਾਰਣ ਸਾਡੇ ਹਿਰਦੇ ਵਿੱਚ ਪ੍ਰਭੂ ਨਾਮ ਦਾ ਨਿਵਾਸ ਨਹੀਂ ਹੁੰਦਾ। ਜਿਸ ਹਿਰਦੇ ਵਿੱਚ ਹੰਕਾਰ ਹੈ, ਉੱਥੇ ਨਾਮ ਦਾ ਟਿਕਾਉ ਨਹੀਂ ਹੋ ਸਕਦਾ ਕਿਉਂਕਿ ਨਾਮ ਅਤੇ ਹਉਮੈ ਦਾ ਆਪਸੀ ਵਿਰੋਧ ਹੈ। ਸਤਿਗੁਰੂ ਅਮਰਦਾਸ ਜੀ ਦਾ ਵਡਹੰਸ ਰਾਗ ਅੰਦਰ ਫੁਰਮਾਨ ਹੈ :

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ ॥** ਮ: ੩, ਪੰਨਾ ੫੬੦

ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ ਆਵਾ-ਗਉਣ ਦੇ ਚੱਕਰ ਤੇ ਜਨਮ-ਮਰਨ ਦਾ ਮੂਲ ਹੰਕਾਰ ਹੀ ਹੈ। ਸਾਰੇ ਪਾਪ ਕਰਮਾਂ ਦਾ ਮੂਲ, ਸੱਜਣਾਂ, ਮਿੱਤ੍ਰਾਂ ਤੋਂ ਦੂਰੀ ਪਾਉਣ ਵਾਲਾ, ਵੈਰੀਆਂ ਨੂੰ ਪੱਕੇ ਦੁਸ਼ਮਣ ਬਣਾਉਣ ਵਾਲਾ ਅਤੇ ਮਾਇਆ ਦੇ ਅਨੇਕ ਜਾਲਾਂ ਵਿੱਚ ਫਸਾਉਣ ਵਾਲਾ ਹੰਕਾਰ ਹੀ ਹੈ। ਹੰਕਾਰ ਦੇ ਵੱਸ ਵਿੱਚ

੧. ਲੀਰ, ਕੱਪੜਾ।

ਪਿਆ ਮਨੁੱਖ ਅਨੇਕਾਂ ਜੂਨਾਂ ਵਿੱਚ ਭਰਮਦਾ ਥੱਕ ਜਾਂਦਾ ਹੈ। ਹੰਕਾਰ ਵਿੱਚ ਗ੍ਰਸਤ ਮਨੁੱਖ ਅਨੇਕਾਂ ਦੁੱਖ ਭੋਗਦਾ ਹੈ। ਪਰਮਾਤਮਾ ਤੋਂ ਵਿਛੋੜਨ ਵਾਲੇ ਹੰਕਾਰ ਤੋਂ ਕੇਵਲ ਸਤਿਗੁਰੂ ਜੀ, ਸਤਿਗੁਰਾਂ ਦਾ ਬਖਸ਼ਿਸ਼ ਕੀਤਾ ਨਾਮ ਅਤੇ ਸਤਿਸੰਗਤ ਹੀ ਛੁਟਕਾਰਾ ਕਰਵਾ ਸਕਦੇ ਹਨ। ਸਤਿਗੁਰੂ ਜੀ ਦਾ ਫੁਰਮਾਨ ਹੈ ਕਿ :

**ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ।**

**ਮਿਤ੍ਰੰ ਤਜੰਤਿ ਸਤ੍ਰੰ ਦ੍ਰਿੜੰਤਿ ਅਨਿਕ ਮਾਯਾ ਬਿਸ੍ਤੀਰਨਹ॥**

**ਆਵੰਤ ਜਾਵੰਤ ਥਕੰਤ ਜੀਆ ਦੁਖ ਸੁਖ ਬਹੁ ਭੋਗਣਹ॥**

**ਭ੍ਰਮ ਭਯਾਨ ਉਦਿਆਨ ਰਮਣੰ ਮਹਾ ਬਿਕਟ ਅਸਾਧ ਰੋਗਣਹ॥**

**ਬੈਦੵੰ ਪਾਰਬ੍ਰਹਮ ਪਰਮੇਸ੍ਵਰ ਆਰਾਧਿ ਨਾਨਕ ਹਰਿ ਹਰਿ ਹਰੇ॥੪੯॥**

ਮ: ੫, ਪੰਨਾ ੧੩੫੮

ਪਰਮਾਤਮਾ ਤੋਂ ਵਿੱਥ ਪਾਉਣ ਵਾਲੇ ਅਤੇ ਹਿਰਦੇ ਵਿੱਚ ਨਾਮ ਦਾ ਟਿਕਾਉ ਨਾ ਹੋਣ ਦੇਣ ਵਾਲੇ ਹੰਕਾਰ ਤੋਂ ਅਤੇ ਜਨਮਾਂ-ਜਨਮਾਂ ਤੋਂ ਮਨ ਉੱਪਰ ਲੱਗੀ ਮਲੀਨਤਾਈ ਤੋਂ ਸਤਿਸੰਗਤ ਵਿੱਚ ਜਾ ਕੇ **"ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ"** ਦੀ ਕਾਰ ਕਰਨ ਨਾਲ ਸੁਤੇ ਹੀ ਛੁਟਕਾਰਾ ਹੋ ਜਾਂਦਾ ਹੈ। ਮਨ ਪਵਿੱਤ੍ਰ ਹੋ ਕੇ ਪਰਮਾਤਮਾ ਦਾ ਵੱਸਲ ਪ੍ਰਾਪਤ ਕਰ ਲੈਂਦਾ ਹੈ।

## *ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ॥*

**ਅੱਖਰੀ-ਅਰਥ :** ਪਰਮਾਤਮਾ ਤੋਂ ਭੁਲਾ ਕੇ ਮਾੜੇ ਪਾਸੇ ਪ੍ਰੇਰਿਤ ਕਰਨ ਵਾਲੇ ਮਾਇਆ ਦੇ ਦੂਤ ਕਾਮ, ਕ੍ਰੋਧ, ਮੋਹ ਅਤੇ ਮਨੁੱਖ ਦੀ ਬਿਰਤੀ ਨੂੰ ਲਾਲਚੀ ਕੁੱਤੇ ਵਰਗਾ ਬਨਾਉਣ ਵਾਲਾ ਲੋਭ ਵੀ ਸਦਾ ਵਾਸਤੇ ਹਿਰਦੇ ਵਿੱਚੋਂ ਨਿਕਲ ਜਾਂਦਾ ਹੈ।

**ਸੰਖੇਪ-ਵਿਚਾਰ :** ਪ੍ਰਭੂ ਨਾਮ ਦੀ ਬਰਕਤ ਨਾਲ ਤੇ ਸਤਿਸੰਗਤ ਦੇ ਪ੍ਰਤਾਪ ਨਾਲ ਵਿਸ਼ੇ ਵਿਕਾਰਾਂ ਵੱਲ ਪ੍ਰੇਰਿਤ ਕਰਨ ਵਾਲਾ ਕਾਮ, ਸਰੀਰ ਦਾ ਨਾਸ਼ ਕਰਨ ਵਾਲਾ ਕ੍ਰੋਧ, ਜਿਸ ਪ੍ਰਥਾਇ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਦਖਣੀ ਓਅੰਕਾਰ ਦੀ ਬਾਣੀ ਅੰਦਰ ਫੁਰਮਾਨ ਕੀਤਾ ਹੈ :

**ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥**

ਮ: ੧, ਪੰਨਾ ੯੩੨



ਇਹ ਦੋਵੇਂ ਮਨ ਉਪਰ ਅਸਰ ਪਾ ਕੇ ਮਾੜੇ ਪਾਸੇ ਨੂੰ ਪ੍ਰੇਰਨਾ ਦੇਣ ਤੋਂ ਹੱਟ ਜਾਂਦੇ ਹਨ। ਲੋਭ, ਜਿਸ ਨੂੰ ਗੁਰਬਾਣੀ ਅੰਦਰ ਸਤਿਗੁਰੂ ਰਾਮਦਾਸ ਜੀ ਨੇ ਤੇ ਸਤਿਗੁਰੂ ਅਰਜਨ ਦੇਵ ਜੀ ਨੇ ਹਲਕਾਏ ਕੁੱਤੇ ਨਾਲ ਸਦਰਸ਼ਤਾ ਦੇ ਕੇ ਫੁਰਮਾਨ ਕੀਤਾ ਹੈ ਕਿ ਜਿਸ ਤਰ੍ਹਾਂ ਹਲਕਾ ਚੜ੍ਹਨ ਨਾਲ ਕੁੱਤਾ ਪਾਗਲ ਹੋ ਜਾਂਦਾ ਹੈ। ਉਹ ਆਪਣੇ ਨੂੰ ਵੀ ਚੱਕ ਵੱਢਦਾ ਹੈ ਬਿਗਾਨੇ ਨੂੰ ਵੀ। ਕਿਉਂਕਿ ਪਾਗਲ ਹੋਏ ਕੁੱਤੇ ਨੂੰ ਨਾ ਪਿੱਛਲੀ ਸੋਝੀ ਨ ਅਗਲੀ ਸੋਝੀ ਰਹਿੰਦੀ ਹੈ। ਤਿਵੇਂ ਜਿਸ ਮਨੁੱਖ ਨੂੰ ਲੋਭ ਦਾ ਝੱਲ ਚੜ੍ਹ ਜਾਂਦਾ ਹੈ, ਉਸ ਨੂੰ ਵੀ ਅਗਲਾ-ਪਿਛਲਾ, ਆਪਣਾ-ਪਰਾਇਆ ਸਭ ਕੁੱਝ ਭੁੱਲ ਜਾਂਦਾ ਹੈ। ਲੋਭ ਦੀ ਪੂਰਤੀ ਲਈ, ਉਹ ਆਪਣੇ ਨੂੰ ਵੀ ਧੋਖਾ ਦਿੰਦਾ ਹੈ ਪਰਾਏ ਨੂੰ ਵੀ। ਲੋਭ ਦੀ ਪੂਰਤੀ ਲਈ ਉਸ ਨੂੰ ਕੂੜ-ਕੁਸੱਤ ਜੋ ਵੀ ਬੋਲਣਾ ਪਵੇ ਉਹ ਬੋਲਦਾ ਹੈ। ਲੋਭੀ ਮਨੁੱਖ ਗੁਰੂ-ਪੀਰ ਦੀ ਸਹੁੰ ਖਾਣ ਤੋਂ ਵੀ ਗੁਰੇਜ ਨਹੀਂ ਕਰਦਾ, ਕਿਉਂ ਗੁਰੇਜ ਨਹੀਂ ਕਰਦਾ ? ਕਿਉਂਕਿ ਲੋਭ ਦਾ ਝੱਲ ਚੜ੍ਹਿਆ ਹੋਇਆ ਹੈ। ਭੱਖ-ਅੱਭਖ ਦੀ ਵਿਚਾਰ ਵੀ ਲੋਭ ਭੁਲਾ ਦਿੰਦਾ ਹੈ। ਐਸਾ ਹੈ ਨਾ-ਮੁਰਾਦ ਲੋਭ ਜਿਸ ਪ੍ਰਥਾਇ ਸਤਿਗੁਰਾਂ ਦਾ ਫੁਰਮਾਨ ਹੈ :

**ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ॥**

**ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ॥** ਮ: ੫, ਪੰਨਾ ੫੦

ਤਥਾ : **ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥**

ਮ: ੪, ਪੰਨਾ ੯੮੩

1. ਲੋਭ ਮਨੁੱਖ ਦੇ ਹਿਰਦੇ ਵਿੱਚੋਂ ਪਿਆਰ ਖ਼ਤਮ ਕਰ ਦਿੰਦਾ ਹੈ।
2. ਲੋਭ ਮਨੁੱਖ ਦੇ ਸ਼ੁੱਭ ਗੁਣਾਂ ਨੂੰ ਇਸ ਤਰ੍ਹਾਂ ਕੱਜ ਲੈਂਦਾ ਹੈ, ਜਿਵੇਂ ਪਾਣੀ ਨੂੰ ਬੂਰ ਢੱਕ ਲੈਂਦਾ ਹੈ।
3. ਲੋਭ ਮਨੁੱਖ ਨੂੰ ਬੇ-ਵਿਸ਼ਵਾਸੀ ਬਣਾ ਦਿੰਦਾ ਹੈ।
4. ਲੋਭ ਮਨ ਦੀ ਥਿਰਤਾ ਖ਼ਤਮ ਕਰ ਦਿੰਦਾ ਹੈ।
5. ਲੋਭ ਮਨੁੱਖ ਦਾ ਧਰਮ ਕਰਮ ਵੀ ਵਿਖਾਵੇ ਦਾ ਬਣਾ ਦਿੰਦਾ ਹੈ।
6. ਲੋਭ ਮਨੁੱਖ ਦੀ ਸੁਤੰਤਰਤਾ ਖੋਹ ਲੈਂਦਾ ਹੈ।
7. ਲੋਭ ਮਨੁੱਖ ਨੂੰ ਕਦੇ ਵੀ ਤ੍ਰਿਪਤ ਨਹੀਂ ਹੋਣ ਦਿੰਦਾ।

ਅਜਿਹੇ ਅਵਗੁਣਾਂ ਨੂੰ ਜਨਮ ਦੇਣ ਵਾਲਾ ਲੋਭ ਵੀ ਸਤਿਸੰਗਤ ਕਰਨ ਅਤੇ ਸਤਿਸੰਗਤ ਵਿੱਚ ਜਾ ਕੇ ਨਾਮ ਜਪਨ ਤੇ ਗੁਰੂ ਸਿੱਖਿਆ ਸੁਣਨ ਤੇ ਹੋਰਨਾਂ ਨੂੰ ਗੁਰੂ ਸਿੱਖਿਆ ਦਾ ਦਾਨ ਕਰਨ ਦੀ ਬਦੌਲਤ ਮਨੁੱਖ ਦਾ ਖਹਿੜਾ ਛੱਡ ਜਾਂਦਾ ਹੈ।

## *ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥*

**ਅੱਖਰੀ-ਅਰਥ** : ਨਾਮ-ਜਪ ਦੇ ਸੱਚੇ-ਮਾਰਗ ਉੱਪਰ ਚੱਲਣ ਨਾਲ ਸਾਰਾ ਸੰਸਾਰ ਹੀ ਨਾਮ ਜਪਣ ਵਾਲਿਆਂ ਦੀ ਸ਼ੋਭਾ ਕਰਨ ਲੱਗ ਜਾਂਦਾ ਹੈ।

**ਸੰਖੇਪ-ਵਿਚਾਰ** : ਸੰਸਾਰ ਅੰਦਰ ਜੀਵਨ ਬਤੀਤ ਕਰਨ ਦੇ ਦੋ ਹੀ ਰਸਤੇ ਹਨ। ਇਕ ਮਾਰਗ ਹੈ ਸਤਿ-ਧਰਮ ਦਾ ਮਾਰਗ, ਜਿਸ ਦੀ ਸੋਝੀ ਗੁਰੂ ਤੋਂ ਪ੍ਰਾਪਤ ਹੁੰਦੀ ਹੈ ਅਤੇ ਇੱਕ ਹੈ ਅਸੱਤਿ ਦਾ ਮਾਰਗ। ਅਸੱਤਿ ਮਾਰਗ ਤੇ ਚੱਲਣ ਦੇ ਦਿਸ਼ਾ-ਨਿਰਦੇਸ਼ ਮਨ ਤੋਂ ਮਿਲਦੇ ਹਨ। ਜੋ ਮਨ ਦੇ ਨਿਰਦੇਸ਼ਾਂ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਅਰੰਭ ਕਰ ਦਿੰਦਾ ਹੈ ਉਸ ਦਾ ਮਨ, ਉਸ ਮਨੁੱਖ ਨੂੰ ਵਿਸ਼ੇ-ਵਿਕਾਰਾਂ ਦੇ ਖੂਹ-ਖਾਤਿਆਂ ਵਿੱਚ ਲਿਜਾ ਸੁੱਟਦਾ ਹੈ। ਵਿਸ਼ੇ ਵਿਕਾਰਾਂ ਦੇ ਖੂਹ ਵਿੱਚ ਡਿੱਗਿਆ ਮਨੁੱਖ ਇਸ ਡਰਾਉਣੇ ਖੂਹ ਵਿੱਚੋਂ ਨਿਕਲਣਾ ਚਾਹੁੰਦਾ ਵੀ ਨਿਕਲਣ ਤੋਂ ਅਸਮਰੱਥ ਹੋ ਜਾਂਦਾ ਹੈ। ਸਾਰੀ ਉਮਰ ਹਾਇ-ਹਾਇ ਕਰਦਾ ਦੁੱਖ ਭੋਗਦਾ ਪਛਤਾਵੇ ਦੇ ਹਉਕੇ ਭਰਦਾ ਅਗਲੇਰੇ ਸਫ਼ਰ ਲਈ ਤੁਰ ਜਾਂਦਾ ਹੈ। ਸਤਿਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ :

**ਦੂਜੈ ਭਾਇ ਦੁਖੁ ਹੋਇ ਮਨਮੁਖ ਜਮਿ ਜੋਹਿਆ ਜੀਉ ॥**

**ਹਾਇ ਹਾਇ ਕਰੇ ਦਿਨੁ ਰਾਤਿ ਮਾਇਆ ਦੁਖਿ ਮੋਹਿਆ ਜੀਉ ॥**

ਮ :੪, ਪੰਨਾ ੬੯੦

ਇਸੇ ਕਰਕੇ ਸਾਡੇ ਭਲੇ ਹਿਤ ਭਗਤ ਕਬੀਰ ਜੀ ਨੇ ਸਲੋਕਾਂ ਦੀ ਬਾਣੀ ਅੰਦਰ ਸਾਨੂੰ ਜੀਵਾਂ ਨੂੰ ਸੁਚੇਤ ਕਰਨ ਹਿਤ ਫੁਰਮਾਨ ਕੀਤਾ ਹੈ ਕਿ ਹੇ ਸੰਸਾਰ ਦੇ ਲੋਕੋ ! ਮਨ ਨੂੰ ਮਾੜੇ-ਚੰਗੇ ਕਰਮਾਂ ਦੀ ਸਾਰੀ ਸੋਝੀ ਹੈ, ਪਰ ਮਨ ਉੱਪਰ ਮਾਇਆ ਦਾ ਪ੍ਰਭਾਵ ਹਾਵੀ ਹੈ, ਜਿਸ ਕਰਕੇ ਮਨ ਸਭ ਕੁਝ ਜਾਣਦਾ ਬੁੱਝਦਾ ਹੋਇਆ, ਇਸ ਸਰੀਰ ਪਾਸੋਂ



ਮਾੜੇ ਕਰਮ ਕਰਵਾ ਦਿੰਦਾ ਹੈ। ਮਨ ਦੀ ਪ੍ਰੇਰਨਾ ਅਧੀਨ ਕੀਤੇ ਕਰਮਾਂ ਚੋਂ ਸੁੱਖ ਕਿਵੇਂ ਪ੍ਰਾਪਤ ਹੋ ਸਕਦੇ ਹਨ ? ਭਾਵ ਨਹੀਂ ਹੋ ਸਕਦੇ। ਆਪ ਜੀ ਦਾ ਫੁਰਮਾਨ ਹੈ :

**ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥**

**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ ॥੨੧੬॥**

ਕਬੀਰ ਜੀ, ਪੰਨਾ ੧੩੭੬

ਮਨ ਤਾਂ ਸਤਿਗੁਰੂ ਅੰਗਦ ਪਾਤਸ਼ਾਹ ਜੀ ਦੇ ਮਾਝ ਦੀ ਵਾਰ ਅੰਦਰ ਅੰਕਿਤ ਕੀਤੇ ਫੁਰਮਾਨ ਅਨੁਸਾਰ ਆਪਣੇ ਹੱਥੀਂ, ਆਪਣੇ ਆਪ ਨੂੰ ਅੱਗ ਦਾ ਮੁਆਤਾ[1] ਲਾਉਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਆਪਣ ਹਥੀ ਆਪਣੈ ਦੇ ਕੂਚਾ ਆਪੇ ਲਾਇ ॥** ਮ: ੨, ਪੰਨਾ ੧੪੮

ਆਪਣੇ ਆਪ ਨੂੰ ਅੱਗ ਲਾਉਣ ਵਾਲੇ ਨੂੰ, ਜਾਣ-ਬੁੱਝ ਕੇ ਖੂਹ ਵਿੱਚ ਡਿੱਗਣ ਵਾਲੇ ਨੂੰ, ਨਾ ਤਾਂ ਕਦੇ ਆਪਣੇ ਆਪ ਨੂੰ ਹੀ ਸੁੱਖ ਮਿਲਦਾ ਹੈ ਸਗੋਂ ਲੋਕਾਂ ਵਿੱਚ ਅਜਿਹੇ ਮਨੁੱਖ ਦੀ ਥਾਂ-ਪੁਰ ਥਾਂ ਬੇਪਤੀ ਤੇ ਬਦਨਾਮੀ ਹੁੰਦੀ ਹੈ।

ਦੂਸਰੇ ਪਾਸੇ ਜਿਹੜਾ ਗੁਰੂ ਪਿਆਰਾ ਸਤਿ ਧਰਮ ਦੇ ਮਾਰਗ ਤੇ ਚੱਲਦਾ ਹੈ, ਸਾਰਾ ਸੰਸਾਰ ਵੀ ਉਸ ਦੀ ਸੋਭਾ ਕਰਦਾ ਹੈ ਅਤੇ ਪ੍ਰਭੂ ਦਰਗਾਹ ਵਿੱਚ ਵੀ ਉਸ ਆਤਮਾ ਦੀ ਸਦਾ ਵਾਸਤੇ ਜੈ-ਜੈਕਾਰ ਹੁੰਦੀ ਹੈ। ਸਤਿਗੁਰੂ ਅਮਰਦਾਸ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ ਹੈ :

**ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥**

**ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥**

ਮ: ੩, ਪੰਨਾ ੬੩੮

ਜੋ ਸਤਿ ਧਰਮ ਦੇ ਮਾਰਗ ਉੱਪਰ ਚੱਲਦੇ ਪ੍ਰਭੂ ਨਾਮ ਜਪ ਕੇ, ਆਪਣੇ ਮਨੁੱਖਾ ਜਨਮ ਨੂੰ ਸਫ਼ਲ ਕਰਦੇ ਹਨ, ਉਹ ਅਸਲੀ ਸੂਰਮੇ ਤੇ ਪ੍ਰਧਾਨ ਹਨ। ਉਨ੍ਹਾਂ ਦੀ ਪਵਿੱਤਰ ਸ਼ੋਭਾ ਸਾਰੇ ਸੰਸਾਰ ਉੱਪਰ ਪ੍ਰਗਟ ਹੋ ਜਾਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸਿਰੀਰਾਗ ਅੰਦਰ ਫੁਰਮਾਨ ਹੈ :

੧. ਲਾਂਬੂ।

**ਜਿਨ ਮਨਿ ਵਸਿਆ ਪਾਰਬ੍ਰਹਮੁ ਸੇ ਪੂਰੇ ਪਰਧਾਨ॥**

**ਤਿਨ ਕੀ ਸੋਭਾ ਨਿਰਮਲੀ ਪਰਗਟੁ ਭਈ ਜਹਾਨ॥** ਮ: ੫, ਪੰਨਾ ੪੫

## *ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥*

**ਅੱਖਰੀ-ਅਰਥ :** ਪੁੰਨ-ਦਾਨ ਦੇ ਕਰਮ, ਅਠਾਹਠ ਤੀਰਥਾਂ ਦੇ ਇਸ਼ਨਾਨ ਅਤੇ ਜੀਵ-ਦਇਆ ਦੇ ਸ੍ਰੇਸ਼ਟ ਕਰਮਾਂ ਦਾ ਫਲ ਉਸ ਜਗਿਆਸੂ ਨੂੰ ਸੁਤੇ-ਸਿੱਧ ਹੀ ਪ੍ਰਾਪਤ ਹੋ ਜਾਂਦਾ ਹੈ, ਜੋ ਸਤਿਸੰਗਤ ਵਿੱਚ ਬੈਠ ਕੇ "**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ**" ਦੀ ਕਾਰ ਕਰਦਾ ਹੈ।

**ਸੰਖੇਪ-ਵਿਚਾਰ :** ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਤੀਰਥ ਇਸ਼ਨਾਨ ਅਤੇ ਤੀਰਥ ਅਸਥਾਨਾਂ ਉੱਪਰ ਜਾ ਕੇ ਦਾਨ ਕਰਨ ਨੂੰ ਬਹੁਤ ਮਹਾਨਤਾ ਦਿੱਤੀ ਜਾਂਦੀ ਰਹੀ ਹੈ ਤੇ ਦਿੱਤੀ ਜਾਂਦੀ ਹੈ। ਇਹ ਧਾਰਮਿਕ ਉਪਰਾਲਾ ਮਾੜਾ ਨਹੀਂ, ਪਰ ਗੁਰਮਤਿ ਨੇ ਜਿਸ ਭਾਵਨਾ ਨੂੰ ਲੈ ਕੇ ਤੀਰਥ ਇਸ਼ਨਾਨ ਕੀਤਾ ਜਾਂਦਾ ਹੈ, ਉਸ ਧਾਰਨਾ ਨੂੰ ਪ੍ਰਵਾਨ ਨਹੀਂ ਕੀਤਾ। ਸੰਸਾਰ ਦੀ ਧਾਰਨਾ ਅਧੀਨ ਯਕੀਨ ਕੀਤਾ ਜਾਂਦਾ ਹੈ ਕਿ ਮਨੁੱਖ ਨੇ ਜੋ ਵੀ ਪਾਪ ਕਰਮ ਕੀਤੇ ਹਨ, ਉਹ ਸਾਰੇ ਪਾਪ ਕਰਮ ਤੀਰਥਾਂ ਉੱਪਰ ਜਾ ਕੇ ਉੱਥੋਂ ਦੇ ਪਵਿੱਤ੍ਰ ਜਲ ਨਾਲ ਇਸ਼ਨਾਨ ਕਰਨ ਨਾਲ ਸਭ ਉਤਰ ਜਾਂਦੇ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਪ੍ਰਭਾਤੀ ਰਾਗ ਅੰਦਰ ਬਚਨ ਦਰਜ ਹੈ। ਆਪ ਫੁਰਮਾਨ ਕਰਦੇ ਹਨ ਕਿ ਮਨੁੱਖ ਪਾਪ ਕਰਮ ਤਾਂ ਪੰਜਾਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਦੇ ਵੱਸ ਹੋ ਕੇ ਕਰਦਾ ਹੈ। ਤੀਰਥ ਇਸ਼ਨਾਨ ਕਰਕੇ ਸਮਝਦਾ ਹੈ ਕਿ ਮੇਰੇ ਪਾਪ ਕਰਮ ਨਾਸ਼ ਹੋ ਗਏ ਹਨ। ਮੁੜ ਦੁਬਾਰਾ ਪੰਜਾਂ ਦੇ ਵਸ ਵਿੱਚ ਪਿਆ ਨਿਸੰਕ ਹੋ ਕੇ ਪਾਪ ਕਰਮਾਂ ਵਿੱਚ ਦੁਬਾਰਾ ਪ੍ਰਵਿਰਤ ਹੋ ਜਾਂਦਾ ਹੈ। ਅਜਿਹੇ ਪਾਪ ਕਰਮੀ ਨੂੰ ਮਾਫ਼ੀ ਨਹੀਂ ਮਿਲਦੀ ਭਾਵੇਂ, ਉਹ ਮੁੜ-ਮੁੜ ਕੇ ਤੀਰਥ ਇਸ਼ਨਾਨ ਕਰੀ ਜਾਵੇ। ਪਾਪ ਕਰਮੀ, ਕਲੰਕੀ ਨੂੰ ਜਮਦੂਤ ਜਮਪੁਰੀ ਵਿੱਚ ਅਨੇਕਾਂ ਸਜ਼ਾਵਾਂ ਦੇਣ ਲਈ ਬੰਨ੍ਹ ਕੇ ਲੈ ਜਾਂਦੇ ਹਨ। ਸਤਿਗੁਰੂ ਜੀ ਦਾ ਫੁਰਮਾਨ ਹੈ ਕਿ :

**ਪਾਪ ਕਰਹਿ ਪੰਚਾਂ ਕੇ ਬਸਿ ਰੇ॥ ਤੀਰਥਿ ਨਾਇ ਕਹਹਿ ਸਭਿ ਉਤਰੇ॥**

**ਬਹੁਰਿ ਕਮਾਵਹਿ ਹੋਇ ਨਿਸੰਕ॥ ਜਮ ਪੁਰਿ ਬਾਂਧਿ ਖਰੇ ਕਾਲੰਕ॥**

ਮ: ੫, ਪੰਨਾ ੧੩੪੮



ਗੁਰਮਤਿ ਦਾ ਸਿਧਾਂਤ ਹੈ ਕਿ ਜਿਨ੍ਹਾਂ ਚਿਰ ਮਾਇਆ ਦੇ ਪੰਜੇ ਦੂਤ ਜੋ ਪਾਪ ਕਰਮਾਂ ਦੇ ਜਨਮ ਦਾਤੇ ਹਨ, ਇਨ੍ਹਾਂ ਦਾ ਮਨ ਉੱਪਰੋਂ ਪ੍ਰਭਾਵ ਨਹੀਂ ਉਤਰਦਾ। ਉਤਨਾ ਚਿਰ ਮਨੁੱਖ ਪਾਪ ਕਰਮ ਕਰਨ ਤੋਂ ਬੱਚ ਨਹੀਂ ਸਕਦਾ। ਪੰਜਾਂ ਦੇ ਪ੍ਰਭਾਵ ਤੋਂ ਕੇਵਲ ਪਰਮਾਤਮਾ ਦਾ ਨਾਮ ਜਪ ਕੇ, ਸਤਿਸੰਗਤ ਕਰਕੇ ਅਤੇ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ ਹੀ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ। ਜੋ ਗੁਰੂ ਹੁਕਮ ਦੀ ਵਿਚਾਰ ਕਰਕੇ, ਗੁਰੂ ਹੁਕਮਾਂ ਦਾ ਧਾਰਨੀ ਬਣਦਾ ਹੈ ਅਤੇ ਪਰਮਾਤਮਾ ਦਾ ਨਾਮ ਜਪਦਾ ਹੈ, ਉਸ ਦੀ ਆਤਮਾ ਤੋਂ ਮਾਇਆ ਦੇ ਦੂਤਾਂ ਦਾ ਪ੍ਰਭਾਵ ਖ਼ਤਮ ਹੋ ਜਾਂਦਾ ਹੈ, ਜਿਸ ਦੇ ਹਿਰਦੇ ਵਿਚੋਂ ਪਾਪ ਕਰਮ ਕਰਾਉਣ ਵਾਲੇ ਹੀ ਨਿਕਲ ਗਏ, ਉਹ ਸਦਾ ਲਈ ਪਵਿੱਤ੍ਰ ਹੋ ਜਾਂਦਾ ਹੈ। ਸਤਿਗੁਰੂ ਨਾਨਕ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ :

**ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥**

**ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥**

**ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ॥**

**ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ॥**

ਮ: ੧, ਪੰਨਾ ੬੮੭

ਜਿਤਨੇ ਵੀ ਤੀਰਥ ਹਨ, ਉਹ ਤੀਰਥ ਪ੍ਰਗਟ ਵੀ ਨਾਮ ਜਪਣ ਵਾਲਿਆਂ ਦੀ ਚਰਨ ਛੋਹ ਦੁਆਰਾ ਹੀ ਹੋਏ ਹਨ। ਜਿਸ ਅਸਥਾਨ ਤੇ ਨਾਮ ਦੇ ਦਾਤੇ ਸਤਿਗੁਰਾਂ ਦੇ ਚਰਨ ਪਏ ਜਾਂ ਕਿਸੇ ਮਹਾਂਪੁਰਖ ਨੇ ਬੈਠ ਕੇ ਪ੍ਰਭੂ ਬੰਦਗੀ ਕੀਤੀ। ਸਤਿਗੁਰਾਂ ਦੀ ਚਰਨ-ਛੋਹ ਅਤੇ ਨਾਮ ਦੇ ਪ੍ਰਤਾਪ ਨਾਲ ਸਮਾਂ ਪਾ ਕੇ ਉਹ ਅਸਥਾਨ ਤੀਰਥ ਦੇ ਰੂਪ ਵਿੱਚ ਪ੍ਰਗਟ ਹੋ ਗਿਆ। ਸਤਿਗੁਰੂ ਅਰਜਨ ਦੇਵ ਜੀ ਦਾ ਰਾਮਕਲੀ ਰਾਗ ਅੰਦਰ ਫੁਰਮਾਨ ਹੈ :

**ਅਠਸਠਿ ਤੀਰਥ ਜਹ ਸਾਧ ਪਗ ਧਰਹਿ॥** ਮ: ੫, ਪੰਨਾ ੮੯੦

ਸਤਿਗੁਰੂ ਅਮਰਦਾਸ ਜੀ ਦਾ ਪਾਵਨ ਫੁਰਮਾਨ ਗੂਜਰੀ ਰਾਗ ਅੰਦਰ ਅੰਕਿਤ ਹੈ ਕਿ ਜਿਸ ਦੇ ਹਿਰਦੇ ਵਿੱਚ ਪਰਮਾਤਮਾ ਦੀ ਹੋਂਦ ਸਮਾਈ ਰਹਿੰਦੀ ਹੈ। ਉਸ ਦੇ ਨਾਲ ਹਰ ਸਮੇਂ ਅਠਸਠ ਤੀਰਥ ਨਿਵਾਸ ਕਰਦੇ ਹਨ :

**ਅਠਸਠਿ ਤੀਰਥ ਤਿਸੁ ਸੰਗਿ ਰਹਹਿ ਜਿਨ ਹਰਿ ਹਿਰਦੈ ਰਹਿਆ ਸਮਾਇ॥**

ਮ: ੩, ਪੰਨਾ ੪੯੧

ਮਲਾਰ ਰਾਗ ਅੰਦਰ ਸਤਿਗੁਰੂ ਰਾਮਦਾਸ ਜੀ ਦਾ ਫੁਰਮਾਨ ਹੈ ਕਿ ਗੰਗਾ, ਜਮਨਾ, ਸੁਰਸਤੀ, ਗੁਦਾਵਰੀ, ਆਦਿਕ ਨਦੀਆਂ, ਜਿਨ੍ਹਾਂ ਦੇ ਕਿਨਾਰਿਆਂ ਉੱਪਰ ਤੀਰਥ ਅਸਥਾਨ ਇਸਥਿੱਤ ਹਨ। ਇਹ ਪਵਿੱਤਰ ਨਦੀਆਂ ਵੀ ਨਾਮੀ ਸਾਧੂਆਂ ਦੀ ਚਰਨ ਧੂੜ ਵਾਸਤੇ ਦਿਨ-ਰਾਤ ਲੋਚਾ ਕਰਦੀਆਂ ਹਨ ਕਿ ਕੋਈ ਸਾਧੂ-ਮਹਾਂਪੁਰਖ ਨਾਮ ਜਪਣ ਵਾਲਾ ਸਾਡੇ ਵਿੱਚ ਚਰਨ ਪਾਵੇ ਤਾਂ ਜੋ ਸਾਡਾ ਜਲ ਵੀ ਪਵਿੱਤਰ ਹੋ ਜਾਵੇ। ਸਤਿਗੁਰਾਂ ਦਾ ਫੁਰਮਾਨ ਹੈ :

**ਗੰਗਾ ਜਮੁਨਾ ਗੋਦਾਵਰੀ ਸਰਸੁਤੀ ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥**

**ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥੯॥**

ਮ: ੪, ਪੰਨਾ ੧੨੬੩

ਸਾਰੇ ਤੀਰਥਾਂ ਦੀ ਪਵਿੱਤ੍ਰਤਾ ਪ੍ਰਭੂ ਨਾਮ ਕਰਕੇ ਹੀ ਹੈ। ਜਿਸ ਦੇ ਹਿਰਦੇ ਵਿੱਚ ਨਾਮ ਦਾ ਨਿਵਾਸ ਹੋ ਜਾਂਦਾ ਹੈ, ਉਹ ਤਾਂ ਖੁਦ ਤੀਰਥ ਬਣ ਜਾਂਦਾ ਹੈ। ਉਸ ਨੂੰ ਤੀਰਥਾਂ ਉੱਪਰ ਜਾਣ ਦੀ ਲੋੜ ਨਹੀਂ ਪੈਂਦੀ। ਸਤਿਗੁਰੂ ਅਰਜਨ ਦੇਵ ਜੀ ਤਾਂ ਇਸ ਤੋਂ ਵੀ ਵੱਧ ਗਰੰਟੀ ਦਿੰਦੇ ਹਨ ਕਿ ਕੋਈ ਮਨੁੱਖ ਕਰੋੜਾਂ ਵਾਰੀ ਤੀਰਥਾਂ ਦਾ ਇਸ਼ਨਾਨ ਵੀ ਕਰ ਲਵੇ ਪਰ ਉਸ ਦੀ ਆਤਮਾ ਪਵਿੱਤਰ ਨਹੀਂ ਹੋਵੇਗੀ। ਜਿਸ ਨੇ ਆਪਣੀ ਆਤਮਾ ਨੂੰ ਪਵਿੱਤਰ ਕਰਨਾ ਹੈ, ਉਹ ਸਤਿਗੁਰੂ ਅਰਜਨ ਦੇਵ ਜੀ ਦੇ ਬਚਨ **"ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ"** ਪੰਗਤੀ ਦਾ ਧਾਰਨੀ ਬਣ ਜਾਵੇ। ਸੁਤੇ-ਸਿਧ ਹੀ ਇਹ ਕਰਮ ਕਰਨ ਨਾਲ ਉਸ ਦੀ ਆਤਮਾ ਨਿਰਮਲ ਹੋ ਜਾਵੇਗੀ। ਸਤਿਗੁਰੂ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ :

**ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ॥**

**ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ॥**

ਮ: ੫, ਪੰਨਾ ੭੪੭

ਅਜਿਹੇ ਨਾਮੀ ਨੂੰ ਕਿਸੇ ਪੁੰਨ-ਦਾਨ ਕਰਨ ਦੀ ਵੀ ਲੋੜ ਨਹੀਂ ਪੈਂਦੀ ਕਿਉਂਕਿ ਗੁਰੂ ਸਿਧਾਂਤ ਅਨੁਸਾਰ ਪਰਮਾਤਮਾ ਦੇ ਗੁਣ ਗਾਉਣੇ, ਪਰਮਾਤਮਾ ਦਾ ਨਾਮ ਜਪਣਾ ਹੀ ਕਲਯੁੱਗ ਦੇ ਵਿੱਚ ਸਭ ਤੋਂ ਵੱਡਾ ਪੁੰਨ ਹੈ। ਸਤਿਗੁਰਾਂ ਦਾ ਫੁਰਮਾਨ ਆਪਾਂ ਸੋਦਰੁ ਦੇ ਪਾਠ ਅੰਦਰ ਪੜ੍ਹਦੇ ਹਾਂ :

**ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥** ਪਉੜੀ, ਪੰਨਾ ੯੬੨



## *ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥*

**ਅੱਖਰੀ-ਅਰਥ :** ਜਿਸ ਵਡਭਾਗੀ ਨੂੰ ਪਰਮਾਤਮਾ ਨਾਮ ਜਪਣ ਅਤੇ ਸਤਿਸੰਗਤ ਦੀ ਅਮੋਲਕ ਦਾਤ ਬਖਸ਼ਿਸ਼ ਕਰ ਦਿੰਦਾ ਹੈ, ਉਹ ਗੁਰੂ ਦੀ ਦ੍ਰਿਸ਼ਟੀ ਵਿੱਚ ਸਭ ਤੋਂ ਸੁਘੜ ਤੇ ਸਿਆਣਾ ਮੰਨਿਆ ਜਾਂਦਾ ਹੈ।

**ਸੰਖੇਪ-ਵਿਚਾਰ :** ਗੁਰਬਾਣੀ ਸਿਧਾਂਤ ਅਨੁਸਾਰ ਆਰਥਿਕ-ਪ੍ਰਮਾਰਥਿਕ, ਸਭ ਦਾਤਾਂ ਪਰਮਾਤਮਾ ਦੇ ਆਪਣੇ ਹੱਥ ਵੱਸ ਹਨ। ਸਤਿਗੁਰੂ ਅਰਜਨ ਦੇਵ ਜੀ ਦਾ ਬਿਲਾਵਲੁ ਰਾਗ ਅੰਦਰ ਫੁਰਮਾਨ ਹੈ :

**ਮਤ ਕੋਈ ਜਾਣਹੁ ਅਵਰੁ ਕਛੁ ਸਭ ਪ੍ਰਭ ਕੈ ਹਾਥਿ॥**

**ਸਰਬ ਸੂਖ ਨਾਨਕ ਪਾਏ ਸੰਗਿ ਸੰਤਨ ਸਾਥਿ॥੪॥** ਮ: ੫, ਪੰਨਾ ੮੧੪

ਜਿਸ ਉੱਪਰ ਪਰਮਾਤਮਾ ਤ੍ਰੁੱਠਦਾ ਹੈ, ਆਪਣੇ ਭਾਣੇ ਅੰਦਰ ਉਸ ਦੀ ਝੋਲੀ ਵਿੱਚ ਦਾਤ ਪਾ ਕੇ ਉਸ ਨੂੰ ਨਿਵਾਜਦਾ ਹੈ :

**ਦਾਤੈ ਦਾਤਿ ਰਖੀ ਹਥਿ ਅਪਣੈ ਜਿਸੁ ਭਾਵੈ ਤਿਸੁ ਦੇਈ॥**

**ਨਾਨਕ ਨਾਮਿ ਰਤੇ ਸੁਖੁ ਪਾਇਆ ਦਰਗਹ ਜਾਪਹਿ ਸੇਈ॥**

ਮ: ੩, ਪੰਨਾ ੬੦੪

ਆਪਣੇ ਬਲ ਨਾਲ, ਆਪਣੀ ਸਿਆਣਪ ਨਾਲ, ਜੇ ਮਨੁੱਖ ਆਰਥਿਕ-ਪਰਮਾਰਥਕ ਦਾਤਾਂ ਪ੍ਰਾਪਤ ਕਰ ਸਕਦਾ ਹੋਵੇ ਤਾਂ ਸਾਰੇ ਹੀ ਆਪਣੇ ਬਲ ਤੇ ਸਿਆਣਪ ਨਾਲ ਪ੍ਰਾਪਤ ਕਰਕੇ ਭਾਗਸ਼ੀਲ ਬਣ ਜਾਣ ਪਰ ਐਸਾ ਨਾ ਹੋ ਸਕਿਆ ਹੈ ਅਤੇ ਨਾ ਹੀ ਹੋ ਸਕੇਗਾ। ਸਤਿਗੁਰੂ ਨਾਨਕ ਦੇਵ ਜੀ ਦਾ ਗਉੜੀ ਰਾਗ ਅੰਦਰ ਫੁਰਮਾਨ ਹੈ :

**ਆਪਣ ਲੀਆ ਜੇ ਮਿਲੈ ਤਾ ਸਭੁ ਕੋ ਭਾਗਠੁ ਹੋਇ॥** ਮ: ੧, ਪੰਨਾ ੧੫੬

ਖਾਸ ਕਰਕੇ ਸਤਿਸੰਗਤ ਤੇ ਪ੍ਰਭੂ ਨਾਮ ਦੀ ਦਾਤ ਉਨ੍ਹਾਂ ਵਡਭਾਗੀਆਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਸ ਨੂੰ ਧੁਰੋਂ ਪਰਮਾਤਮਾ ਮਿਹਰ ਕਰਕੇ ਬਖਸ਼ਿਸ਼ ਕਰਦਾ ਹੈ। ਸਤਿਗੁਰੂ ਅਮਰਦਾਸ ਜੀ ਦਾ ਰਾਮਕਲੀ ਰਾਗ ਅੰਦਰ ਫੁਰਮਾਨ ਹੈ :

**ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ॥**

ਮ: ੩, ਪੰਨਾ ੯੧੭

ਅਤੇ : **ਧੁਰਿ ਕਰਮੁ ਜਿਨਾ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ॥**

ਮ: ੧, ਪੰਨਾ ੪੬੯

ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਵਡਹੰਸ ਰਾਗ ਅੰਦਰ ਵੀ ਫ਼ੁਰਮਾਨ ਹੈ ਕਿ ਜਿਨ੍ਹਾਂ ਨੂੰ ਗੁਰੂ ਤੋਂ ਨਾਮ ਦੀ ਦਾਤ ਪ੍ਰਾਪਤ ਹੋਈ ਹੈ, ਉਨ੍ਹਾਂ ਜਗਿਆਸੂਆਂ ਉੱਪਰ ਧੁਰੋਂ ਪਰਮਾਤਮਾ ਨੇ ਮਿਹਰ ਕੀਤੀ, ਤਦ ਹੀ ਉਨ੍ਹਾਂ ਨੂੰ ਨਾਮ ਦੀ ਦਾਤ ਪ੍ਰਾਪਤ ਹੋਈ ਹੈ। ਪੁੰਨ-ਦਾਨ ਅਤੇ ਹੋਰ ਸ੍ਰੇਸ਼ਟ ਕਰਮ, ਪ੍ਰਭੂ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ। ਪ੍ਰਭੂ-ਨਾਮ ਸਭ ਤੋਂ ਉੱਤਮ ਤੇ ਸ੍ਰੇਸ਼ਟ ਹੈ। ਆਪ ਸਤਿਗੁਰਾਂ ਦਾ ਫ਼ੁਰਮਾਨ ਹੈ :

**ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥**

**ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥** ਮ: ੧, ਪੰਨਾ ੫੬੬

ਆਖਿਰ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ, ਜਿਸ ਉੱਪਰ ਪਾਰਬ੍ਰਹਮ-ਪਰਮੇਸ਼ਰ ਆਪ ਆਪਣੀ ਮਿਹਰ ਕਰਦਾ ਹੈ, ਉਸ ਨੂੰ ਸਾਧੂ-ਮਹਾਂਪੁਰਸ਼ਾਂ ਦਾ ਸਤਿਸੰਗ ਪ੍ਰਾਪਤ ਹੋ ਜਾਂਦਾ ਹੈ। ਜਿਉਂ-ਜਿਉਂ ਜਗਿਆਸੂ ਮਹਾਂਪੁਰਸ਼ਾਂ ਦੀ ਵਧੇਰੇ ਸੰਗਤ ਕਰਦਾ ਹੈ, ਤਿਉਂ-ਤਿਉਂ ਉਸ ਦੀ ਆਤਮਾ ਨੂੰ ਪ੍ਰਮਾਤਮਾ ਦੇ ਨਾਮ ਦਾ ਰੰਗ ਚੜ੍ਹਦਾ ਜਾਂਦਾ ਹੈ। ਲੋਕ ਅਤੇ ਪਰਲੋਕ ਦਾ ਮਾਲਕ ਪ੍ਰਮਾਤਮਾ ਆਪ ਹੀ ਹੈ। ਪਰਮਾਤਮਾ ਤੋਂ ਬਿਨਾਂ ਹੋਰ ਕੋਈ ਨਹੀਂ। ਸਤਿਗੁਰੂ ਦੀ ਪ੍ਰਸੰਨਤਾ ਨਾਲ ਸਤਿਗੁਰੂ ਦੇ ਪਾਸੋਂ ਨਾਮ ਦੀ ਦਾਤ ਮਿਲਦੀ ਹੈ। ਸਤਿਗੁਰੂ ਦੀ ਪ੍ਰਾਪਤੀ, ਪ੍ਰਮਾਤਮਾ ਦੀ ਮਿਹਰ ਨਾਲ ਹੁੰਦੀ ਹੈ। ਸਾਹਿਬਾਂ ਦਾ ਸਿਰੀਰਾਗ ਅੰਦਰ ਫ਼ੁਰਮਾਨ ਹੈ :

**ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ ॥**

**ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ॥**

**ਦੁਹਾ ਸਿਰਿਆ ਕਾ ਖਸਮੁ ਆਪਿ ਅਵਰੁ ਨ ਦੂਜਾ ਥਾਉ ॥**

**ਸਤਿਗੁਰ ਤੁਠੈ ਪਾਇਆ ਨਾਨਕ ਸਚਾ ਨਾਉ ॥੯॥੧॥** ਮ: ੫, ਪੰਨਾ ੭੧

## *ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥*

**ਅੱਖਰੀ-ਅਰਥ :** ਜਿਨ੍ਹਾਂ ਵਡਭਾਗੀਆਂ ਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੋ ਜਾਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਫ਼ੁਰਮਾਨ ਕਰਦੇ ਹਨ, ਕਿ ਮੈਂ ਪ੍ਰਭੂ ਮਿਲਾਪੀਆਂ ਤੋਂ ਕੁਰਬਾਨ ਜਾਂਦਾ ਹਾਂ।



**ਸੰਖੇਪ-ਵਿਚਾਰ :** ਮਿਲਾਪ ਹੀ ਔਖਾ ਹੈ। ਪ੍ਰਭੂ ਮਿਲਾਪ ਵਾਲੇ ਰਸਤੇ ਉੱਪਰ ਕੋਈ ਵਿਰਲਾ ਭਾਗਾਂ ਵਾਲਾ ਹੀ ਚੱਲਦਾ ਹੈ ਕਿਉਂਕਿ ਇਹ ਮਾਰਗ ਬਹੁਤ ਔਖਾ ਹੈ। ਭਗਤ ਕਬੀਰ ਜੀ ਨੇ ਸਲੋਕਾਂ ਅੰਦਰ ਆਪਣਾ ਨਿੱਜੀ ਅਨੁਭਵ ਦਰਸਾਉਂਦਿਆਂ ਬਚਨ ਅੰਕਿਤ ਕੀਤਾ ਹੈ ਕਿ ਸੰਸਾਰੀ ਕਰਮ ਕਾਂਡੀ ਪੰਡਿਤਾਂ ਦੇ ਦਰਸਾਏ ਰਸਤੇ ਉੱਪਰ ਚੱਲਣ ਵਾਲਿਆਂ ਦੀਆਂ ਭੀੜਾਂ ਮਗਰ ਵਹੀਰਾਂ ਤੁਰੀਆਂ ਜਾ ਰਹੀਆਂ ਹਨ, ਪਰ ਪਰਮਾਤਮਾ ਦੇ ਮਿਲਾਪ ਦਾ ਰਸਤਾ ਬੜਾ ਕਠਿਨ ਹੈ। ਇਸ ਕਠਿਨ ਮਾਰਗ ਉੱਪਰ ਕੋਈ ਵੀ ਚੱਲਣ ਲਈ ਤਿਆਰ ਨਹੀਂ। ਮੈਂ ਇੱਕਲਾ ਹੀ ਇਸ ਰਸਤੇ ਉੱਪਰ ਚੱਲ ਰਿਹਾ ਹਾਂ। ਮੇਰਾ ਸਾਥ ਦੇਣ ਵਾਲਾ, ਮੇਰੇ ਪਿੱਛੇ ਲੱਗ ਕੇ ਪ੍ਰਭੂ ਨੂੰ ਮਿਲਣ ਵਾਲਾ, ਮੈਨੂੰ ਕੋਈ ਵਿਖਾਈ ਨਹੀਂ ਦਿੰਦਾ। ਆਪ ਦਾ ਫ਼ੁਰਮਾਨ ਹੈ :

**ਕਬੀਰ ਜਿਹ ਮਾਰਗਿ ਪੰਡਿਤ ਗਏ ਪਾਛੈ ਪਰੀ ਬਹੀਰ ॥**

**ਇਕ ਅਵਘਟ ਘਾਟੀ ਰਾਮ ਕੀ ਤਿਹ ਚੜਿ ਰਹਿਓ ਕਬੀਰ ॥੧੬੫॥**

ਕਬੀਰ ਜੀ, ਪੰਨਾ ੧੩੭੩

ਸਤਿਗੁਰੂ ਅਰਜਨ ਦੇਵ ਜੀ ਵਡਹੰਸੁ ਰਾਗ ਅੰਦਰ, ਉਨ੍ਹਾਂ ਗੁਰੂ ਪਿਆਰਿਆਂ ਤੋਂ ਆਪਣੇ ਆਪ ਨੂੰ ਕੁਰਬਾਨ ਕਰਦੇ ਤੇ ਘੋਲ-ਘੁਮਾਉਂਦੇ ਫ਼ੁਰਮਾਨ ਕਰਦੇ ਹਨ ਕਿ ਮੈਂ ਉਨ੍ਹਾਂ ਗੁਰਮੁਖ ਪਿਆਰਿਆਂ ਤੋਂ ਸਦਕੇ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਹਰੀ ਪਰਮਾਤਮਾ ਦੇ ਦਰਸ਼ਨ ਕਰਕੇ ਉਸ ਦਾ ਮਿਲਾਪ ਪ੍ਰਾਪਤ ਕਰ ਲਿਆ ਹੈ। ਪਰਮਾਤਮਾ ਦਾ ਨਾਮ ਅਤਿ ਮਿੱਠਾ ਤੇ ਸੁਖਦਾਈ ਹੈ। ਉਸ ਨਾਮ ਰਸ ਨੂੰ ਚੱਖ ਕੇ ਨਾਮੀਂ ਤ੍ਰਿਪਤ ਹੋ ਗਏ ਹਨ। ਜਿਨ੍ਹਾਂ ਵਡਭਾਗੀਆਂ ਨੂੰ ਪਰਮਾਤਮਾ ਦਾ ਨਾਮ ਮਿੱਠਾ ਲੱਗਣ ਲੱਗ ਪਿਆ, ਸਮਝੋ ਉਨ੍ਹਾਂ ਉੱਪਰ ਪਰਮਾਤਮਾ ਦੀ ਅਤਿ ਪ੍ਰਸੰਨਤਾ ਹੋ ਗਈ ਅਤੇ ਉਨ੍ਹਾਂ ਦੇ ਹਿਰਦੇ ਵਿੱਚ ਅੰਮ੍ਰਿਤ ਦੀ ਬਰਖਾ ਹੋਣ ਲੱਗ ਪਈ ਹੈ। ਸਾਰੇ ਸੁੱਖਾਂ ਦੇ ਉਹ ਮਾਲਕ ਬਣ ਗਏ। ਉਨ੍ਹਾਂ ਦੇ ਸਰੀਰਕ ਅਤੇ ਮਾਨਸਿਕ ਸਾਰੇ ਦੁੱਖ ਦੂਰ ਹੋ ਗਏ। ਪਰਮਾਤਮਾ ਦੇ ਨਾਮ ਜਪ ਦੀ ਬਰਕਤ ਨਾਲ ਉਨ੍ਹਾਂ ਦਾ ਅਗਿਆਨ ਭਰਮ ਵੀ ਖ਼ੱਤਮ ਹੋ ਗਿਆ। ਮਾਇਆ ਦੇ ਪੰਜਾਂ ਦੂਤਾਂ ਨਾਲੋਂ ਉਨ੍ਹਾਂ ਦਾ ਵਾਸਤਾ ਟੁੱਟ ਗਿਆ। ਮਾਇਆ ਦੇ ਮੋਹ ਤੋਂ ਉਹ ਨਿਰਲੇਪ ਹੋ ਗਏ। ਵਿਕਾਰ ਉਨ੍ਹਾਂ ਦਾ ਖਹਿੜਾ ਛੱਡ ਗਏ। ਉਨ੍ਹਾਂ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਿਵਾਸ ਹੋ ਗਿਆ। ਅਜਿਹੇ ਪ੍ਰਭੂ ਮਿਲਾਪ ਵਾਲੀਆਂ ਗੁਰਮੁਖ ਰੂਹਾਂ ਤੋਂ ਮੈਂ ਬਾਰੰ-ਬਾਰ ਕੁਰਬਾਨ ਤੇ ਸਦਕੇ ਜਾਂਦਾ ਹੈ। ਸਤਿਗੁਰੂ ਜੀ ਦਾ ਫ਼ੁਰਮਾਨ ਹੈ :

**ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ॥**

**ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ॥**

**ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ॥**

**ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ॥**

**ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ॥**

**ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ॥੩॥**

ਮ: ੫, ਪੰਨਾ ੫੭੭

ਸਤਿਗੁਰੂ ਰਾਮਦਾਸ ਜੀ ਦਾ ਤਿਲੰਗ ਰਾਗ ਅੰਦਰ ਫੁਰਮਾਨ ਹੈ ਕਿ ਮੈਂ ਉਨ੍ਹਾਂ ਗੁਰੂ ਪਿਆਰਿਆਂ ਤੋਂ ਆਪਣੇ ਆਪ ਨੂੰ ਘੋਲ ਘੁਮਾਉਂਦਾ ਹਾਂ, ਜਿਨ੍ਹਾਂ ਨੇ ਪ੍ਰਭੂ ਸਰੂਪ ਸਤਿਗੁਰੂ ਦੇ ਦਰਸ਼ਨ ਪ੍ਰਾਪਤ ਕਰ ਲਏ ਹਨ :

**ਜਿਨ ਸਤਿਗੁਰੁ ਪਿਆਰਾ ਦੇਖਿਆ ਤਿਨ ਕਉ ਹਉ ਵਾਰੀ॥**

**ਜਿਨ ਗੁਰ ਕੀ ਕੀਤੀ ਚਾਕਰੀ ਤਿਨ ਸਦ ਬਲਿਹਾਰੀ॥** ਮ: ੪, ਪੰਨਾ ੭੨੫

## *ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥੧੨॥*

**ਅੱਖਰੀ-ਅਰਥ :** ਮਾਘ ਮਹੀਨੇ ਦਾ ਉਪਦੇਸ਼ ਪ੍ਰਦਾਨ ਕਰਦੇ ਸਤਿਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਮਾਘ ਦੇ ਮਹੀਨੇ ਕੋਈ ਮਨੁੱਖ ਇਸ਼ਨਾਨ ਕਰਕੇ ਅੰਦਰੋਂ ਸੁੱਚਾ ਨਹੀਂ ਹੋ ਸਕਦਾ। ਅੰਦਰੋਂ ਸੁੱਚਾ ਉਹ ਹੀ ਹੈ ਜਿਸ ਉੱਪਰ ਪੂਰਾ ਗੁਰੂ ਮਿਹਰ ਕਰ ਦਿੰਦਾ ਹੈ।

**ਸੰਖੇਪ-ਵਿਚਾਰ :** ਇਕ ਬਾਹਰੀ ਸਰੀਰ ਦੀ ਸੁੱਚਮਤਾ ਹੈ, ਜੋ ਇਸ਼ਨਾਨ ਕਰਕੇ ਮਨੁੱਖ ਕਰ ਲੈਂਦਾ ਹੈ। ਇਸ਼ਨਾਨ ਕਰਨ ਉਪਰੰਤ ਵੀ ਜੇ ਸਾਡਾ ਹੱਥ ਜੀਭ ਨੂੰ ਲੱਗ ਜਾਵੇ ਤਦ ਵੀ ਜੂਠਾ, ਜੇ ਅੱਖਾਂ ਨੂੰ ਲੱਗ ਜਾਵੇ, ਨਾਸਕਾ ਅੰਦਰ, ਕੰਨ ਅੰਦਰ ਭਾਵ ਨੌਆਂ ਦੁਆਰਿਆਂ ਵਿੱਚੋਂ ਕਿਸੇ ਨੂੰ ਵੀ ਛੂਹ ਜਾਵੇ, ਅਸੀਂ ਮੁੜ ਹੱਥ ਨੂੰ ਅਪਵਿੱਤਰ ਹੋ ਗਿਆ ਜਾਣ ਕੇ ਪਾਣੀ ਨਾਲ ਸਾਫ਼ ਕਰਦੇ ਹਾਂ। ਫਿਰ ਸਰੀਰ ਦੇ ਅੰਦਰ, ਬਿਸ਼ਟਾ, ਹੱਡੀਆਂ, ਚਮੜੀ, ਲਹੂ-ਮਿੱਝ, ਇਹ ਸਾਰੀਆਂ ਅਪਵਿੱਤਰ ਚੀਜ਼ਾਂ ਹੀ ਤਾਂ ਹਨ। ਇਸ ਕਰਕੇ ਸਰੀਰ ਨੂੰ ਅਸੀਂ ਪਵਿੱਤ੍ਰ ਕਰ ਹੀ ਨਹੀਂ ਸਕਦੇ। ਸਤਿਗੁਰੂ ਰਾਮਦਾਸ ਜੀ ਦਾ ਮਾਰੂ ਰਾਗ ਅੰਦਰ ਫੁਰਮਾਨ ਹੈ ਕਿ :



**ਨਵੇ ਛਿਦ੍ਰ ਸ੍ਰਵਹਿ ਅਪਵਿਤ੍ਰਾ॥ ਬੋਲਿ ਹਰਿ ਨਾਮ ਪਵਿਤ੍ਰ ਸਭਿ ਕਿਤਾ॥**

ਮ: ੪, ਪੰਨਾ ੯੯੬

ਇਸ ਦਾ ਭਾਵ ਇਹ ਵੀ ਨਾ ਲੈ ਲੈਣਾ ਕਿ ਸਰੀਰਕ ਸੁੱਚਮਤਾ ਰੱਖਣੀ ਹੀ ਨਹੀਂ ਚਾਹੀਦੀ। ਸਰੀਰਕ ਸੁੱਚਮਤਾ ਦੀ ਆਪਣੀ ਥਾਂ ਹੈ, ਪਰ ਸਰੀਰਕ ਸੁੱਚਮਤਾ ਨੂੰ ਹੀ ਸਭ ਕੁਝ ਜਾਣ ਕੇ ਆਤਮਿਕ ਸੁੱਚਮਤਾ ਵੱਲ ਧਿਆਨ ਨਾ ਦੇਣਾ, ਇਹ ਵੀ ਅਗਿਆਨਤਾ ਵਿੱਚ ਵਿਚਰਨ ਵਾਲੀ ਗੱਲ ਹੈ।

ਸਤਿਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਅੰਦਰ ਕੌਣ ਸੁੱਚੇ ਹਨ ? ਆਪ ਜੀ ਆਸਾ ਜੀ ਦੀ ਵਾਰ ਅੰਦਰ ਬਚਨ ਕਰਦੇ ਹਨ। ਜੋ ਇਸ਼ਨਾਨ ਕਰਕੇ ਸਰੀਰ ਨੂੰ ਪਵਿੱਤਰ ਕਰ ਲੈਂਦਾ ਹੈ, ਕੇਵਲ ਉਸ ਨੂੰ ਹੀ ਸੁੱਚਾ ਨਹੀਂ ਕਿਹਾ ਜਾ ਸਕਦਾ। ਅਸਲੀ ਸੁੱਚਾ (ਪਵਿੱਤ੍ਰ) ਉਹ ਹੈ ਜਿਸ ਦੇ ਹਿਰਦੇ ਵਿੱਚ ਪਵਿੱਤਰ ਅਕਾਲ ਪੁਰਖ ਦਾ ਨਿਵਾਸ ਹੈ। ਆਪ ਦਾ ਫੁਰਮਾਨ ਹੈ :

**ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥**

**ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥** ਮ: ੧, ਪੰਨਾ ੪੭੨

ਭਗਤ ਕਬੀਰ ਜੀ ਦੀ ਦ੍ਰਿਸ਼ਟੀ ਵਿੱਚ ਕੌਣ ਸੁੱਚਾ ਹੈ ? ਆਪ ਜੀ ਬਸੰਤ ਰਾਗ ਅੰਦਰ ਫੁਰਮਾਉਂਦੇ ਹਨ ਕਿ ਸੰਸਾਰ ਅੰਦਰ ਉਹ ਮਨੁੱਖ ਅਸਲੀ ਸੁੱਚਾ ਹੈ, ਜੋ ਸੱਚੇ ਵਾਹਿਗੁਰੂ ਦੀ ਵਿਚਾਰ ਕਰਕੇ ਸੱਚੇ ਵਾਹਿਗੁਰੂ ਨਾਲ ਜੁੜਦਾ ਹੈ। ਜੋ ਸੱਤਿ-ਅਸੱਤਿ ਦੀ ਵਿਚਾਰ ਕਰਕੇ ਅਸੱਤ ਦਾ ਤਿਆਗੀ ਬਣ ਜਾਂਦਾ ਹੈ ਤੇ ਸੱਤ ਨੂੰ ਆਪਣੇ ਜੀਵਨ ਅੰਦਰ ਧਾਰਨ ਕਰ ਲੈਂਦਾ ਹੈ। ਆਪ ਦਾ ਫੁਰਮਾਨ ਹੈ :

**ਕਹਿ ਕਬੀਰ ਤੇਈ ਨਰ ਸੂਚੇ ਸਾਚੀ ਪਰੀ ਬਿਚਾਰਾ॥੪॥੧॥**

ਕਬੀਰ ਜੀ, ਪੰਨਾ ੧੧੯੫

ਸਤਿਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅੰਦਰ ਉਹ ਮਨੁੱਖ ਹੀ ਸੁੱਚਾ ਹੈ, ਜਿਸ ਉੱਪਰ ਪੂਰਾ ਸਤਿਗੁਰੂ ਮਿਹਰ ਕਰ ਦਿੰਦਾ ਹੈ ਅਤੇ ਪੂਰਾ ਸਤਿਗੁਰੂ, ਸੱਤਿ-ਵਿਚਾਰ ਦੇ ਧਾਰਨੀਆਂ ਉੱਪਰ ਹੀ ਮਿਹਰ ਕਰਦਾ ਹੈ। ਸੋ ਸਤਿਗੁਰੂ ਦੀ ਮਿਹਰ ਪ੍ਰਾਪਤ ਕਰਨ ਲਈ ਸਤਿ-ਮਾਰਗ ਦੇ ਧਾਰਨੀ ਬਣਨਾ ਅਵੱਸ਼ ਲਾਜਮੀ ਹੈ।

❐❐❐

# ਫਲਗੁਣਿ (ਫੱਗਣ)

### ਮੂਲ-ਪਾਠ

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥***
***ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥***
***ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥***
***ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥***
***ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥***
***ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥***
***ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥***
***ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥***
***ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥***
***ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥੧੩ ॥***

**ਪਦ-ਅਰਥ :** **ਫਲਗੁਣਿ** = ਫੱਗਣ ਦੇ ਮਹੀਨੇ ਦੁਆਰਾ ਗੁਰੂ ਉਪਦੇਸ਼। **ਅਨੰਦ ਉਪਾਰਜਨਾ** = ਅਨੰਦ ਉਤਪੰਨ ਹੋ ਗਿਆ। **ਸਜਣ ਪ੍ਰਗਟੇ ਆਇ** = ਜਿਸ ਜਗਿਆਸੂ ਦੇ ਹਿਰਦੇ ਵਿੱਚ ਪਰਮਾਤਮਾ-ਮਿੱਤਰ ਦੀ ਹੋਂਦ ਪ੍ਰਗਟ ਹੋ ਜਾਂਦੀ ਹੈ। **ਸੰਤ ਸਹਾਈ ਰਾਮ ਕੇ** = ਪਰਮਾਤਮਾ ਦੇ ਮਿਲਾਪ ਲਈ ਸਤਿਗੁਰੂ ਅਤੇ ਪਰਮਾਤਮਾ ਨਾਲ ਮਿਲੇ ਹੋਏ ਸੰਤ ਜਨ ਸਹਾਇਕ ਹੋਏ। **ਸੇਜ ਸੁਹਾਵੀ** = ਪ੍ਰਭੂ ਮਿਲਾਪ ਨਾਲ ਹਿਰਦਾ ਰੂਪੀ ਸੇਜ ਸ਼ੋਭਨੀਕ ਹੋ ਗਈ। **ਦੁਖਾ ਨਾਹੀ ਜਾਇ** = ਦੁੱਖਾਂ ਦੇ ਠਹਿਰਨ ਲਈ ਜਗ੍ਹਾ ਹੀ ਨਹੀਂ ਰਹੀ। **ਵਰੁ ਪਾਇਆ ਹਰਿ ਰਾਇ** = ਪ੍ਰਕਾਸ਼ ਸਰੂਪ ਹਰੀ ਦੀ ਪ੍ਰਾਪਤੀ ਹੋ ਗਈ। **ਸਹੀਆ** = ਸਤਸੰਗੀ। **ਮੰਗਲੁ ਗਾਵਹੀ** = ਖੁਸ਼ੀ ਦੇ, ਗੀਤ। **ਅਲਾਇ** = ਪਿਆਰ ਵਿੱਚ ਅਲਾਪ ਕੇ। **ਲਵੈ ਨ ਲਾਇ** = ਨੇੜੇ-ਤੇੜੇ ਬਰਾਬਰੀ ਕਰਨ ਵਾਲਾ। **ਹਲਤੁ** = ਲੋਕ। **ਪਲਤੁ** = ਪ੍ਰਲੋਕ। **ਸਵਾਰਿਓਨੁ** = ਪਰਮਾਤਮਾ ਨੇ ਸਵਾਰ ਦਿੱਤਾ। **ਨਿਹਚਲ** = ਨਾ ਨਾਸ਼ ਹੋਣ ਵਾਲੀ। **ਜਾਇ** = ਥਾਂ। **ਬਹੁੜਿ ਨ ਜਨਮੈ ਧਾਇ** = ਮੁੜ-ਮੁੜ ਕੇ ਜਨਮ-ਮਰਨ ਦੇ ਚੱਕਰ ਨਹੀਂ ਕੱਟਣੇ ਪੈਂਦੇ। **ਤਰੇ** = ਤਰ ਜਾਂਦਾ ਹੈ। **ਤਿਲੁ ਨ ਤਮਾਇ** = ਜਿਸ ਨੂੰ ਰਤਾ ਭਰ ਤਿੱਲ ਜਿੰਨਾ ਵੀ ਲਾਲਚ ਨਹੀਂ ਹੈ।



# ਫਲਗੁਣਿ ਅਨੰਦ ਉਪਾਰਜਨਾ

ਸਤਿਗੁਰੂ ਅਰਜਨ ਦੇਵ ਜੀ ਬਾਰਾਮਾਹ ਬਾਣੀ ਦੇ ਆਖ਼ਰੀ ਮਹੀਨੇ ਫੱਗਣ ਅੰਦਰ ਫੁਰਮਾਨ ਕਰਦੇ ਹਨ ਕਿ ਜਿਨ੍ਹਾਂ ਵਡਭਾਗੀਆਂ ਦੇ ਹਿਰਦੇ ਵਿੱਚ ਸੱਜਣ-ਪ੍ਰਭੂ ਪ੍ਰਗਟ ਹੋ ਜਾਂਦਾ ਹੈ, ਉਨ੍ਹਾਂ ਨੂੰ ਪਾਰਾਵਾਰ ਤੋਂ ਪਰ੍ਹੇ (ਗਿਣਤੀ-ਮਿਣਤੀ ਤੋਂ ਬਾਹਰੇ) ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦੋਂ ਆਪਾਂ ਗੁਰਬਾਣੀ ਨੂੰ ਪੜ੍ਹਦੇ ਤੇ ਵਿਚਾਰਦੇ ਹਾਂ, ਤਦ ਸਾਰੀ ਗੁਰਬਾਣੀ ਦਾ ਨਿਚੋੜ, ਤੱਤ-ਸਾਰ ਇਹ ਹੀ ਸਨਮੁੱਖ ਆਉਂਦਾ ਹੈ ਕਿ ਪਰਮਾਤਮਾ ਨੇ ਸਾਨੂੰ ਮਨੁੱਖਾ ਜਨਮ ਦਿੱਤਾ ਹੀ ਇਸ ਕਰਕੇ ਹੈ ਕਿ ਅਸੀਂ ਇਸੇ ਮਨੁੱਖਾ ਜਨਮ ਵਿੱਚ ਗੁਰੂ ਅਗਵਾਈ ਅੰਦਰ ਚਲ ਕੇ ਗੋਬਿੰਦ-ਸੱਜਣ ਨੂੰ ਪ੍ਰਗਟ ਕਰ ਲਈਏ। ਸੱਜਣ ਪ੍ਰਭੂ ਪ੍ਰਗਟ ਹੁੰਦੇ ਹੀ ਪਾਰਾਵਾਰ ਤੋਂ ਪਰ੍ਹੇ ਦਾ ਅਨੰਦ ਅਤੇ ਕਹਿਣ-ਕਥਨ ਤੋਂ ਪਰ੍ਹੇ ਦੀਆਂ ਖੁਸ਼ੀਆਂ-ਖੇੜੇ ਪ੍ਰਾਪਤ ਹੋ ਜਾਂਦੇ ਹਨ। ਜਿਸ ਖੁਸ਼ੀ-ਅਨੰਦ ਨੂੰ ਦਰਸਾਉਣ ਤੋਂ ਬਾਬਾ ਕਬੀਰ ਜੀ ਨੇ ਵੀ ਅਸਮਰੱਥਾ ਪ੍ਰਗਟਾਈ ਹੈ। ਆਪ ਜੀ ਦਾ ਫੁਰਮਾਨ ਹੈ :

**ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥**
**ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥੧੨੧ ॥**

ਸਲੋਕ ਕਬੀਰ ਜੀ, ਪੰਨਾ ੧੩੭੦

ਅਤੇ : **ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥**

ਕਬੀਰ ਜੀ ਪੰਨਾ ੩੩੪

ਸੰਸਾਰ ਦੀਆਂ ਵਸਤੂਆਂ ਵੱਲ ਵੀ ਜਦੋਂ ਆਪਾਂ ਨਿਗਾਹ ਮਾਰਦੇ ਹਾਂ। ਜਿਹੜੀਆਂ ਵਸਤੂਆਂ ਗੁਪਤ ਹਨ, ਅਸੀਂ ਉਨ੍ਹਾਂ ਤੋਂ ਲਾਭ ਪ੍ਰਾਪਤ ਨਹੀਂ ਕਰ ਸਕਦੇ। ਧਰਤੀ ਦੇ ਅੰਦਰ ਪਾਣੀ ਹੈ। ਕਿਸੇ ਮਨੁੱਖ ਨੂੰ ਪਾਣੀ ਦੀ ਤ੍ਰੇਹ ਲੱਗੀ ਹੋਵੇ। ਤ੍ਰੇਹ ਨਾਲ ਉਹ ਮਨੁੱਖ ਤੜਫਦਾ ਹੋਵੇ। ਧਰਤੀ ਵਿੱਚਲਾ ਪਾਣੀ ਉਸ ਦੀ ਤ੍ਰੇਹ ਨਹੀਂ ਬੁਝਾ ਸਕਦਾ। ਮਨੁੱਖ ਦੀ ਤ੍ਰੇਹ ਤਦੋਂ ਬੁਝੇਗੀ, ਜਦੋਂ ਕਿਸੇ ਢੰਗ ਤਰੀਕੇ ਨਾਲ ਪਾਣੀ ਨੂੰ ਧਰਤੀ ਵਿੱਚੋਂ ਪ੍ਰਗਟ ਕਰ ਲਿਆ ਜਾਵੇ। ਧਰਤੀ ਅੰਦਰਲਾ ਗੁਪਤ ਪਾਣੀ ਜਦੋਂ ਪ੍ਰਗਟ ਹੋ ਜਾਂਦਾ ਹੈ, ਤਦੋਂ ਮਨੁੱਖ ਦੀ ਪਿਆਸ ਵੀ ਬੁਝਾਉਂਦਾ ਹੈ ਅਤੇ ਮੈਲ ਵੀ ਦੂਰ ਕਰਦਾ ਹੈ।

ਇਸੇ ਤਰ੍ਹਾਂ ਧਰਤੀ ਅੰਦਰ ਹੀਰੇ, ਜਵਾਹਰਾਤ, ਸੋਨਾ, ਚਾਂਦੀ, ਤੇਲ-ਗੈਸ ਅਤੇ ਹੋਰ ਅਨੇਕਾਂ ਕੀਮਤੀ ਵਸਤੂਆਂ ਹਨ, ਜਿੰਨਾਂ ਚਿਰ ਧਰਤੀ ਹੇਠ ਗੁਪਤ ਪਈਆਂ

ਰਹਿੰਦੀਆਂ ਹਨ, ਉਨ੍ਹਾਂ ਤੋਂ ਕਿਸੇ ਨੂੰ ਵੀ ਲਾਭ ਪ੍ਰਾਪਤ ਨਹੀਂ ਹੁੰਦਾ। ਜਦੋਂ ਇਨ੍ਹਾਂ ਕੀਮਤੀ, ਗੁਪਤ ਚੀਜ਼ਾਂ ਨੂੰ ਕਿਸੇ ਢੰਗ, ਤਰੀਕੇ ਮਿਹਨਤ ਨਾਲ ਪ੍ਰਗਟ ਕਰ ਲਈਏ। ਇਹ ਅਮੋਲਕ ਚੀਜ਼ਾਂ ਪ੍ਰਗਟ ਹੋ ਕੇ ਬਿਅੰਤ-ਦੌਲਤ ਦਿੰਦੀਆਂ ਹਨ, ਜੋ ਮਨੁੱਖ ਲਈ ਸੁੱਖ ਦਾ ਕਾਰਣ ਬਣ ਜਾਂਦੀਆਂ ਹਨ।

ਸਤਿਗੁਰੂ ਅਰਜਨ ਦੇਵ ਜੀ ਨੇ ਵੀ ਗੁਰਬਾਣੀ ਅੰਦਰ ਬਹੁਤ ਸੁੰਦਰ ਦੋ ਉਦਾਹਰਣਾਂ ਦਿੱਤੀਆਂ ਹਨ। ਆਪ ਫੁਰਮਾਨ ਕਰਦੇ ਹਨ ਕਿ ਵੇਖੋ ਲੱਕੜਾਂ ਵਿੱਚ ਗੁਪਤ ਰੂਪ ਅੰਦਰ ਅੱਗ ਮੌਜੂਦ ਹੈ। ਸਰਦੀ ਦੇ ਮੌਸਮ ਵਿੱਚ ਕੋਈ ਮਨੁੱਖ ਲੱਕੜਾਂ ਦੇ ਢੇਰ ਕੋਲ ਬੈਠ ਕੇ ਸੀਤ ਦੇ ਦੁੱਖ ਤੋਂ ਛੁਟਕਾਰਾ ਨਹੀਂ ਪਾ ਸਕਦਾ ਅਤੇ ਲੱਕੜਾਂ ਦੀ ਗੁਪਤ ਅਗਨੀ ਤੋਂ ਨਾ ਹੀ ਅਸੀਂ ਰਸੋਈ ਦੇ ਖਾਣ-ਪੀਣ ਵਾਲੇ ਪਦਾਰਥ ਤਿਆਰ ਕਰ ਸਕਦੇ ਹਾਂ। ਜਦੋਂ ਕਿਸੇ ਵਿਧੀ, ਕਿਸੇ ਢੰਗ ਤਰੀਕੇ ਨਾਲ ਲੱਕੜਾਂ ਵਿੱਚੋਂ ਅੱਗ ਪ੍ਰਗਟ ਹੋ ਜਾਂਦੀ ਹੈ ਫਿਰ ਇਹ ਅਗਨੀ, ਸੀਤ ਦਾ ਦੁੱਖ ਵੀ ਦੂਰ ਕਰਦੀ ਹੈ ਅਤੇ ਅਨੇਕਾਂ ਪ੍ਰਕਾਰ ਦੇ ਖਾਣ-ਪੀਣ ਦੇ ਭੋਜਨ ਤਿਆਨ ਕਰਨ ਵਿੱਚ ਵੀ ਸਹਾਇਕ ਹੁੰਦੀ ਹੈ।

ਜਿਵੇਂ ਲੱਕੜਾਂ ਅੰਦਰ ਅੱਗ ਗੁਪਤ ਰੂਪ ਵਿੱਚ ਸਮਾਈ ਹੋਈ ਹੈ, ਤਿਵੇਂ ਦੁੱਧ ਦੇ ਜ਼ਰੇ-ਜ਼ਰੇ ਅੰਦਰ ਘਿਉ ਦੀ ਹੋਂਦ ਰਮੀਂ ਹੋਈ ਹੈ। ਦੁੱਧ ਵਿੱਚ ਸਮਾਏ ਹੋਏ ਗੁਪਤ ਘਿਉ ਤੋਂ ਨਾ ਅਸੀਂ ਪਕਵਾਨ ਤਿਆਰ ਕਰ ਸਕਦੇ ਹਾਂ ਅਤੇ ਨਾ ਹੀ ਕੋਈ ਹੋਰ ਲਾਭ ਪ੍ਰਾਪਤ ਕਰ ਸਕਦੇ ਹਾਂ। ਜਦੋਂ ਮਨੁੱਖ ਦੁੱਧ ਵਿੱਚੋਂ ਘਿਉ ਪ੍ਰਗਟ ਕਰਨ ਦੇ ਢੰਗ-ਤਰੀਕੇ ਨੂੰ ਅਪਣਾ ਕੇ ਦੁੱਧ ਵਿੱਚੋਂ ਘਿਉ ਪ੍ਰਗਟ ਕਰ ਲੈਂਦਾ ਹੈ, ਤਦੋਂ ਦੁੱਧ ਵਿੱਚੋਂ ਪ੍ਰਗਟ ਹੋਇਆ ਘਿਉ ਅਨੇਕਾਂ ਪ੍ਰਕਾਰ ਦੇ ਭੋਜਨ ਤਿਆਰ ਕਰਨ ਵਿੱਚ ਸਹਾਇਕ ਹੁੰਦਾ ਹੈ। ਘਿਉ ਵਿੱਚ ਰੂੰਈ ਦੀ ਵੱਟੀ ਪਾ ਕੇ ਜਲਾਇਆ ਜਾਵੇ ਤਾਂ ਪ੍ਰਕਾਸ਼ ਪ੍ਰਦਾਨ ਕਰਦਾ ਹੈ ਅਤੇ ਹੋਰ ਅਨੇਕਾਂ ਕਾਰਜ ਸੰਵਾਰਨ ਦੇ ਕੰਮ ਆਉਂਦਾ ਹੈ ਪਰ ਤਦੋਂ ਜਦੋਂ ਦੁੱਧ ਵਿੱਚੋਂ ਘਿਉ ਪ੍ਰਗਟ ਹੋ ਜਾਂਦਾ ਹੈ।

ਤਿਵੇਂ ਸਾਡੇ ਅਤੇ ਸਾਰੇ ਸੰਸਾਰ ਅੰਦਰ ਉੱਚੇ-ਨੀਵੇਂ, ਗਰੀਬ-ਅਮੀਰ, ਹਰ ਵਸਤੂ, ਹਰ ਸ਼ੈਅ ਦੇ ਜ਼ਰੇ-ਜ਼ਰੇ ਅੰਦਰ ਪਰਮਾਤਮਾ ਦੀ ਜੋਤ ਰਮੀ ਹੋਈ ਹੈ। ਪਰ ਇਹ ਜੋਤ ਗੁਪਤ ਹੋਣ ਕਰਕੇ ਅਸੀਂ ਇਸ ਪ੍ਰਮੇਸ਼ਰੀ ਜੋਤ ਤੋਂ ਖੁਸ਼ੀ ਖੇੜਾ ਅਨੰਦ ਪ੍ਰਾਪਤ ਨਹੀਂ ਕਰ ਸਕਦੇ। ਸਾਹਿਬ ਗੁਰੂ ਅਰਜਨ ਦੇਵ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ ਹੈ।



**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥**

**ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥੧॥**

ਮ: ੫, ਪੰਨਾ ੬੧੭

ਸਾਰਿਆਂ ਵਿੱਚ ਪਰਮਾਤਮਾ ਦੀ ਜੋਤ ਰਮੀਂ ਹੋਈ ਹੈ। ਇਸ ਜੋਤ ਦੇ ਆਸਰੇ ਹੀ ਅਸੀਂ ਚੱਲ ਫਿਰ ਰਹੇ ਹਾਂ। ਇਸ ਜੋਤ ਦੀ ਬਦੌਲਤ ਹੀ ਸਾਰੀ ਸਰੀਰ ਦੀ ਤੇ ਕਾਇਨਾਤ ਦੀ ਕਿਰਿਆ ਚੱਲ ਰਹੀ ਹੈ। ਗੁਪਤ ਰੂਪ ਵਿੱਚ ਵਰਤ ਰਹੀ ਜੋਤ, ਕੇਵਲ ਗੁਰੂ ਸਿੱਖਿਆ ਅਨੁਸਾਰ ਚੱਲ ਕੇ ਪ੍ਰਗਟ ਹੋ ਸਕਦੀ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਸੋਹਿਲੇ ਬਾਣੀ ਅੰਦਰ ਫੁਰਮਾਨ ਹੈ :

**ਸਭ ਮਹਿ ਜੋਤਿ ਜੋਤਿ ਹੈ ਸੋਇ॥**

**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥**

**ਗੁਰ ਸਾਖੀ ਜੋਤਿ ਪਰਗਟੁ ਹੋਇ॥** ਮ: ੧, ਪੰਨਾ ੧੩

ਸੱਜਣ ਪ੍ਰਭੂ ਦੀ ਜੋਤ ਗੁਰੂ ਦੇ ਸ਼ਬਦ ਦੀ ਕਮਾਈ ਕਰਨ ਨਾਲ ਪ੍ਰਗਟ ਹੁੰਦੀ ਹੈ। ਸਾਹਿਬ ਗੁਰੂ ਨਾਨਕ ਦੇਵ ਜੀ ਦਾ ਸੋਰਠਿ ਰਾਗ ਅੰਦਰ ਫੁਰਮਾਨ ਹੈ :

**[੧]ਘਟਿ ਘਟਿ ਰਵਿ ਰਹਿਆ ਬਨਵਾਰੀ॥**

**ਜਲਿ ਥਲਿ ਮਹੀਅਲਿ ਗੁਪਤੋ ਵਰਤੈ ਗੁਰ ਸਬਦੀ ਦੇਖਿ ਨਿਹਾਰੀ ਜੀਉ॥**

ਮ: ੧, ਪੰਨਾ ੫੯੭

ਸੱਜਣ ਪਰਮਾਤਮਾ ਦੀ ਜੋਤ ਪ੍ਰਗਟ ਹੁੰਦੇ ਹੀ ਪਾਰਾਵਾਰ ਤੋਂ ਪਰ੍ਹੇ ਦਾ ਅਨੰਦ ਖੁਸ਼ੀਆਂ-ਖੇੜੇ ਜਗਿਆਸੂ ਨੂੰ ਪ੍ਰਾਪਤ ਹੋ ਜਾਂਦੇ ਹਨ। ਪਰ ਬਦਕਿਸਮਤੀ ਦੀ ਗੱਲ ਇਹ ਬਣੀ ਹੈ ਕਿ ਅਸੀਂ ਖੁਸ਼ੀਆਂ, ਖੇੜੇ ਅਨੰਦ ਤਾਂ ਸਾਰੇ ਪ੍ਰਾਪਤ ਕਰਨਾ ਚਾਹੁੰਦੇ ਹਾਂ ਪਰ ਇਸ ਅਨੰਦ ਦੇ ਸੋਮੇ, ਪਰਮਾਤਮਾ ਰੂਪੀ ਸੱਜਣ ਨੂੰ, ਜੋ ਸਾਡੇ ਹਿਰਦੇ ਅੰਦਰ ਹੀ ਸਮਾਇਆ ਹੋਇਆ ਹੈ, ਉਸ ਨੂੰ ਪ੍ਰਗਟ ਕਰਨ ਲਈ ਅਸੀਂ ਭੋਰਾ ਜਿੰਨਾ ਵੀ ਯਤਨ ਨਹੀਂ ਕਰਦੇ। ਸਤਿਗੁਰੂ ਜੀ ਰਹਿਮਤ ਕਰਨ, ਅਸੀਂ ਆਪਣੇ ਜੀਵਨ ਦਾਤੇ ਨੂੰ ਆਪਣੇ ਅੰਦਰੋਂ ਗੁਰੂ ਅਗਵਾਈ ਵਿੱਚ ਪ੍ਰਗਟ ਕਰਨ ਲਈ ਯਤਨਸ਼ੀਲ ਹੋਈਏ। ਸੱਜਣ-ਪ੍ਰਭੂ ਪ੍ਰਗਟ ਹੋ ਗਿਆ, ਫਿਰ ਤਾਂ "**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ**" ਦੀਆਂ ਦਾਤਾਂ ਸੁਤੇ ਹੀ ਪ੍ਰਾਪਤ ਹੋ ਜਾਣੀਆਂ ਹਨ।

੧. ਘਟਾਂ-ਘਟਾਂ (ਸਾਰੇ ਹਿਰਦਿਆਂ) ਸਭ ਥਾਵਾਂ।

### *ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*

**ਅੱਖਰੀ-ਅਰਥ :** ਫੱਗਣ ਦੇ ਮਹੀਨੇ ਦੁਆਰਾ ਸਤਿਗੁਰੂ ਅਰਜਨ ਦੇਵ ਜੀ ਸਾਨੂੰ ਜਗਿਆਸੂਆਂ ਨੂੰ ਉਤਸ਼ਾਹਿਤ ਕਰ ਉਪਦੇਸ਼ ਫੁਰਮਾਉਂਦੇ ਹਨ ਕਿ ਜਿਨ੍ਹਾਂ ਵਡਭਾਗੀ ਜਗਿਆਸੂਆਂ ਨੇ ਗੁਰੂ ਦਰਸਾਈ ਜੀਵਨ ਜੁਗਤ ਨੂੰ, ਆਪਣੇ ਜੀਵਨ ਅੰਦਰ ਕਮਾ ਕੇ, ਸੱਜਣ ਪ੍ਰਮਾਤਮਾ ਦੀ ਹੋਂਦ ਨੂੰ ਆਪਣੇ ਹਿਰਦੇ ਅੰਦਰ ਪ੍ਰਗਟ ਕਰ ਲਿਆ ਹੈ, ਉਨ੍ਹਾਂ ਗੁਰੂ ਪਿਆਰਿਆਂ ਨੂੰ ਪਾਰਾਵਾਰ ਤੋਂ ਪਰ੍ਹੇ (ਗਿਣਤੀ-ਮਿਣਤੀ ਤੋਂ ਬਾਹਰੇ) ਅਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ।

**ਸੰਖੇਪ-ਵਿਚਾਰ :** ਗੁਰਬਾਣੀ ਦੇ ਸਿਧਾਂਤ ਅਨੁਸਾਰ, ਸੱਜਣ ਉਸ ਨੂੰ ਮੰਨਿਆ ਹੈ ਜੋ ਲੋਕ ਪ੍ਰਲੋਕ, ਇੱਥੇ-ਉੱਥੇ, ਘਰ-ਬਾਹਰ ਸਭ ਥਾਵਾਂ ਵਿੱਚ ਸਹਾਇਕ ਹੋਵੇ। ਅਜਿਹਾ ਸੱਜਣ ਕੇਵਲ ਇੱਕ ਪਰਮਾਤਮਾ ਹੀ ਹੈ। ਜਿੱਥੇ ਵੀ ਜਗਿਆਸੂ ਨੂੰ ਲੋੜ ਪੈਂਦੀ ਹੈ, ਯਾਦ ਕਰਨ ਤੇ ਉੱਥੇ ਹੀ ਮਿੱਤਰ ਬਣ ਕੇ ਸਹਾਇਕ ਹੁੰਦਾ ਹੈ। ਸਤਿਗੁਰੂ ਰਾਮਦਾਸ ਜੀ ਦਾ ਸੂਹੀ ਰਾਗ ਅੰਦਰ ਫੁਰਮਾਨ ਹੈ ਕਿ :

**ਜਿਥੈ ਹਰਿ ਆਰਾਧੀਐ ਤਿਥੈ ਹਰਿ ਮਿਤੁ ਸਹਾਈ॥** ਮ: ੪, ਪੰਨਾ ੭੩੩

ਸਤਿਗੁਰੂ ਰਾਮਦਾਸ ਜੀ, ਸੂਹੀ ਰਾਗ ਅੰਦਰ ਸੱਜਣ ਪ੍ਰਭੂ ਦਾ ਸੰਕੇਤ ਦਿੰਦੇ ਫੁਰਮਾਉਂਦੇ ਹਨ ਕਿ ਹੇ ਪਰਮਾਤਮਾ! ਲੋਕ-ਪ੍ਰਲੋਕ ਵਿੱਚ ਇੱਕ ਤੂੰ ਹੀ ਮੇਰਾ ਮਿੱਤਰ ਹੈ। ਆਪ ਸਾਰੀ ਸ੍ਰਿਸ਼ਟੀ ਦੇ ਕਰਤੇ ਹੋ ਕੇ, ਸਾਰੀ ਕਾਇਨਾਤ ਦੇ ਜ਼ਰੇ-ਜ਼ਰੇ ਵਿੱਚ ਰਮੇਂ ਹੋਏ ਹੋ। ਸਭ ਤੋਂ ਸਿਆਣੇ ਤੇ ਦਾਨੇ ਹੋ। ਮੈਨੂੰ ਸਦਾ-ਸਦਾ ਵਾਸਤੇ ਆਪ ਜੀ ਦਾ ਹੀ ਆਸਰਾ ਹੈ। ਮੈਂ ਆਪ ਤਾਂ ਤੁਹਾਡੇ ਨਾਲ ਮਿਲ ਨਹੀਂ ਸਕਦਾ ਕਿਉਂਕਿ ਮੇਰੇ ਵਿੱਚ ਇੰਨਾ ਤਾਣ ਨਹੀਂ ਕਿ ਮੈਂ ਆਪ, ਆਪ ਜੀ ਨਾਲ ਮਿਲ ਸਕਾਂ। ਇਹ ਮਿਲਾਪ ਦੀ ਮਿਹਰ ਸਤਿਗੁਰੂ ਜੀ ਨੇ ਕੀਤੀ ਹੈ। ਇਸ ਲਈ ਮੈਂ ਸਤਿਗੁਰੂ ਤੋਂ ਕੁਰਬਾਨ ਜਾਂਦਾ ਹਾਂ। ਸਤਿਗੁਰੂ ਜੀ ਦਾ ਫੁਰਮਾਨ ਹੈ :

**ਸਜਣੁ ਮੇਰਾ ਏਕੁ ਤੂੰ ਕਰਤਾ ਪੁਰਖੁ ਸੁਜਾਣੁ॥**

**ਸਤਿਗੁਰਿ ਮੀਤਿ ਮਿਲਾਇਆ ਮੈ ਸਦਾ ਸਦਾ ਤੇਰਾ ਤਾਣੁ॥੧੩॥**

ਮ: ੪, ਪੰਨਾ ੭੫੯

ਸੰਸਾਰ ਦੇ ਸੱਜਣ ਤਾਂ ਮੁਰਝਾਏ ਹੋਏ, ਹਰ ਸਮੇਂ ਦਿਲਗੀਰ ਦਿਸਦੇ ਹਨ। ਪਰ



ਪਰਮਾਤਮਾ ਸੱਜਣ ਖ਼ੁਸ਼ੀ ਤੇ ਅਨੰਦ ਦਾ ਸੋਮਾ ਤਥਾ ਚਾਉ ਅਤੇ ਖ਼ੁਸ਼ੀ ਦੇ ਸੁਭਾਅ ਵਾਲਾ ਹੈ। ਸਾਰਿਆਂ ਦਾ ਮਿੱਤਰ ਹੈ। ਉਹ ਸੱਜਣ ਕਿਸੇ ਦਾ ਨਾ ਦਿਲ ਦੁਖਾਉਂਦਾ ਹੈ ਅਤੇ ਨਾ ਹੀ ਕਿਸੇ ਦਾ ਦਿਲ ਢਾਹੁੰਦਾ ਹੈ। ਅਜਿਹੇ ਸੱਜਣ ਪ੍ਰਤੀ, ਸਤਿਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਅੰਦਰ ਫੁਰਮਾਨ ਅੰਕਿਤ ਕੀਤਾ ਹੈ :

**ਸਜਣੁ ਮੈਡਾ ਚਾਈਆ ਹਭ ਕਹੀ ਦਾ ਮਿਤੁ॥**

**ਹਭੇ ਜਾਣਨਿ ਆਪਣਾ ਕਹੀ ਨ ਠਾਹੇ ਚਿਤੁ॥** ਮ: ੫, ਪੰਨਾ ੧੦੯੬

ਜਿਸ ਦੇ ਹਿਰਦੇ ਅੰਦਰ ਪ੍ਰਭੂ ਸੱਜਣ ਪ੍ਰਗਟ ਹੋ ਜਾਂਦਾ ਹੈ। ਪ੍ਰਭੂ-ਸੱਜਣ ਦੇ ਪ੍ਰਗਟ ਹੋਣ ਨਾਲ ਕੀ-ਕੀ ਦਾਤਾਂ ਪ੍ਰਾਪਤ ਹੁੰਦੀਆਂ ਹਨ ? ਸਤਿਗੁਰੂ ਅਰਜਨ ਦੇਵ ਜੀ ਨੇ ਮਾਰੂ ਰਾਗ ਅੰਦਰ ਬਚਨ ਅੰਕਿਤ ਕੀਤੇ ਹਨ। ਗੁਪਤ ਰੂਪ ਵਿੱਚ ਰਮਿਆ ਹੋਇਆ ਪ੍ਰਭੂ, ਜਦੋਂ ਹਿਰਦੇ ਵਿੱਚ ਪ੍ਰਗਟ ਹੋ ਗਿਆ, ਉਸ ਦੀ ਪ੍ਰਗਟਤਾ ਦਾ ਪ੍ਰਗਟਾਵਾ ਮੱਥੇ ਉੱਪਰ ਹੀ ਝਲਕਾਰੇ ਮਾਰਦਾ ਹੈ। ਹੇ ਪਰੀਪੂਰਨ ਪ੍ਰਮਾਤਮਾ! ਜਿਸ ਹਿਰਦੇ ਅੰਦਰ ਆਪ ਪ੍ਰਗਟ ਹੋ ਜਾਂਦੇ ਹੋ, ਉਹ ਹਿਰਦਾ ਰੂਪੀ ਸੇਜਾ ਸ਼ੋਭਨੀਕ ਹੋ ਜਾਂਦੀ ਹੈ। ਪ੍ਰਭੂ ਹਿਰਦੇ ਵਿੱਚ ਪ੍ਰਗਟ ਹੋਣ ਨਾਲ ਜਗਿਆਸੂ ਬੇਮੁਹਤਾਜ ਹੋ ਜਾਂਦਾ ਹੈ। ਆਪ ਸਾਹਿਬਾਂ ਦਾ ਫੁਰਮਾਨ ਹੈ ਕਿ :

**ਗੁਝੜਾ ਲਧਮੁ ਲਾਲੁ ਮਥੈ ਹੀ ਪਰਗਟੁ ਥਿਆ॥**

**ਸੋਈ ਸੁਹਾਵਾ ਥਾਨੁ ਜਿਥੈ ਪਿਰੀਏ ਨਾਨਕ ਜੀ ਤੂ ਵੁਠਿਆ॥**

ਮ: ੫, ਪੰਨਾ ੧੦੯੬

ਹੇ ਪ੍ਰਭੂ! ਤੁਸੀਂ ਮੈਨੂੰ ਸਾਰੀਆਂ ਮੁਹਤਾਜੀਆਂ ਤੋਂ ਬੇ-ਮੁਹਤਾਜ ਕਰ ਦਿੱਤਾ। ਸੰਸਾਰ ਦਾ ਧਨ-ਪਦਾਰਥ ਵੀ ਤੁਸੀਂ ਇੰਨਾ ਬਖਸ਼ਿਸ਼ ਕਰ ਦਿੱਤਾ ਕਿ ਵੰਡਦਿਆਂ ਵੀ ਉਸ ਵਿੱਚ ਕਮੀ ਨਹੀਂ ਆਉਂਦੀ। ਸਾਰੀ ਸ਼੍ਰਿਸ਼ਟੀ ਦੇ ਲੋਕ ਤੁਸੀਂ ਮੇਰੀ ਸੇਵਾ ਵਿੱਚ ਲਾ ਦਿੱਤੇ ਹਨ। ਸੰਸਾਰ ਅੰਦਰ ਕਹਿਣ ਮਾਤ੍ਰ ਜੋ ਵੈਰੀ ਤੇ ਮਿੱਤ੍ਰ ਹਨ, ਇਹ ਸਾਰੇ ਆਪ ਦੇ ਕੀਤੇ ਹੋਏ ਹੀ ਪ੍ਰਤੀਤ ਹੁੰਦੇ ਹਨ। ਸੰਸਾਰ ਦੇ ਦੁਸ਼ਮਣਾਂ ਤੇ ਮਾਇਆ ਦੇ ਦੂਤਾਂ ਵਿੱਚੋਂ ਹੁਣ ਮੇਰਾ ਕੋਈ ਬੁਰਾ ਨਹੀਂ ਚਾਹੁੰਦਾ। ਹੇ ਹਰੀ ਸੱਜਣ ਜੀ! ਜਦੋਂ ਤੋਂ ਤੁਸੀਂ ਮੇਰੇ ਉੱਪਰ ਬਖਸ਼ਿਸ਼ਾਂ ਕਰ ਦਿੱਤੀਆਂ ਹਨ, ਹੁਣ ਮੇਰੇ ਪਾਸੋਂ ਕੋਈ ਹਿਸਾਬ-ਕਿਤਾਬ ਪੁੱਛਦਾ ਹੀ ਨਹੀਂ। ਹੁਣ ਤਾਂ ਹਿਰਦੇ ਵਿੱਚ ਅਨੰਦ ਹੀ ਅਨੰਦ, ਖੇੜਾ ਹੀ ਖੇੜਾ, ਸੁੱਖ ਹੀ ਸੁੱਖ ਬਣਿਆ ਹੋਇਆ ਹੈ। ਹੁਣ ਲੋਕ-ਪ੍ਰਲੋਕ ਦੇ ਕਾਰਜ ਵੀ ਸੁਤੇ ਸਿੱਧ ਹੀ ਸੰਵਰੀ ਜਾ ਰਹੇ ਹਨ। ਇਹ ਸਾਰੀਆਂ ਦਾਤਾਂ ਪ੍ਰਭੂ ਸੱਜਣ ਜੀ! ਆਪ ਵੱਲੋਂ ਮੇਰੇ ਹਿਰਦੇ ਅੰਦਰ

ਪ੍ਰਗਟ ਹੋਣ ਦੀ ਬਦੌਲਤ ਹੀ ਪ੍ਰਾਪਤ ਹੋਈਆਂ ਹਨ। ਆਪ ਸਤਿਗੁਰਾਂ ਦਾ ਫੁਰਮਾਨ ਹੈ :

**ਜਾ ਤੂ ਮੇਰੈ ਵਲਿ ਹੈ ਤਾ ਕਿਆ ਮੁਹਛੰਦਾ॥**

**ਤੁਧੁ ਸਭੁ ਕਿਛੁ ਮੈਨੋ ਸਉਪਿਆ ਜਾ ਤੇਰਾ ਬੰਦਾ॥**

**ਲਖਮੀ ਤੋਟਿ ਨ ਆਵਈ ਖਾਇ ਖਰਚਿ ਰਹੰਦਾ॥**

**ਲਖ ਚਉਰਾਸੀਹ ਮੇਦਨੀ ਸਭ ਸੇਵ ਕਰੰਦਾ॥**

**ਏਹ ਵੈਰੀ ਮਿਤ੍ਰ ਸਭਿ ਕੀਤਿਆ ਨਹ ਮੰਗਹਿ ਮੰਦਾ॥**

**ਲੇਖਾ ਕੋਇ ਨ ਪੁਛਈ ਜਾ ਹਰਿ ਬਖਸੰਦਾ॥**

**ਅਨੰਦੁ ਭਇਆ ਸੁਖੁ ਪਾਇਆ ਮਿਲਿ ਗੁਰ ਗੋਵਿੰਦਾ॥**

**ਸਭੇ ਕਾਜ ਸਵਾਰਿਐ ਜਾ ਤੁਧੁ ਭਾਵੰਦਾ॥** ਮ: ੫, ਪੰਨਾ ੧੦੯੬

ਇਹ ਸਭ ਦਾਤਾਂ ਹਿਰਦੇ ਵਿੱਚ ਪ੍ਰਭੂ ਸੱਜਣ ਦੇ ਪ੍ਰਗਟ ਹੋਣ ਦੀ ਬਰਕਤ ਨਾਲ ਪ੍ਰਾਪਤ ਹੁੰਦੀਆਂ ਹਨ।

## *ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*

**ਅੱਖਰੀ-ਅਰਥ :** ਸੰਤ-ਮਹਾਂਪੁਰਸ਼, ਜੋ ਆਪ ਪ੍ਰਭੂ ਨਾਲ ਅਭੇਦ ਹੋਏ ਹਨ, ਜਗਿਆਸੂ ਦੇ ਹਿਰਦੇ ਵਿੱਚ ਪ੍ਰਭੂ ਸੱਜਣ ਦੀ ਹੋਂਦ ਪ੍ਰਗਟ ਕਰਨ ਅਤੇ ਪ੍ਰਭੂ ਮਿਲਾਪ ਵਿੱਚ ਜਗਿਆਸੂ ਨੂੰ ਸਹਾਇਕ ਹੋਏ।

**ਸੰਖੇਪ-ਵਿਚਾਰ :** ਜੀਵ-ਆਤਮਾ ਅਗਿਆਨ ਭਰਮ ਤੇ ਮਾਇਆ ਦੇ ਪ੍ਰਭਾਵ ਕਾਰਣ ਇੰਨੀ ਨਿਮਾਣੀ ਤੇ ਨਿਤਾਣੀ ਹੋ ਚੁੱਕੀ ਹੈ ਕਿ ਆਪਣੇ ਤਾਣ ਨਾਲ ਤੇ ਸਿਆਣਪ ਦੁਆਰਾ ਆਪਣੇ ਮੂਲ ਪਰਮਾਤਮਾ ਨਾਲ ਖੁਦ ਮਿਲ ਨਹੀਂ ਸਕਦੀ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਤੁਖਾਰੀ ਰਾਗ ਅੰਦਰ ਫੁਰਮਾਨ ਹੈ :

**ਨਿਮਾਣੀ ਨਿਤਾਣੀ ਹਰਿ ਬਿਨੁ ਕਿਉ ਪਾਵੈ ਸੁਖ ਮਹਲੀ॥**

ਮ: ੧, ਪੰਨਾ ੧੧੦੮

ਜਿਵੇਂ ਬਲ-ਹੀਣ, ਨਿਮਾਣਾ-ਨਿਤਾਣਾ ਮਨੁੱਖ ਆਪਣਾ ਬਲ ਹਾਰ ਜਾਂਦਾ ਹੈ ਅਤੇ ਉਹ ਕੇਵਲ ਅਰਦਾਸ ਬੇਨਤੀ ਦੁਆਰਾ ਪੁਕਾਰ ਹੀ ਕਰ ਸਕਦਾ ਹੈ। ਤਿਵੇਂ ਜਦੋਂ ਜੀਵ-ਆਤਮਾ ਬੇ-ਵੱਸ ਹੋ ਕੇ ਪੁਕਾਰਦੀ ਹੈ ਕਿ :



**ਕਰਮਹੀਣ ਧਨ ਕਰੈ ਬਿਨੰਤੀ ਕਦਿ ਨਾਨਕ ਆਵੈ ਵਾਰੀ॥**

**ਸਭਿ ਸੁਹਾਗਣਿ ਮਾਣਹਿ ਰਲੀਆ ਇਕ ਦੇਵਹੁ ਰਾਤਿ ਮੁਰਾਰੀ॥੧॥**

ਮ: ੫, ਪੰਨਾ ੯੫੯

ਫਿਰ ਪਰਮਾਤਮਾ, ਜੀਵ ਆਤਮਾ ਦੀ ਆਜ਼ਜੀ ਭਰੀ ਬੇਨਤੀ ਸੁਣ ਕੇ ਕੋਈ ਨਾ ਕੋਈ ਬਿਧ ਬਹਾਨਾ ਬਣਾਉਂਦਾ ਹੈ।

**ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥**

ਮ: ੫, ਪੰਨਾ ੬੧੧

ਖੋਜ ਕਰਦਿਆਂ, ਅਰਦਾਸਾਂ ਦੁਆਰਾ ਪੁਕਾਰਦਿਆਂ, ਕੰਨਾਂ ਵਿੱਚ ਸੋਅ ਸੁਣੀ ਕਿ ਅੱਜ ਤੱਕ ਸਤਿਸੰਗਤ ਤੋਂ ਬਿਨਾਂ ਕਿਸੇ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ। ਹੇ ਨਿਮਾਣੀ ਜੀਵ-ਆਤਮਾ! ਜੇ ਤੂੰ ਵੀ ਮਾਲਕ-ਪ੍ਰਭੂ ਦਾ ਮਿਲਾਪ ਪ੍ਰਾਪਤ ਕਰਨਾ ਚਾਹੁੰਦੀ ਹੈ ਤਾਂ ਪਰਮਾਤਮਾ ਨਾਲ ਮਿਲੇ ਹੋਏ ਸਤਿਸੰਗੀਆਂ ਦਾ ਸੰਗ ਕਰਿਆ ਕਰ। ਸਤਿਸੰਗਤ ਕਰਨ ਨਾਲ ਤੈਨੂੰ ਵੀ ਪਰਮਾਤਮਾ ਦਾ ਮਿਲਾਪ ਹੋ ਜਾਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ :

**ਖੋਜਤ ਖੋਜਤ ਸੁਨੀ ਇਹ ਸੋਇ॥ ਸਾਧਸੰਗਤਿ ਬਿਨੁ ਤਰਿਓ ਨ ਕੋਇ॥**

ਮ: ੫, ਪੰਨਾ ੩੭੩

ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ, ਜਿਸ-ਜਿਸ ਨੇ ਵੀ ਸਤਿਸੰਗਤ ਕਰਨੀ ਅਰੰਭ ਕਰ ਦਿੱਤੀ, ਸਤਿਸੰਗਤ ਦੀ ਬਦੌਲਤ ਉਸ ਦਾ ਪਾਰ ਉਤਾਰਾ ਅਵੱਸ਼ ਹੋ ਗਿਆ। ਸਾਹਿਬਾਂ ਦਾ ਫੁਰਮਾਨ ਹੈ :

**ਜਿਨਿ ਜਿਨਿ ਸਾਧਸੰਗੁ ਪਾਇਆ॥ ਸੋ ਪ੍ਰਭਿ ਆਪਿ ਤਰਾਇਆ॥**

ਮ: ੫, ਪੰਨਾ ੬੨੨

ਜਿਉਂ-ਜਿਉਂ ਮਨੁੱਖ ਸਤਿਸੰਗਤ ਕਰਦਾ ਹੈ, ਸਤਿਸੰਗਤ ਕਰਨ ਨਾਲ ਜਗਿਆਸੂ ਦਾ ਮਨ ਪਵਿੱਤਰ ਹੁੰਦਾ ਜਾਂਦਾ ਹੈ। ਪਵਿੱਤਰ ਮਨ ਵਾਲਾ, ਪਵਿੱਤਰ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ॥**

**ਮਿਲਿ ਸੰਤ ਸਭਾ ਮਨੁ ਮਾਂਜੀਐ ਭਾਈ ਹਰਿ ਕੈ ਨਾਮਿ ਨਿਵਾਸੁ॥**

ਮ: ੫, ਪੰਨਾ ੬੩੯

ਭਗਤ ਰਵਿਦਾਸ ਜੀ ਦਾ ਪ੍ਰਭੂ ਮਿਲਾਪ ਦਾ ਆਪਣਾ ਨਿੱਜੀ ਅਨੁਭਵ ਮਲਾਰ ਰਾਗ ਅੰਦਰ ਪੜ੍ਹੀਏ, ਸਤਿਸੰਗਤ ਦੇ ਪ੍ਰਤਾਪ ਦੀ ਸੋਝੀ ਪੈ ਜਾਵੇਗੀ। ਇੱਕ ਪੰਗਤੀ ਵਿੱਚ ਆਪ ਜੀ ਪ੍ਰਭੂ ਮਿਲਾਪ ਦਾ ਸਵਾਲ ਰੱਖ ਕੇ ਦੂਸਰੀ ਪੰਗਤੀ ਵਿੱਚ ਪ੍ਰਭੂ ਮਿਲਾਪ ਦਾ ਸਾਧਨ ਦਰਸਾਉਂਦੇ ਹਨ। ਆਪ ਫੁਰਮਾਨ ਕਰਦੇ ਹਨ ਕਿ ਮੈਂ ਆਪਣੇ ਪ੍ਰਾਣਾਂ ਤੋਂ ਪਿਆਰੇ ਪਰਮਾਤਮਾ ਨੂੰ ਮਿਲਣਾ ਚਾਹੁੰਦਾ ਹਾਂ। ਪਰਮਾਤਮਾ ਨੂੰ ਮਿਲਣ ਵਾਸਤੇ ਮੈਂ ਕਿਹੜੀ ਭਗਤੀ ਕਰਾਂ ? ਅਗਲੇਰੀ ਪੰਕਤੀ ਅੰਦਰ ਆਪ ਹੀ ਉੱਤਰ ਦਿੰਦੇ ਹਨ ਕਿ ਸਤਿਸੰਗਤ ਕਰਨ ਨਾਲ ਪਾਪ ਕਰਮਾਂ ਵਾਲੀ ਬੁੱਧੀ ਨਾਸ਼ ਹੋ ਜਾਂਦੀ ਹੈ ਅਤੇ ਪ੍ਰਭੂ ਭਗਤੀ ਕਰਨ ਵਾਲੀ ਸ੍ਰੇਸ਼ਟ ਮੱਤ ਮਨੁੱਖ ਦੇ ਅੰਦਰ ਪ੍ਰਗਟ ਹੋ ਜਾਂਦੀ ਹੈ। ਜਿਸ ਸਦਕਾ ਪਰਮਗਤੀ ਦੀ ਪ੍ਰਾਪਤੀ ਤੇ ਪ੍ਰਭੂ ਮਿਲਾਪ ਪ੍ਰਾਪਤ ਹੋ ਜਾਂਦਾ ਹੈ। ਇਸ ਲਈ ਜਿਸ-ਜਿਸ ਨੇ ਵੀ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰਨਾ ਹੋਵੇ, ਉਸ ਨੂੰ ਸਤਿਸੰਗਤ ਅਵੱਸ਼ ਕਰਨੀ ਪਵੇਗੀ। ਆਪ ਜੀ ਦਾ ਫੁਰਮਾਨ ਹੈ :

**ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥**
**ਸਾਧਸੰਗਤਿ ਪਾਈ ਪਰਮ ਗਤੇ॥ ਰਹਾਉ॥**

ਰਵਿਦਾਸ ਜੀ, ਪੰਨਾ ੧੨੯੩

ਭਾਈ ਸਾਹਿਬ ਭਾਈ ਗੁਰਦਾਸ ਜੀ ਸਤਿਸੰਗਤ ਦੀ ਮਹਾਨਤਾ ਇੱਕ ਸਵੱਯੇ ਅੰਦਰ ਤਿੰਨ ਉਦਾਹਰਣਾਂ ਦੇ ਕੇ ਦਰਸਾਉਂਦੇ ਹਨ ਕਿ ਜਿਵੇਂ ਬੇੜੀ ਦਾ ਬਹੁਤਾ ਸਾਰਾ ਹਿੱਸਾ ਭਾਵੇਂ ਪਾਣੀ ਅੰਦਰ ਡੁੱਬਿਆ ਹੋਵੇ, ਕੇਵਲ ਬੇੜੀ ਦੇ ਕਿਨਾਰੇ ਪਾਣੀ ਤੋਂ ਦੋ ਉਂਗਲਾਂ ਹੀ ਬਾਹਰ ਹੋਣ, ਬੇੜੀ ਸਾਰੇ ਪੂਰ ਨੂੰ ਸਾਜੋ ਸਮਾਨ ਸਹਿਤ ਪਾਰਲੇ ਕੰਢੇ ਲਾ ਦਿੰਦੀ ਹੈ। ਜਿਸ ਤਰ੍ਹਾਂ ਅੱਠੀਂ ਪਹਿਰੀ ਭੋਜਨ ਛੱਕਣ ਵਾਲਾ ਮਨੁੱਖ ਥੋੜ੍ਹਾ ਸਮਾਂ ਰਸੋਈ ਵਿੱਚ ਬੈਠਦਾ ਹੈ, ਤਰ੍ਹਾਂ-ਤਰ੍ਹਾਂ ਦੇ ਭੋਜਨਾਂ ਦਾ ਅਨੰਦ ਵੀ ਮਾਣਦਾ ਹੈ ਤੇ ਅੱਠਾਂ ਪਹਿਰਾਂ ਦੀ ਉਦਰ ਪੂਰਨਾ ਵੀ ਕਰ ਲੈਂਦਾ ਹੈ। ਜਿਵੇਂ ਕੋਈ ਗਰੀਬ ਮਨੁੱਖ ਹਰ ਰੋਜ਼ ਨੇਮ ਨਾਲ ਰਾਜੇ ਦੇ ਦਰਬਾਰ ਵਿੱਚ ਜਾ ਕੇ ਰਾਜੇ ਨੂੰ ਨਮਸਕਾਰ ਕਰੇ ਤੇ ਆਪਣੀ ਬਿਰਥਾ ਆਖੇ, ਕਿਸੇ ਦਿਨ ਰਾਜਾ ਉਸ ਤੇ ਪਤੀਜ ਕੇ ਉਸ ਨੂੰ ਜਗੀਰ ਬਖਸ਼ਿਸ਼ ਕਰ ਦਿੰਦਾ ਹੈ। ਜਿਸ ਸਦਕਾ ਉਹ ਗਰੀਬ ਮਨੁੱਖ, ਸਾਰੀ ਉਮਰ ਅਨੰਦ ਦਾ ਜੀਵਨ ਭੋਗਦਾ ਹੈ। ਤਿਵੇਂ ਜਿਹੜਾ ਵੀ ਜਗਿਆਸੂ, ਨੇਮ ਦੇ ਨਾਲ ਹਰ ਰੋਜ਼ ਸਤਿਸੰਗਤ ਕਰਨ ਵਾਸਤੇ ਦਿਨ-ਰਾਤ ਦੀਆਂ ਸੱਠਾਂ ਘੜੀਆਂ ਵਿੱਚੋਂ, ਇਕ ਘੜੀ ਦਾ ਸਮਾਂ ਵੀ ਕੱਢੇ, ਉਹ ਨਿਸ਼ਚੇ ਹੀ ਨਿੱਜ ਘਰ ਦਾ ਨਿਵਾਸ ਪ੍ਰਾਪਤ ਕਰਕੇ ਪਰਮਾਤਮਾ ਦੇ



ਮਿਲਾਪ ਦਾ ਅਨੰਦ ਮਾਣਦਾ ਹੈ। ਆਪ ਦਾ ਫੁਰਮਾਨ ਹੈ :

**ਜੈਸੇ ਬੋਝ ਭਰੀ ਨਾਵ, ਆਂਗੁਰੀ ਦੁਇ ਬਾਹਰਿ ਹੋਇ,**
**ਪਾਰਿ ਪਰੈ ਪੂਰ ਸਬੈ ਕੁਸਲ ਬਿਹਾਤ ਹੈ॥**
**ਜੈਸੇ ਏਕਹਾਰੀ ਏਕ ਘਰੀ ਪਾਕਸਾਲਾ ਬੈਠਿ,**
**ਭੋਜਨ ਕੈ ਬਿੰਜਨਾਦਿ ਸ੍ਵਾਦਿ ਕੇ ਅਘਾਤ ਹੈ॥**
**ਜੈਸੇ ਰਾਜਦੁਆਰ ਜਾਇ ਕਰਤ ਜੁਹਾਰ ਜਨ,**
**ਏਕ ਘਰੀ ਪਾਛੈ ਦੇਸ ਭੋਗਤਾ ਹੁਇ ਖਾਤ ਹੈ॥**
**ਆਠ ਹੀ ਪਹਰ ਸਾਠਿ ਘਰੀ ਮੈ ਜਉ ਏਕ ਘਰੀ,**
**ਸਾਧ ਸਮਾਗਮੁ ਕਰੈ ਨਿਜ ਘਰ ਜਾਤ ਹੈ॥੩੧੦॥** ਕਬਿੱਤ, ਭਾਈ ਗੁਰਦਾਸ ਜੀ

ਉਪਰੋਕਤ ਗੁਰੂ ਉਪਦੇਸ਼ ਅਨੁਸਾਰ, ਪਰਮਾਤਮਾ ਦੇ ਮਿਲਣ ਲਈ ਸਹਾਇਕ ਕੇਵਲ ਤੇ ਕੇਵਲ ਸਤਿਸੰਗਤ ਹੀ ਹੈ। ਇਸ ਲਈ ਹਰ ਪ੍ਰਾਣੀ ਨੂੰ ਥੋੜ੍ਹੇ ਤੋਂ ਥੋੜ੍ਹਾ, ਬਹੁਤੇ ਤੋਂ ਬਹੁਤਾ ਸਮਾਂ ਆਪਣੇ ਜੀਵਨ ਦੇ ਰੁਝੇਵਿਆਂ ਚੋਂ ਕੱਢ ਕੇ ਸਤਿਸੰਗਤ ਜ਼ਰੂਰ ਕਰਨੀ ਚਾਹੀਦੀ ਹੈ।

**ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥**
**ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥੨੩੨॥**

ਕਬੀਰ ਜੀ, ਪੰਨਾ ੧੩੭੭

## *ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*

**ਅੱਖਰੀ-ਅਰਥ :** ਜਿਨ੍ਹਾਂ ਵਡਭਾਗੀਆਂ ਦੇ ਹਿਰਦੇ ਵਿੱਚ ਪ੍ਰਭੂ ਸੱਜਣ ਪ੍ਰਗਟ ਹੋ ਗਿਆ। ਉਨ੍ਹਾਂ ਦਾ ਹਿਰਦਾ ਰੂਪ ਸੇਜ ਸ਼ੋਭਨੀਕ ਹੋ ਗਈ, ਉਨ੍ਹਾਂ ਨੂੰ ਅੰਦਰੂਨੀ ਤੇ ਬਹਿਰੂਨੀ ਸਾਰੇ ਸੁੱਖਾਂ ਦੀ ਪ੍ਰਾਪਤੀ ਹੋ ਗਈ। ਹਿਰਦੇ ਰੂਪ ਸੇਜਾ ਉੱਪਰ ਸਤ-ਚਿਤ-ਅਨੰਦ ਸਰੂਪ ਪਰਮਾਤਮਾ ਦਾ ਨਿਵਾਸ ਹੋ ਗਿਆ। ਹੁਣ ਜੀਵ ਦੇ ਹਿਰਦੇ ਵਿੱਚ ਦੁੱਖਾਂ ਨੂੰ ਟਿਕਣ ਵਾਸਤੇ ਥਾਂ ਹੀ ਨਹੀਂ ਰਹੀ ਭਾਵ ਉਨ੍ਹਾਂ ਦੇ ਸਾਰੇ ਦੁੱਖ ਦੂਰ ਹੋ ਗਏ।

**ਸੰਖੇਪ-ਵਿਚਾਰ :** ਸਾਡੇ ਦੁੱਖ ਤਾਂ ਆਪਣੇ ਮੂਲ ਪਰਮਾਤਮਾ ਨਾਲੋਂ ਵਿਛੋੜੇ ਕਾਰਣ ਹੀ ਸਨ। ਜਦੋਂ ਆਪਣੇ ਮੂਲ ਪਰਮਾਤਮਾ ਨਾਲ ਜੀਵ ਆਤਮਾ ਦਾ ਮਿਲਾਪ ਹੋ ਗਿਆ, ਫਿਰ ਸਤ-ਚਿੱਤ-ਅਨੰਦ ਪਰਮਾਤਮਾ, ਸਰਬ ਸੁੱਖਾਂ ਦਾ ਸੋਮਾ ਹਿਰਦੇ ਵਿੱਚ ਪ੍ਰਗਟ ਹੋ

ਗਿਆ। ਹੁਣ ਤਾਂ ਅਨੰਦ ਹੀ ਅਨੰਦ, ਸੁੱਖ ਹੀ ਸੁੱਖ, ਖੇੜਾ ਹੀ ਖੇੜਾ ਪ੍ਰਾਪਤ ਹੋ ਗਿਆ।

ਹੁਣ ਤਾਂ ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਮਿਲਾਪ ਦੀ ਅਵਸਥਾ ਦਾ ਵਰਨਣ ਆਸਾ ਰਾਗ ਅੰਦਰ ਕੀਤਾ ਹੈ। ਉਸ ਪ੍ਰਕਾਰ ਦੀ ਦਸ਼ਾ ਬਣ ਗਈ ਹੈ। ਆਪ ਜੀ ਫੁਰਮਾਨ ਕਰਦੇ ਹਨ ਕਿ ਜਦੋਂ ਦਾ ਮੈਨੂੰ ਆਪਣੇ ਮਾਲਕ ਦਾ ਦਰਸ਼ਨ ਤੇ ਮਿਲਾਪ ਪ੍ਰਾਪਤ ਹੋ ਗਿਆ, ਹੁਣ ਮੇਰੇ ਹਿਰਦੇ ਵਿੱਚ ਅਨੰਦ ਹੀ ਅਨੰਦ ਦੀ ਅਵਸਥਾ ਬਣ ਗਈ ਹੈ। ਇਹ ਸਾਰੀ ਬਰਕਤ ਸਤਿਗੁਰੂ ਜੀ ਦੇ ਤੁਠਣ ਨਾਲ ਪ੍ਰਾਪਤ ਹੋਈ ਹੈ। ਪਰਮਾਤਮਾ ਦੇ ਨਾਮ ਦਾ ਅਤੇ ਪ੍ਰਭੂ ਮਿਲਾਪ ਦਾ ਜੋ ਮਹਾਂ ਰਸ ਸੀ, ਮੈਂ ਉਸ ਨੂੰ ਚੱਖ ਕੇ ਸਹਿਜ-ਅਨੰਦੀ ਅਵਸਥਾ ਦਾ ਰੰਗ ਮਾਣ ਲਿਆ ਹੈ। ਮਾਇਆ ਦੇ ਪੰਜ ਦੂਤ (ਕਾਮ, ਕ੍ਰੋਧ ਲੋਭ, ਮੋਹ, ਹੰਕਾਰ) ਜਿਨ੍ਹਾਂ ਨੇ ਮੇਰਾ ਹਿਰਦਾ ਵੀਰਾਨ ਕੀਤਾ ਹੋਇਆ ਸੀ, ਪਰਮਾਤਮਾ ਦੇ ਸਾਖਿਆਤ ਹੋਣ ਨਾਲ, ਇਹ ਪੰਜੇ ਮੇਰੇ ਹਿਰਦੇ ਵਿੱਚੋਂ ਨਿਕਲ ਗਏ। ਹੁਣ ਮੇਰਾ ਹਿਰਦਾ ਘਰ ਵਸ ਗਿਆ ਹੈ। ਹਿਰਦੇ ਵਿੱਚ ਅਨੰਦ ਦੀ ਅਵਸਥਾ ਬਣ ਗਈ ਹੈ। ਸਤਿਗੁਰੂ ਜੀ ਨੇ ਮੇਰੀ ਨਿਮਾਣੀ ਆਤਮਾ ਦਾ ਪ੍ਰਭੂ ਨਾਲ ਮਿਲਾਪ ਕਰਵਾ ਦਿੱਤਾ। ਹੁਣ ਗੁਰੂ ਦੇ ਅੰਮ੍ਰਿਤ ਬਚਨ ਮੈਨੂੰ ਮਿੱਠੇ ਲੱਗਦੇ ਹਨ ਤੇ ਮੇਰਾ ਮਨ ਹਮੇਸ਼ਾ ਸ਼ਾਂਤੀ ਵਿੱਚ ਰਹਿੰਦਾ ਹੈ। ਪਰਮਾਤਮਾ ਨਾਲ ਇੱਕਮਿੱਕਤਾ ਪ੍ਰਾਪਤ ਹੋ ਗਈ ਹੈ। ਦਿੱਬ ਨੇਤਰਾਂ ਨਾਲ ਮੈਂ ਪਰਮਾਤਮਾ ਦੇ ਦਰਸ਼ਨ ਕਰਕੇ ਮਨ ਨੂੰ ਤ੍ਰਿਪਤ ਕਰ ਲਿਆ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਅਨਦੋ ਅਨਦੁ ਘਣਾ ਮੈ ਸੋ ਪ੍ਰਭੁ ਡੀਠਾ ਰਾਮ॥**
**ਚਾਖਿਅੜਾ ਚਾਖਿਅੜਾ ਮੈ ਹਰਿ ਰਸੁ ਮੀਠਾ ਰਾਮ॥**
**ਹਰਿ ਰਸੁ ਮੀਠਾ ਮਨ ਮਹਿ ਵੂਠਾ ਸਤਿਗੁਰੁ ਤੂਠਾ ਸਹਜੁ ਭਇਆ॥**
**ਗ੍ਰਿਹੁ ਵਸਿ ਆਇਆ ਮੰਗਲੁ ਗਾਇਆ ਪੰਚ ਦੁਸਟ ਓਇ ਭਾਗਿ ਗਇਆ॥**
**ਸੀਤਲ ਆਘਾਣੇ ਅੰਮ੍ਰਿਤ ਬਾਣੇ ਸਾਜਨ ਸੰਤ ਬਸੀਠਾ॥**
**ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਸੋ ਪ੍ਰਭੁ ਨੈਣੀ ਡੀਠਾ॥੧॥**

ਮ: ੫, ਪੰਨਾ ੪੫੨

ਹੁਣ ਤਾਂ ਸਤਿਗੁਰੂ ਅਰਜਨ ਦੇਵ ਜੀ ਦੇ ਬਿਲਾਵਲ ਰਾਗ ਅੰਦਰ ਫੁਰਮਾਨ ਵਾਲੀ ਅਵਸਥਾ ਬਣ ਗਈ ਹੈ। ਪ੍ਰਭੂ ਮਿਲਾਪ ਨਾਲ ਮੇਰਾ ਮਨ ਰੂਪੀ ਮੰਦਰ ਤੇ ਹਿਰਦਾ ਰੂਪੀ ਸੇਜ ਸੁਹਾਵਣੀ ਤੇ ਭਾਗਸ਼ੀਲ ਹੋ ਗਈ ਹੈ। ਹਿਰਦੇ ਰੂਪੀ ਘਰ ਵਿੱਚ ਮੇਰਾ ਮਾਲਕ ਪਰਮਾਤਮਾ ਆ ਕੇ ਸਸ਼ੋਭਤ ਹੋ ਗਿਆ ਹੈ। ਹੁਣ ਮੈਂ ਹਮੇਸ਼ਾ ਆਪਣੇ



ਮਾਲਕ ਦੇ ਚਰਨਾਂ ਨਾਲ ਜੁੜਿਆ ਰਹਿੰਦਾ ਹਾਂ। ਮੇਰੇ ਮਾਲਕ ਨੇ ਮੈਨੂੰ ਸਹਿਜ ਅਵਸਥਾ ਵਿੱਚ ਜਾਗ੍ਰਿਤ ਕਰ ਦਿੱਤਾ ਹੈ। ਇਸ ਅਵਸਥਾ ਦੀ ਪ੍ਰਾਪਤੀ ਹੁੰਦੇ ਹੀ ਮੇਰੀਆਂ ਸਾਰੀਆਂ ਇੱਛਾ-ਆਸ਼ਾਵਾਂ ਪੂਰੀਆਂ ਹੋ ਗਈਆਂ ਹਨ। ਸਤਿਗੁਰੂ ਜੀ ਦੀ ਮਿਹਰ ਨਾਲ ਹੁਣ ਮੇਰੇ ਹਿਰਦੇ ਵਿੱਚ ਇਕ ਰਸ, ਅਨੰਦੀ ਵਾਜੇ ਵੱਜ ਰਹੇ ਹਨ। ਹੰਕਾਰੀ ਬਿਰਤੀ ਦਾ ਬਿਲਕੁਲ ਅਭਾਵ ਹੋ ਗਿਆ ਹੈ। ਇਹ ਸਾਰੇ ਸੁੱਖਾਂ ਦੀ ਪ੍ਰਾਪਤੀ ਪਰਮਾਤਮਾ ਦੇ ਮਿਲਾਪ ਦੁਆਰਾ ਪ੍ਰਾਪਤ ਹੋਈ। ਪਰਮਾਤਮਾ ਨਾਲ ਮਿਲਾਪ ਸਤਿਸੰਗਤ ਦੀ ਬਦੌਲਤ ਪ੍ਰਾਪਤ ਹੋਇਆ। ਸਤਿਗੁਰਾਂ ਦਾ ਫੁਰਮਾਨ ਹੈ :

**ਭਵਨੁ ਸੁਹਾਵੜਾ ਧਰਤਿ ਸਭਾਗੀ ਰਾਮ॥**
**ਪ੍ਰਭੁ ਘਰਿ ਆਇਅੜਾ ਗੁਰ ਚਰਣੀ ਲਾਗੀ ਰਾਮ॥**
**ਗੁਰ ਚਰਣ ਲਾਗੀ ਸਹਜਿ ਜਾਗੀ ਸਗਲ ਇਛਾ ਪੁੰਨੀਆ॥**
**ਮੇਰੀ ਆਸ ਪੂਰੀ ਸੰਤ ਧੂਰੀ ਹਰਿ ਮਿਲੇ ਕੰਤ ਵਿਛੁੰਨਿਆ॥**
**ਆਨੰਦ ਅਨਦਿਨੁ ਵਜਹਿ ਵਾਜੇ ਅਹੰ ਮਤਿ ਮਨ ਕੀ ਤਿਆਗੀ॥**
**ਬਿਨਵੰਤਿ ਨਾਨਕ ਸਰਣਿ ਸੁਆਮੀ ਸੰਤਸੰਗਿ ਲਿਵ ਲਾਗੀ॥**

ਮ: ੫, ਪੰਨਾ ੮੪੬

ਅਜਿਹੀ ਅਵਸਥਾ ਵਿੱਚ ਤਾਂ ਜਗਿਆਸੂ ਮਾਇਆ ਦੇ ਦੂਤਾਂ ਤੇ ਪਾਪ ਕਰਮਾਂ ਨੂੰ ਵੀ ਵੰਗਾਰ ਕੇ ਕਹਿ ਦਿੰਦਾ ਹੈ। ਹੇ ਪਾਪ ਕਰਮ ਕਰਵਾਉਣ ਵਾਲੇ ਮਾਇਆ ਦੇ ਦੂਤੋਂ! ਤੁਸੀਂ ਹੁਣ ਮੇਰੇ ਹਿਰਦੇ ਵਿੱਚੋਂ ਨਿਕਲ ਜਾਵੋ, ਹੁਣ ਮੇਰੇ ਹਿਰਦੇ ਵਿੱਚ ਮੇਰਾ ਮਾਲਕ ਗੋਬਿੰਦ ਪ੍ਰਗਟ ਹੋ ਗਿਆ ਹੈ। ਸਤਿਸੰਗਤ ਵਿੱਚ ਬੈਠ ਕੇ ਜਦੋਂ ਪਰਮਾਤਮਾ ਦੇ ਗੁਣ ਗਾਏ, ਹਿਰਦੇ ਵਿੱਚ ਪਰਮਾਤਮਾ ਪ੍ਰਗਟ ਹੋ ਗਿਆ। ਪ੍ਰਭੂ ਮਿਲਾਪ ਹੁੰਦੇ ਸਾਰ ਪਾਪ ਸਾਰੇ-ਨਾਸ਼ ਹੋ ਗਏ। ਪ੍ਰਭੂ ਪ੍ਰਗਟ ਹੁੰਦਿਆ ਹੀ ਅਜਿਹਾ ਅਸਚਰਜ ਕੌਤਕ ਵਰਤਿਆ, ਜਿਸ ਹਿਰਦੇ ਵਿੱਚ ਕਦੇ ਰੌਣਕ ਨਹੀਂ ਆਈ ਸੀ, ਉਹ ਹਿਰਦਾ ਹਰਾ ਭਰਾ ਹੋ ਗਿਆ। ਜਿਹੜਾ ਹਿਰਦਾ ਹਮੇਸ਼ਾ ਵਿਸ਼ੇ ਵਿਕਾਰਾਂ ਵਿੱਚ ਫੱਸਿਆ ਹਮੇਸ਼ਾ ਤਪਦਾ-ਖਪਦਾ ਰਹਿੰਦਾ ਸੀ, ਉਸ ਹਿਰਦੇ ਅੰਦਰ ਹੁਣ ਸ਼ਾਂਤੀ ਵਰਤ ਗਈ ਹੈ। ਪਹਿਲਾਂ ਹਿਰਦੇ ਵਿੱਚ ਮਾਇਆ ਦੀ ਜ਼ਹਿਰ ਭਰੀ ਹੋਈ ਸੀ। ਪ੍ਰਭੂ ਪ੍ਰਗਟ ਹੁੰਦੇ ਹੀ ਮੇਰਾ ਹਿਰਦਾ ਅੰਮ੍ਰਿਤ-ਰਸ ਨਾਲ ਸਰਸ਼ਾਰ ਹੋ ਗਿਆ ਹੈ। ਹੁਣ ਹਰ ਥਾਂ ਤੋਂ ਹਰ ਪਾਸੇ ਤੋਂ ਮੇਰੇ ਹਿਰਦੇ ਵਿੱਚ ਵਧਾਈਆਂ ਹੀ ਵਧਾਈਆਂ ਮਿਲ ਰਹੀਆਂ ਹਨ। ਇਹ ਸਾਰੀ ਬਰਕਤ ਪ੍ਰਭੂ ਮਿਲਾਪ ਉਪਰੰਤ ਪ੍ਰਾਪਤ ਹੋਈ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਨਸਿ ਵੰਞਹੁ ਕਿਲਵਿਖਹੁ ਕਰਤਾ ਘਰਿ ਆਇਆ॥**

**ਦੂਤਹ ਦਹਨੁ ਭਇਆ ਗੋਵਿੰਦੁ ਪ੍ਰਗਟਾਇਆ॥**

**ਪ੍ਰਗਟੇ ਗੁਪਾਲ ਗੋਬਿੰਦ ਲਾਲਨ ਸਾਧਸੰਗਿ ਵਖਾਣਿਆ॥**

**ਆਚਰਜੁ ਡੀਠਾ ਅਮਿਉ ਵੂਠਾ ਗੁਰ ਪ੍ਰਸਾਦੀ ਜਾਣਿਆ॥**

**ਮਨਿ ਸਾਂਤਿ ਆਈ ਵਜੀ ਵਧਾਈ ਨਹ ਅੰਤੁ ਜਾਈ ਪਾਇਆ॥**

**ਬਿਨਵੰਤਿ ਨਾਨਕ ਸੁਖ ਸਹਜਿ ਮੇਲਾ ਪ੍ਰਭੂ ਆਪਿ ਬਣਾਇਆ॥**

ਮ: ੫, ਪੰਨਾ ੪੬੦

## *ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*

**ਅੱਖਰੀ-ਅਰਥ :** ਜੀਵ ਆਤਮਾ ਦੀ ਆਪਣੇ ਮੂਲ ਪਰਮਾਤਮਾ ਨਾਲ ਮਿਲਣ ਦੀ ਜੋ ਚਿਰਕਾਲ ਦੀ ਲੋਚਾ ਸੀ, ਸਤਿਗੁਰੂ ਜੀ ਨੇ ਕਿਰਪਾ ਕਰਕੇ ਜੀਵ-ਆਤਮਾ ਦੇ ਪ੍ਰਭੂ ਮਿਲਾਪ ਦੀ ਇੱਛਾ ਵੀ ਪੂਰੀ ਕਰ ਦਿੱਤੀ।

**ਸੰਖੇਪ-ਵਿਚਾਰ :** ਜਿਵੇਂ ਸੰਸਾਰ ਦੀ ਹਰ ਵਸਤੂ ਆਪਣੇ ਮੂਲ ਨਾਲ ਮਿਲਣਾ ਲੋਚਦੀ ਹੈ, ਤਿਵੇਂ ਪਰਮਾਤਮਾ ਦੀ ਅੰਸ਼ ਆਤਮਾ, ਜੋ ਮਾਇਆ ਦੇ ਅਗਿਆਨ ਭਰਮ ਕਰਕੇ ਆਪਣੇ ਮੂਲ ਪਰਮਾਤਮਾ ਤੋਂ ਵਿਛੜ ਕੇ ਅਨੇਕਾਂ ਜੂਨਾਂ ਵਿੱਚ ਭ੍ਰਮਣ ਕਰਦੀ :

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**

**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥**

ਮ: ੫, ਪੰਨਾ ੧੭੬

ਦਾ ਦੁੱਖ ਭੋਗਦੀ ਰਹੀ।

ਪਰ ਜੀਵ ਆਤਮਾ ਦੀ ਪ੍ਰਭੂ ਮਿਲਣ ਦੀ ਲੋਚਾ ਪੂਰੀ ਨਾ ਹੋਈ। ਹੋਣੀ ਵੀ ਨਹੀਂ ਸੀ, ਕਿਉਂਕਿ ਇਨ੍ਹਾਂ ਜੂਨਾਂ ਨੂੰ ਤਾਂ ਪ੍ਰਭੂ ਮਿਲਾਪ ਦਾ ਅਧਿਕਾਰ ਹੀ ਪ੍ਰਾਪਤ ਨਹੀਂ। ਪ੍ਰਭੂ ਮਿਹਰ ਨਾਲ ਮਨੁੱਖਾ ਜੀਵਨ ਵੀ ਪ੍ਰਾਪਤ ਹੋਇਆ, ਪਰ ਫਿਰ ਵੀ ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰਕੇ ਜੀਵ-ਆਤਮਾ ਵਡਭਾਗੀ ਨਾ ਬਣ ਸਕੀ। ਅਭਾਗਣ ਬਣ ਕੇ ਅਗਿਆਨ-ਭਰਮ ਦਾ ਦੁੱਖ ਭੋਗਦੀ ਰਹੀ। ਸਤਿਗੁਰੂ ਨੇ ਮਿਹਰ ਕੀਤੀ



ਜਿਹੜੀ ਜੀਵ-ਆਤਮਾ ਬਿਹਬਲਤਾ ਨਾਲ ਪ੍ਰਭੂ ਅੱਗੇ ਪੁਕਾਰਾਂ ਕਰਦੀ ਸੀ ਕਿ ਹੇ ਮਾਲਕ!

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥**

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥**

ਰਵਿਦਾਸ ਜੀ, ਪੰਨਾ ੬੯੪

ਉਸ ਦੀ ਪੁਕਾਰ ਸੁਣ ਕੇ ਪਰਮਾਤਮਾ ਨੇ, ਪ੍ਰਭੂ ਮਿਲਾਪ ਦੀ ਲੋਚਾ ਵਾਲੀ ਆਤਮਾ ਨੂੰ ਗੁਰੂ ਦਾ ਪੱਲਾ ਪਕੜਾ ਦਿੱਤਾ। ਸਤਿਗੁਰੂ ਜੀ ਨੇ ਮਿਹਰ ਕਰਕੇ ਜੀਵ ਆਤਮਾ ਨੂੰ ਗੁਰ ਚਾਲੀ ਤੇ ਨਾਮ ਜਪ ਦੀ ਚਾਲੀ ਦੇ ਧਾਰਨੀ ਬਣਾ ਕੇ।

**ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥** ਮ: ੫, ਪੰਨਾ ੯੫੭

ਦੀ ਕਾਰ ਕਰਕੇ ਜਨਮਾਂ-ਜਨਮਾਂਤਰਾ ਤੋਂ ਵਿਛੜ ਕੇ ਦੁੱਖਾਂ ਵਿੱਚ ਗ੍ਰਸਤ ਆਤਮਾ ਨੂੰ ਸਤ-ਚਿਤ-ਅਨੰਦ ਪਰਮਾਤਮਾ ਦਾ ਮਿਲਾਪ ਪ੍ਰਦਾਨ ਕਰਵਾ ਕੇ ਜੀਵ-ਆਤਮਾ ਦੀ ਲੋਚਾ ਵੀ ਪੂਰੀ ਕਰ ਦਿੱਤੀ ਤੇ ਜੀਵ ਆਤਮਾ ਨੂੰ ਵਡਭਾਗਣ ਵੀ ਬਣਾ ਦਿੱਤਾ।

ਮਿਲਾਪ ਦਾ ਕਾਰਜ ਸਤਿਗੁਰੂ ਤੋਂ ਬਿਨਾਂ ਹੋਰ ਕੋਈ ਕਰਵਾ ਵੀ ਨਹੀਂ ਸਕਦਾ ਕਿਉਂਕਿ ਪਰਮਾਤਮਾ ਨੇ ਆਪਣੇ ਨਾਲ ਮਿਲਣ ਵਾਸਤੇ ਇੱਕ ਨੇਮ ਬਣਾਇਆ ਹੈ। ਉਸ ਨੇਮ ਨੂੰ ਪੂਰਾ ਕੀਤੇ ਬਿਨਾਂ ਨਾ ਪਹਿਲਾਂ ਕਿਸੇ ਨੂੰ ਪਰਮਾਤਮਾ ਦਾ ਮਿਲਾਪ ਪ੍ਰਾਪਤ ਹੋਇਆ ਹੈ, ਨਾ ਹੀ ਹੁਣ ਅਤੇ ਨਾ ਅਗਾਂਹ ਹੀ ਹੋਵੇਗਾ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਆਸਾ ਦੀ ਵਾਰ ਅੰਦਰ ਫੁਰਮਾਨ ਹੈ ਕਿ :

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ॥**

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥**

ਮ: ੧, ਪੰਨਾ ੪੬੬

ਸਤਿਗੁਰੂ ਅਰਜਨ ਦੇਵ ਜੀ ਦਾ ਗੋਂਡ ਰਾਗ ਅੰਦਰ ਉਚਾਰਨ ਕੀਤਾ ਫੁਰਮਾਨ ਪੜ੍ਹੀਏ, ਪ੍ਰਭੂ ਨਿਯਮ ਦੀ ਵਧੇਰੇ ਸਪੱਸ਼ਟਤਾ ਹੋ ਜਾਵੇਗੀ। ਆਪ ਸਤਿਗੁਰਾਂ ਦਾ ਫੁਰਮਾਨ ਹੈ :

**ਮਤ ਕੋ ਭਰਮਿ ਭੁਲੈ ਸੰਸਾਰਿ॥ ਗੁਰ ਬਿਨੁ ਕੋਇ ਨ ਉਤਰਸਿ ਪਾਰਿ॥੧॥**

ਮ: ੫, ਪੰਨਾ ੮੬੪

ਭਗਤ ਕਬੀਰ ਜੀ ਨੇ "**ਵਰੁ ਪਾਇਆ ਹਰਿ ਰਾਇ**" ਦੀ ਵਿਆਖਿਆ ਕਰਦੇ ਆਸਾ ਰਾਗ ਅੰਦਰ ਫੁਰਮਾਨ ਕੀਤਾ ਹੈ :

**[1]ਸੁਰਿ ਨਰ ਮੁਨਿ ਜਨ[2] ਕਉਤਕ ਆਏ [3]ਕੋਟਿ ਤੇਤੀਸ ਉਜਾਨਾਂ[4]॥**

**ਕਹਿ ਕਬੀਰ ਮੋਹਿ ਬਿਆਹਿ ਚਲੇ ਹੈ ਪੁਰਖ ਏਕ ਭਗਵਾਨਾ॥**

ਕਬੀਰ ਜੀ, ਪੰਨਾ ੪੮੨

## *ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*

**ਅੱਖਰੀ-ਅਰਥ :** ਪ੍ਰਭੂ ਦਰ ਵਿੱਚੋਂ "**ਵਰੁ ਪਾਇਆ ਹਰਿ ਰਾਇ**" ਦੀ ਵਡਮੁੱਲੀ ਦਾਤ ਪ੍ਰਾਪਤ ਕਰਕੇ ਵੀ, ਉਹ ਵਡਭਾਗੀ ਜੀਵ ਸੰਗਤ ਵਿੱਚ ਮਿਲ ਕੇ ਪਰਮਾਤਮਾ ਦੀ ਸਿਫਤ-ਸਲਾਹ ਦੇ ਹਮੇਸ਼ਾ ਸੋਹਿਲੇ ਗਾਉਂਦੇ ਰਹਿੰਦੇ ਹਨ।

**ਸੰਖੇਪ-ਵਿਚਾਰ :** ਗੁਰਮਤਿ ਵਿੱਚ ਪਰਮੇਸ਼ਰ ਜੀ ਦੀ ਸਿਫਤ-ਸਲਾਹ ਹੀ ਸਭ ਤੋਂ ਵਡਮੁੱਲੀ ਦਾਤ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਅੰਦਰ ਆਪਾਂ ਹਰ ਰੋਜ਼ ਫੁਰਮਾਨ ਪੜ੍ਹਦੇ ਸੁਣਦੇ ਹਾਂ। ਜਿਸ ਨੂੰ ਪਰਮਾਤਮਾ ਆਪਣੀ ਸਿਫ਼ਤੋ-ਸਲਾਹ ਦੀ ਦਾਤ ਪ੍ਰਦਾਨ ਕਰ ਦਿੰਦਾ ਹੈ, ਇੰਝ ਜਾਨਣਾ ਕਰੋ ਕਿ ਉਹ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਬਣ ਜਾਂਦਾ ਹੈ। ਸਾਹਿਬਾਂ ਦਾ ਫੁਰਮਾਨ ਹੈ :

**ਜਿਸ ਨੋ ਬਖਸੇ ਸਿਫਤਿ ਸਾਲਾਹ॥ ਨਾਨਕ ਪਾਤਿਸਾਹੀ ਪਾਤਿਸਾਹੁ॥**

ਜਪੁਜੀ, ਪੰਨਾ ੫

ਉਹ ਵਡਭਾਗੀ ਕਿਉਂ ਸਤਿਸੰਗਤ ਵਿੱਚ ਬੈਠ ਕੇ ਪ੍ਰਭੂ ਗੁਣ ਗਾਉਂਦੇ ਹਨ ? ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਗਉੜੀ ਰਾਗ ਅੰਦਰ ਭਲੇ-ਪੁਰਸ਼ਾਂ (ਸਾਧੂਆਂ) ਨੂੰ ਸੰਬੋਧਨ ਕਰਕੇ ਸਾਨੂੰ ਸਾਰਿਆਂ ਨੂੰ ਪਰਮਾਤਮਾ ਦੇ ਸ੍ਰੇਸ਼ਟ ਗੁਣ ਗਾਉਣ ਲਈ

---

੧. ਉੱਚ ਆਤਮਿਕ ਪਦਵੀ ਦੇ ਮਾਲਕ (ਸ੍ਰੇਸ਼ਟ ਪੁਰਸ਼)। ੨. ਰਿਸ਼ੀ-ਮੁਨੀ। ੩. ਤੇਤੀ ਕਰੋੜ ਦੇਵਤੇ। ੪. ਬਿਬਾਣਾ ਤੇ ਚੜ੍ਹ ਕੇ ਆਏ।



ਪ੍ਰੇਰਤ ਕੀਤਾ ਹੈ। ਆਪ ਫੁਰਮਾਨ ਕਰਦੇ ਹਨ ਕਿ ਪਰਮਾਤਮਾ ਨੇ ਬਹੁਤ ਅਮੋਲਕ ਮਨੁੱਖਾ ਜਨਮ ਦੀ ਦਾਤ ਤੁਹਾਨੂੰ ਦਿੱਤੀ ਹੈ। ਇਸ ਮਨੁੱਖਾ ਜਨਮ ਨਾਲ ਪਰਮਾਤਮਾ ਦੇ ਗੁਣ ਗਾ ਕੇ ਆਪਣੇ ਅਮੋਲਕ ਮਨੁੱਖਾ ਜਨਮ ਨੂੰ ਸਫ਼ਲਾ ਕਰ ਲਵੋ ਕਿਉਂਕਿ ਗੋਬਿੰਦ ਦੇ ਗੁਣ ਗਾ ਕੇ ਹੀ ਮਨੁੱਖਾ ਜਨਮ ਦੀ ਸਫ਼ਲਤਾ ਹੋਣੀ ਹੈ। ਜੇ ਮਨੁੱਖਾ ਜਨਮ ਦੇ ਵਸੀਲੇ ਨਾਲ ਗੋਬਿੰਦ ਦੇ ਗੁਣ ਤੁਸੀਂ ਨਾ ਗਾਏ ਤਾਂ ਅਮੋਲਕ ਮਨੁੱਖਾ ਜਨਮ ਵਿਅਰਥ ਹੀ ਚਲਾ ਜਾਵੇਗਾ। ਪਰਮਾਤਮਾ ਦੀਨਾ ਦਾ ਆਸਰਾ ਤੇ ਰਿਸ਼ਤੇਦਾਰ ਹੈ। ਪਾਪ ਕਰਮੀਆਂ ਨੂੰ ਵੀ ਪਵਿੱਤਰ ਕਰਨ ਵਾਲਾ ਹੈ। ਗੱਜ-ਹਸਤੀ ਵਰਗਿਆਂ ਦੀ ਰੱਖਿਆ ਕਰਨ ਵਾਲਾ ਹੈ। ਤੁਸੀਂ ਅਜਿਹੇ ਪਤਿਤ-ਪਾਵਨ, ਦੀਨਾ-ਬੰਧੂ ਪਰਮਾਤਮਾ ਦੀ ਸ਼ਰਨ ਵਿੱਚ ਆ ਕੇ ਉਸ ਨੂੰ ਹਮੇਸ਼ਾਂ-ਹਮੇਸ਼ਾਂ ਯਾਦ ਕਰੋ। ਤੁਸੀਂ ਹੰਕਾਰ ਤੇ ਮੋਹ ਦਾ ਤਿਆਗ ਕਰਕੇ ਪਰਮਾਤਮਾ ਦੇ ਭਜਨ ਵਿੱਚ ਆਪਣੇ ਮਨ ਨੂੰ ਤਦਾਕਾਰ ਕਰੋ। ਇਹ ਹੀ ਸੰਸਾਰ ਦੇ ਬੰਧਨਾਂ ਤੋਂ ਮੁਕਤ ਹੋ ਕੇ ਪ੍ਰਭੂ ਵਿੱਚ ਲੀਨਤਾ ਪ੍ਰਾਪਤ ਕਰਨ ਦਾ ਇੱਕੋ ਇੱਕ ਰਸਤਾ ਹੈ। ਆਪ ਸਤਿਗੁਰਾਂ ਦਾ ਫੁਰਮਾਨ ਹੈ :

**ਸਾਧੋ ਗੋਬਿੰਦ ਕੇ ਗੁਨ ਗਾਵਉ॥**

**ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ॥੧॥ ਰਹਾਉ॥**

**ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ॥**

**ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ॥੧॥**

**ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ॥**

**ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ॥੨॥੫॥**

ਮ: ੯, ਪੰਨਾ ੨੧੯

ਪਰਮਾਤਮਾ ਦੇ ਗੁਣ ਗਾਉਣੇ ਹੀ ਅਸਲ ਜੀਵਨ ਦਾ ਮਨੋਰਥ ਹਨ। ਜੋ ਸੱਚੇ ਵਾਹਿਗੁਰੂ ਦੇ ਗੁਣ ਗਾਉਂਦੇ ਹਨ, ਉਹ ਹਮੇਸ਼ਾ ਪ੍ਰਮਾਤਮਾ ਵਿੱਚ ਓਤ-ਪੋਤ ਹੋ ਕੇ ਉਸ ਦਾ ਰੂਪ ਬਣ ਜਾਂਦੇ ਹਨ। ਸਾਹਿਬਾਂ ਦਾ ਫੁਰਮਾਨ ਹੈ :

**ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ॥**

ਮ: ੩, ਪੰਨਾ ੧੨੨

ਜਿਨ੍ਹਾਂ-ਜਿਨ੍ਹਾਂ ਨੇ ਪਰਮਾਤਮਾ ਦੇ ਗੁਣ ਗਾ ਕੇ ਉਸ ਸੱਚੇ ਸਾਹਿਬ ਦੀ ਸਿਫ਼ਤ ਸਲਾਹ ਕੀਤੀ ਤੇ ਕਰ ਰਹੇ ਹਨ, ਉਹ ਸੱਚੇ ਸਾਹਿਬ ਨਾਲ ਜੁੜ ਕੇ, ਆਪਣੀ ਆਤਮਾ ਦਾ ਨਿਸਤਾਰਾ ਕਰ ਲੈਣਗੇ।

**ਤੂੰ ਸਚਾ ਸਾਹਿਬੁ ਸਿਫਤਿ ਸੁਆਲ੍ਹਿਉ ਜਿਨਿ ਕੀਤੀ ਸੋ ਪਾਰਿ ਪਇਆ॥**

ਮ: ੧ ਪੰਨਾ ੪੬੯

ਸਾਨੂੰ ਸਾਰਿਆਂ ਨੂੰ ਆਪਣੇ ਮੂਲ ਨਾਲ ਜੁੜਨ ਤੇ ਆਤਮਾ ਦੇ ਨਿਸਤਾਰੇ ਲਈ ਹਮੇਸ਼ਾ ਹਮੇਸ਼ਾ ਪ੍ਰਭੂ ਗੁਣ ਗਾਉਂਦੇ ਰਹਿਣਾ ਚਾਹੀਦਾ ਹੈ।

## *ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*

**ਅੱਖਰੀ-ਅਰਥ :** ਪਰਮਾਤਮਾ ਦਾ ਮਿਲਾਪ ਪ੍ਰਾਪਤ ਕਰਕੇ ਉਨ੍ਹਾਂ ਨੂੰ ਇਹ ਅਨੁਭਵੀ ਗਿਆਨ ਹੋ ਜਾਂਦਾ ਹੈ ਕਿ ਪਰਮਾਤਮਾ ਵਰਗਾ ਅਤੇ ਨਾ ਹੀ ਉਸ ਦੇ ਨੇੜੇ-ਤੇੜੇ ਦਾ ਹੋਰ ਕੋਈ ਸੰਸਾਰ ਵਿੱਚ ਹੈ।

**ਸੰਖੇਪ-ਵਿਚਾਰ :** ਸਤਿਗੁਰੂ ਨਾਨਕ ਪਾਤਸ਼ਾਹ ਜੀ ਜਦੋਂ ਜਗਤ ਜਲੰਦੇ ਨੂੰ ਤਾਰਨ ਵਾਸਤੇ ਅਤੇ ਅਟਕਿਆਂ ਹੋਇਆ ਨੂੰ ਅਗਾਂਹ ਤੋਰਨ ਵਾਸਤੇ ਮੁਲਤਾਨ ਸ਼ਹਿਰ ਪੁੱਜੇ। ਪੀਰ ਦਸਤਗੀਰ ਨੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੂੰ ਅਨੇਕਾਂ ਸਵਾਲ ਪੁੱਛੇ। ਉਨ੍ਹਾਂ ਸਵਾਲਾਂ ਵਿੱਚੋਂ ਇਕ ਇਹ ਸਵਾਲ ਵੀ ਪੁੱਛਿਆ ਕਿ ਪਾਤਸ਼ਾਹ! ਕਿਰਪਾ ਕਰਕੇ ਇਹ ਦੱਸੋ ਕਿ ਕੋਈ ਅਜਿਹਾ ਕੰਮ ਵੀ ਹੈ ਜੋ ਪਰਮਾਤਮਾ ਨਹੀਂ ਕਰ ਸਕਿਆ। ਇਸ ਸਵਾਲ ਦੇ ਉੱਤਰ ਵਿੱਚ ਸਤਿਗੁਰੂ ਜੀ ਨੇ ਪੀਰ ਨੂੰ ਉੱਤਰ ਦਿੱਤਾ ਦਸਤਗੀਰ! ਹਾਂ, ਇਕ ਕੰਮ ਪ੍ਰਮਾਤਮਾ ਤੋਂ ਵੀ ਨਹੀਂ ਹੋ ਸਕਿਆ। ਪੀਰ ਨੇ ਉਤਾਵਲੇ ਹੋ ਕੇ ਪੁੱਛਿਆ, ਸਤਿਗੁਰੂ! ਉਹ ਕਿਹੜਾ ਕੰਮ ਹੈ ਜੋ ਪਰਮਾਤਮਾ ਤੋਂ ਵੀ ਨਹੀਂ ਹੋ ਸਕਿਆ। ਸਤਿਗੁਰਾਂ ਉੱਤਰ ਦਿੱਤਾ ਪੀਰ ਜੀ! ਪਰਮਾਤਮਾ ਆਪਣੇ ਵਰਗਾ ਪਰਮਾਤਮਾ ਨਹੀਂ ਬਣਾ ਸਕਿਆ। ਇਹ ਕੰਮ ਪਰਮਾਤਮਾ ਤੋਂ ਵੀ ਨਹੀਂ ਹੋ ਸਕਿਆ। ਹੈ ਵੀ ਸੱਚ।

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਆਸਾ ਰਾਗ ਅੰਦਰ ਵੀ ਇਨ੍ਹਾਂ ਜਨਮ ਸਾਖੀ ਦੇ ਬਚਨਾਂ ਦੀ ਪ੍ਰੋੜ੍ਹਤਾ ਕੀਤੀ ਹੈ। ਆਪ ਫੁਰਮਾਉਂਦੇ ਹਨ ਕਿ ਪਰਮਾਤਮਾ ਦਾ ਸਭ ਤੋਂ ਵੱਡਾ ਗੁਣ ਇਹੋ ਹੀ ਹੈ ਕਿ ਪਰਮਾਤਮਾ ਵਰਗਾ ਆਪ ਪਰਮਾਤਮਾ ਹੀ ਹੈ।



ਪਰਮਾਤਮਾ ਵਰਗਾ ਨਾ ਕੋਈ ਪਿੱਛੇ ਹੋਇਆ ਨਾ ਹੁਣ ਹੈ ਅਤੇ ਨਾ ਹੀ ਅਗਾਂਹ ਹੋਵੇਗਾ। ਆਪ ਜੀ ਦਾ ਫੁਰਮਾਨ ਹੈ :

**ਗੁਣੁ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥**

ਮ: ੧, ਪੰਨਾ ੯

ਭਗਤ ਰਵਿਦਾਸ ਜੀ ਨੇ ਬਿਲਾਵਲੁ ਰਾਗ ਅੰਦਰ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਫੁਰਮਾਨ ਦੀ ਪ੍ਰੋੜ੍ਹਤਾ ਹਿੱਤ ਬਚਨ ਦਰਜ ਕੀਤੇ ਹਨ ਕਿ ਹੇ ਪ੍ਰਭੂ! ਤੇਰੀ ਕਥਾ ਇਸ ਜ਼ੁਬਾਨ ਨਾਲ ਕਥਨ ਨਹੀਂ ਕੀਤੀ ਜਾ ਸਕਦੀ। ਐਵੇਂ ਤੁਹਾਡੇ ਪ੍ਰਤੀ ਬਹੁਤੀਆਂ ਵਿਚਾਰਾਂ ਕੀ ਕਰੀਏ। ਹੇ ਪਰਮਾਤਮਾ! ਜਿਹੋ ਜਿਹੇ ਤੁਸੀਂ ਹੋ ਬਸ ਤੁਹਾਡੇ ਵਰਗੇ ਤੁਸੀਂ ਆਪ ਹੀ ਹੋ। ਹੋਰ ਕਿਸੇ ਨਾਲ ਤੁਹਾਡੀ ਉਪਮਾ ਕੀ ਦੇਈਏ ? ਭਾਵ ਨਹੀਂ ਦਿੱਤੀ ਜਾ ਸਕਦੀ। ਆਪ ਜੀ ਦਾ ਫੁਰਮਾਨ ਹੈ :

**ਕਹਿ ਰਵਿਦਾਸ ਅਕਥ ਕਥਾ ਬਹੁ ਕਾਇ ਕਰੀਜੈ॥**

**ਜੈਸਾ ਤੂ ਤੈਸਾ ਤੁਹੀ ਕਿਆ ਉਪਮਾ ਦੀਜੈ॥** ਰਵਿਦਾਸ ਜੀ, ਪੰਨਾ ੮੫੮

ਸਤਿਗੁਰੂ ਅਮਰਦਾਸ ਜੀ ਦਾ ਬਿਹਾਗੜੇ ਦੀ ਵਾਰ ਅੰਦਰ ਫੁਰਮਾਨ ਹੈ। ਹੇ ਮਾਲਕ! ਤੇਰੀ ਵਡਿਆਈ ਤੂੰ ਆਪ ਹੀ ਜਾਣਦਾ ਹੈ। ਹੇ ਪਰਮਾਤਮਾ! ਤੁਹਾਡੇ ਜਿਤਨਾ ਵੱਡਾ ਹੋਰ ਕੋਈ ਨਹੀਂ ਹੈ। ਤੁਹਾਡੇ ਜਿੱਡਾ, ਤੁਹਾਡੀ ਬਰਾਬਰੀ ਕਰਨ ਵਾਲਾ ਕੋਈ ਹੋਰ ਹੋਵੇ, ਤਦ ਉਸ ਪਾਸ ਜਾ ਕੇ ਕੁਝ ਕਹੀਏ। ਆਪਣੇ ਵਰਗੇ ਤੁਸੀਂ ਆਪ ਹੀ ਹੋ। ਤੁਹਾਡੇ ਵਰਗਾ ਹੋਰ ਕੋਈ ਨਹੀਂ ਹੈ। ਆਪ ਜੀ ਦਾ ਫੁਰਮਾਨ ਹੈ :

**ਤੇਰੀ ਵਡਿਆਈ ਤੂਹੈ ਜਾਣਦਾ ਤੁਧੁ ਜੇਵਡੁ ਅਵਰੁ ਨ ਕੋਈ॥**

**ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾ ਆਖੀਐ ਤੁਧੁ ਜੇਵਡੁ ਤੂਹੈ ਹੋਈ॥**

ਪਉੜੀ, ਪੰਨਾ ੫੪੯

## *ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*

**ਅੱਖਰੀ-ਵਿਚਾਰ :** ਪਰਮਾਤਮਾ ਨੇ ਆਤਮ-ਰਸੀਆਂ ਨੂੰ ਆਤਮਿਕ ਅਡੋਲਤਾ ਵਾਲੀ ਸਹਿਜ ਅਵਸਥਾ ਪ੍ਰਦਾਨ ਕਰਕੇ, ਸੁੱਖ ਅਤੇ ਅਨੰਦ ਦੀਆਂ ਦਾਤਾਂ ਨਾਲ

ਨਿਵਾਜ ਕੇ ਉਨ੍ਹਾਂ ਦਾ ਲੋਕ-ਪ੍ਰਲੋਕ ਸਵਾਰ ਦਿੱਤਾ।

**ਸੰਖੇਪ-ਵਿਚਾਰ :** ਆਤਮਾ ਦੇ ਦੋ ਹੀ ਥਾਂ ਹਨ। ਜਿਨ੍ਹਾਂ ਪ੍ਰਥਾਇ ਸਤਿਗੁਰੂ ਜੀ ਤੇ ਭਗਤਾਂ ਨੇ ਲੋਕ-ਪ੍ਰਲੋਕ, ਹਲਤ-ਪਲਤ, ਇਥੇ-ਉਥੈ, ਆਗੇ-ਪਾਛੈ ਆਦਿਕ ਸ਼ਬਦ ਵਰਤ ਕੇ ਜੀਵ-ਆਤਮਾ ਨੂੰ ਆਪਣਾ ਅਗਲਾ ਲੋਕ, ਜਿਸ ਪ੍ਰਥਾਇ ਸਤਿਗੁਰੂ ਅਰਜਨ ਦੇਵ ਜੀ ਨੇ "**ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ**" ਦਾ ਸੰਕੇਤ ਕੀਤਾ ਹੈ, ਨੂੰ ਸਵਾਰਨ ਦਾ ਸੰਦੇਸ਼ ਤੇ ਉਪਦੇਸ਼ ਸਾਰੀ ਗੁਰਬਾਣੀ ਅੰਦਰ ਪ੍ਰਦਾਨ ਕੀਤਾ ਹੈ। ਇਸ ਲੋਕ ਨੂੰ "ਹਲਤ, ਇਥੈ ਅਤੇ ਪਾਛੈ" ਦਾ ਨਾਉਂ ਸਾਹਿਬਾਂ ਦਿੱਤਾ ਹੈ। ਇਸ ਲੋਕ ਵਿੱਚ ਸਰੀਰ ਤੇ ਆਤਮਾ ਇਕੱਠੇ ਵਿਚਰਦੇ ਹਨ, ਪਰ ਪਰਲੋਕ ਵਿੱਚ ਪਲਤ ਵਿੱਚ ਸਰੀਰ ਸਾਥ ਨਹੀਂ ਦਿੰਦਾ, ਸਰੀਰ ਇੱਥੇ ਹੀ ਰਹਿ ਜਾਂਦਾ ਹੈ। ਪਰਲੋਕ ਵਿੱਚ ਇਕੱਲੀ ਆਤਮਾ ਹੀ ਜਾਂਦੀ ਹੈ। ਜਿਹੜੀ ਆਤਮਾ ਸਰੀਰ ਦੇ ਵਸੀਲੇ ਦੁਆਰਾ ਆਪਣਾ ਪ੍ਰਲੋਕ ਸਵਾਰ ਲੈਂਦੀ ਹੈ, ਉਸ ਦੀ ਇਸ ਸੰਸਾਰ ਅੰਦਰ ਵੀ ਸੋਭਾ ਹੁੰਦੀ ਹੈ।

**ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥** ਮ: ੫, ਪੰਨਾ ੧੩੬

ਅਤੇ ਉਸ ਸਰੀਰ ਦੀ ਵੀ ਸਦਾ ਵਾਸਤੇ ਯੁਗਾਂ ਯੁਗੰਤਰਾਂ ਤੱਕ ਜੈ-ਜੈਕਾਰ ਹੁੰਦੀ ਹੈ। ਜਿਸ ਸਰੀਰ ਦੇ ਵਸੀਲੇ ਦੁਆਰਾ ਆਤਮਾ ਨੇ "**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ**" ਦੀ ਦਾਤ ਪ੍ਰਾਪਤ ਕੀਤੀ ਹੁੰਦੀ ਹੈ। ਸਤਿਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ।

**ਓਨਾ ਦੀ ਸੋਭਾ ਜੁਗਿ ਜੁਗਿ ਹੋਈ ਕੋਇ ਨ ਮੇਟਣਹਾਰਾ ॥**

**ਨਾਨਕ ਤਿਨ ਕੈ ਸਦ ਬਲਿਹਾਰੈ ਜਿਨ ਹਰਿ ਰਾਖਿਆ ਉਰਿ ਧਾਰਾ ॥**

ਮ: ੩ ਪੰਨਾ ੬੩੮

ਅਤੇ ਅਗਾਂਹ ਆਤਮਾ ਨੂੰ ਧਰਮਰਾਜ ਦੀ ਦਰਗਾਹ ਵਿੱਚ ਕੋਈ ਵੀ ਧਰਮਰਾਜ ਦਾ ਕਰਿੰਦਾ, ਰੁੱਖੇ ਜਾਂ ਫਿੱਕੇ ਸ਼ਬਦਾਂ ਨਾਲ ਨਹੀਂ ਬੁਲਾਉਂਦਾ। ਅਜਿਹੀਆਂ ਪ੍ਰਵਾਨਿਤ ਆਤਮਾਵਾਂ ਨੂੰ "ਜੀ-ਆਇਆ" ਕਹਿ ਕੇ ਬੈਠਣ ਵਾਸਤੇ ਆਉ ਭਗਤ ਕੀਤੀ ਜਾਂਦੀ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਬਾਵਨ ਅੱਖਰੀ ਬਾਣੀ ਅੰਦਰ ਫੁਰਮਾਨ ਹੈ:



**ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥**

ਮ: ੫, ਪੰਨਾ ੨੫੨

"**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ**" ਦੀ ਅਵਸਥਾ ਪ੍ਰਾਪਤ ਕਰ ਚੁੱਕੇ ਗੁਰੂ ਪਿਆਰਿਆਂ ਨੂੰ ਪ੍ਰਭੂ ਦਰਗਾਹ ਵਿੱਚ ਸਭ ਤੋਂ ਸ੍ਰੇਸ਼ਠ ਮੁਖੀਆ ਦੀ ਪਦਵੀ ਪ੍ਰਾਪਤ ਹੁੰਦੀ ਹੈ। ਪ੍ਰਭੂ ਦਰਗਾਹ ਅੰਦਰ ਉਹ ਸਤਿਕਾਰ ਪਾਉਂਦੇ ਹਨ। ਸਾਹਿਬ ਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :

**ਪੰਚ ਪਰਵਾਣ ਪੰਚ ਪਰਧਾਨੁ ॥ ਪੰਚੇ ਪਾਵਹਿ ਦਰਗਹਿ ਮਾਨੁ ॥**

ਜਪੁਜੀ, ਪੰਨਾ ੩

## *ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥*

**ਅੱਖਰੀ-ਅਰਥ :** ਸੰਸਾਰ ਭਵਜਲ ਅੰਦਰ ਬਾਰ-ਬਾਰ ਜਨਮ ਲੈਣ ਦਾ ਜੋ ਵੱਡਾ ਦੁੱਖ ਸੀ, ਉਸ ਤੋਂ ਪਰਮਾਤਮਾ ਨੇ ਆਪ ਹੱਥ ਦੇ ਕੇ ਰੱਖਿਆ ਕੀਤੀ ਅਤੇ ਉਨ੍ਹਾਂ ਦਾ ਆਵਾਗਉਣ ਦਾ ਚੱਕਰ ਮੁਕਾ ਕੇ ਆਪਣੇ ਨਿੱਜ ਸਰੂਪ ਵਿੱਚ ਅਭੇਦਤਾ ਪ੍ਰਦਾਨ ਕਰ ਦਿੱਤੀ।

**ਸੰਖੇਪ-ਵਿਚਾਰ :** ਮਨੁੱਖਾ ਜੀਵਨ ਦਾ ਜੋ ਮਨੋਰਥ ਸੀ "**ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ**" ਉਹ ਉਨ੍ਹਾਂ ਨੇ ਪ੍ਰਾਪਤ ਕਰ ਲਿਆ। ਜਿਵੇਂ ਬੂੰਦ ਸਮੁੰਦਰ ਵਿੱਚ ਮਿਲ ਕੇ ਸਾਗਰ ਦਾ ਰੂਪ ਬਣ ਗਈ, ਤਿਵੇਂ ਜੀਵ-ਆਤਮਾ ਪਰਮਾਤਮਾ ਵਿੱਚ ਸਮਾ ਕੇ :

**ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥**

ਮ: ੯, ਪੰਨਾ ੬੩੩

ਦੀ ਅਵਸਥਾ ਪ੍ਰਾਪਤ ਕਰ ਗਈ। ਸਤਿਗੁਰੂ ਅਰਜਨ ਦੇਵ ਜੀ ਦੇ ਟੋਡੀ ਰਾਗ ਅੰਦਰ ਅੰਕਿਤ ਕੀਤੇ ਫੁਰਮਾਨ ਅਨੁਸਾਰ, ਇਹ ਸਾਰੀ ਬਰਕਤ ਪ੍ਰਭੂ ਨਾਮ ਦੀ ਹੈ। ਜੋ ਵੀ ਜੀਵ ਪਿਆਰ ਵਿੱਚ ਭਿੱਜ ਕੇ ਰਸਨਾ ਚੋਂ ਪਰਮਾਤਮਾ ਦਾ ਨਾਮ ਜਪਦਾ, ਪ੍ਰਭੂ ਦੇ ਗੁਣ ਗਾਉਂਦਾ ਹੈ, ਪਰਮੇਸ਼ਰ ਉਸ ਨੂੰ ਆਤਮਿਕ ਸ਼ਾਂਤੀ ਅਤੇ ਆਤਮਿਕ ਅਡੋਲਤਾ ਦੀ ਦਾਤ ਪ੍ਰਦਾਨ ਕਰ ਦਿੰਦਾ ਹੈ। ਉਸ ਦੇ ਅੰਦਰ ਅਨੰਦ ਹੀ ਅਨੰਦ ਦੀ ਅਵਸਥਾ

ਬਣ ਜਾਂਦੀ ਹੈ। ਸਾਰੇ ਦੁੱਖਾਂ ਤੋਂ ਉਸ ਦਾ ਛੁਟਕਾਰਾ ਹੋ ਜਾਂਦਾ ਹੈ। ਪ੍ਰਭੂ ਨਾਮ-ਜਪ ਦੀ ਬਰਕਤ ਨਾਲ ਉਹ ਜੋ ਕੁਝ ਵੀ ਆਪਣੇ ਪਰਮਾਤਮਾ ਪਾਸੋਂ ਮੰਗਦਾ ਹੈ, ਉਸ ਨੂੰ ਸਭ ਕੁਝ ਹੀ ਪ੍ਰਾਪਤ ਹੋ ਜਾਂਦਾ ਹੈ। ਜਿੱਥੇ ਲੋਕ-ਪਰਲੋਕ ਦੇ ਸਾਰੇ ਪਦਾਰਥ ਉਸ ਨੂੰ ਪ੍ਰਾਪਤ ਹੋ ਜਾਂਦੇ ਹਨ ਉੱਥੇ ਉਸ ਦਾ ਆਵਾਗਉਣ (ਜਨਮ ਮਰਣ) ਦਾ ਚੱਕਰ ਸਦਾ ਵਾਸਤੇ ਖ਼ਤਮ ਹੋ ਜਾਂਦਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :

**ਰਸਨਾ ਗੁਣ ਗੋਪਾਲ ਨਿਧਿ ਗਾਇਣ ॥**

**ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ ॥੧॥ ਰਹਾਉ ॥**

**ਜੋ ਮਾਗਹਿ ਸੋਈ ਸੋਈ ਪਾਵਹਿ ਸੇਵਿ ਹਰਿ ਕੇ ਚਰਣ ਰਸਾਇਣ ॥**

**ਜਨਮ ਮਰਣ ਦੁਹਹੂ ਤੇ ਛੂਟਹਿ ਭਵਜਲੁ ਜਗਤੁ ਤਰਾਇਣ ॥੧॥**

ਮ: ੫, ਪੰਨਾ ੭੧੪

ਉਸ ਉੱਪਰ ਤਾਂ ਗੁਰੂ ਰਾਮਦਾਸ ਜੀ ਦਾ ਫੁਰਮਾਨ ਪੂਰਨ ਤੌਰ ਤੇ ਢੁੱਕ ਜਾਂਦਾ ਹੈ ਕਿ:

**ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥**

ਮ: ੪, ਪੰਨਾ ੫੫੬

ਅਜਿਹੀ ਨਾਮ ਜਪ ਵਾਲੀ ਆਤਮਾ ਦੀ ਸਮਾਈ ਨਿੱਜ-ਘਰ ਦੇ ਵਿੱਚ ਹੋ ਜਾਂਦੀ ਹੈ ਕਿਉਂਕਿ ਜਿਸ ਸੌਦੇ ਨੂੰ ਵਿਹਾਝਣ ਵਾਸਤੇ ਪਰਮਾਤਮਾ ਨੇ ਮਨੁੱਖਾ ਜਨਮ ਦਾ ਅਉਸਰ ਦਿੱਤਾ ਸੀ। ਮਨੁੱਖਾ ਜਨਮ ਦੇ ਅਉਸਰ ਵਿੱਚ ਉਨ੍ਹਾਂ ਨੇ ਨਾਮ ਦੀ ਵੱਥ ਹੀ ਵਿਹਾਝੀ। ਜਿਸ ਕਰਕੇ ਪਰਮਾਤਮਾ ਨੇ ਉਨ੍ਹਾਂ ਦਾ ਆਵਾਗਉਣ ਦਾ ਚੱਕਰ ਖ਼ਤਮ ਕਰਕੇ ਆਪਣੇ ਨਿੱਜ ਸਰੂਪ ਦੇ ਵਿੱਚ ਉਨ੍ਹਾਂ ਦਾ ਨਿਵਾਸ ਕਰਵਾ ਦਿੱਤਾ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਜਾ ਕਉ ਆਏ ਸੋਈ ਬਿਹਾਝਹੁ ਹਰਿ ਗੁਰ ਤੇ ਮਨਹਿ ਬਸੇਰਾ ॥**

**ਨਿਜ ਘਰਿ ਮਹਲੁ ਪਾਵਹੁ ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ॥**

ਮ: ੫, ਪੰਨਾ ੧੩

ਨਾਮ ਜਪ ਦੀ ਕਮਾਈ ਤੇ ਸਤਿਗੁਰੂ ਦੀ ਰਹਿਮਤ ਸਦਕਾ, ਜੀਵ-ਆਤਮਾ, ਪਰਮਾਤਮਾ ਦੇ ਸਰੂਪ ਵਿੱਚ ਇਸ ਤਰ੍ਹਾਂ ਅਭੇਦ ਹੋ ਜਾਂਦੀ ਹੈ, ਜਿਸ ਤਰ੍ਹਾਂ ਇੱਕ ਪਾਣੀ



ਦੂਸਰੇ ਵਿੱਚ ਰਲ ਕੇ ਇੱਕ ਰੂਪ ਹੋ ਜਾਂਦਾ ਹੈ। ਜੀਵ-ਆਤਮਾ ਦਾ ਆਵਾਗਵਣ ਦਾ ਚੱਕਰ ਖ਼ਤਮ ਹੋ ਜਾਂਦਾ ਹੈ। ਨਿਸਚਲ ਅਵਸਥਾ ਅੰਦਰ ਟਿਕਾਣਾ ਪ੍ਰਾਪਤ ਹੋ ਜਾਂਦਾ ਹੈ। ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥**

**ਮਿਟਿ ਗਏ ਗਵਨ ਪਾਏ ਬਿਸ੍ਰਾਮ ॥ ਨਾਨਕ ਪ੍ਰਭ ਕੈ ਸਦ ਕੁਰਬਾਨ ॥੮॥੧॥**

ਮ: ੫, ਪੰਨਾ ੨੭੮

ਸਤਿਗੁਰੂ ਨੇ ਕਿਰਪਾ ਕਰਕੇ ਦੁੱਖਾਂ ਦੇ ਸਾਗਰ ਸੰਸਾਰ ਵਿੱਚ ਮੁੜ-ਮੁੜ ਕੇ ਜਨਮ ਲੈਣ ਤੋਂ ਬਚਾ ਲਿਆ।

## *ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥*

**ਅੱਖਰੀ-ਅਰਥ :** ਪਰਮਾਤਮਾ ਬੇਅੰਤ ਹੈ। ਬੇਅੰਤ ਦੇ ਗੁਣ ਵੀ ਬੇਅੰਤ ਹਨ। ਇੱਕ ਜੀਭ ਨਾਲ ਬੇਅੰਤ ਪਰਮਾਤਮਾ ਦੇ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ। ਭਵਜਲ ਸੰਸਾਰ ਤੋਂ ਤਰਨ ਦਾ ਇੱਕੋ ਤਰੀਕਾ ਹੈ, ਪ੍ਰਭੂ ਦੀ ਚਰਨੀ ਪੈ ਜਾਣਾ। ਜੋ ਪਰਮਾਤਮਾ ਦੀ ਚਰਨੀਂ ਪੈ ਕੇ ਆਪਾ ਭਾਵ ਤਿਆਗ ਦਿੰਦਾ ਹੈ, ਉਸ ਦਾ ਨਿਸਤਾਰਾ ਹੋ ਜਾਂਦਾ ਹੈ।

**ਸੰਖੇਪ-ਵਿਚਾਰ :** ਸਿੱਖ ਧਰਮ ਗਿਣਤੀਆਂ ਮਿਣਤੀਆਂ ਦਾ ਧਰਮ ਨਹੀਂ। ਸਿੱਖ ਧਰਮ ਬਖ਼ਸ਼ਿਸ਼ ਦਾ ਧਰਮ ਹੈ। ਸਿੱਖ ਮਾਰਗ "ਗੁਰਪ੍ਰਸਾਦਿ" ਤੇ ਨਿਰਧਾਰਤ ਹੈ। ਜੇ ਗਿਣਤੀਆਂ ਵਿੱਚ ਪੈ ਵੀ ਜਾਵਾਂਗੇ, ਉਸ ਬੇਅੰਤ ਦੇ ਬੇਅੰਤ ਗੁਣਾਂ ਨੂੰ ਇੱਕ ਜੀਭ ਦੇ ਨਾਲ ਕਿਵੇਂ ਵਰਨਣ ਕਰ ਸਕਾਂਗੇ ? ਨਹੀਂ ਕਰ ਸਕਾਂਗੇ। ਸਨਾਤਨ ਮੱਤ ਦਾ ਅਕੀਦਾ ਦਰਸਾ ਕੇ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਸ਼ੇਸ਼ਨਾਗ ਦਾ ਜ਼ਿਕਰ ਕੀਤਾ ਹੈ। ਸ਼ੇਸ਼ਨਾਗ ਦਾ ਇੱਕ ਹਜ਼ਾਰ ਫੱਨ ਹੈ। ਹਰ ਮੂੰਹ ਵਿੱਚ ਦੋ-ਦੋ ਜਿਹਵਾ ਹਨ। ਹਰ ਪਲ, ਸ਼ੇਸ਼ਨਾਗ ਇੱਕ-ਇੱਕ ਜੀਭ ਨਾਲ ਪਰਮਾਤਮਾ ਦੇ ਨਵੇਂ-ਨਵੇਂ ਨਾਉਂ ਉਚਾਰਨ ਕਰ ਰਿਹਾ ਹੈ। ਜਿਹੜਾ ਨਾਮ ਇਕ ਵਾਰੀ ਇੱਕ ਜੀਭ ਨਾਲ ਉਚਾਰਨ ਕਰਦਾ ਹੈ। ਦੂਸਰੀ ਵਾਰੀ ਉਸ ਜੀਭ ਨਾਲ ਹੋਰ ਨਵਾਂ ਨਾਉਂ ਉਚਾਰਦਾ ਹੈ। ਧਰਤੀ ਦੀ ਹੋਂਦ ਤੋਂ ਹੁਣ ਤੱਕ ਸ਼ੇਸ਼ਨਾਗ ਪਰਮਾਤਮਾ ਦੇ ਨਾਵਾਂ ਦਾ ਅੰਤ ਨਹੀਂ ਪਾ ਸਕਿਆ। ਸਾਨੂੰ ਤਾਂ ਪਰਮਾਤਮਾ ਨੇ ਜੀਭ ਹੀ ਇੱਕ ਦਿੱਤੀ ਹੈ। ਇੱਕ ਜੀਭ ਨਾਲ ਪਰਮਾਤਮਾ ਦੇ ਗੁਣਾਂ ਦਾ ਅਸੀਂ ਕਿਵੇਂ ਅੰਤ ਪਾ

ਸਕਾਂਗੇ ? ਭਾਵ ਨਹੀਂ ਪਾ ਸਕਾਂਗੇ। ਭਗਤ ਕਬੀਰ ਜੀ ਦਾ ਫੁਰਮਾਨ ਹੈ ਕਿ :

**[੧]ਸਨਕ ਸਨੰਦ ਮਹੇਸ[੨] ਸਮਾਨਾਂ॥ [੩]ਸੇਖਨਾਗਿ ਤੇਰੋ ਮਰਮੁ ਨ ਜਾਨਾਂ॥**

ਕਬੀਰ ਜੀ, ਪੰਨਾ ੬੯੧

ਸਤਿਗੁਰੂ ਅਰਜਨ ਸਾਹਿਬ ਜੀ ਨੇ ਧਨਾਸਰੀ ਰਾਗ ਅੰਦਰ ਪਰਮਾਤਮਾ ਦੇ ਗੁਣ ਨਿਰੂਪਣ ਕਰਕੇ ਅਖ਼ੀਰ ਫੈਸਲਾ ਦੇ ਦਿੱਤਾ ਹੇ ਅਕਾਲ ਪੁਰਖ! ਤੁਸੀਂ ਬੇਅੰਤ ਹੋ ਤੁਹਾਡੇ ਗੁਣਾਂ ਦੀ ਅੱਜ ਤੱਕ ਕੋਈ ਗਿਣਤੀ ਨਹੀਂ ਕਰ ਸਕਿਆ। ਤੁਹਾਡਾ ਕਿਸੇ ਨੇ ਅੰਤ ਨਹੀਂ ਪਾਇਆ ਅਤੇ ਨਾ ਹੀ ਕੋਈ ਪਾ ਸਕੇਗਾ। ਮੇਰੇ ਪਾਸ ਤਾਂ ਜੀਭ ਹੀ ਇੱਕ ਹੈ, ਇੱਕ ਜੀਭ ਨਾਲ ਮੈਂ ਤੁਹਾਡੇ ਕਿਹੜੇ-ਕਿਹੜੇ ਗੁਣਾਂ ਦਾ ਵਰਣਨ ਕਰਾਂ, ਭਾਵ ਨਹੀਂ ਕਰ ਸਕਦਾ। ਸਾਹਿਬਾਂ ਦਾ ਫੁਰਮਾਨ ਹੈ :

**ਜਿਹਵਾ ਏਕ ਕਵਨ ਗੁਨ ਕਹੀਐ॥**

**ਬੇਸੁਮਾਰ ਬੇਅੰਤ ਸੁਆਮੀ ਤੇਰੋ ਅੰਤੁ ਨ ਕਿਨ ਹੀ ਲਹੀਐ॥੧॥ ਰਹਾਉ॥**

ਮ: ੫, ਪੰਨਾ ੬੭੩

ਇਸ ਲਈ ਬੇਅੰਤ ਪਰਮਾਤਮਾ ਤੁਹਾਡੇ ਬੇਅੰਤ ਹੀ ਗੁਣ ਹਨ। ਮੈਂ ਕਿਹੜੇ-ਕਿਹੜੇ ਗੁਣ ਨੂੰ ਲੈ ਕੇ ਤੇਰਾ ਜਸ ਗਾਵਾਂ। ਜੇ ਆਪ ਦੀ ਰਹਿਮਤ ਨਾਲ ਤੇਰੇ ਚਰਨਾਂ ਦੀ ਧੂੜ ਪ੍ਰਾਪਤ ਹੋ ਜਾਵੇ ਤਾਂ ਮੈਂ ਆਪਣੇ ਆਪ ਨੂੰ ਵਡਭਾਗੀ ਸਮਝਾਂਗਾ। ਆਪ ਦੀ ਚਰਨ ਧੂੜ ਨਾਲ ਮੇਰੇ ਅੰਦਰ ਦੀ ਮੈਲ ਕੱਟੀ ਜਾਵੇਗੀ ਤੇ ਮੇਰਾ ਆਵਾਗਉਣ ਦਾ ਚੱਕਰ ਵੀ ਖ਼ਤਮ ਹੋ ਜਾਵੇਗਾ। ਸਤਿਗੁਰੂ ਅਰਜਨ ਦੇਵ ਜੀ ਦਾ ਆਸਾ ਰਾਗ ਅੰਦਰ ਫੁਰਮਾਨ ਹੈ :

**ਬੇਅੰਤਾ ਬੇਅੰਤ ਗੁਣ ਤੇਰੇ ਕੇਤਕ ਗਾਵਾ ਰਾਮ॥**

**ਤੇਰੇ ਚਰਣਾ ਤੇਰੇ ਚਰਣ ਧੂੜਿ ਵਡਭਾਗੀ ਪਾਵਾ ਰਾਮ॥**

**ਹਰਿ ਧੂੜੀ ਨ੍ਹਾਈਐ ਮੈਲੁ ਗਵਾਈਐ ਜਨਮ ਮਰਣ ਦੁਖ ਲਾਥੇ॥**

ਮ: ੫, ਪੰਨਾ ੪੫੩

੧. ਬ੍ਰਹਮਾਂ ਦੇ ਪੁੱਤਰ, ਸਨਕ, ਸਨੰਦਨ, ਸਨਾਤਨ, ਸਨਤਕੁਮਾਰ (ਜਿਨ੍ਹਾਂ ਨੂੰ ਚਿਰੰਜੀਵੀ ਕਿਹਾ ਜਾਂਦਾ ਹੈ।) ੨. ਸ਼ਿਵ ਜੀ, ੩. ਸ਼ੇਸ਼ ਨਾਗ।



ਛੁਟਕਾਰੇ ਦਾ ਰਸਤਾ ਗਿਣਤੀ-ਮਿਣਤੀ ਦੁਆਰਾ ਸੰਭਵ ਨਹੀਂ, ਕੇਵਲ ਪ੍ਰਭੂ ਚਰਨਾਂ ਵਿੱਚ ਆਪਾਂ ਸਮਰਪਿਤ ਕਰਕੇ :

**ਜਿਉ ਜਾਨਹੁ ਤਿਉ ਰਾਖੁ ਹਰਿ ਪ੍ਰਭ ਤੇਰਿਆ॥**

**ਕੇਤੇ ਗਨਉ ਅਸੰਖ ਅਵਗਣ ਮੇਰਿਆ॥**

ਮ: ੫, ਪੰਨਾ ੭੦੪

ਦੀ ਦੁਹਾਈ ਦੇਣ ਵਿੱਚ ਹੀ ਹੈ।

## ***ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥***

**ਅੱਖਰੀ-ਅਰਥ :** ਆਖ਼ਰੀ ਪੰਗਤੀ ਦੁਆਰਾ ਸਤਿਗੁਰੂ ਉਪਦੇਸ਼ ਕਰਦੇ ਹਨ ਕਿ ਹਰ ਜਗਿਆਸੂ ਨੂੰ ਸਦੀਵੀਂ ਸੁੱਖ ਅਤੇ ਸ਼ਾਂਤੀ ਦੀ ਪ੍ਰਾਪਤੀ ਲਈ ਅਤੇ ਪਰਮਾਤਮਾ ਵਿੱਚ ਲੀਨਤਾ ਪ੍ਰਾਪਤ ਕਰਨ ਲਈ, ਪਰਮਾਤਮਾ ਜੋ ਲੋਕ ਪ੍ਰਲੋਕ ਦੀਆਂ ਬਖਸ਼ਿਸ਼ਾਂ ਨਾਲ ਜੀਵਾਂ ਦੀਆਂ ਝੋਲੀਆਂ ਭਰਦਾ ਹੈ ਅਤੇ ਉਨ੍ਹਾਂ ਦਾਤਾਂ ਦੇ ਇਵਜ਼ਾਨੇ ਵਿੱਚ ਜੀਵਾਂ ਪਾਸੋਂ ਤਿਲ[੧] ਜਿੰਨੀ ਵੀ ਲੈਣ ਦੀ ਤਮਾਂ (ਲਾਲਚ ਨਹੀਂ ਰੱਖਦਾ)। ਅਜਿਹੇ ਬੇਪ੍ਰਵਾਹ ਦਾਤੇ ਦੀ ਨਿੱਤ ਹੀ, ਸਦਾ-ਸਦਾ ਸਿਫ਼ਤੋ ਸਲਾਹ ਕਰਨੀ ਚਾਹੀਦੀ ਹੈ।

**ਸੰਖੇਪ-ਵਿਚਾਰ :** ਸੰਸਾਰ ਅੰਦਰ ਜਿੰਨੇ ਵੀ ਕਰਮ, ਮਨੁੱਖ ਕਰਦਾ ਹੈ ਭਾਵੇਂ ਉਹ ਪਰਉਪਕਾਰ ਦੇ ਕਾਰਜ ਵੀ ਕਿਉਂ ਨਾ ਹੋਣ ? ਉਹ ਸਾਰੇ ਕਾਮਨਾ ਅਧੀਨ ਕਰਦਾ ਹੈ। ਕੁਝ ਦਿੰਦਾ ਹੈ ਉਸ ਦੇ ਇਵਜ਼ਾਨੇ ਵਿੱਚ ਹਜ਼ਾਰਾਂ ਗੁਣਾਂ ਲੈਣ ਦੀ ਆਸ ਰੱਖਦਾ ਹੈ। ਚਾਹੇ ਸੰਪਦਾ ਦਾ ਇਵਜ਼ਾਨਾ ਹੋਵੇ, ਚਾਹੇ ਆਪਣੀ ਉਸਤਤਿ ਕਰਵਾਉਣ ਦੀ ਮਨਸ਼ਾ ਹੋਵੇ। ਇੱਥੋਂ ਤੱਕ ਕਿ ਸਤਿਗੁਰੂ ਅੱਗੇ ਵੀ ਕੋਈ ਵਿਰਲਾ ਹੀ ਭਾਗਾਂ ਵਾਲਾ ਨਿਸ਼ਕਾਮਤਾ ਨਾਲ ਭੇਟਾ ਰੱਖਦਾ ਹੈ। ਗੁਰਬਾਣੀ ਦੇ ਪਾਠ, ਜਾਂ ਕੋਈ ਹੋਰ ਸੇਵਾ ਕਰਦਾ ਹੋਵੇਗਾ, ਨਹੀਂ ਤੇ ਆਮ ਤੌਰ ਤੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੀ ਸਾਕਾਰ ਹੋ ਰਿਹਾ ਹੈ। ਆਪ ਜੀ, ਆਸਾ ਜੀ ਦੀ ਵਾਰ ਅੰਦਰ ਫੁਰਮਾਨ ਕਰਦੇ ਹਨ ਕਿ ਮਨੁੱਖ ਇੱਕ ਵਸਤੂ ਸਤਿਗੁਰੂ ਦੀ ਭੇਟਾ ਕਰਦਾ ਹੈ, ਉਸ ਇੱਕ ਦੇ ਬਦਲੇ ਵਿੱਚ ਹਜ਼ਾਰਾਂ ਸਤਿਗੁਰੂ ਪਾਸੋਂ ਮੰਗਦਾ ਹੈ ਅਤੇ ਨਾਲ ਇਹ ਵੀ ਆਸ ਰੱਖਦਾ

੧. ਭੋਰਾ ਜਿੰਨੀ, ਰੰਚਕ ਮਾਤਰ ਵੀ।

ਹੈ ਕਿ ਇਹ ਜਿਹੜੀ ਵਸਤੂ ਮੈਂ ਸਤਿਗੁਰੂ ਦੀ ਭੇਟਾ ਰੱਖੀ ਹੈ। ਇਸ ਭੇਟਾ ਵੱਲ ਵੇਖ ਕੇ ਲੋਕ ਮੇਰੀ ਉਸਤਤਿ ਕਰਨ ਕਿ ਇਹ ਮਨੁੱਖ ਬੜਾ ਵੱਡਾ ਦਾਨੀ ਹੈ। ਸਤਿਗੁਰਾਂ ਦਾ ਫੁਰਮਾਨ ਵਾਚੀਏ, ਸਾਡੇ ਅੰਦਰ ਦੀ ਅਸਲੀਅਤ ਦਾ ਪਤਾ ਚੱਲ ਜਾਵੇਗਾ :

**ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ ॥** ਮ: ੧, ਪੰਨਾ ੪੬੬

ਪਰਮਾਤਮਾ ਅਜਿਹਾ ਦਾਤਾ ਹੈ ਜੋ ਬਿਨਾਂ ਵਿਤਕਰੇ ਸਾਰਿਆਂ ਨੂੰ ਦਾਤਾਂ ਦੇਈ ਹੀ ਜਾਂਦਾ ਹੈ। ਲੈਣ ਵਾਲੇ ਲੈ ਕੇ ਥੱਕ ਗਏ, ਪਰ ਦੇਣ ਵਾਲਾ ਦਾਤਾਰ ਦਿੰਦਿਆਂ ਨਹੀਂ ਥੱਕਿਆ ਫਿਰ ਯੁਗਾਂ-ਯੁਗਾਂਤਰਾਂ ਤੋਂ ਨਿਰੰਤਰ ਦੇਈ ਹੀ ਜਾਂਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ :

**ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥** ਜਪੁਜੀ, ਪੰਨਾ ੧

ਸਤਿਗੁਰੂ ਕਲਗੀਧਰ ਜੀ ਦੇ ਫੁਰਮਾਨ ਅਨੁਸਾਰ ਪਰਮਾਤਮਾ ਤਾਂ ਗਿਆਨਵਾਨਾਂ ਨੂੰ ਵੀ ਤੇ ਅਗਿਆਨੀਆਂ ਨੂੰ ਵੀ ਬਰਾਬਰ ਦਿੰਦਾ ਹੈ। ਧਰਤੀ ਉੱਪਰ ਵੱਸਣ ਵਾਲਿਆਂ ਅਤੇ ਅਕਾਸ਼ਚਾਰੀਆਂ ਨੂੰ ਵੀ ਦਾਤਾਂ ਦੇ ਰੂਪ ਵਿੱਚ ਰਿਜ਼ਕ ਦੇਈ ਹੀ ਜਾਂਦਾ ਹੈ। ਕਿਸੇ ਨਾਲ ਨਾ ਵਿਤਕਰਾ ਕਰਦਾ ਅਤੇ ਨਾ ਹੀ ਮੁੜ ਕੇ ਕਿਸੇ ਤਰ੍ਹਾਂ ਦੀ ਲੈਣ ਦੀ ਚਾਹਨਾ ਰੱਖਦਾ ਹੈ। ਆਪ ਦਾ ਫੁਰਮਾਨ ਹੈ :

**ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੈ ਹੈ ॥**
**ਕਾਹੇ ਕੋ ਡੋਲਤ ਹੈ ਤੁਮਰੀ ਸੁਧ ਸੁੰਦਰ ਸ੍ਰੀ ਪਦਮਾਪਤਿ ਲੈ ਹੈ ॥**

ਉਹ ਤਾਂ :-

**ਦੀਨਨ ਕੀ ਪ੍ਰਤਿਪਾਲ ਕਰੈ ਨਿਤ ਸੰਤ ਉਬਾਰ ਗਨੀਮਨ[1] ਗਾਰੈ[2] ॥**
**ਪਛ ਪਸੂ ਨਗ[3] ਨਾਗ[4] ਨਰਾਧਿਪ[5] ਸਰਬ ਸਮੈ ਸਭ ਕੋ ਪ੍ਰਤਿਪਾਰੈ ॥**
**[6]ਪੋਖਤ ਹੈ ਜਲ ਮੈ ਥਲ ਮੈ ਪਲ ਮੈ ਕਲਿ ਕੇ ਨਹੀਂ ਕਰਮ ਬਿਚਾਰੈ ॥**
**ਦੀਨ ਦਇਆਲ ਦਇਆ ਨਿਧਿ ਦੋਖਨ[7] ਦੇਖਤ ਹੈ ਪਰ ਦੇਤ ਨ ਹਾਰੈ ॥੨॥੨੪੩॥**

ਸਵੱਯੈ ਪਾ: ੧੦, ਅਕਾਲ ਉਸਤਤਿ

---

੧. ਵੈਰੀਆਂ ਨੂੰ। ੨. ਗਾਲਦਾ (ਨਾਸ਼ ਕਰਦਾ। ੩. ਪਹਾੜ। ੪. ਸੱਪ। ੫. ਰਾਜੇ। ੬. ਪਾਲਦਾ ਹੈ। ੭. ਦੋਖ (ਦੋਸ਼)।



ਪਰਮਾਤਮਾ ਦਾਤਾ ਹੈ, ਪੱਥਰਾਂ ਵਿੱਚ ਵੀ ਆਪਣੀਆਂ ਦਾਤਾਂ ਦੇ ਕੇ, ਕੀੜਿਆ ਤੱਕ ਦੀ ਪਾਲਣਾ ਕਰਦਾ ਹੈ। ਕੂੰਜਾਂ ਦੇ ਬੱਚੇ, ਜੋ ਕੂੰਜਾਂ ਮੈਦਾਨਾਂ ਵਿੱਚ ਸੈਂਕੜੇ ਕੋਹਾਂ ਉੱਪਰ ਛੱਡ ਆਉਂਦੀਆਂ ਹਨ, ਪਰਮਾਤਮਾ ਉਨ੍ਹਾਂ ਦੀ ਵੀ ਪਰਵਰਿਸ਼ ਕਰਦਾ ਹੈ।

**ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ ॥**

ਅਤੇ : **ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**
**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥**

ਮ: ੫, ਪੰਨਾ ੧੦

ਉਹ ਦਾਤਾਰ ਇੰਨਾ ਵੱਡਾ ਹੁੰਦਾ, ਸਾਰਿਆਂ ਨੂੰ ਦਾਤਾਂ ਦੇਣ ਉਪਰੰਤ ਇੱਕ ਤਿਲ ਦੇ ਦਾਣੇ ਜਿੰਨੀ ਵੀ ਲੈਣ ਦੀ ਤਮਾਂ ਨਹੀਂ ਰੱਖਦਾ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਅੰਦਰ ਫੁਰਮਾਨ ਹੈ :

**ਬਹੁਤਾ ਕਰਮੁ ਲਿਖਿਆ ਨਾ ਜਾਇ ॥ ਵਡਾ ਦਾਤਾ ਤਿਲੁ ਨ ਤਮਾਇ ॥**

ਜਪੁਜੀ, ਪੰਨਾ ੫

ਅਜਿਹੇ ਬੇ-ਪ੍ਰਵਾਹ, ਤਮਾਂ ਰਹਿਤ ਦਾਤਾਰ ਨੂੰ ਸਦਾ-ਸਦਾ ਨਿੱਤ ਹੀ ਸਲਾਹੁਣਾ ਚਾਹੀਦਾ ਹੈ।

❒❒❒

## ਮੂਲ-ਪਾਠ

***ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥***

***ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥***

***ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥***

***ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥***

***ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥***

***ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥***

***ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥***

***ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥***

**ਪਦ-ਅਰਥ :** **ਜਿਨਿ ਜਿਨਿ** = ਜਿਸ ਜਿਸ ਨੇ ਵੀ। **ਕਾਜ ਸਰੇ** = ਉਸ ਦੇ ਕਾਰਜ ਸੰਵਰ ਗਏ (ਨੇਪਰੇ ਚੜ੍ਹ ਗਏ)। **ਹਰਿ ਗੁਰੁ** = ਹਰੀ ਨਾਲ ਅਭੇਦ ਹੋਇਆ ਪੂਰਾ ਗੁਰੂ। **ਦਰਗਹ ਸਚਿ** = ਸੱਚੇ ਪ੍ਰਭੂ ਦੀ ਦਰਗਾਹ (ਹਜੂਰੀ) ਵਿੱਚ। **ਖਰੇ** = ਖੋਟ ਰਹਿਤ। **ਸਰਬ ਸੁਖਾ ਨਿਧਿ** = ਸਾਰੇ ਸੁੱਖਾਂ ਦਾ ਖਜ਼ਾਨਾ। **ਚਰਣ ਹਰਿ** = ਹਰੀ ਦੇ ਚਰਨ (ਹਰੀ ਦਾ ਨਾਮ)। **ਭਉਜਲੁ ਬਿਖਮੁ** = ਔਖਾ ਤਰਿਆ ਜਾਣ ਵਾਲਾ। **ਤਰੇ** = ਤਰ ਜਾਂਦੇ ਹਨ। **ਬਿਖਿਆ** = ਮਾਇਆ। **ਨਾਹਿ ਜਰੇ** = ਮਾਇਆ ਦੀ ਤ੍ਰਿਸ਼ਨਾ ਅੱਗ ਵਿੱਚ ਉਹ ਨਹੀਂ ਸੜਦੇ। **ਕੂੜ ਗਏ** = ਮਾਇਆਵੀ ਝੂਠੇ ਝੰਮੇਲੇ। **ਦੁਬਿਧਾ** = ਡਾਵਾਂਡੋਲਵੀ ਹਾਲਤ ਅਤੇ ਦ੍ਵੈਤਾਂ ਭਾਵ। **ਪੂਰਨ ਸਚਿ ਭਰੇ** = ਉਹ ਮਨ ਅਤੇ ਤਨ ਕਰਕੇ ਪੂਰਨ ਤੌਰ ਤੇ ਸੱਚੇ ਨਾਮ ਨਾਲ ਭਰ ਗਏ। **ਮਨ ਅੰਦਰਿ ਏਕੁ ਧਰੇ** = ਉਨ੍ਹਾਂ ਦੇ ਮਨ ਅੰਦਰ ਕੇਵਲ ਇੱਕ ਪਰਮਾਤਮਾ ਹੀ ਟਿਕਿਆ ਰਹਿੰਦਾ ਹੈ। **ਮਾਹ** = ਮਹੀਨੇ। **ਦਿਵਸ** = ਦਿਨ। **ਮੂਰਤ** = ਮਹੂਰਤ (12 ਖਿਣਾਂ ਦੇ ਬਰਾਬਰ ਦਾ ਸਮਾਂ)। **ਨਦਰਿ ਕਰੇ** = ਮਿਹਰ ਦ੍ਰਿਸ਼ਟੀ ਕਰ ਦੇਵੇ।



## *ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥*

**ਅੱਖਰੀ-ਅਰਥ :** ਬਾਰਹ-ਮਾਹਾ ਬਾਣੀ ਅੰਦਰ ਬਾਰ੍ਹਾਂ ਮਹੀਨਿਆਂ ਦੁਆਰਾ ਪ੍ਰਮਾਤਮਾ ਨਾਲ ਮਿਲਣ ਦਾ ਉਪਦੇਸ਼ ਪ੍ਰਦਾਨ ਕਰਨ ਉਪਰੰਤ ਸ੍ਰੀ ਗੁਰੂ ਅਰਜਨ ਦੇਵ ਜੀ ਸਮੁੱਚੇ ਬਾਰਹ-ਮਾਹਾ ਦਾ ਤੱਤਸਾਰ ਵਰਣਨ ਕਰਦੇ ਫੁਰਮਾਉਂਦੇ ਹਨ ਕਿ ਜਿਨ੍ਹਾਂ-ਜਿਨ੍ਹਾਂ ਜਗਿਆਸੂਆਂ ਨੇ ਪਰਮਾਤਮਾ ਦੇ ਨਾਮ ਨੂੰ ਧਿਆਇਆ ਹੈ, ਪ੍ਰਭੂ ਦੇ ਨਾਮ ਦਾ ਸਿਮਰਨ ਕੀਤਾ ਹੈ। ਨਾਮ-ਜਪ ਦੀ ਬਦੌਲਤ ਉਨ੍ਹਾਂ ਦੇ ਲੋਕ-ਪ੍ਰਲੋਕ ਦੇ ਸਾਰੇ ਕਾਰਜ ਪੂਰੇ ਹੋ ਗਏ।

**ਸੰਖੇਪ-ਵਿਚਾਰ :** ਮਨੁੱਖ ਦੇ ਜਿੰਮੇ ਪਰਮਾਤਮਾ ਨੇ ਦੋ ਕਾਰਜ ਲਾਏ ਹਨ। ਇੱਕ ਸੰਸਾਰ ਦਾ ਕਾਰਜ ਹੈ ਅਤੇ ਇਕ ਪਰਮਾਰਥ ਦਾ ਕਾਰਜ। ਸੰਸਾਰ ਵਿੱਚ ਰਹਿੰਦਿਆਂ ਸਰੀਰ ਦੀਆਂ ਲੋੜਾਂ ਦੀ ਪੂਰਤੀ ਲਈ, ਸਰੀਰ ਨੂੰ ਜਿਉਂਦਾ ਰੱਖਣ ਲਈ ਮਨੁੱਖ ਦੇ ਜਿੰਮੇ ਪਰਮਾਤਮਾ ਨੇ ਤਰ੍ਹਾਂ-ਤਰ੍ਹਾਂ ਦੇ ਕੰਮ ਲਾਏ ਹਨ। ਕੰਮ ਪੂਰੇ ਕਰਨ ਦੁਆਰਾ ਮਨੁੱਖ ਨੂੰ ਕੁੱਲੀ-ਗੁੱਲੀ-ਜੁੱਲੀ ਦੇ ਸੁੱਖ ਪ੍ਰਾਪਤ ਹੁੰਦੇ ਹਨ। ਜਦੋਂ ਕੋਈ ਕਾਰਜ ਪੂਰਾ ਨਹੀਂ ਹੁੰਦਾ ਉਦੋਂ ਸਰੀਰ ਤੇ ਸੰਸਾਰ ਦੀਆਂ ਲੋੜਾਂ ਵਿੱਚ ਖੜੋਤ ਆਉਂਦੀ ਹੈ ਅਤੇ ਮਨੁੱਖ ਪਰੇਸ਼ਾਨ ਤੇ ਦੁੱਖੀ ਹੁੰਦਾ ਹੈ। ਸਤਿਗੁਰੂ ਜੀ ਨੇ ਗੁਰਬਾਣੀ ਅੰਦਰ, ਸਾਨੂੰ ਜੀਵਾਂ ਨੂੰ ਗਰੰਟੀ ਦਿੱਤੀ ਹੈ ਕਿ ਹੇ ਜਗਿਆਸੂ ਜਨੋਂ ! ਜੇ ਤੁਸੀਂ ਪਿਆਰ ਨਾਲ ਪਰਮਾਤਮਾ ਦਾ ਨਾਮ ਜਪੋਗੇ, ਤਦ ਪਰਮਾਤਮਾ ਦੇ ਨਾਮ-ਜਪ ਵਿੱਚ ਇੰਨੀ ਬਰਕਤ ਹੈ ਕਿ ਪਰਮਾਤਮਾ ਬਿਨਾਂ ਚਿੰਤਾ ਤੋਂ ਤੁਹਾਡੇ ਸਾਰੇ ਸੰਸਾਰੀ ਕਾਰਜ ਪੂਰੇ ਕਰ ਦੇਵੇਗਾ। ਤੁਹਾਡੇ ਕੰਮਾਂ ਕਾਰਾਂ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ ਪਵੇਗੀ। ਸਤਿਗੁਰੂ ਅਮਰਦਾਸ ਜੀ ਦਾ ਸੋਰਠ ਰਾਗ ਅੰਦਰ ਫੁਰਮਾਨ ਹੈ :

**ਅਚਿੰਤ ਕੰਮ ਕਰਹਿ ਪ੍ਰਭ ਤਿਨ ਕੇ ਜਿਨ ਹਰਿ ਕਾ ਨਾਮੁ ਪਿਆਰਾ ॥**

ਮ: ੩, ਪੰਨਾ ੬੩੮

ਭਾਈ ਸਾਹਿਬ, ਭਾਈ ਗੁਰਦਾਸ ਜੀ ਨੇ ਦਸਵੀਂ ਵਾਰ ਦੀ ਸੋਲ੍ਹਵੀਂ ਪਉੜੀ ਅੰਦਰ "**ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ**" ਦਾ ਭਰੋਸਾ ਬਨਾਉਣ ਵਾਸਤੇ ਭਗਤ ਸੈਣ ਜੀ ਦੀ ਵਾਰਤਾ ਰੂਪਮਾਨ ਕੀਤੀ ਹੈ ਕਿ ਭਗਤ ਕਬੀਰ ਜੀ ਦਾ ਪ੍ਰਤਾਪ ਵੇਖ-ਸੁਣ ਕੇ ਭਗਤ ਸੈਣ ਜੀ ਦੇ ਮਨ ਵਿੱਚ ਵੀ ਪ੍ਰਭੂ-ਨਾਮ ਜਪਣ ਦੀ

ਰੁਚੀ ਪੈਦਾ ਹੋਈ। ਇਸ ਰੁਚੀ ਦੇ ਅਧੀਨ, ਸੈਣ ਜੀ ਰਾਤ ਨੂੰ ਪ੍ਰਭੂ ਨਾਮ ਜਪ ਕੇ ਪਰਮਾਤਮਾ ਦੀ ਪ੍ਰੇਮਾ-ਭਗਤੀ ਕਰਦੇ ਤੇ ਦਿਨੇ ਰਾਜੇ ਦੇ ਦਰਬਾਰ ਵਿੱਚ ਜਾ ਕੇ ਰਾਜੇ ਦੀ ਸੇਵਾ ਵਿੱਚ ਤੱਤਪਰ ਹੋ ਜਾਂਦੇ। ਇਹ ਹਰ ਰੋਜ਼ ਦਾ ਨੇਮ ਉਨ੍ਹਾਂ ਦਾ ਚੱਲਦਾ ਰਿਹਾ। ਇਕ ਦਿਨ ਸੈਣ ਜੀ ਦੇ ਘਰ ਸੰਤ ਮਹਾਂਪੁਰਖ ਆ ਗਏ। ਸਾਰੇ ਮਹਾਂਪੁਰਖਾਂ ਨੇ ਬੈਠ ਕੇ ਸਾਰੀ ਰਾਤ ਹੀ ਪਰਮਾਤਮਾ ਦਾ ਜਸ ਕੀਤਾ। ਸੈਣ ਜੀ ਉਨ੍ਹਾਂ ਦੀ ਸੇਵਾ ਵਿੱਚ ਹਾਜਰ ਰਹੇ ਤੇ ਉਨ੍ਹਾਂ ਨਾਲ ਮਿਲ ਕੇ ਪ੍ਰੇਮਾ ਭਗਤੀ ਦਾ ਲਾਹਾ ਪ੍ਰਾਪਤ ਕਰਦੇ ਰਹੇ। ਦਿਨ ਚੜ੍ਹ ਗਿਆ, ਸਾਧੂ ਮਹਾਂਪੁਰਸ਼ਾਂ ਦੀ ਸੇਵਾ ਵਿੱਚ ਹਾਜਰ ਰਹਿਣ ਸਦਕਾ ਸੈਣ ਜੀ ਰਾਜੇ ਦੇ ਦਰਬਾਰ ਵਿੱਚ, ਰਾਜੇ ਦੀ ਸੇਵਾ ਕਰਨ ਵਾਸਤੇ ਨਾ ਜਾ ਸਕੇ। ਉੱਧਰ ਪਰਮਾਤਮਾ ਨੇ ਸੈਣ ਜੀ ਦਾ ਰੂਪ ਧਾਰਕੇ ਰਾਜੇ ਦੇ ਦਰਬਾਰ ਵਿੱਚ ਸੈਣ ਜੀ ਦੀ ਡਿਊਟੀ ਨਿਭਾਈ। ਸੰਤ-ਮਹਾਂਪੁਰਸ਼ਾਂ ਨੂੰ ਵਿਦਾਇਗੀ ਦੇ ਕੇ ਸੈਣ ਜੀ ਦੇ ਮਨ ਵਿੱਚ ਚਿੰਤਾ ਲੱਗੀ ਕਿ ਮੈਂ ਰਾਜੇ ਦੀ ਡਿਊਟੀ ਵਿੱਚ ਹਾਜਰ ਨਹੀਂ ਹੋ ਸਕਿਆ। ਰਾਜਾ ਮੈਨੂੰ ਸਜਾ ਦੇਵੇਗਾ। ਮੈਂ ਰਾਜੇ ਪਾਸੋਂ ਆਪਣੀ ਮਜ਼ਬੂਰੀ ਦੱਸ ਕੇ ਖਿਮਾਂ ਮੰਗ ਆਵਾਂ। ਜਦੋਂ ਆਪ ਡਰਦੇ-ਡਰਦੇ ਰਾਜੇ ਦੇ ਦਰਬਾਰ ਵਿੱਚ ਪੁੱਜੇ। ਰਾਜੇ ਨੇ ਸੈਣ ਜੀ ਨੂੰ ਦਰਬਾਰ ਅੰਦਰ ਆਉਂਦਿਆਂ ਵੇਖ ਕੇ ਆਪਣੇ ਗਲ ਦੀ ਸ਼ਾਹੀ ਪੁਸ਼ਾਕ ਆਪਣੇ ਗਲੋਂ ਲਾਹ ਕੇ ਸੈਣ ਜੀ ਦੇ ਗਲ ਵਿੱਚ ਪਹਿਨਾ ਦਿੱਤੀ ਤੇ ਬਚਨ ਕੀਤਾ ਸੈਣ! ਤੂੰ ਮੇਰੀ ਸੇਵਾ ਕਰਕੇ ਮੇਰਾ ਸਾਰਾ ਦੁੱਖ ਦੂਰ ਕਰ ਦਿੱਤਾ, ਤੂੰ ਮੈਨੂੰ ਰੀਝਾ ਕੇ ਆਪਣੇ ਵੱਸ ਵਿੱਚ ਕਰ ਲਿਆ ਹੈ। ਸਾਰੀ ਲੁਕਾਈ ਇਨ੍ਹਾਂ ਗੱਲਾਂ ਨੂੰ ਸੁਣ ਤੇ ਦੇਖ ਰਹੀ ਹੈ। ਸੈਣ ਜੀ ਮੁਆਫੀ ਮੰਗ ਰਹੇ ਹਨ ਅਤੇ ਰਾਜਾ, ਸੈਣ ਜੀ ਦੀ ਉਸਤਤਿ ਵਿੱਚ ਬਚਨ ਉਚਾਰ ਰਹੇ ਹਨ। ਇਹ ਸਾਰੀ ਬਰਕਤ-ਵਡਿਆਈ ਪ੍ਰੇਮਾਂ-ਭਗਤੀ ਦੀ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਫੁਰਮਾਨ ਪੜ੍ਹੀਏ "**ਤਿਨ ਕੇ ਕਾਜ ਸਰੇ**" ਦੀ ਅਵੱਸ਼ ਦ੍ਰਿੜ੍ਹਤਾ ਹੋਵੇਗੀ :

**ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖੁ ਹੋਆ ਸੈਣੁ ਨਾਈ॥**
**ਪ੍ਰੇਮਿ ਭਗਤਿ ਰਾਤੀਂ ਕਰੈ ਭਲਕੈ ਰਾਜ ਦੁਆਰੈ ਜਾਈ॥**
**ਆਏ ਸੰਤ ਪਰਾਹੁਣੇ ਕੀਰਤਨੁ ਹੋਆ ਰੈਣਿ ਸਬਾਈ॥**
**ਛਡਿ ਨ ਸਕੈ ਸੰਤ ਜਨ ਰਾਜ ਦੁਆਰਿ ਨ ਸੇਵ ਕਮਾਈ॥**



**ਸੈਣ ਰੂਪਿ ਹਰਿ ਹੋਇਕੈ ਆਇਆ ਰਾਣੇ ਨੋ ਰੀਝਾਈ॥**
**ਸਾਧ ਜਨਾਂ ਨੋਂ ਵਿਦਾ ਕਰਿ ਰਾਜ ਦੁਆਰਿ ਗਇਆ ਸ਼ਰਮਾਈ॥**
**ਰਾਣੇ ਦੂਰਹੁੰ ਸਦਿ ਕੈ ਗਲਹੁੰ ਕਵਾਇ ਖੋਲ੍ਹਿ ਪਹਿਨਾਈ॥**
**ਵਸਿ ਕੀਤਾ ਹਉਂ ਤੁਧੁ ਅਜੁ ਬੋਲੈ ਰਾਜਾ ਸੁਣੈ ਲੁਕਾਈ॥**
**ਪਰਗਟੁ ਕਰੈ ਭਗਤਿ ਵਡਿਆਈ॥੧੬॥** ਵਾਰ ੧੦, ਪਉੜੀ ੧੬

"**ਜਿਨਿ ਜਿਨਿ ਨਾਮੁ ਧਿਆਇਆ**"ਦੀ ਕਾਰ ਕਰਨ ਵਾਲਿਆਂ ਦੇ ਜਿੱਥੇ ਸੰਸਾਰ ਦੇ ਸਾਰੇ ਕਾਰਜ ਬਿਨਾਂ ਚਿੰਤਾ ਤੋਂ ਪਰਮਾਤਮਾ ਪੂਰੇ ਕਰ ਦਿੰਦਾ ਹੈ, ਉੱਥੇ ਪਰਮਾਰਥ ਦਾ ਸਭ ਤੋਂ ਵੱਡਾ ਕਾਰਜ ਪ੍ਰਭੂ-ਮਿਲਾਪ ਦਾ ਵੀ ਨਾਮ-ਜਪ ਦੀ ਬਦੌਲਤ ਸੁਤੇ ਹੀ ਪੂਰਾ ਹੋ ਜਾਂਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਫੁਰਮਾਨ ਹੈ :

**ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ॥**
**ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ॥** ਜਪੁਜੀ, ਪੰਨਾ ੮

## *ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*

**ਅੱਖਰੀ-ਅਰਥ :** ਜਿਨ੍ਹਾਂ ਜਗਿਆਸੂਆਂ ਨੇ ਪੂਰੇ ਗੁਰੂ ਦੇ ਬਖਸ਼ਿਸ਼ ਕੀਤੇ ਹਰੀ ਨਾਮ (ਗੁਰਮੰਤ੍ਰ) ਅਤੇ ਪੂਰੇ ਗੁਰੂ ਦੇ ਉਪਦੇਸ਼ ਦੀ ਆਪਣੇ ਜੀਵਨ ਵਿੱਚ ਕਮਾਈ ਕੀਤੀ ਹੈ। ਉਹ ਪਰਮਾਤਮਾ ਦੀ ਦਰਗਾਹ ਅੰਦਰ ਪ੍ਰਭੂ ਨਦਰ ਵਿੱਚ ਪ੍ਰਵਾਨ ਚੜ੍ਹ ਗਏ।

**ਸੰਖੇਪ-ਵਿਚਾਰ :** ਪੁਰਾਣੇ ਸਮੇਂ ਅੰਦਰ ਚਾਂਦੀ ਦੇ ਰੁਪਈਏ ਟਕਸਾਲਾਂ ਵਿਚ ਘੜੇ ਜਾਂਦੇ ਸਨ। ਰੁਪਈਏ ਘੜੇ ਜਾਣ ਉਪਰੰਤ ਸਰਕਾਰੀ ਸਰਾਫ ਬਾਦਸ਼ਾਹੀ ਹੁਕਮ ਅਨੁਸਾਰ ਉਨ੍ਹਾਂ ਦੀ ਪਰਖ ਕਰਦੇ ਹਨ। ਜਿਨ੍ਹਾਂ ਸਿੱਕਿਆ ਵਿੱਚ ਨਿਯਮਤ ਕੀਤੇ ਤੋਲ ਅਨੁਸਾਰ ਚਾਂਦੀ ਪਾਈ ਜਾਂਦੀ ਸੀ, ਉਸ ਨੂੰ ਬਾਦਸ਼ਾਹ ਦੇ ਖਜਾਨੇ ਵਿੱਚ ਪ੍ਰਵਾਨਗੀ ਮਿਲ ਜਾਂਦੀ ਸੀ, ਪਰ ਜਿਨ੍ਹਾਂ ਸਿੱਕਿਆ ਵਿੱਚ ਨਿਯਮਤ ਅਨੁਪਾਤ ਅਨੁਸਾਰ ਰੁੱਪਾ (ਚਾਂਦੀ) ਨਾ ਪਾਇਆ ਜਾਂਦਾ, ਉਸ ਸਿੱਕੇ ਨੂੰ ਖੋਟਾ ਕਰਾਰ ਦੇ ਕੇ ਪਰ੍ਹੇ ਸੁੱਟ ਦਿੱਤਾ ਜਾਂਦਾ ਸੀ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਧਨਾਸਰੀ ਰਾਗ ਅੰਦਰ ਸੰਕੇਤ ਦਿੱਤਾ ਹੈ। ਜਿਸ ਤਰ੍ਹਾਂ, ਜਿਸ ਸਿੱਕੇ ਵਿੱਚ ਚਾਂਦੀ ਹੁੰਦੀ ਹੈ, ਉਸ ਨੂੰ ਹੀ ਬਾਦਸ਼ਾਹ ਦੇ

ਖਜ਼ਾਨੇ ਵਿੱਚ ਵੀ ਪ੍ਰਵਾਨਗੀ ਮਿਲਦੀ ਹੈ ਅਤੇ ਉਸ ਸਿੱਕੇ ਨੂੰ ਸਾਰੇ ਹੀ ਖਰਾ-ਖਰਾ ਕਹਿ ਕੇ ਪੁਕਾਰਦੇ ਹਨ। ਆਪ ਜੀ ਦਾ ਫੁਰਮਾਨ ਹੈ :

**ਨਾਨਕ ਜੇ ਵਿਚਿ ਰੁਪਾ ਹੋਇ॥ ਖਰਾ ਖਰਾ ਆਖੈ ਸਭੁ ਕੋਇ॥**

ਮ: ੧, ਪੰਨਾ ੬੬੨

ਸਤਿਗੁਰੂ ਨਾਨਕ ਦੇਵ ਜੀ ਦਾ ਹੀ ਸੂਹੀ ਰਾਗ ਅੰਦਰ ਫੁਰਮਾਨ ਹੈ ਕਿ ਜਿਸ ਤਰ੍ਹਾਂ ਮਾਲਕ ਦੇ ਅੱਗੇ ਨੌਕਰ ਸਿੱਕਿਆਂ ਦਾ [1]ਬਦਰਾ ਲਿਆ ਕੇ ਰੱਖ ਦਿੰਦਾ ਹੈ। ਉਸ ਬਦਰੇ ਵਿੱਚੋਂ ਮਾਲਕ ਦੇ ਸਨਮੁਖ ਪਾਰਖੂ ਕਰਿੰਦੇ ਖਰੇ ਸਿੱਕੇ ਵੱਖ ਕਰਕੇ ਰੱਖ ਦਿੰਦੇ ਹਨ। ਖੋਟੇ ਸਿੱਕਿਆਂ ਨੂੰ ਬਦਰੇ ਚੋਂ ਬਾਹਰ ਕੱਢ ਦਿੱਤਾ ਜਾਂਦਾ ਹੈ। ਤਿਵੇਂ ਮਨੁੱਖ ਦੇ ਮਾੜੇ-ਚੰਗੇ ਕਰਮ ਪ੍ਰਭੂ ਦਰਗਾਹ ਵਿੱਚ ਵਾਚੇ ਤੇ ਪਰਖੇ ਜਾਂਦੇ ਹਨ। ਸ਼ੁੱਭ ਕਰਮੀਆਂ ਨੂੰ ਪ੍ਰਭੂ ਦਰਗਾਹ ਵਿੱਚ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਮੰਦ-ਕਰਮੀਆਂ ਨੂੰ ਪ੍ਰਭੂ ਦਰਗਾਹ ਚੋਂ ਬਾਹਰ ਕੱਢ ਕੇ ਸਜਾਵਾਂ ਭੁਗਤਾਉਣ ਲਈ ਜਮਾਂ ਦੇ ਵਸ ਪਾਇਆ ਜਾਂਦਾ ਹੈ। ਆਪ ਸਤਿਗੁਰਾਂ ਦਾ ਫੁਰਮਾਨ ਹੈ :

**ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ॥**

**ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ॥੧॥** ਮ: ੧, ਪੰਨਾ ੭੮੯

ਜਪੁਜੀ ਸਾਹਿਬ ਅੰਦਰ ਵੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਪਾਵਨ ਬਚਨ ਆਪਾਂ ਪੜ੍ਹਦੇ ਹਾਂ ਕਿ ਜੀਵ ਆਤਮਾ ਦੇ ਸਰੀਰ ਵਸੀਲੇ ਦੁਆਰਾ ਕੀਤੇ ਹੋਏ ਮਾੜੇ-ਚੰਗੇ ਕਰਮ ਧਰਮ ਨਿਆਉਂ ਅਧੀਨ ਪ੍ਰਭੂ ਦਰਗਾਹ ਅੰਦਰ ਚੰਗੀ ਤਰ੍ਹਾਂ ਪੜਤਾਲੇ ਜਾਂਦੇ ਹਨ। ਚੰਗੇ ਕਰਮੀਆਂ ਨੂੰ ਪ੍ਰਭੂ ਦੀ ਨੇੜਤਾ ਪ੍ਰਾਪਤ ਹੁੰਦੀ ਹੈ। ਮੰਦ ਕਰਮੀਆਂ ਦੀ ਪਰਮਾਤਮਾ ਤੋਂ ਜਨਮਾਂ-ਜਨਮਾਂਤਰਾ ਦੀ ਦੂਰੀ ਪੈ ਜਾਂਦੀ ਹੈ। ਸਤਿਗੁਰਾਂ ਦਾ ਫੁਰਮਾਨ ਹੈ :

**ਚੰਗਿਆਈਆ ਬੁਰਿਆਈਆ ਵਾਚੈ ਧਰਮੁ ਹਦੂਰਿ॥**

**ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥** ਜਪੁਜੀ, ਪੰਨਾ ੮

---

੧. ਇੱਕ ਥੈਲੀ ਵਿੱਚ ਹਜ਼ਾਰ ਸਿੱਕਾ ਪਾਇਆ ਜਾਂਦਾ ਹੈ। ਦਸ ਥੈਲੀਆਂ ਪਾਉਣ ਵਾਲੇ ਥੈਲੇ ਨੂੰ ਬਦਰਾ ਕਿਹਾ ਜਾਂਦਾ ਹੈ।



ਧਰਮ ਨਿਆਉਂ ਅਧੀਨ ਪਰਖ ਵਿੱਚ ਪੂਰੇ ਉਤਰੇ ਸ੍ਰੇਸ਼ਟ ਗੁਰਮੁਖਾਂ ਨੂੰ ਪਰਮਾਤਮਾ ਦੀ ਦਰਗਾਹ ਅੰਦਰ ਪ੍ਰਵਾਨਗੀ ਦਾ "ਨਿਸ਼ਾਨ" ਮਿਲਦਾ ਹੈ। ਪ੍ਰਭੂ ਦਰਗਾਹ ਅੰਦਰ ਪ੍ਰਵਾਨ ਹੋਏ ਸ਼੍ਰੋਮਣੀ (ਪ੍ਰਧਾਨ) ਮੰਨੇ ਜਾਂਦੇ ਹਨ। ਅਜਿਹੇ ਪ੍ਰਭੂ ਦਰ ਵਿੱਚ ਪ੍ਰਵਾਨ ਹੋਏ ਗੁਰਮੁਖਾਂ ਨੂੰ ਪ੍ਰਭੂ ਦਰਗਾਹ ਅੰਦਰ ਮਾਨ-ਸਨਮਾਨ ਪ੍ਰਾਪਤ ਹੁੰਦਾ ਹੈ। ਮਾਨ-ਸਨਮਾਨ ਉਨ੍ਹਾਂ ਨੂੰ ਪ੍ਰਾਪਤ ਹੁੰਦਾ ਹੈ ਜੋ **"ਹਰਿ ਗੁਰੁ ਪੂਰਾ ਆਰਾਧਿਆ"** ਦੀ ਕਾਰ ਕਰਕੇ **"ਦਰਗਹ ਸਚਿ ਖਰੇ"** ਦੀ ਪਦਵੀ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਪ੍ਰਤੀ ਹੀ ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਜਪੁਜੀ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਕੀਤਾ ਹੈ :

**ਪੰਚ ਪਰਵਾਣ ਪੰਚ ਪਰਧਾਨੁ॥**

**ਪੰਚੇ ਪਾਵਹਿ ਦਰਗਹਿ ਮਾਨੁ॥**

**ਪੰਚੇ ਸੋਹਹਿ ਦਰਿ ਰਾਜਾਨੁ॥**

ਜਪੁਜੀ, ਪੰਨਾ ੩

## *ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*

**ਅੱਖਰੀ-ਅਰਥ :** ਪਰਮਾਤਮਾ ਦੇ ਚਰਨ ਹੀ ਸਾਰੇ ਸੁੱਖਾਂ ਦੇ ਖਜ਼ਾਨੇ ਹਨ। ਜਿਹੜੇ ਜੀਵ ਪਰਮਾਤਮਾ ਦੇ ਚਰਨਾਂ ਨਾਲ ਜੁੜ ਜਾਂਦੇ ਹਨ, ਉਸ ਸੰਸਾਰ ਭਵਜਲ ਤੋਂ ਸੁਖੈਨ ਹੀ ਪਾਰ ਉਤਰ ਜਾਂਦੇ ਹਨ।

**ਸੰਖੇਪ-ਵਿਚਾਰ :** ਗੁਰਮਤਿ ਅਤੇ ਗੁਰਬਾਣੀ ਦੇ ਸਿਧਾਂਤ ਅਨੁਸਾਰ ਹਰੀ ਆਪ ਸੂਖਮ ਹੈ, ਆਕਾਰ ਰਹਿਤ ਹੈ। ਹਰੀ ਦੇ ਚਰਨ ਹੋ ਨਹੀਂ ਸਕਦੇ। ਗੁਰਬਾਣੀ ਅੰਦਰ ਹਰੀ ਦੇ ਨਾਮ ਨੂੰ ਹੀ ਹਰੀ ਦੇ ਚਰਨ ਮੰਨਿਆ ਹੈ। ਕਲਗੀਧਰ ਪਾਤਸ਼ਾਹ ਜੀ ਦਾ ਜਾਪ ਸਾਹਿਬ ਦੀ ਬਾਣੀ ਅੰਦਰ ਫੁਰਮਾਨ ਹੈ ਕਿ ਪਰਮਾਤਮਾ ਦੇ ਚਰਨ ਹਿਰਦੇ ਵਿੱਚ ਵਸਾਉਣੇ ਕੀ ਹਨ ? ਪਰਮਾਤਮਾ ਦਾ ਨਾਮ ਹਿਰਦੇ ਵਿੱਚ ਵਸਾਉਣਾ। ਜਿਸ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਵਸ ਗਿਆ, ਉਸ ਦੇ ਹਿਰਦੇ ਵਿੱਚ ਪਰਮਾਤਮਾ ਦੇ ਚਰਨ ਵਸ ਗਏ ਜਾਣੋ। ਆਪ ਦਾ ਫੁਰਮਾਨ ਹੈ :

**ਚਿਤ ਚਰਨ ਨਾਮ॥੧੬੮॥** ਜਾਪੁ ਪਾ: ੧੦

ਸਤਿਗੁਰੂ ਵੀ ਪ੍ਰਮੇਸ਼ਰ ਦਾ ਰੂਪ ਹੈ। ਜਿਸ ਪਰਥਾਇ ਸਤਿਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ :

**ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ**

**ਗੁਰਦੇਵ ਨਾਨਕ ਹਰਿ ਨਮਸਕਰਾ॥੧॥** ਮ: ੫, ਪੰਨਾ ੨੬੨

ਸਤਿਗੁਰੂ ਦੇ ਚਰਨ ਹਿਰਦੇ ਵਿੱਚ ਵਸਾਉਣੇ ਕੀ ਹਨ ? ਸਤਿਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ ਕਿ ਮੈਂ ਜੋ ਗੁਰੂ ਦਾ ਸ਼ਬਦ, ਗੁਰੂ ਦਾ ਉਪਦੇਸ਼ ਆਪਣੇ ਹਿਰਦੇ ਵਿੱਚ ਵਸਾ ਲਿਆ ਹੈ, ਮਾਨੋਂ ਮੈਂ ਗੁਰੂ ਦੇ ਚਰਨ ਆਪਣੇ ਹਿਰਦੇ ਵਿੱਚ ਵਸਾ ਲਏ ਹਨ। ਆਪ ਦਾ ਫੁਰਮਾਨ ਹੈ :

**ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥੨॥**

ਮ: ੫, ਪੰਨਾ ੬੮੦

ਜਿਸਦੇ ਹਿਰਦੇ ਵਿੱਚ ਸੁੱਖਾਂ ਦੇ ਸੋਮੇ ਪਰਮਾਤਮਾ ਦਾ ਨਾਮ ਵਸ ਜਾਂਦਾ ਹੈ, ਉਹ ਸੰਸਾਰ ਭਵਜਲ 'ਚੋਂ ਸੁਖੈਨ ਹੀ ਤਰ ਜਾਂਦਾ ਹੈ।

## *ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*

**ਅੱਖਰੀ-ਅਰਥ :** ਜਿਨ੍ਹਾਂ-ਜਿਨ੍ਹਾਂ ਨੇ ਪਿਆਰ ਵਿੱਚ ਭਿੱਜ ਕੇ ਪਰਮਾਤਮਾ ਦੀ ਪ੍ਰੇਮਾ-ਭਗਤੀ ਕੀਤੀ। ਪ੍ਰੇਮਾ-ਭਗਤੀ ਦੀ ਬ-ਦੌਲਤ ਉਹ ਜਗਿਆਸੂ ਕਦੇ ਵੀ ਤ੍ਰਿਸ਼ਨਾ ਦੀ ਅਤੇ ਵਿਸ਼ੇ-ਵਿਕਾਰਾਂ ਦੀ ਅੱਗ ਵਿੱਚ ਨਹੀਂ ਸੜਦੇ।

**ਸੰਖੇਪ-ਵਿਚਾਰ :** ਇੱਕ ਪ੍ਰਤੱਖ ਅਗਨੀ ਹੈ। ਜੋ ਮਨੁੱਖ ਅਗਨੀ ਦੀ ਲਪੇਟ ਵਿੱਚ ਆ ਜਾਵੇ, ਅੱਗ ਉਸ ਨੂੰ ਸਾੜਦੀ ਹੈ, ਸਰੀਰ ਨੂੰ ਦੁੱਖ ਦਿੰਦੀ ਹੈ। ਜ਼ਿਆਦਾ ਅਗਨੀ ਸਰੀਰ ਨੂੰ ਭਸਮ ਕਰ ਦਿੰਦੀ ਹੈ। ਪ੍ਰਤੱਖ ਅੱਗ ਤੋਂ ਮਨੁੱਖ ਪਾਣੀ ਦਾ ਆਸਰਾ ਲੈ ਕੇ ਬਚ ਸਕਦਾ ਹੈ। ਇਕ ਹੈ ਗੁੱਝੀ ਅੱਗ, ਜਿਸ ਦਾ ਸੰਕੇਤ ਗੁਰਬਾਣੀ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧਨਾਸਰੀ ਰਾਗ ਅੰਦਰ ਦਿੱਤਾ ਹੈ :

**ਗੁਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ॥**

ਮ: ੫, ਪੰਨਾ ੬੭੩

ਗੁੱਝੀ ਭਾਹਿ (ਅੱਗ) ਹੈ—ਆਸਾ ਤ੍ਰਿਸ਼ਨਾ ਦੀ, ਗੁੱਝੀ ਭਾਹਿ ਹੈ— ਵਿਸ਼ੇ ਵਿਕਾਰਾਂ ਦੀ, ਜੋ ਮਨੁੱਖ ਨੂੰ ਅੰਦਰੂਨੀ ਤੌਰ ਤੇ ਹਰ ਥਾਂ, ਹਰ ਸਮੇਂ ਸਾੜਦੀ ਰਹਿੰਦੀ ਹੈ। ਪ੍ਰਤੱਖ ਅੱਗ ਦੇ ਤਾਂ ਨੇੜੇ ਜਾਵਾਂਗੇ, ਤਦ ਸਾੜੇਗੀ ਪਰ ਤ੍ਰਿਸ਼ਨਾ ਦੀ ਅਤੇ ਵਿਸ਼ੇ-ਵਿਕਾਰਾਂ



ਦੀ ਅੱਗ ਤਾਂ ਕਿਸੇ ਸਮੇਂ ਵੀ ਮਨੁੱਖ ਦਾ ਪਿੱਛਾ ਨਹੀਂ ਛੱਡਦੀ। ਮਨੁੱਖ ਇੱਕ ਵਾਰੀ ਨਹੀਂ ਇਸ ਗੁਝੀ ਅੱਗ ਵਿੱਚ ਬਾਰੰਬਾਰ ਤਪਦਾ ਖੱਪਦਾ ਅਸ਼ਾਂਤੀ ਵਿੱਚ ਜੀਵਨ ਬਤੀਤ ਕਰਦਾ ਹੈ। ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਧਨਾਸਰੀ ਰਾਗ ਅੰਦਰ ਇਸ "ਗੁੱਝੀ-ਭਾਹਿ" ਦਾ ਜ਼ਿਕਰ ਕਰਦਿਆਂ ਫੁਰਮਾਨ ਕੀਤਾ ਹੈ :

**ਜੀਉ ਤਪਤੁ ਹੈ ਬਾਰੋ ਬਾਰ॥ ਤਪਿ ਤਪਿ ਖਪੈ ਬਹੁਤੁ ਬੇਕਾਰ॥**

**ਜੈ ਤਨਿ ਬਾਣੀ ਵਿਸਰਿ ਜਾਇ॥ ਜਿਉ ਪਕਾ ਰੋਗੀ ਵਿਲਲਾਇ॥**

ਮ : ੧, ਪੰਨਾ ੬੬੧

ਸਤਿਗੁਰੂ ਰਾਮਦਾਸ ਜੀ ਦਾ ਬਿਲਾਵਲ ਰਾਗ ਅੰਦਰ ਫੁਰਮਾਨ ਹੈ ਕਿ ਜੋ ਮਨੁੱਖ ਪਰਮਾਤਮਾ ਤੋਂ ਬੇ-ਮੁੱਖ ਹੋ ਗਏ ਹਨ, ਉਹ ਮਾਇਕੀ ਵਾਸ਼ਨਾਵਾਂ ਦੇ ਗੁਲਾਮ ਬਣ ਕੇ ਦਿਨ-ਰਾਤ ਤ੍ਰਿਸ਼ਨਾ ਅਤੇ ਮਾਇਕੀ ਵਾਸ਼ਨਾਵਾਂ ਦੀ ਅੱਗ ਵਿੱਚ ਜਲਦੇ ਅਸ਼ਾਂਤ ਜੀਵਨ ਬਤੀਤ ਕਰਦੇ, ਇਸ ਸੰਸਾਰ ਤੋਂ ਟੁਰ ਜਾਂਦੇ ਹਨ ਤੇ ਅਨੇਕਾਂ ਜੂਨਾਂ ਦੇ ਚੱਕਰ ਇਸ ਤਰ੍ਹਾਂ ਭੋਗਦੇ ਹਨ, ਜਿਸ ਤਰ੍ਹਾਂ ਤੇਲੀ ਦਾ ਬਲਦ ਕੋਹਲੂ ਦੇ ਆਲੇ-ਦੁਆਲੇ ਹੀ ਘੁੰਮੀ ਜਾਂਦਾ ਹੈ। ਇਸ ਦੇ ਉਲਟ ਜੋ ਪਰਮਾਤਮਾ ਦੇ ਨਾਮ ਜਪਣ ਤੇ ਪ੍ਰੇਮਾ ਭਗਤੀ ਵਿੱਚ ਤਦਾਕਾਰ ਹੋ ਜਾਂਦੇ ਹਨ, ਉਨ੍ਹਾਂ ਦੇ ਮਾਇਕੀ ਬੰਧਨ ਖ਼ਤਮ ਹੋ ਜਾਂਦੇ ਹਨ। ਉਨ੍ਹਾਂ ਨੂੰ ਤ੍ਰਿਸ਼ਨਾ ਅਤੇ ਵਿਸ਼ੇ-ਵਿਕਾਰਾਂ ਦੀ ਅੱਗ ਦਾ ਸੇਕ ਨਹੀਂ ਪੋਂਹਦਾ। ਸਤਿਗੁਰਾਂ ਦਾ ਫੁਰਮਾਨ ਹੈ :

**ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ॥**

**ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ॥੨॥**

**ਗੁਰਮੁਖਿ ਸੇਵ ਲਗੇ ਸੇ ਉਧਰੇ ਵਡਭਾਗੀ ਸੇਵ ਕਰੰਦੇ॥**

**ਜਿਨ ਹਰਿ ਜਪਿਆ ਤਿਨ ਫਲੁ ਪਾਇਆ ਸਭਿ ਤੂਟੇ ਮਾਇਆ ਫੰਦੇ॥੩॥**

ਮ: ੪, ਪੰਨਾ ੮੦੦

ਸਤਿਗੁਰੂ ਅਮਰਦਾਸ ਜੀ ਦਾ ਸੋਰਠ ਦੀ ਵਾਰ ਅੰਦਰ ਫੁਰਮਾਨ ਹੈ ਕਿ ਜਿਹੜੇ ਮਨੁੱਖ ਈਰਖਾ-ਦ੍ਵੈਸ਼ ਦੀ ਅੱਗ ਵਿੱਚ ਦਿਨ-ਰਾਤ ਸੜ੍ਹਦੇ, ਭਲੇ ਪੁਰਸ਼ਾਂ ਦੀ ਨਿੰਦਿਆ ਕਰਦੇ ਅਤੇ ਉਨ੍ਹਾਂ ਨਾਲ ਈਰਖਾ ਵਸ ਵੈਰ ਕਰਦੇ ਰਹਿੰਦੇ ਹਨ ਅਤੇ ਖੋਟਿਆਂ, ਭੈੜਿਆਂ ਪੁਰਸ਼ਾਂ ਨਾਲ ਮੋਹ ਪਿਆਰ ਪਾਉਂਦੇ ਹਨ। ਉਨ੍ਹਾਂ ਨੂੰ ਸਿਵਾਏ ਸਾੜੇ ਤੋਂ ਕੁਝ ਵੀ ਪੱਲੇ ਨਹੀਂ ਪੈਂਦਾ। ਇਸ ਸੰਸਾਰ ਅੰਦਰ ਵੀ ਈਰਖਾ ਤੇ ਤ੍ਰਿਸ਼ਨਾ ਦੀ ਅੱਗ ਵਿੱਚ

ਸੜ੍ਹਦੇ ਰਹਿੰਦੇ ਅਸ਼ਾਂਤ ਜੀਵਨ ਬਤੀਤ ਕਰਦੇ ਇਥੋਂ ਤੁਰ ਜਾਂਦੇ ਹਨ ਅਤੇ ਅਗਾਂਹ ਵੀ ਉਨ੍ਹਾਂ ਦੀ ਆਤਮਾ ਨੂੰ ਸੁੱਖ ਪ੍ਰਾਪਤ ਨਹੀਂ ਹੁੰਦਾ। ਉਹ ਜੰਮਣ-ਮਰਣ ਦਾ ਦੁੱਖ ਹਮੇਸ਼ਾ ਭੋਗਦੇ ਰਹਿੰਦੇ ਹਨ। ਅਜਿਹੇ ਈਰਖਾ ਵਿੱਚ ਗ੍ਰਸੇ ਮਨੁੱਖਾਂ ਦਾ ਪ੍ਰਭੂ ਦਰਗਾਹ ਵਿੱਚ ਮੂੰਹ ਕਾਲਾ ਕੀਤਾ ਜਾਂਦਾ ਹੈ। ਨਾ ਉਹ ਇਸ ਸੰਸਾਰ ਜੋਗੇ, ਨਾ ਕਰਤਾਰ ਜੋਗੇ ਰਹਿੰਦੇ ਹਨ ਅਤੇ ਅੰਤ ਮੰਝਧਾਰ ਅੰਦਰ ਹੀ ਡੁੱਬ ਜਾਂਦੇ ਹਨ। ਸਤਿਗੁਰਾਂ ਦਾ ਫੁਰਮਾਨ ਹੈ :

**ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥**

**ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥**

**ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥**

**ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥**

**ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥੨ ॥** ਮ: ੩, ਪੰਨਾ ੬੪੯

ਈਰਖਾ, ਦ੍ਵੈਸ਼, ਵਿਸ਼ੇ-ਵਿਕਾਰਾਂ ਦੀ ਅੱਗ ਨਾ ਪਦਾਰਥਾਂ ਨਾਲ, ਨਾ ਧਨ ਸੰਪਦਾ ਨਾਲ, ਨਾ ਪ੍ਰਭੁਤਾ ਨਾਲ ਅਤੇ ਨਾ ਹੀ ਵਿਸ਼ੇ ਭੋਗਾਂ ਵਿੱਚ ਪ੍ਰਵਿਰਤ ਹੋਣ ਨਾਲ ਸ਼ਾਂਤ ਹੁੰਦੀ ਹੈ, ਨਾ ਹੋਈ ਹੈ। ਇਹ ਗੁੱਝੀ ਭਾਹਿ **"ਪ੍ਰੇਮ ਭਗਤਿ ਤਿਨ ਪਾਈਆ"** ਦੇ ਧਾਰਨੀ ਬਣਨ ਨਾਲ ਹੀ ਸ਼ਾਂਤ ਹੋਣੀ ਹੈ।

ਸਤਿਗੁਰੂ ਅਰਜਨ ਦੇਵ ਜੀ ਦਾ ਧਨਾਸਰੀ ਰਾਗ ਅੰਦਰ ਫੁਰਮਾਨ ਹੈ ਕਿ ਪਰਮਾਤਮਾਂ ਦਾ ਨਾਮ ਜਪਣ ਨਾਲ ਹਰ ਪ੍ਰਕਾਰ ਦੀ ਤਿਸ਼ਨਾ ਖਤਮ ਹੋ ਜਾਂਦੀ ਹੈ ਅਤੇ ਮਨੁੱਖ ਨੂੰ ਮਹਾਂ ਸੰਤੋਖ ਪ੍ਰਾਪਤ ਹੋ ਜਾਂਦਾ ਹੈ। ਸੰਤੋਖ ਪ੍ਰਾਪਤ ਹੁੰਦੇ ਹੀ ਪਰਮਾਤਮਾਂ ਨਾਲ ਜਾਗਿਆਸੂ ਦਾ ਧਿਆਨ ਜੁੜ ਜਾਂਦਾ ਹੈ। ਸਤਿਗੁਰੂ ਜੀ ਦਾ ਫੁਰਮਾਨ ਹੈ :

**ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥**

**ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥੧ ॥ਰਹਾਉ ॥**

ਮ: ੫, ਪੰਨਾ ੬੮੨

ਪ੍ਰੇਮਾ-ਭਗਤੀ ਤੇ ਨਾਮ ਦੀ ਬਰਕਤ ਦਰਸਾਉਦੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਬਸੰਤ ਰਾਗ ਅੰਦਰ ਫੁਰਮਾਨ ਕਰਦੇ ਹਨ :

**ਮਾਈ ਮੈ ਧਨੁ ਪਾਇਓ ਹਰਿ ਨਾਮੁ ॥**



**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧ ॥ਰਹਾਉ ॥**

**ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**

**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧ ॥**

**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**

**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨ ॥**

ਮ: ੯, ਪੰਨਾ ੧੧੮੬

ਪ੍ਰੇਮਾ ਭਗਤੀ ਕਰਕੇ ਹੀ ਬਿਖਿਆ ਦੀ ਅੱਗ ਤੋ ਬਚਿਆ ਜਾ ਸਕਦਾ ਹੈ। ਜੇ ਅਸੀਂ ਵੀ ਗੁਝੀ ਭਾਹਿ ਤੋ ਬਚਣਾ ਚਾਹੁੰਦੇ ਹਾਂ ਤਾਂ ਰਸਤਾ ਕੇਵਲ ਪ੍ਰੇਮਾ ਭਗਤੀ ਤੇ ਪ੍ਰਭੂ ਨਾਮ ਹੀ ਹੈ। ਇਸ ਮਾਰਗ ਨੂੰ ਅਪਨਾਉਣ ਦਾ ਯਤਨ ਕਰੀਏ।

## *ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥*

**ਅੱਖਰੀ-ਅਰਥ :** ਉਨ੍ਹਾਂ ਦਾ ਹਿਰਦਾ ਸੱਚ ਨਾਲ ਪੂਰਨ ਤੌਰ ਤੇ ਭਰ ਗਿਆ। ਉਹ ਕੂੜ ਦੇ ਤਿਆਗੀ ਬਣ ਕੇ ਸਚਿਆਰ-ਪਦ ਨੂੰ ਪ੍ਰਾਪਤ ਕਰ ਗਏ। ਸੱਚ ਨਾਲ ਜੁੜਨ ਅਤੇ ਕੂੜ ਦਾ ਤਿਆਗ ਕਰਨ ਸਦਕਾ ਉਨ੍ਹਾਂ ਦੇ ਅੰਦਰੋਂ ਡਾਂਵਾਂਡੋਲ (ਦੁਬਿਧਾ) ਵਾਲੀ ਬਿਰਤੀ ਸਦਾ ਵਾਸਤੇ ਖਤਮ ਹੋ ਗਈ।

**ਸੰਖੇਪ-ਵਿਚਾਰ :** ਸੱਚ ਤੇ ਕੂੜ ਦਾ ਨਿਜੋੜ ਹੈ, ਜਿਸ ਹਿਰਦੇ ਵਿੱਚ ਕੂੜ ਹੈ, ਉਥੇ ਸੱਚ ਦਾ ਕਦੇ ਨਿਵਾਸ ਨਹੀਂ ਹੋ ਸਕਦਾ। ਜਿਸ ਹਿਰਦੇ ਵਿੱਚ ਸੱਚ ਟਿੱਕ ਜਾਂਦਾ ਹੈ, ਉੱਥੇ ਕਦੇ ਕੂੜ ਦਾ ਟਿਕਾਉ ਨਹੀਂ ਹੋ ਸਕਦਾ। ਭਾਈ ਗੁਰਦਾਸ ਜੀ ਜਿਨ੍ਹਾਂ ਨੇ ਸੱਚ ਨੂੰ ਕਮਾਇਆ, ਗੁਰਮਤਿ ਨੂੰ ਆਪਣੇ ਹੱਡੀਂ ਹੰਢਾਇਆ ਤੇ ਸਾਰੀ ਆਯੂ ਸੱਚ ਅਤੇ ਗੁਰਮਤਿ ਦਾ ਪ੍ਰਚਾਰ ਕੀਤਾ, ਹਮੇਸ਼ਾ ਸੱਚ ਦਾ ਪੱਖ ਪੂਰਿਆ। ਉਨ੍ਹਾਂ ਨੇ ਕਈ ਇੱਕ ਮਿਸਾਲਾਂ ਦੇ ਕੇ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਕੂੜ ਤੇ ਸੱਚ ਕਦੇ ਵੀ ਇਕਠੇ ਨਹੀਂ ਰਹਿ ਸਕਦੇ ਕਿਉਂਕਿ ਸੱਚ ਨਿਰੋਲ ਨਿਰਮਲ ਤੇ ਪਵਿੱਤ੍ਰ ਹੈ। ਝੂਠ ਨਿਰਾ ਪਲੀਤ ਤੇ ਮੈਲਾ ਹੈ। ਪਵਿਤ੍ਰ ਤੇ ਪਲੀਤ ਦਾ ਆਪਸੀ ਅਜੋੜ ਹੋਣ ਕਰਕੇ ਜੋੜ ਨਹੀਂ ਜੁੜ ਸਕਦਾ। ਜਿਵੇਂ ਅੱਖ ਵਿੱਚ ਇੱਕ ਛੋਟਾ ਜਿਹਾ ਕਚਰਾ ਪੈ ਜਾਵੇ, ਮਨੁਖ ਸਾਰੀ ਰਾਤ ਦੁੱਖ ਨਾਲ ਕਰਾਹੁੰਦਿਆਂ ਬਤੀਤ ਕਰਦਾ ਹੈ। ਜਿਵੇਂ ਭੋਜਨ ਵਿੱਚ ਮੱਖੀ ਪੈ ਜਾਵੇ, ਮੱਖੀ ਵਾਲਾ ਭੋਜਨ ਮਨੁੱਖ ਦੇ ਅੰਦਰ ਟਿਕਦਾ ਨਹੀਂ, ਉਹ ਉਛਾਲੀ ਕਰਕੇ

ਬਾਹਰ ਕੱਢਣਾ ਪੈਂਦਾ ਹੈ। ਜਿਵੇਂ ਰੂੰਈ ਦੇ ਅੰਦਰ ਇੱਕ ਛੋਟੀ ਜਿਹੀ ਅੱਗ ਦੀ ਚੰਗਾਰੀ ਪੈ ਜਾਵੇ, ਉਹ ਰੂੰਈ ਵਿੱਚ ਸਮਾਉਂਦੀ ਨਹੀਂ, ਸਗੋਂ ਸਾਰੀ ਰੂੰਈ ਨੂੰ ਭਸਮ ਕਰਨ ਦਾ ਕਾਰਣ ਬਣਦੀ ਹੈ। ਜਿਵੇ ਦੁੱਧ ਵਿੱਚ ਕਾਂਜੀ ਦੀ ਛਿੱਟ ਪੈ ਜਾਵੇ, ਉਹ ਸਾਰੇ ਦੁੱਧ ਨੂੰ ਫਿਟਾ ਦਿੰਦੀ ਹੈ ਤੇ ਦੁੱਧ ਬੇਕਾਰ ਹੋ ਜਾਂਦਾ ਹੈ। ਥੋੜ੍ਹਾ ਜਿਹਾ ਜ਼ਹਿਰ ਭਾਵੇਂ ਬਾਦਸ਼ਾਹ ਖਾ ਲਵੇ, ਜ਼ਹਿਰ ਬਾਦਸ਼ਾਹ ਦਾ ਵੀ ਲਿਹਾਜ ਨਹੀਂ ਕਰਦਾ ਤੇ ਉਸ ਨੂੰ ਵੀ ਮਾਰ ਦਿੰਦਾ ਹੈ। ਇਸੇ ਤਰ੍ਹਾਂ ਸੱਚ ਦੇ ਵਿਚ ਕੂੜ ਕਦਾਚਿਤ ਨਹੀਂ ਸਮਾ ਸਕਦਾ ਕਿਉਂਕਿ ਦੋਵਾਂ ਦਾ ਆਪਸੀ ਨਿਜੋੜ ਹੈ। ਆਪ ਦਾ ਫੁਰਮਾਨ ਹੈ :

**ਸਚੁ ਸੰਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ॥**
**ਅਖੀ ਕਤੁ ਨ ਸੰਜਰੈ ਤਿਣੁ ਅਉਖਾ ਦੁਖਿ ਰੈਣਿ ਵਿਹਾਈ॥**
**ਭੋਜਨ ਅੰਦਰਿ ਮਖਿ ਜਿਉ ਹੋਇ ਦੁਕੁਧਾ ਫੇਰਿ ਕਢਾਈ॥**
**ਰੂਈ ਅੰਦਰਿ ਚਿਣਗ ਵਾਂਗ ਦਾਹਿ ਭਸਮੰਤੁ ਕਰੇ ਦੁਖਦਾਈ॥**
**ਕਾਂਜੀ ਦੁਧੁ ਕੁਸੁਧ ਹੋਇ ਫਿਟੈ ਸਾਦਹੁ ਵੰਨਹੁ ਜਾਈ॥**
**ਮੁਹਰਾ ਚੁਖਕੁ ਚਖਿਆ ਪਾਤਸਾਹਾ ਮਾਰੈ ਸਹਮਾਈ॥**
**ਸਚਿ ਅੰਦਰਿ ਕਿਉ ਕੂੜੁ ਸਮਾਈ॥੧॥** ਵਾਰ ੩੦ ਪਉੜੀ ੧੭

ਪਰਮਾਤਮਾਂ ਦੀ ਪ੍ਰੇਮਾ-ਭਗਤੀ ਤੇ ਪ੍ਰਭੂ ਨਾਮ ਜਪ ਦੀ ਬਰਕਤ ਨਾਲ ਜਿਸ ਵੇਲੇ ਕੂੜ ਦਾ ਪ੍ਰਭਾਵ ਹਿਰਦੇ ਵਿੱਚੋਂ ਬਿਲਾ ਗਿਆ, ਉਸੇ ਵੇਲੇ ਦੁਬਿਧਾ-ਦ੍ਵੈਤ ਵਾਲੀ ਬਿਰਤੀ ਖਤਮ ਹੋ ਜਾਣੀ ਹੈ। ਹਿਰਦਾ ਸੰਪੂਰਨ ਤੌਰ ਤੇ ਸੱਚ ਦੇ ਨਾਲ ਭਰ ਜਾਂਦਾ ਹੈ। ਭਾਵ ਹਿਰਦੇ ਵਿੱਚ ਸੱਚੇ ਵਾਹਿਗੁਰੂ ਦਾ ਨਿਵਾਸ ਹੋ ਜਾਂਦਾ ਹੈ।

## *ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*

**ਅੱਖਰੀ-ਅਰਥ** : ਵਾਹਿਗੁਰੂ ਦੇ ਪਿਆਰੇ ਕੇਵਲ ਇੱਕ ਅਕਾਲ ਪੁਰਖ ਦਾ ਸਿਮਰਨ ਕਰਦੇ ਹਨ ਅਤੇ ਅਕਾਲ ਪੁਰਖ ਦੀ ਟੇਕ ਆਪਣੇ ਮਨ ਵਿੱਚ ਰੱਖਦੇ ਹਨ।

**ਸੰਖੇਪ-ਵਿਚਾਰ** : ਜਿਵੇਂ ਸੰਸਾਰ ਵਿੱਚ ਅਖਾਣ ਪ੍ਰਚਲਤ ਹੈ ਕਿ ਦੋ ਬੇੜੀਆਂ ਵਿੱਚ ਪੈਰ ਰੱਖਣ ਵਾਲਾ ਕਦੇ ਪਾਰ ਨਹੀਂ ਉਤਰਦਾ। ਤਿਵੇਂ ਪਰਮਾਰਥ ਦੇ ਪੈਂਡੇ ਵਿਚ ਵੀ, ਜਿਸ ਦਾ ਕੋਈ ਪੈਰੋਕਾਰ ਹੈ, ਉਸ ਦੀ ਹੀ ਟੇਕ ਆਸਰਾ ਰੱਖਣਾ ਚਾਹੀਦਾ ਹੈ। ਜੇ ਕੋਈ ਸਿਮਰਦਾ ਕਿਸੇ ਨੂੰ ਹੈ, ਆਸਰਾ ਕਿਸੇ ਹੋਰ ਦਾ ਤੱਕਦਾ ਹੈ, ਅਜਿਹੇ ਮਨੁੱਖ ਨੂੰ



ਅਧਿਆਤਮਿਕ ਪੰਧ ਵਿੱਚ ਸਫਲਤਾ ਨਹੀਂ ਮਿਲਦੀ।

ਇਤਿਹਾਸ ਨੇ ਸਤਿਗੁਰੂ ਨਾਨਕ ਪਾਤਸ਼ਾਹ ਜੀ ਦੇ ਜੀਵਨ ਕਾਲ ਦੀਆਂ ਉਨ੍ਹਾਂ ਘਟਨਾਵਾਂ ਨੂੰ, ਜਿਨ੍ਹਾਂ ਵਿੱਚ ਸਤਿਗੁਰੂ ਜੀ ਨੇ ਆਪਣੇ ਸੇਵਕ ਬਾਬਾ ਲਹਿਣਾ ਜੀ ਨੂੰ ਗੁਰਤਾ ਗੱਦੀ ਦੇਣ ਤੋਂ ਪਹਿਲਾਂ ਜੋ ਉਨ੍ਹਾਂ ਦੀਆਂ ਪ੍ਰੀਖਿਆਵਾਂ ਲਈਆਂ "ਜਿਉਂ ਕੀ ਤਿਉਂ" ਸਾਂਭ ਰੱਖਿਆ ਹੈ। ਆਖ਼ਰੀ ਸਮੇਂ ਜਿਸ ਵੇਲੇ ਸਤਿਗੁਰੂ ਜੀ ਨੇ ਧਾਣਕ ਰੂਪ ਧਾਰਣ ਕੀਤਾ, ਸ਼ਰਧਾਲੂਆਂ ਨੂੰ ਸੋਟਿਆਂ ਦੀ ਮਾਰ ਵੀ ਕੀਤੀ, ਮੋਹਰਾਂ-ਰੁਪਏ ਵੀ ਸੁੱਟੇ, ਕੁਝ ਸੋਟਿਆਂ ਦੀ ਮਾਰ ਖਾ ਕੇ ਭੱਜ ਗਏ, ਕੋਈ ਰੁਪਏ-ਮੋਹਰਾਂ ਚੁੱਕ ਕੇ ਵਾਪਸ ਚਲੇ ਗਏ, ਪਰ ਬਾਬਾ ਲਹਿਣਾ ਜੀ ਉਸੇ ਪਿਆਰ ਰੰਗ ਵਿੱਚ ਭਿੱਜੇ ਸਤਿਗੁਰਾਂ ਦੇ ਮਗਰ ਤੁਰੀ ਗਏ। ਨਾ ਮਾਇਆ ਦੇ ਲਾਲਚ ਨੇ ਅਸਰ ਕੀਤਾ ਨਾ ਸੋਟਿਆਂ ਦੀ ਮਾਰ ਤੋਂ ਡਰੇ। ਸਤਿਗੁਰੂ ਨਾਨਕ ਦੇਵ ਜੀ ਤੁਰੇ ਜਾਂਦੇ ਖਲੋ ਗਏ, ਬਾਬਾ ਲਹਿਣਾ ਜੀ ਨੂੰ ਸੰਬੋਧਨ ਕਰਕੇ ਪੁੱਛਣ ਲੱਗੇ ਪੁਰਖਾ! ਕੋਈ ਮੋਹਰਾਂ ਚੁੱਕ ਕੇ ਵਾਪਸ ਚਲਾ ਗਿਆ, ਕੋਈ ਕੁਤਕੇ ਦੀ ਮਾਰ ਖਾਣ ਤੋਂ ਡਰਦਾ ਪਿੱਛੇ ਭੱਜ ਗਿਆ ਤੂੰ ਮੇਰੇ ਪਿੱਛੇ ਕਿਉਂ ਤੁਰਿਆ ਆ ਰਿਹਾ ਹੈਂ। ਬਾਬਾ ਲਹਿਣਾ ਜੀ ਨੇ ਦੋਵੇਂ ਹੱਥ ਜੋੜ ਸਤਿਗੁਰਾਂ ਦੇ ਚਰਨਾਂ ਵਿੱਚ ਬੇਨਤੀ ਕੀਤੀ, ਪਾਤਸ਼ਾਹ! ਜਿਨ੍ਹਾਂ ਦੇ ਪਿਛੇ ਆਪੋ-ਆਪਣੇ ਟਿਕਾਣੇ ਸਨ ਉਹ ਆਪੋ ਆਪਣੇ ਟਿਕਾਣਿਆਂ ਨੂੰ ਵਾਪਸ ਚਲੇ ਗਏ ਹਨ। ਸਤਿਗੁਰੂ ਤੁਹਾਥੋਂ ਵਗੈਰ ਮੇਰਾ ਹੋਰ ਕੋਈ ਦੀਨ ਦੁਨੀਆਂ ਅੰਦਰ ਟਿਕਾਣਾ ਨਹੀਂ, ਮੈਂ ਆਪ ਜੀ ਨੂੰ ਛੱਡ ਕੇ ਕਿੱਥੇ ਜਾਵਾਂ ? ਤੇ ਪੁਕਾਰ ਕੇ ਕਹਿ ਦਿੱਤਾ ਦਾਤਾ!

**ਕਿਸ ਹੀ ਕੋਈ ਕੋਇ ਮੰਞੁ ਨਿਮਾਣੀ ਇਕੁ ਤੂ॥** ਮ: ੧, ਪੰਨਾ ੭੯੧

ਸਤਿਗੁਰੂ ਨਾਨਕ ਪਾਤਸ਼ਾਹ ਜੀ ਨੇ ਬਾਬਾ ਲਹਿਣਾ ਜੀ ਨੂੰ ਆਪਣੀ ਗਲਵਕੜੀ ਵਿੱਚ ਲੈ ਕੇ ਬਚਨ ਕੀਤਾ, ਲਹਣਿਆਂ! ਜੇ ਤੈਨੂੰ ਦੀਨ-ਦੁਨੀਆਂ ਵਿੱਚ ਮੈਥੋਂ ਵਗੈਰ ਹੋਰ ਕੋਈ ਟਿਕਾਣਾ ਨਹੀਂ, ਮੈਂ ਵੀ ਆਪਣੇ ਟਿਕਣ ਵਾਸਤੇ ਚਿਰਕਾਲ ਤੋਂ ਟਿਕਾਣੇ ਦੀ ਭਾਲ ਕਰ ਰਿਹਾ ਸਾਂ। ਅੱਜ ਮੈਨੂੰ ਵੀ ਟਿਕਣ ਵਾਸਤੇ ਟਿਕਾਣਾ ਮਿਲ ਗਿਆ ਹੈ। ਮੈਂ ਹੁਣ ਤੇਰੇ ਹਿਰਦੇ ਦੇ ਟਿਕਾਣੇ ਤੇ ਟਿਕ ਜਾਵਾਂਗਾ। ਤੂੰ ਮੇਰਾ ਅੰਗ ਪਾਲਿਆ, ਅੱਜ ਤੋਂ ਤੂੰ ਅੰਗਦ ਹੋਇਆ। ਜੰਗਲ 'ਚੋਂ ਵਾਪਸ ਆ ਕੇ ਸਾਰੀ ਸੰਗਤ ਨੂੰ ਇਕੱਤ੍ਰ ਕਰ, ਬਾਬਾ ਲਹਿਣਾ ਜੀ ਨੂੰ ਆਪਣੀ ਥਾਂਵੇ ਗੁਰਤਾਗੱਦੀ ਉੱਪਰ ਬੈਠਾ ਕੇ ਪੰਜ ਪੈਸੇ, ਨਾਰੀਅਲ ਅੱਗੇ ਰੱਖ ਕੇ ਮੱਥਾ ਟੇਕ ਪ੍ਰਕਰਮਾਂ ਕਰ ਸੰਗਤ ਨੂੰ ਸੰਬੋਧਨ ਕਰਕੇ ਕਹਿ ਦਿੱਤਾ ਸੰਗਤ ਜੀ! ਮੈਨੂੰ ਕਿਸੇ ਕਬਰ ਜਾਂ ਮੜ੍ਹੀ ਵਿੱਚ ਨਾ ਭਾਲਣਾ। ਅੱਜ ਤੋਂ ਮੈਂ ਗੁਰੂ

ਅੰਗਦ ਦੇ ਹਿਰਦੇ ਵਿੱਚ ਆਪਣੀ ਆਤਮਿਕ ਜੋਤ ਟਿਕਾ ਦਿੱਤੀ ਹੈ। ਜਿਸ ਨੇ ਮੇਰੇ ਦਰਸ਼ਨ ਕਰਨੇ ਹੋਣ, ਉਹ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰੇ। ਜਿਸ ਨੇ ਮੇਰੇ ਬਚਨ ਸਰਵਣ ਕਰਨੇ ਹੋਣ, ਉਹ ਗੁਰੂ ਅੰਗਦ ਦੇਵ ਜੀ ਦੇ ਬਚਨ ਸ੍ਰਵਣ ਕਰੇ। ਮੇਰੇ ਅਤੇ ਗੁਰੂ ਅੰਗਦ ਦੇਵ ਜੀ ਵਿੱਚ ਹੁਣ ਭੋਰਾ ਜਿੰਨਾ ਵੀ ਅੰਤਰ ਨਹੀਂ। ਆਪ ਜੀ ਨੇ ਫੁਰਮਾਨ ਕੀਤਾ :

**ਬਾਬਾ ਮੜੀ ਨ ਗੋਰ, ਗੁਰ ਅੰਗਦ ਕੇ ਹੀਏ ਮੈ॥**

**ਪੁਨ ਸਤ ਸੰਗਤਿ ਬੀਚ ਨਿਸ ਦਿਨ ਬਸਥੋ ਮੈ ਕਰਉ॥** (ਜਨਮ ਸਾਖੀ)

ਜਿਹੜੇ ਗੁਰੂ ਪਿਆਰੇ ਪਾਰਬ੍ਰਹਮ ਪਰਮੇਸ਼ਰ ਦੀ ਅਰਾਧਨਾ ਕਰਦੇ ਤੇ ਪਾਰਬ੍ਰਹਮ ਪਰਮੇਸ਼ਰ ਦੀ ਹੀ ਟੇਕ ਮਨ ਵਿੱਚ ਧਰਦੇ ਹਨ, ਉਹ ਪ੍ਰਭੂ ਕ੍ਰਿਪਾ ਦੇ ਪਾਤਰ ਬਣ ਕੇ ਪਰਮਾਤਮਾ ਵਿੱਚ ਲੀਨਤਾ ਪ੍ਰਾਪਤ ਕਰ ਲੈਂਦੇ ਹਨ।

## ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥

**ਅੱਖਰੀ-ਅਰਥ** : ਸਤਿਗੁਰੂ ਅਰਜਨ ਦੇਵ ਜੀ, ਆਖਰੀ ਪੰਗਤੀਆਂ ਅੰਦਰ ਫੁਰਮਾਨ ਕਰਦੇ ਹਨ ਕਿ ਉਸ ਗੁਰਮੁਖ ਲਈ, ਸਾਰੇ ਮਹੀਨੇ, ਸਾਰੇ ਦਿਨ, ਸਾਰੇ [1]ਮਹੂਰਤ ਚੰਗੇ ਸ਼ੋਭਨੀਕ ਭਲੇ ਪ੍ਰਤੀਤ ਤੇ ਬਤੀਤ ਹੁੰਦੇ ਹਨ, ਜਿਨ੍ਹਾਂ ਉੱਪਰ ਸਤਿਗੁਰੂ ਜੀ ਦੀ ਮਿਹਰ ਹੋ ਜਾਂਦੀ ਹੈ।

## *ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥੧੪॥੧॥*

**ਅੱਖਰੀ-ਅਰਥ** : ਹੇ ਪਰਮਾਤਮਾ! ਮੇਰੇ ਉੱਪਰ ਮਿਹਰ ਕਰ, ਆਪਣੀ ਰਹਿਮਤ ਕਰ, ਆਪਣੇ ਦਰਸ਼ਨਾਂ ਦੀ ਖੈਰ ਮੇਰੀ ਝੋਲੀ ਵਿੱਚ ਦਾਨ ਵਜੋਂ ਪਾਉਣਾ ਕਰ, ਤਾਂ ਜੋ ਮੈਂ ਆਪ ਦੇ ਦਰਸ਼ਨ ਕਰਕੇ ਆਪਣੀ ਆਤਮਾ ਦੀ ਤ੍ਰਿਪਤੀ ਕਰ ਸਕਾਂ।

**ਸੰਖੇਪ-ਵਿਚਾਰ** : ਪਿਛਲੇਰੇ ਪੰਨਿਆਂ ਅੰਦਰ ਆਪਾਂ ਨੇ ਵਾਚਿਆ ਹੈ ਕਿ ਗੁਰਮਤਿ ਦਾ ਮਾਰਗ ਨ ਹਠ ਦਾ ਮਾਰਗ ਹੈ, ਨਾ ਜ਼ੋਰ ਦਾ ਮਾਰਗ ਹੈ, ਨਾ ਗਿਣਤੀਆਂ ਮਿਣਤੀਆਂ ਨਾਲ ਪ੍ਰਭੂ ਦਰ ਵਿੱਚ ਪ੍ਰਵਾਨਗੀ ਮਿਲਦੀ ਹੈ, ਨਾ ਇਸ ਮਾਰਗ ਵਿੱਚ ਦਾਅਵਾ ਹੀ ਜਤਲਾਇਆ ਜਾ ਸਕਦਾ ਹੈ ਅਤੇ ਨਾ ਹੀ ਗੁਰਮਤਿ ਦੇ ਮਾਰਗ ਵਿੱਚ

1. ਦੋ ਘੜੀਆਂ ਦਾ ਸਮਾਂ।



ਪ੍ਰਵਾਨਗੀ ਲਈ ਆਪਣੀ ਚਤੁਰਾਈ ਹੀ ਚੱਲਦੀ ਹੈ। ਗੁਰਮਤਿ ਮਾਰਗ ਨਿਰੋਲ **"ਕਿਰਪਾ ਕਰਹੁ ਹਰੇ"** ਅਤੇ **"ਜਿਸ ਕਉ ਨਦਰਿ ਕਰੇ"** ਦਾ ਮਾਰਗ ਹੈ। ਜਿਸ ਉੱਪਰ ਪਰਮਾਤਮਾ ਦੀ ਨਦਰ-ਏ-ਕਰਮ ਹੋ ਜਾਂਦਾ ਹੈ ਫਿਰ ਤਾਂ ਜਿਵੇਂ ਸਤਿਗੁਰੂ ਅਰਜਨ ਦੇਵ ਜੀ ਨੇ ਵਡਹੰਸ ਰਾਗ ਅੰਦਰ ਫੁਰਮਾਨ ਕੀਤਾ ਹੈ ਕਿ ਵਾਹਿਗੁਰੂ ਜੀ ਨੇ ਮੇਰੇ ਗੁਣ ਅਵਗੁਣਾਂ ਦੀ ਕੋਈ ਗਿਣਤੀ ਨਹੀਂ ਕੀਤੀ। ਆਪਣੀ ਮਿਹਰ ਨਾਲ, ਇੱਕ ਖਿੰਨ ਵਿੱਚ ਮੇਰੇ ਉੱਪਰ ਬਖਸ਼ਿਸ਼ਾਂ ਕਰ ਦਿੱਤੀਆਂ ਹਨ। ਮੈਂ ਅਜਿਹੇ ਵਾਹਿਗੁਰੂ ਜੀ ਨੂੰ ਕਿਹੜੇ ਮੂੰਹ ਨਾਲ ਸਲਾਹਵਾਂ, ਭਾਵ ਮੈਂ ਤੁਹਾਡੀਆਂ ਮਿਹਰਾਂ ਦੀ ਗਿਣਤੀ ਨਹੀਂ ਕਰ ਸਕਦਾ। ਆਪ ਦਾ ਫੁਰਮਾਨ ਹੈ :

**ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ॥**

**ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ॥**

ਮ: ੫, ਪੰਨਾ ੫੭੭

ਗੁਰਮਤਿ ਦੇ ਪਾਂਧੀ ਨੇ ਸਵੇਰ ਤੋਂ ਸ਼ਾਮ, ਸ਼ਾਮ ਤੋਂ ਅਗਲੀ ਸਵੇਰ ਤੱਕ ਜਿੰਨੇ ਵੀ ਕਰਮ ਕਰਨੇ ਹਨ ਉਹ **"ਗੁਰਪ੍ਰਸਾਦਿ"** ਦੀ ਪ੍ਰਾਪਤੀ ਵਾਸਤੇ ਕਰਨੇ ਹਨ। ਮਾਣ, ਹੰਕਾਰ, ਕਰਮਾਂ ਦਾ ਦਾਵਾ ਛੱਡ ਸਗੋਂ ਗੁਰੂ ਚਰਨਾਂ ਵਿੱਚ ਪੁਕਾਰਨਾ ਹੈ। ਦਾਤਾ!

**ਸਭਿ ਅਵਗਣ ਮੈ ਗੁਣੁ ਨਹੀ ਕੋਈ॥ ਕਿਉ ਕਰਿ ਕੰਤ ਮਿਲਾਵਾ ਹੋਈ॥੧॥**

**ਨਾ ਮੈ ਰੂਪੁ ਨ ਬੰਕੇ ਨੈਣਾ॥ ਨਾ ਕੁਲ ਢੰਗੁ ਨ ਮੀਠੇ ਬੈਣਾ॥**

ਮ: ੧, ਪੰਨਾ ੭੫੦

ਦੀ ਗੁਰੂ ਚਰਨਾਂ ਵਿੱਚ ਗੁਹਾਰ ਪਾ ਕੇ ਮੰਗਣਾ ਹੈ ਕਿ-

**"ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ"**

ਇਸ ਮੰਗ ਦੀ ਪ੍ਰਾਪਤੀ ਵਾਸਤੇ ਗੁਰੂ ਦਰ ਵਿੱਚ ਮੰਗਤਾ ਬਣਕੇ ਤੇ ਮੰਗਤੇ ਦੇ ਗੁਣ ਗ੍ਰਹਿਣ ਕਰਕੇ ਪੁਕਾਰਨਾ ਹੈ ਦਾਤਾ!

**ਕਰ ਕਾਸਾ ਦਰਸਨ ਕੀ ਭੂਖ॥ ਮੈ ਦਰਿ ਮਾਗਉ ਨੀਤਾ ਨੀਤ॥੧॥**

**ਤਉ ਦਰਸਨ ਕੀ ਕਰਉ ਸਮਾਇ॥ ਮੈ ਦਰਿ ਮਾਗਤੁ ਭੀਖਿਆ ਪਾਇ॥**

ਮ: ੧, ਪੰਨਾ ੭੨੧

ਉੱਪਰ ਭੁਜਾ ਕਰਕੇ ਗੁਰੂ ਚਰਨਾਂ ਵਿੱਚ ਅਰਜੋਈ ਕਰਨੀ ਹੈ ਹੇ ਪ੍ਰਭੂ!

**ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥**

**ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥**

ਪੰਨਾ ੬੯੩

ਬਾਰਹ-ਮਾਹਾ ਦੇ ਅਰੰਭ ਦਾ ਫੁਰਮਾਨ ਯਾਦ ਕਰਕੇ ਰਾਮ ਦੇ ਚਰਨਾਂ ਵਿੱਚ "**ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ**" ਦੀ ਪੁਕਾਰ ਪ੍ਰਭੂ ਚਰਨਾਂ ਵਿੱਚ ਕਰਨੀ ਹੈ। ਫਿਰ ਪ੍ਰਭੂ ਮਿਹਰ ਦੇ ਅੱਗੇ ਸਾਡੇ "ਕਿਰਤ ਕਰਮ" ਟਿਕ ਨਹੀਂ ਸਕਣਗੇ ਕਿਉਂਕਿ ਪ੍ਰਭੂ ਦੀ ਮਿਹਰ ਅਮਿੱਤ ਬਲ ਵਾਲੀ ਹੈ। ਸਾਡੇ ਮਿੱਤ ਵਾਲਿਆਂ ਦੇ ਕੀਤੇ "**ਕਿਰਤਿ ਕਰਮ**" ਉਸ ਦੀ ਮਿਹਰ ਦੇ ਹੜ੍ਹ ਅੱਗੇ ਟਿੱਕ ਨਹੀਂ ਸਕਣਗੇ। ਗੁਰਮਤਿ ਦੀ ਕਮਾਈ ਵਾਲੇ ਭਾਈ ਵੀਰ ਸਿੰਘ ਹੋਰਾਂ ਦੀ ਇੱਕ ਰੁਬਾਈ ਵਾਚ ਲਈਏ। ਉਸ ਅਮਿੱਤੇ ਬਲ ਵਾਲੇ ਪ੍ਰਭੂ ਦੀ ਮਿਹਰ ਦੀ ਜ਼ਰੂਰ ਝਲਕ ਪਵੇਗੀ ਤੇ ਪ੍ਰਭੂ ਦਰਸ ਦਾਨ ਦੀ ਖੈਰ ਲਈ ਜ਼ਰੂਰ ਆਸ ਬਣੇਗੀ, ਆਪ ਲਿਖਦੇ ਹਨ।

**ਤੂੰ ਪਾਪੀ ਤੂੰ ਪਾਪੀ ਕਹਿ ਕੇ ਪੰਡਤ ਜਿੰਦੁ ਸੁਕਾਈ॥**

**ਬਖਸ਼ਣ ਵਾਲਾ ਮਿੱਤੋਂ ਬਾਹਰਾ ਅਸੀਂ ਮਿੱਤ ਵਿੱਚ ਭਾਈ॥**

**ਮਿੱਤ ਵਾਲੇ ਦੇ ਕਰਮ, ਅਮਿੱਤੇ ਕਦੇ ਨਹੀਂ ਹੋ ਸਕਦੇ।**

**ਮਿਹਰ ਅਮਿੱਤੋ ਦੀ ਜਿੱਤ ਪਾਊ, ਮਿੱਤ ਦੇ ਕਰਮ ਉਡਾਈ॥**

ਅਸੀਂ ਮਾਇਆ ਦੇ ਪ੍ਰਭਾਵ ਵਿੱਚ ਗ੍ਰਸੇ ਜੀਵ ਆਪਣੀ ਹੋਂਦ ਹਸਤੀ ਨੂੰ ਛੱਡ ਕੇ ਪ੍ਰਭੂ ਚਰਨਾਂ ਵਿੱਚ ਪੁਕਾਰਦੇ ਹੀ ਨਹੀਂ, ਸਤਿਗੁਰੂ ਜੀ ਨੇ ਤਾਂ ਸਾਰੀ ਗੁਰਬਾਣੀ ਅੰਦਰ ਕਿਵੇਂ "**ਕਿਰਪਾ ਕਰਹੁ ਹਰੇ**" ਲਈ ਪੁਕਾਰਨਾ ਹੈ? ਬੇਅੰਤ ਸ਼ਬਦਾਂ ਅੰਦਰ ਜਾਚ ਸਿਖਾਈ ਹੈ। ਜਿਵੇਂ ਮਾਂ-ਬਾਪ ਛੋਟੇ ਬੱਚੇ ਨੂੰ ਉਂਗਲ ਫੜ ਕੇ ਤੁਰਨ ਦੀ ਜਾਚ ਸਿਖਾਉਂਦੇ ਹਨ, ਤਿਵੇਂ ਸਤਿਗੁਰੂ ਸਾਨੂੰ ਜਗਿਆਸੂ ਜੀਵਾਂ ਨੂੰ "**ਕਿਰਪਾ ਕਰਹੁ ਹਰੇ**" ਪੁਕਾਰਨ ਦੀ ਜਾਚ ਸਿਖਾਉਂਦੇ, ਪੁਕਾਰ ਕਰਨ ਦਾ ਵੱਲ ਅਨੇਕਾਂ ਸ਼ਬਦਾਂ ਅੰਦਰ ਦਰਸਾਉਂਦੇ ਹਨ ਕਿ ਇੰਝ ਆਪਣੇ ਮਾਲਕ ਪ੍ਰਭੂ ਅੱਗੇ ਪੁਕਾਰਿਆ ਕਰੋ।

ਹੇ ਸਰਬ ਸ਼ਕਤੀਮਾਨ ਸਮਰੱਥ ਪ੍ਰਭੂ ਜੀ! ਮੈਂ ਅਪਰਾਧੀ ਪਾਪੀ ਅਨੇਕਾਂ ਪਾਪ ਕਰਕੇ ਤੁਹਾਡੀ ਚਰਨ-ਸ਼ਰਨ ਵਿੱਚ ਆਇਆ ਹਾਂ। ਕਿਰਪਾ ਕਰਕੇ ਮੇਰੇ ਪਾਪ ਕਰਮਾਂ ਦੇ ਪੜਦੇ ਕੱਜ ਲਵੋ ਜੀ। ਜੋ-ਜੋ ਪਾਪ ਕਰਮ ਮੈਂ ਕੀਤੇ ਤੇ ਨਿੱਤ ਕਰ ਰਿਹਾ ਹਾਂ, ਉਨ੍ਹਾਂ ਸਾਰੇ ਪਾਪ ਕਰਮਾਂ ਨੂੰ ਤੁਸੀਂ ਜਾਣਦੇ ਤੇ ਵੇਖਦੇ ਹੋ। ਮੈਨੂੰ ਪਾਪ ਕਰਮਾਂ ਤੋਂ ਮੁਕਰਨ ਦੀ ਕੋਈ ਗੁੰਜਾਇਸ਼ ਨਹੀਂ ਕਿਉਂਕਿ ਤੁਸੀਂ ਮੇਰੇ ਸਾਰੇ ਕਰਮਾਂ ਨੂੰ ਵੇਖਿਆ ਹੈ। ਹੇ ਪ੍ਰਭੂ! ਮੈਂ



ਇੰਨਾ ਢੀਠ ਹਾਂ ਕਿ ਫਿਰ ਵੀ ਮੈਂ ਪਾਪ ਕਰਮ ਕਰੀ ਹੀ ਜਾਂਦਾ ਹਾਂ। ਹੇ ਮਾਲਕ ਪ੍ਰਭੂ! ਮੈਂ ਸੁਣਿਆ ਹੈ ਕਿ ਤੁਸੀਂ ਬਹੁਤ ਵੱਡੀ ਸਮਰੱਥਾ ਦੇ ਮਾਲਕ ਹੋ। ਆਪ ਦਾ ਨਾਮ ਕ੍ਰੋੜਾਂ ਪਾਪਾਂ ਨੂੰ ਨਾਸ਼ ਕਰਨ ਵਾਲਾ ਹੈ। ਹੇ ਪ੍ਰਭੂ! ਅਸਾਂ ਜੀਵਾਂ ਦਾ ਸੁਭਾਉ ਨਿੱਤ ਭੁੱਲਾਂ ਕਰਨ ਵਾਲਾ ਹੈ। ਪਰ ਆਪ ਦਾ ਸੁਭਾਉ ਪਾਪੀਆਂ ਦਾ ਨਿਸਤਾਰਾ ਕਰਨ ਵਾਲਾ ਹੈ। ਹੇ ਕ੍ਰਿਪਾ ਦੇ ਖਜਾਨੇ ਪ੍ਰਭੂ! ਮੈਨੂੰ ਦਾਸ ਨੂੰ ਵੀ ਮਾਇਆ ਦੇ ਪ੍ਰਭਾਵ ਤੋਂ ਬਚਾ ਕੇ ਉੱਚ ਆਤਮਿਕ ਜੀਵਨ ਅਤੇ ਆਪਣਾ ਦਰਸ਼ਨ ਦੀਦਾਰ ਪ੍ਰਦਾਨ ਕਰੋ ਜੀ। ਕਿਵੇਂ ਪ੍ਰਭੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਉਸ ਅੱਗੇ ਪੁਕਾਰ ਕਰਨੀ ਹੈ, ਸਤਿਗੁਰੂ ਅਰਜਨ ਦੇਵ ਜੀ ਬਿਲਾਵਲ ਰਾਗ ਅੰਦਰ ਜਾਚ ਦਰਸਾਉਂਦੇ ਹਨ :

**ਤੁਮ੍ ਸਮਰਥਾ ਕਾਰਨ ਕਰਨ॥**

**ਢਾਕਨ ਢਾਕਿ ਗੋਬਿਦ ਗੁਰ ਮੇਰੇ ਮੋਹਿ ਅਪਰਾਧੀ ਸਰਨ ਚਰਨ॥੧॥ ਰਹਾਉ॥**

**ਜੋ ਜੋ ਕੀਨੋ ਸੋ ਤੁਮ੍ ਜਾਨਿਓ ਪੇਖਿਓ ਠਉਰ ਨਾਹੀ ਕਛੁ ਢੀਠ ਮੁਕਰਨ॥**

**ਬਡ ਪਰਤਾਪੁ ਸੁਨਿਓ ਪ੍ਰਭ ਤੁਮ੍ਰੋ ਕੋਟਿ ਅਘਾ ਤੇਰੋ ਨਾਮ ਹਰਨ॥੧॥**

**ਹਮਰੋ ਸਹਾਉ ਸਦਾ ਸਦ ਭੂਲਨ ਤੁਮ੍ਰੋ ਬਿਰਦੁ ਪਤਿਤ ਉਧਰਨ॥**

**ਕਰੁਣਾ ਮੈ ਕਿਰਪਾਲ ਕ੍ਰਿਪਾ ਨਿਧਿ ਜੀਵਨ ਪਦ ਨਾਨਕ ਹਰਿ ਦਰਸਨ॥੧॥੨॥**

ਮ: ੫, ਪੰਨਾ ੮੨੮

ਪ੍ਰਭੂ ਚਰਨਾਂ ਵਿੱਚ "**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ**" ਦੀ ਨਿਮਾਣੇ-ਨਿਤਾਣੇ ਬਣਕੇ ਗੁਹਾਰ ਪਾਵਾਂਗੇ। ਪ੍ਰਭੂ ਮਾਲਕ ਬਹੁਤ ਕਿਰਪਾਲੂ ਦਿਆਲੂ ਹੈ, ਸਾਡੀ ਪੁਕਾਰ ਸੁਣ ਕੇ "**ਦਰਸ ਦਾਨੁ**" ਦੀ ਖੈਰ ਜ਼ਰੂਰ ਪਾਵੇਗਾ।

**ਵਾਹਿਗੁਰੂ ਜੀ ਕਾ ਖ਼ਾਲਸਾ।**

**ਵਾਹਿਗੁਰੂ ਜੀ ਕੀ ਫ਼ਤਹਿ॥**

❐❐❐

# ਅੰਤਿਕਾ

## ਜ਼ਰਾ ਇਧਰ ਵੀ ਧਿਆਨ ਦੇਣਾ ਜੀ

ਸਤਿਗੁਰੂ ਜੀ ਨੇ ਗੁਰਸਿਖੀ ਪੰਥ ਬਹੁਤ ਵਿਸ਼ਾਲ ਹਿਰਦੇ ਦੇ ਧਾਰਨੀਆਂ ਦਾ ਬਣਾਇਆ ਅਤੇ ਵਿਸ਼ਾਲ ਹਿਰਦੇ ਨਾਲ ਹੀ ਸਾਰੇ ਧਰਮਾਂ, ਮਜ਼੍ਹਬਾਂ ਦੇ ਧਾਰਨੀਆਂ ਨੂੰ ਬਹੁਤ ਹੀ ਢੰਗ-ਤ੍ਰੀਕੇ ਤੇ ਦਲੀਲ ਨਾਲ ਗਲਤ ਧਾਰਨਾਂ ਤੇ ਮਨੌਤਾਂ ਨੂੰ ਤਿਆਗ ਕੇ ਸੱਚ ਤੇ ਅਸਲੀਅਤ ਨੂੰ ਆਪਣੇ ਜੀਵਨ ਅੰਦਰ ਧਾਰਨ ਕਰਨ ਲਈ ਉਪਦੇਸ਼ ਪ੍ਰਦਾਨ ਕੀਤਾ। ਸੰਕੀਰਨਤਾ ਤੋਂ ਉੱਪਰ ਉੱਠ ਕੇ ਸੱਚ ਦਾ ਕਿਣਕਾ ਜਿਥੋਂ ਵੀ ਪ੍ਰਾਪਤ ਹੁੰਦਾ ਹੈ, ਉਸਨੂੰ ਪ੍ਰਾਪਤ ਕਰ, **"ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ"** ਦੇ ਧਾਰਨੀ ਬਣਨ ਲਈ ਸਾਹਿਬਾਂ ਪ੍ਰੇਰਨਾ ਦਿੱਤੀ ਹੈ।

ਅੱਜ ਸਾਡੇ ਅੰਦਰ ਬਹੁਤ ਹੀ ਸੌੜੀ ਸੋਚ ਨੇ ਘਰ ਕਰ ਲਿਆ ਹੈ। ਠੀਕ ਹੈ, ਜਿਨ੍ਹਾਂ ਲੋਕਾਂ ਪ੍ਰਤੀ ਸਾਡੀ ਅਜਿਹੀ ਸੋਚ ਬਣੀ ਹੈ। ਸਮੇਂ ਸਮੇਂ ਉਨ੍ਹਾਂ ਨੇ ਸਿੱਖ ਕੌਮ ਨਾਲ ਵਾਇਦੇ-ਸ਼ਿਕਨੀਆਂ ਵੀ ਕੀਤੀਆਂ ਤੇ ਸਿਖ ਕੌਮ ਨੂੰ ਬੁਨਿਆਦੀ ਤੌਰ ਤੇ ਨੁਕਸਾਨ ਵੀ ਪਹੁੰਚਾਇਆ ਤੇ ਪਹੁੰਚਾ ਵੀ ਰਹੇ ਹਨ। ਕੁਦਰਤੀ ਹੈ, ਜਦੋਂ ਕੋਈ ਕਿਸੇ ਨਾਲ ਵਾਧਾ ਕਰਦਾ ਹੈ ਜਾਂ ਨੁਕਸਾਨ ਪਹੁੰਚਾਉਂਦਾ ਹੈ, ਉਸ ਦਾ ਪ੍ਰਤੀਕਰਮ ਦੂਸਰੇ ਪਾਸੇ ਤੋਂ ਵੀ ਹੋਣਾ ਅਵੱਸ਼ ਲਾਜਮੀ ਹੈ। ਪਰ ਸਾਡਾ ਪ੍ਰਤੀਕਰਮ ਕਰਨ ਦਾ ਢੰਗ ਤਰੀਕਾ ਮੇਰੇ ਖਿਆਲ ਵਿੱਚ ਗਲਤ ਹੈ।

ਮਹਿਸੂਸ ਨ ਕਰਨਾ, ਅੱਜ ਕਲ ਸਾਡੇ ਕੁਝ ਇੱਕ ਗੁਰਸਿੱਖ ਵੀਰ, ਜੇ ਕਿਤੇ ਸੁਤੇ ਸਿੱਧ ਕਿਸੇ ਦੇ ਮੂੰਹ ਵਿਚੋਂ ਸੰਗਰਾਂਦ, ਮਸਿਆ, ਪੂਰਨਮਾਸੀ, ਥਿੱਤਾਂ ਵਾਰਾਂ ਦੇ ਨਾਉਂ ਸੁਣ ਲੈਣ, ਨਾਮ ਸੁਣ ਲੈਣ ਨਾਲ ਹੀ ਉਹ ਆਪਣੇ ਆਪ ਨੂੰ ਭ੍ਰਿਸ਼ਟ ਹੋਇਆ ਮਹਿਸੂਸ ਕਰਦੇ ਹਨ ਤੇ ਉਸ ਭ੍ਰਿਸ਼ਟਤਾ ਦੇ ਦੋਸ਼ ਤੋਂ ਮੁਕਤ ਹੋਣ ਲਈ ਦੋ-ਚਾਰ ਮਾੜੇ-ਸ਼ਬਦ ਬੋਲ, ਆਪਣੇ ਅੰਦਰ ਦੀ ਨਫਰਤ-ਭੜਾਸ ਕੱਢ ਕੇ ਬਿਪਰ-ਵਾਦ ਦੇ ਦੋਸ਼ ਤੋਂ ਮੁਕਤ ਹੋਇਆ ਜਾਣਦੇ ਹਨ। ਪਰ ਉਹ ਇਹ ਮਹਿਸੂਸ ਨਹੀਂ ਕਰਦੇ ਕਿ ਸੰਗਰਾਂਦ, ਮਸਿਆ, ਪੁੰਨਿਆਂ ਤੇ ਤਿੱਥਾਂ ਦੀ ਖੇਡ ਤਾ ਪਰਮਾਤਮਾਂ ਨੇ ਬਣਾਈ ਹੈ। ਕੁਦਰਤ ਦੇ ਨਿਯਮ ਅਨੁਸਾਰ, ਸੂਰਜ ਇਕ ਰਾਸ਼ੀ ਚੋ ਦੂਜੀ ਰਾਸ਼ੀ ਵਿਚ ਜਾਣ, ਚੰਦਰਮਾਂ ਦੇ ਪੰਦਰਾਂ ਦਿਨਾਂ ਦੇ ਹਨੇਰੇ ਪੱਖ ਨੂੰ ਤੇ ਪੂਰੇ ਚਾਨਣ ਪੱਖ ਨੂੰ ਕੋਈ-ਨ-ਕੋਈ ਨਾਉਂ ਤਾਂ ਦੇਣਾ ਹੀ ਪਵੇਗਾ। ਹਰ ਧਰਮ ਦੇ ਧਾਰਨੀਆਂ ਤੇ ਹਰ ਦੇਸ਼-ਵਾਸੀਆਂ ਨੇ



ਆਪੋ ਆਪਣੀ ਬੋਲੀ ਅੰਦਰ ਕੁਦਰਤ ਦੇ ਇਨ੍ਹਾਂ ਬਦਲਾਵਾਂ ਦੇ ਨਾਉਂ ਰੱਖੇ ਹੋਏ ਹਨ। ਕੋਈ ਦੇਸ਼-ਵਾਸੀ ਜਾਂ ਧਰਮ ਦਾ ਧਾਰਨੀ ਉਨ੍ਹਾਂ ਨਾਵਾਂ ਨੂੰ ਸੁਣ ਕੇ ਨਾ ਨਫ਼ਰਤ ਹੀ ਕਰਦਾ ਅਤੇ ਨਾ ਹੀ ਉਨ੍ਹਾਂ ਨਾਵਾਂ ਨੂੰ ਬੁਰਾ ਭਲਾ ਹੀ ਕਹਿੰਦਾ ਹੈ।

ਕਈ ਵਾਰੀ ਤਾਂ ਅਜਿਹੇ ਤੱਤ-ਖਾਲਸਿਆਂ ਨਾਲ ਵਾਹ ਪੈ ਜਾਂਦਾ ਹੈ। ਸੰਗਤ ਵਿੱਚ ਬੈਠਿਆਂ, ਕੋਈ ਸੰਗਰਾਂਦ, ਮਸਿਆ ਦੀ ਗੱਲ ਕਰ ਦੇਵੇ ਜਾਂ ਕਿਸੇ ਦੇਵੀ ਦੇਵਤੇ ਅਵਤਾਰ ਦਾ ਸਤਿਕਾਰ ਨਾਲ ਨਾਉਂ ਲੈ ਕੇ ਗੱਲ ਕਰ ਦੇਵੇ ਤਾਂ ਉਹ ਗੁਰੂ ਪਿਆਰੇ ਹੱਥਾਂ ਵਿਚ ਥੁੱਕ ਕੇ ਡਾਂਗ ਚੁਕਣ ਲਈ ਤਿਆਰ ਹੋ ਜਾਂਦੇ ਹਨ। ਜੇ ਕਿਤੇ ਚੱਲਦੀ ਗੱਲ ਵਿਚ ਗੰਗਾ, ਜਮਨਾ, ਸਰਸਵਤੀ ਦਰਿਆਵਾਂ ਦਾ ਜਿਕਰ ਚੱਲ ਪਵੇ, ਦਰਿਆਵਾਂ ਦੇ ਨਾਉਂ ਸੁਣ ਕੇ ਹੀ ਉਹ ਅੱਗ-ਬਬੋਲੇ ਹੋ ਜਾਂਦੇ ਹਨ ਤੇ ਕਹਿ ਦਿੰਦੇ ਹਨ ਕਿ ਇਹ ਨਦੀਆਂ ਹਿੰਦੂਆਂ ਦੀਆਂ ਹਨ। ਸਾਡਾ ਇਹਨਾਂ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਜੇ ਕੋਈ ਗੁਰੂ ਪਿਆਰਾ ਉਨ੍ਹਾਂ ਨੂੰ ਸਮਝਾਉਣ ਦਾ ਜਤਨ ਕਰੇ ਤਾਂ ਉਹ ਸਮਝਾਉਣ ਵਾਲੇ ਨੂੰ ਆਰ. ਐਸ. ਐਸ. ਦਾ ਏਜੰਟ ਜਾਂ ਬਿਪਰਵਾਦੀ ਸੋਚ ਦਾ ਧਾਰਨੀ ਲਕਬ ਪ੍ਰਦਾਨ ਕਰਦੇ ਹਨ। ਭਲਾ ਜੇ ਇਨ੍ਹਾਂ ਤੱਤ ਵੇਤਿਆਂ ਨੂੰ ਕੋਈ ਪੁੱਛ ਲਵੇ ਕਿ ਸੰਗਰਾਂਦ, ਮਸਿਆ, ਪੁੰਨਿਆਂ, ਥਿੱਤਾਂ ਤੇ ਸੂਰਜ ਚੰਦਰਮਾਂ ਵੀ ਬਿਪਰਾਂ ਦੇ, ਗੰਗਾ, ਜਮਨਾ, ਸਰਸਵਤੀ ਗੁਦਾਵਰੀ ਦਰਿਆ ਵੀ ਬ੍ਰਾਹਮਣਾਂ ਦੇ ਤਾਂ ਫਿਰ ਤੁਹਾਡਾ ਕੀ ਹੈ? ਜੇ ਸਾਰਾ ਕੁਝ ਬਿਪਰਾਂ ਦਾ ਹੀ ਹੈ ਤਾਂ ਫਿਰ ਸਾਡੇ ਪੱਲੇ ਤੇ ਠੱਨ ਠੱਨ ਗੋਪਾਲ ਹੀ ਪਿਆ। ਉਹ ਆਪਾਂ ਲੈਣ ਨੂੰ ਤਿਆਰ ਨਹੀਂ। ਦੀਰਘ-ਵੀਚਾਰ ਨਾਲ ਆਪਾ ਸੋਚੀਏ, ਠੰਢੇ ਦਿਮਾਗ ਤੇ ਫ਼ਰਾਖ ਦਿਲੀ ਨਾਲ ਆਪਾ ਵੀਚਾਰ ਕਰੀਏ, ਕੁਦਰਤ ਦੀਆਂ ਇਹ ਅਮੋਲਕ ਦਾਤਾਂ ਸੂਰਜ-ਚੰਦਰਮਾਂ ਤੇ ਇਨ੍ਹਾਂ ਦੀਆਂ ਗਤੀ-ਵਿਧੀਆਂ, ਇਹ ਸਾਡੇ ਜੀਵਨ-ਦਾਤੇ ਹਨ। ਇਹ ਦਾਤਾਂ ਪਰਮਾਤਮਾਂ ਨੇ ਕਿਸੇ ਇੱਕ ਵਰਗ ਜਾਂ ਇਕ ਕੌਮ ਜਾਂ ਇਕ ਦੇਸ਼ ਲਈ ਨਹੀਂ ਬਣਾਈਆਂ। ਇਹ ਸਮੁੱਚੀ ਮਾਨਵ-ਜਾਤੀ ਦੇ ਜੀਵਨ ਦਾਤੇ ਹਨ। ਇਨ੍ਹਾਂ ਨਾਲੋਂ ਨਾਤਾ ਤੋੜਾਂਗੇ, ਤਦ ਕੁਦਰਤ ਨਾਲੋਂ ਨਾਤਾ ਟੁੱਟ ਜਾਵੇਗਾ। ਕੁਦਰਤ ਨਾਲੋਂ ਨਾਤਾ ਤੋੜ ਕੇ ਜੀਵਨ ਜਿਊਣਾ ਔਖਾ ਹੋਵੇਗਾ ਤੇ ਦਾਤਾਂ ਦੇ ਦਾਤੇ ਨਾਲੋਂ ਦੂਰੀ ਪੈ ਜਾਵੇਗੀ। ਹਾਂ, ਜੇ ਪੁਰਾਤਨ ਨਾਵਾਂ ਤੋਂ ਕੋਈ ਬਿਪਰਵਾਦੀ ਝਲਕ ਵਜਦੀ ਹੈ, ਤਦ ਕੁਦਰਤ ਦੀਆਂ ਦਾਤਾਂ ਤੇ ਸੂਰਜ-ਚੰਦਰਮਾਂ ਦੀਆਂ ਗਤੀਆਂ ਦੇ ਸਾਨੂੰ ਕੋਈ ਵਖਰੇ ਨਾਉ ਰੱਖ ਲੈਣੇ ਚਾਹੀਦੇ ਹਨ। ਜਿਵੇਂ ਕੇ ਬਾਕੀ ਧਰਮਾਂ ਤੇ ਦੇਸ਼-ਵਾਸੀਆਂ ਨੇ ਆਪਣੀ ਬੋਲੀ ਵਿੱਚ ਰੱਖੇ ਹੋਏ ਹਨ।

ਗੁਰਸਿੱਖ ਨਾ ਤਾਂ ਸੂਰਜ-ਚੰਦਰਮਾਂ ਦਾ ਪੁਜਾਰੀ ਹੈ ਅਤੇ ਨਾ ਹੀ ਸੂਰਜ-ਚੰਦਰਮਾਂ ਦੀ ਗਤੀ ਨਾਲ ਜੋ ਬਦਲਾਓ ਆਉਂਦਾ ਹੈ, ਜਿਸ ਨੂੰ ਸੰਗਰਾਂਦ, ਮੱਸਿਆ, ਪੂਰਨਮਾਸੀ ਕਿਹਾ ਜਾਂਦਾ ਹੈ, ਇਨ੍ਹਾਂ ਬਦਲਾਵਾਂ ਦਾ ਪੁਜਾਰੀ ਹੈ। ਗੁਰਸਿਖੀ ਅਕੀਦੇ ਅਨੁਸਾਰ, ਨਾ ਗੁਰਸਿਖ, ਗੰਗਾ, ਜਮਨਾ, ਸਰਸਵਤੀ, ਗੁਦਾਵਰੀ ਤੇ ਜਾਂ ਖਾਸ ਸਮੇਂ ਖਾਸ ਥਾਵਾਂ ਤੇ ਇਸ਼ਨਾਨ ਹੀ ਕਰਨ ਜਾਂਦਾ ਹੈ। ਜੇ ਕੋਈ ਭਰਮ ਵਹਿਮ ਅਧੀਨ ਅਜਿਹਾ ਕਰਦਾ ਹੈ, ਤਦ ਉਹ ਗੁਰੂ ਪਿਆਰਾ ਗੁਰਮਤਿ ਤੋਂ ਕੋਹਾਂ ਦੂਰ ਹੈ। ਉਸ ਨੂੰ ਦਲੀਲ ਨਾਲ, ਪਿਆਰ ਨਾਲ ਸਮਝਾਇਆ ਜਾ ਸਕਦਾ ਹੈ।

ਪੁਰਾਤਨ ਸਮੇਂ ਤੇ ਹੁਣ ਵੀ ਲੋਕ ਸੰਗਰਾਦ ਵਾਲੇ ਦਿਨ ਸੂਰਜ ਦੀ ਪੂਜਾ ਕਰਕੇ, ਸਾਰੇ ਮਹੀਨੇ ਦੀ ਸੁੱਖ ਸਾਂਦ ਮੰਗਦੇ ਹਨ। ਸਤਿਗੁਰੂ ਜੀ ਨੇ ਸੰਗਰਾਂਦ ਵਾਲੇ ਦਿਨ ਸੂਰਜ ਦੀ ਪੂਜਾ ਕਰਨ ਦੀ ਥਾਂ ਬਾਰਹ ਮਾਹਾ ਬਾਣੀ ਉਚਾਰਨ ਕਰ ਕੇ ਗੁਰਸਿਖਾਂ ਨੂੰ ਮਹੀਨੇ ਦੇ ਪਹਿਲੇ ਦਿਨ ਗੁਰੂ ਘਰ ਵਿੱਚ ਆ ਕੇ, ਗੁਰੂ ਉਪਦੇਸ਼ ਸ੍ਰਵਣ ਕਰਕੇ ਆਪਣਾ ਜੀਵਨ ਸਫ਼ਲਾ ਕਰਨ ਦੀ ਪਿਰਤ ਪਾਈ ਅਤੇ ਕਿਰਤ ਨਾਲੋਂ ਤੋੜ ਕੇ ਕਰਤੇ ਨਾਲ ਜੋੜਨ ਦਾ ਸਾਰਥਿਕ ਉਪਰਾਲਾ ਕੀਤਾ। ਜਿਹੜੇ ਲੋਕ ਹਰ ਰੋਜ ਗੁਰੂ ਘਰ ਨਹੀਂ ਆਉਂਦੇ (ਮੈਂ ਸੰਗਰਾਂਦ ਦਾ ਸ਼ਬਦ ਨਾ ਹੀ ਲਿਖਾ ਮਤਾਂ ਮੈਨੂੰ ਵੀ ਆਰ. ਐਸ. ਐਸ. ਜਾਂ ਬਿਪਰਵਾਦੀ ਸੋਚ ਦੇ ਧਾਰਨੀ ਦਾ ਖਿਤਾਬ ਕੋਈ ਦੇ ਦੇਵੇ) ਉਹ ਹਰ ਦੇਸੀ ਮਹੀਨੇ ਦੇ ਪਹਿਲੇ ਦਿਨ ਗੁਰੂ ਘਰ ਆਉਂਦੇ ਹਨ। ਜੇ ਆਪਾਂ ਅਜਿਹਾ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਜਿਹੜਾ ਸੰਗਰਾਂਦ ਵਾਲੇ ਦਿਨ ਗੁਰੂ ਘਰ ਗਿਆ, ਉਸ ਨੂੰ ਸੂਰਜ ਦਾ ਪੁਜਾਰੀ ਸਮਝਿਆ ਜਾਵੇਗਾ। ਸੂਰਜ ਦੀ ਪੂਜਾ ਬ੍ਰਾਹਮਣ (ਬਿਪਰ) ਕਰਦੇ ਹਨ। ਇਸ ਲਈ ਸੰਗਰਾਂਦ ਵਾਲੇ ਦਿਨ ਗੁਰਦੁਆਰੇ ਜਾਣ ਵਾਲਾ ਵੀ ਬ੍ਰਾਹਮਣਾਂ ਦੇ ਟੱਬਰ ਦਾ ਮੈਂਬਰ ਬਣ ਜਾਵੇਗਾ। ਅਜਿਹਾ ਕੂੜ-ਪ੍ਰਚਾਰ ਲੋਕਾਂ ਨੂੰ ਸੁਣਾ ਕੇ ਅਸੀਂ ਲੋਕਾਈ ਨੂੰ ਗੁਰੂ ਉਪਦੇਸ਼ ਦੁਆਰਾ ਗੁਰੂ ਨਾਲ ਜੋੜਨ ਦੀ ਥਾਂ ਗੁਰੂ ਨਾਲੋਂ ਤੋੜਨ ਦਾ ਕੰਮ ਜ਼ਰੂਰ ਕਰ ਰਹੇ ਹੋਵਾਂਗੇ। ਅਜਿਹਾ ਕਰਕੇ ਕੀ ਆਪਾਂ ਗੁਰਸਿੱਖੀ ਦੀ ਸੇਵਾ ਕਰ ਰਹੇ ਹਾਂ? ਸਤਿਗੁਰਾਂ ਗੁਰਬਾਣੀ ਅੰਦਰ ਸਪੱਸ਼ਟ ਫ਼ੁਰਮਾਨ ਕੀਤਾ ਹੈ। "**ਮਾਹ ਦਿਵਸ ਮੂਰਤ ਭਲੇ**" ਕੋਈ ਦਿਨ ਵੀ ਮਾੜਾ ਨਹੀਂ, ਮਾੜੇ ਹਾਂ ਅਸੀਂ, ਜੋ ਗੁਰਦੁਆਰੇ ਜਾ ਕੇ ਗੁਰੂ ਉਪਦੇਸ਼ ਸੁਣ ਕੇ ਉਥੇ ਹੀ ਧਰ ਆਉਂਦੇ ਹਾਂ। ਨਫ਼ਰਤ ਦੇ ਸ਼ਿਕਾਰ ਹੋ ਕੇ ਭਾਈ ਗੁਰਦਾਸ ਜੀ ਦੇ ਫੁਰਮਾਨ ਨੂੰ ਸਾਕਾਰ ਕਰਕੇ ਲੋਕਾਂ ਨੂੰ ਦਰਸਾ ਰਹੇ ਹਾਂ। ਆਪ ਦਾ ਫੁਰਮਾਨ ਹੈ :



**ਸਚੁ ਕਿਨਾਰੇ ਰਹਿ ਗਇਆ ਖਹਿ ਮਰਦੇ ਬਾਹਮਣ ਮਉਲਾਣੇ॥੨੧॥**

ਭਾ: ਗੁਰਦਾਸ ਜੀ, ਵਾਰ ੧ ਪਉੜੀ ੨

ਖਾਣੀ ਸੀ ਗਿਰੀ, ਪਰ ਅਸੀਂ ਗਿਰੀ ਉਪਰਲੇ ਖੋਲ ਨੂੰ ਹੀ ਚੱਕ ਮਾਰੀ ਜਾ ਰਹੇ ਹਾਂ। ਸਤਿਗੁਰੂ ਮਿਹਰ ਕਰਨ ਅਸੀਂ, ਈਰਖਾ ਤੇ ਨਫ਼ਰਤ ਤੋਂ ਉੱਪਰ ਉੱਠ ਕੇ—

**ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥**
**ਪਹਿਰੇ ਪਟੰਬਰ ਕਰਿ ਅਡੰਬਰ ਆਪਣਾ ਪਿੜੁ ਮਲੀਐ॥**
**ਜਿਥੈ ਜਾਇ ਬਹੀਐ ਭਲਾ ਕਹੀਐ ਝੋਲਿ ਅੰਮ੍ਰਿਤੁ ਪੀਜੈ॥**

ਮ: ੩, ਪੰਨਾ ੭੬੬

ਦੇ ਧਾਰਨੀ ਬਣ ਸਕੀਏ।

ਸੱਚ ਜਾਨਣਾ, ਜਿਸ ਹਿਰਦੇ ਅੰਦਰ ਨਫ਼ਰਤ ਪ੍ਰਵੇਸ਼ ਕਰ ਜਾਂਦੀ ਹੈ, ਉਥੇ ਸੁਤੇ ਹੀ ਵਿਤਕਰਾ ਪੈਰ ਧਰ ਲੈਂਦਾ ਹੈ ਤੇ ਵਿਤਕਰਾ ਦ੍ਵੈਤ ਨੂੰ ਜਨਮ ਦਿੰਦਾ ਹੈ। ਦ੍ਵੈਤ ਵਾਲੇ ਹਿਰਦੇ ਵਿੱਚ ਈਰਖਾ ਆ ਜਾਂਦੀ ਹੈ। ਈਰਖਾ ਤੋਂ ਦੁਸ਼ਮਣੀ ਪ੍ਰਗਟ ਹੋ ਜਾਂਦੀ ਹੈ। ਜਿੱਥੇ ਦੁਸ਼ਮਣੀ ਬਣ ਜਾਵੇ, ਉਥੋਂ ਦਇਆ ਕਿਨਾਰਾ ਕਰ ਜਾਂਦੀ ਹੈ। ਦਇਆ ਹੀਣ ਹਿਰਦੇ ਵਿੱਚ ਕਦੇ ਵੀ ਧਰਮ ਨਹੀਂ ਮੌਲ ਸਕਦਾ। ਦਇਆ ਹੀਣ ਹਿਰਦੇ ਵਿੱਚ ਧਰਮ ਦੀ ਥਾਂ ਹੰਕਾਰ ਪਲਮੇਗਾ। ਜਿੱਥੇ ਹੰਕਾਰ ਦਾ ਨਿਵਾਸ ਹੋ ਜਾਵੇ, ਉਥੇ ਗੁਰੂ ਫੁਰਮਾਨ ਅਨੁਸਾਰ ਨਾਮ ਨਹੀਂ ਟਿੱਕ ਸਕਦਾ, ਕਿਉਂਕਿ "**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ**"॥ ਜਿਸ ਹਿਰਦੇ ਵਿੱਚ ਨਾਮ ਦਾ ਨਿਵਾਸ ਨਹੀਂ, ਉਹ ਮਨੁੱਖ ਕਦਾਚਿਤ ਵੀ ਆਪਣੇ ਮੂਲ ਪਰਮਾਤਮਾਂ ਨਾਲ ਮਿਲ ਨਹੀਂ ਸਕਦਾ। ਗੁਰਸਿਖ ਨੇ ਪ੍ਰਭੂ ਨਾਲ ਮਿਲਣ ਵਾਸਤੇ ਨਾਮ ਦਾ ਰਸਤਾ ਇਖਤਿਆਰ ਕਰਨਾ ਸੀ, ਪਰ ਬਦਕਿਸਮਤੀ ਨਾਲ ਅਸੀਂ ਪ੍ਰਭੂ ਤੋਂ ਦੂਰੀ ਪਾਉਣ ਵਾਲੇ ਮਾਰਗ ਉੱਪਰ ਚਲ ਪਏ ਹਾਂ, ਜੋ ਸਾਡੇ ਆਤਮਿਕ ਪੰਧ ਤੇ ਸਮੁਚੀ ਕੌਮ ਲਈ ਖਤਰਨਾਕ ਸਾਬਤ ਹੋ ਸਕਦਾ ਹੈ।

ਪੁਰਾਤਨ ਸਮੇਂ ਵਲ ਜਦੋਂ ਆਪਾਂ ਝਾਤ ਮਾਰਦੇ ਹਾਂ। ਗੁਰੂ ਹਜੂਰੀ ਵਾਲੇ ਥੋੜ੍ਹੇ ਸਿਖਾਂ ਨੂੰ ਛੱਡ ਕੇ, ਸਾਰੇ ਗੁਰਸਿਖ ਹਰ ਰੋਜ ਗੁਰੂ ਹਜ਼ੂਰੀ ਵਿੱਚ ਨਹੀਂ ਜਾ ਸਕਦੇ ਸਨ। ਉਹ ਗੁਰਸਿੱਖ ਗੁਰੂ ਚਾਲੀ ਅਨੁਸਾਰ ਜੀਵਨ ਬਤੀਤ ਕਰਦੇ ਸਾਲ ਜਾਂ ਛੇ ਮਹੀਨੇ ਬਾਅਦ ਦਸਵੰਧ ਲੈ ਕੇ ਗੁਰੂ ਚਰਨਾਂ ਵਿੱਚ ਹਾਜਰ ਹੁੰਦੇ ਸਨ। ਦੋ ਚਾਰ ਦਿਨ ਗੁਰੂ ਬਚਨ ਸ੍ਰਵਣ ਕਰਕੇ ਅਤੇ ਗੁਰੂ ਸੰਗਤ ਕਰਕੇ ਮੁੜ ਵਾਪਸ ਘਰਾਂ ਨੂੰ ਪਰਤ ਜਾਂਦੇ ਸਨ। ਪਰ ਉਨ੍ਹਾਂ ਗੁਰਸਿੱਖਾਂ ਵਿੱਚ ਵਿਸ਼ੇਸ਼ਤਾ ਸੀ, ਕਿ ਗੁਰੂ ਸੰਗਤ ਕਰਦਿਆਂ ਸਤਿਗੁਰਾਂ ਉਨ੍ਹਾਂ ਨੂੰ ਮੁਖਾਤਬ

ਕਰ ਕੇ ਜੋ ਬਚਨ ਕਹਿ ਦਿੰਦੇ, ਗੁਰੂ ਅਰਜਨ ਦੇਵ ਜੀ ਦੇ ਫੁਰਮਾਨ ਅਨੁਸਾਰ "**ਬਚਨੁ ਗੁਰੂ ਜੋ ਪੂਰੈ ਕਹਿਓ ਮੈ ਛੀਕਿ ਗਾਂਠਰੀ ਬਾਧਾ॥**" ਉਸ ਨੂੰ ਉਹ ਹਿਰਦੇ ਵਿੱਚ ਹੀ ਵਸਾ ਕੇ ਲੈ ਜਾਂਦੇ ਸਨ, ਤੇ ਗੁਰੂ ਬਚਨਾਂ ਦੀ ਕਮਾਈ ਕਰਦੇ ਸਨ। ਅੱਜ ਆਪਾਂ ਹਰ ਰੋਜ ਗੁਰਦੁਆਰੇ ਜਾਣ ਵਾਲੇ ਘੰਟਿਆ ਬੱਧੀ ਕੀਰਤਨ-ਕਥਾ ਵੀ ਸੁਣਦੇ ਹਾਂ ਤੇ ਗੁਰੂ ਘਰ ਤੋਂ ਵਾਪਸ ਆਉਣ ਲੱਗਿਆਂ, ਉਥੇ ਹੀ ਕੰਨ ਝਾੜ ਆਉਂਦੇ ਹਾਂ। ਜਿਸ ਕਾਰਨ ਸਾਲਾਂ ਤੋਂ ਅਸੀਂ ਜਿਥੇ ਖੜੇ ਸਾਂ, ਉਥੇ ਹੀ ਖੜੇ ਹਾਂ। ਸਾਡੇ ਜੀਵਨਾਂ ਵਿੱਚ ਕੋਈ ਤਬਦੀਲੀ ਨਹੀਂ ਆਈ। ਸਾਡੇ ਉਪਰ ਭਾਈ ਗੁਰਦਾਸ ਜੀ ਦਾ ਉਚਾਰਨ ਕੀਤਾ ਸਵਯਾ ਪੂਰਨ ਤੌਰ ਤੇ ਢੁੱਕ ਰਿਹਾ ਹੈ :

**ਜੈਸੇ ਬੈਲ ਤੇਲੀ ਕੋ ਜਾਨਤ ਕਈ ਕੋਸ ਚਲਿਓ ਨੈਨ, ਉਘਰਤ ਵਾਹੀ ਠਾਉ ਹੀ ਠਿਕਾਨੋ ਹੈ॥**
**ਜੈਸੇ ਜੇਵਰੀ ਬਟਤ ਆਂਧਰੋ ਅਚਿੰਤ ਚਿੰਤ, ਖਾਤ ਜਾਤ ਬਛਰੋ ਟਟੋਰੇ ਪਛੁਤਾਨੋ ਹੈ॥**
**ਜੈਸੇ ਮ੍ਰਿਗ ਤ੍ਰਿਸਨਾ ਲਓ ਧਾਵੈ ਮ੍ਰਿਗ ਤ੍ਰਿਖਾਵੰਤ, ਆਵਤ ਨ ਸਾਂਤਿ ਭ੍ਰਮ ਭ੍ਰਮਤ ਹਿਰਾਨੋ ਹੈ॥**
**ਤੈਸੇ ਸੁਪਨੰਤਰਿ ਦਿਸੰਤਰ ਬਿਹਾਇ ਗਈ, ਪਹੁੰਚਨ ਸਕਿਓ ਤਹਾਂ ਜਹਾਂ ਮੋਹਿ ਜਾਨੋ ਹੈ॥੫੭੮॥**

ਸਵੱਯੇ: ਭਾ: ਗੁਰਦਾਸ ਜੀ

ਜਿਨ੍ਹਾਂ ਵਡਭਾਗੀਆਂ ਨੇ ਗੁਰੂ ਸਿਖਿਆ ਸ੍ਰਵਣ ਕਰ ਕੇ ਆਪਣੇ ਜੀਵਨ ਅੰਦਰ ਤਬਦੀਲੀ ਲੈ ਆਂਦੀ, ਉਨ੍ਹਾਂ ਗੁਰੂ ਪਿਆਰਿਆਂ ਨੂੰ ਸਿਰ ਨਿਵਦਾ ਹੈ। ਕੋਈ ਬਹੁਤੇ ਗੁਰੂ ਉਪਦੇਸ਼ ਸੁਣ ਕੇ ਮਨੁੱਖ ਦੇ ਮਨ ਵਿੱਚ ਤਬਦੀਲੀ ਨਹੀਂ ਆਉਦੀ। ਤਬਦੀਲੀ ਤਾਂ ਸੁਣ ਕੇ ਮੰਨ ਲੈਣ ਨਾਲ ਆਉਣੀ ਹੈ। ਭਾਵੇ ਗੁਰੂ ਦਾ ਇੱਕ ਉਪਦੇਸ਼ ਹੀ ਅਸੀਂ ਹਿਰਦੇ ਵਿੱਚ ਵਸਾ ਲਈਏ, ਉਹ ਹੀ ਸਾਡੇ ਜੀਵਨ ਨੂੰ ਬਦਲ ਦੇਵੇਗਾ। ਸਤਿਗੁਰੂ ਨਾਨਕ ਪਾਤਸ਼ਾਹ ਜੀ ਦਾ ਜਪੁਜੀ ਸਾਹਿਬ ਅੰਦਰ ਬਚਨ ਆਪਾ ਹਰ ਰੋਜ਼ ਪੜ੍ਹਦੇ ਹਾਂ :

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥**

ਜਪੁਜੀ ਪੰਨਾ ੨

ਆਤਮਾ ਨੂੰ ਪਵਿੱਤ੍ਰ ਕਰਨ ਲਈ ਤੇ ਜੀਵਨ ਵਿਚ ਤਬਦੀਲੀ ਲਿਆਉਣ ਲਈ।

**ਸੁਣਿਆ ਮੰਨਿਆ ਮਨਿ ਕੀਤਾ ਭਾਉ॥ ਅੰਤਰਗਤਿ ਤੀਰਥਿ ਮਲਿ ਨਾਉ॥**

ਜਪੁਜੀ, ਪੰਨਾ ੪

ਦਾ ਮਾਰਗ ਅਪਨਾਉਣਾ ਪਵੇਗਾ। ਜਿਸ ਨੂੰ ਅਪਨਾਉਣ ਤੋਂ ਅਸੀਂ "ਆਨਾ ਕਾਨੀ" ਕਰ ਰਹੇ ਹਾਂ। ਚਲਦੇ ਚਲਦੇ ਆਪਾ ਇੱਕ ਦੂਸਰੇ ਪੱਖ ਤੇ ਵੀ ਵੀਚਾਰ ਕਰ ਲਈਏ। ਉਸ ਵਲ ਧਿਆਨ ਦੇਣਾ ਵੀ ਅੱਤ ਜ਼ਰੂਰੀ ਹੈ।

ਅੱਜ ਕੱਲ੍ਹ ਦੇ ਸਾਡੇ ਤੱਤ ਗੁਰਮਤਿ ਦੇ ਨਾਮ ਹੇਠ ਵਿਚਰ ਰਹੇ ਪ੍ਰਚਾਰਕ, ਜਿੰਨਾ ਚਿਰ



ਸੰਗਰਾਂਦ, ਮਸਿਆ ਤੇ ਦੂਸਰੇ ਧਰਮਾਂ ਦੇ ਅਵਤਾਰਾਂ, ਦੇਵੀ-ਦੇਵਤਿਆਂ ਨੂੰ ਮੰਦੇ-ਚੰਗੇ ਸ਼ਬਦ ਕਹਿ ਕੇ ਆਪਣੇ ਮਨ ਦੀ ਭੜਾਸ ਨ ਕੱਢ ਲੈਣ, ਉਨ੍ਹਾਂ ਚਿਰ ਉਨ੍ਹਾਂ ਦੇ ਅੰਦਰੋਂ ਕਥਾ ਪ੍ਰਗਟ ਹੀ ਨਹੀਂ ਹੁੰਦੀ। ਇੱਕ ਘੰਟੇ ਦੇ ਗੁਰਸ਼ਬਦ ਵੀਚਾਰ ਸਮੇਂ ਵਿਚੋਂ 45 ਮਿੰਟ ਦਾ ਸਮਾਂ ਉਹ ਸਟੇਜ ਤੇ ਬੈਠ ਕੇ ਬਿਪਰਾਂ ਦੀ, ਸਾਧਾਂ, ਸੰਤਾਂ ਦੀ ਚੰਗੀ ਤਰ੍ਹਾਂ ਛੋਈ ਲਾਹੁੰਦੇ ਹਨ ਤੇ ਸਟੇਜ ਤੇ ਕਾਬਜ ਸਿਆਸੀ ਬੰਦਿਆ ਦੀ ਖ਼ੂਬ ਭੂਮਿਕਾ ਬੰਨ ਕੇ ਚਾਪਲੂਸੀ ਕਰਦੇ ਤੇ ਵਿਰੋਧੀਆਂ ਨੂੰ ਨੀਵਾਂ ਵਿਖਾ ਕੇ ਆਪਣੀ ਡਿਉਟੀ ਪੂਰੀ ਕਰਦੇ ਹਨ। ਆਖਰ ਵਿੱਚ, ਪੰਦਰਾਂ ਮਿੰਟ ਦਾ ਸਮਾਂ ਇਹ ਕਹਿ ਕੇ ਕਿ ਸਾਧ ਸੰਗਤ ਜੀ! ਸਮਾਂ ਬਹੁਤ ਥੋੜ੍ਹਾ ਰਹਿ ਗਿਆ ਹੈ। ਹੁਣ ਆਪਾਂ ਗੁਰਸ਼ਬਦ ਦੀ ਵੀਚਾਰ ਸ੍ਰਵਣ ਕਰੀਏ, ਕਹਿ ਕੇ ਸਮਾਪਤੀ ਕਰ ਦਿੰਦੇ ਹਨ। ਭਲਾ ਜੇ ਉਨ੍ਹਾਂ ਨੂੰ ਕੋਈ ਹੌਸਲਾ ਕਰਕੇ ਪੁੱਛ ਲਵੇ ਕਿ ਤੁਸੀਂ ਪਹਿਲੇ ਪੌਣੇ ਘੰਟੇ ਵਿੱਚ ਕੀ ਕੀਤਾ? ਸ਼ਾਇਦ ਉਨ੍ਹਾਂ ਪਾਸ ਕੋਈ ਉੱਤਰ ਨ ਹੋਵੇ। ਗੁਰਮਤਿ ਦੇ ਅਸੂਲ ਅਨੁਸਾਰ ਸਾਨੂੰ ਕਿਸੇ ਨੂੰ ਮੰਦਾ-ਚੰਗਾ ਬੋਲਣ ਦਾ ਕੋਈ ਹੱਕ ਨਹੀਂ। ਸਤਿਗੁਰਾਂ ਨੇ ਮਾਰਗ ਦਰਸਾਇਆ ਹੈ।

**ਮੰਦਾ ਕਿਸੈ ਨ ਆਖਿ ਝਗੜਾ ਪਾਵਣਾ॥** ਮ: ੫, ਪੰਨਾ ੫੬੬

ਜੇ ਬੁਰਾ-ਭਲਾ ਕਹਿਣ ਨੂੰ ਮਨ ਲੋਚਦਾ ਹੈ, ਤਦ ਬਾਬਾ ਕਬੀਰ ਜੀ ਫ਼ੁਰਮਾਨ ਕਰਦੇ ਹਨ ਕਿ ਕਿਸੇ ਨੂੰ ਬੁਰਾ ਨ ਕਹਿ, ਸਗੋਂ ਪੁਕਾਰ ਕੇ ਆਪਣੇ ਆਪ ਨੂੰ ਬੁਰਾ ਕਹਿ ਤੇ ਆਪਣੇ ਮੂੰਹ ਚੋਂ ਉੱਚੀ ਉੱਚੀ ਇਹ ਸ਼ਬਦ ਬੋਲ :

**ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ॥**
**ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ॥** ਪੰਨਾ ੧੩੬੪

ਸਾਨੂੰ ਕਿਸੇ ਬੰਦੇ ਨੂੰ, ਕਿਸੇ ਧਰਮ ਨੂੰ, ਕਿਸੇ ਅਵਤਾਰ-ਪੈਗੰਬਰ ਨੂੰ, ਮਾੜਾ ਕਹਿਣ ਦੀ ਥਾਂ ਗੁਰਮਤਿ ਦੇ ਸੁਨਹਿਰੀ ਅਸੂਲਾਂ ਨੂੰ ਜੋ ਸਾਰੀ ਮਨੁੱਖਤਾ ਵਾਸਤੇ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਅੰਕਿਤ ਕੀਤੇ ਹਨ, ਵੱਧ ਤੋਂ ਵੱਧ ਲੁਕਾਈ ਤੱਕ ਪਹੁੰਚਾਉਣ ਦਾ ਯਤਨ ਕਰੀਏ। ਕਿਸੇ ਦੀ ਲਕੀਰ ਨੂੰ ਛੋਟੀ ਕਹਿਣ ਦੀ ਥਾਂ, ਉਸ ਦੇ ਨਾਲ ਵੱਡੀ ਲਕੀਰ ਖਿੱਚ ਦੇਈਏ, ਕਿਸੇ ਨੂੰ ਕਹਿਣ ਦੀ ਲੋੜ ਨਹੀਂ ਕਿ ਸਾਡੀ ਲਕੀਰ ਵੱਡੀ ਹੈ। ਹਰ ਦੇਖਣ ਵਾਲਾ ਵੱਡੀ ਲਕੀਰ ਨੂੰ ਆਪਣੇ ਆਪ ਵੱਡਾ ਕਹਿਣ ਲਗ ਜਾਵੇਗਾ।

ਅੱਜ-ਕੱਲ ਇਕ ਹੋਰ ਖਤਰਨਾਕ ਝੁਕਾਉ ਬਣਦਾ ਜਾ ਰਿਹਾ ਹੈ, ਜੋ ਸਮੁਚੀ ਕੌਮ ਤੇ ਗੁਰਮਤਿ ਦੇ ਸਹੀ ਪ੍ਰਚਾਰਕਾਂ ਲਈ ਚਣੌਤੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਆਉਣ ਵਾਲੇ ਸਮੇਂ ਵਿਚ, ਇਸ ਝੁਕਾਉ ਅਧੀਨ ਕੌਮ ਵਿੱਚ ਦੁਬਿਧਾ ਤੇ ਵੰਡੀਆਂ ਪੈ ਜਾਣਗੀਆਂ। ਉਹ ਰੁਝਾਨ ਹੈ ਗੁਰੂ ਦੇ, ਸਾਡੇ ਭਲੇ ਲਈ ਬਣਾਏ ਹੋਏ ਅਸੂਲਾਂ ਦੀ

ਭੰਨ ਤੋੜ। ਆਪਣੇ ਆਪ ਨੂੰ ਪ੍ਰਚਾਰਕ ਅਖਵਾਉਣ ਤੇ ਪਰਚਾਰ ਕਰਨ ਵਾਲੇ, ਪ੍ਰਚਾਰਕਾਂ, ਨੇ ਹਰ ਗੁਰਮਤਿ ਦੇ ਅਸੂਲ ਦੀ ਤਰਾਸ਼ੀ ਕਰਨੀ ਸ਼ੁਰੂ ਕਰ ਦਿੱਤੀ ਹੈ। ਜਿਸ ਸਿਧਾਂਤ ਤੇ, ਜਿਸ ਅਸੂਲ ਤੇ ਪ੍ਰਚਾਰਕ ਦਾ ਆਪਣਾ ਮਨ ਨਹੀਂ ਮੰਨਦਾ, ਅਲਪ ਬੁਧੀ ਨਾਲ ਉਹ ਗੁਰੂ ਦੇ ਬਣਾਏ ਅਸੂਲ ਨੂੰ ਮੰਨਣ ਤੋਂ ਇਨਕਾਰੀ ਹੋ ਕੇ, ਦੂਸਰਿਆਂ ਨੂੰ ਅਸ਼ਰਧਕ ਕਰਨ ਵਿੱਚ ਫਖਰ ਮਹਿਸੂਸ ਕਰਦਾ ਹੈ। ਸੰਸਾਰ ਵਿੱਚ ਸਰੋਤੇ ਵੀ ਜਿਆਦਾ ਕਿੰਤੂ-ਪ੍ਰੰਤੂ ਕਰਨ ਵਾਲੇ ਨੂੰ ਸੁਣ ਕੇ ਆਪਣਾ ਕੰਨ ਰਸ ਲੈਂਦੇ ਹਨ। ਅਜੋਕੇ ਸਰੋਤੇ ਉਨ੍ਹਾਂ ਪ੍ਰਚਾਰਕਾਂ ਨੂੰ ਪਸੰਦ ਕਰਦੇ ਹਨ ਜੋ ਸਟੇਜ ਤੇ ਬੈਠ ਕੇ ਵੱਧ ਤੋਂ ਵੱਧ ਸੰਤਾਂ-ਸਾਧਾਂ ਨੂੰ ਬੁਰਾ ਭਲਾ ਕਹਿਣ, ਜੋ ਤਖਤਾਂ ਨੂੰ ਚਣੌਤੀ ਦੇਣ, ਜਥੇਦਾਰਾਂ ਨੂੰ, ਜੋ ਖਾਲਸੇ ਪੰਥ ਦੇ ਸਨਮਾਨ ਯੋਗ ਹਨ, ਉਨ੍ਹਾਂ ਪ੍ਰਤੀ ਘਟੀਆ ਸ਼ਬਦਾਵਲੀ ਬੋਲਣ, ਗੁਰਮਤਿ ਤੇ ਗੁਰਮਤਿ ਦੀਆਂ ਪ੍ਰੰਪਰਾਵਾਂ ਦਾ ਖੰਡਨ ਕਰਨ, ਪ੍ਰਬੰਧਕ ਉਸ ਨੂੰ ਨਿਧੜਕ ਪ੍ਰਚਾਰਕ ਗਰਦਾਨ ਕੇ ਉਸ ਨੂੰ ਸੋਨੇ ਦੇ ਮੈਡਲ ਤੇ ਸਿਰੋਪੇ ਦੇ ਕੇ ਉਸਦਾ ਸਤਿਕਾਰ ਕਰਦੇ ਹਨ। ਇਨ੍ਹਾਂ ਭੋਲੇ ਭਾਲੇ ਸਰੋਤਿਆਂ ਤੇ ਗੁਰੂ ਘਰਾਂ ਦੇ ਅਗਿਆਨੀ ਪ੍ਰਬੰਧਕਾਂ ਨੂੰ ਇਹ ਨਹੀਂ ਪਤਾ ਕਿ ਇਹ ਤਾਂ ਸਾਡੇ ਤੇ ਸਮੁੱਚੀ ਕੌਮ ਦੇ ਜੜ੍ਹਾਂ ਵਿੱਚ ਤੱਤਾ ਤੇਲ ਪਾ ਕੇ ਕੌਮ ਦੀਆਂ ਪ੍ਰੰਪਰਾਵਾਂ ਦਾ ਘਾਤ ਕਰ ਰਹੇ ਹਨ। ਭਲਾ ਜਿਹੜਾ ਪ੍ਰਚਾਰਕ ਆਪਣੇ ਗੁਰੂ ਦੇ ਅਸੂਲ ਮੰਨਣ ਤੋਂ ਹੀ ਇਨਕਾਰੀ ਹੈ। ਜੋ ਗੁਰੂ ਉੱਪਰ ਹੀ ਕਿੰਤੂ ਪ੍ਰੰਤੂ ਕਰਦਾ ਹੈ। ਅਜਿਹੇ ਪ੍ਰਚਾਰਕ ਉੱਪਰ ਤਾ ਬਾਬਾ ਕਬੀਰ ਜੀ ਦਾ ਫੁਰਮਾਨ ਹੀ ਢੁਕਦਾ ਹੈ :

**ਕਬੀਰ ਮਾਇ ਮੂੰਡਉ ਤਿਹ ਗੁਰੂ ਕੀ ਜਾ ਤੇ ਭਰਮੁ ਨ ਜਾਇ॥**
**ਆਪ ਡੁਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ॥੧੦੪॥**

ਪੰਨਾ ੧੩੬੯

ਅਜਿਹੇ ਅਸ਼ਰਧਕ ਪ੍ਰਚਾਰਕਾਂ ਦੀ ਤਾਂ ਮਾਂ ਦਾ ਸਿਰ ਮੁੰਨਣਾ ਚਾਹੀਦਾ ਸੀ, ਪਰ ਕਰ ਅਸੀਂ ਇਸ ਤੋਂ ਉਲਟ ਲਿਆ, ਉਸ ਦੀ ਮਾਂ ਦਾ ਸਿਰ ਮੁੰਨਣ ਦੀ ਥਾਂ ਉਸ ਨੂੰ ਅਸੀਂ ਗਗਨ ਮੰਡਲੀਂ ਚੁੱਕਣਾ ਸ਼ੁਰੂ ਕਰ ਦਿੱਤਾ। ਬਿਨਾ ਸੋਚੇ ਸਮਝੇ ਗਗਨ ਮੰਡਲੀਂ ਚੁੱਕਣ ਵਾਲਿਆਂ ਨੇ ਬਾਬਾ ਕਬੀਰ ਜੀ ਦੇ ਫੁਰਮਾਨ ਅਨੁਸਾਰ :

**ਪਾਇ ਕੁਹਾੜਾ ਮਾਰਿਆ ਗਾਫਲਿ ਅਪੁਨੈ ਹਾਥਿ॥** ਪੰਨਾ ੧੩੬੫

ਦੀ ਕਾਰ ਤਾਂ ਕਰ ਲਈ, ਪਰ ਉਨ੍ਹਾਂ ਦੇ ਸੰਗ ਕਰਨ ਵਾਲੇ, ਸਾਥ ਦੇਣ ਵਾਲਿਆਂ ਤੇ ਵੀ ਪਰਚਾਰ ਦਾ ਕੁਹਾੜਾ ਜਖ਼ਮ ਕਰ ਗਿਆ। ਕਲਜੁਗ ਦਾ ਬੜਾ ਤੇਜ ਪ੍ਰਤਾਪ ਹੈ



ਗੁਰੂ ਨਾਲੋਂ ਤੋੜਨ ਤੇ ਗੁਰੂ ਸਿਧਾਤਾਂ ਨੂੰ ਖੰਡਨ ਕਰ ਵਾਲਿਆਂ ਨੂੰ ਤਾਂ ਸਨਮਾਨਿਆ ਜਾਂਦਾ ਹੈ। ਗੁਰੂ ਨਾਲ ਜੋੜਨ ਤੇ ਗੁਰੂ ਸਿਧਾਤਾਂ ਨੂੰ ਪ੍ਰਚਾਰਨ ਵਾਲਿਆਂ ਨੂੰ ਬਹੁਤ ਹੀ ਘਟ ਮਾਣ-ਸਤਿਕਾਰ ਦਿੱਤਾ ਜਾਂਦਾ ਹੈ। ਜੋ ਕੌਮ ਲਈ ਘਾਤਕ ਤੇ ਚਿੰਤਾ ਦਾ ਵਿਸ਼ਾ ਹੈ। ਗੁਰਮਤਿ ਤੇ ਮਨਮਤ ਨੂੰ ਨਖੇੜਨ ਲਈ ਬਬੇਕ ਬੁਧੀ ਦੀ ਵਰਤੋਂ ਨਾ ਕਰਾਂਗੇ ਤਾਂ ਇਹ ਲੋਕ ਸਾਨੂੰ ਗੁਰਮਤਿ ਦੇ ਮਾਰਗ ਤੋਂ ਕੋਹਾਂ ਦੂਰ ਲੈ ਜਾਣਗੇ। ਜਿਸ ਵੇਲੇ ਸੁਚੇਤ ਹੋਵਾਂਗੇ ਫਿਰ ਸਮਾਂ ਬਹੁਤ ਦੂਰ ਚਲੇ ਗਿਆ ਹੋਵੇਗਾ।

ਚਲਦੇ ਚਲਦੇ ਆਪਾਂ ਜੋੜ ਮੇਲਿਆਂ, ਗੁਰਪੁਰਬਾਂ ਅਤੇ ਮਨਾਈਆ ਜਾ ਰਹੀਆਂ ਸ਼ਤਾਬਦੀਆਂ ਦਾ ਵੀ ਸਰਾ-ਸਰੀ ਪੰਛੀ ਝਾਤ ਨਾਲ ਲੇਖਾ-ਜੋਖਾ ਕਰ ਲਈਏ ਤਾਂ ਜੋ ਬਾਬਾ ਕਬੀਰ ਜੀ ਦੇ ਫੁਰਮਾਨ ਅਨੁਸਾਰ ਪਤਾ ਲਗ ਜਾਵੇ :

**ਕਿਆ ਤੈ ਖਟਿਆ ਕਹਾ ਗਵਾਇਆ॥** ਪੰਨਾ ੭੯੨

ਜੋੜ ਮੇਲੇ, ਗੁਰਪੁਰਬ, ਵਿਸ਼ੇਸ਼ ਸ਼ਤਾਬਦੀਆਂ ਦੇ ਸਮੇਂ ਗੁਰਮਤਿ ਪ੍ਰਚਾਰ ਤੇ ਗੁਰੂ ਉਪਦੇਸ਼ ਨੂੰ ਦ੍ਰਿੜ੍ਹ ਕਰਵਾਉਣ ਦੇ ਸੁਨਹਿਰੀ ਮੌਕੇ ਹੁੰਦੇ ਹਨ। ਇਨ੍ਹਾਂ ਸਮਿਆਂ ਵਿੱਚ ਸਰਧਾਲੂਆਂ ਦੇ ਮਨ ਵਿੱਚ ਉਤਸ਼ਾਹ ਵੀ ਹੁੰਦਾ ਹੈ ਤੇ ਸੁਤੇ ਗੁਰੂ ਪਿਆਰ ਦਾ ਕਿਣਕਾ ਵੀ ਅੰਦਰੋਂ ਪਲਮਿਆ ਹੁੰਦਾ ਹੈ। ਪਰ ਸ਼ਰਧਾਲੂਆਂ ਦੇ ਇਸ ਉਤਸ਼ਾਹ ਤੇ ਪਿਆਰ ਨੂੰ ਅਸੀਂ ਨਾਨਾ ਪ੍ਰਕਾਰ ਦੇ ਲੰਗਰ ਤੇ ਅਨੇਕ ਪ੍ਰਕਾਰ ਦੀਆਂ ਸਵਾਦੀਕ ਵਸਤੂਆਂ ਖੁਆ ਕੇ ਹੀ ਤ੍ਰਿਪਤ ਕਰ ਦਿੰਦੇ ਹਾਂ। ਅਸੀਂ ਸਾਰੇ, ਸਮੇਤ ਪ੍ਰਬੰਧਕਾਂ ਦੇ, ਇਨ੍ਹਾਂ ਸਮਿਆਂ ਤੋਂ ਪੂਰਨ ਲਾਭ ਨਹੀਂ ਉਠਾ ਸਕੇ ਤੇ ਨਾ ਹੀ ਉਠਾ ਰਹੇ ਹਾਂ।

ਸ਼ਤਾਬਦੀਆਂ ਦੇ ਸਮੇਂ ਕੌਮ ਦਾ ਕਰੋੜਾਂ ਨਹੀਂ ਅਰਬਾਂ ਰੁਪੈ ਲੰਗਰਾਂ ਉੱਪਰ ਜਾਂ ਸਟੇਜਾਂ-ਪੰਡਾਲਾਂ ਦੀ ਸਜਾਵਟ ਉੱਪਰ ਹੀ ਖਰਚ ਹੋ ਜਾਂਦਾ ਹੈ। ਆਈਆਂ ਹੋਈਆਂ ਸੰਗਤਾਂ ਨੂੰ, ਗੁਰੂ ਉਪਦੇਸ਼ ਦ੍ਰਿੜ੍ਹ ਕਰਵਾਉਣ ਤੇ ਗੁਰੂ ਸੰਦੇਸ਼ ਘਰ ਘਰ ਪਹੁਚਾਉਣ ਵਾਸਤੇ ਸਾਡੀ ਵਲੋਂ ਕੋਈ ਸਾਰਥਕ ਯਤਨ ਨਹੀਂ ਕੀਤਾ ਜਾਂਦਾ। ਕੁਝ ਇੱਕ ਪੰਥ ਦਰਦੀਆਂ ਨੂੰ ਛੱਡ ਕੇ, ਗੁਰ ਸ਼ਬਦ ਦਾ ਲੰਗਰ ਸੰਗਤਾਂ ਨੂੰ ਵਰਤਾਉਣ ਲਈ ਕੋਈ ਉੱਦਮ ਨਹੀਂ ਹੁੰਦਾ। ਸਰੀਰਕ ਭੋਜਨ ਅਸੀਂ ਸੈਂਕੜੇ ਪ੍ਰਕਾਰ ਦਾ ਸੰਗਤਾਂ ਨੂੰ ਅਵਾਜਾਂ ਮਾਰ ਮਾਰ ਕੇ ਛਕਾਉਦੇ ਹਾਂ। ਸੰਗਤਾਂ ਬੜੇ ਪ੍ਰੇਮ ਨਾਲ ਛਕੀ ਵੀ ਜਾਂਦੀਆਂ ਹਨ। ਜਿਸ ਕਾਰਣ ਅੱਜ ਸਾਡੀ ਨੌਜਵਾਨ ਪੀੜ੍ਹੀ ਤੇ ਸਮੁੱਚੀ ਕੌਮ ਵਿੱਚ ਪੜ੍ਹਨ ਦੀ ਰੁਚੀ ਘਟਦੀ ਜਾ ਰਹੀ ਹੈ।

ਜੋੜ-ਮੇਲੇ ਉੱਪਰ ਗਿਆ ਨੌਜਵਾਨ, ਹਜ਼ਾਰ-ਪੰਦਰਾਂ ਸੌ ਦੇ ਕਪੜੇ-ਚੇਨੀਆਂ

ਜਾਂ ਗੰਢਾਸੀ ਤਾਂ ਖ੍ਰੀਦ ਕੇ ਘਰ ਨੂੰ ਬੜੇ ਚਾਉ ਨਾਲ ਲੈ ਆਉਂਦਾ ਹੈ, ਪਰ ਤੀਹ-ਚਾਲੀ ਰੁਪਏ ਦਾ ਗੁਰਮਤਿ ਸਾਹਿਤ ਜਾਂ ਗੁਟਕਾ ਖਰੀਦਣਾ ਪੈਸੇ ਬਰਬਾਦ ਕਰਨੇ ਸਮਝਦਾ ਹੈ। ਅਜਿਹੇ ਰੁਝਾਨ ਕਾਰਨ ਅੱਜ ਸਾਡੀ ਕੌਮ ਦੀ ਅਜਿਹੀ ਦਸ਼ਾ ਹੋ ਰਹੀ ਹੈ। ਪ੍ਰਬੰਧਕ ਤੇ ਸਮਰਥਾਵਾਨ ਪਤਵੰਤੇ ਸਜਣ ਵੀ ਇਸ ਪਾਸੇ ਧਿਆਨ ਨਹੀਂ ਦੇ ਰਹੇ।

ਮੈਨੂੰ ਪੂਰਨ ਯਕੀਨ ਹੈ ਕਿ ਜਿਥੇ ਆਪਾਂ ਸੰਗਤਾਂ ਨੂੰ ਨਾਨਾ ਪ੍ਰਕਾਰ ਦੇ ਖੱਟੇ-ਮਿੱਠੇ-ਨਮਕੀਨ ਭੋਜਨ ਖੁਆ ਕੇ ਸਰੀਰਕ ਅਹਾਰ ਪ੍ਰਦਾਨ ਕਰਦੇ ਹਾਂ, ਜੇ ਕਿਤੇ ਇਸੇ ਸਰੀਰਕ ਅਹਾਰੀ ਭੋਜਨ ਵਿਚੋਂ ਕੁਝ ਮਾਇਆ ਬਚਾ ਕੇ, ਜਿਸ ਸਤਿਗੁਰੂ ਜੀ ਦਾ ਪੁਰਬ ਆਪਾਂ ਮਨਾ ਰਹੇ ਹਾਂ, ਜਾਂ ਜਿਹੜੀ ਸ਼ਤਾਬਦੀ ਮਨਾਈ ਜਾ ਰਹੀ, ਉਸ ਪ੍ਰਥਾਇ ਜਾਣਕਾਰੀ ਤੇ ਸਤਿਗੁਰਾਂ ਦੇ ਉਪਦੇਸ਼ਾਂ, ਸਤਿਗੁਰਾਂ ਦੀਆਂ ਕੁਰਬਾਨੀਆਂ ਸੰਖੇਪ ਰੂਪ ਵਿਚ ਛਪਵਾ ਕੇ ਸੰਗਤਾਂ ਨੂੰ ਪੰਫਲਿਟਾਂ ਦੇ ਰੂਪ ਵਿੱਚ ਵੰਡੇ ਜਾਣ। ਉਨ੍ਹਾਂ ਕਿਤਾਬਚਿਆਂ ਨੂੰ ਸਾਰੇ ਨਹੀਂ ਤੇ ਅੱਧੇ ਜਰੂਰ ਪੜ੍ਹਨਗੇ ਜੋ ਨਹੀਂ ਪੜ੍ਹਨਗੇ, ਉਹ ਆਪਣੇ ਘਰਾਂ ਨੂੰ ਜ਼ਰੂਰ ਲੈ ਜਾਣਗੇ। ਘਰ ਵਿਚ ਪਿਆ ਕਿਤਾਬਚਾ ਕੋਈ ਨ ਕੋਈ ਜ਼ਰੂਰ ਪੜ੍ਹੇਗਾ। ਜੋ ਗੁਰੂ ਉਪਦੇਸ਼, ਸੰਦੇਸ਼ ਪੜ੍ਹੇਗਾ ਉਸ ਉੱਪਰ ਥੋੜ੍ਹਾ-ਬਹੁਤ ਅਸਰ ਜ਼ਰੂਰ ਹੋਵੇਗਾ। ਇਸ ਤਰ੍ਹਾਂ ਕਰਨ ਨਾਲ ਕੌਮ ਵਿੱਚ ਪੜ੍ਹਨ ਦੀ ਰੁਚੀ ਵੀ ਪੈਦਾ ਹੋਵੇਗੀ ਤੇ ਗੁਰਮਤਿ ਦਾ ਪ੍ਰਚਾਰ ਵੀ ਹੋਵੇਗਾ।

ਤੁਸੀਂ ਕਿਸੇ ਵੀ ਜੋੜ ਮੇਲੇ ਤੇ ਜਾਂ ਮਨਾਈਆਂ ਜਾ ਰਹੀਆਂ ਸ਼ਤਾਬਦੀਆਂ ਦੇ ਇਕੱਠਾਂ ਵਿੱਚ ਵਿਚਰ ਰਹੇ ਕਿਸੇ ਨੌ-ਜਵਾਨ ਨੂੰ ਖੜਾ ਕਰਕੇ ਪੁੱਛ ਲਵੋ ਕਿ ਤੁਸੀਂ ਇਥੇ ਕਿਸ ਵਾਸਤੇ ਆਏ ਹੋ ? ਉਸ ਨੌ-ਜਵਾਨ ਵਲੋਂ ਤੁਹਾਨੂੰ ਜੋ ਉੱਤਰ ਮਿਲੇਗਾ, ਉਹ ਬਹੁਤ ਹੀ ਨਿਰਾਸ਼ਾਜਨਕ ਹੋਵੇਗਾ। ਹਜ਼ੂਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਿੰਨ ਸੌ ਸਾਲਾ ਗੁਰਤਾਗੱਦੀ ਸ਼ਤਾਬਦੀ, ਸਾਰੇ ਸਿੱਖ ਜਗਤ ਨੇ ਬੜੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਮਨਾਈ। ਬਿਅੰਤ ਸੰਗਤਾਂ ਸਤਿਗੁਰਾਂ ਨੂੰ ਨਤਮਸਤਕ ਹੋਈਆਂ। ਸੰਗਤਾਂ ਨੇ ਬੜੇ ਪਿਆਰ ਨਾਲ ਗੁਰੂ ਘਰਾਂ ਦੇ ਦਰਸ਼ਨ ਕੀਤੇ। ਸੈਂਕੜੇ ਕਿਸਮ ਦੇ ਪਕਵਾਨ ਗੁਰੂ ਪ੍ਰੇਮੀਆਂ ਨੇ ਤਿਆਰ ਕੀਤੇ, ਸੰਗਤਾਂ ਨੇ ਵੀ ਲੰਗਰਾਂ ਚੋਂ ਨਾਨਾ ਪ੍ਰਕਾਰ ਦੇ ਭੋਜਨ ਛੱਕ ਕੇ ਪੂਰੀ ਤਸੱਲੀ ਕੀਤੀ। ਸ਼ਤਾਬਦੀ ਦੇ ਜੋੜ-ਮੇਲੇ ਵਿੱਚ ਵਿਚਰਦਿਆਂ, ਇੱਕ ਥਾਂ ਖੜੋਤੇ ਦਸ ਬਾਰਾਂ ਨੌ-ਜਵਾਨ, ਜਿਨ੍ਹਾਂ ਵਿੱਚੋਂ ਦੋ ਤਿੰਨਾਂ ਨੇ ਸਿਰਾਂ ਉਪਰ ਦਸਤਾਰਾਂ ਸਜਾਈਆਂ ਸਨ। ਬਾਕੀ ਸਾਰਿਆਂ ਨੇ ਸਿਰਾਂ ਉਪਰ ਬੀਬੀਆਂ ਦੀ ਨਕਲ ਕਰਦਿਆਂ ਕੇਸਰੀ ਦੁਪਟੇ ਲਏ ਹੋਏ ਸਨ। ਕੋਲ ਜਾ ਕੇ ਫਤਹਿ ਬੁਲਾਈ, ਦਬਵੀਂ ਜੀਭੇ



ਉਨ੍ਹਾਂ ਫਤਹਿ ਦਾ ਉਤਰ ਤਾਂ ਦੇ ਦਿੱਤਾ। ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਪੰਜਾਬ ਵਿੱਚੋਂ ਕਿਸ ਜਗ੍ਹਾਂ ਤੋਂ ਆਏ ਹੋ, ਉਨ੍ਹਾਂ ਨੇ ਮੋਗੇ ਨੇੜੇ ਦੇ ਨਗਰਾਂ ਦਾ ਨਾਉਂ ਲਿਆ। ਉਸ ਤੋਂ ਬਾਅਦ ਉਨ੍ਹਾਂ ਨੂੰ ਪੁਛਿਆ ਕਿ ਤੁਸੀਂ ਪੰਜਾਬ ਤੋਂ ਚੱਲ ਕੇ ਇਥੇ ਕਲਗੀਧਰ ਪਾਤਸ਼ਾਹ ਜੀ ਦੇ ਪਾਵਨ ਅਸਥਾਨ ਸ੍ਰੀ ਹਜ਼ੂਰ ਸਾਹਿਬ ਆਏ ਹੋ, ਇੱਥੇ ਕਿਸ ਕਰਕੇ ਆਏ ਹੋ? ਉਨ੍ਹਾਂ ਉੱਤਰ ਦਿੱਤਾ ਕਿ ਅਸੀਂ ਯਾਤਰਾ ਕਰਨ ਤੇ ਸ਼ਤਾਬਦੀ ਮਨਾਉਣ ਵਾਸਤੇ ਆਏ ਹਾਂ। ਮੁੜ ਦੁਬਾਰਾ ਉਨ੍ਹਾਂ ਨੂੰ ਸਵਾਲ ਕੀਤਾ ਕਿ ਸ਼ਤਾਬਦੀ ਕਿਸ ਦੀ ਤੇ ਕਿੰਨੀਵੀਂ ਮਨਾਉਣ ਆਏ ਹੋ ? ਉਨ੍ਹਾਂ ਵੱਲੋਂ ਕੇਵਲ ਇਨ੍ਹਾਂ ਹੀ ਉੱਤਰ ਮਿਲਿਆ ਕਿ ਸਾਨੂੰ ਇਹ ਤਾਂ ਪਤਾ ਨਹੀਂ ਕਿ ਕਿਹਦੀ ਸ਼ਤਾਬਦੀ ਹੈ, ਅਤੇ ਕਿੰਨੀਵੀਂ ਹੈ। ਸਾਡੇ ਪਿੰਡੋਂ ਇੱਕ ਪ੍ਰੇਮੀ ਨੇ ਨਵਾਂ ਟਰੱਕ ਲਿਆ ਸੀ। ਪਿੰਡ ਵਿੱਚ ਉਨ੍ਹਾਂ ਨੇ ਭਾਈ ਜੀ ਪਾਸੋਂ ਅਨਾਉਸਮੈਂਟ ਕਰਵਾਈ ਕਿ ਹਜ਼ੂਰ ਸਾਹਿਬ ਨੂੰ ਮੁਫਤ ਟਰੱਕ ਯਾਤਰਾ ਤੇ ਜਾਵੇਗਾ, ਜਿਸ ਨੇ ਜਾਣਾ ਹੋਵੇ ਉਹ ਆਪਣਾ ਨਾਉਂ ਗੁਰਦੁਆਰੇ ਭਾਈ ਸਾਹਿਬ ਨੂੰ ਲਿਖਾ ਦੇਵੇ। ਅਸੀਂ ਵੀ ਨਾਉਂ ਲਿਖਾ ਦਿੱਤਾ ਤੇ ਸੰਗਤ ਨਾਲ ਆ ਗਏ ਹਾਂ। ਸਾਨੂੰ ਇੰਨ੍ਹਾਂ ਹੀ ਪਤਾ ਹੈ, ਕਿ ਹਜ਼ੂਰ ਸਾਹਿਬ ਸ਼ਤਾਬਦੀ ਮਨਾਈ ਜਾਣੀ ਹੈ। ਫਿਰ ਉਨ੍ਹਾਂ ਨੂੰ ਸਵਾਲ ਕੀਤਾ ਸ਼ਤਾਬਦੀ ਦਾ ਕੀ ਮਤਲਬ ਹੈ? ਸ਼ਤਾਬਦੀ ਤਾਂ ਗੱਡੀਆਂ ਦੇ ਨਾਉਂ ਵੀ ਸਰਕਾਰ ਨੇ ਰਖੇ ਹੋਏ ਹਨ। ਤੁਸੀਂ ਕਿਹੜੀ ਸ਼ਤਾਬਦੀ ਮਨਾਉਣ ਆਏ ਹੋ ? ਇੱਕ ਨੌਜਵਾਨ ਨੇ ਉੱਤਰ ਦਿੱਤਾ ਬਾਬਾ ਜੀ ! ਅਸੀਂ ਵਿਸਾਖੀ ਦੀ ਸ਼ਤਾਬਦੀ ਮਨਾਉਣ ਆਏ ਹਾਂ। ਮੈਂ ਉੱਤਰ ਦਿੱਤਾ ਵੀਰੋ ! ਵਿਸਾਖੀ ਤਾਂ ਅਪ੍ਰੈਲ ਵਿੱਚ ਹੁੰਦੀ ਹੈ। ਤੁਸੀਂ ਇੱਥੇ ਅਕਤੂਬਰ ਮਹੀਨੇ ਵਿੱਚ ਆਏ ਹੋ। ਇਸ ਦੇ ਜਵਾਬ ਵਿੱਚ ਉਨ੍ਹਾਂ ਨੌਜਵਾਨਾਂ ਇਨ੍ਹਾਂ ਹੀ ਕਿਹਾ ਕਿ ਸਾਨੂੰ ਤਾਂ ਇਨਾਂ ਹੀ ਪਤਾ ਹੈ। ਉਹ ਨੌਜਵਾਨ ਜਰਾ ਖਿਸਕਣ ਦੇ ਰੌ ਵਿੱਚ ਸਨ। ਮੈਂ ਮੁੜ ਉਨ੍ਹਾਂ ਨੂੰ ਪੁਛਿਆ, ਤੁਸੀਂ ਕਿਹੜੇ-ਕਿਹੜੇ ਦੀਵਾਨ ਸੁਣੇ ਹਨ। ਉਨ੍ਹਾਂ ਉੱਤਰ ਦਿੱਤਾ ਕਿ ਦੀਵਾਨ ਸੁਣਨ ਦਾ ਸਮਾਂ ਹੀ ਨਹੀਂ ਲੱਗਾ। ਇਥੇ ਤਾਂ ਤਰ੍ਹਾਂ ਤਰ੍ਹਾਂ ਦੇ ਭੋਜਨ ਤੇ ਪਕਵਾਨ ਖਾਣ ਚੋਂ ਹੀ ਵਿਹਲ ਨਹੀਂ ਮਿਲਦਾ। ਜਿਆਦਾ ਖਾ ਹੋ ਜਾਵੇ ਤਾਂ ਬਹੁਤੇ ਥਾਵਾਂ ਤੇ ਕੋਕ ਤੇ ਲਿਮਕੇ ਦੇ ਫ਼ਰੀ ਸਟਾਲ ਲਗੇ ਹੋਏ ਹਨ, ਉਥੋਂ ਜਾ ਕੇ ਲਿਮਕੇ ਦੀ ਬੋਤਲ ਲੈ ਆਈਦੀ ਹੈ। ਚਾਰ ਦਿਨਾਂ ਤੋਂ ਦੀਨ ਦੁਨੀਆਂ ਭੁਲੀ ਹੋਈ ਹੈ। ਮੌਜ਼ਾਂ ਹੀ ਮੌਜ਼ਾਂ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਭਰਾਵੋ ! ਤੁਹਾਡਾ ਕੋਈ ਕਸੂਰ ਨਹੀਂ ਇਸ ਵਿਚ ਕਸੂਰ ਸਾਡਾ ਹੀ ਹੈ। ਕਾਸ਼, ਨਾਨਾ ਪ੍ਰਕਾਰ ਦੇ ਭੋਜਨ ਛਕਾਉਣ ਤੇ ਤਰ੍ਹਾਂ ਤਰ੍ਹਾਂ ਦੇ ਜੂਸ ਤੇ ਕੋਲਡ ਡਰਿੰਕ ਪਿਆਉਣ ਦੀ ਥਾਂ ਅਸੀਂ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਥਾਇ ਜਾਣਕਾਰੀ, ਸਿੱਖਿਆ, ਗੁਰੂ ਉਪਦੇਸ਼ ਦੀ ਮਹਾਨਤਾ ਤੇ 300

ਸਾਲਾ ਗੁਰਤਾਗੱਦੀ ਦਾ ਇਤਿਹਾਸਕ ਪਿਛੋਕੜ ਤੇ ਵਰਤਮਾਨ ਲੋੜ, ਕਿਤਾਬਚੇ ਦੇ ਰੂਪ ਵਿਚ ਤੁਹਾਨੂੰ ਮੁਹਈਆ ਕਰਵਾਉਂਦੇ, ਤੁਸੀਂ ਉਸ ਨੂੰ ਪੜ੍ਹਦੇ ਤੇ ਘਰਾਂ ਨੂੰ ਧਾਰਮਿਕ ਸਾਹਿਤ ਖੜਦੇ। ਜੇ ਸਾਰੇ ਨਹੀਂ ਤਾਂ ਅੱਧੇ ਤਾਂ ਤੁਸੀਂ ਜ਼ਰੂਰ ਪੜ੍ਹਦੇ, ਜੋ ਨਾ ਪੜ੍ਹ ਸਕਦੇ ਉਹ ਘਰਾਂ ਨੂੰ ਤਾਂ ਜ਼ਰੂਰ ਖੜ ਸਕਦੇ ਸਨ। ਘਰ ਵਿੱਚ ਜਿਹੜਾ ਵੀ ਪੜ੍ਹਦਾ ਉਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਤੇ ਗੁਰੂ ਸਿਖਿਆ ਪ੍ਰਤੀ ਜ਼ਰੂਰ ਜਾਣਕਾਰੀ ਮਿਲਦੀ। ਪਰ ਅਸੀਂ ਵੀਰੋ! ਇਸ ਜ਼ਰੂਰੀ ਕਾਰਜ ਨੂੰ ਕਰਨ ਵਲੋਂ ਢਿੱਲ ਹੀ ਨਹੀਂ ਕੀਤੀ ਸਗੋਂ ਇਸ ਕਾਰਜ ਨੂੰ ਬੇ-ਲੋੜਾ ਜਾਣ ਕੇ ਪਿੱਠ ਹੀ ਮੋੜ ਰੱਖੀ ਹੈ। ਜਿਨ੍ਹਾਂ ਖਾਣ-ਪੀਣ ਲੰਗਰਾਂ ਉੱਪਰ ਖਰਚ ਕੀਤਾ ਹੈ ਕਿਤੇ ਉਸ ਦਾ ਦਸਵਾਂ ਹਿੱਸਾ ਵੀ ਇਸ ਪਾਸੇ ਖਰਚ ਕੀਤਾ ਹੁੰਦਾ, ਅੱਜ ਤੁਸੀਂ ਇਹ ਨਾ ਕਹਿੰਦੇ ਕਿ ਅਸੀਂ ਵਿਸਾਖੀ ਦੀ ਸ਼ਤਾਬਦੀ ਮਨਾਉਣ ਆਏ ਹਾਂ। ਪੰਜ ਮਿੰਟ ਦੇ ਸਮੇਂ ਦੀ ਉਨ੍ਹਾਂ ਨੌਜਵਾਨਾਂ ਪਾਸੋਂ ਹੋਰ ਮੰਗ ਕੀਤੀ। ਉਨ੍ਹਾਂ ਬੜੀ ਖੁਸ਼ੀ ਨਾਲ ਸਮਾਂ ਦਿੱਤਾ। ਦਾਸ ਨੇ ਉਨ੍ਹਾਂ ਨੂੰ ਥੋੜੇ ਜਿਹੇ ਸਮੇਂ ਵਿਚ ਗੁਰੂ ਗ੍ਰੰਥ ਸਾਹਿਬ ਜੀ ਪ੍ਰਥਾਇ ਜਾਣਕਾਰੀ ਦਿੱਤੀ ਕਿ ਸਭ ਤੋਂ ਪਹਿਲਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ, ਭਾਈ ਗੁਰਦਾਸ ਸਾਹਿਬ ਜੀ ਪਾਸੋਂ ਗੁਰੁਦਆਰਾ ਰਾਮਸਰ ਸਾਹਿਬ, ਅੰਮ੍ਰਿਤਸਰ ਵਿਖੇ ਲਿਖਾਈ ਉਪ੍ਰੰਤ 14 ਅਗਸਤ 1604 ਈ. ਨੂੰ ਰਾਮਸਰ ਸਾਹਿਬ ਦੇ ਅਸਥਾਨ ਤੋਂ ਬਾਬਾ ਬੁੱਢਾ ਸਾਹਿਬ ਜੀ ਦੇ ਸੀਸ ਤੇ ਸਤਿਕਾਰ ਸਹਿਤ ਸ਼ੁਸ਼ੋਭਤ ਕਰ ਕੇ, ਆਪ ਸਤਿਗੁਰੂ ਅਰਜਨ ਦੇਵ ਜੀ ਨੰਗੇ ਪੈਰੀਂ, ਗੁਰੂ ਗ੍ਰੰਥ ਸਾਹਿਬ ਜੀ ਨੂੰ ਚੌਰ ਕਰਦੇ, ਸੰਗਤਾਂ ਸਮੇਤ ਨਗਰ ਕੀਰਤਨ ਦੇ ਰੂਪ ਵਿੱਚ, ਹਰਿਮੰਦਰ ਸਾਹਿਬ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਨੂੰ ਲਿਜਾ ਕੇ ਬਾਬਾ ਬੁੱਢਾ ਜੀ ਰਾਹੀਂ ਪ੍ਰਕਾਸ਼ ਕਰਵਾਇਆ। ਪ੍ਰਕਾਸ਼ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮਨਾਮਾ

**ਸੂਹੀ ਮ: ੫**

**ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥**

**ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥**

ਪੰਨਾ ੭੮੩

ਆਇਆ ਸੀ।

ਉਪਰੰਤ, ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਤਲਵੰਡੀ ਸਾਬੋ, ਜਿਸ ਨੂੰ ਖਾਲਸਾ ਪੰਥ ਤਖਤ ਸ੍ਰੀ ਦਮਦਮਾ ਸਾਹਿਬ ਨੇ ਨਾਉਂ ਨਾਲ ਯਾਦ ਕਰਦਾ ਹੈ, ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਮੁਖਾਰ ਬਿੰਦ ਚੋਂ ਸਾਰੀ ਬਾਣੀ, ਸਮੇਤ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਦੇ, ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾ ਕੇ



ਸੰਪੂਰਨ ਕਰਵਾਈ ਉਪਰੰਤ ਉਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਤਿਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ 7 ਅਕਤੂਬਰ 1708 ਈ. ਨੂੰ ਪ੍ਰਕਾਸ਼ ਕਰਵਾ ਕੇ ਗੁਰਤਾ-ਗੱਦੀ ਦੀ ਰੀਤ ਅਨੁਸਾਰ ਪੰਜ ਪੈਸੇ-ਨਾਰੀਅਲ ਗੁਰੂ ਗ੍ਰੰਥ ਸਾਹਿਬ ਜੀ ਦੇ ਅਗੇ ਰੱਖ ਕੇ, ਤਿੰਨ ਪ੍ਰਕਰਮਾਂ ਕਰ, ਸਦਾ ਵਾਸਤੇ ਗੁਰਤਾ-ਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪ ਦਿੱਤੀ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ-ਗੱਦੀ ਤੇ ਸ਼ੁਸ਼ੋਭਤ ਹੋਇਆਂ 300 ਸਾਲ ਹੋ ਗਏ ਹਨ। ਸੌ ਸਾਲ ਦੇ ਸਮੇਂ ਨੂੰ ਸਦੀ ਜਾਂ ਸ਼ਤਾਬਦੀ ਕਹਿੰਦੇ ਹਨ। 300 ਸਾਲ (ਭਾਵ ਤੀਸਰੀ ਸ਼ਤਾਬਦੀ) ਤੁਸੀਂ ਮਨਾਉਣ ਵਾਸਤੇ ਇਥੇ ਆਏ ਹੋ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਉੱਪਰ ਸ਼ੁਸ਼ੋਭਤ ਹੋਇਆਂ ਤਿੰਨ ਸਦੀਆਂ ਬੀਤ ਗਈਆਂ ਹਨ। ਉਸ ਸਮੇਂ ਦੀ ਯਾਦ ਮਨਾਉਣ ਵਾਸਤੇ ਸਾਰਾ ਖਾਲਸਾ ਪੰਥ, ਸ੍ਰੀ ਹਜ਼ੂਰ ਸਾਹਿਬ ਦੀ ਪਾਵਨ ਧਰਤੀ ਉੱਪਰ ਨਤਮਸਤਕ ਹੋਣ ਲਈ ਆਇਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਮੱਥਾ ਟੇਕ ਗੁਰਤਾ ਗੱਦੀ ਬਖਸ਼ਿਸ਼ ਕਰਕੇ ਸਮੁੱਚੀ ਸੰਗਤ ਨੂੰ ਹੁਕਮ ਕੀਤਾ ਸੀ ਖਾਲਸਾ ਜੀ! ਅੱਜ ਤੋਂ —

**ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ॥**

**ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ॥**

**ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ॥**

**ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸ਼ਬਦ ਮੈ ਲੇਹ॥** ਪੰਥ ਪ੍ਰਕਾਸ਼

ਜਿਸ ਥਾਂ ਸਤਿਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਿੱਤੀ ਤੇ ਆਪਣਾ ਸਰੀਰ, ਪ੍ਰਭੂ ਜੋਤ ਵਿੱਚ ਲੀਨ ਕੀਤਾ, ਉਸ ਅਸਥਾਨ ਦਾ ਨਾਉਂ ਤਖਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਹੈ। ਨਾਂਦੇੜ ਸ਼ਹਿਰ ਦਾ ਨਾਉਂ ਹੈ। ਇਹ ਵੀ ਯਾਦ ਰੱਖਣ ਵਾਲੀ ਗੱਲ ਹੈ, ਜਿਸ ਵੇਲੇ ਕਲਗੀਧਰ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਤਾ ਗੱਦੀ ਦਿੱਤੀ ਤੇ ਮੁਖਵਾਕ ਲਿਆ। ਉਸ ਵੇਲੇ, ਮੁਖਵਾਕ ਮਾਰੂ ਰਾਗ ਵਿਚੋਂ, ਪੰਜਵੇ ਪਾਤਸ਼ਾਹ ਜੀ ਦਾ ਆਇਆ ਸੀ :

**ਮਾਰੂ ਮ: ੫**

**ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥**

**ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥੧॥** ਪੰਨਾ ੧੦੦੦

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਛੇ ਸਤਿਗੁਰੂ ਸਾਹਿਬਾਨ, ਪੰਦਰਾਂ ਭਗਤਾਂ, ਗਿਆਰਾਂ ਭੱਟਾਂ ਤੇ ਚਾਰ ਗੁਰ ਸਿੱਖਾਂ ਦੀ ਬਾਣੀ ਇੱਕਤੀ ਰਾਗਾਂ ਵਿੱਚ ਦਰਜ ਹੈ। ਹਰ ਗੁਰਸਿੱਖ, ਸਤਿਗੁਰਾਂ ਦੇ ਹੁਕਮ ਅਨੁਸਾਰ, ਸ਼ਰਧਾ ਭਾਵਨੀ ਨਾਲ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਨੂੰ ਪ੍ਰਤੱਖ ਸਤਿਗੁਰੂ ਮੰਨਦਾ ਤੇ ਪੂਜਦਾ ਹੈ। ਉਨ੍ਹਾਂ ਨੌਜਵਾਨਾਂ ਨੇ ਬੜੇ ਗੌਰ ਨਾਲ ਸਾਰੀ ਗੱਲ-ਬਾਤ ਸੁਣੀ ਤੇ ਮੰਨਿਆ ਕਿ ਸਾਨੂੰ ਬਿਲਕੁਲ ਹੀ ਪਤਾ ਨਹੀਂ ਸੀ। ਅਸੀਂ ਹੁਣ ਹੋਰਨਾਂ ਨੂੰ ਵੀ ਦੱਸਾਂਗੇ ਅਤੇ ਨਾਲ ਹੀ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਥਾਇ ਜਾਣਕਾਰੀ ਵਾਲੀਆਂ ਪੁਸਤਕਾਂ ਦੀ ਮੰਗ ਵੀ ਕੀਤੀ। ਉਨ੍ਹਾਂ ਦੀ ਭਾਵਨਾ ਵੇਖ ਕੇ ਤੇ ਪੜ੍ਹਨ ਦਾ ਬਚਨ ਲੈ ਕੇ ਪੁਸਤਕਾਂ ਜੋ ਸੰਗਤਾਂ ਨੂੰ ਵੰਡਣ ਵਾਸਤੇ ਉਚੇਚੀਆਂ ਖੜੀਆਂ ਸਨ। ਉਨ੍ਹਾਂ ਵਿੱਚੋਂ ਗੁਰੂ ਗ੍ਰੰਥ ਸਾਹਿਬ ਦਰਸ਼ਨ, ਸਬਦੁ ਗੁਰੁ ਪੀਰਾ, ਤੇ ਗੁਰੁ ਸਾਗਰੁ ਪੁਸਤਕਾਂ ਦੇ ਸੈਟ ਭੇਂਟ ਕੀਤੇ। ਉਨ੍ਹਾਂ ਬੜੇ ਚਾਉ ਨਾਲ ਪੁਸਤਕਾਂ ਲੈ ਕੇ ਧੰਨਵਾਦ ਵੀ ਕੀਤਾ। ਅਜਿਹੀਆਂ ਅਨੇਕਾਂ ਘਟਨਾਵਾਂ ਲਿਖਣ ਲੱਗੀਏ, ਤਦ ਇੱਕ ਕਿਤਾਬ ਬਣ ਸਕਦੀ ਹੈ। ਅਖੀਰ ਤਾਤਪਰਜ ਇਹ ਹੀ ਨਿਕਲਦਾ ਹੈ ਕਿ ਸਾਨੂੰ ਸਾਰਿਆਂ ਨੂੰ, ਜਾਤੀ ਤੌਰ ਤੇ, ਜਮਾਤੀ ਤੌਰ ਤੇ, ਅਤੇ ਸਮੁੱਚੇ ਪੰਥਕ ਤੌਰ ਤੇ ਇਸ ਪਾਸੇ ਵੱਲ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਜਿਸ ਮਕਸਦ ਵਾਸਤੇ ਇੰਨੇ ਵੱਡੇ ਇੱਕਠ ਕੀਤੇ ਜਾਂਦੇ ਹਨ, ਸਾਨੂੰ ਉਨ੍ਹਾਂ ਇਕੱਠਾਂ ਵਿੱਚੋਂ ਸਾਰਥਿਕ ਪ੍ਰਾਪਤੀ ਹੋਵੇ। ਜੇ ਆਪਾਂ ਇਸ ਪਾਸੇ ਵਿਸ਼ੇਸ਼ ਧਿਆਨ ਨਾ ਦੇਵਾਂਗੇ ਤਾਂ ਫਿਰ ਇਹ ਜੋੜ-ਮੇਲੇ ਕੇਵਲ ਇੱਕਠ, ਖਾਣ-ਪੀਣ ਤੇ ਮਨੋਰੰਜਨ ਦਾ ਵਸੀਲਾ ਬਣ ਕੇ ਰਹਿ ਜਾਣਗੇ। ਜੇ ਸਿੱਖ ਧਰਮ ਦੇ ਸੁਨਹਿਰੀ ਅਸੂਲਾਂ ਦਾ ਪ੍ਰਚਾਰ ਪ੍ਰਸਾਰ ਨਾ ਕੀਤਾ, ਤਦ ਸਿੱਖ ਧਰਮ ਦੀ ਵੀ ਬੁੱਧ ਧਰਮ ਵਾਲੀ ਦਸ਼ਾ ਬਣ ਜਾਵੇਗੀ। ਬਾਬਾ ਕਬੀਰ ਜੀ ਦੇ ਫੁਰਮਾਨ ਅਨੁਸਾਰ, ਪੜੋਸੀ ਪਾਸੋਂ ਹੀ ਸਿਖਿਆ ਲੈ ਲੈਣੀ ਚਾਹੀਦੀ ਹੈ, ਜੇ ਸਿਖਿਆ ਨਾ ਲਵਾਂਗੇ ਬਾਬਾ ਕਬੀਰ ਜੀ ਦਾ ਫੁਰਮਾਨ :

**ਕਬੀਰ ਡੂਬਹਿਗੋ ਰੇ ਬਾਪੁਰੇ ਬਹੁ ਲੋਗਨ ਕੀ ਕਾਨਿ ॥**
**ਪਾਰੋਸੀ ਕੇ ਜੋ ਹੂਆ ਤੂ ਅਪਨੇ ਭੀ ਜਾਨੁ ॥੧੯੭॥**

ਪੰਨਾ ੧੩੭੩

ਅਵੱਸ਼ ਸਾਡੇ ਉੱਪਰ ਵਰਤ ਜਾਵੇਗਾ। ਕਿਸੇ ਦੇ ਮਨ ਨੂੰ ਕੋਈ ਲਿਖਿਆ ਹੋਇਆ ਅਪ-ਸ਼ਬਦ ਚੰਗਾ ਨਾ ਲੱਗੇ ਤਾਂ ਖਿਮਾ ਦੇ ਗੁਣ ਅਧੀਨ ਉਸ ਨੂੰ ਨਜ਼ਰ-ਅੰਦਾਜ ਕਰ ਦੇਣਾ। ਜੇ ਕੋਈ ਸੁਝਾਅ ਚੰਗਾ ਲੱਗਾ ਹੋਵੇ ਉਸ ਨੂੰ ਅਮਲ ਵਿੱਚ ਲਿਆਉਣ ਲਈ ਜਰੂਰ ਯਤਨਸ਼ੀਲ ਹੋਣਾ ਚਾਹੀਦਾ ਹੈ। ਇਸ ਵਿੱਚ ਹੀ ਸਾਡਾ ਤੇ ਸਮੁੱਚੀ ਕੌਮ ਦਾ ਭਲਾ ਹੈ। ਭੁਲਾਂ ਚੁੱਕਾਂ ਦੀ ਖਿਮਾ।

**ਵਾਹਿਗੁਰੂ ਜੀ ਕਾ ਖ਼ਾਲਸਾ।**

**ਵਾਹਿਗੁਰੂ ਜੀ ਕੀ ਫ਼ਤਹਿ ॥**

✤ ✤ ✤




## ਗੁਰਦੁਆਰਾ ਸਾਹਿਬ ਵੱਲੋਂ ਪ੍ਰਚਾਰ ਹਿਤ

## "ਮੋਖ ਰਹਿਤ" ਵੰਡੀਆਂ ਜਾ ਰਹੀਆਂ ਪੁਸਤਕਾਂ ਤੇ ਟ੍ਰੈਕਟਾਂ ਦਾ ਵੇਰਵਾ

1. ਸੇ ਕਿਨੇਹਿਆ ? (ਪੰਜਾਬੀ, ਹਿੰਦੀ, ਅੰਗਰੇਜ਼ੀ)
2. ਸਬਦੁ ਗੁਰੁ ਪੀਰਾ (ਪੰਜਾਬੀ, ਹਿੰਦੀ, ਅੰਗਰੇਜ਼ੀ)
3. ਗੁਰੂ ਗ੍ਰੰਥ ਸਾਹਿਬ ਦਰਸ਼ਨ (ਪੰਜਾਬੀ, ਹਿੰਦੀ, ਅੰਗਰੇਜ਼ੀ)
4. ਗੁਰੁ ਸਾਗਰੁ (ਪੰਜਾਬੀ)
5. ਗੁਰਮਤਿ ਦੇ ਪਾਂਧੀ (ਪੰਜਾਬੀ)
6. ਰਾਗ ਮਾਲਾ ਮੰਡਨ ਪ੍ਰਬੋਧ (ਪੰਜਾਬੀ)
7. ਮਨੁੱਖਤਾ ਦੇ ਦੁਸ਼ਮਨ ਨਸ਼ੇ (ਪੰਜਾਬੀ, ਹਿੰਦੀ, ਅੰਗਰੇਜ਼ੀ)
8. ਪ੍ਰਭੂ ਬਖਸ਼ਿਸ਼ ਕੇਸ (ਪੰਜਾਬੀ, ਹਿੰਦੀ, ਅੰਗਰੇਜ਼ੀ)
9. ਸਮਾਜਿਕ ਕੁਰੀਤੀਆਂ (ਪੰਜਾਬੀ)
10. ਸਾਡਾ ਵਿਰਸਾ ਅਤੇ ਸ੍ਵੈ-ਪੜਚੋਲ (ਪੰਜਾਬੀ)
11. ਜੈਸੀ ਸੰਗਤਿ ਤੈਸੀ ਰੰਗਤ (ਪੰਜਾਬੀ)
12. ਐਸੇ ਕਾਹੇ ਭੂਲਿ ਪਰੇ (ਪੰਜਾਬੀ)
13. ਮਨੁੱਖਾ ਜਨਮ ਅਤੇ ਗੁਰੂ ਦੀ ਮਹਾਨਤਾ (ਪੰਜਾਬੀ, ਅੰਗਰੇਜ਼ੀ)
14. ਗੁਰਬਾਣੀ ਸਤਿਕਾਰ (ਪੰਜਾਬੀ)
15. ਬਾਰਹਮਾਹਾ ਮਾਂਝ ਸਟੀਕ (ਪੰਜਾਬੀ, ਅੰਗਰੇਜ਼ੀ)
16. ਬਾਰਹਮਾਹਾ ਮਾਂਝ ਦੇ ਇਕੱਲੇ-ਇਕੱਲੇ ਮਹੀਨੇ ਦੀ ਸਰਲ ਦੇ ਟ੍ਰੈਕਟ (ਪੰਜਾਬੀ, ਅੰਗਰੇਜ਼ੀ)
17. ਕਚਹੁ ਕੰਚਨੁ ਭਇਅਉ (ਪੰਜਾਬੀ)
18. ਸੰਤਨ ਕੀ ਸੁਣਿ ਸਾਖੀ (ਪੰਜਾਬੀ)
19. ਗੁਰ ਚਾਲੀ (ਪੰਜਾਬੀ)
20. ਗੁਰੂ ਸਿੱਖਿਆਵਾਂ (ਪੰਜਾਬੀ)

## ਮੋਖ ਰਹਿਤ ਪੁਸਤਕਾਂ ਪ੍ਰਾਪਤ ਕਰਨ ਲਈ ਸੰਪਰਕ ਕਰੋ

**INDIA**

**Gurdwara RamPur Khera**
P.O. Garhdiwala Distt. Hoshiar Pur (Pb).
Phone No. 01886 260334.
Email: RamPurKhera@Yahoo.ca www.RamPurKhera.com

**CANADA**
- S. Purshan Singh (Mississauga, ON) (905) 820-0488
- S. Bhupinder Singh (Brampton, ON) (647) 290-3200
- S. Kashmir Singh (Brampton, ON) (647) 895-9655
- S. Dilbag Singh (Surrey, BC) (604) 591-3968
- S. Ranjodh Singh (Surrey, BC) (604) 725-3349

**USA**
- S. Sukhbir Singh (Yuba City, CA) (530) 673-7225
- S. Gurdial Singh (Modesto, CA) (209) 495-9544
- S.Madanjit Singh (Fairfield, CA) (707) 399-8720
- S. Sukhjit Singh (Los Angeles, CA) (714) 538-8118

**U.K.**
- S . Harbinder Singh (Wolverhampton) 1902-333914